# ਗੁਰਮਤਿ ਪਰੰਪਰਾ ਅਤੇ ਆਧੁਨਿਕਤਾ ਦੇ ਸੰਦਰਭ ਵਿਚ
# ਗਿਆਨੀ ਦਿੱਤ ਸਿੰਘ ਦੀ ਵਾਰਤਕ ਦਾ ਅਧਿਐਨ
# GURMAT PARAMPRA ATE ADHUNIKTA DE SANDARBH WICH GIANI DITT SINGH DI VARTAK DA ADHIAN

**THESIS**
**SUBMITTED TO THE**
**PANJAB UNIVERSITY, CHANDIGARH**
**FOR THE DEGREE OF DOCTOR OF PHILOSOPHY**
**IN THE FACULTY OF LANGUAGES**

2004

P. U. LIBRARY * CHANDIGARH

**Submitted by**

**SANDEEP KAUR SEKHON**
SCHOOL OF PANJABI STUDIES,
PANJAB UNIVERSITY, CHANDIGARH

# ਸ ਮ ਰ ਪ ਣ

ਆਪਣੇ ਸਵਰਗਵਾਸੀ ਪਿਤਾ ਜੀ ਨੂੰ

ਜਿਨ੍ਹਾਂ ਦੀ ਪ੍ਰੇਰਨਾ ਤੇ ਆਸ਼ੀਰਵਾਦ ਸਦਕਾ

ਮੈਂ ਇਸ ਕੰਮ ਨੂੰ ਨੇਪਰੇ ਚਾੜ੍ਹਨ ਵਿਚ ਸਫਲ ਹੋ ਸਕੀ ਹਾਂ

# ਤਤਕਰਾ

| | | |
|---|---|---|
| **ਭੂਮਿਕਾ** | | 1–8 |
| ਅਧਿਆਇ ਪਹਿਲਾ: | **ਗੁਰਮਤਿ ਪਰੰਪਰਾ ਅਤੇ ਆਧੁਨਿਕਤਾ** | 9–79 |
| ਅਧਿਆਇ ਦੂਜਾ: | **ਗਿਆਨੀ ਦਿੱਤ ਸਿੰਘ ਦਾ ਜੀਵਨ ਦਰਪਣ ਅਤੇ ਵਿਅਕਤਿਤਵ** | 80–106 |
| ਅਧਿਆਇ ਤੀਜਾ: | **ਗਿਆਨੀ ਦਿੱਤ ਸੰਘ ਦਾ ਗੱਦ–ਪਦ ਰਚਨਾ ਸੰਸਾਰ** | 107–161 |
| ਅਧਿਆਇ ਚੌਥਾ: | **ਗਿਆਨੀ ਦਿੱਤ ਸਿੰਘ ਦੀ ਵਾਰਤਕ ਦਾ ਕਲਾਤਮਕ ਅਧਿਐਨ** | 162–212 |
| ਅਧਿਆਇ ਪੰਜਵਾਂ: | **ਗਿਆਨੀ ਦਿੱਤ ਸਿੰਘ ਦੀਆਂ ਗੁਰਮਤਿ ਪ੍ਰਚਾਰ ਦੀਆਂ ਆਧੁਨਿਕ ਵਿਧੀਆਂ** | 213–268 |
| **ਨਿਸ਼ਕਰਸ਼** | | 269–276 |
| **ਪੁਸਤਕ ਸੂਚੀ** | | 277–286 |

# ਭੂਮਿਕਾ

19ਵੀਂ ਸਦੀ ਦੇ ਪਹਿਲੇ ਅੱਧ ਦੇ ਸਮਾਪਤ ਹੋਣ ਤੱਕ ਪੰਜਾਬ ਅੰਗਰੇਜ਼ੀ ਸਾਮਰਾਜ ਦੇ ਅਧੀਨ ਹੋ ਚੁੱਕਾ ਸੀ। ਇਸ ਰਾਜਨੀਤਿਕ ਉਥਲ-ਪੁੱਥਲ ਨੇ ਪਰੰਪਰਾਵਾਦੀ ਰਾਜਨੀਤਿਕ ਢਾਂਚੇ ਨੂੰ ਜੜੋਂ ਹੀ ਉਖਾੜ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨਾਲ ਹੋਈ ਸੰਧੀ ਮੁਤਾਬਕ ਅੰਗਰੇਜ਼ਾਂ ਨੇ ਉਨ੍ਹਾਂ ਦੇ ਜਿਉਂਦਿਆਂ, ਪੰਜਾਬ ਉੱਪਰ ਹਮਲੇ ਬਾਰੇ ਕਦੇ ਸੋਚਿਆ ਤੱਕ ਨਹੀਂ ਸੀ। 1849 ਤੱਕ ਪੰਜਾਬ ਉੱਪਰ ਅੰਗਰੇਜ਼ਾਂ ਦਾ ਰਾਜਨੀਤਿਕ ਦਬਦਬਾ ਹੀ ਕਾਇਮ ਨਹੀਂ ਸੀ ਹੋਇਆ ਸਗੋਂ ਧਾਰਮਿਕ ਪ੍ਰਵਿਰਤੀ ਵੀ ਉਨ੍ਹਾਂ ਦੇ ਹੱਥ ਆ ਗਈ ਸੀ।। ਇਸਤੋਂ ਪਹਿਲਾਂ ਪੰਜਾਬ ਵਿਚ ਈਸਾਈ ਮਿਸ਼ਨਰੀਆਂ ਦਾ ਪ੍ਰਚਾਰ ਅਜੇ ਮੱਧਮ ਸੀ ਪਰ ਕਬਜ਼ੇ ਉਪਰੰਤ ਇਸ ਵਿਚ ਅਥਾਹ ਤੇਜ਼ੀ ਆ ਗਈ। ਆਮ ਲੋਕ ਜਿਥੇ ਇਸ ਧਾਰਮਿਕ ਲਹਿਰ ਦਾ ਸ਼ਿਕਾਰ ਹੋਏ ਉਥੇ ਮਹਾਰਾਜਾ ਰਣਜੀਤ ਸਿੰਘ ਦੀ ਆਪਣੀ ਔਲਾਦ ਮਹਾਰਾਜਾ ਦਲੀਪ ਸਿੰਘ ਵੀ ਇਸ ਤੋਂ ਅਛੂਤੇ ਨਾ ਰਹੇ। ਅੰਗਰੇਜ਼ਾਂ ਨੇ ਉਨ੍ਹਾਂ ਨੂੰ ਈਸਾਈ ਬਣਾ ਦਿੱਤਾ ਤੇ ਅੰਗਰੇਜ਼ੀ ਰਹਿਣੀ ਬਹਿਣੀ ਦੀ ਤਰਬੀਅਤ ਦੇਣੀ ਸ਼ੁਰੂ ਕਰ ਦਿੱਤੀ।

ਈਸਾਈ ਮਿਸ਼ਨਰੀਆ ਨੇ ਇਸ ਧਾਰਮਿਕ ਲਹਿਰ ਨੂੰ ਦੋ ਧਾਰੀ ਤਲਵਾਰ ਵਾਂਗ ਵਰਤਿਆ। ਜਿਥੇ ਉਹਨਾਂ ਨੇ ਈਸਾਈ ਧਰਮ ਦਾ ਪ੍ਰਚਾਰ ਕੀਤਾ ਉਥੇ ਨਾਲ ਹੀ ਦੂਸਰੇ ਧਰਮਾਂ ਦੇ ਵਿਰੁੱਧ ਵੀ ਪ੍ਰਚਾਰ ਕਰਨਾ ਆਰੰਭਿਆ। ਬਹੁਤ ਤੇਜ਼ੀ ਨਾਲ ਅਛੂਤਾਂ ਨੂੰ ਈਸਾਈ ਬਣਾਇਆ ਗਿਆ ਪਰ ਨੁਕਤਾਚੀਨੀ ਹੋਣ ਕਾਰਨ ਇਸ ਵਿਚ ਤਬਦੀਲੀ ਕੀਤੀ ਗਈ ਅਤੇ ਫਿਰ ਵੱਖੋ-ਵੱਖਰੇ ਧਰਮਾਂ ਦੇ ਲੋਕ ਇਸ ਨਵੇਂ ਧਰਮ ਵੱਲ ਆਉਂਦੇ ਚਲੇ ਗਏ ਤੇ ਹਰ ਰੋਜ਼ ਕਿੰਨੇ ਹੀ ਪੰਜਾਬੀ ਈਸਾਈ ਬਣਨ ਲੱਗੇ।

ਅੰਗਰੇਜ਼ੀ ਰਾਜ ਤੋਂ ਪਹਿਲਾਂ ਪੰਜਾਬ ਵਿਚ ਧਾਰਮਿਕ ਹਾਲਾਤ ਬੜੇ ਸੁਖਾਵੇਂ ਸਨ। ਸਾਰੇ ਧਰਮਾਂ ਨੂੰ ਸਤਿਕਾਰ ਦਿੱਤਾ ਜਾਂਦਾ ਸੀ ਪਰ ਸਿੱਖ ਧਰਮ ਦੀਆਂ ਰਸਮਾਂ ਵਧੇਰੇ ਹੁੰਦੀਆਂ ਸਨ। ਅੰਗਰੇਜ਼ਾਂ ਦੀ ਹਕੂਮਤ ਵਿਚ ਮਿਸ਼ਨਰੀਆਂ ਦੇ ਪ੍ਰਚਾਰ ਕਾਰਨ ਸਾਰੇ ਧਰਮਾਂ ਦੀ ਹਾਲਤ ਕਮਜ਼ੋਰ ਹੋ ਗਈ। ਸਿੱਖ ਧਰਮ ਵਿਚ ਵੀ ਜੋ ਪਰੰਪਰਾ ਸੀ ਭੁਲਾ ਦਿੱਤੀ ਗਈ। ਜਿਸ ਧਾਰਮਿਕ ਤਬਦੀਲੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੇ ਵੀ ਪ੍ਰਵਾਨ ਨਹੀਂ ਸੀ ਕੀਤਾ, ਅਣਗਿਣਤ ਸ਼ਹੀਦਾਂ ਨੇ ਸ਼ਹਾਦਤਾਂ ਦਿੱਤੀਆਂ ਸਨ, ਅੱਜ ਉਸੇ ਗੁਰਮਤਿ ਪਰੰਪਰਾ ਨੂੰ ਪਾਸੇ ਰੱਖ, ਸਿੱਖ, ਈਸਾਈ ਬਣ ਰਹੇ ਸਨ। ਇਸ ਦਾ ਪ੍ਰਭਾਵ ਉਦੋਂ ਹੋਰ ਤੀਖਣ ਹੋ ਗਿਆ ਜਦੋਂ ਰਾਮਪੁਰ ਦੇ ਸੁੰਦਰ ਸਿੰਘ ਨੇ ਈਸਾ ਮਸੀਹ ਦੇ ਦਰਸ਼ਨ ਕਰਨ ਦਾ ਦਾਅਵਾ ਕੀਤਾ ਪਰ ਉਸ ਵੇਲੇ ਤਾਂ ਹੱਦ ਹੋ ਗਈ ਜਦੋਂ ਛੋਟੇ-ਛੋਟੇ ਸਿੱਖ ਬੱਚੇ ਵੀ ਈਸਾਈ ਬਣ ਰਹੇ ਸਨ। ਬਾਕੀ ਧਰਮਾਂ ਦੇ ਅਨੁਯਾਈਆਂ ਵਿਚ ਵੀ ਅਜਿਹੀਆਂ ਮਾਨਸਿਕ ਤਬਦੀਲੀਆਂ ਆਉਣ ਲੱਗੀਆਂ। ਫਲਸਰੂਪ ਧਾਰਮਿਕ ਆਗੂ ਅਤੇ ਚਿੰਤਕਾਂ ਨੇ ਇਸ ਨਾਲ ਨਜਿੱਠਣ ਲਈ ਲਹਿਰਾਂ ਚਲਾਈਆਂ।

ਰਾਜਨੀਤਿਕ ਹਾਲਾਤ ਵਿਚੋਂ ਉਪਜੀਆਂ ਧਾਰਮਿਕ ਲਹਿਰਾਂ ਵਿਚ ਸਾਰੇ ਧਰਮਾਂ ਦਾ ਕੁੱਦ ਪੈਣਾ ਸੁਭਾਵਿਕ ਸੀ। ਹਿੰਦੂਆਂ ਨੇ ਸਨਾਤਨ ਧਰਮ, ਆਰੀਆ ਸਮਾਜ ਨੇ ਵੇਦਾਂ ਦੇ ਅਧਰਮੀ ਹੋਣ ਦੇ ਪ੍ਰਚਾਰ ਬਾਰੇ ਅਤੇ ਮੁਸਲਮਾਨਾਂ ਨੇ ਅਹਿਮਦੀਆ ਅੰਜੁਮਨ ਆਰੰਭ ਕੀਤੀ। ਸਿੱਖ ਧਰਮ ਦੀ ਰੱਖਿਆ ਲਈ ਕੁਝ ਸਿੱਖਾਂ ਨੇ 1873 ਈ. ਨੂੰ ਅੰਮ੍ਰਿਤਸਰ ਵਿਖੇ ਜਿਹੜੀ ਸਭਾ ਬਣਾਈ ਉਸਦਾ ਨਾਂ ਸਿੰਘ ਸਭਾ ਲਹਿਰ ਪੈ ਗਿਆ। ਸਿੰਘ ਸਭਾ ਲਹਿਰ ਦੇ ਮੋਢੀ ਸਿੱਖਾਂ ਵਿਚ ਬਾਬਾ ਖੇਮ ਸਿੰਘ ਬੇਦੀ, ਸਰਦਾਰ ਠਾਕੁਰ ਸਿੰਘ ਸੰਧਾਂਵਾਲੀਆ, ਬਾਬਾ ਕਾਨ੍ਹ ਸਿੰਘ, ਡਾ. ਚਰਨ ਸਿੰਘ, ਗਿਆਨੀ ਗਿਆਨ ਸਿੰਘ, ਭਾਈ ਅਰਜੁਨ ਸਿੰਘ ਬਾਗੜੀਆ, ਕੰਵਰ ਬਿਕਰਮ ਸਿੰਘ ਆਹਲੂਵਾਲੀਆ (ਕਪੂਰਥਲਾ) ਗਿਆਨੀ ਦਿੱਤ ਸਿੰਘ, ਭਾਈ ਗੁਰਮੁਖ ਸਿੰਘ ਅਤੇ ਮਹਾਰਾਜਾ ਬਿਕਰਮ ਸਿੰਘ (ਫਰੀਦਕੋਟ) ਸ਼ਾਮਿਲ ਸਨ ਪਰ ਇਸ ਦਾ ਕਾਰਜਕਾਲ ਬਹੁਤਾ ਲੰਮੇਰਾ ਨਾ ਹੋ ਸਕਿਆ। ਅੰਮ੍ਰਿਤਸਰ ਵਿਚ ਬਣੀ ਇਸ ਸਿੰਘ ਸਭਾ ਦੇ ਸਮਾਨੰਤਰ ਲਾਹੌਰ ਵਿਚ ਵੀ ਸਿੰਘ ਸਭਾ ਸੰਗਠਿਤ

ਹੋਈ ਪਰ ਇਨ੍ਹਾਂ ਦੋਹਾਂ ਸਭਾਵਾਂ ਵਿਚ ਆਰੰਭ ਤੋਂ ਹੀ ਕੰਮ ਕਾਜੀ ਢੰਗ ਵਿਚ ਮਤਭੇਦ ਬਣਿਆ ਰਿਹਾ।

ਇਸ ਲਹਿਰ ਦਾ ਮੁੱਖ ਉਦੇਸ਼ ਸਿੱਖਾਂ ਦੇ ਧਾਰਮਿਕ, ਸਮਾਜਿਕ ਅਤੇ ਇਖ਼ਲਾਕੀ ਜੀਵਨ ਪੱਧਰ ਨੂੰ ਉੱਚਾ ਕਰਨਾ ਸੀ। ਸਿੰਘ ਸਭਾ ਲਹਿਰ ਨੇ ਜਿੱਥੇ ਵਿੱਦਿਅਕ ਸੁਧਾਰ ਕੀਤੇ ਉਥੇ ਸਿੱਖ ਧਰਮ ਦੇ ਅਧਿਕਾਰਾਂ ਦੀ ਰੱਖਿਆ ਲਈ ਲਹਿਰ ਛੇੜੀ ਅਤੇ ਸਿੱਖਾਂ ਨੂੰ ਵੱਖਰਾ ਧਾਰਮਿਕ ਦਰਜਾ ਦਿਵਾਉਣ ਦੀ ਕੋਸ਼ਿਸ਼ ਵੀ ਕੀਤੀ।

ਗਿਆਨੀ ਦਿੱਤ ਸਿੰਘ, ਜੋ ਓਰੀਐਂਟਲ ਕਾਲਜ ਲਾਹੌਰ ਦੇ ਪ੍ਰੋਫੈਸਰ ਸਨ, ਨੇ ਇਸ ਲਹਿਰ ਵਿਚ ਵਡਮੁੱਲ ਯੋਗਦਾਨ ਪਾਇਆ। ਲਾਹੌਰ ਤੋਂ ਖ਼ਾਲਸਾ ਅਖ਼ਬਾਰ ਦਾ ਪ੍ਰਕਾਸ਼ਨ, ਸ਼ਖਸੀਅਤ ਵਿਚ ਤਰਕਪੂਰਣ ਰਵੱਈਆ ਤੇ ਹਾਜ਼ਰਜੁਆਬੀ, ਆਲੋਚਨਾਤਮਕ ਸੂਝ ਅਤੇ ਅਕੱਟ ਦਲੀਲਾਂ ਕਾਰਨ ਸਿੰਘ ਸਭਾ ਲਹਿਰ ਵਿਚ ਆਪ ਦਾ ਨਿਵੇਕਲਾ ਸਥਾਨ ਹੈ। ਸ਼ਰਧਾ ਰਾਮ ਫਿਲੌਰੀ ਦੁਆਰਾ ਸਿੱਖ ਧਰਮ ਦੇ ਖਿਲਾਫ ਕੀਤੇ ਜਾ ਰਹੇ ਦੁਸ਼ਪ੍ਰਚਾਰ ਨੂੰ ਠੱਲ੍ਹ ਪਾਉਣਾ ਅਤੇ ਸਵਾਮੀ ਦਯਾ ਨੰਦ ਨੂੰ ਸ਼ਾਸ਼ਤ੍ਰਾਰਥ ਵਿਚ ਤਿੰਨ ਵਾਰ ਹਰਾਉਣਾ ਆਪ ਦੇ ਹਿੱਸੇ ਹੀ ਆਇਆ ਹੈ। ਜੇ ਇਹ ਆਖਿਆ ਜਾਵੇ ਕਿ ਗਿਆਨੀ ਦਿੱਤ ਸਿੰਘ, ਸਿੰਘ ਸਭਾ ਲਹਿਰ ਦੀ ਰੂਹ ਸਨ, ਤਾਂ ਅਤਿਕਥਨੀ ਨਹੀਂ ਹੋਵੇਗੀ। ਆਪ ਨੇ ਸਿਰਫ਼ ਆਪਣੇ ਸ਼ਬਦਾਂ ਨਾਲ ਹੀ ਸਿੱਖ ਧਰਮ ਦਾ ਪ੍ਰਚਾਰ ਨਹੀਂ ਕੀਤਾ ਸਗੋਂ ਆਪਣੀ ਲੇਖਣੀ ਨਾਲ ਵੀ ਇਸ ਵਿਚ ਚੋਖਾ ਹਿੱਸਾ ਪਾਇਆ ਹੈ।

ਆਪ ਦੁਆਰਾ ਨਿਰੰਤਰ 22 ਸਾਲ ਲਿਖਣ ਕਾਰਨ ਹੀ ਸਿੰਘ ਸਭਾ ਲਹਿਰ ਇਕ ਮੁਕੰਮਲ ਲਹਿਰ ਬਣੀ। ਆਪਨੇ ਲਗਭਗ 40 ਪੁਸਤਕਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ। ਇਨ੍ਹਾਂ ਪੁਸਤਕਾਂ ਵਿਚ ਗਿਆਨੀ ਦਿੱਤ ਸਿੰਘ ਨੇ ਜ਼ਿੰਦਗੀ ਪ੍ਰਤੀ ਆਪਣਾ ਧਾਰਮਿਕ ਦ੍ਰਿਸ਼ਟੀਕੋਣ, ਭੁੱਲੇ ਭਟਕੇ ਲੋਕਾਂ ਨੂੰ ਅੰਧ ਵਿਸ਼ਵਾਸਾਂ 'ਚੋਂ ਕੱਢਣ ਲਈ ਯਤਨ, ਗੁਰਮਤਿ ਫਿਲਾਸਫੀ ਪ੍ਰਤੀ ਵਿਰੋਧੀਆਂ ਦਾ ਖੰਡਨ ਤੇ ਮੰਡਨ ਕਰਨ ਦੇ ਨਾਲ ਗੁਰੂ ਸਾਹਿਬਾਨ ਦੇ ਜੀਵਨ ਚਰਿਤ੍ਰ ਵਿਸ਼ਿਆਂ ਉੱਪਰ ਪੁਸਤਕਾਂ ਲਿਖੀਆਂ।

ਆਪਦੀਆਂ ਰਚਨਾਵਾਂ ਕਲਾਤਮਕ ਪੱਧਰ ਤੋਂ ਬੜੀ ਉੱਚ-ਕੋਟੀ ਦੀਆਂ ਸਨ। ਸੰਜਮਮਈ ਸ਼ੈਲੀ ਵਿਚ ਆਪਨੇ ਉੱਤਮ ਵਾਰਤਕ ਪੇਸ਼ ਕੀਤੀ ਹੈ। ਮਨ ਦੀਆਂ ਡੂੰਘਾਈਆਂ ਤੱਕ ਉਤਰ ਜਾਣਾ ਆਪ ਦੀ ਰਚਨਾ ਦੀ ਵਿਸ਼ੇਸ਼ਤਾ ਹੈ। ਰਹਿਤਨਾਮੇ, ਗੋਸ਼ਟਾਂ, ਪਰਮਾਰਥਾਂ, ਜਨਮਸਾਖੀਆਂ ਆਦਿ ਤੋਂ ਵੱਖਰੇ ਹੋ ਕੇ ਸੁਹਜਾਤਮਕ ਵਾਰਤਕ ਲਿਖਣਾ ਅਤੇ ਆਧੁਨਿਕ ਵਾਰਤਕ ਨੂੰ ਆਧੁਨਿਕ ਵਿਸ਼ਿਆਂ ਅਤੇ ਠੇਠ ਪੰਜਾਬੀ ਤੱਕ ਲੈ ਕੇ ਆਉਣਾ ਆਪ ਦੇ ਹਿੱਸੇ ਆਇਆ ਹੈ। ਸਾਹਿਤਕਤਾ ਅਤੇ ਇਤਿਹਾਸਕਤਾ ਦਾ ਸੁਮੇਲ ਆਪਦੀਆਂ ਰਚਨਾਵਾਂ ਦਾ ਮੀਰੀ ਗੁਣ ਹੈ।

ਬ੍ਰਿਤਾਂਤਕ ਅਭਿਵਿਅਕਤੀ, ਸਾਧਾਰਣਤਾ ਅਤੇ ਸਾਦਗੀ ਦੇ ਗੁਣਾਂ ਨਾਲ ਭਰਪੂਰ ਆਪਦੀਆਂ ਗਦ ਰਚਨਾਵਾਂ ਲੋਕ ਮਾਨਸ ਦੇ ਨੇੜੇ ਹੋ ਕੇ ਵਿਚਰਦੀਆਂ ਹਨ। ਵਿਸ਼ਿਆਂ ਦੇ ਪੱਧਰ ਤੇ ਗਿਆਨੀ ਦਿੱਤ ਸਿੰਘ ਦੀ ਰਚਨਾ ਦੀ ਵਿਚਾਰਧਾਰਾ ਨਿਰੀ ਪੁਰੀ ਸਿੱਖ ਧਰਮ ਦੇ ਆਲੇ-ਦੁਆਲੇ ਹੀ ਨਹੀਂ ਘੁੰਮਦੀ ਸਗੋਂ ਆਮ ਲੋਕਾਂ ਨੂੰ ਵਹਿਮਾਂ, ਭਰਮਾਂ ਅਤੇ ਕੁਰੀਤੀਆਂ ਦੇ ਜਾਲ 'ਚੋਂ ਕੱਢ ਕੇ ਇਕ ਨਰੋਏ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਪ੍ਰੇਰਿਤ ਕਰਦੀ ਹੈ। ਇਹੋ ਕਾਰਨ ਹੈ ਕਿ ਗਿਆਨੀ ਦਿੱਤ ਸਿੰਘ ਨੂੰ ਆਧੁਨਿਕ ਵਾਰਤਕਕਾਰਾਂ ਵਿਚੋਂ ਮੁਢਲਾ ਸਥਾਨ ਪ੍ਰਾਪਤ ਹੈ।

ਪੰਜਾਬੀ ਦੇ ਪਹਿਲੇ ਅਖ਼ਬਾਰਾਂ ਵਿਚ ਆਪ ਦਾ ਯੋਗਦਾਨ ਵਰਣਨਯੋਗ ਹੈ ਅਤੇ ਆਪ ਨੂੰ ਪੰਜਾਬੀ ਪੱਤਰਕਾਰੀ ਦਾ ਪਿਤਾਮਾ ਕਿਹਾ ਜਾਂਦਾ ਹੈ। ਸਾਹਿਤਕ ਵਾਰਤਕ ਦੇ ਨਾਲ-ਨਾਲ ਅਖਬਾਰੀ ਵਾਰਤਕ ਦੇ ਖੇਤਰ ਵਿਚ ਵੀ ਆਪ ਨੇ ਵਰਣਨਯੋਗ ਕੰਮ ਕੀਤਾ ਹੈ। ਗਿਆਨੀ ਜੀ ਨੇ ਇਨ੍ਹਾਂ ਦੋਹਾਂ ਵਾਰਤਕਾਂ ਦੀ ਸਹਾਇਤਾ ਨਾਲ ਧਰਮ ਪ੍ਰਚਾਰ ਨੂੰ ਮੁੱਖ ਵਿਸ਼ਾ ਬਣਾਇਆ ਹੈ। ਗੁਰਮਤਿ ਪ੍ਰਚਾਰ ਲਈ ਆਪ ਨੇ ਜਿੱਥੇ ਇਕ ਪਾਸੇ ਰਸਾਲੇ ਅਤੇ ਅਖ਼ਬਾਰ ਜਾਰੀ ਕੀਤੇ ਉਥੇ ਨਾਲ ਹੀ ਪ੍ਰਚਾਰ ਜੁਗਤਾਂ ਦੇ ਪੱਧਰ ਤੇ ਤਿੰਨ ਵਿਧੀਆਂ:- ਟ੍ਰੈਕਟ ਵਿਧੀ, ਲੇਖ ਤੇ ਪੱਤਰ ਵਿਧੀ ਅਤੇ ਧਾਰਮਿਕ ਸਮੱਸਿਆਵਾਂ ਨੂੰ ਪੇਸ਼ ਕਰਨ ਦੀ ਵਿਧੀ ਆਦਿ ਅਪਣਾਈਆਂ। ਬੇਸ਼ਕ ਉਨ੍ਹਾਂ ਨੇ

ਧਰਮ ਦਾ ਪ੍ਰਚਾਰ ਕੀਤਾ ਪਰ ਗ਼ਲਤ ਕੀਮਤਾਂ ਦੇ ਵਿਰੋਧ ਵਿਚ ਖੰਡਨ-ਮੰਡਨ ਵਿਧੀ ਦੀ ਵਧੇਰੇ ਵਰਤੋਂ ਕਰਕੇ ਵਿਰੋਧੀਆਂ ਨੂੰ ਚੁੱਪ ਕਰਾ ਦਿੱਤਾ।

ਹਥਲੇ ਖੋਜ ਪ੍ਰਬੰਧ ਵਿਚ ਮੈਂ ਗਿਆਨੀ ਦਿੱਤ ਸਿੰਘ ਦੀ ਵਾਰਤਕ ਦਾ ਅਧਿਐਨ ਕਰਨ ਦਾ ਯਤਨ ਕੀਤਾ ਹੈ। ਗੁਰਮਤਿ ਪ੍ਰੰਪਰਾ ਅਤੇ ਆਧੁਨਿਕਤਾ ਦੇ ਸੰਦਰਭ ਵਿਚ ਗਿਆਨੀ ਦਿੱਤ ਸਿੰਘ ਦੀ ਵਾਰਤਕ ਦਾ ਅਧਿਐਨ ਵਿਸ਼ੇ ਅਧੀਨ ਇਸ ਖੋਜ ਪ੍ਰਬੰਧ ਨੂੰ ਪੰਜ ਭਾਗਾਂ ਵਿਚ ਵੰਡਿਆ ਹੈ।

ਇਸ ਅਧਿਆਇ ਵਿਚ ਪੰਜਾਬ ਵਿਚ ਚਲੀਆਂ ਧਾਰਮਿਕ ਲਹਿਰਾਂ ਅਤੇ ਉਹਨਾਂ ਨਾਲ ਸੰਬੰਧਿਤ ਪ੍ਰਮੁੱਖ ਵਿਅਕਤੀਆਂ ਦੀਆਂ ਸਾਹਿਤਕ ਜੀਵਨੀਆਂ ਦਾ ਵਰਣਨ ਕੀਤਾ ਗਿਆ ਹੈ। ਭਾਵੇਂ ਧਾਰਮਿਕ ਲਹਿਰਾਂ ਦਾ ਬਹੁਤਾ ਸੰਬੰਧ ਇਤਿਹਾਸ ਨਾਲ ਹੈ ਪਰੰਤੂ ਗਿਆਨੀ ਦਿੱਤ ਸਿੰਘ ਦੇ ਜੀਵਨ ਅਤੇ ਉਹਨਾਂ ਦੁਆਰਾ ਰਚਿਤ ਵਾਰਤਕ ਸਾਹਿਤ ਨੂੰ ਸਮਝਣ ਵਿਚ ਇਹਨਾਂ ਧਾਰਿਮਕ ਲਹਿਰਾਂ ਦੇ ਪਿਛੋਕੜ ਦੀ ਹੀ ਪ੍ਰਮੁੱਖ ਭੂਮਿਕਾ ਰਹੀ ਹੈ। ਇਸ ਲਈ ਇਹਨਾਂ ਧਾਰਮਿਕ ਲਹਿਰਾਂ ਤੇ ਇਹਨਾਂ ਨਾਲ ਸੰਬੰਧਿਤ ਵਿਅਕਤੀਆਂ ਦੀਆਂ ਸਾਹਿਤਕ ਜੀਵਨੀਆਂ ਬਾਰੇ ਸੰਖੇਪ ਜਾਣਕਾਰੀ ਦੇਣੀ ਜ਼ਰੂਰੀ ਬਣਦੀ ਹੈ। ਇਹਨਾਂ ਸਾਹਿਤਕ ਜੀਵਨੀਆਂ ਦਾ ਸੋਮਾ, 'ਮਾਲਵਾ ਇਤਿਹਾਸ' ਸੰਤ ਵਿਸਾਖਾ ਸਿੰਘ 'Encyclopeadia of Sikhism' by Harbans Singh, ਅਤੇ 'ਸਿੰਘ ਸਭਾ ਲਹਿਰ', ਸ੍. ਜਗਜੀਤ ਸਿੰਘ ਦੁਆਰਾ ਰਚਿਤ ਪੁਸਤਕਾਂ ਹਨ।

ਅਧਿਆਇ ਪਹਿਲਾ - ਗੁਰਮਤਿ ਪ੍ਰੰਪਰਾ: ਉਨੀਵੀਂ ਸਦੀ ਵਿਚ ਪੰਜਾਬ ਵਿਚ ਚੱਲੀਆਂ ਧਾਰਮਿਕ ਲਹਿਰਾਂ: ਸਿੰਘ ਸਭਾ ਲਹਿਰ ਦੇ ਗੁਰਮਤਿ ਪੱਖੀ ਮੋਢੀ ਤੇ ਉਸਰੱਈਏ: ਆਦਿ ਅਧੀਨ ਗੁਰਮਤਿ ਪ੍ਰੰਪਰਾ ਨਾਲ ਜਾਣ-ਪਛਾਣ ਕਰਾਉਂਦਿਆਂ ਸਿੰਘ ਸਭਾ ਲਹਿਰ ਦਾ ਵਰਣਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਸਿੰਘ ਸਭਾ ਲਹਿਰ ਨਾਲ ਸੰਬੰਧਿਤ ਪ੍ਰਚਾਰਕ ਸਖਸ਼ੀਅਤਾਂ ਦੀ ਰਚਨਾ, ਰਚਨਾ ਪ੍ਰਕ੍ਰਿਆ ਅਤੇ ਵਿਚਾਰਾਂ ਦਾ ਵਿਸਥਾਰ ਸਹਿਤ ਵਰਣਨ ਕਰਨ ਦਾ ਯਤਨ ਕੀਤਾ ਹੈ।

ਅਧਿਆਇ ਦੂਜਾ ਗਿਆਨੀ ਦਿੱਤ ਸਿੰਘ ਦੇ ਜੀਵਨ ਤੇ ਰਚਨਾ ਨਾਲ ਸੰਬੰਧਿਤ ਹੈ। ਇਸ ਅਧਿਆਇ ਵਿਚ ਗਿਆਨੀ ਦਿੱਤ ਸਿੰਘ ਜੀ ਦਾ ਜੀਵਨ ਦਰਪਣ ਤੇ ਵਿਅਕਤੀਤਵ: ਗਿਆਨੀ ਦਿੱਤ ਸਿੰਘ 'ਤੇ ਗੁਰਮਤਿ ਦਾ ਪ੍ਰਭਾਵ: ਗਿਆਨੀ ਦਿੱਤ ਸਿੰਘ ਜੀ ਦਾ ਧਾਰਮਿਕ ਲਹਿਰਾਂ ਵਿਚ ਯੋਗਦਾਨ: ਗਿਆਨੀ ਦਿੱਤ ਸਿੰਘ ਦੀਆਂ ਰਚਨਾਵਾਂ ਆਦਿ ਵਿਸ਼ਿਆਂ ਨੂੰ ਵਿਚਾਰਿਆ ਗਿਆ ਹੈ।

ਰਚਨਾ ਦੇ ਨਾਲ-ਨਾਲ ਸਿਰਜਕ ਦੀ ਆਪਣੀ ਸ਼ਖਸੀਅਤ ਵੀ ਰਚਨਾ ਸੰਸਾਰ ਨੂੰ ਸਮਝਣ ਵਿਚ ਸਹਾਈ ਹੁੰਦੀ ਹੈ। ਇਸ ਸੰਦਰਭ ਵਿਚ ਗਿਆਨੀ ਦਿੱਤ ਸਿੰਘ ਦੀ ਸ਼ਖਸੀਅਤ ਦੇ ਵੱਖ-ਵੱਖ ਪਹਿਲੂਆਂ ਨੂੰ ਇਕੱਤਰ ਕੀਤਾ ਗਿਆ ਹੈ ਜਿਨ੍ਹਾਂ ਨੇ ਉਨ੍ਹਾਂ ਦੀ ਰਚਨਾ ਪ੍ਰਕਿਰਿਆ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਧਾਰਮਿਕ ਲਹਿਰਾਂ ਵਿਚ ਉਨ੍ਹਾਂ ਦੀ ਸ਼ਮੂਲੀਅਤ ਨੂੰ ਪ੍ਰੇਰਿਆ ਹੈ।

ਅਧਿਆਇ ਤੀਜਾ ਵਿਚ - ਗਿਆਨੀ ਦਿੱਤ ਸਿੰਘ ਦਾ ਗੱਦ-ਪਦ ਰਚਨਾ ਸੰਸਾਰ ਪੱਤਰਕਾਰੀ ਵਾਲੀ ਵਾਰਤਕ: ਪੁਸਤਕ ਰੂਪੀ ਨਿਰੋਲ ਵਾਰਤਕ: ਪੁਸਤਕ ਰੂਪ ਵਿਚ ਗੱਦ ਰਚਨਾਵਾਂ: ਅਧੀਨ ਗਿਆਨੀ ਦਿੱਤ ਸਿੰਘ ਦੀ ਵਾਰਤਕ ਦੇ ਨਾਲ-ਨਾਲ ਉਨ੍ਹਾਂ ਦੀ ਸ਼ੁੱਧ ਤੇ ਨਿਰੋਲ ਵਾਰਤਕ ਦਾ ਹੋਰਨਾਂ ਵਿਧਾਵਾਂ ਨਾਲੋਂ ਨਿਖੇੜਾ ਪੇਸ਼ ਕੀਤਾ ਗਿਆ ਹੈ।

ਅਧਿਆਇ ਚੌਥਾ ਵਿਚ ਗਿਆਨੀ ਦਿੱਤ ਸਿੰਘ ਦੀ ਵਾਰਤਕ ਦਾ ਕਲਾਤਮਕ ਅਧਿਐਨ: ਵਾਰਤਕ ਦੀ ਥੀਮਕ ਵਿਲੱਖਣਤਾ: ਧਾਰਮਿਕ ਅਤੇ ਸੁਧਾਰਵਾਦੀ ਪ੍ਰਵਿਰਤੀ: ਪੱਤਰਕਾਰੀ ਵਾਲੀ ਵਾਰਤਕ: ਪੁਸਤਕ ਰੂਪੀ ਵਾਰਤਕ: ਪ੍ਰਗਤੀਵਾਦੀ ਪ੍ਰਵਿਰਤੀ ਨੂੰ ਨਿਰੂਪਤ ਕਰਦਾ ਹੈ। ਇਸ ਅਧੀਨ ਗਿਆਨੀ ਦਿੱਤ ਸਿੰਘ ਦੀ ਵਾਰਤਕ ਦਾ ਪ੍ਰਵਿਰਤੀਆਂ ਦੀ ਦ੍ਰਿਸ਼ਟੀ ਤੋਂ ਮੁਲਾਂਕਣ ਅਤੇ ਕਲਾਤਮਿਕਤਾ ਨੂੰ ਪੇਸ਼ ਕੀਤਾ ਹੈ।

ਅਧਿਆਇ ਪੰਜਵਾਂ ਵਿਚ ਗਿਆਨੀ ਦਿੱਤ ਸਿੰਘ ਦੀਆਂ ਗੁਰਮਤਿ ਪ੍ਰਚਾਰ ਵਿਧੀਆਂ: ਟ੍ਰੈਕਟ ਵਿਧੀ, ਲੇਖ ਅਤੇ ਪੱਤਰ ਵਿਧੀ ਨੂੰ ਪੇਸ਼ ਕੀਤਾ ਗਿਆ ਹੈ। ਇਸ ਅਧੀਨ ਉਨ੍ਹਾਂ ਦੇ ਸੰਪਾਦਕੀ ਲੇਖ ਅਤੇ ਪ੍ਰਮੁੱਖ ਚਰਚਿਤ ਨਿਬੰਧਾਂ ਦਾ ਉਲੇਖ ਕੀਤਾ ਗਿਆ ਹੈ, ਜਿਵੇਂ ਕਿ ਤੁਸੀਂ

ਦਸਮੇਂ ਪਾਤਸ਼ਾਹ ਨਾਲ ਕਿਆ ਭਲਾ ਕੀਤਾ: 'ਕਯਾ ਖਾਲਸਾ ਪੰਥ ਜਾਂ ਕੌਮ ਕਹਾ ਸਕਦਾ ਹੈ?' 'ਆਰੀਆ ਸਮਾਜੀਆਂ ਦੇ ਸਿੱਖਾਂ ਪਰ ਝੂਠੇ ਹਮਲੇ': 'ਕਿਆ ਖਾਲਸਾ ਹਿੰਦੂ ਕਰਕੇ ਬਚੇਗਾ?' 'ਐ ਮੁਰਦਾ ਦਿਲੋ ਜਾਗੋ' ਅਦਿ ਸਿਰਲੇਖਾਂ ਅਧੀਨ ਰਚੇ ਉਨ੍ਹਾਂ ਦੇ ਸੰਪਾਦਕੀ ਲੇਖਾਂ ਦਾ ਵਰਣਨ ਹੈ ਜਿਨ੍ਹਾਂ ਦਾ ਸਿੰਘ ਸਭਾ ਲਹਿਰ ਨੂੰ ਪ੍ਰਭਾਵੀ ਬਣਾਉਣ ਵਿਚ ਯੋਗਦਾਨ ਰਿਹਾ ਹੈ। ਇਸਦੇ ਨਾਲ-ਨਾਲ ਹੀ ਧਾਰਿਮਕ ਸਮੱਸਿਆ ਨੂੰ ਪੇਸ਼ ਕਰਨ ਦੀ ਵਿਧੀ ਰਾਹੀਂ ਵਾਰਤਕ ਵਿਚ ਧਾਰਮਿਕ ਵਿਸ਼ਿਆਂ ਦੇ ਪ੍ਰਸੰਗ ਵਿਚ ਆਉਣ ਵਾਲੀਆਂ ਰੁਕਾਵਟਾਂ ਦਾ ਉਲੇਖ ਕੀਤਾ ਗਿਆ ਹੈ।

ਮੈਂ ਉਪਰੋਕਤ ਯਤਨਾਂ ਨਾਲ ਪੂ ਰੀ ਤਰ੍ਹਾਂ ਨਿਆਂ ਕਰਨ ਦੀ ਕੋਸ਼ਿਸ਼ ਕੀਤੀ ਹੈ। ਗਿਆਨੀ ਦਿੱਤ ਸਿੰਘ ਦੀਆਂ ਰਚਨਾਵਾਂ ਨੂੰ ਪੜ੍ਹ ਕੇ ਉਨ੍ਹਾਂ ਦੇ ਨਿਬੰਧਾਂ ਵਿਚੋਂ ਗੁਜ਼ਰ ਕੇ ਜੋ ਸਿੱਟੇ ਪੇਸ਼ ਕੀਤੇ ਹਨ ਉਹ ਅੰਤਿਮ ਨਹੀਂ ਕਿਉਂਕਿ ਬਦਲਦੀਆਂ ਪ੍ਰਸਥਿਤੀਆਂ ਵਿਚ ਕਦਰਾਂ--ਕੀਮਤਾਂ ਦੇ ਸੰਦਰਭ ਤੋਂ ਸਿੱਟਿਆਂ ਦਾ ਬਦਲਣਾ ਤੇ ਮੁਲਾਂਕਣ ਦਾ ਸਹੀ ਗ਼ਲਤ ਜਾਂ ਅਧੂਰਾ ਹੋਣਾ ਸੁਭਾਵਿਕ ਹੈ ਮੇਰੀ ਜਾਚੇ ਮੈਂ ਹਥਲੇ ਕੰਮ ਨੂੰ ਪੂਰੇ ਸਿਰੜ ਤੇ ਲਗਨ ਨਾਲ ਪੂਰਿਆਂ ਕਰਨ ਵਿਚ ਸਾਰਾ ਟਿੱਲ ਲਾ ਦਿੱਤਾ ਹੈ।

ਸੰਬੰਧਿਤ ਵਿਸ਼ੇ ਤੇ ਕੀਤੀ ਮੇਰੀ ਇਹ ਖੋਜ ਕਦੇ ਵੀ ਸਫਲ ਨਾ ਹੁੰਦੀ ਜੇ ਕਰ ਮੈਨੂੰ ਕੁਝ ਸ਼ਖਸੀਅਤਾਂ ਦਾ ਆਸ਼ੀਰਵਾਦ ਤੇ ਸਹਿਯੋਗ ਹਾਸਿਲ ਨਾ ਹੁੰਦਾ। ਧੰਨਵਾਦ ਸ਼ਬਦ ਵੀ ਉਨ੍ਹਾਂ ਲਈ ਕਾਫੀ ਨਹੀਂ ਪਰ ਫਿਰ ਵੀ ਮੈਂ ਆਪਣੇ ਨਿਗਰਾਨ (ਮੁਰਸ਼ਦ) ਡਾ. ਮਲਕੀਤ ਸਿੰਘ ਬਾਜਵਾ ਦੀ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਦੇ ਦਿਸ਼ਾ-ਨਿਰਦੇਸ਼ ਕਾਰਨ ਹੀ ਮੈਨੂੰ ਇਹ ਮਾਣ ਹਾਸਿਲ ਹੋ ਸਕਿਆ ਹੈ। ਧੰਨਵਾਦੀ ਹਾਂ ਆਪਣੇ ਪਰਿਵਾਰਿਕ ਮੈਂਬਰਾਂ ਦੀ ਜਿਨ੍ਹਾਂ ਦੇ ਸਾਥ ਤੋਂ ਬਿਨਾਂ ਇਸਦੀ ਕਲਪਨਾ ਵੀ ਨਹੀਂ ਸੀ ਕਰ ਸਕਦੀ। ਵਿਸ਼ੇਸ਼ ਤੌਰ ਤੇ ਧੰਨਵਾਦੀ ਹਾਂ ਆਪਣੇ ਸ਼ੁਭਚਿੰਤਕ, ਉਸਤਾਦ ਅਤੇ ਦੋਸਤਾਂ ਵਾਂਗ ਸਹਿਯੋਗ ਦੇਣ ਵਾਲੇ ਇੰਜੀਨੀਅਰ ਸ. ਗੁਰਵਿੰਦਰ ਸਿੰਘ ਦੀ ਜਿਨ੍ਹਾਂ ਨੇ ਹਰ ਪੜਾਅ ਤੇ ਮੇਰਾ ਸਾਥ ਦਿੱਤਾ, ਅਤਿਕਥਨੀ ਨਹੀਂ ਹੋਵੇਗੀ ਜੇ ਮੈਂ ਆਖਾਂ ਕਿ ਇਹ ਹਥਲੀ ਖੋਜ ਇਨ੍ਹਾਂ ਦੀ ਪ੍ਰੇਰਨਾ ਸਦਕਾ ਹੀ ਹੋ ਸਕੀ ਹੈ ਅਤੇ ਮੈਂ ਧੰਨਵਾਦੀ ਹਾਂ

ਲੈਕਚਰਾਰ ਇੰਦਰਪਾਲ ਸਿੰਘ ਦੀ ਜਿਸਨੇ ਮੇਰੇ ਵੱਡੇ ਵੀਰ ਵਾਂਗ ਇਸ ਕੰਮ ਵਿਚ ਮੇਰੀ ਬਹੁਤ ਮਦਦ ਕੀਤੀ। ਮੇਰੇ ਇਸ ਖੋਜ ਪ੍ਰਬੰਧ ਦਾ ਵੱਡਾ ਸਿਹਰਾ ਵਿਸ਼ੇਸ਼ ਕਰਕੇ ਗੁਰੂ ਰਾਮਦਾਸ ਲਾਇਬ੍ਰੇਰੀ ਅੰਮ੍ਰਿਤਸਰ, ਰੈਫਰੈਂਸ ਲਾਇਬ੍ਰੇਰੀ ਪੰਜਾਬੀ ਭਵਨ ਦੇ ਸਿਰ ਬੱਝਦਾ ਹੈ ਜਿਨ੍ਹਾਂ ਲਾਇਬ੍ਰੇਰੀਆਂ ਦੇ ਸਟਾਫ ਮੈਂਬਰਾਂ ਨੇ ਮੈਨੂੰ ਇਸ ਕੰਮ ਵਿਚ ਪੂਰਨ ਸਹਿਯੋਗ ਦਿੱਤਾ ਹੈ।

ਸੰਦੀਪ ਕੌਰ ਸੇਖੋਂ

**(ਸੰਦੀਪ ਕੌਰ ਸੇਖੋਂ)**

## ਅਧਿਆਇ ਪਹਿਲਾ

*

*

*

# ਗੁਰਮਤਿ ਪਰੰਪਰਾ ਅਤੇ ਆਧੁਨਿਕਤਾ

## ਗੁਰਮਤਿ ਪਰੰਪਰਾ ਅਤੇ ਆਧੁਨਿਕਤਾ:

ਗੁਰਮਤਿ ਪਰੰਪਰਾ ਦਾ ਮੁੱਢ ਤਾਂ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੀ ਬੱਝ ਗਿਆ ਸੀ। ਇਹ ਪਰੰਪਰਾ ਆਪਣੀ ਤੋਰ ਤੁਰਦੀ ਹੋਈ ਗੁਰੂ ਗੋਬਿੰਦ ਸਿੰਘ ਵੇਲੇ ਤਕ ਆਪਣੇ ਪੂਰੇ ਜਲੌਅ ਵਿਚ ਪਹੁੰਚ ਗਈ। ਸਿੱਖ ਦਰਸ਼ਨ ਅਤੇ ਹਿੰਦੂ ਦਰਸ਼ਨ ਵਿਚ ਬਹੁਤ ਮੱਤਭੇਦ ਹੈ। ਗੁਰੂ ਨਾਨਕ ਦੇਵ ਜੀ ਦੇ ਵਿਚਾਰ ਰੱਬ ਬਾਰੇ, ਜੀਵਨ ਆਦਰਸ਼ ਬਾਰੇ, ਬ੍ਰਹਿਮੰਡ ਦੀ ਰਚਨਾ ਬਾਰੇ, ਗ੍ਰਹਿਸਥ ਬਾਰੇ, ਜੀਵਨ ਆਦਰਸ਼ ਬਾਰੇ, ਮੁਕਤੀ ਦੇ ਸਾਧਨਾਂ ਬਾਰੇ, ਹਿੰਦੂ ਦਰਸ਼ਨ ਨਾਲ ਨਹੀਂ ਮਿਲਦੇ। ਗੁਰੂ ਨਾਨਕ ਦੇਵ ਜੀ ਨੇ ਇਕ ਨਵੇਂ ਧਰਮ ਦੀ ਬੁਨਿਆਦ ਰੱਖੀ। ਜਿਸਦਾ ਸਦਾਚਾਰ, ਜੀਵਨ ਆਦਰਸ਼ ਅਤੇ ਸਭਿਆਚਾਰ, ਹਿੰਦੂ ਧਰਮ ਨਾਲੋਂ ਵੱਖਰਾ ਹੋ ਗਿਆ। ਇਹ ਹੀ ਪਰੰਪਰਾ ਹੈ ਜਿਸ ਨੂੰ ਅਸੀਂ ਗੁਰਮਤਿ ਪਰੰਪਰਾ ਦਾ ਨਾਮ ਦਿੱਤਾ। ਪ੍ਰੋ. ਪ੍ਰੀਤਮ ਸਿੰਘ ਅਨੁਸਾਰ:

> ਗੁਰੂ ਨਾਨਕ ਦੇਵ ਜੀ ਨੇ ਹਿੰਦੂ ਮਤ ਵਿਚ ਪ੍ਰਚਲਤ ਦੁਜੈਲੀ (duality) ਤ੍ਰੈ-ਮੂਰਤੀ (trimity) ਅਤੇ ਬਹੁਦੇਵ ਪੂਜਾ (poly theism) ਦਾ ਖੰਡਨ ਕੀਤਾ ਅਤੇ ਇਕ ਸਰਬ ਵਿਆਪੀ ਪਰਮਾਤਮਾ ਦੀ ਹੋਂਦ ਨੂੰ ਮੰਨਿਆ।[1]

ਉਪਰੋਕਤ ਗੱਲ ਤੋਂ ਇਹ ਸਹਿਜੇ ਹੀ ਸਿੱਧ ਹੋ ਜਾਂਦਾ ਹੈ ਕਿ ਗੁਰਮਤਿ ਪਰੰਪਰਾ ਹਿੰਦੂ ਮੱਤ ਜਾਂ ਭਾਰਤ ਦੇ ਹੋਰ ਧਰਮਾਂ ਤੋਂ ਬਿਲਕੁਲ ਵੱਖਰੀ ਪਰੰਪਰਾ ਹੈ ਕਿਉਂਕਿ ਬ੍ਰਾਹਮਣਾਂ ਨੇ ਤ੍ਰੈਮੂਰਤੀ (ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ) ਨੂੰ ਮੰਨਣ ਦੇ ਨਾਲ-ਨਾਲ ਹੋਰ ਬਹੁ-ਦੇਵੀ ਦੇਵਤਿਆਂ ਦੀ ਮਾਨਤਾ ਕਰਵਾਈ, ਪਰੰਤੂ ਗੁਰੂ ਨਾਨਕ ਦੇਵ ਜੀ ਨੇ ਇਹਨਾਂ ਵਿਚਾਰਾਂ ਦਾ ਖੰਡਨ ਕੀਤਾ ਅਤੇ ਇਕ ਈਸ਼ਵਰਵਾਦ ਦਾ ਪ੍ਰਚਾਰ ਕੀਤਾ। ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤਰ ਵਿਚ ਦਰਸਾਇਆ ਹੈ:

> ੧ਓ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ
> ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।[2]

ਗੁਰਮਤਿ ਵਿਚਾਰਧਾਰਾ, ਭਾਰਤੀ ਧਰਮਾਂ ਦੀ ਰਵਾਇਤੀ ਵਿਚਾਰਧਾਰਾ ਨਾਲੋਂ ਬਿਲਕੁਲ ਵੱਖਰੀ ਹੈ ਅਤੇ ਇਹ ਮਨੁੱਖੀ ਜੀਵਨ ਨੂੰ ਹਰ ਪੱਖੋਂ ਪ੍ਰਭਾਵਿਤ ਕਰਦੀ ਹੈ ਅਤੇ ਜੀਵਨ-ਅਗਵਾਈ ਵੀ ਕਰਦੀ ਹੈ।

ਗੁਰਮਤਿ ਵਿਚ ਰੱਬ ਅਗੋਚਰ [3] ਵੀ ਹੈ ਅਤੇ ਸਰਬਵਿਆਪਕ [4] ਵੀ ਹੈ। ਗੁਰਮਤਿ ਵਿਚ ਜੀਵਨ-ਜਾਚ ਤੇ ਸਿਖਲਾਈ ਸੈਂਟਰ ਸਿੱਖ ਧਰਮ-ਸੰਸਥਾਵਾਂ (ਗੁਰਦੁਆਰੇ) ਹਨ। ਹਿੰਦੂ ਮੱਤ ਤੋਂ ਵੱਖਰੇ ਤੌਰ ਤੇ ਇਹ ਜੀਵਨ ਮੁਕਤੀ ਦਾ ਸਿਧਾਂਤ ਦਰਸਾਉਂਦੀ ਹੈ। ਗੁਰਮਤਿ ਵਿਚ ਬ੍ਰਾਹਮਣੀ ਵਿਸ਼ਵਾਸਾਂ ਅਤੇ ਕਰਮ-ਕਾਂਡਾਂ ਦਾ ਵਿਰੋਧ ਕੀਤਾ ਗਿਆ ਹੈ। ਗੁਰਮਤਿ ਗ੍ਰਹਿਸਥੀਆਂ ਦਾ ਧਰਮ ਹੈ, ਮਨੁੱਖੀ ਏਕਤਾ ਦਾ ਹਾਮੀ ਹੈ ਅਤੇ ਜਾਤੀਵਾਦ ਦਾ ਵਿਰੋਧੀ ਹੈ। ਇਹ ਇਸਤਰੀ ਜਾਤੀ ਦਾ ਸਨਮਾਨ ਸਿਖਾਉਂਦਾ ਹੈ। [5] ਗੁਰਮਤਿ ਪਰੰਪਰਾ ਵਿਚ ਭਗਤੀ ਤੇ ਸ਼ਕਤੀ ਦਾ ਸੁਮੇਲ ਹੈ। ਸਾਮਾਜਿਕ ਜੀਵਨ ਦਾ ਅਨਿੱਖੜਵਾਂ ਅੰਗ, ਲੰਗਰ ਦੀ ਮਰਿਯਾਦਾ ਨੂੰ ਗੁਰਮਤਿ ਪਰੰਪਰਾ ਸਿਖਾਉਂਦੀ ਹੈ ਅਤੇ ਇਸ ਨਾਲ ਮਨੁੱਖ ਜਾਤੀ ਦੀ ਨਿਸ਼ਕਾਮ ਸੇਵਾ ਭਾਵਨਾ [6] ਨੂੰ ਅਪਣਾਉਣ ਲਈ ਜੀਵਨ-ਸੇਧ ਦਰਸਾਉਂਦੀ ਹੈ।

ਉਪਰੋਕਤ ਤੋਂ ਇਲਾਵਾ ਗੁਰਮਤਿ ਪਰੰਪਰਾ ਸਾਨੂੰ ਨਿੱਜੀ-ਜੀਵਨ ਅਤੇ ਸਮਾਜੀ-ਜੀਵਨ ਦੇ ਮੁੱਖ ਆਧਾਰ — ਸਦਾਚਾਰ ਬਾਰੇ ਪੂਰਨ ਸੇਧ ਦਿੰਦੀ ਹੈ। ਗੁਰਮਤਿ ਦਾ ਸਦਾਚਾਰ — ਸੰਪੂਰਨ ਸਦਾਚਾਰ ਹੈ। ਇਸ ਵਿਚ ਸਮਤੋਲ ਵੀ ਹੈ ਤੇ ਸੁਮੇਲ ਵੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਰਸਮ ਨਾਲ ਸਭ ਜਾਤੀਆਂ ਨੂੰ ਸਿੰਘ ਸਜਾ ਦਿੱਤਾ। ਇਸ ਤਰ੍ਹਾਂ ਇਕ ਉੱਚੀ ਕਿਸਮ ਦੀ ਸਮਾਨਤਾ ਅਤੇ ਬਹਾਦਰੀ, ਗੁਰਮਤਿ ਵਿਚ ਕਾਇਮ ਹੋ ਗਈ। ਗੁਰਮਤਿ ਵਿਚ ਜਿਵੇਂ ਕਿ ਉਪਰ ਵਿਚਾਰ ਕੀਤੀ ਗਈ ਹੈ, ਸਿੱਖ ਗੁਰੂਆਂ (ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤਕ) ਭਾਵੇਂ ਦੇਹਧਾਰੀ ਗੁਰੂ ਦੀ ਪਰੰਪਰਾ ਜਾਰੀ ਰਹੀ ਹੈ ਤਾਂ ਵੀ ਇਹਨਾਂ ਗੁਰੂਆਂ/ਸਤਿਗੁਰੂਆਂ ਨੇ ਇਸ ਗੱਲ ਦਾ ਪ੍ਰਚਾਰ ਨਹੀਂ ਕੀਤਾ ਕਿ ਉਹਨਾਂ ਦੀ ਦੇਹ ਗੁਰੂ ਹੈ, ਸਗੋਂ ਉਹਨਾਂ ਨੇ ਆਪਣੀ ਰਚਨਾਤਮਕ ਬਾਣੀ ਵਿਚ ਇਸ ਗੱਲ ਨੂੰ ਵਾਰ-ਵਾਰ ਦੁਹਰਾਇਆ ਹੈ ਕਿ ਸ਼ਬਦ ਅਥਵਾ ਗੁਰਬਾਣੀ ਹੀ ਗੁਰੂ ਹੈ।[7] ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਤੋਂ

ਪਹਿਲਾਂ, ਗ੍ਰੰਥ ਸਾਹਿਬ (ਗੁਰੂ ਗ੍ਰੰਥ ਸਾਹਿਬ) ਜੀ ਨੂੰ ਗੁਰਿਆਈ ਬਖਸ਼ੀ ਅਤੇ ਦੇਹਧਾਰੀ ਗੁਰੂ (ਜਿਹੜੀ ਕਿ ਅਸਲ ਵਿਚ ਪਹਿਲਾ ਵੀ ਨਹੀਂ ਸੀ) ਦੀ ਪਰੰਪਰਾ ਨੂੰ ਖ਼ਤਮ ਕਰਕੇ ਗੁਰੂ ਗ੍ਰੰਥ ਸਾਹਿਬ ਅਤੇ ਖ਼ਾਲਸਾ ਪੰਥ ਨੂੰ ਸਾਂਝੇ ਤੌਰ ਤੇ ਗੁਰਿਆਈ ਬਖਸ਼ੀ। ਪੰਜ ਸਿੰਘ ਸਾਹਿਬਾਨ, ਗੁਰੂ ਦੇ ਸਰੀਰਕ ਫਰਜ਼ਾਂ ਨੂੰ ਨਿਭਾਉਂਦੇ ਹੋਏ ਪ੍ਰਮੁਖਤਾ ਗੁਰਬਾਣੀ ਨੂੰ ਹੀ ਦੇਂਦੇ ਹਨ।

ਉਪਰੋਕਤ ਦੇ ਸੰਦਰਭ ਵਿਚ ਹੁਣ ਵਿਚਾਰਨਾ ਇਹ ਹੈ ਕਿ ਉੱਨੀਵੀਂ ਸਦੀ ਵਿਚ ਪੰਜਾਬ ਵਿਚ ਸਿੰਘ ਸਭਾ ਲਹਿਰ (ਅਤੇ ਦੂਜੀਆਂ ਹੋਰ ਧਾਰਮਿਕ ਲਹਿਰਾਂ) ਕਿਉਂ ਹੋਂਦ ਵਿਚ ਆਈ ਅਤੇ ਸਾਡੇ ਖੋਜ ਪ੍ਰਬੰਧ ਦੇ ਨਾਇਕ ਗਿਆਨੀ ਦਿੱਤ ਸਿੰਘ ਜੀ ਦਾ ਇਸ ਲਹਿਰ ਵਿਚ ਕੀ ਰੋਲ ਰਿਹਾ, ਕਿਉਂਕਿ ਗਿਆਨੀ ਦਿੱਤ ਸਿੰਘ ਜੀ ਦੇ ਜੀਵਨ ਅਤੇ ਉਹਨਾਂ ਦੀ ਸਾਹਿਤ ਰਚਨਾ ਤੋਂ ਸਪਸ਼ਟ ਹੁੰਦਾ ਹੈ ਕਿ ਗੁਰਮਤਿ ਪਰੰਪਰਾ ਅਤੇ ਸਿੰਘ ਸਭਾ ਲਹਿਰ ਨਾਲ ਉਹਨਾਂ ਦਾ ਡੂੰਘਾ ਸੰਬੰਧ ਰਿਹਾ ਹੈ। ਛੋਟੀ ਉਮਰ ਵਿਚ ਹੀ ਕੁਝ ਗੁਲਾਬਦਾਸੀਏ ਸਾਧੂਆਂ ਦੀ ਸੰਗਤ ਵਿਚ ਰਹਿਣ ਕਰਕੇ ਗਿਆਨੀ ਦਿੱਤ ਸਿੰਘ ਨੇ ਵੇਦਾਂਤ ਅਤੇ ਗੁਰਬਾਣੀ, ਸਿੱਖ ਇਤਿਹਾਸ ਅਤੇ ਗੁਰ-ਮਰਿਆਦਾ ਬਾਰੇ ਕਾਫੀ ਗਿਆਨ ਪ੍ਰਾਪਤ ਕਰ ਲਿਆ ਸੀ। ਉਸ ਸਮੇਂ ਅੰਗਰੇਜ਼ਾਂ ਨੇ ਆਪਣੇ ਸਾਮਰਾਜੀ ਹਿੱਤਾਂ ਲਈ ਈਸਾਈ ਮਿਸ਼ਨਰੀਆਂ ਤੋਂ ਈਸਾਈ ਮੱਤ ਦਾ ਪ੍ਰਚਾਰ ਕਰਵਾਇਆ ਜਿਨ੍ਹਾਂ ਨੇ ਬਾਈਬਲ ਦੇ ਸਿਧਾਂਤਾਂ ਦੇ ਪ੍ਰਚਾਰ ਦੇ ਨਾਲ ਤਤਕਾਲੀਨ ਭਾਰਤੀ ਧਰਮਾਂ ਵਿਰੁੱਧ ਪ੍ਰਚਾਰ ਕੀਤਾ, ਜਿਸਦੀ ਪ੍ਰਤੀਕ੍ਰਿਆ ਵਜੋਂ ਇਨ੍ਹਾਂ ਧਰਮਾਂ ਵਾਲਿਆਂ ਨੇ ਆਪੋ-ਆਪਣੇ ਧਰਮਾਂ ਦੀ ਰਾਖੀ ਲਈ ਵਿਭਿੰਨ ਧਾਰਮਿਕ ਲਹਿਰਾਂ ਸੰਗਠਿਤ ਕੀਤੀਆਂ। ਹਿੰਦੂਆਂ ਨੇ ਸਨਾਤਮ ਧਰਮ, ਆਰੀਆ ਸਮਾਜ ਨੇ ਵੇਦਾਂ ਦੇ ਅਧਰਮੀ ਹੋਣ ਦੇ ਪ੍ਰਚਾਰ ਲਈ, ਮੁਸਲਮਾਨਾਂ ਨੇ ਅਹਿਮਦੀਆ ਅੰਜੁਮਨ ਚਾਲੂ ਕੀਤੀ। ਕੁਝ ਪਤਵੰਤੇ ਸਿੱਖਾਂ ਨੇ ਸਿੱਖ ਧਰਮ ਦੀ ਰੱਖਿਆ ਲਈ ਅੰਮ੍ਰਿਤਸਰ ਵਿਖੇ 1873 ਵਿਚ ਜਿਹੜੀ ਸਭਾ ਕਾਇਮ ਕੀਤੀ ਉਸ ਦਾ ਨਾਂ ਸਿੰਘ ਸਭਾ ਪੈ ਗਿਆ। ਇਹਨਾਂ ਪਤਵੰਤੇ ਮੋਢੀ ਸਿੱਖਾਂ ਵਿਚ ਬਾਬਾ ਖ਼ੇਮ ਸਿੰਘ ਬੇਦੀ, ਸਰਦਾਰ ਠਾਕੁਰ ਸਿੰਘ ਸੰਧਾਵਾਲੀਆ, ਬਾਬਾ ਕਾਨ੍ਹ ਸਿੰਘ, ਡਾ. ਚਰਨ ਸਿੰਘ, ਗਿਆਨੀ ਗਿਆਨ ਸਿੰਘ, ਭਾਈ ਅਰਜੁਨ ਸਿੰਘ ਬਾਗੜੀਆ, ਕੰਵਰ ਬਿਕਰਮ ਸਿੰਘ ਆਹਲੂਵਾਲੀਆ (ਕਪੂਰਥਲਾ) ਅਤੇ ਮਹਾਰਾਜਾ ਬਿਕਰਮ ਸਿੰਘ ਫਰੀਦਕੋਟ ਸਨ।

ਇਸੇ ਤਰ੍ਹਾਂ 1879 ਈਸਵੀ ਵਿਚ ਗਿਆਨੀ ਦਿੱਤ ਸਿੰਘ ਜੀ ਅਤੇ ਉਸ ਦੇ ਸਾਥੀਆਂ ਵਲੋਂ ਅੰਮ੍ਰਿਤਸਰ ਦੇ ਮੁਕਾਬਲੇ ਲਾਹੌਰ ਵਿਚ ਵੀ ਸਿੰਘ ਸਭਾ ਕਾਇਮ ਕੀਤੀ ਗਈ।

ਆਧੁਨਿਕਤਾ ਅਤੇ ਪਰੰਪਰਾ ਸ਼ਬਦਾਂ ਦੀ ਵਰਤੋਂ ਸਿਰਫ਼ ਕਾਲਵਾਚੀ ਅਰਥਾਂ ਵਜੋਂ ਹੀ ਕੀਤੀ ਜਾਂਦੀ ਰਹੀ ਹੈ ਜਦ ਕਿ ਇਨ੍ਹਾਂ ਪਦਾਂ ਦੇ ਸੰਕਲਪਵਾਚੀ ਅਰਥ ਵਧੇਰੇ ਮਹੱਤਤਾ ਰੱਖਦੇ ਹਨ। ਦੋਹਾਂ ਪਦਾਂ ਨੂੰ ਸਿਰਫ਼ ਪੁਰਾਤਨ ਅਤੇ ਨਵੀਨ ਵਜੋਂ ਵਿਚਾਰਨਾ ਗਲਤ ਹੋਵੇਗਾ ਕਿਉਂਕਿ ਹੋ ਸਕਦਾ ਹੈ ਵਰਤਮਾਨ ਸਮੇਂ ਵਿਚ ਸਾਡੇ ਜ਼ਿਹਨ ਅਤੇ ਕਾਰਵਿਹਾਰ ਉਪਰ ਰੂੜ੍ਹੀਵਾਦੀ ਵਿਚਾਰ ਹਾਵੀ ਹੋਣਾ ਐਸੀ ਹਾਲਤ ਵਿਚ ਸਮਕਾਲੀ ਅਤੇ ਨਵੀਨ ਯੁੱਗ ਵਿਚ ਆਧੁਨਿਕਤਾ ਦੀ ਗੱਲ ਕਰਨਾ ਉਚਿਤ ਨਹੀਂ ਹੋਵੇਗਾ। ਇਸ ਲਈ ਇਨ੍ਹਾਂ ਪਦਾਂ ਦੇ ਅਰਥਾਂ ਦੀ ਅਸਲੀਅਤ ਬਾਰੇ ਪਹਿਲਾਂ ਕੁਝ ਵਿਚਾਰ ਕਰਨੀ ਜ਼ਰੂਰੀ ਹੈ।

ਡਾ. ਜਸਵਿੰਦਰ ਸਿੰਘ ਅਨੁਸਾਰ:-

> ਆਧੁਨਿਕ ਸ਼ਬਦ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜੋ ਅੰਗਰੇਜ਼ੀ ਦੇ ਸ਼ਬਦ Modern ਦਾ ਅਨੁਵਾਦ ਹੈ। ਸੰਸਕ੍ਰਿਤ ਵਿਆਕਰਣ ਅਨੁਸਾਰ 'ਅਧੁਨਾ' ਸ਼ਬਦ ਦਾ ਵਿਸ਼ਲੇਸ਼ਣ ਆਧੁਨਿਕ ਹੈ ਅਤੇ ਅਧੁਨਾ ਦਾ ਅਰਥ ਅਮਰਕੋਸ਼ ਵਿਚ 'ਹੁਣ ਜਾਂ ਇਸ ਕਾਲ ਵਿਚ' ਵਜੋਂ ਕੀਤਾ ਗਿਆ ਹੈ। ਅੰਗਰੇਜ਼ੀ ਸ਼ਬਦ 'Modern' Latin ਭਾਸ਼ਾ ਦੇ ਸ਼ਬਦ Modo ਤੋਂ ਉਪਜਿਆ ਹੈ ਜਿਸਦਾ ਅਰਥ ਹੈ : - ਹੁਣ (Just Now)। ਇਹ ਅਰਥ ਸਿਰਫ਼ ਕੋਸ਼ਗਤ ਅਰਥ ਹਨ। ਇਸ ਭਾਸ਼ਕ ਸੰਬੰਧ ਦੇ ਬਾਵਜੂਦ ਆਧੁਨਿਕ ਸ਼ਬਦ ਵਿਸ਼ਾਲ ਅਰਥਾਂ ਦਾ ਧਾਰਨੀ ਹੈ।[8]

ਕਾਲਵੰਡ ਦੇ ਪੱਧਰ ਤੇ ਪੰਜਾਬੀ ਸਾਹਿਤ ਵਿਚ ਆਧੁਨਿਕ ਸਾਹਿਤ ਦਾ ਆਰੰਭ 1850 ਤੋਂ ਮੰਨਿਆ ਜਾਂਦਾ ਹੈ। ਪਰ ਸਮੇਂ ਦੇ ਇਸ ਪ੍ਰਸੰਗ ਬਾਰੇ ਵੀ ਪੱਕੇ ਤੌਰ ਤੇ ਸੰਕਲਪਮੂਲਕ ਪ੍ਰਵਿਰਤੀ ਵਜੋਂ ਕੋਈ ਠੋਸ ਗੱਲ ਕਰਨੀ ਸੁਭਾਵਿਕ ਨਹੀਂ ਜਾਪਦੀ। ਇਸ ਤੋਂ ਪਹਿਲਾਂ ਦਾ ਸਮਾਂ

ਸਿਰਫ਼ ਪਰੰਪਰਾ ਨੂੰ ਰੂਪਮਾਨ ਕਰਦਾ ਰਿਹਾ ਹੈ। ਪਰੰਪਰਾ ਦਾ ਅਰਥ ਸੰਕਲਪਾਂ ਦੇ ਪੱਧਰ ਤੇ ਆਧੁਨਿਕ ਬਣਨ ਤੋਂ ਪਹਿਲਾਂ ਦੀ ਸਥਿਤੀ ਤੋਂ ਹੈ। ਜਿਸ ਵਿਚ ਪਰੰਪਰਾਵਾਦੀ ਕਦਰਾਂ-ਕੀਮਤਾਂ ਨਾਰੀ ਦੀ ਨਿਘਰੀ ਅਵਸਥਾ, ਜਾਗੀਰਦਾਰੀ ਪ੍ਰਬੰਧ, ਸਾਮੰਤਵਾਦੀ ਸੁਭਾਅ, ਸੰਪ੍ਰਦਾਇਕ ਪ੍ਰਵਿਰਤੀ ਸੰਕੀਰਣ ਮਨੋਭਾਵ ਹੀ ਉਜਾਗਰ ਹੁੰਦੇ ਰਹੇ ਹਨ। ਇਨ੍ਹਾਂ ਸਾਰੇ ਵਿਸ਼ਿਆਂ ਨੂੰ ਤਿਲਾਂਜਲੀ ਦੇ ਕੇ ਜੋ ਸੰਕਲਪ ਪੇਸ਼ ਹੋਇਆ ਅਤੇ ਸੰਕਲਪ ਨੂੰ ਪੂਰਾ ਕਰਨ ਲਈ ਜੋ ਵੀ ਉੱਦਮ ਹੋਏ ਉਹ ਆਧੁਨਿਕਤਾ ਦੀ ਸ਼੍ਰੇਣੀ ਵਿਚ ਰੱਖੇ ਜਾ ਸਕਦੇ ਹਨ।

ਸਾਹਿਤ ਵਿਚ ਆਧੁਨਿਕ ਬਣਨ ਉਪਰੰਤ ਦੀ ਸਥਿਤੀ ਨਾਲੋਂ ਆਧੁਨਿਕ ਬਣਨ ਲਈ ਸੰਘਰਸ਼ਸ਼ੀਲ ਸਥਿਤੀ ਦੇ ਦਰਸ਼ਨ ਹੀ ਵਧੇਰੇ ਹੁੰਦੇ ਹਨ। ਡਾ. ਅਤਰ ਸਿੰਘ ਦੇ ਸ਼ਬਦਾਂ ਵਿਚ :-

> ਆਧੁਨਿਕ ਪਦ ਇਕ ਅਜਿਹੀ ਅਸਲੀਅਤ ਵੱਲ ਸੰਕੇਤ ਕਰਦਾ ਹੈ ਜਿਹੜੀ ਸਮੇਂ ਤੇ ਸਥਾਨ ਵਿਚ ਜਦੋਂ ਕਦੇ ਵੀ ਜਿੱਥੇ ਕਿਤੇ ਵੀ ਪ੍ਰਗਟ ਹੋਵੇਗੀ, ਉਸਨੂੰ ਇਸ ਨਾਂ ਨਾਲ ਯਾਦ ਕੀਤਾ ਜਾਵੇਗਾ। ਸੋ ਜਿੱਥੇ ਜੋ ਕੁਝ ਸਾਡਾ ਸਮਕਾਲੀ ਜਾਂ ਸਾਡੇ ਲਈ ਨਵੀਨ ਹੈ ਉਹ ਹੋਰ ਥਾਵਾਂ ਦੇ ਲੋਕਾਂ ਲਈ ਵੀ ਬਿਲਕੁਲ ਉਸੇ ਤਰ੍ਹਾਂ ਹੀ ਹੈ। ਇਥੇ ਵਿਚਾਰਣਯੋਗ ਗੱਲ ਹੈ ਕਿ ਨਵੀਨ ਅਤੇ ਸਮਕਾਲੀ ਆਪਣੇ ਅਰਥ ਸਮੇਂ ਵਿਚ ਆਪਣੇ ਸਥਾਨ ਤੋਂ ਲੈਂਦੇ ਹਨ ਪਰ ਆਧੁਨਿਕ ਅਤੇ ਆਧੁਨਿਕਤਾ ਆਪਣੇ ਅਰਥ ਸਮੇਂ ਦੇ ਨਾਲ-ਨਾਲ ਵਿਸ਼ੇਸ਼ ਸੁਭਾਅ ਤੋਂ ਵੀ ਲੈਂਦੇ ਹਨ।[੭]

ਸਾਹਿਤ ਦੇ ਖੇਤਰ ਵਿਚ ਆਧੁਨਿਕਤਾ ਦਾ ਸੰਬੰਧ ਉਸ ਵਿਸ਼ੇਸ਼ ਮਾਨਸਿਕ, ਬੌਧਿਕ ਅਤੇ ਭਾਵੁਕ ਅਵਸਥਾ ਨਾਲ ਹੈ, ਜਿਹੜੀ ਪੱਛਮ ਵਿਚ ਸਤਾਰਵੀਂ ਅਤੇ ਅਠਾਰਵੀਂ ਸਦੀ ਵਿਚ ਵਿਗਿਆਨਕ ਸੂਝ-ਬੂਝ ਨਾਲ ਪ੍ਰਕ੍ਰਿਤੀ ਉਤੇ ਮਨੁੱਖ ਦੇ ਵਧਦੇ ਅਧਿਕਾਰ ਨਾਲ ਪੈਦਾ ਹੋਣਾ ਸ਼ੁਰੂ ਹੋਈ। ਇਸ ਕਾਰਨ ਮਨੁੱਖ ਨੇ ਇਕ ਪਾਸੇ ਤਾਂ ਕੁਦਰਤ ਨਾਲ ਆਪਣੇ ਸੰਬੰਧਾਂ ਨੂੰ ਨਵਿਆਉਣਾ ਸ਼ੁਰੂ ਕਰ ਦਿੱਤਾ ਅਤੇ ਦੂਜੇ ਪਾਸੇ ਕੁਦਰਤ ਦੀਆਂ ਤਾਕਤਾਂ ਨੂੰ ਆਪਣੇ ਫਾਇਦੇ

ਲਈ ਵਰਤਣ ਦੀਆਂ ਜੁਗਤਾਂ ਬਣਾ ਕੇ ਮਸ਼ੀਨੀ ਕ੍ਰਾਂਤੀ ਦੀ ਘਾੜਤ ਘੜੀ। ਇਹ ਮਨੁੱਖ ਦੀ ਪ੍ਰਯੋਗਵਾਦੀ ਪ੍ਰਵਿਰਤੀ ਕਾਰਨ ਹੀ ਸੰਭਵ ਹੋ ਸਕਿਆ। ਇਹੋ ਆਧੁਨਿਕਤਾ ਦਾ ਆਰੰਭ ਵੀ ਆਖਿਆ ਜਾ ਸਕਦਾ ਹੈ।

ਭੌਤਿਕ ਵਿਗਿਆਨੀਆਂ ਦੀਆਂ ਖੋਜਾਂ ਨੇ, ਮਸ਼ੀਨੀ ਸਭਿਅਤਾ, ਪ੍ਰਾਕ੍ਰਿਤੀ ਬਾਰੇ ਨਵੀਂ ਜਾਣਕਾਰੀ ਅਤੇ ਮਨੁੱਖੀ ਮਨ ਸੰਬੰਧੀ ਮਨੋਵਿਗਿਆਨਕ ਖੋਜਾਂ ਕਰਕੇ ਕਈ ਨਵੇਂ ਸੰਕਟ ਪੈਦਾ ਕਰ ਦਿੱਤੇ। ਜਿਸ ਕਾਰਨ ਇਨ੍ਹਾਂ ਤੋਂ ਪਹਿਲਾਂ ਦੀਆਂ ਧਾਰਨਾਵਾਂ ਸ਼ਾਂਤ ਹੋ ਗਈਆਂ ਅਤੇ ਜੀਵਨ ਫਲਸਫੇ ਦਾ ਆਧਾਰਭੂਤ ਢਾਂਚਾ ਹੀ ਬਦਲ ਗਿਆ। ਇਸ ਸਮੇਂ ਤੱਕ ਪਹੁੰਚਦਿਆਂ ਜੇਕਰ ਆਧੁਨਿਕ ਤਬਦੀਲੀਆਂ ਵੱਲ ਧਿਆਨ ਦੇਣਾ ਹੋਵੇ ਤਾਂ ਸਾਡਾ ਕੇਂਦਰ ਬਿੰਦੂ ਗਿਣਤੀ ਦੀਆਂ ਕੁਝ ਕੁ ਘਟਨਾਵਾਂ ਹੀ ਬਣਦੀਆਂ ਹਨ। ਵਿਗਿਆਨਕ ਕਾਢਾਂ ਨੇ ਤਕਨਾਲੋਜੀ ਦੇ ਵਿਕਾਸ ਨਾਲ ਕਈ ਨਵੀਆਂ ਸੰਭਾਵਨਾਵਾਂ ਉਜਾਗਰ ਕੀਤੀਆਂ। ਪੂੰਜੀਵਾਦ, ਮਸ਼ੀਨੀਕਰਨ ਅਤੇ ਸ਼ਹਿਰੀਕਰਨ ਦੇ ਨਾਲ-ਨਾਲ ਰਾਜਸੀ, ਆਰਥਿਕ ਅਤੇ ਸਭਿਆਚਾਰਕ ਸੰਕਲਪ ਪੈਦਾ ਹੋਏ ਅਤੇ ਵਿਕਸਿਤ ਹੋਏ।

ਵਿਗਿਆਨਕ ਤਜ਼ਰਬਿਆਂ ਨੇ ਵਿਗਿਆਨਕ ਵਿਆਖਿਆ ਕੀਤੀ ਅਤੇ ਮਨੁੱਖੀ ਜ਼ਿੰਦਗੀ ਦੇ ਸਥਾਨਕ ਅਤੇ ਕਾਲਕ ਪ੍ਰਵਾਹ ਬਾਰੇ ਮੌਜੂਦ ਵਿਚਾਰਵਾਦੀ ਮਾਨਤਾਵਾਂ ਅਪ੍ਰਵਾਨ ਅਤੇ ਰੱਦ ਹੋ ਗਈਆਂ। ਅਸਤਿਤਵਵਾਦ ਨੇ ਮਨੁੱਖੀ ਹੋਂਦ ਦੇ ਮੂਲ ਪ੍ਰਸ਼ਨ, ਇਸ ਦੇ ਸੰਕਟ, ਇਸਦੀ ਸਿਰਜਣਸ਼ੀਲਤਾ, ਇਸ ਦੀ ਬੇਵਸੀ ਅਤੇ ਆਜ਼ਾਦੀ ਗੁਲਾਮੀ ਦੇ ਪ੍ਰਸ਼ਨਾਂ ਨੂੰ ਪਹਿਲ ਦਿੱਤੀ। ਤਰਕਸ਼ੀਲ ਚਿੰਤਨ ਵਿਧੀਆਂ, ਆਧੁਨਿਕ ਸੰਵੇਦਨਾ, ਨਵੇਂ ਸੰਦਰਭਾਂ, ਨਵੀਆਂ ਵਿਗਿਆਨਕ ਪੱਧਤੀਆਂ, ਆਧੁਨਿਕ ਮਸਲਿਆਂ, ਨਵੀਨ ਸਮਾਜਿਕ ਆਰਥਿਕ ਸੰਕਟਾਂ ਦੇ ਪੈਦਾ ਹੋਣ ਨਾਲ ਹੀ ਪਰੰਪਰਾ ਦਾ ਖਾਤਮਾ ਅਤੇ ਆਧੁਨਿਕਤਾ ਦਾ ਆਰੰਭ ਮੰਨਿਆ ਜਾ ਸਕਦਾ ਹੈ। ਆਧੁਨਿਕਤਾ ਨੂੰ ਪਰਿਭਾਸ਼ਿਤ ਕਰਦਿਆਂ ਡਾ. ਗੁਰਚਰਨ ਸਿੰਘ ਅਰਸ਼ੀ ਇਸ ਤਰ੍ਹਾਂ ਲਿਖਦੇ ਹਨ:-

> ਆਧੁਨਿਕ ਮਨੁੱਖ ਦੀ ਮਾਨਸਿਕ ਸਥਿਤੀ ਵਿਚ ਪੈਦਾ ਹੋਈ ਉਸ ਤਬਦੀਲੀ ਦਾ ਨਾਮ ਹੈ, ਜਿਸਨੇ ਮਨੁੱਖ ਦੇ ਚਿੰਤਨ ਅਤੇ ਸੋਚਣ ਦੇ ਢੰਗ ਵਿਚ ਮੱਧਕਾਲੀਨ ਨਾਲੋਂ ਇਕ ਵਿਲੱਖਣ ਭਾਂਤ ਦੀ ਸੇਧ ਪੈਦਾ ਕੀਤੀ। ਆਧੁਨਿਕਤਾ ਦਾ ਸੰਬੰਧ ਸਿਰਫ ਵੀਹਵੀਂ ਸਦੀ ਨਾਲ ਨਹੀਂ ਕਿਉਂਕਿ ਆਧੁਨਿਕਤਾ ਨੂੰ ਕਿਸੇ ਖਾਸ ਯੁਗ ਨਾਲ ਸੰਬੰਧਿਤ ਕੀਤਾ ਜਾਣਾ ਅਨੁਚਿਤ ਹੈ। ਸਾਡੇ ਮਤ ਅਨੁਸਾਰ ਜਦੋਂ ਆਦਿ ਕਾਲ ਵਿਚ ਮਨੁੱਖ ਪਹਿਲੀ ਵਾਰ ਹੋਂਦ ਵਿਚ ਆਇਆ ਤਾਂ ਸ੍ਰਿਸ਼ਟੀ ਦੇ ਰਚਣਹਾਰ ਦੀ ਇਸ ਦਿਲਕਸ਼ ਪ੍ਰਕ੍ਰਿਤੀ ਨੂੰ ਦੇਖ ਕੇ ਉਸਦੇ ਵਿਸਮਾਦਿਤ ਮਨ ਵਿਚ ਜੋ ਭਾਵ ਉਤਪੰਨ ਹੋਏ, ਉਹ ਆਪਣੇ ਆਪ ਵਿਚ ਆਧੁਨਿਕ ਸਨ।[10]

ਇਸ ਤਰ੍ਹਾਂ ਆਧੁਨਿਕ ਸ਼ਬਦ ਦਾ ਬੋਧ ਪਰੰਪਰਾ ਦੇ ਵਿਰੋਧ ਵਜੋਂ ਨਾ ਹੋ ਕੇ ਅਜਿਹੇ ਵਿਚਾਰ ਵਜੋਂ ਹੁੰਦਾ ਹੈ ਜੋ ਚੇਤਨਾ ਦਾ ਪ੍ਰਤੀਫਲ ਹੈ। ਨਾ ਤਾਂ ਪਰੰਪਰਾ ਆਧੁਨਿਕਤਾ ਦਾ ਵਿਰੋਧ ਕਰਦੀ ਹੈ ਅਤੇ ਨਾ ਹੀ ਆਧੁਨਿਕਤਾ ਵਿਚ ਪਰੰਪਰਾ ਦਾ ਵਿਰੋਧ ਉਤਪੰਨ ਹੁੰਦਾ ਹੈ, ਸਗੋਂ ਕਿਸੇ ਵੀ ਸੰਕਲਪ ਦਾ ਜਨਮ ਸਮਕਾਲੀ ਸਮੇਂ ਦੀਆਂ ਕਾਲਗਤ ਨਿਖੇੜੇ ਦੀ ਬਜਾਇ ਸੰਕਲਪਗਤ ਨਿਖੇੜਾ ਹੀ ਪਰੰਪਰਾ ਅਤੇ ਆਧੁਨਿਕਤਾ ਵਿਚਲੇ ਅੰਤਰ ਨੂੰ ਸਪਸ਼ਟ ਕਰਨ ਦਾ ਸਹੀ ਆਧਾਰ ਮੰਨਿਆ ਜਾਣਾ ਚਾਹੀਦਾ ਹੈ। ਜਿਸ ਦੇ ਫਲਸਰੂਪ ਆਧੁਨਿਕ ਯੁਗ ਵਿਚ ਪ੍ਰਚਲਿਤ ਪੰਰਪਰਾਵਾਦੀ ਕਦਰਾਂ-ਕੀਮਤਾਂ ਦੀ ਪਛਾਣ ਕਰਨੀ ਸਹਿਜ ਭਾਵ ਹੀ ਸੰਭਵ ਹੋ ਜਾਂਦੀ ਹੈ।

ਉਪਰੋਕਤ ਵਿਵੇਚਨ ਅਤੇ ਗੁਰਮਤਿ ਪਰੰਪਰਾ ਦੇ ਸੰਦਰਭ ਵਿਚ ਪੰਜਾਬ ਵਿਚ 19ਵੀਂ ਸਦੀ ਵਿਚ ਪੈਦਾ ਹੋਈਆਂ ਵਿਭਿੰਨ ਧਾਰਮਿਕ ਲਹਿਰਾਂ ਦਾ ਸੰਖੇਪ ਅਧਿਐਨ, ਖਾਸ ਕਰਕੇ ਸਿੰਘ ਸਭਾ ਲਹਿਰ, ਇਸ ਦੇ ਮੋਢੀ ਅਤੇ ਉਪਰੰਤਲੇ ਉਸਰੱਈਏ ਅਤੇ ਵਿਦਵਾਨਾਂ ਬਾਰੇ ਵਿਸਥਾਰ ਵਿਚ ਵਿਚਾਰ ਅਗਲੇ ਪੰਨਿਆਂ ਵਿਚ ਕਰਾਂਗੇ।

## ਉਨ੍ਹੀਵੀਂ ਸਦੀ ਵਿਚ ਪੰਜਾਬ ਵਿਚ ਚੱਲੀਆਂ ਧਾਰਮਿਕ ਲਹਿਰਾਂ:

ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਪੰਜਾਬ ਪ੍ਰਾਂਤ ਦੀ ਵਿਸ਼ੇਸ਼ ਪ੍ਰਸਥਿਤੀ ਕਾਰਨ ਕਈ ਸਮਾਜਿਕ, ਸਭਿਆਚਾਰਕ ਤੇ ਵਿਭਿੰਨ ਧਾਰਮਿਕ ਲਹਿਰਾਂ ਨੇ ਜਨਮ ਲਿਆ। ਪ੍ਰਿੰ. ਗੁਰਚਰਨ ਸਿੰਘ ਦਾ ਮੱਤ ਹੈ:

> ਪੰਜਾਬ ਵਿਚ ਉਨ੍ਹੀਵੀਂ ਸਦੀ ਵਿਚ ਬਹੁਤ ਸਾਰੀਆਂ ਸਭਿਆਚਾਰਕ ਤੇ ਸਮਾਜਿਕ ਲਹਿਰਾਂ ਦਾ ਜਨਮ ਤੇ ਵਿਕਾਸ ਹੋਇਆ। ਸਿੱਖ ਗੁਰੂਆਂ ਤੇ ਉਨ੍ਹਾਂ ਦੇ ਸ਼ਰਧਾਲੂਆਂ ਦੇ ਮਨ ਵਿਚ ਧਰਮ ਅਤੇ ਸਮਾਜ-ਸੁਧਾਰ ਲਈ ਅਥਾਹ ਪਿਆਰ ਸੀ। ਅਠਾਰ੍ਹਵੀਂ ਤੇ ਉਨ੍ਹੀਵੀਂ ਸਦੀ ਵਿਚਕਾਰ ਬ੍ਰਾਹਮਣਵਾਦ ਕਾਰਨ ਸਮਾਜ ਵਿਚ ਬਹੁਤ ਸਾਰੀਆਂ ਸਾਮਾਜਿਕ ਕੁਰੀਤੀਆਂ ਪੈਦਾ ਹੋ ਚੁੱਕੀਆਂ ਸਨ। ਇਨ੍ਹਾਂ ਬੁਰਾਈਆਂ ਦਾ ਅੰਤ ਕਰਨ ਲਈ ਸਭਿਆਚਾਰਕ ਅਤੇ ਸਾਮਾਜਿਕ ਲਹਿਰਾਂ ਨੇ ਕਾਫੀ ਸਹਿਯੋਗ ਦਿੱਤਾ। ਲੋਕਾਂ ਵਿਚ ਪਾਈ ਜਾਣ ਵਾਲੀ ਅੰਧ-ਵਿਸ਼ਵਾਸ ਦੀ ਕਾਲੀ ਚਾਦਰ ਨੂੰ ਪਾੜ ਕੇ ਉਨ੍ਹਾਂ ਅੰਦਰ ਨਵ-ਜੀਵਨ ਦੀ ਲਹਿਰ ਭਰ ਦਿੱਤੀ। [11]

ਪ੍ਰੋ. ਮੋਹਨ ਸਿੰਘ ਮਾਨ ਅਨੁਸਾਰ:

> ਉਨ੍ਹੀਵੀਂ ਸਦੀ ਵਿਚ ਪੰਜਾਬ ਦੇ ਭਿੰਨ-ਭਿੰਨ ਭਾਗਾਂ ਵਿਚ ਕਈ ਸਾਮਾਜਿਕ, ਸਭਿਆਚਾਰਕ ਤੇ ਧਾਰਮਿਕ ਅੰਦੋਲਨ ਉੱਠੇ, ਇਹਨਾਂ ਵਿਚੋਂ ਬ੍ਰਹਮੋ ਸਮਾਜ, ਆਰੀਆ ਸਮਾਜ, ਨਾਮਧਾਰੀ, ਨਿਰੰਕਾਰੀ, ਅਹਿਮਦੀਆ ਤੇ ਸਿੰਘ ਸਭਾ ਅੰਦੋਲਨ ਮੁੱਖ ਸੀ। . . ...... ਇਨ੍ਹਾਂ ਅੰਦੋਲਨਾਂ ਨੇ ਸਮਾਜ ਤੇ ਧਰਮ ਦੇ ਨਾਲ-ਨਾਲ ਸਭਿਆਚਾਰਕ ਜਾਗ੍ਰਿਤੀ ਵੀ ਪੈਦਾ ਕੀਤੀ। [12]

ਵਿਦਵਾਨਾਂ ਨੇ ਇਨ੍ਹਾਂ ਲਹਿਰਾਂ ਦੀ ਉਤਪਤੀ ਦੇ ਅਨੇਕ ਕਾਰਨ ਦੱਸੇ ਹਨ – ਈਸਾਈ ਧਰਮ ਦਾ ਖਤਰਾ, ਪੱਛਮੀ ਸਿੱਖਿਆ, ਸਾਹਿਤ ਅਤੇ ਸਭਿਅਤਾ ਦਾ ਪ੍ਰਭਾਵ, ਪ੍ਰਾਚੀਨ ਭਾਰਤੀ ਇਤਿਹਾਸ ਅਤੇ ਝੂਠੇ ਰੀਤੀ-ਰਿਵਾਜ਼, ਰੇਲਾਂ, ਸੜਕਾਂ ਅਤੇ ਡਾਕ ਪ੍ਰਬੰਧ ਦਾ ਪ੍ਰਭਾਵ ਅਤੇ ਇਸ ਕਾਲ ਵਿਚ ਪੰਜਾਬ ਵਿਚ ਆਏ ਅਤੇ ਪੈਦਾ ਹੋਏ ਵੱਖ-ਵੱਖ ਧਰਮਾਂ ਅਤੇ ਸੰਪਰਦਾਵਾਂ ਦੇ ਮਹਾਨ ਸੁਧਾਰਕ ਅਤੇ ਚਿੰਤਕ।[13]

ਇਤਿਹਾਸਕਾਰਾਂ ਨੇ ਪੰਜਾਬ ਵਿਚ ਇਸ ਕਾਲ ਵਿਚ ਵੱਖ-ਵੱਖ ਧਰਮਾਂ ਦੀਆਂ ਲਹਿਰਾਂ ਦੇ ਵੇਰਵੇ ਦਿੱਤੇ ਹਨ – ਚੇਤ ਰਾਮੀਏ, ਖ਼ਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ, ਬ੍ਰਹਮੋ ਸਮਾਜ, ਸਨਾਤਨ ਧਰਮ ਸਭਾ, ਗੁਲਾਬਦਾਸੀਏ, ਨਾਮਧਾਰੀ ਲਹਿਰ, ਨਿਰੰਕਾਰੀ ਲਹਿਰ, ਆਰੀਆ ਸਮਾਜ, ਦੇਵ ਸਮਾਜ, ਅਕਾਲੀ ਲਹਿਰ ਅਧੀਨ ਗੁਰਦੁਆਰਿਆਂ ਦੇ ਮੋਰਚੇ, ਕਾਦਿਆਨੀ ਅਹਿਮਦੀਆ ਲਹਿਰ ਅਤੇ ਸਿੱਖਾਂ ਦੀ ਸਭ ਤੋਂ ਮਹੱਤਵਪੂਰਨ ਅਤੇ ਆਧੁਨਿਕ ਵਿਸ਼ਵ ਸਿੱਖ ਗੁਰਮਤਿ ਸੰਕਲਪ ਦਾ ਨਿਰਮਾਤਾ ਸਿੰਘ ਸਭਾ ਅੰਦੋਲਨ।

ਇਨ੍ਹਾਂ ਲਹਿਰਾਂ ਬਾਰੇ ਕੁਝ ਜਾਣਕਾਰੀ ਮੂਲਕ ਚਰਚਾ ਕਰਨੀ ਇਸ ਲਈ ਜ਼ਰੂਰੀ ਹੈ ਤਾਂ ਜੋ ਸਿੰਘ ਸਭਾ ਲਹਿਰ ਦੇ ਮਹੱਤਵ ਅਤੇ ਗਿਆਨੀ ਦਿੱਤ ਸਿੰਘ ਦੇ ਯੋਗਦਾਨ ਦਾ ਅਨੁਮਾਨ ਲੱਗ ਸਕੇ।

**ਗੁਲਾਬਦਾਸੀ ਲਹਿਰ**ः ਜ਼ਿਲ੍ਹਾ ਲਾਹੌਰ ਦੇ ਇਲਾਕਾ ਕਸੂਰ ਦੇ ਪਿੰਡ ਚੱਠਿਆਂ ਵਾਲੇ ਵਿਖੇ ਗੁਲਾਬਦਾਸ ਜੱਟ ਸਿੱਖ ਦਾ ਡੇਰਾ ਸੀ। ਗੁਲਾਬਦਾਸ ਦਾ ਜਨਮ 1826 ਵਿਚ ਹੋਇਆ ਸੀ, ਜੋ ਵੱਡਾ ਹੋ ਕੇ ਮਹਾਰਾਜਾ ਸ਼ੇਰ ਸਿੰਘ ਦੀ ਫੌਜ ਵਿਚ ਰਿਹਾ। 1849 ਵਿਚ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਤੇ ਗੁਲਾਬਦਾਸ ਨੌਕਰੀ ਛੱਡ ਕੇ ਪ੍ਰੀਤਮ ਦਾਸ ਉਦਾਸੀ ਦਾ ਚੇਲਾ ਬਣ ਗਿਆ ਅਤੇ ਰਿਆਸਤ ਨਾਭਾ ਵਿਚ ਪਿੰਡ ਧਨੌਲੇ ਵਿਖੇ ਰਹਿਣ ਲੱਗ ਪਿਆ, ਜਿਥੋਂ ਉਹ ਪੜ੍ਹ ਕੇ ਚੱਠਿਆਂ ਵਾਲੇ ਆ ਵਸਿਆ। ਗੁਲਾਬਦਾਸੀਏ ਕੁਰਾਨ ਸ਼ਰੀਫ ਅਤੇ ਗੁਰਮਤਿ ਦੇ ਗਿਆਨੀ ਸਨ ਅਤੇ ਇਖਲਾਕ ਦੇ ਪੱਖੋਂ ਵਧੇਰੇ ਖੁਲ੍ਹ ਦਿਲੇ ਸਨ। ਪੰਜਾਬੀ ਵਿਚ 'ਆਰਿਫ਼' ਤਖ਼ੱਲਸ ਵਾਲੇ ਬਹੁਤੇ ਕਵੀ ਮੂਲ ਰੂਪ ਵਿਚ ਗੁਲਾਬਦਾਸੀਏ ਸਨ। ਗੁਲਾਬਦਾਸ ਦੇ ਗ੍ਰੰਥ ਦਾ ਨਾਮ 'ਉਪਦੇਸ਼

ਬਿਲਾਸੀ' ਹੈ। ਗੁਲਾਬਦਾਸੀਆਂ ਨੇ ਹੋਰ ਵੀ ਰਚਨਾਵਾਂ ਕੀਤੀਆਂ ਜਿਵੇਂ 'ਮੌਜ ਬਿਲਾਸ', 'ਵਿਵੇਕਮਾਲਾ' ਅਤੇ 'ਗੁਲਾਬ ਬਚਨ', 'ਉਪਦੇਸ਼ਾਤਮਕ ਪੰਜਾਬੀ ਸਾਹਿਤ' ਗੁਲਾਬਦਾਸੀਆਂ ਨੇ ਚੌਥੀ ਰਚਨਾ ਕੀਤੀ। [14] ਗੁਲਾਬਦਾਸੀਏ ਫੋਕੀਆਂ ਤੇ ਫਜ਼ੂਲ ਰਸਮਾਂ ਵਿਚ ਵਿਸ਼ਵਾਸ ਨਹੀਂ ਰਖਦੇ ਸਨ। ਇਹ ਸਾਧਾਂ-ਸੰਤਾਂ ਦੀ ਫਜ਼ੂਲ ਦੀ ਇੱਜ਼ਤ ਦਾ ਵਿਰੋਧ ਕਰਦੇ ਅਤੇ ਤੀਰਥ ਯਾਤਰਾਵਾਂ ਨੂੰ ਬੇ-ਲੋੜਾ ਸਮਝਦੇ ਸਨ। ਮਾਲਵੇ ਵਿਚ ਪ੍ਰਚਲਿਤ ਇਕ ਲੋਕ ਟੱਪਾ ਗੁਲਾਬਦਾਸੀਆਂ ਦੇ ਪ੍ਰਭਾਵ ਤੋਂ ਹੀ ਰਚਿਆ ਪ੍ਰਤੀਤ ਹੁੰਦਾ ਹੈ:

"ਕੀਹਦੇ ਕੀਹਦੇ ਗੋਡੀ ਹੱਥ ਲਾਈਏ,
ਸੰਤਾਂ ਦੇ ਵੱਗ ਫਿਰਦੇ।"

**ਨਾਮਧਾਰੀ ਲਹਿਰ:** ਨਿਰੰਕਾਰੀ ਲਹਿਰ ਦੇ ਮੱਧ ਵਿਚ ਤੇ ਸੰਨ 1857 ਦੇ ਗਦਰ ਤੋਂ ਪਿਛੋਂ ਸਿੱਖਾਂ ਵਿਚ ਜੋ ਦੂਜੀ ਸੁਧਾਰਕ ਲਹਿਰ ਚੱਲੀ ਉਹ ਨਾਮਧਾਰੀ ਲਹਿਰ ਸੀ। ਇਹ ਲਹਿਰ ਧਾਰਮਿਕ ਵੀ ਸੀ ਤੇ ਰਾਜਨੀਤਕ ਵੀ। ਧਾਰਮਿਕ ਇਸ ਕਰਕੇ ਸੀ ਕਿ ਇਸਦਾ ਆਰੰਭ ਸਿੱਖ ਪੰਥ ਵਿਚੋਂ ਕੁਰੀਤੀਆਂ ਨੂੰ ਦੂਰ ਕਰਨ ਵਾਸਤੇ ਹੋਇਆ ਸੀ। ਰਾਜਨੀਤਕ ਇਸ ਕਰਕੇ ਸੀ ਕਿ ਇਸ ਵਿਚ ਸ਼ੁਰੂ ਤੋਂ ਹੀ ਦੇਸ਼ ਸੇਵਾ ਦੀ ਉਮੰਗ ਸੀ। 'ਨਾਮਧਾਰੀਆਂ' ਨੂੰ ਦੂਜੇ ਸ਼ਬਦਾਂ ਵਿਚ 'ਕੂਕੇ' ਵੀ ਕਿਹਾ ਜਾਂਦਾ ਹੈ। 'ਕੂਕਾ' ਸ਼ਬਦ ਦਾ ਅਰਥ ਹੈ – 'ਕੂਕਾਂ ਮਾਰਨਾ'। ਨਾਮਧਾਰੀਏ ਸੂਫ਼ੀ ਫ਼ਕੀਰਾਂ ਵਾਂਗ ਨੱਚਣ ਲਗ ਪੈਂਦੇ ਹਨ ਤੇ ਪ੍ਰੇਮ ਦੀ ਲੋਰ ਵਿਚ ਆ ਕੇ ਕੂਕਾਂ ਵੀ ਮਾਰਦੇ ਹਨ, ਇਸ ਕਰਕੇ ਉਨ੍ਹਾਂ ਨੂੰ ਕੂਕੇ ਕਿਹਾ ਜਾਂਦਾ ਹੈ। [15]

ਪ੍ਰੋ. ਮੋਹਨ ਸਿੰਘ ਮਾਨ ਅਨਸਾਰ ਕੂਕਾ ਜਾਂ ਨਾਮਧਾਰੀ ਅੰਦੋਲਨ ਦੇ ਮੋਢੀ ਸਰਹੱਦੀ ਸੂਬੇ ਵਿਚ ਜ਼ਿਲ੍ਹਾ ਅਟਕ ਦੇ ਹਜ਼ਰੋਂ ਪਿੰਡ ਦੇ ਨਿਵਾਸੀ ਬਾਬਾ ਬਾਲਕ ਸਿੰਘ ਜੀ ਸਨ। ਉਨ੍ਹਾਂ ਨੇ ਸਿੱਖਾਂ ਵਿਚ ਪ੍ਰਚਲਿਤ ਬੁਰਾਈਆਂ ਵਿਰੁੱਧ ਪ੍ਰਚਾਰ ਕੀਤਾ ਅਤੇ ਆਪਣੇ ਸ਼ਰਧਾਲੂਆਂ ਨੂੰ ਨਾਮ ਸਿਮਰਨ ਲਈ ਜ਼ੋਰ ਦਿੱਤਾ, ਜਿਸ ਕਾਰਨ ਉਹ 'ਨਾਮਧਾਰੀ' ਅਖਵਾਏ। ਲੁਧਿਆਣੇ ਜ਼ਿਲੇ ਦੇ ਪਿੰਡ ਭੈਣੀ ਰਾਈਆਂ ਦੇ ਮਠਾੜੂ ਰਾਮਗੜ੍ਹੀਆ ਰਾਮ ਸਿੰਘ, ਕੰਵਰ ਨੌਨਿਹਾਲ ਸਿੰਘ ਦੀ ਫੌਜ ਵਿਚ ਇਕ ਸੈਨਿਕ ਸਨ, ਜਿਨ੍ਹਾਂ ਨੂੰ ਬਾਬਾ ਬਾਲਕ ਸਿੰਘ ਨੇ ਆਪਣਾ ਵਾਰਸ ਨਿਯੁਕਤ ਕਰ ਦਿੱਤਾ। ਜੋ

ਅਸਲ ਵਿਚ ਨਾਮਧਾਰੀ ਸੰਪਰਦਾਇ ਦੇ ਰੂਹੇ-ਰਵਾਂ ਸਿੱਧ ਹੋਏ ਅਤੇ ਜਿਨ੍ਹਾਂ ਨੇ ਸਿੱਖਾਂ ਵਿਚ ਜਾਗ੍ਰਿਤੀ ਲਿਆਂਦੀ। 1862 ਵਿਚ ਭੈਣੀ ਰਾਈਆਂ ਪਰਤੇ ਰਾਮ ਸਿੰਘ ਨੇ ਨਾਮਧਾਰੀ ਮੱਤ ਦਾ ਪ੍ਰਚਾਰ ਕੀਤਾ।

ਨਾਮਧਾਰੀ ਅੰਦੋਲਨ ਦੇ ਸ਼ੁਰੂ ਹੋਣ ਦੇ ਬਹੁ-ਪੱਖੀ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਕਾਰਨ ਸਨ। ਨਾਮਧਾਰੀਆਂ ਦੇ ਪ੍ਰਮੁੱਖ ਸਿਧਾਂਤ ਇਕ ਪਰਮਾਤਮਾ ਤੇ ਵਿਸ਼ਵਾਸ, ਈਸ਼ਵਰ-ਨਾਮ ਉੱਤੇ ਜ਼ੋਰ, ਸਰੀਰਕ, ਮਾਨਸਿਕ ਅਤੇ ਆਤਮਿਕ ਸ਼ੁੱਧਤਾ ਉੱਤੇ ਬਲ, ਸ਼੍ਰੀ ਗੁਰੂ ਗ੍ਰੰਥ ਸਾਹਿਬ ਉੱਤੇ ਵਿਸ਼ਵਾਸ, ਸਿੱਖ ਗੁਰੂ ਸਾਹਿਬਾਨ ਉੱਤੇ ਭਰੋਸਾ, ਖ਼ਾਲਸਾਈ ਕਕਾਰਾਂ ਅਨੁਸਾਰ ਰਹਿਤ ਮਰਿਆਦਾ, ਵੇਸ-ਭੇਸ ਅਤੇ ਦਸਤਾਰ ਚਿੱਟੇ, ਅੰਧ-ਵਿਸ਼ਵਾਸਾਂ ਦਾ ਵਿਰੋਧ, ਜ਼ਾਤ-ਪਾਤ ਦਾ ਨਕਾਰਨ, ਇਸਤਰੀਆਂ ਦਾ ਸਤਿਕਾਰ, ਨੈਤਿਕਤਾ ਉੱਤੇ ਬਲ, ਸਾਦੇ ਅਤੇ ਘੱਟ ਖਰਚ ਵਾਲੇ ਵਿਆਹ ਦੀ ਪ੍ਰਥਾ, ਸਨ, ਜਿਨ੍ਹਾਂ ਦਾ ਨਾਮਧਾਰੀਆਂ ਨੇ ਜ਼ੋਰਦਾਰ ਅਤੇ ਅਮਲੀ ਪ੍ਰਚਾਰ ਕੀਤਾ। ਧਾਰਮਿਕ ਤੇ ਸਾਮਾਜਿਕ ਸੁਧਾਰਾਂ ਤੋਂ ਇਲਾਵਾ ਨਾਮਧਾਰੀਆਂ ਨੇ ਰਾਜਨੀਤਕ ਖੇਤਰ ਵਿਚ ਪਹਿਲ ਕਦਮੀਆਂ ਕੀਤੀਆਂ ਅਤੇ ਅੰਗਰੇਜ਼ੀ ਰਾਜ ਦੇ ਸਮਾਨੰਤਰ ਸਵਦੇਸ਼ੀ ਅੰਦੋਲਨ ਸ਼ੁਰੂ ਕੀਤਾ। ਸਰਕਾਰੀ ਅਦਾਰਿਆਂ ਦਾ ਬਾਈਕਾਟ ਕੀਤਾ। ਸਰਕਾਰੀ ਕਾਰਖਾਨਿਆਂ, ਸਕੂ ਲਾਂ, ਕਾਲਜਾਂ ਅਤੇ ਵਿਦੇਸ਼ੀ ਕਪੜਿਆਂ, ਸਰਕਾਰੀ ਅਦਾਲਤਾਂ ਅਤੇ ਡਾਕ ਪ੍ਰਬੰਧ ਦਾ ਤਿਆਗ ਕੀਤਾ। ਬਾਬਾ ਰਾਮ ਸਿੰਘ ਨੇ ਅੰਗਰੇਜ਼ਾਂ ਦਾ ਹਰ ਤਰ੍ਹਾਂ ਨਾਲ ਵਿਰੋਧ ਕੀਤਾ। ਨਾਮਧਾਰੀਆਂ ਨੇ ਅੰਮ੍ਰਿਤਸਰ ਅਤੇ ਰਾਏਕੋਟ ਵਿਖੇ ਬੁੱਚੜਾਂ ਨੂੰ ਕਤਲ ਕੀਤਾ। ਸਾਮਰਾਜੀ ਸਰਕਾਰ ਨੇ ਮਲੇਰਕੋਟਲੇ ਵਿਖੇ ਕੂਕਿਆਂ ਨੂੰ ਤੋਪਾਂ ਨਾਲ ਉਡਾ ਦਿੱਤਾ। ਅੰਗਰੇਜ਼ਾਂ ਵਿਰੁੱਧ ਆਜ਼ਾਦੀ ਸੰਗਰਾਮ ਵਿਚ ਕੂਕਿਆਂ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਬਾਬਾ ਰਾਮ ਸਿੰਘ ਨੇ ਮਹਾਤਮਾ ਗਾਂਧੀ ਤੋਂ ਵੀ ਪਹਿਲਾਂ ਨਾ-ਮਿਲਵਰਤਨ ਅੰਦੋਲਨ ਚਲਾਇਆ ਅਤੇ ਆਜ਼ਾਦੀ ਸੰਗਰਾਮ ਵਿਚ ਕੂਕਿਆਂ ਨੇ ਵਧ ਚੜ੍ਹ ਕੇ ਕੁਰਬਾਨੀਆਂ ਦਿੱਤੀਆਂ। [16] ਪੰਜਾਬ ਦੇ ਇਤਿਹਾਸ ਵਿਚ ਕੂਕਾ ਅੰਦੋਲਨ ਦਾ ਮਹੱਤਵ ਹਮੇਸ਼ਾਂ ਬਣਿਆ ਰਹੇਗਾ। ਨਾਮਧਾਰੀਆਂ ਨੇ ਸੌ-ਸਾਖੀ ਦੇ ਪ੍ਰਚਾਰ ਰਾਹੀਂ ਅੰਗਰੇਜ਼ਾਂ ਵਿਰੁੱਧ ਜ਼ੋਰਦਾਰ ਪ੍ਰਚਾਰ ਕੀਤਾ।

**ਨਿਰੰਕਾਰੀ ਲਹਿਰ:** ਨਿਰੰਕਾਰੀ ਲਹਿਰ ਸਿੱਖਾਂ ਵਿਚ ਸਭ ਤੋਂ ਪਹਿਲੀ ਧਾਰਮਿਕ ਲਹਿਰ ਸੀ ਜੋ ਸੰਨ 1850 ਤੋਂ ਸੰਨ 1870 ਤੱਕ ਪੂਰੇ ਜ਼ੋਰ ਸ਼ੋਰ ਨਾਲ ਚਲਦੀ ਰਹੀ।[17] ਖੁਸ਼ਵੰਤ ਸਿੰਘ ਅਨੁਸਾਰ:

> ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵਿਚ ਪੱਛਮੀ ਪੰਜਾਬ ਤੇ ਮਗਰੋਂ ਸਰਹੱਦੀ ਸੂਬਾ ਬਣੇ ਡੇਹਰਾ ਜ਼ਾਤ ਦੇ ਹਿੰਦੂ, ਸਿੱਖੀ ਦੇ ਪ੍ਰਭਾਵ ਹੇਠ ਆਏ। ਉਨ੍ਹਾਂ ਵਿਚੋਂ ਕੁਝ ਨੇ ਖੰਡੇ ਦੀ ਪਾਹੁਲ ਛਕੀ ਅਤੇ ਖ਼ਾਲਸਾ ਭਾਈਚਾਰੇ ਵਿਚ ਸ਼ਾਮਿਲ ਹੋ ਗਏ। ਬਹੁਤਿਆਂ ਨੇ ਹਿੰਦੂ ਦੇਵੀ-ਦੇਵਤਿਆਂ ਦੀ ਪੂਜਾ ਤਿਆਗ ਦਿੱਤੀ ਅਤੇ ਵੇਦ ਮੰਤਰ ਛੱਡ ਕੇ ਗੁਰਬਾਣੀ ਪੜ੍ਹਨ ਲੱਗੇ ਅਤੇ ਗੁਰਦੁਆਰਿਆਂ ਵਿਚ ਜਾਣ ਲੱਗੇ। ਇਨ੍ਹਾਂ ਹਿੰਦੂਆਂ ਵਿਚ ਇਹ ਰਿਵਾਜ਼ ਬਣ ਗਿਆ ਕਿ ਮੋਨੇ ਲੜਕਿਆਂ ਵਿਚੋਂ ਇਕ ਨੂੰ ਕੇਸਧਾਰੀ ਸਿੰਘ ਸਜਾਇਆ ਜਾਂਦਾ। ਇਹ ਅੱਧਾ ਸਿੱਖ ਤੇ ਅੱਧਾ ਹਿੰਦੂ ਭਾਈਚਾਰਾ ਖੱਤਰੀ, ਅਰੋੜੇ ਅਤੇ ਬਾਣੀਆਂ ਜਾਤਾਂ ਵਿਚੋਂ ਸੀ। ਉਹ ਧਰਮ ਨੂੰ ਅੱਖੋਂ ਪਰੋਖੇ ਕਰਕੇ ਆਪੋ-ਆਪਣੀ ਜ਼ਾਤ ਬਰਾਦਰੀਆਂ ਵਿਚ ਹੀ ਵਿਆਹ ਕਰ ਦਿੰਦੇ ਸਨ।[18]

ਇਸ ਪ੍ਰਕਾਰ ਦੇ ਸਿੱਖ ਭਾਈਚਾਰੇ ਦਾ ਮੋਢੀ ਪਿਸ਼ਾਵਰ ਦਾ ਇਕ ਸ਼ਾਹੂਕਾਰ ਦਿਆਲ ਦਾਸ ਸੀ ਜਿਸਦਾ 1885 ਵਿਚ ਅਕਾਲ ਚਲਾਣਾ ਹੋਇਆ। ਉਸਨੇ ਮੂਰਤੀ ਪੂਜਾ ਅਤੇ ਭੇਖੀ ਧਾਰਮਿਕ ਪੁਰਖਾਂ ਨੂੰ ਮੱਥਾ ਟੇਕਣ ਦਾ ਵਿਰੋਧ ਕੀਤਾ ਅਤੇ ਤੀਰਥ ਯਾਤਰਾਵਾਂ ਉੱਤੇ ਜਾਣ ਅਤੇ ਬ੍ਰਾਹਮਣੀ ਰਸਮਾਂ-ਰਿਵਾਜ਼ਾਂ ਨੂੰ ਤਿਆਗਣ ਉੱਤੇ ਬਲ ਦਿੱਤਾ। ਬਾਬਾ ਦਿਆਲ ਦਾਸ ਦੇ ਪ੍ਰਚਾਰ ਦੀ ਮੁੱਖ ਧਾਰਨਾ ਇਹ ਸੀ ਕਿ ਪਰਮਾਤਮਾ ਆਕਾਰ ਰਹਿਤ ਅਥਵਾ 'ਨਿਰੰਕਾਰ' ਹੈ, ਇਸ ਲਈ ਮੂਰਤੀਆਂ ਅਤੇ ਸਾਧਾਂ ਸੰਤਾਂ ਦੀ ਪੂਜਾ ਕਰਨੀ ਵਿਅਰਥ ਹੈ। ਸਿੱਟੇ ਵਜੋਂ ਉਸਨੇ ਆਪਣੇ ਆਪ ਨੂੰ 'ਨਿਰੰਕਾਰੀ' ਕਹਿਣਾ ਸ਼ੁਰੂ ਕੀਤਾ, ਜਿਸ ਪ੍ਰਥਾਇ ਉਸਨੇ ਨਿਮਨ ਲਿਖਤ ਵਾਕਾਂਸ਼ ਸਿਰਜਿਆ:

ਧੰਨ ਨਿਰੰਕਾਰ

ਦੇਹਧਾਰੀ ਸਭ ਖ਼ਵਾਰ।

ਦਿਆਲ ਦਾਸ ਛੇਤੀ ਹੀ ਗੁਰੂ ਦਾ ਰੁਤਬਾ ਪ੍ਰਾਪਤ ਕਰ ਗਿਆ ਅਤੇ ਉਸਨੇ ਬੇ-ਸ਼ੁਮਾਰ ਸ਼ਰਧਾਲੂ ਇਕੱਠੇ ਕਰ ਲਏ ਜੋ ਆਪਣੇ ਆਪ ਨੂੰ ਨਿਰੰਕਾਰੀ ਕਹਾਉਂਦੇ ਸਨ। ਨਿਰੰਕਾਰੀਆਂ ਦਾ ਸਭ ਤੋਂ ਪਹਿਲਾਂ ਟਕਰਾਓ ਬ੍ਰਾਹਮਣਾਂ ਨਾਲ ਹੋਇਆ, ਜਿਸ ਤੋਂ ਪਿਛੋਂ ਦਿਆਲ ਦਾਸ ਪਿਸ਼ਾਵਰ ਤੋਂ ਰਾਵਲ ਪਿੰਡੀ ਆ ਗਿਆ। ਦੂਜਾ ਟਕਰਾਉ ਉਨ੍ਹਾਂ ਦਾ ਸੋਢੀ ਬੰਸੀਆਂ ਨਾਲ ਹੋਇਆ ਜਿਨ੍ਹਾਂ ਦੀ ਰਾਵਲ ਪਿੰਡੀ ਜ਼ਿਲੇ ਵਿਚ ਬੜੀ ਮਾਨਤਾ ਸੀ। ਨਿਰੰਕਾਰੀਆਂ ਨੇ ਮੰਦਰਾਂ ਅਤੇ ਗੁਰਦੁਆਰਿਆਂ ਤੋਂ ਵੱਖਰੇ ਆਪਣੇ ਪੂਜਾ ਸਥਾਨ ਉਸਾਰੇ। ਉਨ੍ਹਾਂ ਦਾ ਸਭ ਤੋਂ ਵੱਡਾ ਡੇਰਾ ਰਾਵਲ ਪਿੰਡੀ ਤੋਂ ਚਾਰ ਮੀਲ ਹਟਵਾਂ 'ਲਾਈ' ਨਦੀ ਦੇ ਕਿਨਾਰੇ ਬਟਵਾਰੇ ਤੋਂ ਪਹਿਲਾਂ ਤੱਕ ਨਿਰੰਕਾਰੀਆਂ ਦਾ ਹੈੱਡ ਕੁਆਟਰ ਰਿਹਾ।

ਦਿਆਲ ਦਾਸ ਤੋਂ ਮਗਰੋਂ ਦਰਬਾਰਾ ਸਿੰਘ, ਰਤਨ ਚੰਦ, ਗੁਰਦਿੱਤ ਸਿੰਘ, ਹਰਾ ਸਿੰਘ, ਗੁਰਬਚਨ ਸਿੰਘ, ਹਰਜੀਤ ਸਿੰਘ ਨਿਰੰਕਾਰੀ ਮੁਖੀ ਬਣੇ। ਪੰਜਾਬ ਵਿਚ ਨਿਰੰਕਾਰੀਆਂ ਦਾ ਹੈੱਡ ਕੁਆਟਰ ਚੰਡੀਗੜ੍ਹ ਵਿਖੇ ਹੈ। ਸਿੱਖੀ ਦੀ ਮੁੱਖ ਧਾਰਾ ਨਿਰੰਕਾਰੀਆਂ ਦੇ ਵਿਰੁੱਧ ਹੈ ਕਿਉਂਕਿ ਨਿਰੰਕਾਰੀ ਸਿੱਖੀ ਦੇ ਵਿਰੁੱਧ ਦੇਹਧਾਰੀ ਗੁਰੂ ਦੀ ਉਪਾਸਨਾ ਕਰਦੇ ਹਨ।[19]

**ਰਾਧਾ ਸੁਆਮੀ ਸਤਿਸੰਗ ਬਿਆਸ:** ਰਾਧਾ ਸੁਆਮੀ ਸੰਪ੍ਰਦਾ ਦੇ ਮੋਢੀ ਆਗਰੇ ਦੇ ਇਕ ਹਿੰਦੂ ਸ਼ਾਹੂਕਾਰ ਸ਼ਿਵ ਦਿਆਲ (1818-1878) ਸਨ, ਜੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਤੋਂ ਬਹੁਤ ਪ੍ਰਭਾਵਿਤ ਸਨ। ਉਨ੍ਹਾਂ ਨੇ ਗੁਰਮਤਿ ਅਤੇ ਹਿੰਦੂ ਮੱਤ ਦੇ ਸਿਧਾਂਤਾਂ ਦੇ ਸੁਮੇਲ ਵਿਚ ਇਸ ਸਿਧਾਂਤ ਦਾ ਨਿਰਮਾਣ ਕੀਤਾ ਕਿ ਜੀਵ ਅਤੇ ਪਰਮਾਤਮਾ ਵਿਚਕਾਰ ਉਹੀ ਸੰਬੰਧ ਹੈ ਜੋ ਰਾਧਾ (ਆਤਮਾ) ਅਤੇ ਸੁਆਮੀ (ਮਾਲਕ ਅਥਵਾ ਕ੍ਰਿਸ਼ਨ) ਵਿਚਕਾਰ ਹੈ। ਇਸ ਲਈ ਉਨ੍ਹਾਂ ਨੇ ਆਪਣੇ ਆਪ ਨੂੰ 'ਰਾਧਾ ਸੁਆਮੀ' ਦਾ ਉਪਾਸ਼ਕ ਕਹਿਣਾ ਸ਼ੁਰੂ ਕੀਤਾ। ਉਨ੍ਹਾਂ ਦੇ ਸ਼ਰਧਾਲੂਆਂ ਵਿਚ ਹਿੰਦੂ ਅਤੇ ਸਿੱਖ ਦੋਨੋਂ ਹੀ ਸ਼ਾਮਿਲ ਹਨ। ਸ਼ਿਵ ਦਿਆਲ ਰਾਧਾ-ਸੁਆਮੀਆਂ ਦੇ ਪਹਿਲੇ ਗੁਰੂ ਬਣੇ। ਉਨ੍ਹਾਂ ਦੇ ਚਲਾਣੇ ਮਗਰੋਂ ਇਹ ਸੰਪ੍ਰਦਾ ਦੋ ਭਾਗਾਂ ਵਿਚ ਵੰਡੀ ਗਈ। ਮੁੱਖ ਸ਼ਾਖ ਜਾਂ

ਹੈੱਡ ਕੁਆਟਰ ਆਗਰੇ ਵਿਖੇ ਰਿਹਾ ਜਦ ਕਿ ਦੂਜੀ ਸ਼ਾਖ ਬਿਆਸ ਨਦੀ ਦੇ ਕੰਢੇ ਜ਼ਿਲ੍ਹਾ ਗੁਰਦਾਸਪੁਰ ਦੇ, ਪਿੰਡ ਘੁਮਾਣ ਦੇ ਅੰਗਰੇਜ਼ ਫੌਜ ਵਿਚ, ਸਿਪਾਹੀ ਜੈਮਲ ਸਿੰਘ (1839-1913) ਨੇ ਚਾਲੂ ਕੀਤੀ ਅਤੇ ਇਸ ਡੇਰੇ ਦਾ ਨਾਂ ਡੇਰਾ ਬਾਬਾ ਜੈਮਲ ਸਿੰਘ ਹੈ। ਬਿਆਸ ਵਾਲੇ ਰਾਧਾ ਸੁਆਮੀ ਆਗਰੇ ਨਾਲੋਂ ਵੱਖ ਹੋ ਗਏ ਅਤੇ ਬਾਬਾ ਜੈਮਲ ਸਿੰਘ ਤੋਂ ਮਗਰੋਂ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਮਹਿਮਾ ਸਿੰਘ ਵਾਲਾ ਦੇ ਸਾਵਣ ਸਿੰਘ ਗਰੇਵਾਲ, ਬਿਆਸ ਡੇਰੇ ਦੇ ਮੁਖੀ ਬਣ ਗਏ। ਉਹ ਕਿੱਤੇ ਵਜੋਂ ਇੰਜੀਨੀਅਰ ਸਨ। ਸਵੈ ਨੂੰ ਗੁਰੂ ਅਖਵਾਉਣ ਵਾਲੇ ਬਾਬਾ ਸਾਵਣ ਸਿੰਘ ਜੱਟ ਸਨ। ਰਾਮਗੜ੍ਹੀਆਂ ਵਿਚੋਂ ਆਪਣੇ ਆਪ ਨੂੰ ਗੁਰੂ ਕਹਾਉਣ ਵਾਲੇ ਨਾਮਧਾਰੀ ਬਾਬਾ ਰਾਮ ਸਿੰਘ ਮੂਲ ਰੂਪ ਵਿਚ ਪਿੰਡ ਲਲਤੋਂ ਕਲਾਂ ਵਿਚੋਂ ਮਠਾੜੂ ਗੋਤ ਦੇ ਸਨ ਜਿਨ੍ਹਾਂ ਦਾ ਪਿਤਾ ਬਾਬਾ ਜੱਸਾ ਸਿੰਘ ਭੈਣੀ ਰਾਈਆਂ ਵਿਖੇ ਜਾ ਵਸਿਆ ਸੀ। ਬਾਬਾ ਰਾਮ ਸਿੰਘ ਨੂੰ ਸਭ ਜ਼ਾਤਾਂ ਦੇ ਨਾਮਧਾਰੀ-ਸਤਿਗੁਰੂ ਅਥਵਾ 'ਸੱਚਾ ਪਾਤਸ਼ਾਹ' ਕਹਿੰਦੇ ਹਨ। ਸਿੱਖਾਂ ਤੋਂ ਇਲਾਵਾ ਰਾਧਾ ਸੁਆਮੀਆਂ ਵਿਚ ਹਿੰਦੂ, ਮੁਸਲਿਮ ਅਤੇ ਈਸਾਈ ਵੀ ਬਾਬਾ ਸਾਵਣ ਸਿੰਘ ਦੇ ਗੁਰਿਆਈ ਕਾਲ ਵਿਚ ਸ਼ਾਮਿਲ ਹੋਏ। ਬਾਬਾ ਸਾਵਣ ਸਿੰਘ ਨੇ 1948 ਵਿਚ ਅਕਾਲ ਚਲਾਣਾ ਕੀਤਾ ਜਿਨ੍ਹਾਂ ਤੋਂ ਮਗਰੋਂ ਜਗਤ ਸਿੰਘ, ਖੇਤੀਬਾੜੀ ਦੇ ਸੇਵਾ ਮੁਕਤ ਪ੍ਰੋਫੈਸਰ (ਮ੍ਰਿਤੂ 1951) ਤਿੰਨ ਸਾਲ ਰਾਧਾ-ਸੁਆਮੀ ਡੇਰੇ ਦੇ ਮੁਖੀ ਰਹੇ। ਇਨ੍ਹਾਂ ਤੋਂ ਮਗਰੋਂ ਬਾਬਾ ਸਾਵਣ ਸਿੰਘ ਦਾ ਪੋਤਾ ਬਾਬਾ ਚਰਨ ਸਿੰਘ ਬਿਆਸ ਗੱਦੀ ਦਾ ਵਾਰਿਸ ਬਣਿਆ। ਰਾਧਾ ਸੁਆਮੀਆਂ ਦੀ ਗਿਣਤੀ ਦਸ ਲੱਖ ਤੋਂ ਉੱਪਰ ਦੱਸੀ ਜਾਂਦੀ ਹੈ ਜਿਨ੍ਹਾਂ ਵਿਚ ਵੱਖ-ਵੱਖ ਕੌਮਾਂ ਤੇ ਕਬੀਲਿਆਂ ਦੇ ਨਰ-ਨਾਰੀ ਸ਼ਾਮਿਲ ਹਨ।[20]

ਰਾਧਾ ਸੁਆਮੀਆਂ ਦੇ ਸਿੱਖੀ ਦੀ ਮੁੱਖ ਧਾਰਾ ਨਾਲ ਕੁਝ ਬੁਨਿਆਦੀ ਭੇਦ ਹਨ। ਰਾਧਾ ਸੁਆਮੀ ਦੇਹਧਾਰੀ ਗੁਰੂਆਂ ਵਿਚ ਵਿਸ਼ਵਾਸ ਰਖਦੇ ਹਨ ਜੋ ਆਪਣੇ ਸੇਵਕਾਂ ਨੂੰ ਆਪਣੀ ਸਿੱਖਿਆ ਦਿੰਦੇ ਹਨ। ਉਹ ਖੰਡੇ ਦੀ ਪਾਹੁਲ ਵਿਚ ਵਿਸ਼ਵਾਸ ਨਹੀਂ ਰਖਦੇ ਅਤੇ ਉਹ ਇਕ ਦੂਜੇ ਨੂੰ ਮਿਲਣ ਸਮੇਂ 'ਸਤਿ ਸ੍ਰੀ ਅਕਾਲ' ਦੀ ਥਾਂ 'ਰਾਧਾ ਸੁਆਮੀ' ਕਹਿ ਕੇ ਸੰਬੋਧਨ ਕਰਦੇ ਹਨ। ਉੱਚੇ ਥੜ੍ਹੇ ਉਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਕਰਦੇ ਬਲਕਿ ਉੱਚੇ ਥੜ੍ਹੇ ਉੱਤੇ ਬੈਠ ਕੇ

ਪ੍ਰਵਚਨ ਕਰਦੇ ਹਨ। ਇਨ੍ਹਾਂ ਦਾ ਗੁਰਬਾਣੀ ਕੀਰਤਨ ਵਿਚ ਕੋਈ ਵਿਸ਼ਵਾਸ ਨਹੀਂ ਹੈ, ਪਰ ਉਹ ਆਪਣੀਆਂ ਬਹੁਤੀਆਂ ਸਿੱਖਿਆਵਾਂ ਗੁਰਬਾਣੀ ਵਿਚੋਂ ਹੀ ਗ੍ਰਹਿਣ ਕਰਦੇ ਹਨ। ਖ਼ੁਸ਼ਵੰਤ ਸਿੰਘ ਇਨ੍ਹਾਂ ਰਾਧਾ ਸੁਆਮੀਆਂ ਨੂੰ 'ਸਿੱਖਾਂ ਦਾ ਇਕ ਉਪ ਸਮਾਜ' ਕਹਿੰਦਾ ਹੈ। ਬਹੁਤੇ ਰਾਧਾ ਸੁਆਮੀ ਹਿੰਦੂ ਮੂਲ ਦੇ ਸਿੱਖਾਂ ਅਤੇ ਸਿੱਖ ਮੂਲ ਦੇ ਹਿੰਦੂਆਂ ਵਿਚੋਂ ਆਏ ਹਨ।[21]

**ਬ੍ਰਹਮੋ ਸਮਾਜ:** ਬ੍ਰਹਮੋ ਸਮਾਜ ਦਾ ਆਰੰਭ ਬੰਗਾਲੀ ਹਿੰਦੂਆਂ ਦੇ ਸਮਾਜ ਵਿਚ ਪਾਈਆਂ ਜਾਣ ਵਾਲੀਆਂ ਕੁਰੀਤੀਆਂ ਅਤੇ ਅੰਧ ਵਿਸ਼ਵਾਸ ਨੂੰ ਦੂਰ ਕਰਨ ਲਈ ਹੋਇਆ ਸੀ। ਇਸ ਦਾ ਮੁੱਢ ਰਾਜਾ ਰਾਮ ਮੋਹਨ ਰਾਇ (1772-1833) ਨੇ 1828 ਈ. ਵਿਚ ਬੰਗਾਲ ਵਿਚ ਬੰਨ੍ਹਿਆ। ਉਹਨਾਂ ਦਾ ਜਨਮ 22 ਮਈ, 1772 ਨੂੰ ਹੁਗਲੀ ਜ਼ਿਲ੍ਹੇ ਦੇ ਪਿੰਡ ਰਾਧਾ ਨਗਰ ਵਿਚ ਹੋਇਆ। ਆਪ ਫ਼ਾਰਸੀ, ਅਰਬੀ, ਸੰਸਕ੍ਰਿਤ ਅਤੇ ਅੰਗਰੇਜ਼ੀ ਦੇ ਚੰਗੇ ਵਿਦਵਾਨ ਸਨ। ਆਪ ਦੇ ਪਿਤਾ ਰਮਾਕਾਂਤ, ਕੱਟੜ ਬ੍ਰਾਹਮਣ ਅਤੇ ਮੂਰਤੀ ਪੂਜਾ ਕਰਨ ਵਾਲੇ ਸਨ। ਰਾਜਾ ਰਾਮ ਮੋਹਨ ਰਾਇ ਬਚਪਨ ਤੋਂ ਹੀ ਮੂਰਤੀ ਪੂਜਾ ਦੇ ਵਿਰੁੱਧ ਹੋ ਗਏ ਅਤੇ ਆਪ ਨੇ ਵਹਿਮਾਂ-ਭਰਮਾਂ ਦਾ ਖੰਡਨ ਕਰਨ ਲਈ ਕੁਝ ਉਪਨਿਸ਼ਦਾਂ ਦਾ ਬੰਗਾਲੀ ਭਾਸ਼ਾ ਵਿਚ ਅਨੁਵਾਦ ਕੀਤਾ। ਬ੍ਰਹਮੋ ਸਮਾਜ ਨੇ ਸਤੀ ਦੀ ਰਸਮ ਵਿਰੁੱਧ ਕਾਨੂੰਨ ਪਾਸ ਕਰਵਾਇਆ। ਆਪ ਦਾ ਦਿਹਾਂਤ 27 ਸਤੰਬਰ 1833 ਨੂੰ ਇੰਗਲੈਂਡ ਵਿਚ ਹੋਇਆ। ਬ੍ਰਹਮੋ ਸਮਾਜ ਸੰਪਰਦਾਇ ਦਾ ਜਨਮ ਭਾਵੇਂ ਬੰਗਾਲ ਵਿਚ ਹੋਇਆ, ਪਰੰਤੂ ਪਿੱਛੋਂ ਇਹ ਸਾਰੇ ਭਾਰਤ ਵਿਚ ਹੀ ਫੈਲ ਗਈ।

ਲਾਹੌਰ ਵਿਚ ਇਸਦੀ ਸਥਾਪਨਾ 1864 ਵਿਚ ਹੋਈ ਪਰ ਪੰਜਾਬ ਵਿਚ ਆਰੀਆ ਸਮਾਜ ਦੀ ਸਥਾਪਨਾ ਨਾਲ ਬ੍ਰਹਮੋ ਸਮਾਜ ਦਾ ਬਹੁਤਾ ਪ੍ਰਚਾਰ ਨਾ ਹੋ ਸਕਿਆ। ਬ੍ਰਹਮੋ ਸਮਾਜ ਨੇ ਦੇਸ਼ ਵਿਚ ਉਚੇਰੀ ਇਸਤਰੀ ਵਿੱਦਿਆ ਦਾ ਪ੍ਰਚਾਰ ਕੀਤਾ।[22]

**ਦੇਵ ਸਮਾਜ ਲਹਿਰ:** ਪੰਜਾਬ ਦੇ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਨੇ ਪੰਜਾਬ ਵਿਚ ਚੱਲੀਆਂ ਸਿੰਘ ਸਭਾ ਲਹਿਰ ਦੀਆਂ ਸਮਕਾਲੀ ਲਹਿਰਾਂ ਬਾਰੇ ਬੜੀ ਅਰਥ ਭਰਪੂਰ ਜਾਣਕਾਰੀ 'The Singh Sabha and the other socio-religious movement in the Punjab' (1850-1925) ਵਿਚ ਦਿੱਤੀ ਹੈ। ਪੰਜਾਬ ਵਿਚ ਸਮਾਜ ਕਲਿਆਣ ਦੀ ਇਕ ਹੋਰ

ਲਹਿਰ 'ਵੇਦ ਸਮਾਜ' ਦੇ ਨਾਂ ਨਾਲ ਲਾਹੌਰ ਵਿਖੇ ਪੰਡਤ ਸ਼ਿਵ ਨਰਾਇਣ ਅਗਨੀਹੋਤਰੀ ਨੇ ਸ਼ੁਰੂ ਕੀਤੀ ਜੋ ਆਪਣੇ ਸੇਵਕਾਂ ਵਿਚ 'ਭਗਵਾਨ ਦੇਵ ਆਤਮਾ' ਦੇ ਨਾਂ ਨਾਲ ਪ੍ਰਸਿੱਧ ਹੋਈ। ਉਨ੍ਹਾਂ ਦਾ ਜਨਮ ਉੱਤਰ ਪ੍ਰਦੇਸ਼ ਵਿਚ ਜ਼ਿਲ੍ਹਾ ਕਾਨ੍ਹਪੁਰ ਦੇ ਇਕ ਪਿੰਡ ਅਕਬਰਪੁਰ ਵਿਖੇ 20 ਦਸੰਬਰ, 1850 ਨੂੰ ਪੰਡਤ ਰਾਮੇਸ਼ਵਰ ਅਗਨੀ ਹੋਤਰੀ ਅਤੇ ਮਾਤਾ ਮੋਹਨ ਕੰਵਰ ਦੇ ਘਰ ਹੋਇਆ। ਉੱਘੇ ਦੇਵ ਸਮਾਜੀ ਵਿੱਦਿਆ ਵੇਤਾ ਅਤੇ ਲੇਖਕ ਸਿੰਧੀ ਮੂਲ ਦੇ ਪ੍ਰੋ. ਐਸ. ਪੀ. ਕਨਲ ਨੇ ਆਪਣੇ ਨਿਬੰਧ ਵਿਚ ਭਗਵਾਨ ਦੇਵ ਆਤਮਾ ਦੇ ਵਡੇਰਿਆਂ ਦੀਆਂ ਧਾਰਮਿਕ ਪ੍ਰਵਿਰਤੀਆਂ ਬਾਰੇ ਸੰਕੇਤਕ ਰੂਪ ਵਿਚ ਲਿਖਿਆ ਹੈ। ਭਗਵਾਨ ਦੇਵ ਆਤਮਾ ਦੇ ਜੀਵਨ ਦੀਆਂ ਸਾਖੀਆਂ ਦੇਵ ਸਮਾਜੀਆਂ ਦੇ ਜੀਵਨ ਦਾ ਪਥ ਪਰਦਰਸ਼ਨ ਕਰਦੀਆਂ ਹਨ। ਭਗਵਾਨ ਦੇਵ ਆਤਮਾ ਤੇਈ ਸਾਲ ਦੀ ਉਮਰ ਵਿਚ 1873 ਵਿਚ ਲਾਹੌਰ ਆ ਗਏ, ਜਿਥੇ ਉਨ੍ਹਾਂ ਦਾ ਇਕ ਬ੍ਰਹਮੋ ਸਮਾਜੀ ਨਵੀਨ ਚੰਦਰ ਰਾਇ ਨਾਲ ਮੇਲ ਹੋਇਆ ਅਤੇ ਉਨ੍ਹਾਂ ਨੇ ਆਪਣੇ ਭਾਸ਼ਣਾਂ ਰਾਹੀਂ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ। 1920 ਤੱਕ ਦੇਵ ਸਮਾਜ ਨੇ ਪੰਜਾਬ ਵਿਚ 27 ਸਕੂਲ ਅਤੇ ਕਾਲਜ ਸਥਾਪਿਤ ਕਰ ਲਏ ਸਨ। ਦੇਵ ਸਮਾਜ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਨਹੀਂ ਰੱਖਦਾ ਅਤੇ ਆਪਣੀ ਵਿਚਾਰਧਾਰਾ ਨੂੰ ਵਿਗਿਆਨਕ ਦੱਸਦਾ ਹੈ। 1920 ਵਿਚ ਦੇਵ ਸਮਾਜ ਦੀ ਕੀਰਤੀ ਨੇ ਆਪਣਾ ਸਿਖਰ ਛੋਹ ਲਿਆ। ਅੱਜ ਕੱਲ੍ਹ ਦੇਵ ਸਮਾਜ ਦੇ ਫਿਰੋਜ਼ਪੁਰ, ਅੰਬਾਲਾ ਤੇ ਚੰਡੀਗੜ੍ਹ ਵਿਖੇ ਕਾਲਜ ਅਤੇ ਮੋਗੇ ਵਿਖੇ ਸਕੂਲ ਚਲਦੇ ਹਨ। ਮੋਗੇ ਵਿਖੇ ਦੇਵ ਸਮਾਜ ਦਾ ਹੈੱਡ ਕੁਆਟਰ ਹੈ। ਸਿੱਖੀ ਦੇ ਜ਼ੋਰ ਫੜਨ ਨਾਲ ਦੇਵ ਸਮਾਜ ਦੀ ਪ੍ਰਗਤੀ ਨੂੰ ਧੱਕਾ ਲੱਗਾ।[23]

**ਆਰੀਆ ਸਮਾਜ ਲਹਿਰ:** ਪੰਜਾਬ ਵਿਚ 1849 ਵਿਚ ਅੰਗਰੇਜ਼ੀ ਰਾਜ ਦੀ ਸਥਾਪਨਾ ਮਗਰੋਂ ਹਰ ਪੱਖੋਂ ਬੜੀ ਉੱਨਤੀ ਹੋਈ। ਪੱਛਮੀ ਵਿੱਦਿਆ ਦੇ ਪ੍ਰਚਾਰ ਨਾਲ ਲੋਕਾਂ ਦੇ ਦ੍ਰਿਸ਼ਟੀਕੋਣ ਵਿਚ ਬੜਾ ਭਾਰੀ ਪਰਿਵਰਤਨ ਆਇਆ। ਉਨ੍ਹਾਂ ਨੇ ਪੱਛਮੀ ਸਭਿਅਤਾ ਨੂੰ ਪ੍ਰਵਾਨ ਕਰ ਲਿਆ। ਸੁਦਰਸ਼ਨ ਸਿੰਘ ਅਨੁਸਾਰ 19ਵੀਂ ਸਦੀ ਦੇ ਮੱਧ ਵਿਚ ਹਿੰਦੂ ਧਰਮ ਦੀ ਹਾਲਤ ਬੜੀ ਤਰਸਯੋਗ ਹੋ ਚੁੱਕੀ ਸੀ। ਇਹ ਧਰਮ ਪੁਰਾਣੀਆਂ ਰਸਮਾਂ ਅਤੇ ਕਰਮ-ਕਾਂਡਾਂ ਹੇਠ ਦਬਿਆ ਹੋਇਆ ਸੀ।

ਇਕ ਪਾਸੇ ਈਸਾਈ ਮਿਸ਼ਨਰੀਆਂ ਵੱਲੋਂ ਆਪਣੇ ਮੱਤ ਦਾ ਪ੍ਰਚਾਰ ਜ਼ੋਰਾਂ ਤੇ ਸੀ ਅਤੇ ਦੂਜੇ ਪਾਸੇ ਇਸਲਾਮ ਵੱਲੋਂ ਧੱਕੇ ਨਾਲ ਮੁਸਲਮਾਨ ਬਣਾਉਣ ਦੇ ਯਤਨ ਕੀਤੇ ਜਾ ਰਹੇ ਸਨ। ਇਸ ਸਥਿਤੀ ਦੀ ਵੰਗਾਰ ਨੇ ਕਈ ਨਵੀਆਂ ਲਹਿਰਾਂ ਨੂੰ ਜਨਮ ਦਿੱਤਾ ਜਿਨ੍ਹਾਂ ਵਿਚ ਇਕ ਆਰੀਆ ਸਮਾਜ ਸੀ।[24] ਜੋ ਪੱਛਮੀ ਭਾਰਤ ਦਾ ਇਕ ਅਤਿ ਮਹੱਤਵਪੂਰਨ ਅੰਦੋਲਨ ਸੀ। ਆਰੀਆ ਸਮਾਜ ਦੀਆਂ ਧਾਰਮਿਕ, ਸਾਮਾਜਿਕ ਤੇ ਸਿੱਖਿਆ ਦੇ ਖੇਤਰ ਵਿਚ ਬਹੁਤ ਪ੍ਰਾਪਤੀਆਂ ਸਨ। ਇਸਦੇ ਮੋਢੀ ਸੁਆਮੀ ਦਯਾ ਨੰਦ 19ਵੀਂ ਸਦੀ ਦੇ ਧਾਰਮਿਕ ਸੁਧਾਰਕਾਂ ਵਿਚੋਂ ਸ਼੍ਰੋਮਣੀ ਸਨ। ਹਿੰਦੂ ਧਰਮ ਤੇ ਹਿੰਦੂ ਸਮਾਜ ਦੀਆਂ ਬੁਰਾਈਆਂ ਨੂੰ ਦੂਰ ਕਰਨ ਵਿਚ ਆਪ ਨੇ ਕ੍ਰਾਂਤੀਕਾਰੀ ਭੂਮਿਕਾ ਨਿਭਾਈ। ਆਪਦਾ ਜਨਮ 1824 ਈ. ਨੂੰ ਗੁਜਰਾਤ ਕਾਠੀਆਵਾੜ ਵਿਚ ਮੋਰਵੀ ਨਾਂ ਦੇ ਸਥਾਨ ਤੇ ਹੋਇਆ। ਉਨ੍ਹਾਂ ਦੇ ਪਿਤਾ ਸ਼ਿਵ ਭਗਤ ਸਨ। ਪਿਤਾ ਦੀ ਪ੍ਰੇਰਣਾ ਨਾਲ ਦਯਾ ਨੰਦ, ਜਿਨ੍ਹਾਂ ਦਾ ਮੂਲ ਨਾਮ ਸ਼ੰਕਰ ਸੀ ਸੱਚ ਦੀ ਤਲਾਸ਼ ਵਿਚ ਪੰਦਰਾਂ ਸਾਲ ਘੁੰਮਦੇ ਰਹੇ। ਆਪ ਨੇ ਨੇਤਰਹੀਣ ਵਿਰਜਾ ਨੰਦ ਦੀ ਸਹਾਇਤਾ ਨਾਲ ਵੇਦ ਦੇ ਪ੍ਰਚਾਰ ਦੀ ਲਹਿਰ ਚਲਾਈ ਅਤੇ ਹਿੰਦੂ ਧਰਮ ਤੇ ਸਮਾਜ ਵਿਚ ਸੁਧਾਰ ਲਿਆਉਣ ਦਾ ਬੀੜਾ ਚੁੱਕਿਆ। ਆਪ ਨੇ ਹਰਿਦੁਆਰ, ਬਨਾਰਸ ਅਤੇ ਇਲਾਹਾਬਾਦ ਵਰਗੇ ਭਾਰਤ ਦੇ ਵੱਡੇ ਸ਼ਹਿਰਾਂ ਦੀ ਯਾਤਰਾ ਕੀਤੀ ਅਤੇ ਕੁਝ ਉੱਘੇ ਬ੍ਰਾਹਮਣ ਆਗੂਆਂ ਨਾਲ ਮਿਲ ਕੇ 1875 ਵਿਚ ਬੰਬਈ ਵਿਖੇ ਆਰੀਆ ਸਮਾਜ ਦੀ ਨੀਂਹ ਰੱਖੀ। 1877 ਵਿਚ ਜਦੋਂ ਮਲਕਾ ਵਿਕਟੋਰੀਆ ਹਿੰਦੁਸਤਾਨ ਦੀ ਮਲਕਾ ਬਣੀ ਤਾਂ ਦਯਾ ਨੰਦ ਦਿੱਲੀ ਵਿਖੇ ਲਾਹੌਰ ਤੋਂ ਆਏ ਕੁਝ ਹਿੰਦੂ ਆਗੂਆਂ ਨੂੰ ਮਿਲੇ, ਜਿਨ੍ਹਾਂ ਨੇ ਸਵਾਮੀ ਜੀ ਨੂੰ ਲਾਹੌਰ ਆਉਣ ਦਾ ਸੱਦਾ ਦਿੱਤਾ।

ਲਾਹੌਰ ਵਿਖੇ ਸਵਾਮੀ ਦਯਾ ਨੰਦ ਨੂੰ ਕਾਫ਼ੀ ਸਫ਼ਲਤਾ ਪ੍ਰਾਪਤ ਹੋਈ ਅਤੇ ਉਨ੍ਹਾਂ ਨੇ 1877 ਈ. ਵਿਚ ਲਾਹੌਰ ਵਿਖੇ 'ਆਰੀਆ ਸਮਾਜ' ਪੰਜਾਬ ਦੀ ਨੀਂਹ ਰੱਖੀ। ਇਉਂ ਲਾਹੌਰ ਆਰੀਆ ਸਮਾਜ ਦਾ ਸਭ ਤੋਂ ਵੱਡਾ ਗੜ੍ਹ ਬਣ ਗਿਆ, ਜਿੱਥੇ ਉਨ੍ਹਾਂ ਦੀ ਤਕਰਾਰ ਸਿੰਘ ਸਭਾ ਲਹਿਰ ਦੇ ਵਿਦਵਾਨਾਂ – ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਨਾਲ ਹੁੰਦੀ ਰਹੀ। ਆਰੀਆ ਸਮਾਜ ਨੇ ਲਾਹੌਰ ਵਿਚ ਥੋੜ੍ਹੇ ਸਮੇਂ ਵਿਚ ਬੜੀ ਤਰੱਕੀ ਕੀਤੀ। ਸਵਾਮੀ ਦਯਾ ਨੰਦ ਦੇ

ਅਕਾਲ ਚਲਾਣੇ (1928) ਤਕ ਪੰਜਾਬ ਵਿਚ ਆਰੀਆ ਸਮਾਜ ਦੀਆਂ ਲਗਭਗ 500 ਸ਼ਾਖਾਵਾਂ ਸਥਾਪਿਤ ਹੋ ਚੁੱਕੀਆਂ ਸਨ ਅਤੇ ਇਹ ਗਿਣਤੀ ਭਾਰਤ ਦੇ ਸਾਰੇ ਭਾਗਾਂ ਨਾਲੋਂ ਵੱਧ ਸੀ।[25]

**ਕਾਦਿਆਨੀ ਅਹਿਮਦੀਆ ਲਹਿਰ:** ਅਹਿਮਦੀਆ ਲਹਿਰ ਭਾਰਤੀ ਇਸਲਾਮ ਵਿਚ ਇੰਨੀ ਮਹੱਤਵਪੂਰਨ ਲਹਿਰ ਨਹੀਂ। ਇਹ ਆਪਣੇ ਵਿਸ਼ਾਲ ਅਤੇ ਸਮਰਥ ਮਿਸ਼ਨਰੀ ਕਾਲਜਾਂ ਕਰਕੇ ਪੱਛਮ ਵਿਚ ਪ੍ਰਸਿੱਧ ਹੋਈ ਹੈ। ਇਹ ਲਹਿਰ ਉਨ੍ਹੀਵੀਂ ਸਦੀ ਦੇ ਅਖੀਰ ਵਿਚ ਉੱਠੀ ਜਦੋਂ ਪੁਰਾਣੇ ਮੁਸਲਿਮ ਕਲਚਰ ਅਤੇ ਸਮਾਜ ਦਾ ਪਤਨ ਹੋ ਰਿਹਾ ਸੀ ਅਤੇ ਨਵਾਂ ਸਮਾਜ ਜਨਮ ਲੈ ਰਿਹਾ ਸੀ। ਇਕ ਨਵਾਂ ਅਲੀਗੜ੍ਹ ਮੁਸਲਿਮ ਸਮਾਜ ਹਿੰਦੁਸਤਾਨ ਵਿਚ ਉਸਰ ਰਿਹਾ ਸੀ, ਜਿਸਦਾ ਮੋਢੀ ਸਰ ਸੱਯਦ ਅਹਿਮਦ ਖਾਂ ਸੀ ਉਸਨੇ ਮੁਸਲਿਮ ਸਮਾਜ ਦੀ ਬਿਹਤਰੀ ਲਈ ਕੱਟੜਵਾਦ ਵਿਰੁੱਧ ਨਵੀਂ ਵਿਚਾਰਧਾਰਾ ਦਾ ਪ੍ਰਚਾਰ ਕੀਤਾ। ਇਸੇ ਲਹਿਰ ਦੇ ਪ੍ਰਭਾਵ ਅਧੀਨ ਅਹਿਮਦੀਆ ਲਹਿਰ ਦੇ ਮੋਢੀ ਮਿਰਜ਼ਾ ਗੁਲਾਮ ਅਹਿਮਦ (1841-1908) ਨੇ ਨਵੇਂ ਮਸੀਹ ਅਥਵਾ ਇਮਾਮ ਮਹਿੰਦੀ ਹੋਣ ਦਾ ਐਲਾਨ ਕਰ ਦਿੱਤਾ।[26] ਇਸਲਾਮ ਵਿਚ ਹਜ਼ਰਤ ਮੁਹੰਮਦ ਸਾਹਿਬ ਨੂੰ ਆਖ਼ਰੀ ਪੈਗੰਬਰ ਮੰਨਿਆ ਜਾਂਦਾ ਹੈ। ਮਿਰਜ਼ਾ ਗੁਲਾਮ ਅਹਿਮਦ ਦੇ ਇਸ ਐਲਾਨ ਨੂੰ ਹਿੰਦੁਸਤਾਨੀ ਮੁਸਲਮਾਨਾਂ ਨੇ ਪ੍ਰਵਾਨ ਨਾ ਕੀਤਾ ਪਰ ਅਹਿਮਦੀਏ, ਮੁਸਲਿਮ ਸਮਾਜ ਦੇ ਸੁਧਾਰ, ਧਾਰਮਿਕ ਗ੍ਰੰਥ ਦੀ ਪ੍ਰਕਾਸ਼ਨਾ, ਸਕੂਲਾਂ-ਕਾਲਜਾਂ ਤੇ ਹਸਪਤਾਲਾਂ ਦੀ ਸਥਾਪਨਾ ਵਿਚ ਜੁਟੇ ਰਹੇ। ਇਸਲਾਮ ਦੀ ਮੁੱਖ ਧਾਰਾ ਅਹਿਮਦੀਆਂ ਨੂੰ ਮੁਸਲਮਾਨ ਨਹੀਂ ਮੰਨਦੀ ਅਤੇ ਪਾਕਿਸਤਾਨ ਵਿਚ ਉਨ੍ਹਾਂ ਵਿਰੁੱਧ ਜ਼ੋਰਦਾਰ ਪ੍ਰਚਾਰ ਚਲਦਾ ਹੈ। ਅਹਿਮਦੀਏ ਸਮਾਜਿਕ ਕਲਿਆਣ ਪੱਖੋਂ ਵਧੇਰੇ ਉਦਮੀ ਹਨ। ਕਾਦੀਆਂ ਵਿਖੇ ਉਨ੍ਹਾਂ ਦਾ ਹੈੱਡ-ਕੁਆਟਰ ਹੈ ਜਿਥੋਂ ਸਾਰੀ ਦੁਨੀਆਂ ਵਿਚ ਅਹਿਮਦੀਆਂ ਦੇ ਪ੍ਰਚਾਰ ਲਈ ਹਦਾਇਤਾਂ ਜਾਂਦੀਆਂ ਹਨ।

**ਈਸਾਈ ਮਿਸ਼ਨਰੀਆਂ ਦੀ ਪ੍ਰਚਾਰ ਲਹਿਰ:** ਉਨ੍ਹੀਵੀਂ ਸਦੀ ਦੀਆਂ ਲਹਿਰਾਂ — ਨਿਰੰਕਾਰੀ, ਰਾਧਾ ਸੁਆਮੀ ਅਤੇ ਨਾਮਧਾਰੀ ਆਦਿ ਸਨ, ਜਿਨ੍ਹਾਂ ਦਾ ਸਿੱਖ ਜਨਤਾ ਉੱਤੇ ਥੋੜ੍ਹਾ ਪ੍ਰਭਾਵ ਪਿਆ। ਨਿਰੰਕਾਰੀ ਉੱਤਰ-ਪੱਛਮੀ ਪੰਜਾਬ ਵਿਚ ਸ਼ਹਿਰੀ ਲੋਕਾਂ ਤੱਕ ਸੀਮਤ ਸਨ।

ਰਾਧਾ-ਸੁਆਮੀ ਲਹਿਰ ਵਧੇਰੇ ਕਰਕੇ ਅਧਿਆਤਮਕ ਸਮਸਿਆਵਾਂ ਨਾਲ ਸੰਬੰਧਿਤ ਸੀ ਜਦੋਂ ਕਿ ਨਾਮਧਾਰੀਆਂ ਨੂੰ ਅੰਗਰੇਜ਼ ਸਰਕਾਰ ਨੇ ਮਲੇਰਕੋਟਲੇ ਦੀ ਰੱਕੜ ਵਿਚ ਤੋਪਾਂ ਨਾਲ ਉਡਾ ਕੇ ਲੋਕਾਂ ਦੇ ਨਾਮਧਾਰੀ ਬਣਨ ਵਿਚ ਠੱਲ੍ਹ ਪਾ ਦਿੱਤੀ ਸੀ। ਜਿਨ੍ਹਾਂ ਬੁਰਾਈਆਂ ਦਾ ਖਾਤਮਾ ਕਰਨ ਲਈ ਇਹ ਸਿੱਖ ਲਹਿਰਾਂ ਚੱਲੀਆਂ ਸਨ ਉਹ ਉਸੇ ਤਰ੍ਹਾਂ ਲਗਾਤਾਰ ਪ੍ਰਚਲਿਤ ਸਨ। ਨੀਵੀਆਂ ਜ਼ਾਤਾਂ ਨਾਲ ਉਸੇ ਤਰ੍ਹਾਂ ਵਿਤਕਰੇ ਦਾ ਵਰਤਾਉ ਕੀਤਾ ਜਾਂਦਾ ਸੀ। ਅਮੀਰ ਸਿੱਖ ਉਸੇ ਤਰ੍ਹਾਂ ਸ਼ਰਾਬ ਅਤੇ ਸ਼ਬਾਬ ਵਿਚ ਫਸੇ ਹੋਏ ਸਨ ਅਤੇ ਬ੍ਰਾਹਮਣਵਾਦ ਆਪਣੇ ਕਰੋੜਾਂ ਦੇਵੀ-ਦੇਵਤਿਆਂ ਦੀ ਪੂਜਾ ਅਤੇ ਸੰਸਕ੍ਰਿਤ ਮੰਤਰਾਂ ਦੇ ਉਚਾਰਨ, ਜੋਤਸ਼ਾਂ ਅਤੇ ਜਨਮ-ਪੱਤਰੀਆਂ ਵਿਚ ਪਹਿਲਾਂ ਵਾਂਗ ਹੀ ਰੁਝਿਆ ਹੋਇਆ ਸੀ। ਸਿੱਖ ਵੀ ਦਸ ਗੁਰੂ ਸਾਹਿਬਾਨ ਤੋਂ ਇਲਾਵਾ ਹੋਰਨਾਂ ਵਿਅਕਤੀਆਂ ਨੂੰ ਗੁਰੂ ਮੰਨ ਕੇ ਪੂਜ ਰਹੇ ਸਨ। ਕੁਝ ਸਿੱਖ ਸੋਢੀਆਂ ਤੇ ਬੇਦੀਆਂ ਨੂੰ ਗੁਰੂ ਮੰਨ ਕੇ ਹੀ, ਨਤ-ਮਸਤਕ ਸ਼ਰਧਾਂਜਲੀਆਂ ਭੇਂਟ ਕਰਦੇ ਸਨ।

ਸਿੱਖ ਰਾਜ ਦੇ ਖਾਤਮੇ ਅਤੇ ਪੰਜਾਬ ਉੱਤੇ ਅੰਗਰੇਜ਼ਾਂ ਦੇ ਕਬਜ਼ੇ ਕਾਰਨ ਸਿੱਖ ਬਣੇ ਹਿੰਦੂ ਮੁੜ ਸਿੱਖ ਰਹਿਤ ਮਰਿਆਦਾ ਤਿਆਗਣ ਲੱਗ ਪਏ ਸਨ ਅਤੇ ਅਸਲੀ ਸਿੱਖਾਂ ਦੇ ਪਰਿਵਾਰ ਵੀ ਕੇਸ ਕਟਾ ਕੇ ਸਹਿਜਧਾਰੀ ਬਣ ਰਹੇ ਸਨ ਅਤੇ ਹਿੰਦੂ ਮੱਤ ਛੱਡ ਚੁੱਕੇ ਹਿੰਦੂ ਵੀ ਮੁੜ ਹਿੰਦੂ ਸਮਾਜ ਵਿਚ ਵਾਪਸ ਜਾਣ ਦਾ ਜ਼ੋਰ ਲਗਾ ਰਹੇ ਸਨ।

ਸਿੱਖਾਂ ਦੇ ਉਪਰੋਕਤ ਨਿਘਾਰ ਤੋਂ ਇਲਾਵਾ ਕੁਝ ਹੋਰ ਸ਼ਕਤੀਆਂ ਵੀ ਕਾਰਜਸ਼ੀਲ ਸਨ। ਇਕ ਤਾਂ ਈਸਾਈ ਮਿਸ਼ਨਰੀ ਈਸਾਈ-ਮਤ ਦਾ ਜ਼ੋਰਦਾਰ ਪ੍ਰਚਾਰ ਕਰਨ ਲੱਗ ਪਏ ਸਨ। ਆਰੀਆ ਸਮਾਜ ਹੋਂਦ ਵਿਚ ਆ ਚੁੱਕਾ ਸੀ ਜਿਸਨੇ ਵੈਦਿਕ ਵਿਚਾਰਧਾਰਾ ਵਿਚ ਵਿਗਿਆਨਕ ਸੰਕਲਪ ਦਾਖ਼ਲ ਕਰ ਦਿੱਤੇ ਸਨ। 1835 ਵਿਚ ਲੁਧਿਆਣੇ ਵਿਖੇ ਈਸਾਈ ਪ੍ਰਚਾਰ ਮਿਸ਼ਨ ਖੋਲ੍ਹ ਦਿੱਤਾ ਗਿਆ ਸੀ ਜਿਸਨੇ ਮਾਲਵੇ ਤੇ ਮਾਝੇ ਵਿਚ ਆਪਣੀਆਂ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਸਨ। ਉਸੇ ਸਾਲ ਅੰਮ੍ਰਿਤਸਰ ਵਿਖੇ ਇਕ ਈਸਾਈ ਮਿਸ਼ਨ ਸਕੂਲ ਚਾਲੂ ਕਰ ਦਿੱਤਾ ਗਿਆ ਸੀ।

ਮਹਾਰਾਜਾ ਦਲੀਪ ਸਿੰਘ ਦੇ ਈਸਾਈ ਬਣ ਜਾਣ ਨਾਲ ਵੀ ਸਿੱਖੀ ਨੂੰ ਬੜਾ ਧੱਕਾ ਲੱਗਾ। ਅਛੂਤ ਪੰਜਾਬੀਆਂ ਨੇ ਈਸਾਈ ਧਰਮ ਅਪਣਾ ਲਿਆ, ਜਿਸਤੋਂ ਮਗਰੋਂ ਅਮੀਰ ਜੱਟਾਂ, ਖੱਤਰੀਆਂ ਅਤੇ ਉੱਘੇ ਸਿੱਖ ਪਰਿਵਾਰਾਂ ਨੇ ਵੀ ਈਸਾਈ ਮੱਤ ਨੂੰ ਪ੍ਰਵਾਨ ਕਰ ਲਿਆ, ਜਿਸ ਨਾਲ ਸਿੱਖ ਨੇਤਾ, ਅਛੂਤਾਂ ਦੇ ਈਸਾਈ ਬਣਨ ਨਾਲ ਹੋਰ ਵੀ ਚਿੰਤਤ ਹੋਏ। ਈਸਾਈ ਮਿਸ਼ਨਰੀਆਂ ਨੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਆਪਣੇ ਸਕੂਲ ਤੇ ਪ੍ਰਚਾਰ ਮਿਸ਼ਨ ਖੋਲ੍ਹ ਦਿੱਤੇ।

**ਸਿੰਘ ਸਭਾ ਲਹਿਰ:** ਸਿੰਘ ਸਭਾ ਲਹਿਰ ਸਿੱਖਾਂ ਦੀ ਸਭ ਤੋਂ ਵੱਡੀ ਸਾਮਾਜਿਕ ਅਤੇ ਧਾਰਮਿਕ, 19ਵੀਂ ਸਦੀ ਵਿਚ ਪ੍ਰਚਲਿਤ ਹੋਣ ਵਾਲੀ ਤੀਜੀ ਮੁੱਖ ਲਹਿਰ ਸੀ, ਜਿਹੜੀ 1873 ਈ. ਤੋਂ 1920 ਈ. ਤਕ ਸਿੱਖਾਂ ਦੀ ਅਗਵਾਈ ਕਰਦੀ ਰਹੀ। ਇਸ ਸਮੇਂ ਪੱਛਮੀ ਵਿੱਦਿਆ ਅਤੇ ਪਦਾਰਥਵਾਦ ਕਰਕੇ ਸਿੱਖ ਧਰਮ ਦੀ ਹੋਂਦ ਨੂੰ ਵੱਡਾ ਭਾਰੀ ਖਤਰਾ ਪੈਦਾ ਹੋ ਗਿਆ ਸੀ। ਇਸ ਲਹਿਰ ਦੀ ਰਾਜਸੀ ਮਾਮਲਿਆਂ ਵਿਚ ਕੋਈ ਰੁਚੀ ਨਹੀਂ ਸੀ ਪਰ ਇਸ ਲਹਿਰ ਦਾ ਮੰਤਵ ਸਿੱਖਾਂ ਦੇ ਧਾਰਮਿਕ, ਵਿੱਦਿਅਕ ਅਤੇ ਸਭਿਆਚਾਰਕ ਪੱਧਰ ਨੂੰ ਉੱਚਿਆਂ ਕਰਨਾ ਅਤੇ ਉਨ੍ਹਾਂ ਅੰਦਰ ਸਾਹਿਤਕ ਉਤਸ਼ਾਹ ਪੈਦਾ ਕਰਨਾ ਸੀ। ਪੰਜਾਬ ਦੇ ਪ੍ਰਸਿੱਧ ਇਤਿਹਾਸਕਾਰ ਡਾ. ਅਵਿਨਾਸ਼ ਚੰਦਰ ਅਰੋੜਾ ਅਨੁਸਾਰ: –

> ਪੰਜਾਬ ਦੇ ਧਾਰਮਿਕ ਤੇ ਸਮਾਜ ਸੁਧਾਰਕ ਅੰਦੋਲਨਾਂ ਵਿਚੋਂ ਸਿੰਘ ਸਭਾ ਅੰਦੋਲਨ ਇਕ ਮਹੱਤਵਪੂਰਨ ਅੰਦੋਲਨ ਸੀ, ਇਸਦੇ ਉਦੇਸ਼ ਸਿੱਖ ਧਰਮ ਦਾ ਸੁਧਾਰ ਕਰਨਾ, ਪੰਜਾਬੀ ਭਾਸ਼ਾ ਦਾ ਪ੍ਰਚਾਰ ਕਰਨਾ ਅਤੇ ਸਿੱਖਾਂ ਵਿਚ ਵਿੱਦਿਆ ਦਾ ਪ੍ਰਚਾਰ ਕਰਨਾ ਆਦਿ ਸਨ। ਇਸ ਅੰਦੋਲਨ ਦੀ ਇਕ ਮੁੱਖ ਵਿਸ਼ੇਸ਼ਤਾ ਇਹ ਸੀ ਕਿ ਇਸਦਾ ਲੋਕਤੰਤਰੀ ਸਿਧਾਂਤਾਂ ਅਨੁਸਾਰ ਸੰਗਠਨ ਕੀਤਾ ਗਿਆ। ਇਸ ਅੰਦੋਲਨ ਤੋਂ ਪਹਿਲਾਂ ਸਿੱਖਾਂ ਵਿਚ ਨਿਰੰਕਾਰੀ ਅਤੇ ਨਾਮਧਾਰੀ ਨਾਮਕ ਅੰਦੋਲਨਾਂ ਨੇ ਜਨਮ ਲਿਆ ਸੀ। ਉਨ੍ਹਾਂ ਦੋਹਾਂ ਅੰਦੋਲਨਾਂ ਦੀ ਅਗਵਾਈ ਉਨ੍ਹਾਂ ਦੇ ਆਪਣੇ ਗੁਰੂ ਨੇ

ਕੀਤੀ ਸੀ ਅਤੇ ਗੁਰੂ ਦਾ ਸ਼ਬਦ ਹੀ ਉਨ੍ਹਾਂ ਦੇ ਅਨੁਯਾਈਆਂ ਲਈ ਕਾਨੂੰਨ ਹੁੰਦਾ ਸੀ। ਪਰੰਤੂ ਸਿੰਘ ਸਭਾ ਦਾ ਕੰਮ-ਕਾਜ ਕਿਸੇ ਵਿਅਕਤੀ ਜਾਂ ਗੁਰੂ ਦੀ ਆਗਿਆ ਅਨੁਸਾਰ ਨਹੀਂ ਚਲਦਾ ਸੀ। ਇਸਦੇ ਆਗੂਆਂ ਨੇ ਪੱਛਮੀ ਢੰਗ ਨਾਲ ਆਪਣਾ ਸੰਵਿਧਾਨ ਬਣਾਇਆ ਅਤੇ ਸਿੰਘ ਸਭਾ ਦੀ ਕਾਰਜ ਪਾਲਿਕਾ ਦੇ ਮੈਂਬਰ ਲੋਕਤੰਤਰੀ ਨਿਯਮਾਂ ਅਨੁਸਾਰ ਚੁਣੇ ਜਾਂਦੇ ਸਨ। ਇਸ ਅੰਦੋਲਨ ਦੀ ਨੀਂਹ 1873 ਈ. ਵਿਚ ਰੱਖੀ ਗਈ ਸੀ। ਇਸਨੇ ਸਿੱਖਾਂ ਵਿਚ ਇਕ ਨਵਾਂ ਜੋਸ਼ ਪੈਦਾ ਕਰਨ ਵਿਚ ਮਹੱਤਵਪੂਰਨ ਹਿੱਸਾ ਪਾਇਆ।[27]

ਪ੍ਰੋ. ਮੋਹਨ ਸਿੰਘ ਮਾਨ ਦਾ ਮੱਤ ਹੈ: -

ਸਿੰਘ ਸਭਾ ਵਿਚ ਨਾਮਧਾਰੀਆਂ ਤੋਂ ਬਿਨਾਂ ਸਿੱਖਾਂ ਦੇ ਨਰਮ ਤੇ ਗਰਮ ਦੋਨੋਂ ਧੜੇ ਸ਼ਾਮਿਲ ਹੋ ਗਏ। ਸਿੱਖਾਂ ਦੀਆਂ ਪਹਿਲੀਆਂ ਸਾਰੀਆਂ ਲਹਿਰਾਂ ਨਿਰੰਕਾਰੀ, ਨਾਮਧਾਰੀ, ਚੇਤਰਾਮੀਏ, ਸੋਢੀ ਬੰਸੀ, ਰਾਧਾ ਸੁਆਮੀ ਤੇ ਗੁਲਾਬਦਾਸੀਏ, ਦਸਾਂ ਗੁਰੂਆਂ ਦੀ ਹੋਂਦ ਤੋਂ ਪਿੱਛੋਂ ਦੇਹਧਾਰੀ ਗੁਰੂ ਨੂੰ ਮੰਨਦੀਆਂ ਸਨ; ਪਰ ਖ਼ਾਲਸਾ ਪੰਥ ਵਿਚ ਬਹੁਤੇ ਲੋਕ ਇਨ੍ਹਾਂ ਸਿੱਖ ਲਹਿਰਾਂ ਦੇ ਇਸ ਵਿਸ਼ਵਾਸ ਨੂੰ ਮਨਮਤ ਹੀ ਦਸਦੇ ਸਨ। ਉਨ੍ਹਾਂ ਵਾਂਗ ਸਿੰਘ ਸਭਾ ਲਹਿਰ ਨੇ ਦੇਹਧਾਰੀ ਗੁਰੂ ਨੂੰ ਨਹੀਂ ਮੰਨਿਆ, ਸਗੋਂ ਇਹ ਲਹਿਰ ਇਹ ਭਰੋਸਾ ਰੱਖਦੀ ਸੀ ਕਿ ਗੁਰਿਆਈ ਦਸਾਂ ਗੁਰੂਆਂ ਤੱਕ ਹੀ ਸੀਮਤ ਰਹੀ ਹੈ। ਉਨ੍ਹਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਾਈਂ ਦੱਸੇ ਗੁਰੂ ਸਾਹਿਬਾਨ ਅਤੇ ਉਨ੍ਹਾਂ

ਦੇ ਜੋਤੀ ਸਰੂਪ 'ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ' ਤੋਂ ਬਿਨ੍ਹਾਂ ਗੁਰੂ ਅਖਵਾਉਣ ਦਾ ਹੱਕ ਜਾਂ ਅਧਿਕਾਰ ਕਿਸੇ ਨੂੰ ਨਹੀਂ ਹੈ।[28]

**ਉਤਪਤੀ ਦੇ ਕਾਰਣ ਤੇ ਨਾਮਕਰਨ:**

ਜਿਸ ਸਮੇਂ ਸਿੱਖ ਰਾਜ ਦੀਆਂ ਹੱਦਾਂ ਸਤਲੁਜ ਤੋਂ ਜਮਰੌਦ ਤੱਕ ਪੁੱਜ ਗਈਆਂ ਸਨ ਤਾਂ ਸਿੱਖ ਮਹਾਰਾਜਾ ਰਣਜੀਤ ਸਿੰਘ ਕਾਰਨ ਸਿੱਖ ਕੌਮ ਦਾ ਵੱਕਾਰ ਵੀ ਸਿਖਰ ਉਤੇ ਸੀ ਅਤੇ ਮਹਾਰਾਜੇ ਦੇ ਤੇਜ ਪ੍ਰਤਾਪ ਸਦਕਾ ਸਿੱਖ ਕੌਮ ਦਾ ਹਰ ਪਾਸੇ ਬੋਲ-ਬਾਲਾ ਸੀ। ਸਿੱਖ ਰਾਜ ਪੂਰਨ ਲੋਕ ਰਾਜ ਸੀ ਅਤੇ ਉਸ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਨਾਲ ਬਰਾਬਰੀ ਦਾ ਵਰਤਾਉ ਕੀਤਾ ਜਾਂਦਾ ਸੀ ਅਤੇ ਮਹਾਰਾਜਾ ਸਿਵਲ ਤੇ ਸੈਨਿਕ ਅਹੁਦੇ ਲਿਆਕਤ ਦੇ ਆਧਾਰ ਉੱਤੇ ਧਰਮ-ਨਿਰਪੇਖਤਾ ਦੀ ਭਾਵਨਾਂ ਨਾਲ ਦਿਆ ਕਰਦੇ ਸਨ। ਸੰਤ ਵਿਸਾਖਾ ਸਿੰਘ ਅਨੁਸਾਰ:

> ਸਿੱਖ ਪੰਥ ਦੀ ਗਿਣਤੀ ਭੀ ਕਰੋੜਾਂ ਤੱਕ ਪੁੱਜ ਗਈ ਸੀ। (ਭਾਵੇਂ ਇਹ ਗਿਣਤੀ ਇੰਨੀ ਨਾ ਵੀ ਹੋਵੇ) ਕੇਸ ਦਾੜ੍ਹਾ ਰੱਖਣ ਵਾਲੇ ਮਨੁੱਖ ਦਾ ਆਦਰ ਹੋਣ ਕਰਕੇ ਹਿੰਦੂ-ਮੁਸਲਮਾਨ ਵੀ ਦਾੜ੍ਹਾ ਰੱਖਣ ਲੱਗ ਪਏ ਸਨ ਅਤੇ ਪੰਜਾਬ ਦਾ ਹਰ ਆਦਮੀ ਪੱਗ ਤਾਂ ਜ਼ਰੂਰ ਬੰਨ੍ਹਦਾ ਸੀ। ਮਹਾਰਾਜੇ ਦੇ ਯੂਰਪੀਅਨ ਦਰਬਾਰੀ ਵੀ ਦਾੜ੍ਹੀ ਰੱਖਣ ਲੱਗ ਪਏ ਸਨ। ਏਸ਼ੀਆ ਦੇ ਕਿਸੇ ਵੀ ਦੇਸ਼ ਵਿਚ ਸਿੱਖ ਰਾਜ ਦੇ ਨਮੂਨੇ ਦੀ ਹਕੂਮਤ ਨਹੀਂ ਸੀ ਅਤੇ ਨਾ ਹੀ ਕਿਸੇ ਕੌਮ ਦਾ ਇਤਨਾ ਸਤਿਕਾਰ ਸੀ ਜਿਤਨਾ ਸਿੱਖ ਕੌਮ ਦਾ ਸੀ। ਨਤੀਜਾ ਇਹ ਨਿਕਲਿਆ ਕਿ ਸਿੱਖ ਤਾਕਤ ਦੇ ਨਸ਼ੇ ਵਿਚ ਗ਼ਲਤਾਣ ਹੋ ਗਏ। ਹੰਕਾਰ ਨੇ ਦਿਲ ਵਿਚ ਡੇਰੇ ਆ ਲਗਾਏ। ਜਿਸ ਕਰਕੇ ਖ਼ਾਲਸਾ ਦੀਵਾਨ ਵਿਚ ਫੁੱਟ ਪੈ ਗਈ, ਜਿਸ ਨਾਲ ਸਿੱਖ ਰਾਜ ਦਾ ਪਤਨ ਸ਼ੁਰੂ ਹੋ ਗਿਆ ਅਤੇ ਉਹ ਵਿਸ਼ਾਲ ਰਾਜ, ਜਿਸਦੀਆਂ ਹੱਦਾਂ ਯਮੁਨਾ ਤੇ ਜਮਰੌਦ ਨਾਲ ਟਕਰਾਉਂਦੀਆਂ ਸਨ ਥੋੜ੍ਹੇ ਜਿਹੇ ਸਮੇਂ

ਅੰਦਰ ਹੀ ਖ਼ਤਮ ਹੋ ਗਿਆ। . . . ਸਿੱਖ ਅੰਗਰੇਜ਼ਾਂ ਦੀ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੇ ਗਏ। ਜਦ ਚੜ੍ਹਦੀ ਕਲਾ ਨਾ ਰਹੀ ਤਾਂ ਪਤਾ ਲਗਿਆ ਕਿ ਸਿੱਖ ਕੌਮ ਦਾ ਜੀਵਨ ਕਿਨ੍ਹਾਂ ਪਹਿਲੂਆਂ ਵਲੋਂ ਢਹਿੰਦੀਆਂ ਕਲਾਂ ਵਿਚ ਜਾ ਰਿਹਾ ਹੈ। ਅਨਪੜ੍ਹਤਾ, ਅਨਮਨਤਾ ਦੇ ਅਸਰ ਹੱਥੋਂ ਤਾਕਤ ਖੁਸ ਜਾਣ ਦੇ ਝੋਰੇ ਤੇ ਨਸ਼ਿਆਂ ਦੀ ਵਰਤੋਂ ਨੇ ਕੌਮੀ ਆਚਰਨ ਨੂੰ ਕਮਜ਼ੋਰ ਕਰ ਦਿੱਤਾ। ਅੰਗਰੇਜ਼ਾਂ ਨੇ ਪੰਜਾਬ ਪਰ ਹਕੂਮਤ ਕਾਇਮ ਕਰਨ ਦੇ ਨਾਲ-ਨਾਲ ਈਸਾਈ ਮੱਤ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਆਰੀਆ ਸਮਾਜ ਵੀ ਉਸ ਸਮੇਂ ਨਵਾਂ ਹੀ ਪੈਦਾ ਹੋਇਆ। ਇਸਨੇ ਵੀ ਆਪਣੀਆਂ ਇਹਨਾਂ ਸਰਗਰਮੀਆਂ ਦਾ ਕੇਂਦਰ ਪੰਜਾਬ ਨੂੰ ਹੀ ਬਣਾਇਆ ਅਤੇ ਸਿੱਖ ਧਰਮ ਪਰ ਹਮਲੇ ਸ਼ੁਰੂ ਕਰ ਦਿੱਤੇ, ਜਿਥੇ ਅਨਮਤੀਆਂ ਵਲੋਂ ਸਿੱਖ ਧਰਮ ਪਰ ਹਮਲੇ ਹੋ ਰਹੇ ਸਨ, ਉਥੇ ਧਰਮ ਦੀ ਰਾਖੀ ਕਰਨ ਵਾਲਿਆਂ ਨੇ ਆਪਣੀਆਂ ਗੱਦੀਆਂ ਥਾਪ ਕੇ ਸ਼ਖ਼ਸੀ ਪੂਜਾ ਸ਼ੁਰੂ ਕਰ ਦਿੱਤੀ।" [29]

ਉੱਘੇ ਸਿੱਖ ਇਤਿਹਾਸਕਾਰ ਖੁਸ਼ਵੰਤ ਸਿੰਘ, ਡਾ. ਗੋਪਾਲ ਸਿੰਘ ਅਤੇ ਖ਼ਾਸ ਕਰਕੇ ਸੰਗਤ ਸਿੰਘ ਨੇ ਸਿੰਘ ਸਭਾ ਲਹਿਰ ਦੀ ਉਤਪਤੀ ਦੇ ਸਾਰੇ ਕਾਰਨਾਂ ਦਾ ਵਿਸ਼ਲੇਸ਼ਣ ਕੀਤਾ ਹੈ। ਸੰਗਤ ਸਿੰਘ, ਜੋ ਭਾਰਤ ਦੀ ਵਿਦੇਸ਼ ਸੇਵਾ ਵਿਚ ਨਿਉਯਾਰਕ ਵਿਖੇ ਭਾਰਤ ਦੀ ਅੰਬੈਸੀ ਵਿਚ ਇਕ ਉੱਚ ਅਧਿਕਾਰੀ ਨਿਯੁਕਤ ਰਿਹਾ, ਨੇ 1994 ਅਤੇ 1995 ਵਿਚ ਆਪਣੀ ਪੁਸਤਕ 'ਦੀ ਸਿਖਸ ਇਨ ਹਿਸਟਰੀ' ਦੇ ਚੌਥੇ ਅਧਿਆਇ 'Search for Identity' ਵਿਚ ਸਿੰਘ ਸਭਾ ਲਹਿਰ ਦੇ ਸੰਗਠਨ ਦੇ ਪਿਛੋਕੜੀ ਕਾਰਨਾਂ ਦਾ ਵਿਸਤਾਰ ਨਾਲ ਵਿਸ਼ਲੇਸ਼ਣ ਕੀਤਾ ਹੈ। [30] ਗੋਆ ਦੇ ਸਿੱਖ ਗਵਰਨਰ ਰਾਜ ਸਭਾ ਦੇ ਮੈਂਬਰ (1962-68) ਅਤੇ ਬੁਲਗਾਰੀਆ ਤੇ ਦੱਖਣੀ ਅਮਰੀਕਾ ਵਿਚ ਰਾਜਦੂਤ ਰਹੇ ਉਘੇ ਸਿੱਖ ਇਤਿਹਾਸਕਾਰ ਅਤੇ ਪੰਜਾਬੀ ਸਾਹਿਤ ਦੇ ਵਿਦਵਾਨ

ਅਤੇ ਕਵੀ ਡਾ. ਗੋਪਾਲ ਸਿੰਘ ਦਰਦੀ ਨੇ 1979 ਵਿਚ ਛਾਪੀ ਆਪਣੀ ਪੁਸਤਕ 'A History of the Sikh People' [31] ਅਤੇ ਖੁਸ਼ਵੰਤ ਸਿੰਘ ਨੇ ਵੀ 'History of the Sikhs Vol-2 ਵਿਚ ਸਿੰਘ ਸਭਾ ਅਤੇ ਸਿੱਖਾਂ ਦੇ ਈਸਾਈ ਹਿੰਦੂ ਮਿਸ਼ਨਰੀ ਸਰਗਰਮੀਆਂ ਦਾ ਉਲੇਖ ਕੀਤਾ ਹੈ। [32]

1835 ਵਿਚ ਲੁਧਿਆਣੇ ਵਿਖੇ ਇਕ ਅਮਰੀਕਨ ਪ੍ਰੈੱਸ ਬਾਈਟੇਰੀਅਨ ਮਿਸ਼ਨ ਸਥਾਪਿਤ ਹੋ ਚੁੱਕਾ ਸੀ। ਪੰਜਾਬ ਉਤੇ ਅੰਗਰੇਜ਼ਾਂ ਦੇ ਕਬਜ਼ੇ ਤੋਂ ਤੁਰੰਤ ਮਗਰੋਂ ਈਸਾਈ ਮਿਸ਼ਨ ਨੇ ਆਪਣੀਆਂ ਸਰਗਰਮੀਆਂ ਮਾਲਵੇ ਤੋਂ ਮਾਝੇ ਵਿਚ ਲੈ ਆਂਦੀਆਂ। ਪਾਦਰੀ ਜਾਹਨ ਨਿਊਟਨ ਅਤੇ ਪਾਦਰੀ ਫਾਰਮੈਨ 1849 ਵਿਚ ਲਾਹੌਰ ਪੁੱਜੇ। ਇਨ੍ਹਾਂ ਦੀ ਚਰਚ ਮਿਸ਼ਨਰੀ ਸੁਸਾਇਟੀ ਨੇ ਅੰਮ੍ਰਿਤਸਰ ਅਤੇ ਲਾਹੌਰ ਦੇ ਆਲੇ-ਦੁਆਲੇ ਅਤੇ ਪਹਾੜਾਂ ਵਿਚ ਆਪਣੇ ਕੇਂਦਰ ਖੋਲ੍ਹੇ ਅਤੇ ਪੰਜਾਬੀਆਂ ਨੂੰ ਸਰਕਾਰੀ ਅਫ਼ਸਰਾਂ ਦੀ ਸਹਾਇਤਾ ਨਾਲ ਈਸਾਈ ਬਣਾਉਣਾ ਸ਼ੁਰੂ ਕੀਤਾ। ਮਹਾਰਾਜਾ ਦਲੀਪ ਸਿੰਘ ਨੂੰ 1853 ਵਿਚ ਈਸਾਈ ਬਣਾਏ ਜਾਣਾ ਈਸਾਈ ਮਿਸ਼ਨਰੀਆਂ ਦੀ ਪਹਿਲੀ ਵੱਡੀ ਪ੍ਰਾਪਤੀ ਸੀ ਅਤੇ ਸਿੱਖਾਂ ਲਈ ਸਭ ਤੋਂ ਵੱਡਾ ਸਦਮਾ ਸੀ। ਇਸੇ ਸਾਲ ਹੀ ਲਾਹੌਰ ਵਿਖੇ ਮਿਸ਼ਨ ਸਕੂਲ ਖੋਲ੍ਹਿਆ ਗਿਆ, ਜਿਸਦੇ ਪ੍ਰਭਾਵ ਅਧੀਨ ਸਿੱਖ ਵਿਦਿਆਰਥੀ ਈਸਾਈਅਤ ਵੱਲ ਖਿੱਚੇ ਗਏ। ਮਹਾਰਾਜੇ ਨੇ ਵੀ ਮਿਸ਼ਨਰੀਆਂ ਦੀ ਹਮਾਇਤ ਕੀਤੀ। ਮਹਾਰਾਜਾ ਦਲੀਪ ਸਿੰਘ ਤੋਂ ਛੁੱਟ ਪੰਜਾਬ ਵਿਚ ਬਹੁਤੇ ਮੁਢਲੇ ਈਸਾਈ ਅਛੂਤ ਜਾਤੀਆਂ ਵਿਚੋਂ ਬਣਾਏ ਗਏ ਅਤੇ ਇਸ ਕਾਰਵਾਈ ਨਾਲ ਪੰਜਾਬੀ 'ਅਛੂਤਾਂ' ਲਈ 'ਈਸਾਈ' ਸ਼ਬਦ ਵਰਤਿਆ ਜਾਣ ਲੱਗਾ। ਇਸ ਤੋਂ ਪਿਛੋਂ ਅਛੂਤਾਂ ਨੂੰ ਈਸਾਈ ਬਣਾਉਣ ਦੀ ਦਰ ਘਟਾ ਦਿੱਤੀ ਗਈ ਅਤੇ ਮਿਸ਼ਨਰੀਆਂ ਨੇ ਅਮੀਰ ਜੱਟਾਂ ਤੇ ਖੱਤਰੀਆਂ ਅਤੇ ਕੁਝ ਪ੍ਰਸਿੱਧ ਸਿੱਖ ਘਰਾਣਿਆਂ ਨੂੰ ਈਸਾਈ ਬਣਾਇਆ। ਕਪੂਰਥਲੇ ਦੇ ਮਹਾਰਾਜੇ ਦੇ ਭਰਾ ਹਰਨਾਮ ਸਿੰਘ ਨੂੰ ਈਸਾਈ ਬਣਾਇਆ ਗਿਆ ਜਿਸਦੀ ਸਪੁੱਤਰੀ ਰਾਜ ਕੁਮਾਰੀ ਅੰਮ੍ਰਿਤ ਕੌਰ ਜੋ ਮਹਾਤਮਾ ਗਾਂਧੀ ਦੀ ਉਪਾਸ਼ਕ ਸੀ, ਆਜ਼ਾਦ ਭਾਰਤ ਦੀ ਪਹਿਲੀ ਕੇਂਦਰੀ ਵਜ਼ਾਰਤ ਵਿਚ ਸਿਹਤ ਮੰਤਰੀ ਬਣੀ। ਇਨ੍ਹਾਂ ਤੋਂ ਇਲਾਵਾ ਮਹਾਰਾਜਾ ਬੰਬਈ ਦਾ ਗਵਰਨਰ ਬਣਿਆ ਅਤੇ ਦਲੀਪ ਸਿੰਘ ਪੰਜਾਬ ਹਾਈਕੋਰਟ ਦਾ ਜੱਜ

ਬਣਿਆ। ਪਟਿਆਲਾ ਰਿਆਸਤ ਦੇ ਰਾਮਪੁਰ (ਕਟਾਣੀ) ਦਾ ਇਕ ਮਾਂਗਟ ਜੱਟ ਸਾਧੂ ਸੁੰਦਰ ਸਿੰਘ ਈਸਾਈ, ਭਾਰਤੀਆਂ ਵਿਚ ਉੱਘਾ ਪ੍ਰਚਾਰਕ ਬਣਿਆ ਜਿਸਨੇ ਵਧੇਰੇ ਸਮਾਂ ਭਾਰਤ-ਤਿੱਬਤ ਮਾਰਗ ਉਤੇ ਈਸਾਈਅਤ ਦਾ ਪ੍ਰਚਾਰ ਕਰਦਿਆਂ ਗੁਜ਼ਾਰਿਆ।[33] ਅੰਗਰੇਜ਼ਾਂ ਨੇ ਜ਼ਿਆਦਾ ਤੋਂ ਜ਼ਿਆਦਾ ਸਿੱਖਾਂ ਨੂੰ ਈਸਾਈ ਬਣਾਉਣ ਲਈ ਉਪਰਾਲੇ ਕੀਤੇ। ਕਰਤਾਰ ਸਿੰਘ ਸਰਹੱਦੀ ਅਨੁਸਾਰ:-

> ਸਿੱਖ ਕੌਮ ਨੂੰ ਮੂਲੋਂ ਹੀ ਖ਼ਤਮ ਕਰ ਦੇਣ ਲਈ ਇਕ ਪਲਾਨ ਬਣਾਇਆ। ਜਿਸ ਅਨੁਸਾਰ ਉਸਨੇ ਮੋਟੀਆਂ ਹੇਠ ਲਿਖੀਆਂ ਜੁਗਤੀਆਂ ਤੋਂ ਕੰਮ ਲੈਣਾ ਸ਼ੁਰੂ ਕੀਤਾ:
> (1) ਆਪਣੇ ਜ਼ਰ-ਖ਼ਰੀਦ ਲਿਖਾਰੀਆਂ ਪਾਸੋਂ ਸਿੱਖ ਇਤਿਹਾਸ ਨੂੰ ਗ਼ਲਤ ਮਲਤ ਲਿਖਵਾਉਣਾ . . .। (2) ਸਿੱਖ ਗੁਰਦੁਆਰਿਆਂ ਨੂੰ ਸਿੱਧਾ ਆਪਣੇ ਪ੍ਰਬੰਧ ਹੇਠ ਲੈਣਾ ਤੇ ਉਨ੍ਹਾਂ ਦੇ ਮਹੰਤਾਂ ਤੇ ਪੁਜਾਰੀਆਂ ਤੋਂ ਛੁੱਟ ਹੋਰ ਅਨੇਕਾਂ ਪਾਖੰਡੀ ਸਾਧਾਂ-ਸੰਤਾਂ, ਬੇਦੀ, ਸੋਢੀਆਂ ਤੇ ਭੱਲਿਆਂ ਰਾਹੀਂ ਸਿੱਖ ਗੁਰੂ ਡੰਮ੍ਹ ਤੇ ਮਨਮਤ ਦਾ ਪ੍ਰਚਾਰ ਦ੍ਰਿੜ੍ਹ ਕਰਾਉਣਾ। (3) ਥਾਂ-ਥਾਂ ਆਪਣੇ ਸਕੂਲ ਤੇ ਕਾਲਜ ਇਸ ਲਈ ਖੋਲ੍ਹ ਦੇਣੇ ਤਾਂ ਜੋ ਉਨ੍ਹਾਂ ਰਾਹੀਂ ਈਸਾਈ ਮੱਤ ਦਾ ਪ੍ਰਚਾਰ ਕਰਕੇ ਬਾਕੀ ਰਹਿੰਦੇ ਸਿੱਖਾਂ ਨੂੰ ਈਸਾਈ ਬਣਾ ਲਿਆ ਜਾਵੇ।[34]

1873 ਵਿਚ ਅੰਮ੍ਰਿਤਸਰ ਦੇ ਮਿਸ਼ਨ ਸਕੂਲ ਦੇ ਚਾਰ ਜਗੀਰਦਾਰ ਘਰਾਣਿਆਂ ਦੇ ਸਿੱਖ ਬੱਚਿਆਂ- ਅਤਰ ਸਿੰਘ, ਸਾਧੂ ਸਿੰਘ, ਆਇਆ ਸਿੰਘ ਤੇ ਸੰਤੋਖ ਸਿੰਘ ਆਦਿ ਨੇ ਜਦ ਨਿਧੜਕ ਹੋ ਕੇ ਈਸਾਈ ਬਣਨ ਦੀ ਇੱਛਾ ਪ੍ਰਗਟ ਕੀਤੀ ਤਾਂ ਸਿੱਖਾਂ ਵਿਚ ਈਸਾਈਆਂ ਦੇ ਪ੍ਰਚਾਰ ਵਿਰੁੱਧ ਇਕ ਜ਼ੋਰਦਾਰ ਭਾਵਨਾ ਪੈਦਾ ਹੋਈ ਅਤੇ ਸਿੱਖ ਬੱਚਿਆਂ ਨੂੰ ਸਮਝਾ-ਬੁਝਾ ਕੇ ਈਸਾਈ ਬਣਨ ਤੋਂ ਰੋਕ ਲਿਆ ਗਿਆ। ਸਮੁੱਚੇ ਪੰਥ ਨੂੰ ਹਰ ਪਾਸਿਉਂ ਲੱਗ ਰਹੀ ਭਿਆਨਕ

ਕਿਸਮ ਦੀ ਹਾਨੀਕਾਰਕ ਢਾਹ ਤੋਂ ਬਚਾਉਣ ਲਈ ਜਥੇਬੰਦ ਹੋ ਕੇ ਪੰਜ ਤਤਕਾਲੀਨ ਸਿੱਖ ਨੇਤਾਵਾਂ ਜਿਨ੍ਹਾਂ ਵਿਚ ਗਿਆਨੀ ਦਿੱਤ ਸਿੰਘ ਵੀ ਸ਼ਾਮਿਲ ਸਨ, ਨੇ ਸਿੱਖਾਂ ਨੂੰ ਈਸਾਈ ਨਾ ਬਣਨ ਦੀ ਅਪੀਲ ਕੀਤੀ।

ਸਿੱਖ ਹਾਲੇ ਇਸ ਮਸਲੇ ਬਾਰੇ ਵਿਚਾਰ ਹੀ ਕਰ ਰਹੇ ਸਨ ਕਿ ਪੰਡਤ ਸ਼ਰਧਾ ਰਾਮ ਫਿਲੌਰੀ ਨੇ ਅੰਗਰੇਜ਼ਾਂ ਦੇ ਇਸ਼ਾਰੇ ਉਤੇ ਅੰਮ੍ਰਿਤਸਰ ਵਿਖੇ 'ਗੁਰੂ ਕਾ ਬਾਗ' ਵਿਚ ਆਪਣੀ ਕਥਾ ਵਿਚ ਸਿੱਖ ਗੁਰੂ ਸਾਹਿਬਾਨ ਬਾਰੇ ਅਯੋਗ ਸ਼ਬਦ ਵਰਤਣੇ ਸ਼ੁਰੂ ਕਰ ਦਿੱਤੇ। ਜਦ ਉਸਦੇ ਕੂੜ ਭਰੇ ਪ੍ਰਚਾਰ ਵਿਰੁੱਧ ਕੋਈ ਹਿੰਦੂ ਜਾਂ ਸਿੱਖ ਨਾ ਬੋਲਿਆ ਤਾਂ ਗਿਆਨੀ ਦਿੱਤ ਸਿੰਘ ਨੇ ਸ਼ਰਧਾ ਰਾਮ ਨੂੰ ਆਮ ਸਿੱਖ ਜਨਤਾ ਦੇ ਸਾਹਮਣੇ ਬਹਿਸ ਕਰਨ ਲਈ ਵੰਗਾਰਿਆ, ਜਿਸਦੇ ਸਿੱਟੇ ਵਜੋਂ ਸ਼ਰਧਾ ਰਾਮ ਆਪਣਾ ਬੋਰੀਆ-ਬਿਸਤਰਾ ਲਪੇਟ ਕੇ ਫਲੌਰ ਨੂੰ ਭੱਜ ਗਿਆ।[35] ਤਦ ਇਹ ਅਵਸਥਾ ਸੀ ਕਿ ਗੁਰੂ ਪਿਆਰਾ ਪੰਥ ਇਕ ਪਾਸੇ ਮੁੱਖ ਧਾਰਾ ਨੂੰ ਛੱਡ ਕੇ ਗੁਰੂ-ਬੰਸੀਆਂ, ਭੱਲਿਆਂ ਤੇ ਸੋਢੀਆਂ ਵਲੋਂ ਚਲਾਏ ਗੁਰੂ-ਡੰਮ੍ਹ, ਜੋ ਸਿੱਖਾਂ ਨੂੰ ਆਪਣੀ ਪੂਜਾ ਦੇ ਧਾਨ ਲਈ ਮੁੱਖ ਧਾਰਾ ਨਾਲੋਂ ਤੋੜਦੇ ਸਨ, ਦੇ ਜਾਲ ਵਿਚ ਫਸਿਆ ਸੀ, ਦੂਜੇ ਪਾਸੇ ਸਰਕਾਰੀ ਸਰਪ੍ਰਸਤੀ ਨਾਲ ਈਸਾਈ ਮਿਸ਼ਨਰੀਆਂ ਵਲੋਂ ਚਲਾਏ ਈਸਾਈਅਤ ਦੇ ਪ੍ਰਚਾਰ, ਤੀਜੇ ਪਾਸੇ ਗੁਰਦੁਆਰਿਆਂ ਉੱਤੇ ਮਨਮਤੀਏ ਮਹੰਤਾਂ ਅਤੇ ਅੰਗਰੇਜ਼ੀ ਸਰਕਾਰ ਦਾ ਕਬਜ਼ਾ ਤੇ ਦਖਲ-ਅੰਦਾਜ਼ੀ, ਚੌਥੇ ਪਾਸੇ ਵਹਿਮਾਂ-ਭਰਮਾਂ ਵਿਚ ਗ੍ਰਸਤ ਸਿੱਖ ਸੰਗਤਾਂ ਭਟਕ ਰਹੀਆਂ ਸਨ। ਇਹਨਾਂ ਵਰਤਾਰਿਆਂ ਨੂੰ ਦੇਖ ਕੇ ਕੁਝ ਸਿਰਕੱਢ ਗੁਰਮੁਖ ਪਿਆਰਿਆਂ ਅਤੇ ਹੋਰ ਬੁੱਧੀਜੀਵੀਆਂ ਨੇ ਡੂੰਘੀ ਵਿਚਾਰ ਪਿਛੋਂ ਫੈਸਲਾ ਕੀਤਾ ਕਿ ਜਦ ਤੱਕ ਸਿੱਖਾਂ ਪਾਸ ਆਪਣਾ ਪ੍ਰੈੱਸ ਤੇ ਪਲੇਟ ਫਾਰਮ ਨਹੀਂ ਹੋਵੇਗਾ, ਤਦ ਤਕ ਉਹ ਸਿੱਖਾਂ ਨੂੰ ਧਾਰਮਿਕ, ਸਾਮਾਜਿਕ, ਆਰਥਿਕ ਤੇ ਰਾਜਨੀਤਕ ਗੁਲਾਮੀ ਵਾਲੇ ਕਰੜੇ ਸੰਗਲਾਂ ਤੋਂ ਮੁਕਤ ਨਹੀਂ ਕਰਾ ਸਕਣਗੇ। ਇਸੇ ਲਈ 1873 ਈ. ਨੂੰ ਸਰਦਾਰ ਠਾਕਰ ਸਿੰਘ ਸੰਧਾਵਾਲੀਏ ਦੇ ਬਿਖਮ ਯਤਨਾਂ ਨਾਲ 'ਗੁਰੂ ਕਾ ਬਾਗ' ਅੰਮ੍ਰਿਤਸਰ ਵਿਖੇ ਸਿੱਖਾਂ ਦੀ ਇਕ ਬੜੀ ਭਾਰੀ ਸਭਾ ਬੁਲਾਈ ਗਈ। ਇਥੋਂ ਹੀ ਇਸ ਲਹਿਰ ਦਾ ਨਾਮਕਰਨ 'ਸਿੰਘ ਸਭਾ ਲਹਿਰ' ਹੋਇਆ। ਗਿਆਨੀ ਕਰਤਾਰ ਸਿੰਘ ਸਰਹੱਦੀ ਅਨੁਸਾਰ

ਗਿਆਨੀ ਠਾਕਰ ਸਿੰਘ ਦੀ ਉਮਰ ਉਸ ਵੇਲੇ 90 ਸਾਲ ਦੀ ਸੀ। ਉਹ ਗਿਆਨੀ ਦਿੱਤ ਸਿੰਘ ਦੀ ਅਗਵਾਈ ਵਿਚ ਪੰਜਾਬ ਵਿਚ ਥਾਂ-ਥਾਂ ਜਾ ਕੇ ਸਿੰਘ ਸਭਾਵਾਂ ਕਾਇਮ ਕਰਦੇ ਰਹੇ। ਇਹ ਠਾਕਰ ਸਿੰਘ ਉਸ ਸਮੇਂ ਗੁਰਦੁਆਰਾ ਸ੍ਰੀ ਚੌਹਾ ਸਾਹਿਬ ਰੋਹਤਾਸ (ਪਾਕਿਸਤਾਨ) ਦੇ ਰਿਟਾਇਰਡ ਮੈਨੇਜਰ ਸਨ। ਉਨ੍ਹਾਂ ਅਨੁਸਾਰ ਇਹ ਇਕੱਠ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਹੋਇਆ ਸੀ। ਇਸਦੇ ਪ੍ਰਧਾਨ ਸ. ਠਾਕਰ ਸਿੰਘ ਸੰਧਾਵਾਲੀਆ ਸਨ। ਇਸ ਰਾਹੀਂ ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਗੁਰਮਤਿ ਪ੍ਰਚਾਰ ਕਰਨ ਲਈ ਜਿਸ ਲਹਿਰ ਦਾ ਆਰੰਭ ਹੋਇਆ, ਉਹ ਸਿੰਘ ਸਭਾ ਅਖਵਾਈ।

**ਸਿੰਘ ਸਭਾ ਲਹਿਰ ਦੀ ਉਤਪਤੀ ਦਾ ਪਿਛੋਕੜ:**

ਸਿੰਘ ਸਭਾ ਲਹਿਰ ਦੇ ਜਨਮ ਜਾਂ ਉਤਪਤੀ ਦਾ ਕਾਰਣ ਪੰਜਾਬ ਵਿਚ ਈਸਾਈਆਂ ਦੇ ਆਪਣੇ ਧਰਮ ਦਾ ਜ਼ੋਰਾਂ-ਸ਼ੋਰਾਂ ਨਾਲ ਪ੍ਰਚਾਰ ਸੀ। ਪੰਜਾਬ ਨੂੰ ਸਿੱਖਾਂ ਪਾਸੋਂ ਖੋਹ ਕੇ ਅੰਗਰੇਜ਼ਾਂ ਨੇ ਪੰਜਾਬ ਵਿਚ ਈਸਾਈ ਧਰਮ ਦੇ ਕਈ ਅੱਡੇ ਕਾਇਮ ਕਰ ਦਿੱਤੇ ਸਨ ਅਤੇ ਕਈ ਢੰਗਾਂ ਨਾਲ ਲੋਕਾਂ ਨੂੰ ਈਸਾਈ ਬਣਾਇਆ ਜਾ ਰਿਹਾ ਸੀ। ਅੰਗਰੇਜ਼ੀ ਸਰਕਾਰ ਵੀ ਇਨ੍ਹਾਂ ਮਿਸ਼ਨਰੀਆਂ ਦੀ ਸਹਾਇਤਾ ਕਰਦੀ ਸੀ। ਲਾਹੌਰ ਦਾ ਚੀਫ ਕਮਿਸ਼ਨਰ ਅਤੇ ਮਗਰੋਂ ਲੈਫਟੀਨੈਂਟ ਗਵਰਨਰ ਬਣਿਆ ਜਾਹਨ ਲਾਰੰਸ ਆਪਣੀ ਜੇਬ ਵਿਚੋਂ ਪੰਜ ਸੌ ਰੁਪਈਆ ਵਾਰਸ਼ਿਕ ਚੰਦਾ ਮਿਸ਼ਨ ਦੇ ਪ੍ਰਚਾਰ ਲਈ ਦਿੰਦਾ ਸੀ। ਹੋਰ ਅੰਗਰੇਜ਼ ਵੀ ਇਸੇ ਤਰ੍ਹਾਂ ਪੈਸਾ ਦਿੰਦੇ ਸਨ। ਈਸਾਈ ਬਣ ਕੇ ਮਹਾਰਾਜਾ ਦਲੀਪ ਸਿੰਘ ਵੀ ਮਿਸ਼ਨ ਦੇ ਪ੍ਰਚਾਰ ਲਈ ਚੰਦਾ ਦੇਣ ਲੱਗਾ। ਅੰਗਰੇਜ਼ੀ ਸਰਕਾਰ ਨੇ ਸ. ਦਿਆਲ ਸਿੰਘ ਮਜੀਠੀਏ ਨੂੰ ਪ੍ਰੇਰ ਕੇ ਮਿਸ਼ਨਰੀਆਂ ਦੇ ਕੰਮ ਲਈ ਅੰਮ੍ਰਿਤਸਰ ਵਿਚ ਇਕ ਬਾਗ ਅਤੇ ਮਜੀਠਾ ਪਿੰਡ ਵਿਚ ਇਕ ਗਿਰਜਾ ਘਰ ਖੋਲ੍ਹ ਦਿੱਤਾ ਪਰ ਪੰਜਾਬ ਵਿਚ ਈਸਾਈਅਤ ਦਾ ਪ੍ਰਚਾਰ ਉਨੀ ਤੇਜ਼ੀ ਨਾਲ ਨਾ ਹੋ ਸਕਿਆ, ਜਿਸਦੀ ਸਰਕਾਰ ਨੂੰ ਉਮੀਦ ਸੀ। ਪ੍ਰੋ. ਮੋਹਨ ਸਿੰਘ ਮਾਨ ਅਨੁਸਾਰ 1880 ਵਿਚ ਪੰਜਾਬੀ ਈਸਾਈਆਂ ਦੀ ਗਿਣਤੀ 501 ਸੀ। 1901 ਵਿਚ ਸਾਰੇ ਭਾਰਤ ਵਿਚ ਈਸਾਈ 71, 254 ਸਨ, ਜਿਨ੍ਹਾਂ ਵਿਚ 38, 513 ਭਾਰਤੀ ਈਸਾਈ ਸਨ।

ਸਵਾਮੀ ਦਯਾ ਨੰਦ 1877 ਦੀਆਂ ਗਰਮੀਆਂ ਵਿਚ ਪੰਜਾਬ ਆਏ ਅਤੇ ਉਸ ਤੋਂ ਹਿੰਦੂ ਅਤੇ ਸਿੱਖ ਦੋਵੇਂ ਹੀ ਬਹੁਤ ਪ੍ਰਭਾਵਤ ਹੋਏ। ਉਨ੍ਹਾਂ ਨੇ ਲਾਹੌਰ ਵਿਖੇ ਆਰੀਆ ਸਮਾਜ ਦੀ ਇਕ ਬ੍ਰਾਂਚ ਖੋਲ੍ਹ ਦਿੱਤੀ ਅਤੇ ਹਿੰਦੂ ਸਿੱਖਾਂ ਵਿਚ ਸ਼ੁਧੀਕਰਨ ਦੀ ਲਹਿਰ ਚਲਾ ਦਿੱਤੀ। ਸਵਾਮੀ ਦਯਾ ਨੰਦ ਨੇ ਆਪਣਾ ਪ੍ਰਸਿੱਧ ਗ੍ਰੰਥ 'ਸਤਿਆਰਥ ਪ੍ਰਕਾਸ਼' ਉਸ ਸਮੇਂ ਪੂਰਾ ਕੀਤਾ, ਜਿਸ ਵਿਚ ਉਨ੍ਹਾਂ ਨੇ ਵੇਦਾਂ ਦੀ ਉਸਤਤ ਕੀਤੀ ਅਤੇ ਦੂਜੇ ਧਰਮਾਂ ਦੇ ਪੈਗੰਬਰਾਂ ਦੀ ਨਿੰਦਿਆ ਕੀਤੀ। ਗੁਰੂ ਨਾਨਕ ਨੂੰ ਉਨ੍ਹਾਂ ਨੇ ਦੰਭੀ ਲਿਖਿਆ ਅਤੇ ਵੇਦਾਂ ਤੋਂ ਅਗਿਆਨੀ। ਬਾਕੀ ਦੇ ਆਰੀਆ ਸਮਾਜੀ ਵੀ ਇਹੋ ਬੋਲੀ ਬੋਲਣ ਲੱਗੇ। ਆਰੀਆ ਸਮਾਜੀਆਂ ਵਲੋਂ ਸਿੱਖ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੀਤੀ ਨਿੰਦਿਆ ਤੋਂ ਸਿੱਖ ਸਮਾਜ ਚੇਤੰਨ ਹੋ ਗਿਆ ਅਤੇ ਸਿੰਘ ਸਭਾ ਦੀ ਸਥਾਪਨਾ ਕੀਤੀ ਗਈ।

ਇਕ ਹੋਰ ਵੱਡਾ ਕਾਰਨ ਇਹ ਹੋਇਆ ਕਿ ਅੰਗਰੇਜ਼ ਸਰਕਾਰ ਦੇ ਇਕ ਹਿੰਦੂ ਤਨਖ਼ਾਹਦਾਰ ਏਜੰਟ ਸ਼ਰਧਾ ਰਾਮ ਫਿਲੌਰੀ ਨੇ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਸਿੱਖ ਗੁਰੂ ਸਾਹਿਬਾਨ ਦੇ ਵਿਰੁੱਧ ਮੰਦੇ ਸ਼ਬਦਾਂ ਦੀ ਵਰਤੋਂ ਕੀਤੀ। ਸ਼ਰਧਾ ਰਾਮ ਫਿਲੌਰੀ ਤੋਂ ਅੰਗਰੇਜ਼ ਅਫਸਰਾਂ ਨੇ ਦੋ ਪੁਸਤਕਾਂ 'ਪੰਜਾਬੀ ਬਾਤ-ਚੀਤ' ਅਤੇ 'ਸਿੱਖਾਂ ਦੇ ਰਾਜ ਦੀ ਵਿੱਥਿਆ' ਲਿਖਵਾਈਆਂ ਸਨ ਅਤੇ ਉਸਨੇ ਹਿੰਦੂ ਲੋਕਾਂ ਲਈ 'ਜੈ ਜਗਦੀਸ਼ ਹਰੇ' ਨਾਂ ਦੀ ਪ੍ਰਸਿੱਧ ਦੈਨਿਕ ਆਰਤੀ ਲਿਖੀ ਸੀ। ਇਸ ਤੋਂ ਇਲਾਵਾ ਨਿਰੰਕਾਰੀ ਤੇ ਨਾਮਧਾਰੀ ਲਹਿਰਾਂ ਨੇ ਵੀ ਸਿੰਘ ਸਭਾ ਲਹਿਰ ਦੀ ਸਥਾਪਨਾ ਲਈ ਪਿਛੋਕੜ ਤਿਆਰ ਕੀਤਾ। ਇਨ੍ਹਾਂ ਤੋਂ ਵੀ ਮਹੱਤਵਪੂਰਨ ਦੋ ਹੋਰ ਕਾਰਨ ਸਨ ਜਿਨ੍ਹਾਂ ਵਿਚ ਇਕ ਜਰਮਨ ਵਿਦਵਾਨ ਟਰੰਪ ਵਲੋਂ ਸਿੱਖਾਂ ਦੇ ਅਗਲੀ ਸਦੀ ਵਿਚ ਅਲੋਪ ਹੋ ਜਾਣ ਦੀ ਟਿੱਪਣੀ ਅਤੇ ਵੇਦਾਂ ਦੇ ਪ੍ਰਚਾਰਕ, ਸਵਾਮੀ ਦਯਾ ਨੰਦ ਸਰਸਵਤੀ ਵਲੋਂ ਲਾਹੌਰ ਵਿਚ ਆਰੀਆ ਸਮਾਜ ਦੀ ਇਕ ਬ੍ਰਾਂਚ ਸਥਾਪਿਤ ਕਰਨਾ ਸੀ, ਜਿਨ੍ਹਾਂ ਵਲੋਂ ਆਪਣੇ ਗ੍ਰੰਥ 'ਸਤਿਆਰਥ ਪ੍ਰਕਾਸ਼' ਵਿਚ ਗੁਰੂ ਨਾਨਕ ਦੇਵ ਜੀ ਅਤੇ ਸਿੱਖ ਗੁਰੂ ਸਾਹਿਬਾਂ ਵਿਰੁੱਧ ਦਿੱਤੀਆਂ ਟਿੱਪਣੀਆਂ ਸਿੱਖ ਬੁੱਧੀਜੀਵੀਆਂ ਵਲੋਂ ਆਪਣੇ ਧਰਮ ਦੀ ਰਾਖੀ ਲਈ ਸਿੰਘ ਸਭਾ ਦੇ ਰੂਪ ਵਿਚ ਸੰਗਠਿਤ ਹੋਣ ਦਾ ਕਾਰਨ ਬਣੀਆਂ। ਇਸ ਤਰ੍ਹਾਂ ਦਾ ਵਾਤਾਵਰਣ ਤਿਆਰ ਹੋ

ਗਿਆ ਸੀ ਕਿ ਸਿੱਖ ਕੁਝ ਕਰਨ ਲਈ ਤੇ ਕੋਈ ਇਸ ਤਰ੍ਹਾਂ ਦੀ ਸੰਸਥਾ ਬਣਾਉਣ ਲਈ ਉਤਸ਼ਾਹਿਤ ਹੋ ਗਏ, ਜੋ ਸਿੱਖ ਪੰਥ ਦੇ ਅਧਿਕਾਰਾਂ ਦੀ ਰਾਖੀ ਕਰੇ।

ਬਰਤਾਨੀਆ ਦੇ ਇੰਡੀਆ ਆਫਿਸ ਨੇ ਇਕ ਜਰਮਨ ਭਾਸ਼ਾ ਵਿਗਿਆਨੀ ਅਰਨਸ ਟਰੰਪ ਨੂੰ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਕਰਨ ਦਾ ਕੰਮ ਸੌਂਪਿਆ। ਡਾ. ਟਰੰਪ 1870 ਵਿਚ ਲਾਹੌਰ ਪੁੱਜਾ ਅਤੇ ਵੇਖਿਆ ਕਿ ਸਿੱਖ ਸਮਾਜ ਇਕ ਪਾਟਿਆ ਹੋਇਆ ਸਮਾਜ ਹੈ। ਗੁਰਮਤਿ ਦੇ ਸਿਧਾਂਤ ਦੇ ਨੈਣ-ਨਕਸ਼ ਬਾਰੇ ਹਾਲੇ ਵੀ ਵਿਵਾਦ ਚੱਲ ਰਿਹਾ ਹੈ। ਉਸਨੂੰ ਪ੍ਰਤੀਤ ਹੋਇਆ ਕਿ ਤਤਕਾਲੀਨ ਗਿਆਨੀ ਤੇ ਗ੍ਰੰਥੀ 'ਆਦਿ ਗ੍ਰੰਥ' ਦਾ ਅਨੁਵਾਦ ਕਰਨ ਵਿਚ ਕੋਈ ਸਹਾਇਤਾ ਕਰਨ ਦੇ ਯੋਗ ਨਹੀਂ ਸਨ। ਹਰਿਮੰਦਰ ਸਾਹਿਬ ਦੇ ਗ੍ਰੰਥੀ, ਟਰੰਪ ਵਲੋਂ 'ਆਦਿ ਗ੍ਰੰਥ' ਦੇ ਪੰਨੇ ਵੇਖਦਿਆਂ, ਉਸਦੇ ਸਿਗਾਰ ਪੀਣ ਤੋਂ ਚਿੜ੍ਹਦੇ ਸਨ। ਇਕ ਮਿਸ਼ਨਰੀ ਅਤੇ ਮਿਹਨਤੀ ਸੁਸਿੱਖਅਤ ਭਾਸ਼ਾ ਵਿਗਿਆਨੀ ਵਜੋਂ ਆਪਣੀ ਹਉਮੈ ਕਾਰਨ ਉਹ ਸਮਝਦਾ ਸੀ ਕਿ ਉਹ ਉਨ੍ਹਾਂ ਲੋਕਾਂ ਨਾਲੋਂ, ਜਿਹੜੇ ਲੋਕ ਇਸਦਾ ਸਤਿਕਾਰ ਕਰਦੇ ਹਨ, ਗੁਰੂ ਗ੍ਰੰਥ ਸਾਹਿਬ ਦੇ ਅਰਥ ਵਧੇਰੇ, ਚੰਗੀ ਤਰ੍ਹਾਂ ਨਾਲ ਜਾਣਦਾ ਸੀ। 18 ਮਹੀਨੇ ਉਹ ਆਪਣੇ ਉਨ੍ਹਾਂ ਹਿੰਦੂ ਸਹਾਇਕਾਂ ਨਾਲ ਅਨੁਵਾਦ ਦੇ ਕੰਮ ਉਤੇ ਜੁਟਿਆ ਰਿਹਾ ਜਿਹੜੇ ਗੁਰਮਤਿ ਦੇ ਕੱਟੜ ਵਿਰੋਧੀ ਸਨ। ਓਰੀਐਂਟਲ ਸੁਸਾਇਟੀ ਅਤੇ ਅੰਜੁਮਨ-ਏ-ਪੰਜਾਬ ਦੀ ਸਹਾਇਤਾ ਨਾਲ ਉਸਨੇ ਆਦਿ ਗ੍ਰੰਥ ਦਾ ਤੀਜਾ ਹਿੱਸਾ ਅਨੁਵਾਦ ਕਰ ਲਿਆ ਜਿਹੜਾ ਉਸਨੇ 1877 ਵਿਚ ਪ੍ਰਕਾਸ਼ਿਤ ਕੀਤਾ।

ਆਪਣੇ ਹਿੰਦੂ ਸਹਿਯੋਗੀਆਂ ਦੇ ਪ੍ਰਭਾਵ ਅਧੀਨ ਅਤੇ ਗ੍ਰੰਥੀਆਂ ਤੇ ਗਿਆਨੀਆਂ ਵਿਰੁੱਧ ਘ੍ਰਿਣਾ ਕਾਰਨ ਉਸਨੇ ਸਿੱਖਾਂ ਪ੍ਰਤੀ ਚੁੱਭਵੀਆਂ ਅਤੇ ਹੱਤਕ ਭਰੀਆਂ ਟਿੱਪਣੀਆਂ ਕੀਤੀਆਂ। ਉਸਨੇ ਦੋ ਧਾਰਨਾਵਾਂ ਉੱਤੇ ਕੰਮ ਕੀਤਾ। ਇਕ ਇਹ ਕਿ 'ਸਿੱਖ ਹਿੰਦੂ ਸਨ' ਅਤੇ ਜੇਕਰ ਉਹ ਹਿੰਦੂ ਨਹੀਂ ਵੀ ਹਨ ਤਾਂ ਸਿੱਖ ਮੱਤ ਇਕ ਮਰ ਰਿਹਾ ਧਰਮ ਹੈ, ਜਿਹੜਾ ਹਿੰਦੂ ਧਰਮ ਦੀ ਘਾਤਕ ਪਕੜ ਵਿਚ ਆ ਚੁੱਕਾ ਹੈ ਜਾਂ ਛੇਤੀ ਹੀ ਆ ਜਾਵੇਗਾ। ਡਾ. ਐਨ. ਜੀ. ਬੈਰੀਅਰ ਨੇ ਡਾ. ਟਰੰਪ ਬਾਰੇ ਇਉਂ ਲਿਖਿਆ ਹੈ:

ਗੁਰਮਤਿ ਇਕ ਖ਼ਤਮ ਹੋ ਰਿਹਾ ਧਰਮ ਹੈ, ਜਿਹੜਾ ਛੇਤੀ ਹੀ ਇਤਿਹਾਸ ਦਾ ਭਾਗ ਬਣ ਜਾਵੇਗਾ।[36]

ਡਾ. ਟਰੰਪ ਨੇ ਜਿਹੜਾ ਭੜਕਾਊ ਮੁੱਲਾਂਕਣ ਕੀਤਾ ਉਸਨੇ ਮਗਰੋਂ ਸਿੱਖ ਪੁਨਰ-ਸੁਰਜੀਤੀ ਵਾਦੀਆਂ ਨੂੰ ਉਤੇਜਿਤ ਕਰ ਦਿੱਤਾ। ਮਿਸਾਲ ਵਜੋਂ, ਉਸਨੇ ਜਨਮਸਾਖੀ (ਗੁਰ-ਜੀਵਨੀ) ਸਾਹਿਤ ਨੂੰ ਮਿਥਿਹਾਸ ਕਹਿ ਕੇ ਰੱਦ ਕਰ ਦਿੱਤਾ ਅਤੇ ਗੁਰੂ ਗੋਬਿੰਦ ਸਿੰਘ ਦੇ ਦੁਰਗਾ ਪੂਜਾ ਉਤੇ ਬਹਿਸ ਕੀਤੀ ਕਿ ਗੁਰੂ ਨੇ ਜ਼ਾਤ-ਪਾਤ ਨੂੰ ਮੰਨਿਆ ਸੀ ਅਤੇ ਬ੍ਰਾਹਮਣਾਂ ਦੀਆਂ ਸੇਵਾਵਾਂ ਪੂਜਾ ਦੀਆਂ ਰਸਮਾਂ ਵਿਚ ਪ੍ਰਾਪਤ ਕੀਤੀਆਂ ਸਨ। ਸੰਖੇਪ ਵਿਚ ਡਾ. ਟਰੰਪ ਨੇ ਅਜਿਹਾ ਮਸਾਲਾ ਪੈਦਾ ਕੀਤਾ ਜਿਹੜਾ ਸਿੱਖ ਮੱਤ ਬਾਰੇ ਹਿੰਦੂ ਅਤੇ ਆਰੀਆ ਸਾਹਿਤ ਵਿਚ ਦਿਨ ਦਹਾਕੇ ਵਰਤਿਆ ਜਾਂਦਾ ਰਿਹਾ।

ਡਾ. ਟਰੰਪ ਦਾ ਅਨੁਵਾਦ ਹਾਲੇ ਪੰਜ ਸਾਲ ਮਗਰੋਂ 1877 ਵਿਚ ਛਪਣਾ ਸੀ ਪਰ 1872 ਵਿਚ ਉਸਦੇ ਹਿੰਦੂ ਸਹਿਯੋਗੀਆਂ ਨੇ ਸਿੱਖ ਮੱਤ ਉੱਤੇ ਖੁਲ੍ਹੇਆਮ ਹਮਲੇ ਸ਼ੁਰੂ ਕਰ ਦਿੱਤੇ ਅਤੇ ਸਿੱਖ ਗੁਰੂਆਂ ਨੂੰ ਨਿੰਦਣਾ ਸ਼ੁਰੂ ਕਰ ਦਿੱਤਾ। ਇਕ ਪਾਸੇ ਅੰਮ੍ਰਿਤਸਰ ਵਿਚ 'ਗੁਰੂ ਕੇ ਬਾਗ' ਵਿਚ ਸ਼ਰਧਾ ਰਾਮ ਫਿਲੌਰੀ ਗੁਰੂ ਨਾਨਕ ਵਿਰੁੱਧ ਹਮਲੇ ਕਰ ਰਿਹਾ ਸੀ ਅਤੇ ਦੂਜੇ ਪਾਸੇ ਕੁਝ ਈਸਾਈ ਮਿਸ਼ਨਰੀ, ਮਿਸ਼ਨ ਸਕੂਲ ਵਿਚੋਂ ਸਿੱਖ ਵਿਦਿਆਰਥੀਆਂ ਨੂੰ ਈਸਾਈ ਬਣਾਉਣ ਦਾ ਯਤਨ ਕਰ ਰਹੇ ਸਨ। ਇਸ ਤੋਂ ਚਿੰਤਤ ਹੋ ਕੇ ਅੰਮ੍ਰਿਤਸਰ ਦੇ ਕੁਝ ਪਤਵੰਤੇ ਸੱਜਣਾਂ ਨੇ ਗੁਰੂ ਕੇ ਬਾਗ ਵਿਚ ਇਕ ਇਤਿਹਾਸਕ ਸੰਮੇਲਨ ਕੀਤਾ ਜਿਸ ਵਿਚ ਉਨ੍ਹਾਂ ਨੇ 'ਸ਼੍ਰੀ ਗੁਰੂ ਸਿੰਘ ਸਭਾ' ਨਾਂ ਦੀ ਸੁਸਾਇਟੀ ਬਣਾਉਣ ਦਾ ਫੈਸਲਾ ਕੀਤਾ। ਜਿਸਦਾ ਪ੍ਰਧਾਨ ਸ. ਠਾਕਰ ਸਿੰਘ ਸੰਧਾਵਾਲੀਆ ਅਤੇ ਸਕੱਤਰ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਨੂੰ ਬਣਾਇਆ ਗਿਆ ਜਿਸ ਤੋਂ ਸਿੰਘ ਸਭਾ ਅੰਦੋਲਨ ਦਾ ਜਨਮ ਹੋਇਆ। ਇਸ ਪਹਿਲੀ ਇਕੱਤਰਤਾ ਵਿਚ ਹੋਰ ਪਤਵੰਤੇ ਸਿੱਖਾਂ ਵਿਚ ਸ਼ਾਮਿਲ ਸਨ - ਕੰਵਰ ਬਿਕਰਮ ਸਿੰਘ ਕਪੂਰਥਲਾ, ਬਾਬਾ ਖ਼ੇਮ ਸਿੰਘ ਬੇਦੀ ਅਤੇ ਗਿਆਨੀ ਗਿਆਨ ਸਿੰਘ। ਅੰਮ੍ਰਿਤਸਰ ਸਿੰਘ ਸਭਾ ਦੀ ਉਦਘਾਟਨੀ ਇਕੱਤਰਤਾ ਦੁਸਹਿਰੇ ਵਾਲੇ ਦਿਨ ਪਹਿਲੀ ਅਕਤੂਬਰ 1873 ਨੂੰ ਮੰਜੀ ਸਾਹਿਬ ਵਿਖੇ ਹੋਈ ਜਿਸ ਵਿਚ ਪੁਜਾਰੀਆਂ,

ਮਹੰਤਾਂ, ਗਿਆਨੀਆਂ, ਨਿਰਮਲੇ ਸੰਤਾਂ ਅਤੇ ਉੱਘੇ ਸਿੱਖ ਸਰਦਾਰਾਂ ਨੇ ਭਾਗ ਲਿਆ। ਚਾਰ ਤਖ਼ਤਾਂ ਤੋਂ ਪ੍ਰਾਪਤ ਕੀਤੇ ਗਏ ਹੁਕਮਨਾਮੇ ਅਤੇ ਇਤਿਹਾਸਕ ਗੁਰਦੁਆਰਿਆਂ ਤੋਂ ਪ੍ਰਾਪਤ ਕੀਤੇ ਸਮਰਥਨ ਤੋਂ ਇਸ ਲਹਿਰ ਦੀ ਵਿਸ਼ਾਲਤਾ ਦਾ ਪਤਾ ਲਗਦਾ ਹੈ।

**ਸਿੰਘ ਸਭਾ ਲਾਹੌਰ ਦੀ ਸਥਾਪਨਾ:**

ਅੰਮ੍ਰਿਤਸਰ ਦੀ ਸਿੰਘ ਸਭਾ ਦਾ ਨੇਤਾ ਬਾਬਾ ਖ਼ੇਮ ਸਿੰਘ ਬੇਦੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਗੱਦੀ ਲਗਾ ਕੇ ਬੈਠਦਾ ਸੀ। ਪ੍ਰੋ. ਗੁਰਮੁਖ ਸਿੰਘ ਇਨ੍ਹਾਂ ਸੋਢੀਆਂ, ਬੇਦੀਆਂ ਦੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਗੁਰ-ਗੱਦੀਆਂ ਲਗਾ ਕੇ ਬੈਠਣ ਦੇ ਵਿਰੁੱਧ ਸਨ ਤੇ ਇਸ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੱਤਕ ਸਮਝਦੇ ਸਨ। ਇਸ ਕੁਰੀਤੀ ਦਾ ਸੁਧਾਰ ਕਰਨ ਲਈ ਉਸਨੇ ਕਈ ਵਾਰ ਲੇਖ ਵੀ ਲਿਖੇ ਸਨ। ਉਸਦੇ ਇਸ ਪ੍ਰਚਾਰ ਨੂੰ ਮੱਧਮ ਪਾਉਣ ਲਈ ਬਾਬਾ ਖ਼ੇਮ ਸਿੰਘ ਜੀ ਦੀ ਪਾਰਟੀ ਨੇ ਉਸਨੂੰ ਅਕਾਲ ਤਖ਼ਤ ਸਾਹਿਬ ਤੋਂ ਛੇਕਿਆ, ਜਿਸ ਤਰ੍ਹਾਂ ਜਰਮਨੀ ਦੇ ਵਿਦਵਾਨ ਮਾਰਟਿਨ ਲੂਥਰ ਨੂੰ ਪੋਪ ਨੇ ਈਸਾਈਅਤ ਤੋਂ ਛੇਕ ਦਿੱਤਾ ਸੀ। ਬਹਾਨਾ ਇਹ ਲਾਇਆ ਕਿ ਭਾਈ ਗੁਰਮੁਖ ਸਿੰਘ ਨੇ 'ਸੁਧਾਰਕ' ਰਸਾਲੇ ਵਿਚ ਗੁਰ ਘਰ ਦੇ ਅਕੀਦੇ ਤੋਂ ਵਿਰੁੱਧ ਗੱਲਾਂ ਲਿਖੀਆਂ ਹਨ। ਉਕਤ ਵਿਰੋਧ ਦਾ ਫਲ ਇਹ ਹੋਇਆ ਕਿ 1879 ਵਿਚ ਲਾਹੌਰ ਵਿਖੇ 'ਲਾਹੌਰ ਸਿੰਘ ਸਭਾ' ਕਾਇਮ ਕੀਤੀ ਗਈ। ਪ੍ਰੋ. ਗੁਰਮੁਖ ਸਿੰਘ ਨੇ ਅੰਮ੍ਰਿਤਸਰ ਦੇ ਖ਼ਾਲਸਾ ਦੀਵਾਨ ਦੇ ਸੈਕਟਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਭਾਵੇਂ ਅੰਮ੍ਰਿਤਸਰ ਦੀ ਸਿੰਘ ਸਭਾ ਚਲਦੀ ਰਹੀ ਪਰ ਇਸਦੀ ਰੂਹ ਨਿਕਲ ਚੁਕੀ ਸੀ। ਰਾਜਾ ਸਾਹਿਬ ਫਰੀਦਕੋਟ ਅਤੇ ਖ਼ੇਮ ਸਿੰਘ ਬੇਦੀ ਨੇ ਪੈਸੇ (ਸਰਮਾਏ) ਦੇ ਜ਼ੋਰ ਨਾਲ ਇਸ ਨੂੰ ਜਿਉਂਦਾ ਰੱਖਣ ਦਾ ਯਤਨ ਕੀਤਾ। ਪਰੰਤੂ ਸਰਗਰਮ ਵਰਕਰ ਅੱਡ ਹੋ ਜਾਣ ਕਰਕੇ ਇਸਦੀ ਜਥੇਬੰਦੀ ਕਮਜ਼ੋਰ ਪੈ ਗਈ। ਇਸ ਸਭਾ ਦੀ ਮੰਦੀ ਹਾਲਤ ਦਾ ਖੁਸ਼ਵੰਤ ਸਿੰਘ ਦੀ ਹੇਠ ਲਿਖੀ ਟਿਪਣੀ ਤੋਂ ਸਹਿਜੇ ਹੀ ਪਤਾ ਲਗ ਜਾਂਦਾ ਹੈ:

> 1879 ਵਿਚ ਲਾਹੌਰ ਵਿਖੇ ਸਿੰਘ ਸਭਾ ਸਥਾਪਿਤ ਕਰਨ ਵਾਲੇ ਸਿੱਖਾਂ ਵਿਚ ਮੱਧ ਵਰਗ ਦੇ ਪੜ੍ਹੇ ਲਿਖੇ ਅਤੇ ਉਦਮੀ ਸਿੱਖ ਸ਼ਾਮਿਲ ਸਨ। ਉਸ ਸਮੇਂ ਦੇ ਪੰਜਾਬ ਦੇ ਗਵਰਨਰ ਸਰ ਰਾਬਰਟ

ਇਲੀਐਸ ਇਜੈਰਟਨ (Sir Robert Elyes Egerton) ਇਸਦੇ ਸਰਪ੍ਰਸਤ ਬਣੇ। ਜਿਸਨੇ ਵਾਇਸਰਾਏ ਹਿੰਦ, ਲਾਰਡ ਲੈਂਡਸ ਡਾਉਨ ਨੂੰ ਸਿੰਘ ਸਭਾ ਦੀ ਸਹਾਇਤਾ ਕਰਨ ਲਈ ਪ੍ਰੇਰਿਆ।[37]

**ਸਿੰਘ ਸਭਾ ਲਹਿਰ ਦੇ ਵੱਖ-ਵੱਖ ਪੜਾਅ:**

ਸ੍ਰੀ ਠਾਕਰ ਸਿੰਘ ਸੰਧਾਵਾਲੀਏ ਨੇ ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਸ. ਮਈਆ ਸਿੰਘ ਅਤੇ ਭਾਈ ਜਵਾਹਰ ਸਿੰਘ ਦੀ ਸਹਾਇਤਾ ਨਾਲ ਅੰਮ੍ਰਿਤਸਰ ਦੀ ਸਿੰਘ ਸਭਾ ਨੂੰ ਸੁਰਜੀਤ ਕੀਤਾ। ਇਨ੍ਹਾਂ ਦੇ ਸਾਂਝੇ ਯਤਨਾਂ ਦੇ ਨਤੀਜੇ ਵਜੋਂ ਪੰਜਾਬ ਯੂਨੀਵਰਸਿਟੀ, ਓਰੀਐਂਟਲ ਕਾਲਜ ਵਿਚ 1877 ਵਿਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਸ਼ੁਰੂ ਕੀਤੀ ਗਈ ਤੇ ਪ੍ਰੋ. ਗੁਰਮੁਖ ਸਿੰਘ ਨੂੰ ਇਸ ਕੰਮ ਲਈ ਨਿਯੁਕਤ ਕੀਤਾ ਗਿਆ। ਅੰਮ੍ਰਿਤਸਰ ਦੀ ਸਿੰਘ ਸਭਾ, ਸੰਧਾਵਾਲੀਏ ਦੇ ਕੰਟਰੋਲ ਅਧੀਨ ਰਹੀ। ਇਸ ਤੋਂ ਬਾਅਦ ਸੰਨ 1879 ਵਿਚ ਲਾਹੌਰ ਦੀ ਸਿੰਘ ਸਭਾ ਦੀ ਨੀਂਹ ਰੱਖੀ ਗਈ। ਕਈ ਸਰਕਾਰੀ ਕਰਮਚਾਰੀ ਇਸ ਸਭਾ ਦੇ ਮੈਂਬਰ ਸਨ। 1880 ਈ. ਵਿਚ ਪ੍ਰੋ. ਗੁਰਮੁਖ ਸਿੰਘ ਨੇ ਪਹਿਲੀ ਪੰਜਾਬੀ ਹਫ਼ਤਾਵਾਰ ਗੁਰਮੁਖੀ ਅਖ਼ਬਾਰ ਲਾਹੌਰ ਤੋਂ ਕੱਢਣੀ ਸ਼ੁਰੂ ਕੀਤੀ ਅਤੇ ਪੰਜਾਬ ਦੇ ਦੂਜੇ ਭਾਗਾਂ ਵਿਚ ਧਰਮ ਪ੍ਰਚਾਰ ਦਾ ਕੰਮ ਆਰੰਭ ਕੀਤਾ। ਨਤੀਜੇ ਵਜੋਂ ਪ੍ਰਾਂਤ ਦੇ ਹੋਰ ਕਈ ਸ਼ਹਿਰਾਂ ਵਿਚ ਸਿੰਘ ਸਭਾਵਾਂ ਬਣੀਆਂ। ਲਾਹੌਰ ਅਤੇ ਅੰਮ੍ਰਿਤਸਰ ਦੀ ਸਿੰਘ ਸਭਾ ਦੇ ਮੈਂਬਰਾਂ ਵਿਚ ਕਈ ਮਾਮਲਿਆਂ ਅਤੇ ਵਿਚਾਰਧਾਰਾ ਵਿਚ ਮਤਭੇਦ ਸੀ। ਅੰਮ੍ਰਿਤਸਰ ਦੀ ਸਿੰਘ ਸਭਾ ਨੇ ਸਹਿਜਧਾਰੀ ਸਿੱਖਾਂ ਨੂੰ ਵੀ ਮੈਂਬਰ ਬਣਾ ਲਿਆ। ਇਸਦੇ ਉਲਟ ਲਾਹੌਰ ਦੀ ਸਿੰਘ ਸਭਾ ਨੇ ਗੁਰੂ ਗੋਬਿੰਦ ਸਿੰਘ ਵਲੋਂ ਨਿਸ਼ਚਿਤ ਕੀਤੇ ਗਏ ਪੰਜ ਕੱਕੇ ਰੱਖਣ ਤੇ ਜ਼ੋਰ ਦਿੱਤਾ ਅਤੇ ਸਹਿਜਧਾਰੀਆਂ ਨੂੰ ਇਸ ਸਭਾ ਦੇ ਮੈਂਬਰ ਬਣਾਉਣ ਤੋਂ ਇਨਕਾਰ ਕਰ ਦਿੱਤਾ। ਲਾਹੌਰ ਦੀ ਸਿੰਘ ਸਭਾ ਨੇ ਬਹੁਤ ਸਾਰੇ ਮੁਸਲਮਾਨਾਂ ਨੂੰ ਸਿੱਖ ਧਰਮ ਧਾਰਨ ਕਰਵਾ ਕੇ ਇਸ ਲਹਿਰ ਵਿਚ ਸ਼ਾਮਿਲ ਕਰ ਲਿਆ ਪਰ ਅੰਮ੍ਰਿਤਸਰ ਦੀ ਸਿੰਘ ਸਭਾ ਇਸ ਗੱਲ ਦੇ ਵਿਰੁੱਧ ਸੀ ਅਤੇ ਉਹ ਸਮਝਦੀ ਸੀ ਕਿ ਮੁਸਲਮਾਨਾਂ ਦੇ ਮੁਕਾਬਲੇ ਵਿਚ ਹਿੰਦੂ-ਸਿੱਖਾਂ ਦੇ ਜ਼ਿਆਦਾ ਨੇੜੇ ਸਨ। ਇਸ ਕਰਕੇ ਸਿੱਖ

ਗੁਰਦੁਆਰਿਆਂ ਦੇ ਪੁਜਾਰੀ ਜਿਹੜੇ ਉਦਾਸੀ ਫ਼ਿਰਕਿਆਂ ਨਾਲ ਸੰਬੰਧ ਰਖਦੇ ਸਨ, ਨੇ ਅੰਮ੍ਰਿਤਸਰ ਸਿੰਘ ਸਭਾ ਦੀ ਵਿਚਾਰਧਾਰਾ ਦਾ ਪੱਖ ਲਿਆ। ਅੰਮ੍ਰਿਤਸਰ ਤੇ ਲਾਹੌਰ ਦੀ ਸਿੰਘ ਸਭਾ ਦੀ ਆਪਸੀ ਵਿਰੋਧਤਾ ਦੇ ਕਾਰਨ ਸੁਧਾਰ ਦੇ ਕੰਮ ਵਿਚ ਬੜੀ ਭਾਰੀ ਰੁਕਾਵਟ ਆਈ। ਨਤੀਜੇ ਵਜੋਂ ਕੁਝ ਜੋਸ਼ੀਲੇ ਲੀਡਰਾਂ ਨੇ ਮਹਿਸੂਸ ਕੀਤਾ ਕਿ ਸਾਰੀਆਂ ਸਿੰਘ ਸਭਾਵਾਂ ਨੂੰ ਇਕ ਸਾਂਝੇ ਪਲੇਟ-ਫਾਰਮ ਤੇ ਇਕੱਠਿਆਂ ਖੜ੍ਹੇ ਹੋ ਕੇ ਧਰਮ ਪ੍ਰਚਾਰ ਦੇ ਕੰਮ ਨੂੰ ਉਤਸ਼ਾਹ ਦੇਣਾ ਚਾਹੀਦਾ ਹੈ। ਨਤੀਜੇ ਵਜੋਂ ਸੰਨ 1883 ਈ. ਵਿਚ 'ਖ਼ਾਲਸਾ ਦੀਵਾਨ ਅੰਮ੍ਰਿਤਸਰ' ਦੀ ਨੀਂਹ ਰੱਖੀ ਗਈ, ਜਿਸਨੇ 37 ਸਿੰਘ ਸਭਾਵਾਂ ਨੂੰ ਸਾਂਝੇ ਤੌਰ ਤੇ ਆਪਣੇ ਕੰਟਰੋਲ ਵਿਚ ਕਰ ਲਿਆ।

**ਖ਼ਾਲਸਾ ਦੀਵਾਨ:**

ਖ਼ਾਲਸਾ ਦੀਵਾਨ ਦੀ ਕਾਰਜ ਵਿਧੀ ਲਈ ਕੋਈ ਠੋਸ ਤੇ ਨਿਸ਼ਚਿਤ ਨਿਯਮ ਨਾ ਹੋਣ ਦੇ ਕਾਰਨ ਇਹ ਕੋਈ ਸਥਾਈ ਜਮਾਤ ਨਾ ਬਣ ਸਕਿਆ। ਅੰਮ੍ਰਿਤਸਰ ਦੇ ਲੀਡਰਾਂ ਨੇ ਸੁਝਾਅ ਦਿੱਤਾ ਕਿ ਸਾਰੀਆਂ ਸਿੰਘ ਸਭਾਵਾਂ ਦਾ ਨਾਮ ਬਦਲ ਕੇ 'ਸਿੱਖ ਸਿੰਘ ਸਭਾ' ਰੱਖ ਲਿਆ ਜਾਵੇ ਤਾਂ ਕਿ ਸਹਿਜਧਾਰੀ ਸਿੱਖਾਂ ਨੂੰ ਸਿੰਘ ਸਭਾ ਵਿਚ ਸ਼ਾਮਿਲ ਕਰ ਲਿਆ ਜਾਵੇ ਪਰ ਲਾਹੌਰ ਸਿੰਘ ਸਭਾ ਜਿਸਨੂੰ ਕਈ ਸਿੰਘਾਂ ਦਾ ਬਹੁਮਤ ਪ੍ਰਾਪਤ ਸੀ, ਨੂੰ ਇਹ ਗੱਲ ਮਨਜ਼ੂਰ ਨਹੀਂ ਸੀ। ਬਾਬਾ ਖ਼ੇਮ ਸਿੰਘ ਬੇਦੀ, ਜੋ ਅੰਮਿਤਸਰ ਸਿੰਘ ਸਭਾ ਦਾ ਲੀਡਰ ਸੀ, ਖ਼ਾਲਸਾ ਦੀਵਾਨ ਨੂੰ ਆਪਣੇ ਅਧੀਨ ਕਰਨਾ ਚਾਹੁੰਦਾ ਸੀ। ਗੁਰੂ ਨਾਨਕ ਦੀ ਕੁਲ ਨਾਲ ਸੰਬੰਧਿਤ ਹੋਣ ਕਾਰਨ ਉਹ ਚਾਹੁੰਦਾ ਸੀ ਕਿ ਉਸਨੂੰ ਗੁਰੂ ਮੰਨਿਆ ਜਾਵੇ ਤੇ ਦਰਬਾਰ ਸਾਹਿਬ ਦੀ ਹਜ਼ੂਰੀ ਵਿਚ ਬੈਠਣ ਲਈ ਉਸਨੂੰ ਗਦੈਲਾ ਦਿੱਤਾ ਜਾਵੇ ਪਰ ਲਾਹੌਰ ਦੀ ਸਿੰਘ ਸਭਾ ਦੇ ਲੀਡਰਾਂ ਨੇ ਇਸ ਗੱਲ ਦੀ ਬੜੀ ਵਿਰੋਧਤਾ ਕੀਤੀ। ਅੰਮ੍ਰਿਤਸਰ ਦੀ ਸਿੰਘ ਸਭਾ ਦੇ ਲੀਡਰ ਅਮੀਰ ਘਰਾਣਿਆਂ ਨਾਲ ਸੰਬੰਧ ਰਖਦੇ ਸਨ। ਉਹ ਨੀਵੀਆਂ ਜਾਤਾਂ ਨਾਲ ਸੰਬੰਧਿਤ ਸਿੱਖਾਂ ਨੂੰ ਘਿਰਣਾ ਦੀ ਨਿਗਾਹ ਨਾਲ ਦੇਖਦੇ ਸਨ। ਇਸਦੇ ਉਲਟ ਲਾਹੌਰ ਦੀ ਸਭਾ ਦੇ ਲੀਡਰ ਲੋਕਤੰਤਰੀ ਸੁਭਾਅ ਦੇ ਸਨ ਤੇ ਛੂਤ-ਛਾਤ ਤੇ ਭੇਦ-ਭਾਵ ਦੇ ਵਿਰੁੱਧ ਸਨ। ਦੋਹਾਂ ਸਭਾਵਾਂ ਦਾ ਆਪਸੀ ਪਾੜਾ ਵਧਦਾ ਗਿਆ। ਨਤੀਜੇ ਵਜੋਂ 'ਖ਼ਾਲਸਾ ਦੀਵਾਨ ਲਾਹੌਰ' ਬਹੁਤ ਸਾਰੀਆਂ ਸਿੰਘ ਸਭਾਵਾਂ ਦੇ ਪ੍ਰਤੀਨਿਧ

ਇਕੱਤਰ ਕਰ ਕੇ, ਅਪ੍ਰੈਲ 11, ਸੰਨ 1886 ਨੂੰ ਸਾਜਿਆ ਗਿਆ।[38] ਬਹੁਤ ਸਾਰੀਆਂ ਸਭਾਵਾਂ ਨੇ ਖ਼ਾਲਸਾ ਦੀਵਾਨ ਅੰਮ੍ਰਿਤਸਰ ਦਾ ਸਾਥ ਛੱਡ ਦਿੱਤਾ ਤੇ ਅੰਮ੍ਰਿਤਸਰ ਖ਼ਾਲਸਾ ਦੀਵਾਨ ਨੂੰ ਬੜਾ ਭਾਰੀ ਧੱਕਾ ਲੱਗਾ। ਕੇਵਲ 7 ਸਿੰਘ ਸਭਾਵਾਂ ਹੀ ਇਸਦੇ ਨਾਲ ਰਹਿ ਗਈਆਂ। ਥੋੜ੍ਹੇ ਸਾਲਾਂ ਬਾਅਦ ਇਹ ਇਕ ਨਾਮ-ਮਾਤਰ ਸੰਸਥਾ ਰਹਿ ਗਈ। ਅੰਮ੍ਰਿਤਸਰ, ਫਰੀਦਕੋਟ ਅਤੇ ਰਾਵਲਪਿੰਡੀ ਲਾਹੌਰ ਖ਼ਾਲਸਾ ਦੀਵਾਨ ਦੇ ਸਰਪ੍ਰਸਤ, ਗਵਰਨਰ ਪੰਜਾਬ ਤੇ ਕਮਾਂਡਰ ਇਨ ਚੀਫ਼ ਹਿੰਦ ਬਣਾਏ ਗਏ। ਦੋਹਾਂ ਦੀਵਾਨਾਂ ਦੇ ਆਪਸੀ ਮਤ-ਭੇਦ ਦੇ ਕਾਰਣ ਸਿੰਘ ਸਭਾ ਲਹਿਰ ਨੂੰ ਫਿਰ ਕਾਫ਼ੀ ਧੱਕਾ ਲੱਗਾ। ਇਨ੍ਹਾਂ ਵਿਚ ਏਕਤਾ ਪੈਦਾ ਕਰਨ ਲਈ ਢੇਰ ਯਤਨ ਕੀਤੇ ਗਏ। 30 ਨਵੰਬਰ, 1902 ਈ. ਨੂੰ 'ਚੀਫ ਖ਼ਾਲਸਾ ਦੀਵਾਨ' ਦੀ ਨੀਂਹ ਰੱਖੀ ਗਈ। ਇਸ ਨਾਲ ਇਸ ਲਹਿਰ ਦਾ ਇਕ ਨਵਾਂ ਪੜਾਅ ਸ਼ੁਰੂ ਹੋ ਗਿਆ। ਸ. ਸੁੰਦਰ ਸਿੰਘ ਮਜੀਠੀਆ, ਸ੍ਰ ਹਰਬੰਸ ਸਿੰਘ ਅਟਾਰੀ ਤੇ ਭਾਈ ਅਰਜਨ ਸਿੰਘ ਬਾਗੜੀਆ ਇਸ ਲਹਿਰ ਦੇ ਮੁਖੀਏ ਸਨ। ਸਿੱਖ ਪੰਥ ਦੇ ਅਗਾਂਹਵਧੂ ਤੇ ਪ੍ਰਮੁੱਖ ਧੜੇ ਦੀ ਅਗਵਾਈ ਕਰਨ ਵਾਲੇ ਇਹ ਵਿਅਕਤੀ ਲੋਕਤੰਤਰਿਕ ਵਿਚਾਰਾਂ ਦੇ ਹਮਾਇਤੀ ਸਨ ਜੋ ਸਾਮਾਜਿਕ ਸਮਾਨਤਾ ਵਿਚ ਵਿਸ਼ਵਾਸ ਰਖਦੇ ਸਨ, ਜ਼ਾਤ-ਬਰਾਦਰੀ ਦੀ ਭਿੰਨਤਾ ਤੇ ਗੁਰ-ਗੱਦੀ ਸਿਸਟਮ ਨੂੰ ਨਹੀਂ ਮੰਨਦੇ ਸਨ। ਹੁਣ ਚੀਫ ਖ਼ਾਲਸਾ ਦੀਵਾਨ ਸਿੰਘ ਸਭਾ ਲਹਿਰ ਦੀ ਜਿੰਦ-ਜਾਨ ਬਣ ਗਿਆ ਤੇ ਸਿੱਖ ਪੰਥ ਦੀ ਵਾਗਡੋਰ ਇਸਦੇ ਹੱਥ ਆ ਗਈ, ਇੰਝ ਦੀਵਾਨ ਬਹੁਤ ਹਰਮਨ ਪਿਆਰਾ ਹੋ ਗਿਆ। ਨਵੀਂ ਸੇਧ ਦੇਣ ਵਾਲੀ ਸੰਸਥਾ ਨੂੰ ਅੰਮ੍ਰਿਤਸਰ ਤੇ ਲਾਹੌਰ ਦੇ ਦੋਹਾਂ ਗਰੁੱਪਾਂ ਦੀ ਹਮਾਇਤ ਹਾਸਿਲ ਸੀ ਕਿਉਂਕਿ ਇਨ੍ਹਾਂ ਦੀ ਵਿਚਾਰਧਾਰਾ ਤੇ ਤਰੀਕੇ ਨਾ ਬਹੁਤੇ ਨਵੇਂ ਸਨ ਤੇ ਨਾ ਹੀ ਬਹੁਤੇ ਪਿਛਾਂਹ ਖਿੱਚੂ ਸਨ। ਇਸ ਸਭਾ ਦੇ ਨਿਮਨ ਲਿਖਤ ਉਦੇਸ਼ ਨਿਸ਼ਚਿਤ ਕੀਤੇ ਗਏ:

1. ਸਾਰੀਆਂ ਸਿੱਖ ਸੰਪਰਦਾਵਾਂ ਵਿਚ ਸਿੱਖੀ ਪਿਆਰ ਪੈਦਾ ਕਰਨਾ ਅਤੇ ਸਿੱਖਾਂ ਨੂੰ ਸਿੱਖੀ ਵਿਚ ਪ੍ਰਪੱਕ ਕਰਨਾ।
2. ਸਿੱਖ ਧਰਮ ਦੀ ਸ੍ਰੇਸ਼ਟਤਾ ਨੂੰ ਪ੍ਰਗਟ ਕਰਨਾ ਅਤੇ ਥਾਂ ਪੁਰ ਥਾਂ ਇਸ ਸ੍ਰੇਸ਼ਟ ਧਰਮ ਦੀ ਚਰਚਾ ਕਰਨੀ।

3. ਜਿਨ੍ਹਾਂ ਗ੍ਰੰਥਾਂ ਵਿਚ ਇਸ ਧਰਮ ਦੀ ਵਡਿਆਈ ਪਾਈ ਜਾਂਦੀ ਹੈ ਉਨ੍ਹਾਂ ਨੂੰ ਵੱਧ ਤੋਂ ਵੱਧ ਗਿਣਤੀ ਵਿਚ ਪ੍ਰਕਾਸ਼ਿਤ ਕਰਨਾ।
4. ਸੰਪਰਦਾਈ ਬਾਣੀ ਨੂੰ ਪ੍ਰਗਟ ਕਰਨਾ ਅਤੇ ਉਨ੍ਹਾਂ ਇਤਿਹਾਸਕ ਗ੍ਰੰਥਾਂ ਦੀ ਸੁਧਾਈ ਕਰਨਾ ਜਿਨ੍ਹਾਂ ਵਿਚ ਗੁਰਮਤਿ ਵਿਰੋਧੀ ਗੱਲਾਂ ਦਰਜ ਹਨ।
5. ਪੰਜਾਬੀ ਬੋਲੀ ਵਿਚ ਵਿੱਦਿਆ ਪੜ੍ਹਨ ਦਾ ਪ੍ਰਚਾਰ ਕਰਨਾ ਅਤੇ ਪੰਜਾਬੀ ਨੂੰ ਉੱਨਤ ਕਰਨ ਲਈ ਇਸ ਵਿਚ ਅਖ਼ਬਾਰਾਂ ਤੇ ਰਸਾਲੇ ਪ੍ਰਕਾਸ਼ਿਤ ਕਰਨੇ।
6. ਜੋ ਲੋਕ ਸਿੱਖ ਧਰਮ ਦੇ ਵਿਰੋਧੀ ਹਨ ਅਥਵਾ ਜਿਨ੍ਹਾਂ ਨੇ ਇਸਦੇ ਵਿਰੁੱਧ ਕੁਝ ਕਿਹਾ ਜਾਂ ਸੁਣਿਆ ਹੈ ਅਥਵਾ ਜੋ ਸਿੱਖ ਤਖ਼ਤਾਂ ਤੋਂ ਖਾਰਜ ਹਨ, ਉਹ ਆਪਣੀ ਭੁੱਲ ਬਖਸ਼ਾਏ ਤੋਂ ਬਿਨਾਂ ਅਤੇ ਦੁਬਾਰਾ ਸਿੱਖ ਧਰਮ ਵਿਚ ਸ਼ਾਮਿਲ ਹੋਏ ਬਿਨਾਂ ਸਿੰਘ ਸਭਾ ਲਹਿਰ ਦੇ ਮੈਂਬਰ ਨਹੀਂ ਬਣ ਸਕਦੇ।
7. ਵੱਡੇ ਮੁਰਾਤਬੇ ਵਾਲੇ ਅੰਗਰੇਜ਼ ਅਫ਼ਸਰ ਵਿੱਦਿਅਕ ਸ਼ਾਖ ਦੇ ਮੈਂਬਰ ਬਣ ਸਕਦੇ ਹਨ ਅਤੇ ਦੂਜੀਆਂ ਕੌਮਾਂ ਵਾਲੇ ਵੀ ਉਹ ਸੱਜਣ ਸਭਾ ਦੇ ਮੈਂਬਰ ਬਣ ਸਕਦੇ ਹਨ ਜਿਨ੍ਹਾਂ ਸੰਬੰਧੀ ਇਹ ਨਿਸ਼ਚਾ ਹੋ ਜਾਵੇ ਕਿ ਉਹ ਸਿੱਖ ਧਰਮ ਅਤੇ ਪੰਜਾਬੀ ਬੋਲੀ ਦੇ ਖ਼ੈਰ-ਖਾਹ (ਸ਼ੁਭ-ਚਿੰਤਕ) ਹਨ।
8. ਕਿਸੇ ਦੂਜੇ ਮੱਤ ਵਿਰੁੱਧ ਬਿਰਥਾ ਕਹਿਣਾ, ਸੁਣਨਾ ਜਾਂ ਲਿਖਣਾ ਸਿੰਘ ਸਭਾ ਦਾ ਮੰਤਵ ਨਹੀਂ।
9. ਸ੍ਰੀ ਗੁਰੂ ਸਿੰਘ ਸਭਾ ਦੀਆਂ ਮੀਟਿੰਗਾਂ ਵਿਚ ਸਰਕਾਰੀ ਮਾਮਲਿਆਂ ਤੇ ਬਹਿਸ ਨਹੀਂ ਹੋਵੇਗੀ।
10. ਕੌਮ ਦੀ ਉਨਤੀ, ਸਰਕਾਰ ਦੀ ਫ਼ਰਮਾ ਬਰਦਾਰੀ, ਸਿੱਖ ਧਰਮ ਨਾਲ ਪਿਆਰ, ਪੰਜਾਬੀ ਬੋਲੀ ਦਾ ਪ੍ਰਚਾਰ ਤੇ ਹਰ ਚੰਗੀ ਗੱਲ ਨੂੰ ਉਤਸ਼ਾਹ ਦੇਣਾ ਸਭਾ ਦੇ ਮੁੱਖ ਆਸ਼ੇ ਹਨ।[39]

ਇਨ੍ਹਾਂ ਖਾਸ ਆਦਰਸ਼ਾਂ ਨੂੰ ਸਾਹਮਣੇ ਰੱਖ ਕੇ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦਾ ਕੰਮ ਆਰੰਭ ਹੋਇਆ। ਖ਼ਾਲਸਾ ਦੀਵਾਨ ਸਿੰਘ ਸਭਾ ਦੇ ਅਧੀਨ ਸੀ ਇਸ ਕਰਕੇ ਇਨ੍ਹਾਂ ਜਥੇਬੰਦੀਆਂ

ਨੇ ਉਸ ਸਮੇਂ ਦੇ ਹਾਲਾਤ ਅਨੁਸਾਰ ਚੰਗਾ ਕੰਮ ਕੀਤਾ। ਖ਼ਾਸ ਕਰਕੇ ਸਿੱਖ ਧਰਮ ਵਿਰੁੱਧ ਹੋ ਰਹੇ ਪ੍ਰਚਾਰ ਦਾ ਮੂੰਹ ਤੋੜ ਉੱਤਰ ਦਿੱਤਾ ਅਤੇ ਸਿੱਖਾਂ ਵਿਰੁੱਧ ਪਾਈਆਂ ਜਾ ਰਹੀਆਂ ਗ਼ਲਤ ਫ਼ਹਿਮੀਆਂ ਨੂੰ ਦੂਰ ਕੀਤਾ।

**ਪ੍ਰਾਪਤੀਆਂ:**

ਸਿੰਘ ਸਭਾ ਲਹਿਰ ਨੇ ਸਿੱਖ ਪੰਥ ਦੀ ਸਾਮਾਜਿਕ ਤੇ ਧਾਰਮਿਕ ਬਣਤਰ ਵਿਚ ਬੜਾ ਹਿੱਸਾ ਪਾਇਆ। ਸਿੱਖਾਂ ਨੂੰ ਆਪਣੇ ਰੂਹਾਨੀ ਤੇ ਸਾਹਿਤਕ ਪਿਛੋਕੜ ਤੋਂ ਮੁੜ ਜਾਣੂ ਕਰਵਾਇਆ। ਇਸਦੇ ਨਾਲ ਹੀ ਉਨ੍ਹਾਂ ਨੂੰ ਬ੍ਰਾਹਮਣਾਂ ਦੇ ਸਾਮਾਜਿਕ ਤੇ ਧਾਰਮਿਕ ਬੰਧਨਾਂ ਤੋਂ ਮੁਕਤ ਕਰਵਾਉਣ ਦੀ ਕੋਸ਼ਿਸ਼ ਕੀਤੀ। ਗੁਰੂਆਂ ਦੇ ਦੱਸੇ ਅਨੁਸਾਰ ਇਨ੍ਹਾਂ ਨੇ ਇਕ ਵਾਹਿਗੁਰੂ ਦੀ ਹੋਂਦ ਉੱਤੇ ਜ਼ੋਰ ਦਿੱਤਾ ਅਤੇ ਦੇਵੀ-ਦੇਵਤਿਆਂ ਨੂੰ ਪੂਜਣ ਤੋਂ ਵਰਜਿਆ। ਹਿੰਦੂਆਂ ਦੇ ਗੁੰਝਲਦਾਰ ਰੀਤੀ-ਰਿਵਾਜਾਂ ਤੇ ਪੂਜਾ ਦੇ ਢੰਗ ਦੀ ਮਨਾਹੀ ਕਰਦਿਆਂ ਹੋਇਆਂ ਸਾਦਗੀ ਅਤੇ ਸ਼ਰਧਾ ਭਰਪੂਰ ਪੂਜਾ ਉੱਤੇ ਜ਼ੋਰ ਦਿੱਤਾ। ਇਸ ਲਹਿਰ ਦੇ ਲੀਡਰਾਂ ਨੇ ਸਿੱਖਾਂ ਵਿਚ ਪਰਮਾਤਮਾ ਪ੍ਰਤੀ ਪਿਆਰ, ਸਾਥੀਆਂ ਲਈ ਸੇਵਾ-ਭਾਵ, ਸੱਚਾ ਤੇ ਸੁੱਚਾ ਜੀਵਨ ਗ੍ਰਹਿਣ ਕਰਨ ਤੇ ਜ਼ੋਰ ਦਿੱਤਾ। ਇਖ਼ਲਾਕੀ ਤੇ ਰੂਹਾਨੀ ਜੀਵਨ ਨੂੰ ਉੱਚਾ ਕਰਨ ਲਈ ਉਨ੍ਹਾਂ ਨੇ ਚੰਗੇ ਕਰਮਾਂ ਤੇ ਜ਼ੋਰ ਦਿੱਤਾ ਅਤੇ ਜਾਦੂ-ਟੂਣਿਆਂ, ਜੰਤਰ-ਮੰਤਰ ਅਤੇ ਚਮਤਕਾਰਾਂ ਦੀ ਨਿਖੇਧੀ ਕੀਤੀ। ਉਸ ਸਮੇਂ ਇਹ ਗ਼ਲਤ ਵਿਚਾਰਧਾਰਾ ਪ੍ਰਚਲਿਤ ਸੀ ਕਿ ਸਿੱਖ ਧਰਮ ਹਿੰਦੂ ਧਰਮ ਦਾ ਹੀ ਇਕ ਫ਼ਿਰਕਾ ਹੈ ਪਰ ਸਿੰਘ ਸਭਾ ਦੇ ਲੀਡਰਾਂ ਨੇ ਦਾਅਵੇ ਨਾਲ ਕਿਹਾ ਕਿ ਸਿੱਖ ਧਰਮ ਇਕ ਵੱਖਰਾ ਧਰਮ ਹੈ। ਲਾਹੌਰ ਸਿੰਘ ਸਭਾ ਦੇ ਲੀਡਰ ਗਿਆਨੀ ਦਿੱਤ ਸਿੰਘ ਦੇ ਸ਼ਬਦਾਂ ਵਿਚ:-

> ਸਿੱਖ ਭਾਵੇਂ ਹਿੰਦੂਆਂ ਤੋਂ ਹੀ ਪੈਦਾ ਹੋਏ ਹਨ ਇਨ੍ਹਾਂ ਦਾ ਸਮਾਜਕ ਤੇ ਧਾਰਮਕ ਦ੍ਰਿਸ਼ਟੀਕੋਣ, ਪਰਮਾਤਮਾ ਤੇ ਗੁਰੂਆਂ ਬਾਰੇ ਵਿਚਾਰਧਾਰਾ, ਪੂਜਾ-ਪਾਠ ਦਾ ਢੰਗ, ਗੰ੍ਥ ਦੀ ਬੋਲੀ, ਜਾਤ-ਬ੍ਰਾਦਰੀ, ਧਾਰਮਿਕ ਯਾਤਰਾਵਾਂ ਅਤੇ ਕਰਮ-ਕਾਂਡਾਂ ਬਾਰੇ

> ਵਿਚਾਰਧਾਰਾ ਵੱਖਰੀ ਹੋਣ ਦੇ ਕਾਰਨ ਸਿੱਖ ਧਰਮ ਇਕ ਵੱਖਰੀ
> ਸ਼ਕਲ ਅਖਤਿਆਰ ਕਰ ਗਿਆ ਹੈ।[40]

ਇਨ੍ਹਾਂ ਨੇ ਦਸਵੇਂ ਗੁਰੂ ਦੀ ਸਿੱਖਿਆ ਅਨੁਸਾਰ ਪੰਜ ਕਕਾਰਾਂ ਦੇ ਧਾਰਮਿਕ ਅਨੁਸ਼ਾਸਨ ਰੱਖਣ ਤੇ ਜ਼ੋਰ ਦਿੱਤਾ ਅਤੇ ਇਸ ਤਰ੍ਹਾਂ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂਆਂ ਅਤੇ ਕਈ ਸਹਿਜਧਾਰੀਆਂ ਨੂੰ ਖ਼ਾਲਸਾ ਸਜਣ ਦੀ ਪ੍ਰੇਰਣਾ ਦਿੱਤੀ। ਧਾਰਮਿਕ ਪ੍ਰਚਾਰ ਲਈ ਦੂਜੇ ਪ੍ਰਾਂਤਾਂ ਅਤੇ ਦੂਜੇ ਦੇਸ਼ਾਂ ਵਿਚ ਮਿਸ਼ਨਰੀ ਭੇਜੇ। ਸਿੱਖਾਂ ਦੀ ਧਾਰਮਿਕ ਪੁਸਤਕਾਂ ਦੀ ਛਾਣ-ਬੀਣ ਤੇ ਸਿੱਖ ਗੁਰੂਆਂ ਦੀ ਭਰੋਸੇਯੋਗ ਜੀਵਨੀਆਂ ਲਿਖਣ ਲਈ ਇਕ ਕਮੇਟੀ ਨਿਯੁਕਤ ਕੀਤੀ। ਸਿੱਖ ਧਰਮ ਦਾ ਸਹੀ ਰੂਪ ਦਰਸਾਉਣ ਲਈ, ਸਿੱਖ ਗੁਰੂਆਂ ਦੀ ਜੀਵਨੀ ਅਤੇ ਗੁਰਬਾਣੀ ਦੀ ਵਿਆਖਿਆ ਦੇ ਸਸਤੇ ਪ੍ਰਿੰਟ ਛਾਪੇ ਗਏ। ਸਿੰਘ ਸਭਾ ਦੇ ਉਤਸ਼ਾਹ ਤੇ ਹੀ ਮੈਕਾਲਿਫ ਨੇ ਛੇ ਜਿਲਦਾਂ ਵਿਚ ਸਿੱਖ ਇਤਿਹਾਸ ਲਿਖਿਆ। ਸਿੱਖ ਧਰਮ ਦੇ ਸੁਧਾਰ ਦਾ ਕੰਮ ਇੰਨਾਂ ਵੱਡਾ ਕੰਮ ਸੀ ਜਿਸਦਾ ਕੋਈ ਅੰਤ ਹੀ ਨਹੀਂ ਸੀ। ਇਹ ਕੰਮ ਉਨਾਂ ਚਿਰ ਸਿਰੇ ਨਹੀਂ ਚੜ੍ਹ ਸਕਦਾ ਸੀ ਜਿੰਨਾ ਚਿਰ ਤੱਕ ਸਿੱਖ ਗੁਰਦੁਆਰਿਆਂ ਨੂੰ ਵਿਗੜੇ ਹੋਏ ਵੱਢੀ-ਖੋਰ ਪੁਜਾਰੀਆਂ ਦੇ ਹੱਥੋਂ ਨਹੀਂ ਸੀ ਛੁਡਾਇਆ ਜਾਂਦਾ। ਬੜੀ ਕੋਸ਼ਿਸ਼ ਦੇ ਬਾਵਜੂਦ ਵੀ ਸਿੰਘ ਸਭਾ ਲਹਿਰ ਗੁਰਦੁਆਰਿਆਂ ਨੂੰ ਇਨ੍ਹਾਂ ਪੁਜਾਰੀਆਂ ਦੇ ਕਬਜ਼ਿਆਂ ਵਿਚੋਂ ਨਾ ਛੁਡਾ ਸਕੀ। ਨਤੀਜੇ ਵਜੋਂ ਗੁਰਦੁਆਰਿਆਂ ਨੂੰ ਮੁਕਤ ਕਰਵਾਉਣ ਦਾ ਕੰਮ ਅਕਾਲੀ ਲਹਿਰ ਦੇ ਹਿੱਸੇ ਆਇਆ।

ਸਿੰਘ ਸਭਾ ਲਹਿਰ ਦਾ ਮੁੱਖ ਮਨੋਰਥ ਸਿੱਖਾਂ ਦੇ ਧਾਰਮਿਕ, ਸਾਮਾਜਿਕ ਅਤੇ ਇਖ਼ਲਾਕੀ ਜੀਵਨ ਪੱਧਰ ਨੂੰ ਉੱਚਿਆਂ ਕਰਕੇ ਵਿੱਦਿਅਕ ਸੁਧਾਰ ਲਿਆਉਣੇ ਸਨ। ਇਸਦੇ ਨਾਲ ਹੀ ਸਿੱਖ ਪੰਥ ਦੇ ਅਧਿਕਾਰਾਂ ਦੀ ਰੱਖਿਆ ਕਰਨੀ ਤੇ ਸਿੱਖਾਂ ਨੂੰ ਵੱਖਰਾ ਧਾਰਮਿਕ ਦਰਜਾ ਦਿਵਾਉਣਾ ਸੀ।

ਗਿਆਨੀ ਦਿੱਤ ਸਿੰਘ ਜੀ ਓਰੀਐਂਟਲ ਕਾਲਜ ਲਾਹੌਰ ਵਿਚ ਪੰਜਾਬੀ ਦੇ ਪ੍ਰੋਫ਼ੈਸਰ ਸਨ। ਉਹਨਾਂ ਨੇ ਲਾਹੌਰ ਤੋਂ 'ਖ਼ਾਲਸਾ ਅਖ਼ਬਾਰ' ਜਾਰੀ ਕੀਤਾ। ਗਿਆਨੀ ਦਿੱਤ ਸਿੰਘ ਨੇ ਖੰਡਨ-ਮੰਡਨ ਦੇ ਸੰਬੰਧ ਵਿਚ ਸ਼ਾਨਦਾਰ ਕੰਮ ਕੀਤਾ। ਉਹ ਕਮਾਲ ਦੇ ਦਲੀਲਬਾਜ਼ ਅਤੇ

ਹਾਜ਼ਰ-ਜਵਾਬ ਸਨ। ਉਨ੍ਹਾਂ ਦੀਆਂ ਅਕੱਟ ਦਲੀਲਾਂ ਦਾ ਉੱਤਰ ਕੋਈ ਵਿਦਵਾਨ ਹੀ ਦੇ ਸਕਦਾ ਸੀ। ਗਿਆਨੀ ਜੀ ਨੇ ਸਵਾਮੀ ਦਯਾ ਨੰਦ ਨੂੰ ਤਿੰਨ ਵਾਰ ਸ਼ਾਸਤ੍ਰਾਰਥ ਵਿਚ ਹਰਾਇਆ ਸੀ। ਗਿਆਨੀ ਦਿੱਤ ਸਿੰਘ ਜੀ ਸਿੰਘ ਸਭਾ ਲਹਿਰ ਦੀ ਰੂਹ ਸਨ। ਆਪ ਨੇ ਲਿਖ ਕੇ ਤੇ ਬੋਲ ਕੇ ਸਿੱਖੀ ਦਾ ਪ੍ਰਚਾਰ ਕੀਤਾ। ਗਿਆਨੀ ਜੀ ਨੇ ਸਿੱਖੀ ਸਾਹਿਤ ਲਿਖਣ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ।

**ਸਾਮਾਜਿਕ ਸੁਧਾਰ:**

ਸਿੰਘ ਸਭਾ ਲਹਿਰ ਨੇ ਸਾਮਾਜਿਕ ਸੁਧਾਰ ਲਈ ਬੜਾ ਸ਼ਲਾਘਾਯੋਗ ਕੰਮ ਕੀਤਾ। ਸਮਾਜਿਕ ਬੁਰਾਈਆਂ ਜਿਵੇਂ ਕਿ ਛੂਤ-ਛਾਤ, ਬਾਲ-ਵਿਆਹ, ਇਕ ਆਦਮੀ ਦੇ ਕਈ ਵਿਆਹ ਅਤੇ ਲੜਕੀਆਂ ਨੂੰ ਮਾਰਨਾ ਅਤੇ ਪਰਦਾ ਸਿਸਟਮ ਦੀ ਨਿਖੇਧੀ ਕੀਤੀ। ਇਸਤਰੀ ਜਾਤੀ ਦੀ ਸੁਤੰਤਰਤਾ ਉੱਤੇ ਜ਼ੋਰ ਦਿੱਤਾ। ਵਿਧਵਾ ਵਿਆਹ ਬਾਰੇ ਲੋਕਾਂ ਦੀ ਵਿਚਾਰਧਾਰਾ ਸੁਧਾਰਨ ਦਾ ਯਤਨ ਕੀਤਾ। ਲਾਹੌਰ ਦੀ ਸਿੰਘ ਸਭਾ ਨੇ ਨੀਵੀਂ ਜਾਤੀ ਦੇ ਸਿੱਖਾਂ ਦੇ ਸਾਮਾਜਿਕ ਜੀਵਨ ਨੂੰ ਉਚਿਆਂ ਕਰਨ ਦੇ ਉਪਰਾਲੇ ਕੀਤੇ ਅਤੇ ਇਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਜਿਨ੍ਹਾਂ ਨੇ ਸਾਮਾਜਿਕ ਸਮਾਨਤਾ ਤੇ ਆਰਥਿਕ ਲਾਭਾਂ ਲਈ ਆਪਣਾ ਧਰਮ ਛੱਡ ਕੇ ਇਸਲਾਮ ਜਾਂ ਈਸਾਈ ਧਰਮ ਧਾਰਨ ਕਰ ਲਿਆ ਸੀ, ਨੂੰ ਮੁੜ ਦੁਬਾਰਾ ਸਿੱਖ ਧਰਮ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ। ਨੀਵੀਂ ਜਾਤੀ ਦੇ ਸਿੱਖਾਂ ਨੂੰ ਦੂ ਸਰਾ ਧਰਮ ਧਾਰਨ ਕਰਨ ਤੋਂ ਰੋਕਣ ਲਈ, ਲਾਹੌਰ ਸ਼ੁਧੀ ਸਭਾ ਸਥਾਪਿਤ ਕੀਤੀ ਗਈ ਜਿਸਨੇ ਹਜ਼ਾਰਾਂ ਦੀ ਗਿਣਤੀ ਵਿਚ ਉਨ੍ਹਾਂ ਲੋਕਾਂ ਨੂੰ, ਜਿਨ੍ਹਾਂ ਨੇ ਆਪਣਾ ਧਰਮ ਬਦਲ ਲਿਆ ਸੀ, ਮੁੜ ਸਿੱਖ ਧਰਮ ਵਿਚ ਲਿਆਂਦਾ। ਪੁਰਾਣੇ ਵਿਚਾਰਾਂ ਦੇ ਸਿੱਖਾਂ ਅਤੇ ਸਿੱਖ ਗੁਰਦੁਆਰਿਆਂ ਦੇ ਮਹੰਤਾਂ ਦੀ ਵਿਰੋਧਤਾ ਦੇ ਬਾਵਜੂਦ ਸਿੰਘ ਸਭਾ ਲਹਿਰ ਨੇ ਜਾਤ-ਪਾਤ ਦੇ ਭੇਦ-ਭਾਵ ਨੂੰ ਖ਼ਤਮ ਕਰਨ ਲਈ ਬੜੀ ਜ਼ੋਰਦਾਰ ਲੜਾਈ ਲੜੀ ਅਤੇ ਇਕ ਨਵਾਂ ਸਾਮਾਜਿਕ ਢਾਂਚਾ ਖੜਾ ਕੀਤਾ ਜਿਸਦੇ ਆਪਣੇ ਵੱਖਰੇ ਰੀਤੀ-ਰਿਵਾਜ ਤੇ ਸਾਮਾਜਿਕ ਨਿਯਮ ਸਨ। ਇਸ ਦ੍ਰਿਸ਼ਟੀਕੋਣ ਨੂੰ ਬਦਲਣ ਲਈ ਉਨ੍ਹਾਂ ਨੂੰ ਬੜੀ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੇ ਸਿੱਖਾਂ ਨੂੰ ਕਿਹਾ ਕਿ ਉਹ ਸਿੱਖ ਗੁਰੂਆਂ ਦੇ ਕਥਨ ਅਨੁਸਾਰ ਸਾਦਾ ਤੇ

ਸੁੱਚਾ ਜੀਵਨ ਬਤੀਤ ਕਰਨ ਅਤੇ ਸਾਦੀਆਂ ਰਸਮਾਂ ਅਪਣਾਉਣ। ਸੰਨ 1909 ਈ. ਵਿਚ 'ਆਨੰਦ ਮੈਰਿਜ ਐਕਟ' ਦਾ ਪਾਸ ਹੋਣਾ ਸਿੰਘ ਸਭਾ ਦੀ ਬਹੁਤ ਵੱਡੀ ਪ੍ਰਾਪਤੀ ਸੀ ਜਿਸ ਨਾਲ ਸਿੱਖਾਂ ਦਾ ਆਨੰਦ ਰਸਮ ਦੁਆਰਾ ਵਿਆਹ ਕਾਨੂੰਨੀ ਸ਼ਕਲ ਅਖ਼ਤਿਆਰ ਕਰ ਗਿਆ।

**ਵਿੱਦਿਅਕ ਖੇਤਰ ਵਿਚ ਸੁਧਾਰ:**

ਸਿੰਘ ਸਭਾ ਲਹਿਰ ਨੇ ਸਿੱਖਾਂ ਵਿਚ ਵਿੱਦਿਆ ਦਾ ਚਾਨਣ ਫੈਲਾਉਣ ਲਈ ਭਾਰੀ ਦਿਲਚਸਪੀ ਲਈ। ਇਨ੍ਹਾਂ ਵਿੱਦਿਅਕ ਪ੍ਰੋਗਰਾਮਾਂ ਦਾ ਮਨੋਰਥ ਧਾਰਮਿਕ ਸਿੱਖਿਆ ਨੂੰ ਧਾਰਮਿਕ ਸਿਧਾਂਤਾਂ ਨਾਲ ਜੋੜਨਾ ਸੀ। ਜਿਸਦੀ ਪੂਰਤੀ ਲਈ ਥਾਂ ਪਰ ਥਾਂ ਵਿੱਦਿਅਕ ਸੰਸਥਾਵਾਂ ਖੋਲ੍ਹੀਆਂ ਗਈਆਂ ਜਿਨ੍ਹਾਂ ਵਿਚ ਅਜੋਕੀ ਵਿੱਦਿਆ ਦੇ ਨਾਲ-ਨਾਲ ਸਿੱਖ ਧਰਮ, ਸਿੱਖ ਇਤਿਹਾਸ, ਸਾਹਿਤ ਅਤੇ ਗੁਰਮੁਖੀ ਲਿੱਪੀ ਦੀ ਸਿੱਖਿਆ ਦਿੱਤੀ ਜਾਂਦੀ ਸੀ।

ਸਿੰਘ ਸਭਾ ਵਲੋਂ ਖੋਲ੍ਹੇ ਗਏ ਖ਼ਾਲਸਾ ਸਕੂਲਾਂ ਦੁਆਰਾ ਸਿੱਖਾਂ ਨੂੰ ਆਪਣੀਆਂ ਧਾਰਮਿਕ ਤੇ ਸਭਿਆਚਾਰਕ ਪਰੰਪਰਾਵਾਂ ਨੂੰ ਕਾਇਮ ਰੱਖਣ ਵਿਚ ਮਦਦ ਮਿਲੀ। ਪ੍ਰੋ. ਤੇਜਾ ਸਿੰਘ ਦੇ ਸ਼ਬਦਾਂ ਵਿਚ:

> ਇਨ੍ਹਾਂ ਸਿੱਖ ਸਕੂਲਾਂ ਦੁਆਰਾ ਨਾ ਸਿਰਫ਼ ਵਿੱਦਿਆ ਹੀ ਦਿੱਤੀ ਜਾਂਦੀ ਸੀ, ਸਗੋਂ ਜਿੱਥੇ ਵੀ ਇਹ ਚਾਲੂ ਕੀਤੇ ਗਏ, ਉਥੇ ਇਹ ਸਿੱਖ ਧਰਮ ਦਾ ਗੜ੍ਹ ਬਣ ਗਏ।[41]

ਸਿੰਘ ਸਭਾ ਲਹਿਰ ਨੇ ਇਸਤਰੀ-ਵਿੱਦਿਆ ਵੱਲ ਵੀ ਬਹੁਤ ਧਿਆਨ ਦਿੱਤਾ। ਭਾਈ ਤਖ਼ਤ ਸਿੰਘ ਨੇ ਆਪਣਾ ਸਾਰਾ ਜੀਵਨ ਇਸ ਕੰਮ ਨੂੰ ਅਰਪਣ ਕੀਤਾ ਸੀ। ਉਸਨੇ ਫ਼ਿਰੋਜ਼ਪੁਰ ਵਿਖੇ ਕੰਨਿਆਂ ਮਹਾਂ-ਵਿਦਿਆਲਾ ਸਥਾਪਿਤ ਕੀਤਾ। ਭਾਈ ਤਖ਼ਤ ਸਿੰਘ ਦੇ ਪੂਰਨਿਆਂ ਤੇ ਚਲਦਿਆਂ ਹੋਇਆਂ ਹੋਰ ਵੀ ਸਿੰਘ ਸਭਾਵਾਂ ਨੇ ਲਾਹੌਰ, ਰਾਵਲਪਿੰਡੀ, ਗੁਜਰਾਂਵਾਲਾ ਆਦਿ ਕਈ ਸਥਾਨਾਂ ਉੱਤੇ ਅਜਿਹੇ ਸਕੂਲ ਖੋਲ੍ਹੇ। ਸਿੱਖ ਲੜਕੀਆਂ ਨੂੰ ਗੁਰਮਤਿ ਪ੍ਰਚਾਰ ਦੀ ਸਿਖਲਾਈ ਦੇਣ ਲਈ ਅੰਮ੍ਰਿਤਸਰ ਵਿਚ ਗੁਰਮਤਿ ਕੰਨਿਆਂ ਪਾਠਸ਼ਾਲਾ ਖੋਲ੍ਹੀ ਗਈ। ਇਸਤਰੀ ਵਿੱਦਿਆ

ਬਾਰੇ ਉਸ ਸਮੇਂ ਲੋਕਾਂ ਦੇ ਬੜੇ ਵਿਰੋਧ ਭਰੇ ਵਿਚਾਰ ਸਨ। ਉਨ੍ਹਾਂ ਦੀ ਇਸ ਸੰਬੰਧੀ ਵਿਚਾਰਧਾਰਾ ਬਦਲਾਉਣ ਲਈ ਸਿੰਘ ਸਭਾ ਲਹਿਰ ਨੇ ਬੜਾ ਹੀ ਸ਼ਲਾਘਾਯੋਗ ਕੰਮ ਕੀਤਾ।

ਸਿੰਘ ਸਭਾ ਲਹਿਰ ਦੀ ਇਕ ਹੋਰ ਵਿਸ਼ੇਸ਼ ਪ੍ਰਾਪਤੀ ਇਹ ਸੀ ਕਿ ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਨੀਂਹ ਰੱਖੀ ਗਈ। ਇਸ ਕਾਲਜ ਦੀ ਨੀਂਹ 5 ਮਾਰਚ, 1892 ਈ. ਵਿਚ ਸਰ ਜੈਮਜ਼ ਲਾਇਲ ਨੇ ਰੱਖੀ ਜਿਹੜਾ 1899 ਤੱਕ ਡਿਗਰੀ ਕਾਲਜ ਬਣ ਗਿਆ। ਬਨਾਰਸ ਹਿੰਦੂ ਯੂਨੀਵਰਸਿਟੀ ਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀ ਤਰ੍ਹਾਂ ਖ਼ਾਲਸਾ ਕਾਲਜ ਨੂੰ ਸਿੱਖ ਯੂਨੀਵਰਸਿਟੀ ਬਣਾਉਣ ਦੀ ਸਕੀਮ ਸੀ ਜਿਹੜੀ ਉਸ ਸਮੇਂ ਸਿਰੇ ਨਾ ਚੜ੍ਹ ਸਕੀ। ਹਰ ਸਾਲ ਜਿੱਥੇ ਸਿੱਖ ਐਜੂਕੇਸ਼ਨਲ ਕਾਨਫਰੰਸ ਹੁੰਦੀ, ਉਥੇ ਹੀ ਕੋਈ ਨਾ ਕੋਈ ਸਕੂਲ ਜਾਂ ਕਾਲਜ ਖੁੱਲ੍ਹਣ ਲੱਗ ਪਿਆ। ਨਤੀਜੇ ਵਜੋਂ ਸਕੂਲਾਂ ਤੇ ਕਾਲਜਾਂ ਦੀ ਗਿਣਤੀ ਬਹੁਤ ਵਧਣ ਲੱਗੀ। ਇਸ ਕੰਮ ਲਈ ਸਿੰਘ ਸਭਾ ਲਹਿਰ ਨੇ ਅੰਗਰੇਜ਼ ਉੱਚ-ਅਧਿਕਾਰੀਆਂ ਦੀ ਸਹਾਇਤਾ ਵੀ ਪ੍ਰਾਪਤ ਕੀਤੀ।

**ਸਿਆਸੀ ਪ੍ਰਾਪਤੀਆਂ:**

ਸਿੰਘ ਸਭਾ ਦੇ ਲੀਡਰ ਸ਼ੁਰੂ ਵਿਚ ਸਿਆਸਤ ਤੋਂ ਦੂਰ ਰਹੇ ਕਿਉਂਕਿ ਉਨ੍ਹਾਂ ਦਾ ਅਸਲ ਕੰਮ ਸਾਮਾਜਿਕ ਸੁਧਾਰ ਲਿਆਉਣਾ ਸੀ। ਵੀਹਵੀਂ ਸਦੀ ਦੇ ਸ਼ੁਰੂ ਵਿਚ ਸਿਆਸੀ ਜਾਗ੍ਰਿਤੀ ਦੇ ਕਾਰਨ ਲੀਡਰਾਂ ਨੇ ਪ੍ਰਾਂਤ ਦੇ ਸਿਆਸੀ ਜੀਵਨ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਤੇ ਚੀਫ਼ ਖ਼ਾਲਸਾ ਦੀਵਾਨ ਨੇ ਸਿੱਖਾਂ ਦੇ ਸਿਆਸੀ ਅਧਿਕਾਰਾਂ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਸਿੰਘ ਸਭਾ ਲਹਿਰ ਦੇ ਲੀਡਰਾਂ ਦਾ ਰਾਜਸੀ ਦ੍ਰਿਸ਼ਟੀਕੋਣ ਉਦਾਰ ਵਿਚਾਰਾਂ ਵਾਲਾ ਸੀ ਤੇ ਉਹ ਸੰਵਿਧਾਨਕ ਢੰਗ ਵਿਚ ਵਿਸ਼ਵਾਸ ਰੱਖਦੇ ਸਨ ਅਤੇ ਸਰਕਾਰ ਨਾਲ ਟੱਕਰ ਨਹੀਂ ਲੈਣਾ ਚਾਹੁੰਦੇ ਸਨ। ਸਿੰਘ ਸਭਾ ਦੇ ਲੀਡਰਾਂ ਨੇ ਪੰਜਾਬੀ ਦੇ ਵਿਕਾਸ, ਸਿਵਲ ਸਰਵਸਿਜ਼ ਵਿੱਚ ਸਿੱਖਾਂ ਲਈ ਨੁਮਾਇੰਦਗੀ ਅਤੇ ਰਾਜਸੀ ਰਿਆਇਤਾਂ ਲਈ ਸਰਕਾਰ ਉੱਤੇ ਜ਼ੋਰ ਪਾਉਣ ਲਈ ਕਾਂਗਰਸ ਦੇ ਉਦਾਰ-ਵਿੰਗ ਦੀ ਤਰ੍ਹਾਂ ਪ੍ਰਾਰਥਨਾ, ਪਟੀਸ਼ਨਾਂ, ਨੁਮਾਇੰਦੇ ਅਤੇ ਡੈਪੂਟੇਸ਼ਨ ਭੇਜਣ ਦੇ ਢੰਗ ਨੂੰ ਅਪਣਾਇਆ। 1909 ਈ. ਦੇ ਮਿੰਟੋ ਮਾਰਲੇ

ਸੁਧਾਰ ਅਨੁਸਾਰ ਮੁਸਲਮਾਨਾਂ ਨੂੰ ਚੋਣ ਦੇ ਹਲਕੇ ਦੇ ਵੱਖਰੇ ਅਧਿਕਾਰ ਦੇ ਦਿੱਤੇ ਗਏ ਪਰ ਸਿੱਖਾਂ ਨੂੰ ਇਹ ਅਧਿਕਾਰ ਦੇਣ ਤੋਂ ਇਨਕਾਰ ਕਰ ਦਿੱਤਾ। ਚੀਫ਼ ਖ਼ਾਲਸਾ ਦੀਵਾਨ ਨੇ ਇਸ ਅਧਿਕਾਰ ਦੀ ਮੰਗ ਕੀਤੀ ਤੇ 1919 ਈ. ਦੇ ਮੌਂਟ ਫੋਰਡ ਸੁਧਾਰ ਦੁਆਰਾ ਸਿੱਖਾਂ ਦੀ ਇਹ ਮੰਗ ਮੰਨ ਲਈ ਗਈ। ਭਾਵੇਂ ਰਾਜਸੀ ਤੌਰ ਤੇ ਇਸ ਐਕਟ ਦੀ ਵਿਸ਼ੇਸ਼ ਮਹੱਤਤਾ ਨਹੀਂ ਸੀ, ਪਰ ਅਸਲੀ ਤੌਰ ਤੇ ਇਸ ਐਕਟ ਦੁਆਰਾ ਸਿੱਖਾਂ ਦੇ ਵੱਖਰੇ ਅਧਿਕਾਰਾਂ ਨੂੰ ਮੰਨ ਲਿਆ ਗਿਆ।

**ਸਿੰਘ ਸਭਾ ਲਹਿਰ ਦੇ ਵਿਸ਼ੇਸ਼ ਲੱਛਣ:**

ਸਿੰਘ ਸਭਾ ਲਹਿਰ ਨੇ ਸਿੱਖਾਂ ਦੇ ਦ੍ਰਿਸ਼ਟੀਕੋਣ ਨੂੰ ਅਜੋਕਾ ਬਣਾ ਦਿੱਤਾ ਅਤੇ ਉਨ੍ਹਾਂ ਅੰਦਰ ਸਾਮਾਜਿਕ, ਧਾਰਮਿਕ, ਸਾਹਿਤਕ ਅਤੇ ਵਿੱਦਿਅਕ ਖੇਤਰਾਂ ਵਿਚ ਪੁਰਾਣੀਆਂ ਪਰੰਪਰਾਵਾਂ ਨੂੰ ਸੁਰਜੀਤ ਕਰਨ ਦਾ ਜੋਸ਼ ਪੈਦਾ ਕੀਤਾ। ਨਿੰਰਕਾਰੀ ਤੇ ਨਾਮਧਾਰੀ ਲਹਿਰ ਨੇ ਆਪਣੇ ਪ੍ਰਾਚੀਨ ਧਾਰਮਿਕ ਗ੍ਰੰਥਾਂ ਤੋਂ ਪ੍ਰੇਰਨਾ ਲਈ। ਇਸਦੇ ਉਲਟ ਸਿੰਘ ਸਭਾ ਲਹਿਰ ਦੇ ਬੁੱਧੀਜੀਵੀਆਂ ਦੀ ਅਗਵਾਈ ਥੱਲੇ ਪੱਛਮੀ ਸਭਿਅਤਾ ਦੇ ਚੰਗੇ ਗੁਣਾਂ ਨੂੰ ਸਵੀਕਾਰ ਕਰ ਲਿਆ ਅਤੇ ਸਿੱਖਾਂ ਨੂੰ ਪ੍ਰੇਰਨਾ ਦਿੱਤੀ ਕਿ ਉਹ ਪੱਛਮੀ ਸਭਿਅਤਾ ਬਾਰੇ ਪੱਖਪਾਤ ਦੂ ਰ ਕਰਨ ਤੇ ਪੱਛਮੀ ਵਿਚਾਰਧਾਰਾ ਤੇ ਵਿਦਵਤਾ ਨੂੰ ਗ੍ਰਹਿਣ ਕਰਨ। ਨਾਮਧਾਰੀਆਂ ਨੇ ਪੱਛਮੀ ਵਿੱਦਿਆ, ਡਾਕ-ਤਾਰ ਸੇਵਾਵਾਂ ਦਾ ਬਾਈਕਾਟ ਕੀਤਾ ਸੀ। ਸਾਮਾਜਿਕ ਸੁਧਾਰਾਂ ਨੂੰ ਉਹ ਸ਼ੱਕੀ ਨਿਗਾਹ ਨਾਲ ਦੇਖਦੇ ਸਨ ਤੇ ਸਮਝਦੇ ਸਨ ਕਿ ਉਨ੍ਹਾਂ ਨੂੰ ਪੱਛਮ ਦੇ ਰੰਗ ਵਿਚ ਢਾਲਣ ਦਾ ਯਤਨ ਕੀਤਾ ਜਾ ਰਿਹਾ ਹੈ। ਸਿੰਘ ਸਭਾ ਲਹਿਰ ਉਨ੍ਹੀਂਵੀਂ ਸਦੀ ਦੇ ਮੱਧ ਵਿਚ ਚੱਲੀ ਹੋਈ ਭਾਰਤ ਪੁਨਰ-ਸੁਰਜੀਤੀ ਦਾ ਭਾਗ ਸੀ, ਜਿਨ੍ਹਾਂ ਦੇ ਲੀਡਰ ਸਮਝਦੇ ਸਨ ਕਿ ਪੂਰਬੀ ਤੇ ਪੱਛਮੀ ਸਭਿਅਤਾ ਨਾਲ ਲੜਨ ਦੀ ਬਜਾਏ ਆਪਸ ਵਿਚ ਰਲ-ਮਿਲ ਕੇ ਰਹਿਣਾ ਚਾਹੀਦਾ ਹੈ। ਸਿੰਘ ਸਭਾ ਲਹਿਰ ਦੇ ਵਿਦਵਾਨ ਲੀਡਰਾਂ ਨੇ ਅੰਗਰੇਜ਼ੀ ਸਭਿਅਤਾ ਤੇ ਸਮਾਜ ਦੇ ਗੁਣਾਂ ਦੀ ਸ਼ਲਾਘਾ ਕਰਦਿਆਂ ਹੋਇਆਂ ਸਕੂਲ ਤੇ ਕਾਲਜ ਖੋਲ੍ਹੇ ਜਿੱਥੇ ਧਾਰਮਿਕ ਤੇ ਅਧਾਰਮਿਕ ਵਿੱਦਿਆ ਸਾਂਝੇ ਤੌਰ ਤੇ ਦੇਣ ਦਾ ਪ੍ਰਬੰਧ ਕੀਤਾ ਗਿਆ।

ਨਿਰੰਕਾਰੀ ਤੇ ਨਾਮਧਾਰੀ ਲਹਿਰਾਂ ਨੇ ਸਮਾਜ ਵਿਚ ਸੁਧਾਰ ਲਿਆਉਣ ਲਈ ਮੁਢਲੇ ਯਤਨ ਕੀਤੇ ਪਰ ਉਨ੍ਹਾਂ ਦਾ ਖੇਤਰ ਸੀਮਤ ਹੋਣ ਕਰਕੇ ਉਹ ਸਾਰੇ ਸਿੱਖ ਸਮਾਜ ਲਈ ਬਹੁਤਾ ਕੁਝ ਨਾ ਕਰ ਸਕੇ। ਇਸ ਤੋਂ ਇਲਾਵਾ ਇਹ ਲਹਿਰਾਂ, ਗੁਰ-ਗੱਦੀ ਜਾਂ ਸ਼ਖ਼ਸੀ ਮਹਾਨਤਾ ਨੂੰ ਕਾਇਮ ਰੱਖਣਾ ਚਾਹੁੰਦੀਆਂ ਸਨ, ਜਿਹੜੀ ਕਿ ਦਸਵੇਂ ਗੁਰੂ ਜੀ ਦੇ ਹੁਕਮ ਦੇ ਅਨੁਕੂਲ ਨਹੀਂ ਸੀ। ਨਤੀਜੇ ਵਜੋਂ ਸਿੱਖਾਂ ਵਿਚ ਧੜੇਬੰਦੀ ਹੋਰ ਵਧ ਗਈ। ਉਸ ਸਮੇਂ ਸਿੱਖ ਦੋ ਭਾਗਾਂ ਵਿਚ ਵੰਡੇ ਹੋਏ ਸਨ। ਇਕ ਧੜਾ ਸਿੱਖ ਧਰਮ ਨੂੰ ਹਿੰਦੂ ਧਰਮ ਦੀ ਹੀ ਇਕ ਸ਼ਾਖਾ ਸਮਝਦਾ ਸੀ ਤੇ ਦੂਸਰਾ ਇਸਨੂੰ ਬਿਲਕੁਲ ਵੱਖਰਾ ਸਮਝਦਾ ਸੀ। ਅਜਿਹੇ ਨਾਜ਼ੁਕ ਮੌਕੇ ਤੇ ਸਿੰਘ ਸਭਾ ਲਹਿਰ ਨੇ ਸਿੱਖ ਪੰਥ ਨੂੰ ਕੁਰਾਹੇ ਪੈਣ ਤੋਂ ਬਚਾ ਲਿਆ। ਸਿੰਘ ਸਭਾ ਲਹਿਰ ਲੋਕਤੰਤਰ ਤੇ ਫਿਰਕਾ ਰਹਿਤ ਲਹਿਰ ਸੀ। ਕੋਈ ਵੀ ਸਿੱਖ, ਜਿਹੜਾ ਦਸ ਗੁਰੂਆਂ ਦੀ ਸਿਖਿਆ ਵਿਚ ਵਿਸ਼ਵਾਸ ਰਖਦਾ ਸੀ ਤੇ ਪੰਥ ਦੀ ਸੇਵਾ ਕਰਨੀ ਚਾਹੁੰਦਾ ਸੀ, ਉਹ ਬਿਨਾਂ ਕਿਸੇ ਭੇਦ-ਭਾਵ ਦੇ ਇਸ ਸਭਾ ਦਾ ਮੈਂਬਰ ਬਣ ਸਕਦਾ ਸੀ।

**ਸਿੰਘ ਸਭਾ ਲਹਿਰ ਦੇ ਪਤਨ ਦੇ ਕਾਰਣ:**

ਸਿੱਖਾਂ ਵਿਚ ਅੰਗਰੇਜ਼ੀ ਪੜ੍ਹੀ ਨਵੀਂ ਮੱਧ-ਸ਼੍ਰੇਣੀ ਉਤਪੰਨ ਹੋਣ ਨਾਲ ਇਹ ਲਹਿਰ ਕਮਜ਼ੋਰ ਹੋਣੀ ਸ਼ੁਰੂ ਹੋ ਗਈ। ਇਸ ਲਹਿਰ ਦਾ ਪਤਨ 1914 ਈ. ਵਿਚ ਸ਼ੁਰੂ ਹੋਇਆ ਤੇ 1918 ਈ. ਤੱਕ ਇਹ ਬਹੁਤ ਕਮਜ਼ੋਰ ਹੋ ਗਈ। ਇਸ ਨਵੀਂ ਜਮਾਤ ਦੀਆਂ ਬੜੀਆਂ ਭਾਰੀ ਲਾਲਸਾਵਾਂ ਸਨ, ਜਿਨ੍ਹਾਂ ਦੀ ਨਵੀਂ ਪਨੀਰੀ ਦਾ ਇਹ ਵਿਚਾਰ ਸੀ ਕਿ ਇਸ ਲਹਿਰ ਨੇ ਸਿੱਖਾਂ ਦੇ ਰਾਜਸੀ ਹਿੱਤਾਂ ਲਈ ਕੁਝ ਨਹੀਂ ਕੀਤਾ। ਸੋ ਉਨ੍ਹਾਂ ਦੇ ਮਨ ਵਿਚ ਇਸ ਲਹਿਰ ਦੀ ਹਮਾਇਤ ਦੀ ਭਾਵਨਾ ਮੱਧਮ ਪੈ ਗਈ।

ਸਮੇਂ ਦੇ ਬੀਤਣ ਨਾਲ ਸਿੱਖ ਗੁਰਦੁਆਰਿਆਂ ਦੇ ਜੱਦੀ ਪੁਜਾਰੀ ਆਪਣੇ ਭੈੜੇ ਚਰਿੱਤਰ ਕਰਕੇ ਸਮਾਜ ਉੱਤੇ ਬੋਝ ਬਣ ਗਏ। ਨਵੇਂ ਅਗਾਂਹ-ਵਧੂ ਵਿਚਾਰਾਂ ਦੇ ਲੋਕਾਂ ਦੇ ਮਨ ਵਿਚ ਇਨ੍ਹਾਂ ਪ੍ਰਤੀ ਬਹੁਤ ਰੋਸ ਜਾਗ ਪਿਆ। ਸਭਾ ਦੇ ਅਗਾਂਹਵਧੂ ਯਤਨਾਂ ਦੇ ਬਾਵਜੂਦ ਸਿੱਖ ਪੁਜਾਰੀਆਂ ਵਿਰੁੱਧ ਕੋਈ ਠੋਸ ਕਦਮ ਨਾ ਉਠਾਏ ਜਾ ਸਕੇ, ਜਿਸ ਕਾਰਨ ਇਸ ਲਹਿਰ ਤੋਂ ਵਿਸ਼ਵਾਸ ਉੱਠ

ਗਿਆ। ਸਮੇਂ ਦੀ ਸਰਕਾਰ ਦੀ ਇਨ੍ਹਾਂ ਨੇ ਹਮਾਇਤ ਕੀਤੀ ਅਤੇ ਵਫ਼ਾਦਾਰੀ ਦਾ ਦਮ ਭਰਿਆ। ਇਸ ਕਰਕੇ ਪੰਜਾਬ ਦਾ ਕ੍ਰਾਂਤੀਕਾਰੀ ਗਦਰੀ ਗਰੁੱਪ ਇਨ੍ਹਾਂ ਨਾਲ ਨਾਰਾਜ਼ ਹੋ ਗਿਆ। ਸਮਾਂ ਪਾ ਕੇ ਸਿੰਘ ਸਭਾ ਦੇ ਮੈਂਬਰਾਂ ਵਿਚ ਨਿਜੀ ਲਾਭ ਦੀ ਖ਼ਾਤਰ ਆਪਸ ਵਿਚ ਗਹਿਰੇ ਮਤ-ਭੇਦ ਪੈਦਾ ਹੋ ਗਏ। ਨਿਜੀ ਸ਼ੋਹਰਤ ਦੀ ਖ਼ਾਤਰ ਸੰਸਥਾ ਵਿਚ ਕਮਜ਼ੋਰੀ ਆਉਣ ਲੱਗ ਪਈ।

ਦੇਸ਼ ਵਿਚ ਨਵੀਂ ਰਾਜਸੀ ਜਾਗ੍ਰਿਤੀ ਦੇ ਕਾਰਨ ਸਿੱਖਾਂ ਵਿਚ ਇਕ ਨਵੀਂ ਜਮਾਤ ਕਾਇਮ ਹੋਈ ਜਿਸਨੂੰ 'ਅਕਾਲੀ' ਦਾ ਨਾਂ ਦਿੱਤਾ ਗਿਆ। ਇਸ ਜਮਾਤ ਨੇ ਗੁਰਦੁਆਰਿਆਂ ਦੀ ਆਜ਼ਾਦੀ ਲਈ ਸਰਕਾਰ ਨਾਲ ਖੁੱਲ੍ਹਮ-ਖੁੱਲ੍ਹੀ ਟੱਕਰ ਲਈ ਤੇ ਪਿਛੋਂ ਦੇਸ਼ ਦੀ ਆਜ਼ਾਦੀ ਦੀ ਜੰਗ ਵਿਚ ਭਰਪੂਰ ਹਿੱਸਾ ਪਾਇਆ। ਇਨ੍ਹਾਂ ਤੋਂ ਇਲਾਵਾ ਜਿਨ੍ਹਾਂ ਗੁਰਮਤਿ ਪੱਖੀ ਪਤਵੰਤੇ ਸੱਜਣਾਂ ਨੇ ਗੁਰਮਤਿ ਪ੍ਰਚਾਰ ਅਤੇ ਸਿੰਘ ਸਭਾ ਦਾ ਮੁੱਢ ਬੰਨ੍ਹਣ ਲਈ ਉਪਰਾਲੇ ਕੀਤੇ ਉਨ੍ਹਾਂ ਦਾ ਸੰਖੇਪ ਜੀਵਨ ਇਤਿਹਾਸ ਅਗਲੇ ਪੰਨਿਆਂ ਵਿਚ ਵਿਚਾਰਿਆ ਜਾ ਰਿਹਾ ਹੈ।

**ਸਿੰਘ ਸਭਾ ਲਹਿਰ ਦੇ ਗੁਰਮਤਿ ਪੱਖੀ ਮੋਢੀ ਤੇ ਉਸਰੱਈਏ:**

ਸਿੰਘ ਸਭਾ ਲਹਿਰ ਦੀ ਸਥਾਪਤੀ ਦਾ ਇਕ ਕਾਰਨ ਇਹ ਸੀ ਕਿ ਅੰਗਰੇਜ਼ੀ ਸਰਕਾਰ ਅਤੇ ਈਸਾਈ ਮਿਸ਼ਨਰੀ ਸਿੱਖਾਂ ਵਿਚ ਅਨੇਕਾਂ ਭਰਮ ਭੁਲੇਖੇ ਪੈਦਾ ਕਰ ਰਹੇ ਸਨ। ਅੰਗਰੇਜ਼ਾਂ ਨੇ ਗੁਰਦੁਆਰਿਆਂ ਨੂੰ ਆਪਣੇ ਪ੍ਰਬੰਧ ਹੇਠ ਲੈ ਕੇ ਅਨੇਕਾਂ ਪਾਖੰਡੀ ਸਾਧਾਂ, ਸੰਤਾਂ, ਬੇਦੀਆਂ, ਸੋਢੀਆਂ ਆਦਿ ਵਿਚ ਮਨਮੱਤ ਦਾ ਪ੍ਰਚਾਰ ਦ੍ਰਿੜ ਕਰਵਾਇਆ। ਉਹਨਾਂ ਨੇ ਮਿਸ਼ਨ ਸਕੂਲ ਅਤੇ ਕਾਲਜ ਖੋਲ੍ਹੇ, ਤਾਂ ਜੋ ਉਨ੍ਹਾਂ ਰਾਹੀਂ ਈਸਾਈ ਮੱਤ ਦਾ ਪ੍ਰਚਾਰ ਕਰਕੇ ਸਿੱਖਾਂ ਨੂੰ ਈਸਾਈ ਬਣਾਇਆ ਜਾ ਸਕੇ।

ਕੁਝ ਅਜਿਹੀਆਂ ਹੋਰ ਅਨੇਕਾਂ ਘਟਨਾਵਾਂ ਦੇ ਪ੍ਰਤਿਕਰਮ ਵਜੋਂ ਸਿੱਖਾਂ ਦੇ ਚੋਣਵੇਂ ਮੁਖੀ 1873 ਵਿਚ ਅੰਮ੍ਰਿਤਸਰ ਵਿਖੇ ਅਕਾਲ ਤਖ਼ਤ ਦੇ ਪਿਛਵਾੜੇ ਇਕੱਠੇ ਹੋਏ ਅਤੇ ਸਰਬਸੰਮਤੀ ਨਾਲ ਗੁਰਮਤਿ ਪ੍ਰਚਾਰ ਲਈ ਇਕ ਸਭਾ ਕਾਇਮ ਕੀਤੀ, ਜਿਸ ਦਾ ਨਾਂ 'ਸਿੰਘ ਸਭਾ' ਰਖਿਆ ਗਿਆ ਅਤੇ ਸ਼੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੇ ਨਾਂ ਤੇ ਰਜਿਸਟਰ ਕਰਵਾਈ। ਇਸ ਸਭਾ ਦਾ ਕੰਮ ਚਲਾਉਣ ਲਈ ਹੇਠ ਲਿਖੇ ਪੰਜ ਸਿੱਖ ਨਾਮਜਦ ਕੀਤੇ ਗਏ:

1. ਸ. ਠਾਕਰ ਸਿੰਘ ਸੰਧਾਵਾਲੀਆ (ਪ੍ਰਧਾਨ)

2. ਪ੍ਰੋ. ਭਾਈ ਗੁਰਮੁੱਖ ਸਿੰਘ।

3. ਗਿਆਨੀ ਭਾਈ ਦਿੱਤ ਸਿੰਘ।

4. ਸਰਦਾਰ ਭਾਈ ਮੱਈਆ ਸਿੰਘ

5. ਸਰਦਾਰ ਭਾਈ ਜਵਾਹਰ ਸਿੰਘ [42]

ਇਨ੍ਹਾਂ ਤੋਂ ਇਲਾਵਾ ਗੁਰਮਤਿ ਪੱਖੀ ਪਤਵੰਤੇ ਸੱਜਣਾਂ ਨੇ ਗੁਰਮਤਿ ਪ੍ਰਚਾਰ ਅਤੇ ਸਿੰਘ ਸਭਾ ਦਾ ਮੁੱਢ ਬੰਨਣ ਲਈ ਉਪਰਾਲੇ ਕੀਤੇ, ਉਹਨਾਂ ਦਾ ਸੰਖੇਪ ਜੀਵਨ ਇਤਿਹਾਸ ਅਗਲੇ ਪੰਨਿਆਂ ਵਿਚ ਵਿਚਾਰਿਆ ਜਾ ਰਿਹਾ ਹੈ:

**ਸ: ਸਰ ਅਤਰ ਸਿੰਘ ਭਦੌੜ (1833-1896):**

ਪੰਜਾਬੀ, ਸੰਸਕ੍ਰਿਤ, ਫ਼ਾਰਸੀ ਅਤੇ ਅੰਗਰੇਜ਼ੀ ਦੇ ਉੱਘੇ ਵਿਦਵਾਨ ਸਰ ਅਤਰ ਸਿੰਘ ਭਦੌੜ, ਫੂਲਕਾ ਸਿੱਧੂ ਸਨ, ਜੋ ਮਾਲਵੇ ਦੀਆਂ ਫੂਲਕੀਆ ਰਿਆਸਤਾਂ ਪਟਿਆਲਾ, ਨਾਭਾ, ਜੀਂਦ ਦੇ ਅਸਲੋਂ ਹੀ ਨੇੜਲੇ ਸ਼ਰੀਕੇ ਵਿਚੋਂ ਸਨ। ਭਦੌੜੀਏ ਸਰਦਾਰ ਆਪਣੇ ਸ਼ਰੀਕੇ ਭਰਾਵਾਂ ਫੂਲਕੇ ਰਾਜਿਆਂ ਦੇ ਅਧੀਨ ਰਹਿਣਾ ਪਸੰਦ ਨਹੀਂ ਕਰਦੇ ਸਨ, ਇਸ ਲਈ ਉਨ੍ਹਾਂ ਦੀ ਬੇਨਤੀ ਉੱਤੇ ਇਨ੍ਹਾਂ ਬਾਈ ਪਿੰਡਾਂ ਨੂੰ ਨਥਾਣੇ ਦੀ ਸਬ-ਤਹਿਸੀਲ ਵਿਚ ਸ਼ਾਮਿਲ ਕਰਕੇ ਉਸਨੂੰ ਅੰਗਰੇਜ਼ੀ ਜ਼ਿਲ੍ਹੇ ਫਿਰੋਜ਼ਪੁਰ ਦਾ ਇਕ ਭਾਗ ਬਣਾ ਦਿੱਤਾ ਗਿਆ। ਭਦੌੜ ਨੂੰ ਪੈਪਸੂ ਟੁੱਟਣ ਮਗਰੋਂ ਸੰਗਰੂਰ ਵਿਚ ਸ਼ਾਮਿਲ ਕਰ ਦਿੱਤਾ ਗਿਆ। ਅਤਰ ਸਿੰਘ ਦਾ ਜਨਮ 1833 ਵਿਚ ਸ: ਖੜਕ ਸਿੰਘ ਸਿੱਧੂ ਦੇ ਘਰ ਹੋਇਆ। ਉਨ੍ਹਾਂ ਦੀ ਮੁੱਢ ਤੋਂ ਹੀ ਰੁਚੀ ਆਲਮਾਨਾ (ਵਿਦਵਤਾ ਭਰਪੂਰ) ਸੀ ਅਤੇ ਉਨ੍ਹਾਂ ਨੇ ਛੇਤੀ ਹੀ ਉਰਦੂ, ਫ਼ਾਰਸੀ, ਪੰਜਾਬੀ ਤੇ ਅੰਗਰੇਜ਼ੀ ਵਿਚ ਚੋਖੀ ਮੁਹਾਰਤ ਹਾਸਲ ਕਰ ਲਈ। ਸੰਸਕ੍ਰਿਤ ਵਿਚ ਉੱਚਕੋਟੀ ਦੀ ਮੁਹਾਰਤ ਹਾਸਲ ਕਰ ਲੈਣ ਕਰਕੇ ਉਨ੍ਹਾਂ ਨੂੰ ਅੰਗਰੇਜ਼ੀ ਸਰਕਾਰ ਨੇ ਮਹਾ ਪਹੋਪਧਿਆਇ (ਗੁਰੂਆਂ ਦਾ ਗੁਰੂ) ਦੇ ਸਨਮਾਨ ਨਾਲ ਸਨਮਾਨਿਤ ਕੀਤਾ। ਸੰਸਕ੍ਰਿਤ ਦੇ ਬਰਾਬਰ ਹੀ ਉਹ ਫ਼ਾਰਸੀ ਤੇ ਅਰਬੀ ਦੇ ਵੀ ਉੱਘੇ ਵਿਦਵਾਨ ਬਣ ਗਏ ਅਤੇ ਉਨ੍ਹਾਂ ਨੂੰ ਸਰਕਾਰ ਵਲੋਂ 'ਸ਼ਮਸ-ਉੱਲ-ਅਲਾਮਾ' ਦਾ ਖਿਤਾਬ ਦਿੱਤਾ ਗਿਆ।

ਪਰਿਵਾਰਕ ਜਾਇਦਾਦ ਦੇ ਮਾਲਕ ਬਣ ਕੇ ਅਤਰ ਸਿੰਘ ਨੇ ਆਪਣੇ ਲਈ ਭਦੌੜ ਵਿਖੇ ਇਕ ਵੱਡਾ ਪੁਸਤਕਾਲਾ ਸਥਾਪਿਤ ਕੀਤਾ ਅਤੇ ਬੱਚਿਆਂ ਦਾ ਸਕੂਲ ਖੋਲ੍ਹਿਆ। 1878 ਵਿਚ ਉਹ ਲੁਧਿਆਣੇ ਜਾ ਵਸੇ। ਨਾਲ ਹੀ ਭਦੌੜ ਤੋਂ ਉਹ ਇਸ ਸ਼ਹਿਰ ਵਿਚ ਆਪਣਾ ਪੁਸਤਕਾਲਾ ਲੈ ਗਏ। ਇਸ ਪੁਸਤਕਾਲੇ ਦਾ ਜ਼ਿਕਰ ਲੁਧਿਆਣੇ ਜ਼ਿਲ੍ਹੇ ਦੇ ਗਜ਼ਟੀਅਰ ਵਿਚ ਵੀ ਕੀਤਾ ਗਿਆ ਹੈ। ਉਨ੍ਹਾਂ ਦੀ ਵਸੀਅਤ ਦੇ ਮੁਤਾਬਿਕ, ਉਨ੍ਹਾਂ ਦੀ ਮੌਤ ਮਗਰੋਂ ਇਹ ਪੁਸਤਕਾਲਾ ਪੰਜਾਬ ਪਬਲਿਕ ਲਾਇਬ੍ਰੇਰੀ ਲਾਹੌਰ ਵਿਚ ਤਬਦੀਲ ਕਰ ਦਿੱਤਾ ਗਿਆ, ਜਿਸ ਵਿਚ ਉਨ੍ਹਾਂ ਦੀਆਂ ਲਿਖਤਾਂ ਦੇ ਖਰੜੇ ਸੁਰੱਖਿਅਤ ਹਨ। ਜਿਨ੍ਹਾਂ ਵਿਚ ਉਨ੍ਹਾਂ ਦੀ ਉਰਦੂ ਵਿਚ ਲਿਖੀ ਪੁਸਤਕ 'ਤਵਾਰੀਖ ਸਿੱਧੂ ਬਰਾੜਾਂ' ਸੁਰੱਖਿਅਤ ਪਈ ਹੈ। ਉਨ੍ਹਾਂ ਦੀਆਂ ਵਿਦਵਤਾਂ ਵਾਲੀਆਂ ਰੁਚੀਆਂ ਅਤੇ ਪੰਜਾਬ ਵਿਚ ਸਿੱਖਿਆ ਦੇ ਆਦਰਸ਼ ਲਈ ਕੀਤੇ ਕੰਮਾਂ ਨੂੰ ਵੇਖ ਕੇ ਉਨ੍ਹਾਂ ਨੂੰ ਪੰਜਾਬ ਯੂਨੀਵਰਸਿਟੀ ਲਾਹੌਰ ਦੀ ਸੈਨੇਟ ਦਾ 1870 ਵਿਚ ਮੈਂਬਰ ਨਿਯੁਕਤ ਕਰ ਦਿੱਤਾ ਗਿਆ। ਇਸ ਤੋਂ ਇਕ ਸਾਲ ਪਹਿਲਾਂ 1869 ਵਿਚ ਉਨ੍ਹਾਂ ਨੂੰ ਸਿੱਖਿਆ ਅਤੇ ਸਾਹਿਤਕ ਸਭਾ 'ਅੰਜੁਮਨ-ਏ-ਪੰਜਾਬ' ਦੇ ਮੈਂਬਰ ਚੁਣ ਲਿਆ ਗਿਆ। ਜਿਹੜੀ ਕਿ ਡਾ. ਜੀ. ਡਬਲਿਯੂ ਲਾਈਟਨਰ ਦੀ ਪ੍ਰਧਾਨਗੀ ਹੇਠ ਸ਼ੁਰੂ ਕੀਤੀ ਗਈ ਸੀ। 1880 ਵਿਚ ਅਤਰ ਸਿੰਘ ਭਦੌੜ ਇਸ ਅੰਜੁਮਨ ਦੇ ਉਪ-ਪ੍ਰਧਾਨ ਸਨ। 1869 ਵਿਚ ਉਹ 'ਏਸ਼ੀਆਟਿਕ ਸੁਸਾਇਟੀ ਆਫ਼ ਬੰਗਾਲ' ਦੇ ਮੈਂਬਰ ਚੁਣ ਲਏ ਗਏ। ਅੰਗਰੇਜ਼ੀ ਸਰਕਾਰ ਉਨ੍ਹਾਂ ਤੋਂ ਸਿੱਖ ਮਾਮਲਿਆਂ, ਧਰਮ ਅਤੇ ਗੁਰਮਤਿ ਬਾਰੇ ਸਲਾਹਾਂ ਲਿਆ ਕਰਦੀ ਸੀ। ਉਹ ਸਰਕਾਰ ਦੇ ਪੂਰਨ ਵਫ਼ਾਦਾਰ ਸਨ ਅਤੇ ਉਨ੍ਹਾਂ ਨੇ ਖ਼ਾਸ ਤੌਰ ਤੇ ਕਈ ਬਗ਼ਾਵਤਾਂ ਸਮੇਂ ਸਰਕਾਰ ਦੀ ਮਦਦ ਕੀਤੀ ਸੀ ਅਤੇ ਸਵੈ-ਇੱਛਾ ਨਾਲ ਕੂਕਿਆਂ ਦੀਆਂ ਸਰਗਰਮੀਆਂ ਬਾਰੇ ਸਰਕਾਰ ਨੂੰ ਸੂਚਨਾਵਾਂ ਦਿਆ ਕਰਦੇ ਸਨ। ਅੰਗਰੇਜ਼ੀ ਸਰਕਾਰ ਦੇ ਲਾਭ ਹਿੱਤ ਉਨ੍ਹਾਂ ਨੇ 1873 ਵਿਚ ਸੌ ਸਾਖੀ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ, ਜਿਸਦਾ ਕੂਕਿਆਂ ਨੇ ਗੁਰੂ ਗੋਬਿੰਦ ਸਿੰਘ ਦੀ ਰਚਨਾ ਹੋਣ ਦਾ ਪ੍ਰਚਾਰ ਕੀਤਾ ਸੀ, ਜਿਸ ਵਿਚ 19ਵੀਂ ਸਦੀ ਦੇ ਅਖੀਰ ਵਿਚ ਮਹਾਰਾਜਾ ਦਲੀਪ ਸਿੰਘ ਦੀ ਜਿੱਤ ਅਤੇ ਕੂਕਿਆਂ ਦੀ ਪ੍ਰਫੁੱਲਤਾ ਬਾਰੇ ਕੁਝ ਤੁੱਕਾਂ ਲਿਖੀਆਂ ਹੋਈਆਂ ਸਨ।

ਜਦੋਂ 1873 ਵਿਚ ਜਰਮਨ ਵਿਦਵਾਨ ਟਰੰਪ ਨੇ ਦਸਮ ਗ੍ਰੰਥ ਨੂੰ ਅੰਗਰੇਜ਼ੀ ਵਿਚ ਅਨੁਵਾਦ ਕਰਨ ਵਿਚ ਅਸਮਰਥਤਾ ਵਿਖਾਈ ਤਾਂ ਸਰ ਅਤਰ ਸਿੰਘ ਨੇ ਸਰਕਾਰ ਦੀ ਬੇਨਤੀ ਉੱਤੇ ਦਸਮ ਗ੍ਰੰਥ ਵਿਚੋਂ ਕੁਝ ਬਾਣੀ ਜਾਪ ਸਾਹਿਬ, ਅਕਾਲ ਉਸਤਤਿ, ਬਚਿਤਰ ਨਾਟਕ ਅਤੇ ਜ਼ਫਰਨਾਮੇ ਵਿਚ ਹਦਾਇਤਾਂ ਦਾ ਭਾਗ, ਫ਼ਾਰਸੀ ਤੇ ਅੰਗਰੇਜ਼ੀ ਵਿਚ ਅਨੁਵਾਦ ਕਰਕੇ ਮਾਰਚ, 1874 ਨੂੰ ਅੰਗਰੇਜ਼ੀ ਸਰਕਾਰ ਨੂੰ ਦਿੱਤੇ। ਉਨ੍ਹਾਂ ਨੇ ਪ੍ਰਹਿਲਾਦ ਸਿੰਘ ਦਾ ਲਿਖਿਆ ਰਹਿਤਨਾਮਾ ਅਤੇ ਭਾਈ ਨੰਦ ਲਾਲ ਦੀਆਂ ਫ਼ਾਰਸੀ ਗ਼ਜ਼ਲਾਂ ਸਰਕਾਰ ਦੇ ਲਾਭ ਹਿੱਤ ਅੰਗਰੇਜ਼ੀ ਵਿਚ ਅਨੁਵਾਦ ਕਰਕੇ ਦਿੱਤੀਆਂ। ਜਨਵਰੀ 1873 ਵਿਚ ਉਨ੍ਹਾਂ ਨੇ ਸਾਖੀ ਪੋਥੀ ਨੂੰ 'ਟਰੈਵਲਜ਼ ਆਫ਼ ਗੁਰੂ ਤੇਗ ਬਹਾਦਰ' ਅਤੇ 'ਗੁਰੂ ਗੋਬਿੰਦ ਸਿੰਘ' ਨਾਂ ਨਾਲ ਪ੍ਰਕਾਸ਼ਿਤ ਕੀਤਾ। ਉਹ ਬੰਗਾਲ ਦੀ ਇਕ ਉਚ ਸੁਸਾਇਟੀ ਦੇ ਮੈਂਬਰ ਅਤੇ ਸਿੱਖ ਸਰਦਾਰਾਂ ਨੂੰ ਪੜ੍ਹਾਉਣ ਲਈ ਸਥਾਪਿਤ ਹੋਏ 'ਐਚੀਸਨ ਚੀਫਸ ਕਾਲਜ ਲਾਹੌਰ' ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ। ਉਨ੍ਹਾਂ ਦੀਆਂ ਸਾਹਿਤਕ ਤੇ ਸਿਆਸੀ ਸੇਵਾਵਾਂ ਦੀ ਮਾਨਤਾ ਵਜੋਂ ਉਨ੍ਹਾਂ ਨੂੰ 1877 ਵਿਚ 'ਫਜ਼ਲ-ਉਲ-ਫਜ਼ਲ' ਦਾ ਖਿਤਾਬ ਦਿੱਤਾ ਗਿਆ। ਉਨ੍ਹਾਂ ਨੂੰ ਪੂਰਬੀ ਭਾਸ਼ਾਵਾਂ ਦਾ ਵਿਦਵਾਨ ਹੋਣ ਦੀਆਂ ਉਪਾਧੀਆਂ ਦੇ ਨਾਲ-ਨਾਲ ਸਰ ਦੀ ਉਪਾਧੀ ਵੀ ਦਿੱਤੀ ਗਈ। ਮਹਾਰਾਜਾ ਦਲੀਪ ਸਿੰਘ ਨੂੰ ਭਾਰਤ ਆਉਣ ਦੀ ਇਜ਼ਾਜਤ ਬਾਰੇ, ਸਰਕਾਰੀ ਤੌਰ ਤੇ ਉਨ੍ਹਾਂ ਤੋਂ ਸਲਾਹ ਲਈ ਗਈ। ਉਨ੍ਹਾਂ ਨੇ ਇਸਦਾ ਵਿਰੋਧ ਕੀਤਾ ਅਤੇ ਗੱਦੀਓਂ ਲੱਥੇ ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਆਉਣ ਤੋਂ ਮਨਾਹੀ ਕਰਨ ਦਾ ਇਕ ਕਾਰਨ ਅਤਰ ਸਿੰਘ ਭਦੌੜ ਵਲੋਂ ਕੀਤੀ ਮਨਾਹੀ ਸੀ।

ਸਰ ਅਤਰ ਸਿੰਘ ਭਦੌੜ ਦੀਆਂ, ਸਿੰਘ ਸਭਾ ਲਹਿਰ ਵਿਚ ਸੇਵਾਵਾਂ ਉਨੀਆਂ ਹੀ ਮਹੱਤਵਪੂਰਨ ਹਨ, ਜਿੰਨੀ ਕਿ ਅੰਗਰੇਜ਼ੀ ਸਰਕਾਰ ਪ੍ਰਤੀ ਉਨ੍ਹਾਂ ਦੀ ਵਫ਼ਾਦਾਰੀ। ਉਹ 1884 ਵਿਚ ਸਥਾਪਿਤ ਹੋਈ ਲੁਧਿਆਣਾ ਸਿੰਘ ਸਭਾ ਦੇ ਮੋਢੀ ਪ੍ਰਧਾਨ ਸਨ। ਉਨ੍ਹਾਂ ਨੇ 'ਖ਼ਾਲਸਾ ਦੀਵਾਨ ਲਾਹੌਰ' ਦੀ ਸਥਾਪਨਾ ਵਿਚ ਮੁੱਖ ਭੂਮਿਕਾ ਨਿਭਾਈ ਤੇ ਇਸਦੇ ਮੁੱਖ ਸਰਪ੍ਰਸਤ ਬਣੇ। 1886 ਵਿਚ ਉਨ੍ਹਾਂ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਜਨਰਲ ਕਮੇਟੀ ਦੇ ਮੈਂਬਰ ਨਾਮਜ਼ਦ ਕੀਤਾ ਗਿਆ ਅਤੇ ਮਗਰੋਂ ਉਹ, ਖ਼ਾਲਸਾ ਕਾਲਜ ਕੌਂਸਲ ਦੇ ਉਪ-ਪ੍ਰਧਾਨ ਬਣੇ। ਸਰ ਅਤਰ

ਸਿੰਘ ਭਦੌੜ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਦੇ ਇਤਿਹਾਸ ਵਿਚ ਉੱਘੀ ਭੂਮਿਕਾ ਨਿਭਾਈ। ਉਨ੍ਹਾਂ ਨੇ ਓਰੀਐਂਟਲ ਕਾਲਜ ਲਾਹੌਰ ਦੇ ਪਾਠਕ੍ਰਮ ਵਿਚ ਪੰਜਾਬੀ ਨੂੰ ਸ਼ਾਮਿਲ ਕਰਵਾਇਆ। ਉਨ੍ਹਾਂ ਦੇ ਵਿਰੋਧੀਆਂ ਨੇ ਇਹ ਕਿਹਾ ਕਿ ਪੰਜਾਬੀ ਵਿਚ ਕੋਈ ਵਰਣਨਯੋਗ ਸਾਹਿਤ ਨਹੀਂ ਹੈ ਤਾਂ ਉਨ੍ਹਾਂ ਨੇ ਆਪਣੇ ਪੁਸਤਕਾਲੇ ਵਿਚੋਂ ਪੰਜਾਬੀ ਦੀਆਂ ਪੁਸਤਕਾਂ ਤੇ ਖਰੜਿਆਂ ਦੀ ਜਿਹੜੀ ਸੂਚੀ ਬਣਾ ਕੇ ਦਿੱਤੀ, ਉਸ ਨਾਲ ਵਿਰੋਧੀਆਂ ਨੇ ਵਿਰੋਧ ਛੱਡ ਦਿੱਤਾ। ਉਨ੍ਹਾਂ ਨੇ ਅੰਗਰੇਜ਼ ਵਿਦਵਾਨ ਖ਼ਾਸ ਤੌਰ ਤੇ ਡਾ. ਲਾਈਟਨਰ ਨੂੰ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਹਠੂਰ ਵਿਚ ਇਕ ਪੁਰਾਣਾ ਸ਼ਿਲਾਲੇਖ ਵਿਖਾਇਆ। ਜਿਸ ਤੋਂ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦੀ ਪ੍ਰਾਚੀਨਤਾ ਦਾ ਸੁਰਾਗ ਮਿਲਦਾ ਹੈ। ਸਰ ਅਤਰ ਸਿੰਘ ਭਦੌੜ ਦਾ ਦਿਹਾਂਤ 10 ਜੂਨ 1896 ਨੂੰ ਲੁਧਿਆਣੇ ਵਿਖੇ ਹੋਇਆ। ਆਪ ਨੇ ਪੰਜਾਬੀ ਬੋਲੀ ਦੀ ਕਲਮੀ ਸੇਵਾ ਕੀਤੀ। ਆਪ ਪਹਿਲੇ ਲਿਖਾਰੀ ਹਨ, ਜਿਨ੍ਹਾਂ ਨੇ ਸਿੱਖ ਧਰਮ ਬਾਰੇ ਅੰਗਰੇਜ਼ੀ ਵਿਚ ਪੁਸਤਕਾਂ ਲਿਖੀਆਂ। ਆਪ ਦੀਆਂ ਰਚਨਾਵਾਂ ਇਹ ਹਨ : ਸਾਖੀ ਬੁਧ (ਸੌ ਸਾਖੀ ਦਾ ਅਨੁਵਾਦ), ਟਰੈਵਲਜ਼ ਗੁਰੂ ਤੇਗ ਬਹਾਦਰ ਐਂਡ ਗੁਰੂ ਗੋਬਿੰਦ ਸਿੰਘ, ਰਹਿਤਨਾਮਾ ਪ੍ਰਹਿਲਾਦ ਸਿੰਘ ਅਤੇ ਨੰਦ ਲਾਲ, ਚੋਣਵੇਂ ਗੁਰਬਾਣੀ ਦੇ ਸ਼ਬਦਾਂ ਦਾ ਅੰਗਰੇਜ਼ੀ ਅਨੁਵਾਦ, ਜਪਜੀ ਸਟੀਕ (ਉਰਦੂ), ਤਵਾਰੀਖ ਸਿੱਧੂ ਬਰਾੜਾਂ ਅਤੇ ਖਾਨਦਾਨ ਫੂਲ ਪੰਜਾਬੀ।[43] ਆਪ ਜੀ ਦੇ ਸਪੁੱਤਰ ਸ. ਭਗਵੰਤ ਸਿੰਘ ਤੇ ਸਰਦਾਰ ਬਲਵੰਤ ਸਿੰਘ ਜੀ ਸਨ। ਆਪ ਜੀ ਦੀ ਸਪੁੱਤਰੀ ਦਾ ਵਿਆਹ ਸ. ਸੁੰਦਰ ਸਿੰਘ ਮਜੀਠਾ ਨਾਲ ਹੋਇਆ ਜਿਸ ਉਪਰੰਤ, ਮਜੀਠੀਆ ਸਾਹਿਬ ਵੀ ਪੰਥਕ ਸੇਵਾ ਵਿਚ ਅੱਗੇ ਹੋਏ। ਪਹਿਲਾਂ ਉਹ ਸ਼੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਤੇ ਫਿਰ ਚੀਫ਼ ਖ਼ਾਲਸਾ ਦੀਵਾਨ ਦੇ ਸਕੱਤਰ ਬਣੇ।[44]

**ਗਿਆਨੀ ਠਾਕਰ ਸਿੰਘ (1838–1943) :**

ਗਿਆਨੀ ਠਾਕਰ ਸਿੰਘ ਨੇ 105 ਸਾਲਾਂ ਦੀ ਉਮਰ ਭੋਗੀ। ਉਹ ਗੁਰਮਤਿ ਗ੍ਰੰਥਾਂ ਦੇ ਵਿਦਵਾਨ ਤੇ ਇਕ ਬੜੀ ਹੀ ਪਾਵਨ ਹਸਤੀ ਸਨ। ਉਨ੍ਹਾਂ ਦਾ ਜਨਮ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਜੰਡਿਆਲਾ ਵਿਖੇ 10 ਨਵੰਬਰ, 1838 ਨੂੰ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਇਕ ਸਿਪਾਹੀ ਭਾਈ ਮਹਾਂ ਸਿੰਘ ਦੇ ਘਰ ਹੋਇਆ। ਮਹਾਂ ਸਿੰਘ ਨੌਰੰਗਾਵਾਦੀ ਭਾਈ ਮਹਾਰਾਜ ਸਿੰਘ

ਦਾ ਪੈਰੋਕਾਰ ਸੀ। ਇਸਦੀ ਨਿਗਰਾਨੀ ਹੇਠ ਠਾਕਰ ਸਿੰਘ ਨੇ, ਗੁਰਮਤਿ-ਗ੍ਰੰਥਾਂ ਦੀ ਮੁਢਲੀ ਸਿੱਖਿਆ ਲਈ ਅਤੇ ਇਸਦੇ ਹੱਥੋਂ ਉਸਨੇ ਅੰਮ੍ਰਿਤਪਾਨ ਕੀਤਾ। ਦਸੰਬਰ 1849 ਵਿਚ ਭਾਈ ਮਹਾਰਾਜ ਸਿੰਘ ਦੀ ਅੰਗਰੇਜ਼ਾਂ ਵਲੋਂ ਗਰਿਫ਼ਤਾਰੀ ਮਗਰੋਂ ਠਾਕਰ ਸਿੰਘ ਤੇ ਉਸਦਾ ਪਿਤਾ ਮਹਾਂ ਸਿੰਘ ਕਿਸੇ ਨਾ ਕਿਸੇ ਤਰ੍ਹਾਂ ਗਰਿਫ਼ਤਾਰ ਹੋਣੋ ਬਚ ਨਿਕਲੇ ਤੇ ਥਾਂ-ਥਾਂ ਭਟਕਦੇ ਰਹੇ। ਇਨ੍ਹਾਂ ਜਬਰੀ ਯਾਤਰਾਵਾਂ ਦੌਰਾਨ ਉਨ੍ਹਾਂ ਨੇ ਇਤਿਹਾਸਕ ਮਹੱਤਵ ਵਾਲੇ ਸਾਰੇ ਹੀ ਗੁਰਧਾਮਾਂ ਦੇ ਦਰਸ਼ਨ ਕੀਤੇ। ਗੱਭਰੂ ਠਾਕਰ ਸਿੰਘ ਆਪਣੀਆਂ ਯਾਤਰਾਵਾਂ ਦੀ ਡਾਇਰੀ ਨਾਲੋ-ਨਾਲ ਲਿਖਦਾ ਰਿਹਾ। ਜਿਸਦੇ ਆਧਾਰ ਉਤੇ ਉਸਨੇ ਸਿੱਖ ਪਾਵਨ ਗੁਰਧਾਮਾਂ ਬਾਰੇ ਇਕ ਮਹੱਤਵ ਪੂਰਨ ਪੁਸਤਕ 'ਸ਼੍ਰੀ ਗੁਰਦੁਆਰੇ ਦਰਸ਼ਨ' ਲਿਖੀ। ਜਦੋਂ ਪੰਜਾਬ ਵਿਚ ਸ਼ਾਂਤੀ ਸਥਾਪਿਤ ਹੋ ਗਈ, ਪਿਉ-ਪੁੱਤਰ ਘਰ ਪਰਤ ਆਏ। ਠਾਕਰ ਸਿੰਘ ਤਲਵੰਡੀ ਸਾਬੋ ਵਿਖੇ ਦਮਦਮੀ ਟਕਸਾਲ ਵਿਚ ਪੜ੍ਹਨ ਲੱਗ ਗਿਆ, ਜਿਥੇ ਉਸਨੇ ਗੁਰਸਿੱਖੀ ਗਿਆਨ ਅਤੇ ਧਰਮ ਬਾਰੇ ਅਗਲੇਰਾ ਗਿਆਨ ਪ੍ਰਾਪਤ ਕੀਤਾ। ਉਸਨੇ ਬ੍ਰਿਜ, ਉਰਦੂ ਅਤੇ ਫ਼ਾਰਸੀ ਵਿਚ ਵੀ ਚੋਖੀ ਮੁਹਾਰਤ ਹਾਸਲ ਕਰ ਲਈ। ਗੁਰਮਤਿ ਦੇ ਇਸ ਵਿਸ਼ਾਲ ਗਿਆਨ ਕਾਰਨ ਉਸਨੂੰ ਗਿਆਨੀ ਕਿਹਾ ਜਾਣ ਲੱਗਾ। ਇਸ ਤੋਂ ਮਗਰੋਂ ਉਨ੍ਹਾਂ ਨੇ ਪ੍ਰਚਾਰਕ ਵਜੋਂ ਅਤੇ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਸਿੱਖ ਸੰਗਤਾਂ ਵਿਚ ਵਾਧਾ ਕਰਨ ਦਾ ਲੰਬਾ ਮਿਸ਼ਨਰੀ ਜੀਵਨ ਸ਼ੁਰੂ ਕੀਤਾ। ਉਨ੍ਹਾਂ ਨੇ ਖ਼ਾਲਸਾ ਦੀਵਾਨ ਲਾਹੌਰ ਦੀਆਂ ਸਰਗਰਮੀਆਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਅਮੀਰ ਤੇ ਰਿਆਸਤੀ ਸਿੱਖਾਂ ਤੇ ਸਿੱਖ ਸੰਗਤ ਦੋਹਾਂ ਤੋਂ ਹੀ ਸਤਿਕਾਰ ਪ੍ਰਾਪਤ ਕੀਤਾ।

1888 ਵਿਚ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਯਾਦ ਵਿਚ ਵਾਰਸ਼ਿਕ ਜੋੜ ਮੇਲਾ ਲਾਉਣਾ ਸ਼ੁਰੂ ਕੀਤਾ। 1902 ਵਿਚ ਸਥਾਪਿਤ ਹੋਈ ਚੀਫ ਖ਼ਾਲਸਾ ਦੀਵਾਨ ਦੇ ਉਹ ਮੋਢੀ ਮੈਂਬਰ ਸਨ। ਉਹ ਦੀਵਾਨ ਦਾ ਸੰਵਿਧਾਨ ਬਣਾਉਣ ਵਾਲੀ ਕਮੇਟੀ ਦੇ ਵੀ ਮੈਂਬਰ ਸਨ। ਕੁਝ ਸਮਾਂ ਉਨ੍ਹਾਂ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਗੁਰਮਤਿ ਉਤੇ ਭਾਸ਼ਣ ਦਿੱਤੇ। ਉਹ 1908 ਵਿਚ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਦੇ

ਆਨੰਦ ਕਾਰਜ ਦੀ ਰਸਮ ਨਿਭਾਉਣ ਵਾਲਿਆਂ ਵਿਚੋਂ ਇਕ ਸਨ। 1920 ਵਿਚ ਸ਼ੁਰੂ ਹੋਈ ਗੁਰਦੁਆਰਾ ਸੁਧਾਰ ਲਹਿਰ ਦੇ ਵੀ ਉਹ ਸਮਰਥਕ ਸਨ।

ਗਿਆਨੀ ਠਾਕਰ ਸਿੰਘ ਇਕ ਯੋਗ ਕਵੀ ਵੀ ਸਨ। 1923 ਵਿਚ ਪ੍ਰਕਾਸ਼ਿਤ ਹੋਈ ਆਪਣੀ ਪੁਸਤਕ 'ਗੁਰਦੁਆਰੇ ਦਰਸ਼ਨ' ਤੋਂ ਇਲਾਵਾ ਉਨ੍ਹਾਂ ਦੀਆਂ ਸਾਰੀਆਂ ਹੀ ਛੋਟੀਆਂ ਰਚਨਾਵਾਂ ਕਵਿਤਾ ਵਿਚ ਹਨ। ਇਨ੍ਹਾਂ ਰਚਨਾਵਾਂ ਵਿਚੋਂ ਕੁਝ ਕੁ ਨਾਂ ਇਸ ਤਰ੍ਹਾਂ ਹਨ : 'ਉਸਤਤ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ' (1901), 'ਪੋਥੀ ਗੁਰਮਤਿ ਇਤਿਹਾਸ' (1903), 'ਸ਼ਹੀਦ ਬਿਲਾਸ ਬਾਬਾ ਦੀਪ ਸਿੰਘ ਸ਼ਹੀਦ ਜੀ' (1904), 'ਸਿਦਕੀ ਜੀਵਨ ਮਨੀ ਸਿੰਘ ਸ਼ਹੀਦ ਦਾ ਜੀਵਨ ਬ੍ਰਿਤਾਂਤ (1907)', 'ਵੱਡਾ ਸ਼ਹੀਦ ਬਿਲਾਸ' (1913), 'ਕੂੰਜਾਂ ਦੀ ਦਰਦ ਭਰੀ ਕਥਾ' (1922), ਗਿਆਨੀ ਠਾਕਰ ਸਿੰਘ ਦਾ ਦਿਹਾਂਤ ਅੰਮ੍ਰਿਤਸਰ ਵਿਖੇ 5 ਜਨਵਰੀ 1943 ਨੂੰ 104 ਸਾਲਾਂ ਦੀ ਉਮਰ ਵਿਚ ਹੋਇਆ।

**ਭਾਈ ਮਈਆ ਸਿੰਘ (1862–1928) :**

ਭਾਈ ਮਈਆ ਸਿੰਘ ਜੀ ਸਿੰਘ ਸਭਾ ਜਾਗ੍ਰਿਤੀ ਲਹਿਰ ਦੀ ਇਕ ਪ੍ਰਮੁੱਖ ਹਸਤੀ ਸਨ। ਉਨ੍ਹਾਂ ਦਾ ਜਨਮ 1862 ਈ. ਵਿਚ ਹੋਇਆ। ਉਨ੍ਹਾਂ ਦੇ ਮੁਢਲੇ ਜੀਵਨ ਬਾਰੇ ਬਹੁਤ ਘਟ ਜਾਣਕਾਰੀ ਮਿਲਦੀ ਹੈ, ਸਿਵਾਏ ਇਸਦੇ ਕਿ ਉਹ ਲਾਹੌਰ ਵਿਖੇ ਰੇਲਵੇ ਵਿਚ ਇਕ ਕਲਰਕ ਭਰਤੀ ਹੋ ਗਏ ਸਨ, ਜਿੱਥੇ ਉਹ ਭਾਈ ਜਵਾਹਰ ਸਿੰਘ ਕਪੂਰ ਦੇ ਸੰਪਰਕ ਵਿਚ ਆਏ, ਜਿਨ੍ਹਾਂ ਦੇ ਪ੍ਰਭਾਵ ਅਧੀਨ ਉਹ ਆਰੀਆ ਸਮਾਜ ਵਿਚ ਸ਼ਾਮਿਲ ਹੋ ਗਏ। ਉਸੇ ਸਮੇਂ ਉਨ੍ਹਾਂ ਨੇ ਸਿੰਘ ਸਭਾ ਲਹਿਰ ਲਾਹੌਰ ਦੇ ਸਮਾਗਮਾਂ ਵਿਚ ਵੀ ਭਾਗ ਲੈਣਾ ਸ਼ੁਰੂ ਕੀਤਾ। ਆਰੀਆ ਸਮਾਜ ਵਿਚੋਂ ਅਲਹਿਦਾ ਹੋ ਜਾਣ ਉੱਤੇ ਭਾਈ ਮਈਆ ਸਿੰਘ, ਭਾਈ ਜਵਾਹਰ ਸਿੰਘ ਕਪੂਰ ਤੇ ਗਿਆਨੀ ਦਿੱਤ ਸਿੰਘ ਦੇ ਨਾਲ ਤਨੋ-ਮਨੋ ਸਿੰਘ ਸਭਾ ਲਹਿਰ ਵਿਚ ਭਾਗ ਲੈਣ ਲਗ ਪਏ। ਉਹ ਖ਼ਾਲਸਾ ਦੀਵਾਨ ਲਾਹੌਰ ਨਾਲ ਜੁੜੇ ਰਹੇ ਅਤੇ ਲਾਹੌਰ ਦੀਵਾਨ ਅਤੇ ਅੰਮ੍ਰਿਤਸਰ ਦੀਵਾਨ ਵਿਚਕਾਰ ਖਹਿਬਾਜ਼ੀ ਦੇ ਦਿਨਾਂ ਵਿਚ ਵੀ ਉਹ ਲਾਹੌਰ ਦਰਬਾਰ ਪ੍ਰਤੀ ਵਫ਼ਾਦਾਰ ਰਹੇ। 1889 ਵਿਚ ਉਨ੍ਹਾਂ ਦੀ ਸ਼ਾਦੀ ਅੰਮ੍ਰਿਤਸਰ ਦੇ ਗਿਆਨੀ ਪਰਿਵਾਰ ਵਿਚ ਗਿਆਨੀ ਪ੍ਰਦੁੱਮਣ ਸਿੰਘ ਦੀ ਸਪੁਤਰੀ

ਨਾਲ ਹੋਣ ਦੇ ਬਾਵਜੂਦ ਲਾਹੌਰ ਦਰਬਾਰ ਨਾਲੋਂ ਉਨ੍ਹਾਂ ਨੇ ਆਪਣੀ ਵਫ਼ਾਦਾਰੀ ਨਾ ਤੋੜੀ। 1892 ਵਿਚ ਉਨ੍ਹਾਂ ਨੂੰ ਲਾਹੌਰ ਦੀਵਾਨ ਦਾ ਸਹਿ ਸਕੱਤਰ ਨਿਯੁਕਤ ਕੀਤਾ ਗਿਆ। ਜਿਉਂ ਜਿਉਂ ਉਹ ਸਿੰਘ ਸਭਾ ਦੇ ਕਾਰਜ ਵਿਚ ਖੁੱਭਦਾ ਗਿਆ ਉਸਨੇ ਆਪਣੀ ਰੇਲਵੇ ਦੀ ਨੌਕਰੀ ਤਿਆਗ ਦਿੱਤੀ ਅਤੇ ਪੁਸਤਕਾਂ ਦੀ ਇਕ ਦੁਕਾਨ 'ਪੰਜਾਬ ਬੁਕ ਡੀਪੂ' ਖੋਲ੍ਹ ਲਿਆ। ਉਨ੍ਹਾਂ ਨੂੰ ਉਰਦੂ ਹਫ਼ਤਾਵਰ 'ਖ਼ਾਲਸਾ ਗਜ਼ਟ' ਦਾ ਸੰਪਾਦਕ ਨਿਯੁਕਤ ਕੀਤਾ ਗਿਆ। ਜਿਸਦੀ ਪ੍ਰਕਾਸ਼ਨਾ 1885 ਵਿਚ ਸ਼ੁਰੂ ਹੋਈ ਪਰ ਉਨ੍ਹਾਂ ਨੇ ਇਹ ਸੰਪਾਦਕੀ 10 ਦਸੰਬਰ, 1886 ਨੂੰ ਤਿਆਗ ਦਿੱਤੀ। 1884 ਵਿਚ ਪੰਜਾਬ ਦੀ ਅੰਗਰੇਜ਼ੀ ਸਰਕਾਰ ਨੇ ਇਕ ਵਿਸ਼ਾਲ ਪੰਜਾਬੀ-ਅੰਗਰੇਜ਼ੀ ਕੋਸ਼ ਤਿਆਰ ਕਰਨ ਦਾ ਫੈਸਲਾ ਕੀਤਾ ਅਤੇ ਇਹ ਕੰਮ ਭਾਈ ਮਈਆ ਸਿੰਘ ਦੇ ਹਵਾਲੇ ਕਰ ਦਿੱਤਾ। ਉਨ੍ਹਾਂ ਨੇ ਇਸ ਕੋਸ਼ ਉੱਤੇ ਦਸ ਸਾਲ ਲਗਾਏ ਜੋ ਪੰਜਾਬੀ ਡਿਕਸ਼ਨਰੀ ਦੇ ਨਾਂ ਨਾਲ 1895 ਵਿਚ ਮੁਕੰਮਲ ਹੋਇਆ। ਮਈ, 1895 ਵਿਚ ਖ਼ਾਲਸਾ ਪ੍ਰੈੱਸ ਸਥਾਪਿਤ ਕੀਤਾ ਗਿਆ ਅਤੇ ਭਾਈ ਮਈਆ ਸਿੰਘ ਇਸਦੇ ਮੈਨੇਜਰ ਨਿਯੁਕਤ ਕੀਤੇ ਗਏ। 5 ਜਨਵਰੀ, 1899 ਨੂੰ ਭਗਤ ਲਛਮਣ ਸਿੰਘ ਨੇ ਪਹਿਲਾ ਸਿੱਖ ਅੰਗਰੇਜ਼ੀ ਅਖ਼ਬਾਰ 'ਦੀ ਖ਼ਾਲਸਾ' ਸ਼ੁਰੂ ਕੀਤਾ। ਭਾਈ ਮਈਆ ਸਿੰਘ ਨੇ ਖ਼ਾਲਸਾ ਅਖ਼ਬਾਰ ਦੀ ਸੰਪਾਦਨਾ ਸੰਭਾਲ ਲਈ, ਜਿਹੜਾ ਉਨ੍ਹਾਂ ਨੇ ਤਦ ਤੱਕ ਛਾਪਣਾ ਜਾਰੀ ਰਖਿਆ ਜਦ ਤੱਕ ਖ਼ਾਲਸਾ ਦੀਵਾਨ ਲਾਹੌਰ ਦੇ ਨੇਤਾਵਾਂ ਸਰ ਅਤਰ ਸਿੰਘ ਦੀ 10 ਜੂਨ, 1896 ਵਿਚ ਅਤੇ ਭਾਈ ਗੁਰਮੁਖ ਸਿੰਘ ਦੀ 24 ਸਤੰਬਰ, 1898 ਵਿਚ ਅਤੇ ਗਿਆਨੀ ਦਿੱਤ ਸਿੰਘ ਦੀ, 6 ਸਤੰਬਰ, 1901 ਤੱਕ ਮ੍ਰਿਤੂ ਨਾ ਹੋ ਗਈ। ਇਸ ਉਪਰੰਤ ਇਸ ਅਖ਼ਬਾਰ ਦੀ ਦਸ਼ਾ ਨਿਘਰਦੀ ਗਈ ਅਤੇ ਆਖ਼ਰਕਾਰ 1905 ਵਿਚ ਇਸਨੂੰ ਬੰਦ ਕਰ ਦਿੱਤਾ ਗਿਆ। ਇਸ ਅਖ਼ਬਾਰ ਦੀਆਂ ਲਿਖਤਾਂ ਤੋਂ ਇਲਾਵਾ ਭਾਈ ਮਈਆ ਸਿੰਘ ਦੀਆਂ ਦੋ ਪੁਸਤਕਾਂ ਮਿਲਦੀਆਂ ਹਨ - 'ਮਜ਼ਾਮੀਨ ਖ਼ਾਲਸਾ ਧਰਮ ਪਰ', ਜਿਹੜੀ 1889 ਵਿਚ ਛਪੀ ਜੋ ਉਰਦੂ ਵਿਚ ਸੀ ਅਤੇ 1904 ਵਿਚ ਪੰਜਾਬੀ ਵਿਚ ਛਪੀ ਇਸ ਪੁਸਤਕ ਦਾ ਨਾਂ 'ਕਲਗੀਧਰ ਪ੍ਰਕਾਸ਼' ਸੀ। ਭਾਈ ਮਈਆ ਸਿੰਘ 1890 ਵਿਚ ਸਥਾਪਿਤ ਹੋਈ ਖ਼ਾਲਸਾ ਕਾਲਜ ਸਥਾਪਨਾ ਕਮੇਟੀ ਦਾ ਅਤੇ 1892 ਵਿਚ ਸਥਾਪਤ ਹੋਈ ਖ਼ਾਲਸਾ ਕਾਲਜ ਕੌਂਸਲ ਦੇ ਵੀ ਮੈਂਬਰ ਰਹੇ। ਖ਼ਾਲਸਾ

ਅਖ਼ਬਾਰ ਦੇ ਬੰਦ ਹੋ ਜਾਣ ਮਗਰੋਂ ਭਾਈ ਮਈਆ ਸਿੰਘ ਸਰਗਰਮ ਨਾ ਰਹੇ ਤੇ 8 ਮਾਰਚ, 1928 ਨੂੰ ਅਕਾਲ ਚਲਾਣਾ ਕਰ ਗਏ।

**ਬਾਬਾ ਸਰ ਖ਼ੇਮ ਸਿੰਘ ਬੇਦੀ** (1832-1905) :

ਬਾਬਾ ਖ਼ੇਮ ਸਿੰਘ ਬੇਦੀ, ਸਿੰਘ ਸਭਾ ਦੇ ਮੋਢੀਆਂ ਵਿਚੋਂ ਸਨ। ਆਪ ਦਾ ਜਨਮ ਪੋਠੋਹਾਰ ਦੇ ਜ਼ਿਲ੍ਹਾ ਰਾਵਲਪਿੰਡੀ ਦੇ ਛੋਟੇ ਜਿਹੇ ਪਿੰਡ ਕੱਲਰ ਵਿਖੇ 21 ਫਰਵਰੀ 1832 ਨੂੰ ਹੋਇਆ। ਆਪ ਗੁਰੂ ਨਾਨਕ ਦੇਵ ਜੀ ਦੀ 13ਵੀਂ ਪੀੜ੍ਹੀ ਵਿਚੋਂ ਸਨ। ਆਪ ਨੇ ਉੱਘੇ ਸਿੱਖ ਸੰਤ ਬਾਬਾ ਵੀਰ ਸਿੰਘ ਨੌਰੰਗਾਬਾਦੀ ਦੇ ਕਰ ਕਮਲਾਂ ਤੋਂ ਖੰਡੇ ਦਾ ਅੰਮ੍ਰਿਤ ਛਕਿਆ। ਆਪ ਦੇ ਪਿਤਾ ਬਾਬਾ ਅਤਰ ਸਿੰਘ 25 ਨਵੰਬਰ 1839 ਨੂੰ ਪਰਿਵਾਰਕ ਝਗੜੇ ਵਿਚ ਮਾਰੇ ਗਏ ਸਨ। ਖ਼ੇਮ ਸਿੰਘ ਤੇ ਉਸਦੇ ਵੱਡੇ ਭਰਾ ਸੰਪੂਰਨ ਸਿੰਘ ਨੂੰ ਜਲੰਧਰ ਦੋਆਬੇ ਵਿਚ ਜਗੀਰਾਂ ਤੋਂ ਇਲਾਵਾ 41 ਪਿੰਡ, ਦੀਪਾਲਪੁਰ ਦੀ ਗੁਗੇਰਾ ਤਹਿਸੀਲ ਵਿਚ ਮਿਲੇ ਜਿਹੜਾ ਮਗਰੋਂ ਮਿੰਟਗੁਮਰੀ ਅਥਵਾ ਸਾਹੀਵਾਲ ਜ਼ਿਲ੍ਹਾ ਬਣਾ ਦਿੱਤਾ ਗਿਆ। 29 ਮਾਰਚ 1849 ਨੂੰ ਪੰਜਾਬ ਦੇ ਅੰਗਰੇਜ਼ੀ ਰਾਜ ਵਿਚ ਸ਼ਾਮਿਲ ਹੋਣ ਤੇ 14 ਪਿੰਡ, ਨਵੀਂ ਸਰਕਾਰ ਨੇ ਜ਼ਬਤ ਕਰ ਲਏ। 1857 ਦੇ ਗਦਰ ਦੌਰਾਨ ਬਾਬਾ ਖ਼ੇਮ ਸਿੰਘ ਨੇ ਗੁਗੇਰਾ ਜ਼ਿਲੇ ਵਿਚ ਇਕ ਸਥਾਨਕ ਬਗ਼ਾਵਤ ਨੂੰ ਦਬਾਉਣ ਵਿਚ ਅੰਗਰੇਜ਼ੀ ਸਰਕਾਰ ਦੀ ਮਦਦ ਕੀਤੀ। ਉਸਨੇ ਛੋਟੀਆਂ ਛੋਟੀਆਂ ਝੜੱਪਾਂ ਵਿਚ ਆਪ ਨਿੱਜੀ ਤੌਰ ਤੇ ਭਾਗ ਲਿਆ ਅਤੇ ਬੜੀ ਯੋਗਤਾ ਨਾਲ ਬੰਦੂਕਾਂ ਦੇ ਨਿਸ਼ਾਨੇ ਲਗਾਏ। ਐਕਸਟਰਾ ਅਸਿਸਟੈਂਟ ਕਮਿਸ਼ਨਰ ਬਰਕਲੇ ਵੱਲੋਂ ਮੁਲਤਾਨ ਨਾਲ ਗੱਲਬਾਤ ਕਰਨ ਲਈ ਕਹੇ ਜਾਣ ਉੱਤੇ ਖ਼ੇਮ ਸਿੰਘ ਨੇ 21 ਮਾਰਚ 1857 ਨੂੰ ਇਕ ਘੋੜ ਸਵਾਰ ਹਮਲੇ ਵਿਚ ਆਪਣੀ ਯੋਗਤਾ ਦਾ ਪ੍ਰਦਰਸ਼ਨ ਕੀਤਾ। ਅਗਲੇ ਦਿਨ ਇਕ ਝੜਪ ਵਿਚ ਉਸਦੀ ਜਾਨ ਬੜੀ ਮੁਸ਼ਕਿਲ ਨਾਲ ਬਚੀ ਅਤੇ ਬਰਕਲੇ ਮਾਰਿਆ ਗਿਆ ਸੀ। ਭਾਰਤ ਦੀ ਅੰਗਰੇਜ਼ੀ ਸਰਕਾਰ ਨੇ ਉਸਦੀਆਂ ਸੇਵਾਵਾਂ ਬਦਲੇ ਉਸਨੂੰ 10001 ਰੁਪਏ ਨਕਦ ਅਤੇ ਦੋ ਨਾਲੀ ਬੰਦੂਕ ਇਨਾਮ ਵਜੋਂ ਦਿੱਤੀ ਅਤੇ ਉਸਦੀ ਜਾਗੀਰ ਵਿਚ ਵੀ ਵਾਧਾ ਕੀਤਾ ਜਾਂਦਾ ਰਿਹਾ। 1877 ਵਿਚ ਉਸਨੂੰ ਮੈਜਿਸਟ੍ਰੇਟ ਨਿਯੁਕਤ ਕੀਤਾ ਗਿਆ ਅਤੇ 1878 ਵਿਚ ਆਨਰੇਰੀ ਮੈਜਿਸਟਰੇਟ ਬਣਾਇਆ ਗਿਆ। 1879 ਵਿਚ

ਉਸਨੂੰ ਭਾਰਤੀ ਅੰਗਰੇਜ਼ੀ ਸਰਕਾਰ ਦਾ ਸਾਥੀ ਘੋਸ਼ਿਤ ਕੀਤਾ ਗਿਆ, 1893 ਵਿਚ ਉਸਨੂੰ ਵਾਇਸਰਾਇ ਦੀ ਵਿਧਾਨ ਪ੍ਰੀਸ਼ਦ ਵਿਚ ਨਿਯੁਕਤੀ ਮਿਲੀ। 1897 ਵਿਚ ਭਾਰਤੀ ਵਿਧਾਨ ਪ੍ਰੀਸ਼ਦ ਵਿਚ ਨਾਮਜ਼ਦ ਕੀਤਾ ਗਿਆ ਅਤੇ 1898 ਵਿਚ ਸਰ ਦੀ ਉਪਾਧੀ ਦਿੱਤੀ ਗਈ।

ਬਾਬਾ ਖ਼ੇਮ ਸਿੰਘ ਬੇਦੀ ਨੂੰ ਪੰਜਾਬ ਉੱਤੇ ਅੰਗਰੇਜ਼ਾਂ ਦੇ ਹਮਲੇ ਉਪਰੰਤ ਸਿੱਖ ਸਮਾਜ ਦੀ ਨਿਘਰਦੀ ਹਾਲਤ ਦਾ ਬਹੁਤ ਸਦਮਾ ਸੀ ਅਤੇ ਈਸਾਈ ਮਿਸ਼ਨਰੀਆਂ ਵੱਲੋਂ ਜਦੋਂ ਚਾਰ ਸਿੱਖ ਵਿਦਿਆਰਥੀਆਂ ਨੂੰ ਈਸਾਈ ਬਣਾਉਣ ਲਈ ਉਕਸਾਇਆ ਗਿਆ ਤਾਂ ਬਾਬਾ ਖ਼ੇਮ ਸਿੰਘ ਬੇਦੀ, ਸਰਦਾਰ ਠਾਕਰ ਸਿੰਘ ਸੰਧਾਵਾਲੀਆ ਅਤੇ ਕੰਵਰ ਬਿਕਰਮ ਸਿੰਘ ਕਪੂਰਥਲਾ ਨੇ 30 ਜੁਲਾਈ 1873 ਨੂੰ ਸਿੱਖਾਂ ਦੀ ਇਕ ਸਭਾ ਬਣਾਈ ਅਤੇ ਉਨ੍ਹਾਂ ਦੇ ਵਿਚਾਰ ਵਟਾਂਦਰੇ ਦੇ ਸਿੱਟੇ ਵਜੋਂ 1 ਅਕਤੂਬਰ 1873 ਨੂੰ ਦੁਸਹਿਰੇ ਵਾਲੇ ਦਿਨ ਸਿੰਘ ਸਭਾ ਦੀ ਸਥਾਪਨਾ ਹੋਈ। ਨਤੀਜੇ ਵਜੋਂ ਹੋਰਨਾਂ ਸ਼ਹਿਰਾਂ ਵਿਚ ਵੀ ਸਿੰਘ ਸਭਾਵਾਂ ਸਥਾਪਿਤ ਹੋਣ ਲੱਗ ਪਈਆਂ। 12 ਅਪ੍ਰੈਲ 1883 ਨੂੰ ਅੰਮ੍ਰਿਤਸਰ ਵਿਖੇ ਸਾਰੀਆਂ ਸਿੰਘ ਸਭਾਵਾਂ ਵਿਚ ਤਾਲਮੇਲ ਸਥਾਪਿਤ ਕਰਨ ਲਈ ਅੰਮ੍ਰਿਤਸਰ ਵਿਖੇ ਖ਼ਾਲਸਾ ਦੀਵਾਨ ਸਥਾਪਿਤ ਕੀਤਾ ਗਿਆ, ਜਿਸਦੇ ਪ੍ਰਧਾਨ ਬਾਬਾ ਖ਼ੇਮ ਸਿੰਘ ਬੇਦੀ ਅਤੇ ਸਕੱਤਰ ਪ੍ਰੋ. ਗੁਰਮੁਖ ਸਿੰਘ ਨੂੰ ਥਾਪਿਆ ਗਿਆ। ਦੋਹਾਂ ਵਿਚਕਾਰ ਛੇਤੀ ਹੀ ਮਤਭੇਦ ਉਠ ਖਲੋਤੇ। ਗੁਰੂ ਨਾਨਕ ਦੇਵ ਜੀ ਦਾ ਵੰਸ਼ੀ ਹੋਣ ਕਰਕੇ ਉਨ੍ਹਾਂ ਦੇ ਸੇਵਕਾਂ ਨੇ ਉਨ੍ਹਾਂ ਨੂੰ ਬਹੁਤ ਜ਼ਿਆਦਾ ਮਾਣ ਸਤਿਕਾਰ ਦਿੱਤਾ। ਉਨ੍ਹਾਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਉੱਚੇ ਗੱਦੇ ਉੱਤੇ ਬਿਠਾਇਆ ਗਿਆ ਜਿਸਦਾ ਬਹੁਤ ਸਾਰੇ ਲੋਕਾਂ ਨੇ ਬੁਰਾ ਮਨਾਇਆ। ਅੰਮ੍ਰਿਤਸਰ ਵਿਚ 1884 ਦੀ ਵਿਸਾਖੀ ਉੱਤੇ ਜਦੋਂ ਉਨ੍ਹਾਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਉੱਚੇ ਗੱਦੇ ਉੱਤੇ ਬਿਠਾਇਆ ਗਿਆ ਤਾਂ ਭਾਈ ਗੁਰਮੁਖ ਸਿੰਘ ਤੇ ਉਸਦੇ ਸਾਥੀਆਂ ਨੇ ਇਸ ਉੱਤੇ ਸਖ਼ਤ ਇਤਰਾਜ਼ ਕੀਤਾ। ਬਾਬਾ ਖ਼ੇਮ ਸਿੰਘ ਬੇਦੀ ਦੇ ਹਮਾਇਤੀਆਂ ਨੂੰ 'ਗਦੈਲਾ ਪਾਰਟੀ' ਦਾ ਨਾਮ ਦਿੱਤਾ ਗਿਆ। ਇਸ ਆਪਸੀ ਖਹਿਬਾਜ਼ੀ ਕਾਰਨ ਬਾਬਾ ਖ਼ੇਮ ਸਿੰਘ ਬੇਦੀ ਦਾ ਪ੍ਰਭਾਵ ਪੋਠੋਹਾਰ ਖੇਤਰ ਅਤੇ ਪੱਛਮੀ ਪੰਜਾਬ ਦੇ ਕੁਝ ਖੇਤਰਾਂ ਤੱਕ ਹੀ ਸੀਮਤ ਹੋ ਕੇ ਰਹਿ ਗਿਆ। ਇੱਥੇ ਉਨ੍ਹਾਂ ਨੇ ਸਹਿਜਧਾਰੀ ਸਿੱਖਾਂ ਵਿਚ ਪ੍ਰਚਾਰ ਕੀਤਾ ਅਤੇ ਉਨ੍ਹਾਂ ਨੂੰ ਵੱਡੀ

ਗਿਣਤੀ ਵਿਚ ਸਿੱਖ ਬਣਾਇਆ। ਗੁਰਮਤਿ ਦੇ ਪ੍ਰਚਾਰ ਤੋਂ ਇਲਾਵਾ ਬਾਬਾ ਖ਼ੇਮ ਸਿੰਘ ਬੇਦੀ ਦਾ ਵੱਡਾ ਯੋਗਦਾਨ ਸਿੱਖਿਆ ਦਾ ਪ੍ਰਚਾਰ ਕਰਨਾ ਸੀ, ਖ਼ਾਸ ਤੌਰ ਤੇ ਇਸਤਰੀ ਸਿੱਖਿਆ ਦਾ। ਅੰਗਰੇਜ਼ ਸਰਕਾਰ ਦੁਆਰਾ ਪੰਜਾਬ ਵਿਚ ਸਥਾਪਿਤ ਕੀਤੇ ਸਿੱਖਿਆ ਵਿਭਾਗ ਦੀ ਬਾਬਾ ਖੇਮ ਸਿੰਘ ਨੇ ਪੂਰਨ ਹਮਾਇਤ ਕੀਤੀ। ਇਸ ਵਿਭਾਗ ਨੇ ਹਰ ਜ਼ਿਲ੍ਹੇ ਵਿਚ 30 ਪ੍ਰਾਇਮਰੀ ਸਕੂਲ ਖੋਲ੍ਹਣ ਦੀ ਯੋਜਨਾ ਬਣਾਈ। ਬਾਬਾ ਖ਼ੇਮ ਸਿੰਘ ਬੇਦੀ ਨੇ ਰਾਵਲਪਿੰਡੀ ਡਵੀਜ਼ਨ ਵਿਚ ਆਪਣੇ ਸਕੂਲ ਵੀ ਖੋਲ੍ਹੇ। ਉਨ੍ਹਾਂ ਨੇ ਆਪਣੀ ਸੰਪਤੀ ਵਿਚੋਂ ਲੜਕੇ-ਲੜਕੀਆਂ ਲਈ 50 ਸਕੂਲ ਖੋਲ੍ਹਣ ਵਿਚ ਸਹਾਇਤਾ ਕੀਤੀ। 1893 ਵਿਚ ਆਪਣੀ ਲੜਕੀ ਦੀ ਸ਼ਾਦੀ ਸਮੇਂ ਉਨ੍ਹਾਂ ਨੇ ਤਿੰਨ ਲੱਖ ਰੁਪਏ ਧਾਰਮਿਕ ਅਤੇ ਪੁਨਾਰਥੀ ਕੰਮਾਂ ਲਈ ਦਾਨ ਕੀਤੇ। ਇਸ ਵਿਚੋਂ ਅੱਧੀ ਰਕਮ ਰਾਵਲਪਿੰਡੀ ਵਿਖੇ ਕਾਲਜ ਸਥਾਪਿਤ ਕਰਨ ਲਈ ਲਾਈ ਗਈ। 1894 ਦੇ ਮੁੱਢ ਵਿਚ ਰੰਗਾਈ, ਫੋਟੋਗ੍ਰਾਫੀ, ਲਕੜੀ ਕਲਾ, ਸਿਲਾਈ ਆਦਿਕ ਕਿੱਤਿਆਂ ਦੀ ਸਿੱਖਿਆ ਦਾ ਇਕ ਕਿੱਤਾ ਸਕੂਲ ਖੋਲ੍ਹਿਆ ਗਿਆ, ਜਿਸ ਵਿਚ ਗਰੀਬ ਵਿਦਿਆਰਥੀਆਂ ਦੀ ਰਿਹਾਇਸ਼ ਅਤੇ ਖਾਣੇ ਦੀ ਸਹਾਇਤਾ ਦਾ ਕੰਮ ਆਰੰਭ ਕੀਤਾ ਗਿਆ।

ਬਾਬਾ ਖ਼ੇਮ ਸਿੰਘ ਰਾਜਿਆਂ-ਮਹਾਰਾਜਿਆਂ ਵਾਂਗ ਵਿਚਰਦੇ ਸਨ। ਆਪਣੀ ਇਸੇ ਆਦਤ ਕਾਰਨ ਉਹ ਬਿਮਾਰੀ ਦੀ ਹਾਲਤ ਵਿਚ ਪਿਸ਼ਾਵਰ ਤੋਂ ਰੇਲ ਰਾਹੀਂ ਯਾਤਰਾ ਤੇ ਨਿਕਲ ਤੁਰੇ ਅਤੇ 10 ਅਪ੍ਰੈਲ 1905 ਨੂੰ ਅਕਾਲ ਚਲਾਣਾ ਕਰ ਗਏ।

**ਗਿਆਨੀ ਗਿਆਨ ਸਿੰਘ (1824-1884) :**

ਗਿਆਨੀ ਗਿਆਨ ਸਿੰਘ ਅੰਮ੍ਰਿਤਸਰ ਦੇ ਗਿਆਨੀ ਘਰਾਣੇ ਦੇ ਉੱਘੇ ਸਿੱਖ ਵਿਦਵਾਨ ਅਤੇ ਉਪਦੇਸ਼ਕ ਗਿਆਨੀ ਬਿਸ਼ਨ ਸਿੰਘ ਦੇ ਵੱਡੇ ਸਪੁੱਤਰ ਸਨ। ਇਸ ਗਿਆਨੀ ਘਰਾਣੇ ਦੇ ਮੋਢੀ ਗਿਆਨੀ ਸੰਤ ਸਿੰਘ ਤੇ ਉਨ੍ਹਾਂ ਦੇ ਪੁੱਤਰ ਗੁਰਮੁਖ ਸਿੰਘ ਸਨ। ਗਿਆਨੀ ਗਿਆਨ ਸਿੰਘ ਦਾ ਜਨਮ ਅੰਮ੍ਰਿਤਸਰ ਵਿਖੇ 1824 ਦੇ ਕਰੀਬ ਹੋਇਆ। ਉਨ੍ਹਾਂ ਨੇ ਆਪਣੀ ਸਿੱਖਿਆ ਚੌਂਕ ਬਾਬਾ ਅਟੱਲ ਦੇ ਲਾਗਲੇ ਕੱਟੜਾ ਰਾਮਗੜ੍ਹੀਆਂ ਵਿਚ ਆਪਣੇ ਘਰ ਵਿਚ ਹੀ ਆਪਣੇ ਪਿਤਾ ਤੋਂ ਪ੍ਰਾਪਤ ਕੀਤੀ। ਜਦੋਂ ਉਹ ਵੱਡੇ ਹੋਏ ਤਾਂ ਉਨ੍ਹਾਂ ਨੇ ਅਟੱਲ ਸਾਹਿਬ ਦੇ ਲਾਗੇ ਗੁਰਦੁਆਰਾ

544213

ਥੜ੍ਹਾ ਸਾਹਿਬ ਵਿਚ ਸਿੱਖ ਧਾਰਮਿਕ ਗ੍ਰੰਥਾਂ ਅਤੇ ਇਤਿਹਾਸ ਬਾਰੇ ਪ੍ਰਵਚਨ ਕਰਨੇ ਸ਼ੁਰੂ ਕੀਤੇ ਅਤੇ ਮਗਰੋਂ ਇਹ ਕੰਮ ਉਨ੍ਹਾਂ ਨੇ ਬੁੰਗਾ ਮਾਨਾ ਵਾਲਿਆਂ ਵਿਚ ਜਾਰੀ ਰੱਖਿਆ। ਉਨ੍ਹਾਂ ਦੇ ਬੋਲਣ ਦੀ ਸੌਖੀ ਸ਼ੈਲੀ ਅਤੇ ਵਿਸ਼ੇ ਦੀ ਸਪਸ਼ਟਤਾ ਨੇ ਵੱਡੀ ਗਿਣਤੀ ਵਿਚ ਹਿੰਦੂਆਂ ਤੇ ਸਿੱਖਾਂ ਨੂੰ ਉਨ੍ਹਾਂ ਦੇ ਉਪਾਸ਼ਕ ਬਣਾ ਦਿੱਤਾ। ਗਿਆਨੀ ਗਿਆਨ ਸਿੰਘ ਇਕ ਉੱਚ ਪੱਧਰ ਦੇ ਕਵੀ ਵੀ ਸਨ। ਬ੍ਰਿਜ ਕਾਵਿ ਵਿਚ ਲਿਖੇ ਉਨ੍ਹਾਂ ਦੇ ਗ੍ਰੰਥ 'ਗੁਰਪੁਰਬ ਪ੍ਰਕਾਸ਼' ਵਿਚ ਦਸ ਗੁਰੂ ਸਾਹਿਬਾਨ ਬਾਰੇ ਸਾਖੀਆਂ ਦਰਜ ਹਨ। ਉਨ੍ਹਾਂ ਨੇ ਵਾਰਤਕ ਵਿਚ ਜਪੁਜੀ ਦਾ ਸਟੀਕ ਵੀ ਲਿਖਿਆ। ਉਨ੍ਹਾਂ ਦੇ ਅਕਾਲ ਚਲਾਣੇ ਮਗਰੋਂ ਉਨ੍ਹਾਂ ਦੇ ਪੁੱਤਰ ਗਿਆਨੀ ਸਰਦੂਲ ਸਿੰਘ ਵਲੋਂ ਪ੍ਰਕਾਸ਼ਿਤ ਕੀਤੇ ਉਨ੍ਹਾਂ ਦੇ ਕੁਝ ਗ੍ਰੰਥ ਵੀ ਉਨ੍ਹਾਂ ਨਾਲ ਹੀ ਸੰਬੰਧਿਤ ਹਨ।

ਗਿਆਨੀ ਗਿਆਨ ਸਿੰਘ ਜੀ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਇਕ ਸਨ। ਉਨ੍ਹਾਂ ਨੇ 1873 ਵਿਚ ਅੰਮ੍ਰਿਤਸਰ ਵਿਖੇ ਕੁਝ ਪ੍ਰਸਿੱਧ ਸਿੱਖਾਂ ਵਲੋਂ ਹੋਈ ਉਸ ਸਭਾ ਵਿਚ ਵੀ ਭਾਗ ਲਿਆ, ਜਿਹੜੀ ਮਿਸ਼ਨ ਸਕੂਲ ਅੰਮ੍ਰਿਤਸਰ ਦੇ ਚਾਰ ਸਿੱਖ ਵਿਦਿਆਰਥੀਆਂ ਵਲੋਂ ਈਸਾਈ ਬਣ ਜਾਣ ਦੀ ਪ੍ਰਤੀਕ੍ਰਿਆ ਵਜੋਂ ਹੋਈ ਸੀ। ਇਸ ਸਭਾ ਦੇ ਸਿੱਟੇ ਵਜੋਂ ਸ਼੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੀ ਸਥਾਪਨਾ ਹੋਈ। ਗਿਆਨੀ ਗਿਆਨ ਸਿੰਘ ਨੂੰ ਇਸਦਾ ਸਕੱਤਰ ਨਿਯੁਕਤ ਕੀਤਾ ਗਿਆ।

ਮਾਰਚ 1884 ਦੇ ਅਖੀਰ ਵਿਚ ਗਿਆਨੀ ਗਿਆਨ ਸਿੰਘ ਗੁਰਦੁਆਰਾ ਕੌਲਸਰ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਉਸ ਬੀੜ ਤੋਂ ਪਹਿਲਾ ਪਾਠ ਕਰਨ ਲਈ ਸੱਦੇ ਗਏ, ਜਿਹੜੀ ਕਿ ਉਸ ਸਮੇਂ ਦੇ ਪ੍ਰਸਿੱਧ ਲਿਖਾਰੀ ਤੇ ਗ੍ਰੰਥੀ ਭਾਈ ਪ੍ਰਤਾਪ ਸਿੰਘ ਨੇ ਲਿਖੀ ਸੀ। ਗਿਆਨੀ ਗਿਆਨ ਸਿੰਘ ਇਕ ਸ਼ਬਦ ਪੜ੍ਹਦਿਆਂ ਅਚਾਨਕ ਬੇਹੋਸ਼ ਹੋ ਗਏ, 50 ਘੰਟੇ ਬੇਸੁਰਤ ਰਹਿਣ ਮਗਰੋਂ 30 ਮਾਰਚ, 1884 ਨੂੰ ਉਨ੍ਹਾਂ ਦਾ ਦਿਹਾਂਤ ਹੋ ਗਿਆ। ਉਨ੍ਹਾਂ ਦੇ ਅਕਾਲ ਚਲਾਣੇ ਦਾ ਸਾਰੇ ਪੰਥ ਨੇ ਸ਼ੋਕ ਮਨਾਇਆ ਅਤੇ ਉਨ੍ਹਾਂ ਦਾ ਗੁਰਦੁਆਰਾ ਬਾਬਾ ਅਟੱਲ ਸਾਹਿਬ ਦੇ ਲਾਗੇ ਯੋਗ ਸਨਮਾਨਾਂ ਨਾਲ ਸੰਸਕਾਰ ਕੀਤਾ ਗਿਆ।

**ਡਾ. ਚਰਨ ਸਿੰਘ** (1853–1808) :

ਡਾ. ਚਰਨ ਸਿੰਘ ਕਵੀ, ਸੰਗੀਤ ਅਚਾਰੀਆ, ਵੈਦ ਅਤੇ ਐਲੋਪੈਥਿਕ ਡਾਕਟਰ, ਅੰਮ੍ਰਿਤਸਰ ਵਿਖੇ 1853 ਵਿਚ ਭਾਈ ਕਾਨ੍ਹ ਸਿੰਘ ਅਤੇ ਬੀਬੀ ਰੂਪ ਕੌਰ ਦੇ ਘਰ ਪੈਦਾ ਹੋਏ। ਉਹ ਅਠਾਰਵੀਂ ਸਦੀ ਦੀ ਉੱਘੀ ਸਿੱਖ ਹਸਤੀ ਦੀਵਾਨ ਕੌੜਾ ਮੱਲ ਦੀ ਸੱਤਵੀਂ ਪੀੜ੍ਹੀ ਵਿਚੋਂ ਸਨ। ਕਾਨ੍ਹ ਸਿੰਘ (1788–1878) ਇਕ ਰਮਤੇ ਤੇ ਵੈਰਾਗੀ ਵਿਅਕਤੀ ਸਨ, ਜਿਨ੍ਹਾਂ ਨੇ ਇਕ ਰਮਤੇ ਸੰਤ ਦੀ ਸੰਗਤ ਵਿਚ ਕਈ ਵਰ੍ਹੇ ਗੁਜ਼ਾਰੇ ਅਤੇ ਮਗਰੋਂ ਉਹ ਇਕ ਗ੍ਰਹਿਸਥੀ ਬਣ ਗਏ। ਦੇਸੀ ਦਵਾਈਆਂ ਦੀ ਹਿਕਮਤ ਕਰਨ ਤੋਂ ਇਲਾਵਾ ਉਨ੍ਹਾਂ ਨੇ ਸੰਸਕ੍ਰਿਤ ਦੇ ਕੁਝ ਖਰੜੇ ਇਕੱਤਰ ਕੀਤੇ ਅਤੇ ਉਨ੍ਹਾਂ ਨੂੰ ਗੁਰਮੁਖੀ ਭਾਸ਼ਾ ਵਿਚ ਲਿਖਿਆ। ਉਨ੍ਹਾਂ ਨੇ ਬ੍ਰਜ ਭਾਸ਼ਾ ਵਿਚ ਕਵਿਤਾ ਲਿਖ ਕੇ ਪਰਿਵਾਰ ਦੀ ਸਾਹਿਤਕ ਪਰੰਪਰਾ ਸਥਾਪਿਤ ਕੀਤੀ। ਉਨ੍ਹਾਂ ਦੇ ਪੁੱਤਰ ਚਰਨ ਸਿੰਘ ਨੇ ਸੰਸਕ੍ਰਿਤੀ, ਬ੍ਰਜ, ਫ਼ਾਰਸੀ ਅਤੇ ਪਿੰਗਲ ਸ਼ਾਸਤਰ ਪੜ੍ਹਿਆ। ਇਨ੍ਹਾਂ ਤੋਂ ਇਲਾਵਾ ਉਨ੍ਹਾਂ ਨੇ ਆਯੁਰਵੈਦਿਕ ਅਤੇ ਪੱਛਮੀ ਦਵਾਈਆਂ ਐਲੋਪੈਥੀ ਦੀ ਵਰਤੋਂ ਵੀ ਸਿਖੀ। ਬਚਪਨ ਦੇ ਅਨੁਭਵ ਨੇ ਉਨ੍ਹਾਂ ਦੇ ਮਨ ਉੱਤੇ ਡੂੰਘਾ ਪ੍ਰਭਾਵ ਪਾਇਆ। ਉਨ੍ਹਾਂ ਨੇ ਆਪਣੀ ਵਰਤੋਂ ਲਈ ਆਪਣੇ ਮਾਮੇ ਸੁਹੇਲ ਸਿੰਘ ਤੋਂ ਇਕ ਬੀੜ ਤਿਆਰ ਕਰਵਾਈ। ਗੱਭਰੂ ਚਰਨ ਸਿੰਘ ਨੇ ਆਪਣੇ ਮਾਮੇ ਨੂੰ ਵੱਡੇ-ਵੱਡੇ ਕਾਗਜ਼ਾਂ ਉਤੇ ਖੁਸ਼ਖ਼ਤ ਗੁਰਮੁਖੀ ਵਿਚ ਲਿਖਦੇ ਹੋਏ ਵੇਖਿਆ। ਇਹ ਲਿਖਾਈ 25 ਫਰਵਰੀ, 1862 ਨੂੰ ਸੰਪੂਰਨ ਹੋਈ, ਜਿਸਦੀ ਖੁਸ਼ੀ ਵਿਚ ਲੋਕਾਂ ਨੂੰ ਲੰਗਰ ਛਕਾਇਆ ਗਿਆ ਅਤੇ ਦਾਨ ਦਿੱਤਾ ਗਿਆ। ਪਹਿਲਾਂ ਪਹਿਲ ਚਰਨ ਸਿੰਘ ਆਯੁਰਵੈਦਿਕ ਤੇ ਐਲੋਪੈਥਕ ਦੋਨੋਂ ਤਰ੍ਹਾਂ ਦੀਆਂ ਦਵਾਈਆਂ ਵਰਤਿਆ ਕਰਦੇ ਸਨ। ਉਨ੍ਹਾਂ ਨੇ 1 ਅਗਸਤ 1872 ਤੋਂ 12 ਨਵੰਬਰ 1881 ਤੱਕ ਸਰਕਾਰੀ ਡਿਸਪੈਂਸਰੀਆਂ ਵਿਚ ਸੇਵਾ ਕੀਤੀ। ਉਨ੍ਹਾਂ ਨੇ ਆਪਣਾ ਨਿੱਜੀ ਹਸਪਤਾਲ ਖੋਲ੍ਹਣ ਲਈ ਅਤੇ ਸਾਹਿਤਕ ਰੁਝੇਵੇਂ ਪਾਲਣ ਲਈ ਸਰਕਾਰੀ ਨੌਕਰੀ ਛੱਡ ਦਿੱਤੀ। ਉਨ੍ਹਾਂ ਦੀ ਸ਼ਾਦੀ ਪ੍ਰਸਿੱਧ ਲਿਖਾਰੀ ਗਿਆਨੀ ਹਜ਼ਾਰਾ ਸਿੰਘ ਦੀ ਸਪੁਤਰੀ ਨਾਲ 1869 ਵਿਚ ਹੋਈ। ਉਨ੍ਹਾਂ ਦੇ ਚਾਰ ਪੁੱਤਰਾਂ ਵਿਚੋਂ ਭਾਈ ਵੀਰ ਸਿੰਘ (1872–1957) ਪੰਜਾਬੀ ਦੇ ਉਘੇ ਕਵੀ ਤੇ ਧਰਮ ਪ੍ਰਚਾਰਕ ਬਣੇ।

ਚਰਨ ਸਿੰਘ ਜੀ ਨੇ ਕਈ ਪੁਸਤਕਾਂ ਦੀ ਰਚਨਾ ਕੀਤੀ। ਇਕ ਪੁਸਤਕ 'ਅਟੱਲ ਪ੍ਰਕਾਸ਼' ਵਿਚ ਬਾਬਾ ਅਟੱਲ ਰਾਇ ਦਾ ਜੀਵਨ ਕਵਿਤਾ ਵਿਚ ਲਿਖਿਆ ਗਿਆ ਸੀ ਅਤੇ 'ਦਸ ਗੁਰੂ ਚਰਿੱਤਰ' ਗੁਰੂ ਗੋਬਿੰਦ ਸਿੰਘ ਜੀ ਬਾਰੇ ਸਨ। ਉਨ੍ਹਾਂ ਨੇ ਕਾਲੀਦਾਸ ਦਾ ਪ੍ਰਸਿੱਧ ਨਾਟਕ ਸ਼ਕੁੰਤਲਾ ਪੰਜਾਬੀ ਵਿਚ ਅਨੁਵਾਦ ਕੀਤਾ ਅਤੇ ਦੋ ਨਾਵਲ 'ਜੰਗ ਮੜੌਲੀ' ਅਤੇ 'ਸ਼ਾਮ ਸੁੰਦਰ' ਦੀ ਰਚਨਾ ਸ਼ੁਰੂ ਕੀਤੀ, ਜਿਨ੍ਹਾਂ ਨੂੰ ਉਹ ਪੂਰੇ ਨਾ ਕਰ ਸਕੇ ਅਤੇ ਉਨ੍ਹਾਂ ਦੇ ਚਲਾਣੇ ਪਿਛੋਂ ਜਿਨ੍ਹਾਂ ਨੂੰ ਖ਼ਾਲਸਾ ਟ੍ਰੈਕਟ ਸੁਸਾਇਟੀ ਨੇ ਪ੍ਰਕਾਸ਼ਿਤ ਕੀਤਾ। ਉਨ੍ਹਾਂ ਦੇ ਗ੍ਰੰਥ 'ਗੁਰਮਤਿ ਸੰਗੀਤ ਨਿਰਣਾ' ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦਾ ਵਰਣਨ ਹੈ। 'ਸ਼੍ਰੀ ਗੁਰੂ ਗ੍ਰੰਥ ਬਾਣੀ ਬਿਉਰਾ' ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਬਾਣੀਆਂ ਦੀ ਵਿਆਖਿਆ ਕੀਤੀ ਗਈ ਹੈ, ਛੰਦਾਂ ਤੇ ਰਾਗਾਂ ਬਾਰੇ ਦੱਸਿਆ ਗਿਆ ਹੈ ਅਤੇ ਇਸ ਵਿਚ ਲੇਖਕ ਗੁਰੂ-ਸਾਹਿਬਾਨ ਤੇ ਸਾਰੇ ਭਗਤਾਂ ਬਾਰੇ ਜਾਣਕਾਰੀ ਦਰਜ ਹੈ। ਉਨ੍ਹਾਂ ਦੀ ਪੁਸਤਕ 'ਗੜਗੱਜ ਬੋਲੇ' ਸਿੱਖਾਂ ਦੇ ਜੰਗੀ ਨਾਅਰਿਆਂ ਬਾਰੇ ਹੈ ਅਤੇ 'ਸ਼੍ਰੀਮਤੀ ਸ਼ਰਾਬ ਕੌਰ' ਪੰਜਾਬੀ ਵਾਰਤਕ ਵਿਚ ਉਪਦੇਸ਼ਾਤਮਕ ਪੁਸਤਕ ਹੈ। ਉਨ੍ਹਾਂ ਦੀਆਂ ਸਾਰੀਆਂ ਪੁਸਤਕਾਂ ਸ਼੍ਰੀ ਚਰਨ ਹਰੀ ਦੇ ਵਿਸਥਾਰ ਦੂਜੇ ਭਾਗ ਵਿਚ ਇਕੋ ਜਿਲਦ ਵਿਚ ਛਾਪੀਆਂ ਗਈਆਂ ਹਨ। ਆਮ ਕਵਿਤਾ ਲਿਖਣ ਤੋਂ ਇਲਾਵਾ ਡਾ. ਚਰਨ ਸਿੰਘ ਸੰਗੀਤਕਾਰਾਂ ਦੀ ਸਭਾ ਦੇ ਪ੍ਰਧਾਨ ਸਨ ਅਤੇ ਉਨ੍ਹਾਂ ਨੇ ਸਿੰਘ ਸਭਾ ਲਹਿਰ ਦੀ ਸਥਾਪਨਾ ਵਿਚ ਦਿਲਚਸਪੀ ਲਈ। ਡਾ. ਚਰਨ ਸਿੰਘ ਦਾ ਦੇਹਾਂਤ 13 ਨਵੰਬਰ, 1908 ਵਿਚ ਹੋਇਆ। ਇਉਂ ਡਾ. ਚਰਨ ਸਿੰਘ ਅੰਮ੍ਰਿਤਸਰ ਦੇ ਉੱਘੇ ਸਿੱਖ ਘਰਾਣੇ ਦੇ ਇਕ ਬਹੁਤ ਹੀ ਬੁੱਧੀਮਾਨ ਸੱਜਣ ਸਨ, ਜਿਨ੍ਹਾਂ ਦੇ ਘਰੇਲੂ ਵਾਤਾਵਰਣ ਨੇ ਸਿੱਖ ਜਾਤੀ ਨੂੰ ਭਾਈ ਵੀਰ ਸਿੰਘ ਵਰਗਾ ਪੰਜਾਬੀ ਦਾ ਆਧੁਨਿਕ ਸਾਹਿਤਕਾਰ ਦਿੱਤਾ।

**ਭਾਈ ਜਵਾਹਰ ਸਿੰਘ ਕਪੂਰ (1859-1910) :**

ਭਾਈ ਜਵਾਹਰ ਸਿੰਘ, ਸ. ਹਰੀ ਸਿੰਘ ਜੀ ਦੇ ਸਪੁੱਤਰ, ਭਾਈ ਮੋਹਰ ਸਿੰਘ ਜੀ ਦੇ ਪੋਤਰੇ ਤੇ ਭਾਈ ਆਤਮਾ ਸਿੰਘ ਜੀ ਦੇ ਸਪੁੱਤਰ ਤੇ ਗੁਜਰਾਂਵਾਲਾ ਦੇ ਵਸਨੀਕ ਸਨ। ਉਨ੍ਹਾਂ ਦਾ

ਜਨਮ 1859 ਵਿਚ ਅੰਮ੍ਰਿਤਸਰ ਵਿਖੇ ਹੋਇਆ। ਉਨ੍ਹਾਂ ਨੇ 1876 ਵਿਚ ਰੇਲਵੇ ਦੀ ਨੌਕਰੀ ਕਰ ਲਈ। ਉਹ ਸੰਨ 1885 ਵਿਚ 'ਆਰੀਆ ਪਤ੍ਰਿਕਾ' ਅਖ਼ਬਾਰ ਦੀ ਕਮੇਟੀ ਦੇ ਮੈਂਬਰ ਬਣੇ।

ਜੁਆਨੀ ਵੇਲੇ ਜਵਾਹਰ ਸਿੰਘ ਗੁਲਾਬਦਾਸੀਏ ਸੰਤ ਬਹਾਦਰ ਸਿੰਘ ਦੇ ਪ੍ਰਭਾਵ ਹੇਠ ਸਨ ਅਤੇ ਮਗਰੋਂ ਆਰੀਆ ਸਮਾਜ ਵਿਚ ਸ਼ਾਮਿਲ ਹੋ ਗਏ ਸਨ। ਉਹ 1878 ਤੋਂ 1883 ਤਕ ਆਰੀਆ ਪ੍ਰਤੀਨਿਧ ਸਭਾ ਦੇ ਉੱਪ-ਪ੍ਰਧਾਨ ਰਹੇ। ਉਨ੍ਹਾਂ ਨੇ 25 ਨਵੰਬਰ 1888 ਤੱਕ ਲਾਹੌਰ ਵਿਖੇ ਹੋਏ ਆਰੀਆ ਸਮਾਜ ਦੇ ਗਿਆਰਵੇਂ ਵਾਰਸ਼ਿਕ ਸਮਾਗਮ ਤੱਕ ਆਰੀਆ ਸਮਾਜ ਤੋਂ ਸੰਬੰਧ ਨਾ ਤੋੜੇ। ਗੌਰਮਿੰਟ ਕਾਲਜ ਲਾਹੌਰ ਦੇ ਪੰਡਿਤ ਗੁਰੂਦੱਤ ਨੇ ਸਿੱਖ ਗੁਰੂ ਸਾਹਿਬਾਨ ਵਿਰੁੱਧ ਬਹੁਤ ਹੀ ਹੱਤਕ ਭਰੇ ਸ਼ਬਦ ਬੋਲੇ, ਜਿਸ ਤੋਂ ਮਗਰੋਂ ਭਾਈ ਜਵਾਹਰ ਸਿੰਘ ਕਪੂਰ ਨੇ ਆਪਣੇ ਆਪ ਨੂੰ ਸੰਪੂਰਨ ਤੌਰ ਤੇ ਸਿੰਘ ਸਭਾ ਲਹਿਰ ਦੇ ਆਦਰਸ਼ਾਂ ਪ੍ਰਤੀ ਸਮਰਪਿਤ ਕਰ ਦਿੱਤਾ।

ਸਿੱਖਿਆ ਵਿਚ ਜਵਾਹਰ ਸਿੰਘ ਦੀ ਦਿਲਚਸਪੀ ਉਨ੍ਹਾਂ ਦੇ ਆਰੀਆ ਸਮਾਜੀ ਹੋਣ ਸਮੇਂ ਤੋਂ ਹੀ ਸੀ। ਉਹ ਲਾਹੌਰ ਵਿਖੇ 1885 ਵਿਚ ਸਥਾਪਿਤ ਹੋਏ ਡੀ. ਏ. ਵੀ. ਕਾਲਜ ਦੇ ਮੋਢੀਆਂ ਵਿਚੋਂ ਇਕ ਸਨ ਅਤੇ ਉਨ੍ਹਾਂ ਨੇ ਇਸ ਲਈ ਚੰਦਾ ਉਗਰਾਹੁਣ ਵਾਲੀ ਕਮੇਟੀ ਦੇ ਸਕੱਤਰ ਵਜੋਂ ਕੰਮ ਕੀਤਾ। ਉਹ ਅੰਜੁਮਨ-ਏ-ਪੰਜਾਬ ਦੇ ਫੈਲੋ ਵੀ ਰਹੇ। ਇਸ ਤੋਂ ਪਹਿਲਾਂ 1882 ਵਿਚ ਉਨ੍ਹਾਂ ਨੇ ਹੰਟਰ ਕਮਿਸ਼ਨ ਦੇ ਸਾਹਮਣੇ ਪੰਜਾਬੀ ਨੂੰ ਯੂਨੀਵਰਸਿਟੀ ਸਿੱਖਿਆ ਦਾ ਵਿਸ਼ਾ ਬਣਾਏ ਜਾਣ ਦੀ ਮੰਗ ਉਤੇ ਜ਼ੋਰ ਦਿੱਤਾ। 1899 ਵਿਚ ਉਨ੍ਹਾਂ ਨੂੰ ਪੰਜਾਬ ਟੈਕਸਟ ਬੁੱਕ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਅਤੇ 1904 ਵਿਚ ਉਨ੍ਹਾਂ ਨੂੰ ਪੰਜਾਬ ਯੂਨੀਵਰਸਿਟੀ ਦਾ ਫੈਲੋ ਬਣਾਇਆ ਗਿਆ ਅਤੇ ਉਨ੍ਹਾਂ ਨੂੰ ਖ਼ਾਲਸਾ ਕਾਲਜ ਕੌਂਸਲ ਦਾ ਸਕੱਤਰ ਨਿਯੁਕਤ ਕੀਤਾ ਗਿਆ ਅਤੇ ਇਸ ਅਸਾਮੀ ਤੇ ਉਹ 14 ਸਾਲ ਸੇਵਾ ਕਰਦੇ ਰਹੇ। 1897 ਤੋਂ 1902 ਵਿਚ ਉਨ੍ਹਾਂ ਨੇ ਦੋ ਵਾਰ ਅਸਤੀਫ਼ਾ ਦਿੱਤਾ ਪਰ ਕੌਂਸਲ ਨੇ ਉਨ੍ਹਾਂ ਨੂੰ ਅਤਿ ਜ਼ਰੂਰੀ ਸਮਝ ਕੇ ਉਨ੍ਹਾਂ ਨੂੰ ਸਕੱਤਰ ਬਣੇ ਰਹਿਣ ਲਈ ਮਨਾ ਲਿਆ। 1906 ਵਿਚ ਉਨ੍ਹਾਂ ਨੇ ਪ੍ਰਬੰਧਕ ਕਮੇਟੀ ਦੀ ਸਕੱਤਰੀ ਅਤੇ ਮੈਂਬਰੀ ਤੋਂ ਅੰਤਮ ਵਾਰ ਅਸਤੀਫ਼ਾ ਦਿੱਤਾ ਪਰ ਉਹ ਕਾਲਜ ਕੌਂਸਲ ਦੇ ਮੈਂਬਰ ਬਣੇ ਰਹੇ।

ਉਨ੍ਹਾਂ ਨੂੰ ਫੌਜਦਾਰੀ ਮੁਕੱਦਮਿਆਂ ਵਿਚ ਸ਼ੈਸ਼ਨ ਅਦਾਲਤਾਂ ਦੇ ਸਹਾਇਕਾਂ ਦੀ ਸੂਚੀ ਵਿਚ ਵੀ ਸ਼ਾਮਿਲ ਕੀਤਾ ਗਿਆ। ਕਈ ਵਾਰ ਉਨ੍ਹਾਂ ਨੇ ਸਿੱਖ ਸਮਾਜ ਵਲੋਂ ਸਰਕਾਰ ਤੱਕ

ਪਹੁੰਚ ਕੀਤੀ ਅਤੇ ਅੰਗਰੇਜ਼ ਵਾਇਸਰਾਇ ਅਤੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ ਸਿੱਖਾਂ ਦੀਆਂ ਔਕੜਾਂ ਤੋਂ ਜਾਣੂ ਕਰਵਾਇਆ। ਸਿੰਧ ਦਰਿਆ ਉੱਤੇ ਸੈਖਰ ਵਿਖੇ 1889 ਵਿਚ ਲੈਂਡਸ ਡਾਊਨਪੁਲ ਦੇ ਉਦਘਾਟਨ ਸਮੇਂ ਫ਼ਾਰਸੀ ਵਿਚ ਮਾਣ ਪੱਤਰ ਤਿਆਰ ਕਰਨ ਉੱਤੇ ਉਨ੍ਹਾਂ ਦੀ ਸਰਕਾਰੀ ਤੌਰ ਤੇ ਪ੍ਰਸ਼ੰਸਾ ਕੀਤੀ ਗਈ। ਉੱਤਰ-ਪੱਛਮੀ ਰੇਲਵੇ ਦੇ ਡਾਇਰੈਕਟਰ ਨੇ ਉਨ੍ਹਾਂ ਨੂੰ ਨਿੱਜੀ ਤੌਰ ਤੇ ਵਧਾਈ ਪੱਤਰ ਭੇਜਿਆ। ਉਨ੍ਹਾਂ ਦੀਆਂ ਰਚਨਾਵਾਂ ਵਿਚ 'ਦਯਾ ਨੰਦ ਇਤਿਹਾਸ', 'ਧਰਮ ਵਿਚਾਰ', 'ਗਾਈਡ ਟੂ ਪੰਜਾਬੀ' ਆਦਿ ਹਨ।

ਕੁਝ ਸਮਾਂ ਬੀਮਾਰ ਰਹਿ ਕੇ ਆਪ 14 ਮਈ 1910 ਨੂੰ ਅਕਾਲ ਚਲਾਣਾ ਕਰ ਗਏ।

**ਸ. ਠਾਕਰ ਸਿੰਘ ਸੰਧਾਂਵਾਲੀਆ (1837-1887):**

ਸਿੰਘ ਸਭਾ ਦੇ ਸੰਸਥਾਪਕਾਂ ਵਿਚੋਂ ਸ. ਠਾਕਰ ਸਿੰਘ ਸੰਧਾਂਵਾਲੀਆ, ਮਹਾਰਾਜਾ ਰਣਜੀਤ ਸਿੰਘ ਦੇ ਭਾਈਚਾਰੇ ਵਿਚੋਂ ਸੰਧਾਂਵਾਲੀਆਂ ਦੇ ਇਕ ਰੌਸ਼ਨ ਦਿਮਾਗ ਗੱਭਰੂ ਸਨ। ਉਹ ਸ. ਲਹਿਣਾ ਸਿੰਘ ਦੇ ਸਪੁੱਤਰ ਸਨ ਜਿਸਨੂੰ ਮਹਾਰਾਜਾ ਰਣਜੀਤ ਸਿੰਘ ਨੇ ਉਜਲ-ਦੀਦਾਰ, ਨਿਰਮਲ-ਬੁੱਧ, ਸਰਦਾਰ-ਏ-ਵੱਕਾਰ ਦੇ ਖ਼ਿਤਾਬ ਦਿੱਤੇ ਹੋਏ ਸਨ। ਠਾਕਰ ਸਿੰਘ ਦਾ ਜਨਮ 1837 ਵਿਚ ਹੋਇਆ ਜਦੋਂ ਦਰਬਾਰੀ ਸਾਜਿਸ਼ਾਂ ਅਤੇ ਕਤਲਾਂ ਦੇ ਸਿੱਟੇ ਵਜੋਂ ਪੰਜਾਬ ਵਿਚ ਗੜਬੜੀ ਫੈਲਣ ਵਾਲੀ ਸੀ। ਆਪਣੇ ਪਿਤਾ ਦੀ ਮੌਤ ਸਮੇਂ ਠਾਕਰ ਸਿੰਘ ਛੇ ਸਾਲਾਂ ਦੇ ਸਨ। ਜਦੋਂ ਉਹ ਵੱਡੇ ਹੋਏ ਤਾਂ ਅੰਗਰੇਜ਼ੀ ਸਰਕਾਰ ਨੇ ਉਨ੍ਹਾਂ ਨੂੰ ਜ਼ਿਲ੍ਹੇ ਵਿਚ ਐਕਸਟਰਾ ਅਸਿਸਟੈਂਟ ਨਿਯੁਕਤ ਕਰ ਦਿੱਤਾ। ਉਨ੍ਹਾਂ ਨੂੰ ਦਰਬਾਰ ਸਾਹਿਬ ਪ੍ਰਬੰਧਕੀ ਕਮੇਟੀ ਦੇ ਮੈਂਬਰ ਵੀ ਨਾਮਜ਼ਦ ਕੀਤਾ ਗਿਆ। ਜਦੋਂ ਮਿਸ਼ਨ ਸਕੂਲ ਦੇ ਚਾਰ ਵਿਦਿਆਰਥੀਆਂ ਨੇ ਸਿੱਖ ਧਰਮ ਤਿਆਗ ਕੇ ਈਸਾਈ ਧਰਮ ਗ੍ਰਹਿਣ ਕਰਨ ਦਾ ਐਲਾਨ ਕਰ ਦਿੱਤਾ, ਉਦੋਂ ਸ. ਠਾਕਰ ਸਿੰਘ ਨੇ ਅੰਮ੍ਰਿਤਸਰ ਵਿਖੇ 'ਗੁਰੂ ਕੇ ਬਾਗ' ਵਿਚ ਤਤਕਾਲੀਨ ਉੱਘੇ ਸਿੱਖ ਨੇਤਾਵਾਂ ਦੀ ਇਕ ਸਭਾ ਬੁਲਾਈ, ਜਿਸ ਵਿਚ ਬਾਬਾ ਖ਼ੇਮ ਸਿੰਘ ਬੇਦੀ, ਕੰਵਰ ਬਿਕਰਮ ਸਿੰਘ ਕਪੂਰਥਲਾ ਅਤੇ ਗਿਆਨੀ ਗਿਆਨ ਸਿੰਘ ਅੰਮ੍ਰਿਤਸਰ ਸ਼ਾਮਿਲ ਸਨ। ਇਸ ਸਭਾ ਨਾਲ ਸ਼੍ਰੀ ਗੁਰੂ ਸਿੰਘ ਸਭਾ ਦੀ ਬੁਨਿਆਦ ਰੱਖੀ ਗਈ। ਸ. ਠਾਕਰ ਸਿੰਘ ਸੰਧਾਂਵਾਲੀਆ ਸਿੰਘ ਸਭਾ ਦੇ ਪਹਿਲੇ ਪ੍ਰਧਾਨ ਚੁਣੇ ਗਏ।

ਸ. ਠਾਕਰ ਸਿੰਘ ਸੰਧਾਂਵਾਲੀਆ ਫ਼ਾਰਸੀ ਤੇ ਪੰਜਾਬੀ ਦੇ ਉੱਘੇ ਵਿਦਵਾਨ ਸਨ। ਆਪਣੀ ਸੁਤੰਤਰ ਵਿਚਾਰਧਾਰਾ ਕਾਰਨ ਠਾਕਰ ਸਿੰਘ ਨੂੰ ਆਪਣਾ ਸਰਕਾਰੀ ਰੁਤਬਾ ਗਵਾਉਣਾ

ਪਿਆ। 1883-84 ਵਿਚ ਉਨ੍ਹਾਂ ਦੀ ਜਾਗੀਰ ਇਕ ਅਦਾਲਤੀ ਹੁਕਮ ਨਾਲ ਜ਼ਬਤ ਕਰ ਲਈ ਗਈ। ਇਸੇ ਸਾਲ ਉਨ੍ਹਾਂ ਨੂੰ ਇੰਗਲੈਂਡ ਤੋਂ ਮਹਾਰਾਜਾ ਦਲੀਪ ਸਿੰਘ ਦਾ ਇਕ ਤਾਰ ਰਾਹੀਂ ਇੰਗਲੈਂਡ ਆਉਣ ਦਾ ਸੱਦਾ ਪੱਤਰ ਮਿਲਿਆ। 1884 ਵਿਚ ਵਲਾਇਤ ਨੂੰ ਤੁਰਨ ਤੋਂ ਪਹਿਲਾਂ ਸ. ਠਾਕਰ ਸਿੰਘ ਨੇ ਚਾਰ ਮੁੱਖ ਤਖ਼ਤ ਪਟਨਾ ਸਾਹਿਬ, ਅਨੰਦਪੁਰ ਸਾਹਿਬ, ਹਜ਼ੂਰ ਸਾਹਿਬ, ਅਤੇ ਤਖ਼ਤ ਸ੍ਰੀ ਅੰਮ੍ਰਿਤਸਰ ਦੀ ਯਾਤਰਾ ਕੀਤੀ ਅਤੇ ਮਹਾਰਾਜਾ ਦਲੀਪ ਸਿੰਘ ਦੇ ਉਦੇਸ਼ ਤੇ ਖੁਸ਼ਹਾਲੀ ਵਾਸਤੇ ਅਰਦਾਸਾਂ ਕੀਤੀਆਂ। ਸ. ਠਾਕਰ ਸਿੰਘ ਨਾਲ ਉਨ੍ਹਾਂ ਦੇ ਦੋ ਪੁੱਤਰ ਨਰਿੰਦਰ ਸਿੰਘ ਤੇ ਗੁਰਦਿੱਤ ਸਿੰਘ, ਇਕ ਗ੍ਰੰਥੀ ਪ੍ਰਤਾਪ ਸਿੰਘ ਤੇ ਤਿੰਨ ਨੌਕਰ ਲੰਡਨ ਪੁੱਜੇ, ਜਿਥੇ ਉਹ ਮਹਾਰਾਜਾ ਦਲੀਪ ਸਿੰਘ ਦੇ ਮਹਿਮਾਨ ਵਜੋਂ ਠਹਿਰੇ। ਉਹ ਰੋਜ਼ ਮਹਾਰਾਜਾ ਦਲੀਪ ਸਿੰਘ ਨੂੰ ਪਾਠ ਸੁਣਾਉਂਦੇ ਅਤੇ ਸਿੱਖ ਸਿਧਾਂਤਾਂ ਬਾਰੇ ਉਪਦੇਸ਼ ਦਿੰਦੇ। ਉਨ੍ਹਾਂ ਦੇ ਪ੍ਰਭਾਵ ਅਧੀਨ ਮਹਾਰਾਜਾ ਦਲੀਪ ਸਿੰਘ ਨੇ ਆਪਣੇ ਵਡੇਰਿਆਂ ਦੇ ਸਿੱਖੀ ਰੂਪ ਨੂੰ ਧਾਰਨ ਕਰ ਲਿਆ।

ਅਗਸਤ 1885 ਵਿਚ ਠਾਕਰ ਸਿੰਘ ਪੰਜਾਬ ਪਰਤ ਆਏ। ਦਲੀਪ ਸਿੰਘ ਨੇ ਵੀ ਆਪ ਆਪਣੇ ਵਤਨ ਆ ਕੇ ਵਸ ਜਾਣ ਦਾ ਫੈਸਲਾ ਕੀਤਾ ਅਤੇ 31 ਮਾਰਚ 1885 ਨੂੰ ਚੁੱਪ-ਚਾਪ ਇੰਗਲੈਂਡ ਛੱਡ ਕੇ ਦਿੱਲੀ ਵਸ ਜਾਣ ਦਾ ਮਨ ਬਣਾ ਲਿਆ। ਉਨ੍ਹਾਂ ਨੇ ਠਾਕਰ ਸਿੰਘ ਨੂੰ ਬੰਬਈ ਮਿਲਣ ਦਾ ਸੱਦਾ ਦਿੱਤਾ। ਸ. ਠਾਕਰ ਸਿੰਘ ਵਲੋਂ ਬੰਬਈ ਵਿਖੇ ਮਹਾਰਾਜਾ ਦਲੀਪ ਸਿੰਘ ਨੂੰ ਅੰਮ੍ਰਿਤਪਾਨ ਕਰਾਉਣ ਦਾ ਪ੍ਰਬੰਧ ਕੀਤਾ ਗਿਆ ਪਰ, ਅੰਗਰੇਜ਼ੀ ਸਰਕਾਰ ਨੇ ਉਨ੍ਹਾਂ ਨੂੰ ਬੰਬਈ ਜਾਣ ਦੀ ਆਗਿਆ ਨਾ ਦਿੱਤੀ। ਮਹਾਰਾਜਾ ਦਲੀਪ ਸਿੰਘ ਦੇ ਜੀਵਨ ਨੂੰ ਅੱਗੇ ਤੋਰਨਾ ਸ. ਠਾਕਰ ਸਿੰਘ ਦਾ ਇਕੋ ਮਿਸ਼ਨ ਰਹਿ ਗਿਆ ਸੀ। ਇਸ ਉਦੇਸ਼ ਦੀ ਪੂਰਤੀ ਲਈ ਹਿੰਦੋਸਤਾਨੀ ਰਿਆਸਤਾਂ ਅਤੇ ਸਿੱਖ ਗੁਰਧਾਮਾਂ ਦੀ ਉਨ੍ਹਾਂ ਨੇ ਗੁਪਤ ਰੂਪ ਵਿਚ ਯਾਤਰਾ ਕੀਤੀ। ਹੁਣ ਸ. ਠਾਕਰ ਸਿੰਘ ਅੰਗਰੇਜ਼ੀ ਸਰਕਾਰ ਦੀ ਨਿਗਾਹ ਵਿਚ ਸਭ ਤੋਂ ਸ਼ੱਕੀ ਕਿਰਦਾਰ ਬਣ ਚੁੱਕਾ ਸੀ। ਜਾਸੂਸੀ ਰਿਪੋਰਟਾਂ ਅਤੇ ਹੋਰ ਕਾਗਜ਼ਾਂ ਵਿਚ ਉਨ੍ਹਾਂ ਨੂੰ ਦਲੀਪ ਸਿੰਘ ਦਾ ਮਿੱਤਰ ਕਿਹਾ ਗਿਆ। ਫਿਰ ਵੀ ਉਹ ਬਚ ਕੇ ਅੰਗਰੇਜ਼ੀ ਇਲਾਕੇ ਤੋਂ ਫਰਾਂਸੀਸੀ ਇਲਾਕੇ ਦੇ ਸ਼ਹਿਰ ਪਾਂਡੀਚਰੀ ਵਿਚ 6 ਨਵੰਬਰ 1876 ਨੂੰ ਪੁੱਜ ਗਏ। ਇਥੇ ਉਨ੍ਹਾਂ ਦਾ ਘਰ ਜਿਹੜਾ ਰਿਉ-ਲਾ ਡੀ-ਰਿਅਸਟਲ ਵਿਚ ਸੀ, ਅੰਗਰੇਜ਼ਾਂ ਵਿਰੁੱਧ ਸਰਗਰਮੀਆਂ ਦਾ ਹਿੱਸਾ ਬਣ ਗਿਆ। ਸ. ਠਾਕਰ ਸਿੰਘ ਨੂੰ ਮਹਾਰਾਜਾ ਦਲੀਪ ਸਿੰਘ ਦੀਆਂ ਚਿੱਠੀਆਂ ਫਰਾਂਸੀਸੀ ਡਾਕਖਾਨੇ ਰਾਹੀਂ ਮਿਲਦੀਆਂ। ਉਸੇ ਰਾਹੀਂ ਉਹ

ਆਪਣੀਆਂ ਚਿੱਠੀਆਂ ਅਤੇ ਭਾਰਤੀ ਅੰਗਰੇਜ਼ੀ ਅਖ਼ਬਾਰ 'Times of India' ਅਤੇ 'Modern Times' ਭੇਜਦੇ। ਉਨ੍ਹਾਂ ਨੇ ਪੰਜਾਬ ਵਿਚ ਹੀ ਚਿੱਠੀ ਪੱਤਰ ਦਾ ਵਧੀਆ ਪ੍ਰਬੰਧ ਕੀਤਾ ਹੋਇਆ ਸੀ ਅਤੇ ਉਨ੍ਹਾਂ ਨੂੰ ਚੋਖੇ ਉੱਘੇ ਭਾਰਤੀ ਪਾਂਡੀਚਰੀ ਵਿਚ ਅਕਸਰ ਮਿਲਣ ਆਇਆ ਕਰਦੇ ਸਨ, ਜਿਨ੍ਹਾਂ ਵਿਚ ਭਾਰਤੀ ਫੌਜ ਦੇ ਸਿਪਾਹੀ ਵੀ ਸਨ।

ਉਨ੍ਹਾਂ ਨੂੰ ਦਿੱਲੀ ਤੋਂ ਦਲੀਪ ਸਿੰਘ ਦੇ ਦੂਤ ਮਿਲਣ ਆਉਂਦੇ। ਰੂਸ ਤੋਂ ਉਨ੍ਹਾਂ ਨੇ ਸ੍ਰ. ਠਾਕਰ ਸਿੰਘ ਨੂੰ ਇਕ ਮੋਹਰ ਅਤੇ ਆਪਣੀ ਸਰਕਾਰ ਦਾ ਪ੍ਰਧਾਨ ਮੰਤਰੀ ਬਣ ਜਾਣ ਦਾ ਖ਼ਤ ਵੀ ਭੇਜਿਆ ਪਰ, ਸ. ਠਾਕਰ ਸਿੰਘ ਬਹੁਤ ਦੇਰ ਜ਼ਿੰਦਾ ਨਾ ਰਹਿ ਸਕੇ। ਉਹ ਬੀਮਾਰ ਹੋ ਗਏ ਅਤੇ 18 ਅਗਸਤ, 1887 ਨੂੰ ਅਕਾਲ ਚਲਾਣਾ ਕਰ ਗਏ।

**ਗੁਰਮੁਖ ਸਿੰਘ ਚੰਧੜ (1849–1898) :**

ਪ੍ਰੋ.ਗੁਰਮੁਖ ਸਿੰਘ ਦਾ ਜਨਮ ਅਪ੍ਰੈਲ 1849 ਈ. ਨੂੰ ਕਪੂਰਥਲੇ ਵਿਚ, ਪਿਤਾ ਬਸਾਵਾ ਸਿੰਘ ਚੰਧੜ ਜੱਟ ਦੇ ਘਰ ਹੋਇਆ। ਬਸਾਵਾ ਸਿੰਘ ਮਹਾਰਾਜਾ ਬਿਕਰਮ ਸਿੰਘ ਕਪੂਰਥਲੇ ਦੇ ਸ਼ਾਹੀ ਰਸੋਈ ਘਰ ਵਿਚ ਰਸੋਈਏ ਸਨ। ਗੁਰਮੁਖ ਸਿੰਘ ਦੀ ਪ੍ਰਤਿਭਾ ਨੂੰ ਦੇਖ ਕੇ ਮਹਾਰਾਜੇ ਨੇ ਉਸਨੂੰ ਅੱਗੇ ਪੜ੍ਹਨ ਲਈ ਵਜ਼ੀਫਾ ਦਿੱਤਾ। ਪ੍ਰੋ.ਗੁਰਮੁਖ ਸਿੰਘ ਨੇ ਮੁਢਲੀ ਵਿੱਦਿਆ ਕਪੂਰਥਲੇ ਹੀ ਹਾਸਲ ਕੀਤੀ ਅਤੇ ਹੋਰ ਉਚੇਰੀ ਪੜ੍ਹਾਈ ਲਈ ਗੌਰਮਿੰਟ ਕਾਲਜ ਲਾਹੌਰ ਵਿਚ ਦਾਖ਼ਲ ਹੋਏ। ਇਨ੍ਹਾਂ ਹੀ ਦਿਨਾਂ ਵਿਚ ਸਿੰਘ ਸਭਾ ਅੰਮ੍ਰਿਤਸਰ ਸਥਾਪਿਤ ਹੋਈ। ਇਸ ਸਮੇਂ ਕੰਵਰ ਬਿਕਰਮ ਸਿੰਘ, ਪ੍ਰੋ.ਗੁਰਮੁਖ ਸਿੰਘ ਨੂੰ ਕਾਲਜ ਵਿਚੋਂ ਨਾਲ ਲੈ ਕੇ ਸਿੰਘ ਸਭਾ ਦੇ ਸਮਾਗਮਾਂ ਵਿਚ ਆਉਣ ਲੱਗੇ। ਇਨ੍ਹਾਂ ਸਮਾਗਮਾਂ ਵਿਚ ਆਉਣ ਕਰਕੇ ਸ੍ਰ. ਭਾਈ ਗੁਰਮੁਖ ਸਿੰਘ ਨੂੰ ਗੁਰਮਤਿ ਦੀ ਲਗਨ ਲੱਗੀ ਅਤੇ ਹੁਣ ਉਹ ਪੂਰੀ ਤਰ੍ਹਾਂ ਸਿੰਘ ਸਭਾ ਦੇ ਮੋਢੀਆਂ ਦੇ ਨਾਲ ਸ਼ਾਮਿਲ ਹੋ ਕੇ ਮੈਦਾਨ ਵਿਚ ਆ ਗੱਜੇ। ਆਪ ਨੂੰ ਚਿੱਤਰਕਲਾ ਦਾ ਬਹੁਤ ਸ਼ੌਕ ਸੀ। ਆਪ ਨੇ ਇਕ ਅੰਗਰੇਜ਼ ਅਫਸਰ ਦਾ ਅਜਿਹਾ ਸੁੰਦਰ ਚਿੱਤਰ ਬਣਾਇਆ ਕਿ ਉਸ ਤੋਂ ਖੁਸ਼ ਹੋ ਕੇ ਅੰਗਰੇਜ਼ ਨੇ ਭਾਈ ਗੁਰਮੁਖ ਸਿੰਘ ਨੂੰ ਇੰਜੀਨੀਅਰ ਦੀ ਪੜ੍ਹਾਈ ਲਈ ਰੁੜਕੀ ਭੇਜਣਾ ਪ੍ਰਵਾਨ ਕਰ ਲਿਆ, ਪਰ ਭਾਈ ਗੁਰਮੁਖ ਸਿੰਘ ਨੇ ਰੁੜਕੀ ਜਾਣਾ ਪਸੰਦ ਨਾ ਕੀਤਾ। ਕੰਵਰ ਬਿਕਰਮ ਸਿੰਘ ਨੇ ਕਾਨੂੰਨ ਪੜ੍ਹਨ ਲਈ ਕਿਹਾ ਤਾਂ ਭਾਈ ਗੁਰਮੁਖ ਸਿੰਘ ਜੀ ਨੇ ਇੱਥੇ ਵੀ ਸਤਿਕਾਰ ਸਹਿਤ ਨਾਂਹ ਕਰ ਦਿੱਤੀ।

ਓਰੀਐਂਟਲ ਕਾਲਜ ਲਾਹੌਰ ਦੇ ਗਣਿਤ ਅਤੇ ਪੰਜਾਬੀ ਦੇ ਪ੍ਰੋ.ਭਾਈ ਗੁਰਮੁਖ ਸਿੰਘ ਰਾਹੀਂ, ਸਿੰਘ ਸਭਾ ਇਕ ਅੰਦੋਲਨ ਬਣ ਗਈ। ਉਨ੍ਹਾਂ ਨੇ ਸਿੰਘ ਸਭਾ ਦੇ ਆਦਰਸ਼ਾਂ ਦੇ ਪ੍ਰਚਾਰ ਲਈ ਮੁਢਲਾ ਕੰਮ ਕੀਤਾ ਅਤੇ ਅੰਮ੍ਰਿਤਸਰ ਸਿੰਘ ਸਭਾ ਸਥਾਪਿਤ ਕੀਤੀ ਅਤੇ ਮਗਰੋਂ 1879 ਵਿਚ ਉਨ੍ਹਾਂ ਨੇ ਸਿੰਘ ਸਭਾ ਲਾਹੌਰ ਸਥਾਪਿਤ ਕੀਤੀ ਜਿਸਦੇ ਪ੍ਰਧਾਨ ਦੀਵਾਨ ਬੂਟਾ ਸਿੰਘ ਅਤੇ ਸਕੱਤਰ ਉਹ ਆਪ ਬਣੇ। ਅੰਮ੍ਰਿਤਸਰ ਦੀ ਸਿੰਘ ਸਭਾ ਦੇ ਉਲਟ ਲਾਹੌਰ ਦੀ ਸਿੰਘ ਸਭਾ ਵਧੇਰੇ ਲੋਕਤੰਤਰੀ ਸੀ। ਇਸ ਵਿਚ ਸਭ ਸ਼੍ਰੇਣੀਆਂ ਅਤੇ ਵਰਗਾਂ ਦੇ ਸਿੱਖ ਮੈਂਬਰ ਬਣਾਏ ਗਏ। ਪੰਜਾਬ ਦਾ ਲੈਫਟੀਨੈਂਟ ਗਵਰਨਰ ਸਰ ਰਾਬਰਟ ਈਜਰਟਨ ਇਸਦਾ ਸਰਪ੍ਰਸਤ ਬਣਿਆ ਅਤੇ ਵਾਇਸਰਾਇ ਲਾਰਡ ਲੈਂਡਸ ਡਾਊਨ ਨੇ ਸਿੰਘ ਸਭਾ ਲਾਹੌਰ ਦੀ ਹਮਾਇਤ ਕੀਤੀ। ਸਿੱਖ ਆਦਰਸ਼ਾਂ ਦੇ ਪ੍ਰਚਾਰ ਲਈ ਪ੍ਰੋ. ਗੁਰਮੁਖ ਸਿੰਘ ਨੇ ਇਕ ਹਫ਼ਤਾਵਰ 'ਗੁਰਮੁਖੀ ਅਖ਼ਬਾਰ' ਚਾਲੂ ਕੀਤਾ। ਬਹੁਤ ਸਾਰੀਆਂ ਸਿੰਘ ਸਭਾਵਾਂ ਸਥਾਪਿਤ ਹੋਈਆਂ ਜੋ ਲਾਹੌਰ ਸਿੰਘ ਸਭਾ ਨਾਲ ਜੁੜ ਗਈਆਂ। ਉਨ੍ਹਾਂ ਨੇ ਮੁਸਲਮਾਨਾਂ ਅਤੇ ਅਛੂਤ ਸ਼੍ਰੇਣੀਆਂ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾਏ ਜਾਣ ਦਾ ਪ੍ਰਚਾਰ ਕੀਤਾ। ਇਸ ਪ੍ਰਭਾਵਸ਼ਾਲੀ ਲਹਿਰ ਨਾਲ ਸਿੱਖ ਗੁਰਦੁਆਰਿਆਂ ਦੇ ਕੁਝ ਪੁਜਾਰੀ ਉਨ੍ਹਾਂ ਦੇ ਵਿਰੁੱਧ ਹੋ ਗਏ, ਜਿਸਦੇ ਸਿੱਟੇ ਵਜੋਂ ਹੌਲੀ-ਹੌਲੀ ਸਿੰਘ ਸਭਾਵਾਂ ਨੇ ਆਪਣੇ ਗੁਰਦੁਆਰੇ ਵੱਖਰੇ ਸਥਾਪਿਤ ਕਰ ਲਏ ਅਤੇ ਜਿਨ੍ਹਾਂ ਵਿਚ ਗ੍ਰੰਥੀ, ਰਾਗੀ ਅਤੇ ਉਪਦੇਸ਼ਕ ਵੀ ਆਪਣੇ ਰੱਖੇ ਗਏ। ਇਹ ਗੁਰਦੁਆਰੇ ਸਿੱਖਾਂ ਦੀ ਪੁਨਰ ਸੁਰਜੀਤੀ ਦੇ ਕੇਂਦਰ ਬਣ ਗਏ। ਪ੍ਰੋ. ਗੁਰਮੁਖ ਸਿੰਘ ਦੀ ਅਗਵਾਈ ਹੇਠ ਲਾਹੌਰ ਸਿੰਘ ਸਭਾ ਤੀਖਣ ਹੋ ਗਈ ਅਤੇ ਭਵਿੱਖ ਦੇ ਅੰਦੋਲਨ ਦੀ ਪ੍ਰਤੀਨਿਧ ਬਣੀ। ਪ੍ਰੋ. ਗੁਰਮੁਖ ਸਿੰਘ ਇਕ ਸਪੱਸ਼ਟ ਤੇ ਜਾਗ੍ਰਿਤ ਸੋਚ ਵਾਲੇ ਵਿਅਕਤੀ ਸਨ, ਜਿਨ੍ਹਾਂ ਨੇ ਕੁਝ ਆਗੂਆਂ ਦੀਆਂ ਆਪ-ਹੁਦਰੀਆਂ ਧਾਰਨਾਵਾਂ ਦੀ ਕਰੜੀ ਨੁਕਤਾਚੀਨੀ ਕੀਤੀ। ਬਾਬਾ ਖ਼ੇਮ ਸਿੰਘ ਬੇਦੀ ਦੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੱਦਾ ਲਗਾ ਕੇ ਬੈਠਣ ਉੱਤੇ ਪ੍ਰੋ.ਗੁਰਮੁਖ ਸਿੰਘ ਨੇ ਟਿੱਪਣੀ ਕੀਤੀ, ਜਿਸ ਉੱਤੇ ਗੁੱਸੇ ਹੋ ਕੇ ਬਾਬਾ ਖ਼ੇਮ ਸਿੰਘ ਬੇਦੀ ਤੇ ਉਨ੍ਹਾਂ ਦੇ ਹਮਾਇਤੀਆਂ ਨੇ ਗੁਰਮੁਖ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਤੋਂ ਖਾਰਜ ਕਰਵਾ ਦਿੱਤਾ। ਆਪ ਜੀ ਨੇ ਸਿੱਖ ਧਰਮ ਤੇ ਇਤਿਹਾਸ ਦੀ ਵੀ ਬਹੁਤ ਖੋਜ ਕੀਤੀ। 24 ਸਤੰਬਰ 1898 ਦੇ ਅਭਾਗੇ ਦਿਹਾੜੇ ਅਚਨਚੇਤ ਆਪ ਅਕਾਲ ਚਲਾਣਾ ਕਰ ਗਏ।

**ਸੰਤ ਅਤਰ ਸਿੰਘ ਮਸਤੂਆਣਾ (1866-1927) :**

ਸੰਤ ਅਤਰ ਸਿੰਘ ਮਸਤੂਆਣਾ ਸਿੱਖ ਸੰਤ ਮੰਡਲ ਵਿਚ ਸਭ ਤੋਂ ਵੱਧ ਚਮਤਕਾਰੀ ਹਸਤੀ ਸਨ। ਉਨ੍ਹਾਂ ਦਾ ਜਨਮ ਸੰਗਰੂਰ ਜ਼ਿਲ੍ਹੇ ਦੇ ਪਿੰਡ ਚੀਮਾ ਵਿਖੇ 13 ਮਾਰਚ, 1866 ਨੂੰ ਪਿਤਾ ਕਰਮ ਸਿੰਘ ਚੀਮਾ ਦੇ ਘਰ ਮਾਤਾ ਭੋਲੀ ਦੇ ਉਦਰ ਤੋਂ ਹੋਇਆ। ਇਕ ਛੋਟੇ ਕਿਸਾਨ ਹੋਣ ਕਰਕੇ ਪਿਤਾ ਕਰਮ ਸਿੰਘ ਸ਼ਹਿਰ ਵਿਚ ਪੜ੍ਹਨ ਲਈ ਭੇਜਣ ਤੋਂ ਅਸਮਰਥ ਸਨ। ਅਤਰ ਸਿੰਘ ਨੇ ਆਪਣੇ ਪਿੰਡ ਦੇ ਡੇਰੇ ਵਿਚ ਭਾਈ ਰਾਮ ਸਿੰਘ ਨਿਰਮਲੇ ਦੇ ਗੱਦੀ ਨਸ਼ੀਨ ਭਾਈ ਬੂਟਾ ਸਿੰਘ ਕੋਲੋਂ ਗੁਰਮੁਖੀ, ਗੁਰਮਤਿ ਪੁਸਤਕਾਂ ਅਤੇ ਵਿਚਾਰ ਸਾਗਰ ਵਰਗੀਆਂ ਦਾਰਸ਼ਨਿਕ ਪੁਸਤਕਾਂ ਵਿਚ ਪ੍ਰਬੀਨਤਾ ਹਾਸਲ ਕੀਤੀ। ਉਨ੍ਹਾਂ ਨੇ ਨਾਲੋ-ਨਾਲ ਵਿਚਾਰ ਸਾਗਰ ਪੜ੍ਹਿਆ ਅਤੇ ਹੌਲੀ-ਹੌਲੀ ਧਰਮ ਦੀ ਗੂੜ੍ਹੀ ਰੰਗਤ ਵਿਚ ਰੰਗੇ ਗਏ। ਪਸ਼ੂ ਚਾਰਦਿਆਂ ਹੋਇਆ ਉਹ ਗੁਰਬਾਣੀ ਸਿਮਰਨ ਵਿਚ ਲੀਨ ਹੋ ਜਾਂਦੇ। 17 ਸਾਲ ਦੀ ਉਮਰ ਵਿਚ ਉਹ ਤੋਪਖਾਨੇ ਵਿਚ ਭਰਤੀ ਹੋ ਗਏ ਅਤੇ ਮਗਰੋਂ ਉਨ੍ਹਾਂ ਨੇ ਆਪਣੀ ਬਦਲੀ ਕੋਹਾਟ ਵਿਖੇ ਨਿਯੁਕਤ 54 ਸਿੱਖ ਬਟਾਲੀਅਨ ਵਿਚ ਕਰਵਾ ਲਈ। ਇਥੇ ਉਨ੍ਹਾਂ ਨੇ ਛਾਉਣੀ ਦੇ ਗੁਰਦੁਆਰੇ ਵਿਚ ਅੰਮ੍ਰਿਤ ਛਕਿਆ ਤੇ ਗ੍ਰੰਥੀ ਭਾਈ ਜੋਧ ਸਿੰਘ ਦੀ ਨਿਗਰਾਨੀ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਾਠ ਜਾਰੀ ਰਖਿਆ। ਉਹ ਹਾਲੇ ਫੌਜ ਵਿਚ ਹੀ ਸਨ, ਜਦੋਂ ਉਨ੍ਹਾਂ ਨੇ ਸ਼ਾਦੀ ਨਾ ਕਰਾਉਣ ਦਾ ਸੰਕਲਪ ਧਾਰਿਆ। ਇਹ ਉਹ ਸਮਾਂ ਸੀ, ਜਦੋਂ ਪੰਜਾਬ ਵਿਚ ਅੰਗਰੇਜ਼ੀ ਵਿੱਦਿਆ ਦੇ ਪ੍ਰਚਾਰ ਨੇ ਨਵੀਂ ਜਾਗ੍ਰਿਤੀ ਪੈਦਾ ਕਰ ਦਿੱਤੀ ਸੀ। ਆਰੀਆ ਸਮਾਜ ਲਹਿਰ ਹਿੰਦੂਆਂ ਦੀ ਅਤੇ ਸਿੰਘ ਸਭਾ ਲਹਿਰ ਸਿੱਖਾਂ ਦੀ ਪੁਨਰ-ਸੁਰਜੀਤੀ ਦੀਆਂ ਲਹਿਰਾਂ ਸਨ। ਅਤਰ ਸਿੰਘ ਹੋਰਾਂ ਨੇ ਆਪਣੇ ਆਪ ਨੂੰ ਸਿੰਘ ਸਭਾ ਦੀ ਗੁਰਮਤਿ ਵਿਚਾਰਧਾਰਾ ਨੂੰ ਪ੍ਰਪੱਕ ਕਰਨ ਪ੍ਰਤਿ ਸਮਰਪਿਤ ਕਰ ਦਿੱਤਾ। ਪਹਿਲੇ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਨੇ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਕੀਤੀ। ਉਨ੍ਹਾਂ ਨੇ ਸਿੱਖ ਗੁਰੂਆਂ ਦੇ ਮਿਸ਼ਨ ਨੂੰ ਪੱਕੇ ਤੌਰ ਤੇ ਪ੍ਰਚਾਰਨ ਲਈ 1891 ਵਿਚ ਫੌਜ ਵਿਚੋਂ ਆਪਣਾ ਨਾਮ ਕਟਵਾ ਲਿਆ। ਉਨ੍ਹਾਂ ਨੇ ਪ੍ਰਚਾਰ ਹਿੱਤ ਜੰਮੂ, ਕਸ਼ਮੀਰ, ਸਿੰਧ ਉੱਤਰ-ਪੱਛਮੀ ਸਰਹੱਦੀ ਸੂਬਿਆਂ ਦੀ ਯਾਤਰਾ ਕੀਤੀ। ਪੋਠੋਹਾਰ ਦੇ ਬਹੁਤ ਸਾਰੇ ਹਿੰਦੂਆਂ ਤੇ ਸਿੱਖਾਂ ਨੇ ਉਨ੍ਹਾਂ ਦੇ ਹੱਥੋਂ ਅੰਮ੍ਰਿਤ ਛਕਿਆ। ਉੱਘੇ ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਅਤੇ ਵਿੱਦਿਆਵੇਤਾ ਭਾਈ ਜੋਧ ਸਿੰਘ ਨੇ ਸੰਤ ਅਤਰ ਸਿੰਘ ਜੀ ਤੋਂ ਅੰਮ੍ਰਿਤ ਛਕਿਆ। ਮਾਸਟਰ ਤਾਰਾ ਸਿੰਘ ਦਾ ਪਹਿਲਾ ਨਾਂ ਨਾਨਕ

ਚੰਦ ਮਲਹੋਤਰਾ ਸੀ। ਇਨ੍ਹਾਂ ਨੇ ਡੇਰਾ ਖ਼ਾਲਸਾ ਵਿਖੇ ਅੰਮ੍ਰਿਤ ਛਕਿਆ ਸੀ। ਕਸ਼ਮੀਰ ਵਿਚ ਉਨ੍ਹਾਂ ਨੇ ਸ਼੍ਰੀਨਗਰ ਤੇ ਮੀਰਪੁਰ ਤੋਂ ਇਲਾਵਾ ਸਿੱਖ ਵਸੋਂ ਵਾਲੇ ਨਗਰਾਂ ਦੀ ਯਾਤਰਾ ਕੀਤੀ। ਪਿਸ਼ਾਵਰ ਵਿਖੇ ਉਨ੍ਹਾਂ ਦਾ ਹਿੰਦੂਆਂ ਤੇ ਸਿੱਖਾਂ ਨੇ ਹੀ ਨਹੀਂ ਸਗੋਂ ਪਠਾਣਾਂ ਨੇ ਵੀ ਹਾਰਦਿਕ ਸਵਾਗਤ ਕੀਤਾ। ਪਿਸ਼ਾਵਰ ਦੇ ਸੰਤ ਕਲਿਆਣ ਸਿੰਘ ਉਨ੍ਹਾਂ ਦੇ ਭਗਤ ਬਣ ਗਏ। ਸਿੰਧ ਵਿਚ ਉਨ੍ਹਾਂ ਨੇ ਸੱਖਰ, ਹੈਦਰਾਬਾਦ ਤੇ ਕਰਾਚੀ ਦੀ ਯਾਤਰਾ ਕੀਤੀ। 1902 ਵਿਚ ਉਨ੍ਹਾਂ ਨੇ ਸੰਗਰੂਰ ਲਾਗੇ ਗੁਰੂ ਸਰ ਮਸਤੂਆਣਾ ਸਾਹਿਬ ਵਿਖੇ ਮਾਲਵੇ ਵਿਚ ਆਪਣਾ ਮੁੱਖ ਕੇਂਦਰ ਸਥਾਪਿਤ ਕੀਤਾ। ਆਪਣੀਆਂ ਯਾਤਰਾਵਾਂ ਸਮੇਂ ਗੁਰਮਤਿ ਦੀ ਵਿਆਖਿਆ ਅਤੇ ਮਿੱਠੀ ਆਵਾਜ਼ ਵਿਚ ਕੀਰਤਨ ਦੁਆਰਾ ਉਨ੍ਹਾਂ ਨੇ ਭਾਰੀ ਇਕੱਠਾਂ ਨੂੰ ਪ੍ਰਭਾਵਿਤ ਕੀਤਾ ਤੇ ਸਿੱਖ ਸਮਾਜ ਵਿਚ ਨਵੀਂ ਧਾਰਮਿਕ ਜਾਗ੍ਰਿਤੀ ਪੈਦਾ ਕਰ ਦਿੱਤੀ। ਬਹੁਤ ਸਾਰੇ ਲੋਕਾਂ ਨੇ ਉਨ੍ਹਾਂ ਦੀ ਸ਼ਰਾਫਤ ਅਤੇ ਅਧਿਆਤਮਕ ਵਤੀਰੇ ਤੋਂ ਪ੍ਰਭਾਵਿਤ ਹੋ ਕੇ ਸਿੱਖੀ ਨੂੰ ਗ੍ਰਹਿਣ ਕਰ ਲਿਆ। ਉਨ੍ਹਾਂ ਦੇ ਹੱਥੋਂ ਅੰਮ੍ਰਿਤ ਛਕਣਾ ਸੁਭਾਗਾ ਸਮਝਿਆ ਜਾਂਦਾ ਸੀ। ਸੰਤ ਅਤਰ ਸਿੰਘ ਜੀ ਦੀਆਂ ਯਾਤਰਾਵਾਂ ਕਾਰਨ ਨਵੇਂ ਗੁਰਦੁਆਰੇ ਅਨੇਕਾਂ ਥਾਵਾਂ ਤੇ ਉਸਾਰੇ ਗਏ।

1920 ਵਿਚ ਸੰਤ ਅਤਰ ਸਿੰਘ ਜੀ ਨੇ ਆਪਣਾ ਧਿਆਨ ਦਮਦਮਾ ਸਾਹਿਬ ਉੱਤੇ ਕੇਂਦਰਿਤ ਕੀਤਾ, ਜਿਥੋਂ ਗੁਰੂ ਗੋਬਿੰਦ ਸਿੰਘ ਜੀ ਦੱਖਣ ਵਲ ਨੂੰ ਗਏ ਸਨ। ਸੰਤ ਅਤਰ ਸਿੰਘ ਜੀ ਨੇ ਦਮਦਮਾ ਸਾਹਿਬ ਵਿਖੇ ਇਕ ਬੜੇ ਸ਼ਾਨਦਾਰ ਬੁੰਗੇ ਨੂੰ ਸਿੱਖੀ ਦੇ ਪ੍ਰਚਾਰ ਲਈ ਮੁੱਖ ਕੇਂਦਰ ਵਿਚ ਬਦਲ ਦਿੱਤਾ। ਉਨ੍ਹਾਂ ਨੇ ਚਾਰ ਸਿੱਖ ਗੱਭਰੂਆਂ - ਤੇਜਾ ਸਿੰਘ, ਅਮਰ ਸਿੰਘ, ਧਰਮਾਨੰਦ ਸਿੰਘ ਤੇ ਹਰੀ ਸਿੰਘ ਬਸਰਾ ਨੂੰ ਉੱਚ ਸਿੱਖਿਆ ਪ੍ਰਾਪਤ ਕਰਨ ਅਤੇ ਗੁਰੂ ਸਾਹਿਬਾਨ ਦਾ ਸੰਦੇਸ਼ ਦੇਣ ਵਾਸਤੇ ਵਿਦੇਸ਼ਾਂ ਵਿਚ ਭੇਜਿਆ। ਸੰਤ ਤੇਜਾ ਸਿੰਘ ਨੇ ਲੰਡਨ ਵਿਚ ਬਰਤਾਨਵੀ ਟਾਪੂਆਂ ਦਾ ਖ਼ਾਲਸਾ ਜੱਥਾ ਸਥਾਪਿਤ ਕੀਤਾ। ਇਸ ਤੋਂ ਮਗਰੋਂ ਉਹ ਅਮਰੀਕਾ ਚਲੇ ਗਏ, ਜਿੱਥੇ ਉਨ੍ਹਾਂ ਨੇ ਹਾਰਵਰਡ ਯੂਨੀਵਰਸਿਟੀ, ਤੋਂ ਐਮ. ਏ. ਦੀ ਡਿਗਰੀ ਪਾਸ ਕੀਤੀ ਤੇ ਅਮਰੀਕਾ ਤੇ ਕਨੇਡਾ ਵਿਚ ਸਿੱਖੀ ਦੇ ਪ੍ਰਚਾਰ ਲਈ ਵਿਸ਼ਾਲ ਪੱਧਰ ਉੱਤੇ ਭਾਸ਼ਣ ਦਿੱਤੇ ਅਤੇ ਇਸਦੇ ਨਾਲ-ਨਾਲ ਹੀ ਉਨ੍ਹਾਂ ਮੁਲਕਾਂ ਵਿਚ ਪੰਜਾਬੀ ਪ੍ਰਵਾਸੀਆਂ ਦੇ ਹਿੱਤ ਪੈਰਵਾਈ ਕੀਤੀ।

ਖ਼ਾਲਸਾ ਕਾਲਜ ਕਮੇਟੀ ਅੰਮ੍ਰਿਤਸਰ ਨੇ ਸੰਤ ਅਤਰ ਸਿੰਘ ਜੀ ਨੂੰ 1911 ਦੇ ਦਿੱਲੀ ਦਰਬਾਰ ਵਿਚ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਲਈ ਬੇਨਤੀ ਕੀਤੀ। ਦਿੱਲੀ ਵਿਖੇ ਉਹ ਮਹਾਰਾਜਾ ਜੀਂਦ ਦੇ ਮਹਿਮਾਨ ਵਜੋਂ ਦਰਬਾਰ ਵਿਚ ਸ਼ਾਮਿਲ ਹੋਏ। ਦਿੱਲੀ ਵਿਖੇ ਪਟਿਆਲਾ ਰਿਆਸਤ ਵਲੋਂ ਕਢੇ ਗਏ ਸ਼ਾਹੀ ਜਲੂਸ ਵਿਚ ਉਹ ਪਟਿਆਲਾ ਤੇ ਜੀਂਦ ਦੇ ਰਾਜਿਆਂ ਸਮੇਤ ਇਕ ਉੱਘੀ ਹਸਤੀ ਸਨ। ਜਦੋਂ ਉਹ ਬਹੁਤ ਹੀ ਸਜਾਏ ਗਏ ਇੱਕ ਹਾਥੀ ਉਤੇ ਸਵਾਰ ਹੋ ਕੇ ਗੁਜਰੇ ਤਾਂ ਉਹ ਪਵਿੱਤਰਤਾ ਦੀ ਸਾਖਸ਼ਾਤ ਮੂਰਤੀ ਦਿਸ ਰਹੇ ਸਨ। ਸੁਭਾਵਿਕ ਹੀ ਉਹ ਰਾਜਿਆਂ-ਮਹਾਰਾਜਿਆਂ ਦੇ ਉਤੋਂ ਦੀ ਸਭ ਦੇ ਧਿਆਨ ਦਾ ਕੇਂਦਰ ਸਨ। ਇਸ ਮੌਕੇ ਤੇ ਉਨ੍ਹਾਂ ਨੇ ਗੁਰਬਾਣੀ ਦਾ ਸ਼ਾਨਦਾਰ ਕੀਰਤਨ ਕੀਤਾ। ਗੁਰਮਤਿ ਦੇ ਪ੍ਰਚਾਰ ਦੇ ਨਾਲ-ਨਾਲ ਉਨ੍ਹਾਂ ਨੇ ਆਧੁਨਿਕ ਸਿੱਖਿਆ ਦਾ ਵੀ ਬੇਹੱਦ ਪ੍ਰਚਾਰ ਕੀਤਾ। ਉਨ੍ਹਾਂ ਨੇ ਆਪਣੇ ਆਪ ਨੂੰ ਸਿੱਖ ਐਜੂਕੇਸ਼ਨਲ ਕਾਨਫਰੰਸ ਨਾਲ ਸੰਬੰਧਿਤ ਕਰ ਲਿਆ ਤੇ ਇਸਦੇ ਸਾਰੇ ਸਮਾਗਮਾਂ ਵਿਚ ਸ਼ਾਮਿਲ ਹੁੰਦੇ ਰਹੇ। ਉਨ੍ਹਾਂ ਨੇ ਪੰਜਾਬ ਵਿਚ ਅਨੇਕਾਂ ਸਕੂਲ ਸਥਾਪਿਤ ਕਰਨ ਵਿਚ ਯੋਗਦਾਨ ਪਾਇਆ, ਜਿਵੇਂ ਖ਼ਾਲਸਾ ਹਾਈ ਸਕੂਲ ਲਾਇਲਪੁਰ, ਚੱਕਵਾਲ ਵਿਖੇ ਖ਼ਾਲਸਾ ਹਾਈ ਸਕੂਲ, ਗੁਜਰਾਂਵਾਲਾ ਵਿਖੇ ਮਿਸ਼ਨਰੀ ਕਾਲਜ ਅਤੇ ਗੁਰੂ ਨਾਨਕ ਖ਼ਾਲਸਾ ਕਾਲਜ ਗੁਜਰਾਂਵਾਲਾ, ਜੋ ਹੁਣ ਲੁਧਿਆਣਾ ਵਿਖੇ ਚਲਦਾ ਹੈ। ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਣਾ ਅਤੇ 1914 ਵਿਚ ਮਸਤੂਆਣਾ ਸਾਹਿਬ ਵਿਖੇ ਕਾਲਜ ਸਥਾਪਿਤ ਕੀਤੇ। ਉਹ ਪੰਡਿਤ ਮਦਨ ਮੋਹਨ ਮਾਲਵੀਆ ਦੇ ਸੱਦੇ ਉੱਤੇ ਹਿੰਦੂ ਯੂਨੀਵਰਸਿਟੀ ਬਨਾਰਸ ਦੀ ਸਥਾਪਨਾ ਲਈ ਗਏ ਅਤੇ ਉਨ੍ਹਾਂ ਦੇ ਸ਼ਰਧਾਲੂ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੇ ਉਨ੍ਹਾਂ ਨੂੰ ਰੇਲਵੇ ਦੇ ਆਪਣੇ ਡੱਬੇ ਵਿਚ ਠਹਿਰਾਇਆ। ਬਨਾਰਸ ਵਿਚ ਕਾਲਜ ਦੇ ਲਾਗੇ ਸੰਤ ਅਤਰ ਸਿੰਘ ਜੀ ਨੇ ਪੰਜ ਅਖੰਡ ਪਾਠ ਕਰਵਾਏ ਜਿਨ੍ਹਾਂ ਵਿਚ ਰਹਿਰਾਸ ਸਾਹਿਬ ਦਾ ਪਾਠ ਮਹਾਰਾਜਾ ਰਿਪੁਦਮਨ ਸਿੰਘ ਕਰਿਆ ਕਰਦੇ ਸਨ। ਇਨ੍ਹਾਂ ਅਖੰਡ ਪਾਠਾਂ ਦੀ ਸਮਾਪਤੀ ਉੱਤੇ ਬੀਕਾਨੇਰ ਦੇ ਮਹਾਰਾਜਾ ਗੰਗਾ ਸਿੰਘ ਨੇ ਚਾਂਦੀ ਦੀ ਇਕ ਥਾਲੀ ਵਿਚ ਬਜਰੀ ਪੇਸ਼ ਕੀਤੀ, ਜਿਸ ਨਾਲ ਰਾਜਾ ਕਾਂਸੀ ਵਲੋਂ ਭੇਂਟ ਕੀਤੀਆਂ ਗਈਆਂ ਸੋਨੇ ਦੀਆਂ ਗਿਆਰਾਂ ਇੱਟਾਂ ਨਾਲ, ਸੰਤ ਜੀ ਨੇ ਯੂਨੀਵਰਸਿਟੀ ਦੀ ਇਮਾਰਤ ਦਾ ਨੀਂਹ ਪੱਥਰ ਰੱਖਿਆ। ਇਸ ਰਸਮ ਤੋਂ ਮਗਰੋਂ ਰਾਜਾ ਕਾਂਸੀ ਦੀ ਬੇਨਤੀ ਉੱਤੇ ਸੰਤ ਜੀ ਉਥੇ ਇਕ ਹਫ਼ਤਾ ਠਹਿਰੇ।

ਸੰਤ ਅਤਰ ਸਿੰਘ ਜੀ ਨੇ ਸਿੱਖ ਸਮਾਜ ਦੀਆਂ ਵਿਸ਼ਾਲ ਤੇ ਧਾਰਮਿਕ ਸਮਸਿਆਵਾਂ ਨਾਲ ਸਾਂਝ ਪਾਈ। ਉਨ੍ਹਾਂ ਨੇ ਗੁਰਦੁਆਰਾ ਸੁਧਾਰ ਲਹਿਰ ਦਾ ਸਮਰਥਨ ਕੀਤਾ। ਉਨ੍ਹਾਂ ਨੇ 1921 ਵਿਚ ਨਨਕਾਣਾ ਸਾਹਿਬ ਦੇ ਸਾਕੇ ਵਿਚ ਸ਼ਹੀਦ ਹੋਏ ਸਿੱਖਾਂ ਦੇ ਸਨਮਾਨ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਰੱਖੇ ਦੀਵਾਨ ਵਿਚ ਭਾਗ ਲਿਆ। ਉਨ੍ਹਾਂ ਨੂੰ ਜੈਤੋਂ ਵਿਖੇ ਅਕਾਲੀ ਮੋਰਚੇ ਦੀ ਸਮਾਪਤੀ ਉੱਤੇ ਰੱਖੇ ਗਏ ਅਖੰਡ ਪਾਠ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਗਿਆ। ਭਾਰਤ ਸਰਕਾਰ ਦੇ ਜਾਸੂਸੀ ਵਿਭਾਗ ਵਲੋਂ 1911 ਵਿਚ ਜਿਹੜੀ ਰਿਪੋਰਟ ਤਿਆਰ ਕੀਤੀ ਗਈ ਸੀ ਉਸ ਵਿਚ ਸੰਤ ਅਤਰ ਸਿੰਘ ਜੀ ਨੂੰ ਸਿੱਖਾਂ ਵਿਚ ਤੱਤ ਖ਼ਾਲਸਾ ਲਹਿਰ ਪੈਦਾ ਕਰਨ ਵਾਲੀ ਮੁੱਖ ਪ੍ਰੇਰਕ ਹਸਤੀ ਕਿਹਾ ਗਿਆ ਸੀ। ਇਹ ਸੁਧਾਰਵਾਦੀ ਸਿੱਖਾਂ ਦੀ ਤੱਤ ਖ਼ਾਲਸਾ ਲਹਿਰ ਹੀ ਹੈ, ਜਿਸ ਵਿਚ ਅਕਾਲੀ ਲਹਿਰ ਦਾ ਮੁੱਢ ਲਭਿਆ ਜਾ ਸਕਦਾ ਹੈ। 31 ਜਨਵਰੀ, 1927 ਨੂੰ ਸੰਤ ਅਤਰ ਸਿੰਘ ਜੀ ਸੰਗਰੂਰ ਵਿਖੇ ਬ੍ਰਹਮਲੀਨ ਹੋ ਗਏ। ਉਨ੍ਹਾਂ ਦੀ ਦੇਹ ਦਾ ਮਸਤੂਆਣਾ ਸਾਹਿਬ ਵਿਖੇ ਅੰਤਮ ਸੰਸਕਾਰ ਕੀਤਾ ਗਿਆ, ਜਿੱਥੇ ਉਨ੍ਹਾਂ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਇਕ ਨਵਾਂ ਸੁੰਦਰ ਯਾਦਗਾਰੀ ਗੁਰਦੁਆਰਾ ਉਸਾਰਿਆ ਗਿਆ। ਭਾਈ ਸੰਤੋਖ ਸਿੰਘ ਨੇ ਆਪ ਦੇ ਬਾਰੇ ਲਿਖਿਆ ਹੈ:

ਗੁਰੂ ਕਾ ਸਬਦ ਕਮਾਇ ਕੇ ਜੀਤੇ ਪੰਚ ਵਿਕਾਰ
ਤਿੰਨ ਸੰਤਨ ਕੇ ਬੰਦਨਾ ਸਿਰ ਦਰਨਨ ਪਰ ਡਾਰ।[45]

**ਭਾਈ ਤੇਜਾ ਸਿੰਘ ਹਜ਼ੂਰੀਆ (1879–1922) :**

ਭਾਈ ਤੇਜਾ ਸਿੰਘ ਹਜ਼ੂਰੀਆ ਸਿੱਖ ਜਗਤ ਵਿਚ ਬਾਬੂ ਤੇਜਾ ਸਿੰਘ ਮੈਂਗਣ ਦੇ ਨਾਂ ਨਾਲ ਪ੍ਰਸਿੱਧ ਇਕ ਉੱਘੇ ਸਿੱਖ ਪ੍ਰਚਾਰਕ ਅਤੇ ਸਮਾਜ ਸੁਧਾਰਕ ਸਨ। ਉਹ ਜ਼ਿਲ੍ਹਾ ਜੇਹਲਮ ਦੇ ਪਿੰਡ ਮੈਂਗਣ ਦੇ ਇਕ ਸਹਿਜਧਾਰੀ ਸਿੱਖ ਭਾਈ ਲਖਮੀਦਾਸ ਦੇ ਸਪੁੱਤਰ ਸਨ। ਪਿੰਡ ਦੇ ਗੁਰਦੁਆਰੇ ਵਿਚੋਂ ਪੜ੍ਹਨ ਉਪਰੰਤ ਉਹ ਮਿਸ਼ਨ ਹਾਈ ਸਕੂਲ ਰਾਵਲਪਿੰਡੀ ਤੋਂ ਮੈਟ੍ਰਿਕ ਕਰਨ ਉਪਰੰਤ ਸਰਕਾਰੀ ਵਿਭਾਗ ਵਿਚ ਸਟੋਰ ਕੀਪਰ ਲੱਗ ਗਏ। ਉਨ੍ਹਾਂ ਨੇ ਸੰਤ ਮੁਰਲੀਦਾਸ ਦੇ ਪ੍ਰਭਾਵ ਅਧੀਨ ਸਰਕਾਰੀ ਨੌਕਰੀ ਤੋਂ ਤਿਆਗ ਪੱਤਰ ਦੇ ਕੇ ਆਪਣੇ ਆਪ ਨੂੰ ਧਾਰਮਿਕ ਸਰਗਰਮੀਆਂ ਪ੍ਰਤਿ ਸਮਰਪਿਤ ਕਰ ਦਿੱਤਾ। ਪਹਿਲਾਂ ਉਨ੍ਹਾਂ ਨੇ ਆਪਣੇ ਪਿੰਡ ਵਿਚ ਸਿੰਘ ਸਭਾ ਨੂੰ ਪੁਨਰ ਸਥਾਪਿਤ ਕੀਤਾ ਅਤੇ ਸਿੱਖ ਸੁਧਾਰਵਾਦ ਦੇ ਆਦਰਸ਼ਾਂ ਲਈ ਪ੍ਰਚਾਰ ਕਰਨਾ ਸ਼ੁਰੂ

ਕੀਤਾ। ਉਨ੍ਹਾਂ ਨੇ ਪਤਿਤ ਸਿੱਖਾਂ ਨੂੰ ਅੰਮ੍ਰਿਤਪਾਨ ਕਰਵਾਇਆ। ਉਨ੍ਹਾਂ ਨੇ ਆਪ ਬ੍ਰਹਮ ਗਿਆਨੀ ਸੰਤ ਅਤਰ ਸਿੰਘ ਮਸਤੂਆਣਾ ਤੋਂ ਅੰਮ੍ਰਿਤਪਾਨ ਕੀਤਾ। ਭਾਈ ਤੇਜਾ ਸਿੰਘ ਹਜ਼ੂਰੀਆ ਚੀਫ ਖ਼ਾਲਸਾ ਦੀਵਾਨ ਵਿਚ ਸ਼ਾਮਿਲ ਹੋ ਗਏ ਅਤੇ ਸਿੱਖੀ ਦੇ ਪ੍ਰਚਾਰ ਲਈ ਦੇਸ਼ ਭਰ ਦੀ ਯਾਤਰਾ ਕੀਤੀ। ਜਲੰਧਰ ਜ਼ਿਲ੍ਹੇ ਦੇ ਪਿੰਡ ਬਕਾਪੁਰ ਦੇ ਪ੍ਰਸਿੱਧ ਦੀਵਾਨ ਵਿਚ ਇਕ ਮੁਸਲਿਮ ਪਰਿਵਾਰ ਨੇ ਅੰਮ੍ਰਿਤ ਛਕਿਆ ਜਿਸਦੇ ਪੰਜ ਪਿਆਰਿਆਂ ਵਿਚੋਂ ਇਕ ਭਾਈ ਤੇਜਾ ਸਿੰਘ ਹਜ਼ੂਰੀਆ ਸਨ। ਚੀਫ ਖ਼ਾਲਸਾ ਦੀਵਾਨ ਵਲੋਂ ਉਨ੍ਹਾਂ ਨੂੰ ਦੱਖਣੀ ਭਾਰਤ ਵਿਚ ਭੇਜਿਆ ਗਿਆ, ਜਿਥੇ ਉਹ ਸਚਖੰਡ ਸ਼੍ਰੀ ਹਜੂਰ ਸਾਹਿਬ ਨਾਂਦੇੜ ਦੇ ਮਹੰਤ ਨੂੰ ਮਿਲੇ ਜਿਸਨੇ ਸ. ਸੁੰਦਰ ਸਿੰਘ ਮਜੀਠੀਆ ਨੂੰ ਇਸ ਗੱਲ ਕਾਰਨ ਗੁਰਦੁਆਰਾ ਸਾਹਿਬ ਵਿਚ ਦਾਖ਼ਲ ਨਹੀਂ ਹੋਣ ਦਿੱਤਾ ਸੀ ਕਿਉਂਕਿ ਉਨ੍ਹਾਂ ਨੇ ਹਜੂਰ ਸਾਹਿਬ ਤੋਂ ਅੰਮ੍ਰਿਤ ਨਹੀਂ ਛਕਿਆ ਸੀ। ਭਾਈ ਤੇਜਾ ਸਿੰਘ ਹਜ਼ੂਰੀਆ ਨੇ ਮਹੰਤ ਨੂੰ ਸਮਝਾਇਆ ਕਿ ਅੰਮ੍ਰਿਤ ਭਾਵੇਂ ਕਿਸੇ ਵੀ ਥਾਂ ਤੋਂ ਛਕਿਆ ਹੋਵੇ ਉਸਦਾ ਦਰਜਾ ਸਭ ਥਾਂ ਸਮਾਨ ਹੁੰਦਾ ਹੈ। ਇਸ ਉੱਤੇ ਮਹੰਤ ਨੇ ਭਾਈ ਤੇਜਾ ਸਿੰਘ ਨੂੰ ਹਰ ਸਾਲ ਹੋਲੇ-ਮਹੱਲੇ ਉਤੇ ਦਰਸ਼ਨ ਦੇਣ ਦੀ ਬੇਨਤੀ ਕੀਤੀ। ਉਨ੍ਹਾਂ ਨੂੰ ਹਜ਼ੂਰੀਆ ਦੀ ਉਪਾਧੀ ਦਿੱਤੀ ਗਈ ਜੋ ਉਨ੍ਹਾਂ ਦੇ ਨਾਂ ਨਾਲ ਸਦਾ ਲਈ ਜੁੜ ਗਈ। ਸ਼ਕਤੀਸ਼ਾਲੀ ਵਕਤਾ ਅਤੇ ਸ਼ਾਸਤ੍ਰਾਰਥੀ ਹੋਣ ਤੋਂ ਇਲਾਵਾ ਭਾਈ ਤੇਜਾ ਸਿੰਘ ਇਕ ਲੇਖਕ ਵੀ ਸਨ। ਉਨ੍ਹਾਂ ਨੇ ਪੰਜਾਬੀ ਵਿਚ ਪੰਜ ਪੁਸਤਕਾਂ ਛਾਪੀਆਂ, ਜਿਨ੍ਹਾਂ ਦੇ ਨਾਂ ਸਨ – 'ਸਹਿਜਧਾਰੀ ਸਿੱਖ', 'ਦਸੇ ਗੁਰੂ ਇਕ ਰੂਪ ਸਨ', 'ਹਮ ਹਿੰਦੂ ਨਹੀਂ', 'ਖ਼ਾਲਸਾ ਪੰਥ' ਅਤੇ 'ਸ਼੍ਰੀ ਹਜੂਰ ਸਾਹਿਬ ਦੀ ਯਾਤਰਾ' ਬਾਰੇ ਇਕ ਪੁਸਤਕ 'ਸ਼੍ਰੀ ਅਬਚਲ ਨਗਰ ਸਾਹਿਬ'। ਭਾਈ ਤੇਜਾ ਸਿੰਘ 1 ਜਨਵਰੀ 1922 ਨੂੰ ਅਕਾਲ ਚਲਾਣਾ ਕਰ ਗਏ।

ਇਹਨਾਂ ਸਾਰੇ ਪ੍ਰਮੁੱਖ ਸੱਜਣਾਂ ਨੇ ਸਿੱਖ ਧਰਮ, ਤੇ ਸਿੱਖ ਕੌਮ ਨੂੰ ਠੀਕ ਮਾਰਗ ਤੇ ਲਿਆਉਣ ਵਿਚ ਬਹੁਤ ਵੱਡੀ ਭੂਮਿਕਾ ਨਿਭਾਈ। ਖਾਲਸਾ ਰਾਜ ਦੇ ਡੁੱਬਣ ਤੇ ਮੁਰਝਾਏ ਹੋਏ, ਅੰਗਰੇਜ਼ ਦੀ ਗੁਲਾਮੀ ਦੇ ਦਬਾਏ ਹੋਏ, ਸੁਘੜ ਸਿਆਣੇ ਗੁਰਸਿੱਖਾਂ ਨੇ ਸਿੰਘ ਸਭਾ ਦੇ ਰੂਪ ਵਿਚ ਮੁੜ ਖ਼ਾਲਸੇ ਨੂੰ ਜਥੇਬੰਦ ਤੇ ਵਿੱਦਿਆ 'ਚ ਪ੍ਰਬੀਨਤਾ, ਧਰਮ ਅਤੇ ਸਿਆਸਤ ਨੂੰ ਇਕੱਠੇ ਰੱਖ ਕੇ ਮੁੜ ਸਿੱਖੀ ਨੂੰ ਸੁਰਜੀਤ ਕੀਤਾ। ਸਿੱਖ ਧਰਮ ਨੂੰ ਹਿੰਦੂ ਧਰਮ ਦੇ ਚੁੰਗਲ ਵਿਚੋਂ ਕੱਢ ਕੇ ਨਿਰੋਲ ਗੁਰਮਤਿ ਦਾ ਪ੍ਰਚਾਰ ਕੀਤਾ। ਇਹ ਸਾਰੇ ਸੁਧਾਰਕ ਖਿਆਲਾਂ ਦੇ ਵਿਦਵਾਨ ਸਨ। ਪ੍ਰੋ.

ਗੁਰਮੁਖ ਸਿੰਘ ਗਿਆਨੀ, ਦਿੱਤ ਸਿੰਘ, ਭਾਈ ਵੀਰ ਸਿੰਘ, ਭਾਈ ਮੋਹਨ ਸਿੰਘ ਵੈਦ ਆਦਿ ਨੇ ਟ੍ਰੈਕਟ ਸੁਸਾਇਟੀਆਂ ਦੀ ਸਥਾਪਨਾ ਕੀਤੀ ਅਤੇ ਟ੍ਰੈਕਟ ਲਿਖੇ, ਛਪਵਾਏ ਤੇ ਵੰਡੇ। ਇਹਨਾਂ ਪ੍ਰਮੁੱਖ ਸੱਜਣਾ ਨੇ ਛਾਪੇਖਾਨੇ ਸਥਾਪਿਤ ਕੀਤੇ, ਅਖ਼ਬਾਰ, ਰਸਾਲੇ, ਪੈਂਫਲਿਟ, ਇਸ਼ਤਿਹਾਰ ਜ਼ਮੀਮੇ, ਕਿਤਾਬਚੇ ਪੁਸਤਕਾਂ ਆਦਿ ਦਾ ਪ੍ਰਕਾਸ਼ਨ ਕਰਕੇ, ਸਿੱਖ ਸਮਾਜ ਨੂੰ ਆਪਣੇ ਵਿਰਸੇ ਨਾਲ ਜੋੜਿਆ। ਗਿਆਨੀ ਦਿੱਤ ਸਿੰਘ ਦੇ ਜੀਵਨ, ਉਹਨਾਂ ਦੀ ਪੰਜਾਬੀ ਸਾਹਿਤ ਨੂੰ ਅਤੇ ਸਿੱਖ ਸਮਾਜ ਨੂੰ ਦੇਣ ਨੂੰ ਉਪਰੋਕਤ ਵਿਅਕਤੀਆਂ ਦੇ ਜੀਵਨ ਸੰਦਰਭ ਅਤੇ ਵਿਭਿੰਨ ਸਾਮਾਜਿਕ ਅਤੇ ਧਾਰਮਿਕ ਲਹਿਰਾਂ ਦੇ ਸੰਦਰਭ ਵਿਚ ਹੀ ਸਮਝਿਆ ਜਾ ਸਕਦਾ ਹੈ।

# ਹਵਾਲੇ ਅਤੇ ਟਿੱਪਣੀਆਂ

1. **ਸਿੱਖ ਵਿਚਾਰਧਾਰਾ**, ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 27
2. **ਗੁਰੂ ਗ੍ਰੰਥ ਸਾਹਿਬ**, ਪੰ. 1
3. ਅਗਮ ਅਗੋਚਰ ਤੇਰਾ ਅੰਤ ਨਾ ਪਾਇਆ, **ਗੁਰੂ ਗ੍ਰੰਥ ਸਾਹਿਬ**, ਪੰ. 918
4. ਸੋ ਅੰਤਰ ਸੋ ਬਾਹਰਿ ਅਨੰਤ, ਘਟਿ ਘਟਿ ਬਿਆਪ ਰਇਆ ਭਗਵੰਤ, **ਗੁਰੂ ਗ੍ਰੰਥ ਸਾਹਿਬ**, ਪੰ. 293
5. ਭੰਡ ਜੰਮੀਐ ਭੰਡ ਨਿੰਮੀਐ, ਭੰਡ ਮੰਗਣ ਵੀਆਹੁ॥, **ਗੁਰੂ ਗ੍ਰੰਥ ਸਾਹਿਬ**, ਪੰ.473
6. ਵਿਚ ਦੁਨੀਆਂ ਸੇਵ ਕਮਾਈਐ<br>ਤਾਂ ਦਰਗਹਿ ਬੈਸਣ ਪਾਈਐ। **ਗੁਰੂ ਗ੍ਰੰਥ ਸਾਹਿਬ**, ਪੰ. 26
7. ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚ ਬਾਣੀ ਅੰਮ੍ਰਿਤ ਸਾਰੇ, **ਗੁਰੂ ਗ੍ਰੰਥ ਸਾਹਿਬ**, ਪੰ. 982
8. ਡਾ. ਜਸਵਿੰਦਰ ਸਿੰਘ, ਡਾ. ਮਾਨ ਸਿੰਘ ਢੀਂਡਸਾ, **ਪੰਜਾਬੀ ਸਾਹਿਤ ਦਾ ਇਤਿਹਾਸ** (1901-1995), ਪੰ. 1-2
9. ਡਾ. ਅਤਰ ਸਿੰਘ, **ਕਾਵਿ ਅਧਿਐਨ**, ਪੰ. 17
10. ਗੁਰਚਰਨ ਸਿੰਘ ਅਰਸ਼ੀ, **ਕਾਵਿ ਸੁਰਾਂ** (ਆਦਿਕਾ),ਪੰ. 8
11. ਗੁਰਚਰਨ ਸਿੰਘ, **ਪੰਜਾਬ ਦਾ ਇਤਿਹਾਸ, ਪੰ**. 263
12. Prof. Mohan Singh Mann, **History of the Punjab**, p. 374
13. Ibid, p. 376
14. ਗੁਰਚਰਨ ਸਿੰਘ, **ਪੰਜਾਬ ਦਾ ਇਤਿਹਾਸ, ਪੰ**. 275
15. ਸ਼ਮਸ਼ੇਰ ਸਿੰਘ ਅਸ਼ੋਕ, **ਪੰਜਾਬ ਦੀਆਂ ਲਹਿਰਾਂ**, ਪੰ. 105-106
16. Prof. Mohan Singh Mann, **History of the Punjab**, p. 383

17. ਸ਼ਮਸ਼ੇਰ ਸਿੰਘ ਅਸ਼ੋਕ, **ਪੰਜਾਬ ਦੀਆਂ ਲਹਿਰਾਂ**, ਪੰ.9
18. Khushwant Singh, **A History of the Sikhs**, Vol. II, p. 123
19. Ibid, p. 124
20. Ibid, p. 126
21. Khushwant Singh, **A History of the Sikhs**, Vol. II, p. 127
22. ਪ੍ਰਿੰ. ਗੁਰਚਰਨ ਸਿੰਘ, **ਪੰਜਾਬ ਦਾ ਇਤਿਹਾਸ** (1799-1947), ਪੰ. 271-273
23. Dr. Ganda Singh, **The Singh Sahba and the other Socio-Religious Movement in the Punjab**, p. 252
24. ਸੁਦਰਸਨ ਸਿੰਘ, **ਪੰਜਾਬ ਦਾ ਇਤਿਹਾਸ** (1849-1947), ਪੰ. 71-72
25. ਉਹੀ, ਪੰ. 74
26. Ganda Singh, **The Singh Shaba and the Other Socio-religious Movement in the Punjab**, p. 258-262
27. ਡਾ. ਅਵਿਨਾਸ਼ ਚੰਦਰ ਅਰੋੜਾ ਦੁਆਰਾ ਉਦਰਹਿਤ, **ਪੰਜਾਬ ਦਾ ਇਤਿਹਾਸ**, ਪੰ. 273-274
28. Prof. M.S. Mann, **History of the Punjab**, p. 386
29. ਵਿਸਾਖਾ ਸਿੰਘ, **ਮਾਲਵਾ ਇਤਿਹਾਸ** (ਦੂਜੀ ਜਿਲਦ), ਪੰ. 209-210
30. Sangat Singh,**The Sikhs in History**, p. 134F142
31. Dr. Gopal Singh, **A History of the sikh People**, p. 602-625
32. Khushwant Singh, **A History of the Sikhs,Vol. II**, p. 136F146
33. Ibid, p. 138
34. ਕਰਤਾਰ ਸਿੰਘ ਸਰਹੱਦੀ, **ਸਿੰਘ ਸਭਾ ਦਾ ਸੁਨਿਹਰੀ ਤੇ ਪਰ-ਉਪਕਾਰੀ ਇਤਿਹਾਸ**, ਪੰ. 92-93
35. ਉਹੀ, ਪੰ. 97

36. Dr. N. G. Berrior, **The Sikhs and their Literarure**, Introduction, p. 19
37. Khushwant Singh, **A History of the Sikhs, Vol. II**, p. 142
38. ਜਗਜੀਤ ਸਿੰਘ, **ਸਿੰਘ ਸਭਾ ਲਹਿਰ**, ਪੰ.31
39. ਵਿਸਾਖਾ ਸਿੰਘ, **ਮਾਲਵਾ ਇਤਿਹਾਸ** (ਜਿਲਦ ਦੂਜੀ), ਪੰ. 212-213
40. ਸੁਦਰਸ਼ਨ ਸਿੰਘ, **ਪੰਜਾਬ ਦਾ ਇਤਿਹਾਸ (1849-1947)**, ਪੰ. 67
41. ਸੁਦਰਸ਼ਨ ਸਿੰਘ, **ਪੰਜਾਬ ਦਾ ਇਤਿਹਾਸ (1849-1947)**, ਪੰ. 68
42. ਕਰਤਾਰ ਸਿੰਘ ਸਰਹੱਦੀ, **ਸਿੰਘ ਸਭਾ ਲਹਿਰ ਦਾ ਸੁਨਹਿਰੀ ਤੇ ਮਹਾਨ ਪਰ-ਉਪਕਾਰੀ ਇਤਿਹਾਸ**, ਪੰ. 94-95
43. ਵਿਸਾਖਾ ਸਿੰਘ, **ਮਾਲਵਾ ਇਤਿਹਾਸ (ਜਿਲਦ ਦੂਜੀ)**, ਪੰ . 241
44. ਜਗਜੀਤ ਸਿੰਘ, **ਸਿੰਘ ਸਭਾ ਲਹਿਰ**, ਪੰ 76
45. Harbans Singh,**Encyclopaedia of Sikhism Vol. I**, p. 212-214

# ਅਧਿਆਇ ਦੂਜਾ

*

*

*

# ਗਿਆਨੀ ਦਿੱਤ ਸਿੰਘ ਦਾ ਜੀਵਨ

# ਦਰਪਣ ਅਤੇ ਵਿਅਕਤਿਤਵ

# ਗਿਆਨੀ ਦਿੱਤ ਸਿੰਘ ਦਾ ਜੀਵਨ ਦਰਪਣ ਅਤੇ ਵਿਅਕਤਿਤਵ

ਗਿਆਨੀ ਦਿੱਤ ਸਿੰਘ ਜੀ ਮਹਾਨ ਵਿਦਵਾਨ ਅਤੇ ਕਲਮ ਦੇ ਧਨੀ ਹੋਏ ਹਨ, ਜਿਨ੍ਹਾਂ ਨੇ ਖ਼ਾਲਸਾ ਪੰਥ ਅਤੇ ਸਿੱਖ ਕੌਮ ਦੀ ਅਦੁੱਤੀ ਸੇਵਾ ਕੀਤੀ ਹੈ। ਆਪ ਜੀ ਦਾ ਜਨਮ 21 ਅਪ੍ਰੈਲ 1852 ਈ. ਨੂੰ ਪਟਿਆਲਾ ਰਿਆਸਤ ਦੇ ਪਿੰਡ ਨੰਦਪੁਰ ਕਲੌੜ ਭਾਈ ਦੀਵਾਨ ਸਿੰਘ ਦੇ ਘਰ ਹੋਇਆ।[1] ਦੀਵਾਨ ਸਿੰਘ ਦਾ ਜੱਦੀ ਪਿੰਡ ਚਮਕੌਰ ਸਾਹਿਬ ਲਾਗੇ 'ਝੱਲੀਆਂ' ਸੀ ਪਰੰਤੂ ਉਹ ਆਪਣੇ ਸਹੁਰੇ ਕਲੌੜ ਵਿਖੇ ਪ੍ਰਵਾਸ ਕਰ ਗਏ ਸਨ।

ਭਾਈ ਦੀਵਾਨ ਸਿੰਘ ਕੱਪੜਾ ਬੁਣਨ ਦਾ ਕੰਮ ਕਰਦੇ ਸਨ ਅਤੇ ਅਖੌਤੀ ਛੂਤ ਰਾਮਦਾਸੀਆ ਜ਼ਾਤ ਨਾਲ ਸੰਬੰਧ ਰਖਦੇ ਸਨ। ਭਾਈ ਦੀਵਾਨ ਸਿੰਘ, ਪੰਜਾਬੀ ਚੰਗੀ ਪੜ੍ਹਨ ਲਿਖਣ ਦੇ ਮਾਹਿਰ ਸਨ ਅਤੇ ਧਾਰਮਿਕ ਗ੍ਰੰਥਾਂ ਦੇ ਚੰਗੇ ਗਿਆਨਵਾਨ ਸਨ।[2] ਗੁਰੂ ਦੀ ਸਿੱਖੀ ਦੇ ਪਰਚਾਰਕ ਵੀ ਸਨ ਅਤੇ ਉਹ ਗੁਲਾਬਦਾਸੀ ਮੱਤ ਦੇ ਧਾਰਨੀ ਸਨ, ਜਿਸ ਕਰਕੇ ਇਸ ਮੱਤ ਦੇ ਵਿਦਵਾਨ ਇਹਨਾਂ ਕੋਲ ਆਉਂਦੇ ਜਾਂਦੇ ਰਹਿੰਦੇ ਸਨ।

ਗਿਆਨੀ ਦਿੱਤ ਸਿੰਘ ਜੀ ਨੌਂ ਸਾਲ ਦੀ ਉਮਰ ਤੱਕ ਮਾਤਾ ਪਿਤਾ ਕੋਲ ਹੀ ਪੜ੍ਹਦੇ ਰਹੇ। ਫਿਰ ਭਾਈ ਦਿੱਤ ਸਿੰਘ ਜੀ ਦੇ ਪਿਤਾ ਜੀ, ਆਪ ਜੀ ਨੂੰ ਖਰੜ ਲਾਗੇ ਪਿੰਡ ਬਡਾਲੇ, ਸੰਤ ਭਾਗ ਸਿੰਘ ਕੋਲ ਪੜ੍ਹਾਉਣ ਲਈ ਛੱਡ ਆਏ। ਸੰਤ ਭਾਗ ਸਿੰਘ ਜੀ ਵੀ ਭਾਈ ਦੀਵਾਨ ਸਿੰਘ ਦੀ ਤਰ੍ਹਾਂ ਧਰਮ ਦਾ ਪਰਚਾਰ ਕਰਦੇ ਸਨ। ਇਸ ਲਈ ਉਹਨਾਂ ਨੂੰ ਵੀ ਬਾਹਰ ਪਰਚਾਰ ਲਈ ਜਾਣਾ ਪੈਂਦਾ ਸੀ। ਇਸ ਲਈ ਇਹ ਵੀ ਦਿੱਤ ਸਿੰਘ ਨੂੰ ਪੜ੍ਹਾਉਣਾ ਮੁਸ਼ਕਿਲ ਸਮਝ ਕੇ, ਅੱਗੇ ਪਿੰਡ ਤਿਊੜ, ਜ਼ਿਲ੍ਹਾ ਰੋਪੜ ਵਿਚ ਸੰਤ ਬਾਬਾ ਕੌਲ ਦਾਸ ਕੋਲ ਛੱਡ ਆਏ।[3] ਇਥੇ ਭਾਈ ਦਿੱਤ ਸਿੰਘ ਜੀ ਨੇ 10-11 ਸਾਲ ਵਿੱਦਿਆ ਪ੍ਰਾਪਤ ਕੀਤੀ। ਸੰਤ ਕੌਲ ਦਾਸ ਨੇ ਖਰੜ ਦੇ

ਇਕ ਮੌਲਵੀ ਪਾਸੋਂ ਅਰਬੀ ਦੀ ਪੜ੍ਹਾਈ ਕਰਵਾਈ ਤੇ ਇਕ ਪੰਡਿਤ ਕੋਲੋਂ ਸੰਸਕ੍ਰਿਤ ਦੀ ਵਿੱਦਿਆ ਵੀ ਪ੍ਰਾਪਤ ਕਰਵਾਈ। ਗਿਆਨੀ ਗੁਰਦਿੱਤ ਸਿੰਘ ਅਨੁਸਾਰ ਭਾਈ ਸਾਹਿਬ ਦੇ ਜੀਵਨ ਨਾਲ ਹੇਠ ਲਿਖੀ ਤਿਥਾਵਲੀ ਉਨ੍ਹਾਂ ਬਾਰੇ ਲਿਖੀਆਂ ਪੁਸਤਕਾਂ ਦਾ ਸਾਰ ਰੂਪ ਕਹੀ ਜਾ ਸਕਦੀ ਹੈ

1. "ਭਾਈ ਸਾਹਿਬ ਦੇ ਪਿਤਾ ਦੀਵਾਨ ਸਿੰਘ ਸਨ, ਉਨ੍ਹਾਂ ਦਾ ਪਿਤਰੀ ਪਿੰਡ ਝੱਲੀਆਂ (ਰੋਪੜ ਤਹਿਸੀਲ) ਸੀ। ਸੰਤ ਦੀਵਾਨ ਸਿੰਘ ਨੰਦਪੁਰ ਕਲੌੜ ਦੇ ਵਾਸੀ ਬਣੇ ਜਿੱਥੇ ਭਾਈ ਦਿੱਤ ਸਿੰਘ ਦਾ ਜਨਮ 1850 ਵਿਚ ਮਾਤਾ ਰਾਮ ਕੌਰ ਦੀ ਕੁੱਖੋਂ ਹੋਇਆ। ਨਾਮ ਰੱਖਿਆ ਦਿੱਤ ਰਾਮ। ਕੁਝ ਦੇ ਕਹਿਣ ਮੁਤਾਬਕ ਰਾਮ ਦਿੱਤਾ।"
2. "ਪਿਤਾ ਦੀਵਾਨ ਸਿੰਘ ਤੇ ਗੁਲਾਬ ਦਾਸ ਦਾ ਪ੍ਰਭਾਵ ਸੀ, ਜਿਸਨੇ ਉਨ੍ਹਾਂ ਸਮਿਆਂ ਵਿਚ ਰਸਮ ਰੀਤਾਂ, ਭੂਤ ਪ੍ਰੇਤਾਂ ਦੇ ਭਰਮ ਜਾਲ, ਮਜ਼ਹਬੀ ਰੀਤੀ ਰਿਵਾਜ਼ਾਂ ਨੂੰ ਆਤਮਾ ਦੇ ਸੁਤੰਤਰ ਹੋਣ ਦੇ ਰਾਹ ਵਿਚ ਅੜਿੱਕੇ ਸਮਝ ਕੇ ਤਿਆਗ ਦੇਣ ਦਾ ਪ੍ਰਚਾਰ ਆਰੰਭਿਆ ਹੋਇਆ ਸੀ। ਦਿੱਤ ਰਾਮ ਜਮਾਂਦਰੂ ਹੀ ਅਭੈ ਸੀ, ਛੋਟੀ ਉਮਰੇ ਹੀ ਇਹ ਪਿੰਡ ਤਿਊੜ (ਨਜ਼ਦੀਕ ਖਰੜ) ਦੇ ਅਭੈਪੁਰ ਪਿੰਡ ਦੀਆਂ ਮੜ੍ਹੀਆਂ ਵਿਚ ਸਾਧੂ ਬਾਣਾ ਧਾਰ ਕੇ ਡੇਰਾ ਬਣਾ ਬੈਠਾ।"
3. ਦੂਜਾ ਮੱਤ ਹੈ, ਛੋਟੇ ਹੁੰਦੇ ਸਾਧੂ ਚੰਬਾ ਦਾਸ ਦੇ ਮਸ਼ਹੂਰ ਡੇਰੇ ਆ ਕੇ ਰਹਿਣ ਲੱਗੇ। ਖਰੜ ਦੇ ਆਸ ਪਾਸ ਪਿੰਡ ਪਭਾਤ, ਬਲੌਂਲਪੁਰ, ਮੁੰਧੋ, ਚਨਾਲੋਂ ਉਨ੍ਹਾਂ ਨਾਲ ਜਾਂਦੇ ਆਉਂਦੇ ਰਹੇ ਪਿੰਡ ਤਿਊੜ ਆ ਕੇ ਟਿਕੇ। ਚੰਬਾ ਦਾਸ ਨੇ ਗ੍ਰਹਿਸਤ ਧਾਰਨ ਕੀਤਾ। ਉਸ ਦੇ ਘਰ ਕੌਲ ਦਾਸ ਦਾ ਜਨਮ ਹੋਇਆ। ਕੌਲ ਦਾਸ ਪਿਤਾ ਦੀ ਰੀਝ ਪੂਰੀ ਕਰਨ ਵਾਸਤੇ ਵਿਦਵਾਨ ਬਣਨ ਲਈ ਹਰਿਦੁਆਰ ਤੋਂ ਕਾਸ਼ੀ ਪੁਜਿਆ, ਵਿੱਦਿਆ ਪੜ੍ਹੀ। ਪਿਤਾ ਦੇ ਚਲਾਣੇ ਦੀ ਖ਼ਬਰ ਮਿਲੀ, ਵਾਪਸ ਪਿੰਡ ਤਿਊੜ ਆ ਗਿਆ। ਏਥੇ ਸੰਤ ਗੁਰਬਖਸ਼

ਸਿੰਘ (ਚੱਕਰਵਰਤੀ) ਵੀ ਆ ਟਿਕੇ। ਗਿਆਨੀ ਜੀ ਨੇ ਦੋਹਾਂ ਤੋਂ ਵਿੱਦਿਆ ਪੜ੍ਹਨੀ ਆਰੰਭੀ।[4]

ਇਸ ਉਪਰੰਤ ਸੰਤ ਕੌਲਦਾਸ ਜੀ ਭਾਈ ਦਿੱਤ ਸਿੰਘ ਜੀ ਨੂੰ ਇਕ ਚੰਗਾ ਉੱਨਤੀ ਤੇ ਤਰੱਕੀ ਕਰਨ ਵਾਲਾ ਬੌਧਿਕ ਬਾਲਕ ਦੇਖ ਕੇ ਸ੍ਰੀ ਅੰਮ੍ਰਿਤਸਰ ਤੋਂ ਅੱਗੇ ਚੱਠਿਆਂ ਵਾਲੇ ਸੰਤ ਦੇਸਾ ਸਿੰਘ ਕੋਲ ਛੱਡ ਆਏ। ਬਾਲਕ ਗਿਆਨੀ ਦਿੱਤ ਸਿੰਘ ਉੱਥੇ ਰਹਿ ਕੇ ਬਹੁਤ ਸਾਰੇ ਗ੍ਰੰਥਾਂ ਵਿਚ ਚੰਗੇ ਵਿਦਵਾਨ ਦੇ ਤੌਰ ਤੇ ਜਾਣਿਆ ਜਾਣ ਲੱਗਾ। ਆਪਣੀ ਇਸ ਰੁਚੀ ਸੰਬੰਧੀ ਭਾਈ ਦਿੱਤ ਸਿੰਘ ਜੀ ਖ਼ੁਦ ਲਿਖਦੇ ਹਨ:

> ਮੈਂ ਅੱਠ ਨੌਂ ਸਾਲ ਦੀ ਉਮਰ ਵਿਚ ਹੀ ਆਪਣੇ ਪਿਤਾ ਜੀ ਪਾਸੋਂ ਜੁਦਾ ਹੋ ਕੇ ਉਪਦੇਸ਼ ਕਰਨ ਲਗਾ, ਪਰ ਜਿਸ ਨਗਰ ਜਾਂਦਾ ਉਥੇ ਹੀ ਮੜ੍ਹੀ-ਮਸਾਣੀ, ਭੈਰੋਂ, ਦੇਵੀ ਦੇਵਤੇ ਪੂਜਨੋ ਲੋਕਾਂ ਨੂੰ ਹਟਾ ਦੇਣ ਦਾ ਉਪਦੇਸ਼ ਕਰਦਾ ਹੁੰਦਾ ਸਾਂ। ਇਸ ਦੇ ਨਾਲ ਹੀ, ਜਿਥੇ ਕੋਈ ਗੁਣੀ ਪੰਡਤ ਜਾਂ ਸਾਧੂ ਦੇਖਦਾ ਉਸ ਦੇ ਪਾਸ ਕੁਛ ਮਹੀਨੇ ਰਹਿ ਕੇ ਵਿੱਦਿਯਾ ਪੜ੍ਹਦਾ ਜਿਸ ਪਰ ਸ਼ਾਸਤ੍ਰਾਰਥ ਕਰਨ ਦਾ ਮੈਨੂੰ ਅੱਛਾ ਢੰਗ ਆ ਗਿਆ ਸੀ ਅਤੇ ਵੱਡੇ ਵੱਡੇ ਪ੍ਰਸਿਧ ਪੰਡਤਾਂ ਅਤੇ ਸਾਧੂਆਂ ਨਾਲ ਕਈ ਕਈ ਦਿਨ ਧਰਮ ਦੇ ਵਿਸ਼ਯ ਪਰ ਵਿਚਾਰ ਕਰਦਾ ਰਹਿੰਦਾ ਸਾਂ, ਇਸ ਵਾਸਤੇ ਉਸ ਦੇਸ ਵਿਚ ਮੈਂ ਲੋਕਾਂ ਵਿਖੇ ਗਯਾਨੀ ਪ੍ਰਸਿਧ ਹੋ ਗਿਆ ਸਾ ਅਤੇ ਬਹੁਤ ਲੋਕ ਮੈਨੂੰ ਅਪਨੇ ਮਨੋ ਪਰਤਿਸ਼ਟਤ ਸਮਝਦੇ ਸਨ।[5]

ਗਿਆਨੀ ਦਿੱਤ ਸਿੰਘ ਜੀ ਨੇ ਆਪਣੀ ਜੀਵਨੀ ਲਿਖਣ ਦੀ ਪ੍ਰਤਿੱਗਿਆ ਕੀਤੀ ਪਰੰਤੂ, ਉਹਨਾਂ ਦੀ ਇਹ ਰੀਝ ਪੂਰੀ ਨਾ ਹੋ ਸਕੀ। ਕਿੰਨਾ ਚੰਗਾ ਹੁੰਦਾ, ਜੇਕਰ ਉਹ ਆਪ

ਆਪਣੀ ਜੀਵਨੀ ਲਿਖ ਜਾਂਦੇ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਉਹਨਾਂ ਦੇ ਜੀਵਨ-ਦਰਪਣ ਨੂੰ ਅਸੀਂ ਸ਼ਪਸ਼ਟ ਤੌਰ ਤੇ ਝਾਕ ਸਕਦੇ। ਗਿਆਨੀ ਜੀ ਆਪਣੇ ਆਰੰਭਕ ਜੀਵਨ ਬਾਰੇ, ਇਸ ਤਰ੍ਹਾਂ ਲਿਖਦੇ ਹਨ:

> ਇਸ ਬਾਤ ਨੂੰ ਹਰ ਇਕ ਪੁਰਖ ਜਾਣਦਾ ਹੈ ਕਿ ਮੇਰਾ ਜਨਮ ਸੰਤਾਂ ਦੇ ਘਰ ਹੋਇਆ ਸੀ। ਔਰ ਮੇਰੇ ਪਿਤਾ ਜੀ ਲੋਗਾਂ ਨੂੰ ਇਹੋ ਉਪਦੇਸ਼ ਕਰਦੇ ਸਨ ਜੋ ਅੱਜ ਕਲ ਮੈਂ ਕਰ ਰਿਹਾ ਹਾਂ। ਜਿਸ ਪ੍ਰਤਾਪ ਕਰਕੇ ਮੈਣ ਦੁਆਬਾ ਦੇ ਨਗਰ ਬੰਧਨਾਂ ਤੋਂ ਛੁਟ ਰਹੇ ਹਨ ਅਤੇ ਅੱਜ ਤਕ ਉਹ ਲੋਗ ਉਸੇ ਤਰ੍ਹਾਂ ਨਿਰਬੰਧ ਹਨ, ਪਰੰਤੂ ਇਹ ਸਾਰਾ ਹਾਲ ਕਦੇ ਆਪਣੇ ਜੀਵਨ ਬ੍ਰਿਤਾਂਤ ਵਿਚ ਲਿਖਾਂਗਾ। ਇਹ ਲੇਖ ਜੋ ਮੇਰੇ ਭਾਈਆਂ ਨੇ ਲਿਖਿਆ ਸੀ, ਇਤਨੀ ਬਾਤ ਜ਼ਰੂਰ ਦਸਦਾ ਹੈ ਕਿ ਨਗਰਾਂ ਦੇ ਨਗਰ ਮੈਨੂੰ ਪ੍ਰਤਿਸ਼ਟ ਜਾਣ ਕੇ ਇੱਜ਼ਤ ਕਰਦੇ ਹਨ।[6]

ਉਪਰੋਕਤ ਵਾਰਤਾ ਤੋਂ ਇਹ ਪਤਾ ਲਗਦਾ ਹੈ ਕਿ ਗਿਆਨੀ ਜੀ ਦਾ ਜਨਮ ਸੰਤਾਂ ਦੇ ਘਰ ਹੋਇਆ ਸੀ ਅਤੇ ਉਹਨਾਂ ਦੇ ਪ੍ਰਚਾਰ ਸਦਕਾ ਨਗਰਾਂ ਦੇ ਲੋਕ ਬੰਧਨਾਂ ਤੋਂ ਮੁਕਤੀ ਪਾ ਰਹੇ ਸਨ। ਜਿਸ ਦਾ ਭਾਵ ਹੈ ਕਿ ਗਿਆਨੀ ਜੀ ਇਕ ਪ੍ਰਭਾਵਸ਼ਾਲੀ ਪ੍ਰਚਾਰਕ ਸਨ ਅਤੇ ਉਦੋਂ ਤਕ (ਕੋਈ 16-17 ਸਾਲ ਦੀ ਉਮਰ ਤਕ) ਆਪ ਦੀ ਵਿਦਵਤਾ ਦੀਆਂ ਧੁੰਮਾਂ ਪੈ ਗਈਆਂ ਸਨ। ਚੱਠਿਆਂ ਵਾਲੇ ਸੰਤ ਦੇਸਾ ਸਿਘ ਦੇ ਸੰਪਰਕ 'ਚ ਆਉਣ ਬਾਰੇ ਗਿਆਨੀ ਜੀ ਖ਼ੁਦ ਲਿਖਦੇ ਹਨ:

> ਉਸ ਤੋਂ ਅੱਗੇ ਜਦ ਮੈਂ ਉਸ ਜਗਾ ਉਪਦੇਸ਼ ਕਰਦਾ ਅਤੇ ਲੋਗਾਂ ਦੇ ਬੰਦਨ ਤੋੜਦਾ ਹੋਇਆ ਚੱਠਿਆਂ ਵਾਲੇ ਡੇਰੇ ਜ਼ਿਲ੍ਹਾ ਲਾਹੌਰ ਵਿਚ ਆਇਆ ਤਦ ਮੈਂ ਸੰਤ ਦੇਸਾ ਸਿੰਘ ਜੀ ਪਾਸੋਂ, ਜੋ ਵੱਡੇ

> ਵਿਦਯਾਵਾਨ ਅਰ ਸ਼ੁਭ ਗੁਣਾਂ ਸੰਪੰਨ ਹਨ, ਕਈ ਪੁਸਤਕ ਪੜ੍ਹੇ ਅਰ ਉਹ ਸੰਤ ਰਾਇ ਬਹਾਦਰ ਰਾਇ ਹੇਤੂ ਰਾਮ ਸਾਹਿਬ ਸੀ.ਆਈ. ਈ. ਸਾਬਕ ਅਸਿਸਟੈਂਟ ਪੋਲੀਟੀਕਲ ਏਜੰਟ ਬਲੋਚਸਤਾਨ ਦੇ ਉਤਦੇਸ਼ਟਾ ਹਨ ਅਤੇ ਏਸੇ ਕਾਰਨ ਤੇ ਸ੍ਰੀ ਯੁਤ ਰਾਇ ਸਾਹਿਬ ਦਾ ਮੇਰੇ ਨਾਲ ਬਚਪਨ ਤੇ ਹੀ ਵੱਡਾ ਪ੍ਰੇਮ ਹੈ।[7]

ਚੱਠਿਆਂ ਵਾਲੇ ਦੇ ਸੰਤ ਦੇਸਾ ਸਿੰਘ ਦੀ ਸੰਗਤ ਨਾਲ ਆਪ ਸਾਦਾ ਜੀਵਨ ਬਤੀਤ ਕਰਦਿਆਂ ਤੇ ਤਿਆਗੀ ਲਿਬਾਸ ਧਾਰਨ ਕਰਕੇ ਗੁਲਾਬਦਾਸੀਏ ਸੰਪਰਦਾਇ ਦੇ ਬੁਲਾਰੇ ਅਤੇ ਪ੍ਰਚਾਰਕ ਬਣ ਗਏ। ਇਸ ਸਮੇਂ ਆਮ ਲੋਕਾਂ ਦੀ ਰਹਿਣੀ-ਬਹਿਣੀ ਵਿਚ ਅੰਧ ਵਿਸ਼ਵਾਸ ਦਾ ਬੋਲਬਾਲਾ ਸੀ। ਜਿਸ ਦਾ ਪਤਾ ਗਿਆਨੀ ਜੀ ਦੀ ਲਿਖਤ ਵਾਰਤਾ ਤੋਂ ਲਗਦਾ ਹੈ:

> ਉਸ ਵੇਲੇ ਭੀ ਮੈਂ ਚੁੱਪ ਨਹੀਂ ਕੀਤਾ ਸਾ ਕਿੰਤੂ ਮਾਝੇ ਦੇ ਵਿਚ ਜੋ ਇਕ ਸੂਰਬੀਰ ਅਤੇ ਬਹਾਦਰ ਦੇਸ ਹੈ ਉਪਦੇਸ ਕਰਨੇ ਲਗਯਾ ਜਿਸ ਤੇ ਨਗਰਾਂ ਦੇ ਨਗਰ ਭਰਮ ਵਿਚੋਂ ਨਿਕਲ ਗਏ ਅਰ ਅੱਜ ਤਕ ਮਾਝੇ ਵਿਚ ਸਖੀ ਸਰਵਰ ਦਾ ਕੋਈ ਦੇਵਤਾ ਜ਼ੋਰ ਨਹੀਂ ਪਾ ਸਕਦਾ, ਕਿਉਂਕਿ ਜਿਸ ਤਰ੍ਹਾਂ ਤੇਲ ਨਾਲ ਭਿਗੇ ਹੋਏ ਕਾਗਤ ਨੂੰ ਪਾਣੀ ਨਹੀਂ ਪੋਹਿੰਦਾ ਇਸੀ ਤਰ੍ਹਾਂ ਨਿਸ ਭਰਮ ਹੋਏ ਪੁਰਖਾਂ ਨੂੰ ਅਗਯਾਨ ਦੇ ਬੰਧਨ ਨਹੀਂ ਪੋਹਿੰਦੇ ਅਰ ਮੈਂ ਉਨ੍ਹਾਂ ਦਿਨਾਂ ਵਿਖੇ ਸਰਾਧ ਤੇ ਮੜ੍ਹੀ ਮਸਾਣੀ ਆਦਿਕ ਦਾ ਬੂਟਾ ਪੁਟਦਾ ਹੁੰਦਾ ਸਾਂ ਜਿਸ ਤੇ ਨਗਰਾ ਦੇ ਨਗਰ ਮੈਨੂੰ ਪ੍ਰੇਮ ਕਰਦੇ ਸਨ।[8]

ਉਪਰੋਕਤ ਵਿਵੇਚਨ ਤੋਂ ਇਹ ਤਾਂ ਸਪਸ਼ਟ ਹੋ ਗਿਆ ਹੈ ਕਿ ਅੰਮ੍ਰਿਤਸਰ ਤੋਂ ਅੱਗੇ ਚੱਠਿਆਂ ਵਾਲੇ ਸੰਤਾਂ (ਸੰਤ ਦੇਸਾ ਸਿੰਘ) ਕੋਲ ਰਹਿੰਦਿਆਂ, ਗਿਆਨੀ ਦਿੱਤ ਸਿੰਘ ਆਪਣੇ

ਵਿਸ਼ਾਲ ਅਧਿਐਨ ਕਾਰਨ ਅਤੇ ਤਰਕਪੂਰਨ ਬਹਿਸਦਾਇਕ ਪ੍ਰਚਾਰਕ ਰੁਚੀ ਕਾਰਨ ਇਕ ਚੰਗੇ ਵਿਦਵਾਨ ਦੇ ਤੌਰ ਤੇ ਪ੍ਰਸਿੱਧ ਹੋ ਗਏ ਸਨ।

ਇਸੇ ਸਮੇਂ ਪੰਜਾਬ ਵਿਚ ਈਸਾਈ ਧਰਮ ਦਾ ਪ੍ਰਚਾਰ ਪੂਰੇ ਜ਼ੋਰਾਂ 'ਤੇ ਸੀ। ਅੰਗਰੇਜ਼ੀ ਰਾਜ ਕਾਰਨ ਈਸਾਈ ਪਾਦਰੀਆਂ ਨੇ ਆਪਣੇ ਧਰਮ ਦੇ ਪ੍ਰਚਾਰ ਲਈ ਅਨੇਕਾਂ ਸ਼ਹਿਰਾਂ ਵਿਚ ਆਪਣੇ ਮਿਸ਼ਨ ਖੋਲ੍ਹ ਲਏ ਸਨ। ਭਾਰਤ ਵਿਚ ਵੀ ਭਾਵੇਂ ਅੰਗਰੇਜ਼ਾਂ ਨੇ ਈਸਾਈ ਮਤ ਦਾ ਪ੍ਰਚਾਰ ਵੱਡੇ ਪੈਮਾਨੇ ਤੇ ਕੀਤਾ ਸੀ, ਪਰ ਪੰਜਾਬ ਵਿਚ ਵੀ ਉਹਨਾਂ ਨੇ ਇਸ ਪ੍ਰਚਾਰ ਵਿਚ ਵਿਸ਼ੇਸ਼ ਦਿਲਚਸਪੀ ਵਿਖਾਈ। ਪੰਜਾਬੀਆਂ ਦੀ ਇਕੋ ਇਕ ਆਸ ਮਹਾਰਾਜਾ ਰਣਜੀਤ ਸਿੰਘ ਦੇ ਸ਼ਹਿਜ਼ਾਦੇ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ ਈਸਾਈ ਬਣਾ ਕੇ ਇੰਗਲੈਂਡ ਲੈ ਗਏ ਸਨ। ਈਸਾਈ ਧਰਮ ਦੇ ਵਧਦੇ ਪ੍ਰਚਾਰ ਦਾ ਟਾਕਰਾ ਕਰਨ ਲਈ ਪੰਜਾਬ ਵਿਚ ਸਿੰਘ ਸਭਾ ਲਹਿਰ, ਆਰੀਆ ਸਮਾਜ ਲਹਿਰ ਅਤੇ ਅੰਜੁਮਨ ਇਸਲਾਮ ਆਦਿ ਲਹਿਰਾਂ ਹੋਂਦ ਵਿਚ ਆਈਆਂ।

ਉਪਰੋਕਤ ਦੇ ਸੰਦਰਭ ਵਿਚ ਗਿਆਨੀ ਦਿੱਤ ਸਿੰਘ ਜੀ ਦੇ ਯੋਗਦਾਨ ਬਾਰੇ ਅਗਲੇ ਪੰਨਿਆ ਵਿਚ ਵਿਚਾਰ ਕਰਾਂਗੇ।

**ਗਿਆਨੀ ਦਿੱਤ ਸਿੰਘ 'ਤੇ ਗੁਰਮਤਿ ਦਾ ਪ੍ਰਭਾਵ:**

ਉਪਰੋਕਤ ਅਧਿਐਨ ਤੋਂ ਅਸੀਂ ਇਹ ਭਲੀਭਾਂਤ ਜਾਣ ਲਿਆ ਹੈ ਕਿ ਗਿਆਨੀ ਦਿੱਤ ਸਿੰਘ ਇਕ ਬਹੁਤ ਹੀ ਸੂਝਵਾਨ, ਤਰਕਵਾਦੀ ਅਤੇ ਪ੍ਰਭਾਵਸ਼ਾਲੀ ਹਰਮਨ ਪਿਆਰੇ ਪ੍ਰਚਾਰਕ ਦੇ ਤੌਰ 'ਤੇ ਜਾਣੇ ਜਾਣ ਲਗ ਪਏ ਸਨ। ਕੋਈ ਵੀ ਸੂਝਵਾਨ ਇਨਸਾਨ ਗ਼ਲਤ ਨੂੰ ਗ਼ਲਤ ਕਹਿਣ ਦਾ ਮਾਦਾ ਰੱਖਦਾ ਹੈ। ਗਿਆਨੀ ਦਿੱਤ ਸਿੰਘ ਜੀ ਤੇ ਗੁਰਮਤਿ ਦਾ ਪ੍ਰਭਾਵ ਕਿਵੇਂ ਪਿਆ ਇਸ ਗੱਲ ਨੂੰ ਉਹਨਾਂ ਦੀ ਲਿਆਕਤ ਅਤੇ ਸੂਝਵਾਨਤਾ ਦੇ ਆਧਾਰ 'ਤੇ ਭਲੀ ਪ੍ਰਕਾਰ ਜਾਣਿਆ ਜਾ ਸਕਦਾ ਹੈ।

ਸ਼ੁਰੂ ਵਿਚ ਆਰੀਆ ਸਮਾਜ ਲਹਿਰ ਦੇ ਚਲਾਉਣ ਵਿਚ ਸਿੱਖਾਂ ਦਾ ਵੀ ਵੱਡਮੁੱਲਾ ਯੋਗਦਾਨ ਸੀ। ਆਰੀਆ ਸਮਾਜ ਦੇ ਹਰ ਸਮਾਗਮ ਵਿਚ ਪਹਿਲਾਂ ਗੁਰੂ ਬਾਣੀ ਦੇ ਸਾਧਨਾਂ ਦਾ ਗਾਇਨ ਹੁੰਦਾ ਸੀ:

> ਸੁਆਮੀ ਸ਼ਰਧਾਨੰਦ ਜੀ ਨੇ ਆਪਣੀ ਜੀਵਨੀ ਵਿਚ ਲਿਖਿਆ ਹੈ, ਜਿਸ ਦਿਨ ਉਨਾਂ ਆਰੀਆ ਸਮਾਜ ਵਿਚ ਪ੍ਰਵੇਸ ਕੀਤਾ, ਅਤੇ ਸਮਾਜ ਵਿਚ ਗਏ, ਰਬਾਬੀ ਭੈਰਵੀ ਵਿਚ ਇਹ ਸ਼ਬਦ ਗਾਇਨ ਕਰ ਰਹੇ ਸੀ:
>
> "ਉਤਰ ਗਿਆ ਮੇਰੇ ਮਨ ਕਾ ਸੰਸਾ ਜਬ ਤੇਰਾ ਦਰਸ਼ਨ ਪਾਇਆ।[9]

ਸਿੱਖਾਂ ਦੇ ਆਰੀਆ ਸਮਾਜ ਵਿਚ ਯੋਗਦਾਨ ਦਾ ਇਕ ਕਾਰਨ ਇਹ ਵੀ ਸੀ ਕਿ ਆਰੰਭ ਵਿਚ ਆਰੀਆ ਸਮਾਜੀਆਂ ਨੇ ਸਿੱਖ ਧਰਮ ਵਿਰੁੱਧ ਫ਼ਿਰਕੂ ਪ੍ਰਚਾਰ ਨੂੰ ਅਜੇ ਨਹੀਂ ਸੀ ਆਰੰਭਿਆ। ਗਿਆਨੀ ਦਿੱਤ ਸਿੰਘ ਜੀ ਨੇ ਵੀ ਪਹਿਲਾਂ ਪਹਿਲ ਆਰੀਆ ਸਮਾਜੀਆਂ ਦਾ ਪ੍ਰਭਾਵ ਕਬੂਲ ਕਰਕੇ ਉਹਨਾਂ ਦਾ ਪੈਰੋਕਾਰ ਬਣਨਾ ਕਬੂਲ ਕਰ ਲਿਆ ਸੀ। ਨਰਿੰਦਰ ਸਿੰਘ ਕਪੂਰ ਅਨੁਸਾਰ:

> ਲਾਹੌਰ ਵਿਚ ਆਰੀਆ ਸਮਾਜ ਦੇ ਪਹਿਲੇ ਸਕੱਤਰ ਇਕ ਸਿੱਖ, ਭਾਈ ਜਵਾਹਰ ਸਿੰਘ ਬਣੇ। ਗਿਆਨੀ ਦਿੱਤ ਸਿੰਘ ਭਾਈ ਜਵਾਹਰ ਸਿੰਘ ਨੂੰ ਆਪਣਾ ਗੁਰਭਾਈ ਮੰਨਦੇ ਸਨ ਅਤੇ ਉਹਨਾਂ ਰਾਹੀਂ ਹੀ ਗਿਆਨੀ ਦਿੱਤ ਸਿੰਘ ਦੀ ਸਵਾਮੀ ਦਯਾ ਨੰਦ ਨਾਲ ਮੁਲਾਕਾਤ ਹੋਈ।[10]

ਸਵਾਮੀ ਦਯਾ ਨੰਦ ਨੇ ਹੀ ਗਿਆਨੀ ਦਿੱਤ ਸਿੰਘ ਨੂੰ ਆਰੀਆ ਸਮਾਜ ਦਾ ਪ੍ਰਚਾਰ ਕਰਨ ਲਈ ਪ੍ਰੇਰ ਲਿਆ ਸੀ, ਪਰੰਤੂ ਜਦੋਂ ਸਵਾਮੀ ਦਯਾ ਨੰਦ ਨੇ ਸਿੱਖ ਧਰਮ ਵਿਰੁੱਧ

'ਸਤਿਆਰਥ ਪ੍ਰਕਾਸ਼' ਵਿਚ ਅਪਮਾਨਜਨਕ ਸ਼ਬਦ ਲਿਖੇ ਅਤੇ 25 ਨਵੰਬਰ, 1888 ਨੂੰ ਲਾਹੌਰ ਵਿਖੇ ਆਰੀਆ ਸਮਾਜ ਦੇ ਗਿਆਰਵੇਂ ਇਜਲਾਸ ਵਿਚ ਗੁਰੂਦੱਤ ਐਪਾਏ ਜੋ ਆਰੀਆ ਸਮਾਜ ਦਾ ਉਸ ਸਮੇਂ ਦਾ ਮੁੱਖ ਬੁਲਾਰਾ ਸੀ, ਨੇ ਖਾਸ ਤੌਰ 'ਤੇ ਅਤੇ ਲਾਲਾ ਮੁਰਲੀਧਰ, ਜਲਸੇ ਵਿਚ ਸਿੱਖ ਗੁਰੂ ਸਾਹਿਬਾਨ ਦੇ ਵਿਰੋਧ ਵਿਚ ਬੋਲੇ ਤਾਂ ਇਸਦੇ ਵਿਰੋਧ ਵਿਚ ਭਾਈ ਦਿੱਤ ਸਿੰਘ ਅਤੇ ਭਾਈ ਜਵਾਹਰ ਸਿੰਘ ਹੋਰਨਾਂ ਸਿੱਖਾਂ ਸਮੇਤ ਜਲਸੇ ਵਿਚੋਂ ਉੱਠ ਕੇ ਬਾਹਰ ਆ ਗਏ।[11]

ਲਾਹੌਰ ਰਹਿੰਦਿਆਂ ਇਕ ਦਿਨ ਅਚਾਨਕ ਹੀ ਗਿਆਨੀ ਦਿੱਤ ਸਿੰਘ ਦੀ ਮੁਲਾਕਾਤ, ਓਰੀਐਂਟਲ ਕਾਲਜ ਦੇ ਪੰਜਾਬੀ ਦੇ ਪ੍ਰੋਫੈਸਰ ਸਰਦਾਰ ਗੁਰਮੁੱਖ ਸਿੰਘ ਨਾਲ ਹੋ ਗਈ। ਪ੍ਰੋਫੈਸਰ ਗੁਰਮੁਖ ਸਿੰਘ ਸਿੱਖ ਧਰਮ ਵਿਚ ਪਹਿਲੇ ਸਮਾਜ ਸੁਧਾਰਕ ਸਨ ਅਤੇ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਸਨ। ਉਹਨਾਂ ਦੇ ਯਤਨਾਂ ਸਦਕਾ ਹੀ ਖ਼ਾਲਸਾ ਕਾਲਜ ਹੋਂਦ ਵਿਚ ਆਇਆ ਸੀ। ਪ੍ਰੋਫੈਸਰ ਗੁਰਮੁਖ ਸਿੰਘ ਦੀ ਮਿਲਣੀ ਨੇ ਗਿਆਨੀ ਦਿੱਤ ਸਿੰਘ ਦੇ ਜੀਵਨ ਵਿਚ ਵੱਡਾ ਮੋੜ ਲਿਆਂਦਾ। ਪ੍ਰੋਫੈਸਰ ਗੁਰਮੁਖ ਸਿੰਘ ਨੇ ਭਾਈ ਦਿੱਤ ਸਿੰਘ ਅੱਗੇ ਸਿੱਖ ਕੌਮ ਬਾਰੇ ਅਜਿਹੇ ਵਿਦਵਤਾ ਭਰਪੂਰ ਵਿਚਾਰ ਰੱਖੇ ਕਿ ਗਿਆਨੀ ਜੀ ਦੇ ਮਨ ਵਿਚ ਸਿੱਖ ਕੌਮ ਦੀ ਡੁੱਬਦੀ ਬੇੜੀ ਨੂੰ ਕੰਢੇ ਲਾਉਣ ਲਈ ਅਥਾਹ ਜੋਸ਼ ਠਾਠਾਂ ਮਾਰਨ ਲੱਗਾ। ਪ੍ਰੋਫੈਸਰ ਗੁਰਮੁਖ ਸਿੰਘ ਦੀ ਪ੍ਰੇਰਨਾ ਸਦਕਾ ਭਾਈ ਦਿੱਤ ਸਿੰਘ ਜੀ ਨੇ ਉਸ ਸਮੇਂ ਦੀ ਪੰਜਾਬੀ ਦੀ ਵੱਡੀ ਪ੍ਰੀਖਿਆ 'ਗਿਆਨੀ' ਪਾਸ ਕੀਤੀ ਅਤੇ ਓਰੀਐਂਟਲ ਕਾਲਜ ਵਿਖੇ ਹੀ ਪ੍ਰੋਫੈਸਰ ਲਗ ਗਏ। ਹੌਲੀ-ਹੌਲੀ ਉਹ ਪੂਰਨ ਗੁਰਸਿੱਖੀ ਵਿਚ ਆ ਗਏ ਅਤੇ ਗੁਰਮਤਿ ਫਿਲਾਸਫ਼ੀ ਦੀ ਵਿਆਖਿਆ ਕਰਨਾ ਆਪਣਾ ਜੀਵਨ ਆਦਰਸ਼ ਬਣਾ ਲਿਆ।

ਇਸ ਤਰ੍ਹਾਂ ਦਿੱਤ ਸਿੰਘ ਜੀ ਦੇ ਜੀਵਨ ਵਿਚ ਵੱਡਾ ਮੋੜ, ਸਾਧੂ ਦਯਾ ਨੰਦ ਦੁਆਰਾ ਆਰੀਆ ਸਮਾਜ ਲਹਿਰ ਚਲਾਉਣ ਵੇਲੇ ਸਿੱਖ ਧਰਮ ਵਿਚ ਵਰਤੇ ਗ਼ਲਤ ਸ਼ਬਦ ਅਤੇ ਉਸ ਵੇਲੇ ਦੇ ਲੋਕਾਂ ਨੂੰ ਅੰਧ ਵਿਸ਼ਵਾਸਾਂ ਵਿਚੋਂ ਕੱਢਣ ਹਿੱਤ, ਆਇਆ। ਇਸ ਗੱਲ ਦੀ ਗਵਾਹੀ

ਉਹਨਾਂ ਦੁਆਰਾ ਆਪਣੀ ਪ੍ਰਸਿੱਧ ਤੇ ਚਰਚਿਤ ਪੁਸਤਕ, 'ਪੰਡਤ ਦਯਾ ਨੰਦ ਨਾਲ ਮੇਰਾ ਸੰਵਾਦ' ਵਿਚ ਲਿਖੇ ਹੇਠਲੇ ਸ਼ਬਦਾਂ ਤੋਂ ਸਹਿਜੇ ਹੀ ਮਿਲ ਜਾਂਦੀ ਹੈ।

> ਪਿਆਰੇ ਦੇਸ ਵਾਸੀ ਸਜਨੋਂ ਮੈਂ ਇਸ ਪੁਸਤਕ ਦੇ ਕਥਨ ਵਿਚ ਕਦੇ ਵੀ ਪ੍ਰਵਿਰਤ ਨਾ ਹੁੰਦਾ ਜੇ ਮੈਂ ਜਾਨਦਾ ਕਿ ਇਸ ਦੇਸ ਦੇ ਲੋਗ ਜੈਸੀ ਵਸਤੂ ਨੂੰ ਓਸੀ ਕਹਨ ਦਾ ਮਾਦਾ ਰਖਦੇ ਹਨ; ਪ੍ਰੰਤੂ ਜਦ ਮੈਂ ਦੇਖਿਆ ਕਿ ਇਨ੍ਹਾਂ ਹਿੰਦੂ ਲੋਗਾਂ ਵਿਚ ਇਕ ਅਗਯਾਨ ਦੀ ਅੰਧੇਰੀ ਨਸਲ ਦਰ ਨਸਲ ਚਲੀ ਆਉਂਦੀ ਹੈ ਜੋ ਕਾਉਂ ਅਤੇ ਸੱਪਾਂ ਨੂੰ ਭੀ ਪਿਤ੍ਰ ਮਾਰ ਦੇਵਤੇ ਜਾਨਣ ਵਾਲੀ ਹੈ ਇਸੀ ਤੇ ਸੁਆਮੀ ਦਯਾ ਨੰਦ ਜੈਸੇ ਪੁਰਖ ਨੂੰ ਭੀ ਇਨ੍ਹਾਂ ਲੋਗਾਂ ਨੇ ਹੁਣ ਮਨੂ, ਬਸ਼ਿਸ਼ਟ, ਬਿਆਸ ਅਤੇ ਸ਼ੰਕਰ ਤੇ ਵਧਕੇ ਅਪਨਾ ਮਹਾਂ ਰਿਖੀ ਮੰਨਨਾ ਧਰਮ ਜਾਨ ਲੀਤਾ ਹੈ। ਇਸੀ ਤਰ੍ਹਾਂ ਉਸ ਦੇ ਲਿਖਨੇ ਅਨੁਸਾਰ ਗੁਰੂਆਂ ਨੂੰ ਭੀ ਦੰਭੀ ਜਾਨਕੇ ਉਸ ਨੂੰ ਉਪਕਾਰੀ ਧਰਮ ਪ੍ਰਚਾਰੀ ਆਖਨ ਲਗ ਗਏ ਹਨ, ਤਦ ਮੇਰੇ ਦਿਲ ਨੇ ਧੀਰਜ ਨਾ ਕੀਤੀ ਅਰ ਚਾਹਿਆ ਕਿ ਉਸਦਾ ਉਹ ਹਾਲ ਜੋ ਮੇਰੇ ਨਾਲ ਸ਼ਾਸਤ੍ਰਾਰਥ ਕਰਦੇ ਹੋਇਆ ਸਾ, ਪ੍ਰਗਟ ਕਰ ਦਿਆਂ।[12]

ਉਪਰੋਕਤ ਵਿਵੇਚਨ ਤੋਂ ਅਸੀਂ ਇਹ ਜਾਣ ਸਕਦੇ ਹਾਂ ਕਿ ਗਿਆਨੀ ਦਿੱਤ ਸਿੰਘ ਜੀ ਕਿਉਂ ਗੁਰਮਤਿ ਪ੍ਰਭਾਵ ਹੇਠ ਆਏ। ਪਹਿਲਾਂ ਉਹ ਗੁਲਾਬਦਾਸੀਏ ਮੱਤ ਵਿਚ ਆਏ ਜੋ ਇਕ ਨਵਾਂ ਪੈਦਾ ਹੋਇਆ ਮੱਤ ਸੀ। ਫਿਰ ਉਹ ਆਰੀਆ ਸਮਾਜ ਦੇ ਪ੍ਰਭਾਵ ਹੇਠ ਆਏ ਪਰੰਤੂ ਜੇਕਰ ਉਹ ਪ੍ਰਚੰਡ ਬੁੱਧ ਨਾ ਹੁੰਦੇ ਤਾਂ ਕਦੇ ਵੀ ਇਸ ਗੱਲ ਵਿਚੋਂ ਨਾ ਨਿਕਲਦੇ। ਉਹਨਾਂ ਦੀ ਆਤਮਾ ਵਿਚ ਸਿੱਖੀ-ਸੇਵਾ ਅਤੇ ਗੁਰਮਤਿ ਫਿਲਾਸਫ਼ੀ ਦੇ ਬੀਜ ਨਾ ਪੁੰਗਰਦੇ। ਸੁਧਾਰਵਾਦੀ ਤਾਂ ਉਹ

ਜਮਾਂਦਰੂ ਹੀ ਸਨ, ਵਿਚਾਰ ਤੇ ਤਰਕਪੂਰਣ ਹੋਣ ਕਰਕੇ ਉਦਾਰਵਾਦੀ ਵੀ ਬਣ ਗਏ, ਜਿਸ ਕਾਰਨ ਕਈ ਪ੍ਰਕਾਰ ਦੇ ਬੰਧਨਾਂ ਨੂੰ ਤੋੜਦੇ ਹੋਏ ਉਹ ਸਿੱਖੀ ਮੰਡਲ ਵਿਚ ਪੁੱਜੇ ਕਿਉਂਕਿ ਪ੍ਰਤਿਭਾਸ਼ੀਲ ਵਿਅਕਤੀ ਕਦੇ ਵੀ ਕਿਸੇ ਦੇ ਨਿਸ਼ਚਿਤ ਦਾਇਰੇ ਅੰਦਰ ਕੈਦ ਨਹੀਂ ਰਹਿੰਦੇ। ਉਨ੍ਹਾਂ ਦੇ ਖਿਆਲ ਉਹਨਾਂ ਨੂੰ ਹੋਰ ਉਭਰਨ ਲਈ ਟੁੰਬਦੇ ਰਹਿੰਦੇ ਹਨ। ਇਹਨਾਂ ਪ੍ਰਭਾਵਾਂ ਕਾਰਨ ਹੀ ਗਿਆਨੀ ਦਿੱਤ ਸਿੰਘ ਜੀ ਨੇ ਗੁਰਮਤਿ ਪ੍ਰਭਾਵ ਨੂੰ ਕਬੂਲ ਕੀਤਾ।

**ਗਿਆਨੀ ਦਿੱਤ ਸਿੰਘ ਜੀ ਦਾ ਧਾਰਮਿਕ ਲਹਿਰਾਂ ਵਿਚ ਯੋਗਦਾਨ**

ਗਿਆਨੀ ਦਿੱਤ ਸਿੰਘ ਜੀ ਦੁਆਰਾ ਰਚਿਤ ਸਾਹਿਤ ਤੋਂ ਪਤਾ ਲਗਦਾ ਹੈ ਕਿ ਉਹ ਸਾਮਾਜਿਕ ਕੁਰੀਤੀਆਂ ਦੇ ਮਹਾਨ ਸੁਧਾਰਕ ਸਨ। ਉਹਨਾਂ ਦੇ ਯੋਗਦਾਨ ਨੂੰ ਸਮਝਣ ਲਈ ਗਿਆਨੀ ਦਿੱਤ ਸਿੰਘ ਦੀ ਜੀਵਨ-ਫਿਲਾਸਫ਼ੀ ਨੂੰ ਸਮਝਣਾ ਵੀ ਜ਼ਰੂਰੀ ਹੈ। ਇਸ ਜੀਵਨ-ਫਿਲਾਸਫੀ ਨੂੰ ਉਸ ਸਮੇਂ ਦੇ ਇਤਿਹਾਸਕ ਪਿਛੋਕੜ ਵਿਚ ਰਖਦਿਆਂ ਹੋਇਆਂ ਸੰਖੇਪ ਵਿਚ ਵਿਚਾਰਨਾ ਮੁਨਾਸਬ ਹੋਵੇਗਾ।

ਗਿਆਨੀ ਦਿੱਤ ਸਿੰਘ ਜੀ ਦਾ ਜਨਮ ਉਦੋਂ ਹੋਇਆ ਜਦੋਂ ਆਪੋ-ਧਾਪੀ ਦਾ ਸ਼ਿਕਾਰ ਸਿੱਖ ਰਾਜ ਖ਼ਤਮ ਹੋ ਚੁੱਕਾ ਸੀ। ਅੰਗਰੇਜ਼, ਪੰਜਾਬ ਦੀ ਕਿਸਮਤ ਦੇ ਮਾਲਕ ਬਣ ਬੈਠੇ ਸਨ। ਅੱਠ ਸਦੀਆਂ ਤੋਂ ਲੁੱਟੀ ਜਾ ਰਹੀ, ਜਿਸ ਪੰਜਾਬ ਦੀ ਇੱਜ਼ਤ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਤਲਵਾਰ ਦੇ ਜ਼ੋਰ ਨਾਲ ਬਚਾਇਆ ਸੀ, ਉਸ ਪੰਜਾਬ ਦੀ ਇੱਜ਼ਤ ਤੇ ਅਣਖ ਮਿੱਟ ਗਈ ਸੀ। ਲਾਹੌਰ ਦੇ ਕਿਲੇ ਉਤੋਂ ਕੇਸਰੀ ਝੰਡਾ ਉਤਾਰ ਦਿੱਤਾ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਰਾਜ ਵੇਲੇ ਜਿੱਥੇ ਸਿੱਖਾਂ ਦੀ ਗਿਣਤੀ ਕਰੋੜਾਂ ਵਿਚ ਸੀ ਉੱਥੇ 1868 ਵਿਚ ਇਹ ਗਿਣਤੀ ਘਟ ਕੇ 11,41,848 ਰਹਿ ਗਈ ਸੀ। [13] ਅੰਗਰੇਜ਼ਾਂ ਦੀਆਂ ਕੋਝੀਆਂ ਚਾਲਾਂ ਕਾਰਨ, ਸਿੱਖੀ ਸਿੱਧਾਂਤਾਂ ਅਤੇ ਅਸੂਲਾਂ ਵਿਚ ਗਿਰਾਵਟ ਆ ਗਈ ਸੀ। ਪੰਜਾਬ ਵਿਚ ਈਸਾਈ ਮਿਸ਼ਨਰੀ ਆਪਣੇ ਧਰਮ ਦਾ ਪ੍ਰਚਾਰ ਜ਼ੋਰ ਸ਼ੋਰ ਨਾਲ ਕਰ ਰਹੇ ਸਨ। ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਣਾ ਕੇ ਇੰਗਲੈਂਡ ਲਿਜਾਇਆ ਜਾ ਚੁੱਕਾ ਸੀ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੇਦੀਆਂ,

ਸੋਢੀਆਂ ਭੱਲਿਆਂ ਆਦਿ ਨੇ ਗੱਦੀ ਸਜਾਉਣ ਅਤੇ ਮੱਥਾ ਟਿਕਾਉਣ ਦੀ ਕੁਰੀਤ ਪ੍ਰਚਲਿਤ ਕਰ ਦਿੱਤੀ ਸੀ। ਉਸ ਸਮੇਂ ਦੀ ਸਿੱਖ ਧਰਮ ਅਵਸਥਾ ਦੀ ਦਸ਼ਾ ਇਸ ਤਰ੍ਹਾਂ ਸੀ:

> ਸੰਨ 1850 -1880 ਤਕ ਸਿੱਖ ਮੱਤ ਅੰਦਰ ਬੇਦੀਆਂ, ਸੋਢੀਆਂ, ਭੱਲਿਆਂ, ਗੁਰੂਕਿਆਂ ਸਾਹਿਬਜਾਦਿਆਂ, ਲੋਕ ਗੁਰੂਆਂ, ਸਾਧਾਂ ਦੀਆਂ ਜਮਾਤਾਂ ਨੇ ਸਿੱਖ ਧਰਮ ਨੂੰ ਲੁੱਟ ਖਾਧਾ . . . ਤਖਤਾਂ, ਧਰਮਾਂ, ਬੁੰਗਿਆਂ, ਡੇਰਿਆਂ ਨੂੰ ਮਹੰਤਾਂ ਦਾ ਨਾਜਮ ਆਪਣੀ ਜੱਦੀ ਜਾਇਦਾਦ ਸਮਝਣ ਲੱਗਾ। ਕੁਰੀਤੀਆਂ ਪ੍ਰਚਲਤ ਹੋ ਗਈਆਂ ਅਤੇ ਸਿੱਖ ਵਿਚਾਰੇ ਅੰਧ ਕੂਪ ਵਿਚ ਰਾਹ ਭਾਲਣ ਲਈ ਟੱਕਰਾਂ ਪਏ ਮਾਰਦੇ ਫਿਰਨ।[14]

1872 ਈ. ਦੇ ਕੂਕਿਆਂ ਦੇ ਸਾਕੇ ਕਾਰਨ ਅੰਗਰੇਜ਼ ਸਰਕਾਰ ਸਿੱਖਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣ ਲੱਗ ਪਈ ਸੀ। ਅਜਿਹੀ ਡਾਵਾਂਡੋਲ ਸਥਿਤੀ ਵਿਚ ਸਿੱਖ ਧਰਮ ਅਤੇ ਸਿੱਖ ਕੌਮ ਵਿਚ ਪੁਨਰ ਜਾਗਰਤੀ ਲਿਆਉਣ ਦਾ ਖਿਆਲ ਕੇਵਲ ਦ੍ਰਿੜ੍ਹ ਇਰਾਦੇ, ਸੂਝਵਾਨ ਅਤੇ ਦੂਰ-ਦ੍ਰਿਸ਼ਟੀ ਵਾਲੇ ਆਦਰਸ਼ਵਾਦੀ ਮਨੁੱਖਾਂ ਨੂੰ ਹੀ ਆ ਸਕਦਾ ਹੈ। ਅਜਿਹੇ ਗਿਣਤੀ ਦੇ ਮਨੁੱਖਾਂ ਵਿਚੋਂ ਗਿਆਨੀ ਦਿੱਤ ਸਿੰਘ ਜੀ ਇਕ ਮਨ ਇਰਾਦੇ ਦੇ ਮਹਾਨ ਪ੍ਰਚਾਰਕ ਬਣੇ। ਸਮਕਾਲੀਨ ਧਾਰਮਿਕ ਲਹਿਰਾਂ ਵਿਚ ਇਹਨਾਂ ਦੇ ਯੋਗਦਾਨ ਦਾ ਅਧਿਐਨ ਕਰਨਾ ਹੀ ਸਾਡਾ ਮਕਸਦ ਹੈ।

ਪਿਛਲੇ ਪੰਨਿਆਂ ਵਿਚ ਅਸੀਂ ਵਿਚਾਰ ਆਏ ਹਾਂ ਕਿ ਗਿਆਨੀ ਦਿੱਤ ਸਿੰਘ ਜੀ ਬਹੁਤ ਵੱਡੇ ਸਮਾਜ ਸੁਧਾਰਕ ਰੁਚੀ ਵਾਲੇ ਸਨ ਜੋ ਤਰਕ ਦੇ ਆਧਾਰ ਤੇ ਆਪਣੀ ਗੱਲ ਨੂੰ ਸਹੀ ਸਿੱਧ ਕਰਨ ਵਿਚ ਮਾਹਰ ਸਨ। ਆਰੀਆ ਸਮਾਜ ਲਹਿਰ ਅਤੇ ਸਿੰਘ ਸਭਾ ਲਹਿਰ ਦੇ ਸੰਦਰਭ ਵਿਚ ਗਿਆਨੀ ਜੀ ਦੁਆਰਾ ਦਿੱਤੇ ਯੋਗਦਾਨ ਨੂੰ ਅਗਲੇ ਪੰਨਿਆਂ ਵਿਚ ਵਿਚਾਰਿਆ ਜਾਵੇਗਾ:

1. ਆਰੀਆ ਸਮਾਜ:

ਸਵਾਮੀ ਦਯਾ ਨੰਦ ਨੇ ਆਰੀਆ ਸਮਾਜ ਦੀ ਨੀਂਹ ਭਾਵੇਂ ਗੁਜਰਾਤ ਵਿਚ ਰੱਖੀ ਪਰੰਤੂ ਭਾਈ ਦਿੱਤ [15] ਅਨੁਸਾਰ ਸਵਾਮੀ ਦਯਾ ਨੰਦ 19 ਅਪ੍ਰੈਲ, 1877 ਈ. ਨੂੰ ਲਾਹੌਰ ਆ ਗਏ। ਆਰੀਆ ਸਮਾਜ ਲਾਹੌਰ 1875 ਈ. ਵਿਚ ਬਣ ਚੁੱਕਿਆ ਸੀ। ਸਵਾਮੀ ਦਯਾ ਨੰਦ ਦੇ ਪ੍ਰਭਾਵ ਦਾ ਮੁੱਖ ਕੇਂਦਰ ਪੰਜਾਬ ਹੀ ਬਣਿਆ। ਪੰਜਾਬ ਵਿਚ ਆਰੀਆ ਸਮਾਜ ਲਹਿਰ ਚਲਾਉਣ ਵਿਚ ਮੁੱਖ ਯੋਗਦਾਨ ਸਿੱਖਾਂ ਦਾ ਹੀ ਸੀ। ਆਰੀਆ ਸਮਾਜੀਆਂ ਨੇ ਸਿੱਖ ਧਰਮ ਵਿਰੁੱਧ ਜ਼ਹਿਰੀਲੇ ਪ੍ਰਚਾਰ ਨੂੰ ਅਜੇ ਨਹੀਂ ਆਰੰਭਿਆ ਸੀ। ਆਰੀਆ ਸਮਾਜ ਦੇ ਹਰ ਸਮਾਗਮ ਵਿਚ ਪਹਿਲਾਂ ਗੁਰਬਾਣੀ ਦੇ ਸ਼ਬਦਾਂ ਦਾ ਕੀਰਤਨ ਕੀਤਾ ਜਾਂਦਾ ਸੀ। ਗਿਆਨੀ ਗੁਰਦਿੱਤ ਸਿੰਘ ਅਨੁਸਾਰ:

> ਆਰੀਆ ਸਮਾਜ ਦੀਆਂ ਸਭਾਵਾਂ ਵਿਚ ਹਿੰਦੂ ਧਰਮ ਦੀਆਂ ਕਚਿਆਈਆਂ ਦਾ ਆਂਦਾ-ਪੇਟਾ ਬੜੀ ਬੇਦਰਦੀ ਨਾਲ ਫਰੋਲਿਆ ਜਾਂਦਾ ਸੀ। ਪੁਰਾਣਾਂ ਦੀਆਂ ਕਹਾਣੀਆਂ ਅਤੇ ਅਣਹੋਸੇ ਗੱਪਾਂ ਦੇ ਮਖੌਲ ਉਡਾਏ ਜਾਂਦੇ ਸਨ। ਅਵਤਾਰਵਾਦ ਗੁਰੂ ਡੰਮ੍ਹ ਦੀਆਂ ਧੱਜੀਆਂ ਉਡਾਈਆਂ ਜਾਂਦੀਆਂ ਸਨ।[16]

ਗਿਆਨੀ ਦਿੱਤ ਸਿੰਘ ਜੀ ਦੇ ਜੀਵਨ ਬਾਰੇ ਪੂਰਨ ਇਤਿਹਾਸਕ ਸਮੱਗਰੀ ਨਹੀਂ ਮਿਲਦੀ। ਗਿਆਨੀ ਦਿੱਤ ਸਿੰਘ ਜੀ ਦੇ ਆਰੀਆ ਸਮਾਜ ਨਾਲ ਸੰਬੰਧਾਂ ਬਾਰੇ ਉਹਨਾਂ ਦੁਆਰਾ ਲਿਖੀ ਪੁਸਤਕ ‘ਪੰਡਤ ਦਯਾ ਨੰਦ ਨਾਲ ਮੇਰਾ ਸੰਵਾਦ’ ਵਿਚ, ਕੁਝ ਵੇਰਵੇ ਪ੍ਰਾਪਤ ਹੁੰਦੇ ਹਨ। ਇਹ ਵੇਰਵੇ ਵੀ ਗਿਆਨੀ ਦਿੱਤ ਸਿੰਘ ਜੀ ਦੇ ਵਿਰੋਧੀਆਂ ਸਦਕਾ ਪ੍ਰਾਪਤ ਹੋਏ ਹਨ। ਉਨ੍ਹਾਂ ਦੇ ਵਿਰੋਧੀਆਂ ਨੇ ‘ਨਿੰਦਿਆ ਪੱਤਰ’ ‘ਧਾਰਮਿਕ ਚੇਹਰੇ ਜਮੀਮਾਂ ਸੁੱਧੀ ਪੱਤਰ’ ਹੇਠ ਛਾਪ ਕੇ ਵੰਡੇ ਸਨ। ਇਸ ਨਿੰਦਿਆ ਪੱਤਰ ਵਿਚ ਮੁੱਖ ਰੂਪ ਵਿਚ ਭਾਈ ਦਿੱਤ ਸਿੰਘ, ਭਾਈ ਜਵਾਹਰ ਸਿੰਘ, ਮਈਆ ਸਿੰਘ ਆਦਿ ਦਾ ਜ਼ਿਕਰ ਆਉਂਦਾ ਹੈ। ਆਰੀਆ ਸਮਾਜ ਨਾਲ ਭਾਈ ਦਿੱਤ ਸਿੰਘ ਦੇ ਸੰਬੰਧਾਂ ਬਾਰੇ ਲਿਖਿਆ ਹੈ:

> ਲਾਹੌਰ ਦੇ ਆਰੀਆ ਸਮਾਜ ਵਿਚ ਭਾਈ ਦਿੱਤ ਸਿੰਘ ਪੰਜ ਸੱਤ ਬਰਸ ਲੈਕਚਰ ਵਿਖਿਆਨ ਦਿੰਦੇ ਰਹੇ ਹਨ, ਆਰੀਆ ਸਮਾਜ ਵਿਚ ਮਾਨਨੀਯ ਪੁਰਸ਼ ਸਮਝੇ ਜਾਂਦੇ ਹਨ। ਆਪ ਸੰਨ 1888 ਦੇ ਲਗਭਗ ਆਰੀਆ ਸਮਾਜ ਤੋਂ ਲਾਹੌਰ ਦੀ ਸਿੰਘ ਸਭਾ ਲਹਿਰ ਵਿਚ ਆਏ।[17]

ਭਾਈ ਦਿੱਤ ਸਿੰਘ ਨੇ ਆਰੀਆ ਸਮਾਜ ਨੂੰ ਇਸ ਲਈ ਤਿਲਾਂਜਲੀ ਦਿੱਤੀ ਕਿਉਂਕਿ ਇਕ ਤਾਂ ਸਾਧੂ ਦਯਾ ਨੰਦ ਨੇ 'ਸਤਿਆਰਥ ਪ੍ਰਕਾਸ਼' ਵਿਚ ਗੁਰੂ ਸਾਹਿਬਾਂ ਦੇ ਖਿਲਾਫ ਸ਼ਬਦ ਲਿਖੇ, ਦੂਜਾ ਨਵੰਬਰ 1888 ਦੇ ਆਰੀਆ ਸਮਾਜੀ ਇਜਲਾਸ ਵਿਚ, ਕੁਝ ਆਰੀਆ ਸਮਾਜੀਆਂ ਨੇ ਸਿੱਖ ਗੁਰੂ ਸਾਹਿਬਾਨ ਦੇ ਖਿਲਾਫ ਮੰਦੇ ਬੋਲ ਬੋਲੇ। 2 ਦਸੰਬਰ, 1888 ਨੂੰ ਲਾਹੌਰ ਗੁਰਦੁਆਰਾ ਬਉਲੀ ਸਾਹਿਬ ਵਿਚ ਸਿੱਖਾਂ ਦਾ ਇਕੱਠ ਸੱਦਿਆ ਗਿਆ ਜਿਸ ਦੇ ਪ੍ਰਧਾਨ ਰਈਸ ਬਾਲ ਮੁਕੰਦ ਬਣਾਏ ਗਏ। ਉਸ ਇਕੱਠ ਵਿਚ ਭਾਈ ਜਵਾਹਰ ਸਿੰਘ ਤੇ ਭਾਈ ਦਿੱਤ ਸਿੰਘ ਨੇ ਆਰੀਆ ਸਮਾਜੀਆਂ ਦੇ ਸਿੱਖ ਗੁਰੂਆਂ ਤੇ ਕੀਤੇ ਹਮਲਿਆਂ ਤੇ ਦੁੱਖ ਪ੍ਰਗਟ ਕੀਤਾ ਅਤੇ ਆਰੀਆ ਸਮਾਜ ਛੱਡ ਦੇਣ ਦਾ ਐਲਾਨ ਵੀ ਕੀਤਾ। ਇਸ ਇਜਲਾਸ ਵਿਚ ਸਿੱਖ ਆਗੂਆਂ, ਖਾਸ ਕਰਕੇ ਭਾਈ ਜਵਾਹਰ ਸਿੰਘ ਤੇ ਭਾਈ ਦਿੱਤ ਸਿੰਘ ਗਿਆਨੀ ਨੇ ਆਰੀਆ ਸਮਾਜ ਦੇ ਪਾਜ ਪੂਰੀ ਤਰ੍ਹਾਂ ਉਘਾੜ ਕੇ ਸਾਹਮਣੇ ਰੱਖ ਦਿੱਤੇ।

**ਸਿੰਘ ਸਭਾ ਲਹਿਰ :**

ਮਹਾਰਾਜਾ ਰਣਜੀਤ ਸਿੰਘ ਤੋਂ ਮਗਰੋਂ ਅਰਥਾਤ ਸਿੱਖ ਰਾਜ ਖੁਸ ਜਾਣ ਪਿਛੋਂ, ਸਿੱਖ ਪੰਥ ਉੱਪਰ ਮੁਸੀਬਤਾਂ ਦੇ ਪਹਾੜ ਟੁੱਟ ਪਏ। ਸ੍ਰੀ ਅੰਮ੍ਰਿਤਸਰ, ਤਰਨ ਤਾਰਨ ਅਤੇ ਹੋਰ ਪ੍ਰਸਿੱਧ ਗੁਰਦੁਆਰਿਆਂ ਦਾ ਪ੍ਰਬੰਧ ਸਰਕਾਰੀ ਹੱਥਾਂ ਵਿਚ ਚਲਾ ਗਿਆ। ਦੂਜੇ ਪਾਸੇ ਈਸਾਈ ਮਿਸ਼ਨਰੀਆਂ ਨੇ ਈਸਾਈ ਮੱਤ ਦਾ ਪ੍ਰਚਾਰ ਤੇਜ਼ ਕਰ ਦਿੱਤਾ ਸੀ। ਮਹਾਰਾਜਾ ਦਲੀਪ ਸਿੰਘ ਨੂੰ

ਈਸਾਈ ਬਣਾ ਦਿੱਤਾ ਗਿਆ ਸੀ। ਸੋਢੀ ਅਤੇ ਬੇਦੀ ਆਦਿ ਗੁਰੂ-ਵੰਸ਼ ਕਹਾਉਣ ਵਾਲੇ ਗੁਰੂ ਬਣ ਬੈਠੇ ਸਨ। ਇਸ ਸਮੇਂ ਦੇ ਹਾਲਾਤ ਬਾਰੇ ਇਕ ਵਿਦਵਾਨ ਨੇ ਇਉਂ ਬਿਆਨ ਕੀਤਾ ਹੈ:

> ਕੁਝ ਭੇਖੀ ਸਾਧਾਂ ਨੇ ਸਿੱਖਾਂ ਨੂੰ ਲੁੱਟ ਹੀ ਨਾ ਖਾਧਾ, ਸਗੋਂ ਅਜੇਹਾ ਕੁਰਾਹੇ ਪਾਇਆ ਕਿ ਸਿੱਖਾਂ ਨੂੰ ਅਸਲੀਅਤ ਹੀ ਭੁੱਲ ਗਈ। ਇਨ੍ਹਾਂ ਦੇ ਸਦਕੇ ਡਿਗਦੇ ਡਿਗਦੇ ਸਿੱਖ ਇਥੋਂ ਤਕ ਜਾ ਗਿਰੇ ਕਿ ਸ਼ਕਲ ਸਿੱਖ ਦੀ ਅਰ ਵਿਚੋਂ ਬ੍ਰਾਹਮਣਾਂ ਦੇ ਚੇਲੇ। ਹਿੰਦੂ ਅਵਤਾਰਾਂ ਦੀਆਂ ਕਥਾਵਾਂ ਇਨ੍ਹਾਂ ਦਾ ਧਰਮ ਘਰ ਦੀਵਾਲੀ ਦੁਸਹਿਰਾ ਇਨ੍ਹਾਂ ਦੇ ਤਿਹਾਰ, ਦੇਵੀ ਦੇਵਤੇ ਇਨ੍ਹਾਂ ਦੇ ਇਸ਼ਟ, ਹਰ ਭੇਖੀ ਸੰਤ ਇਨ੍ਹਾਂ ਦਾ ਗੁਰੂ ਅਤੇ ਪੁਰਾਣ ਸਿੱਖਾਂ ਦੀ ਜਿੰਦ ਜਾਨ ਹੋ ਗਏ। ਸਿੱਖ ਗੁਰੂ ਸਾਹਿਬ ਇਨ੍ਹਾਂ ਲਈ ਹਿੰਦੂ ਫਿਲਾਸਫੀ ਦਾ ਹਿੱਸਾ ਹੋ ਗਏ ਅਤੇ ਸਿੱਖ ਧਰਮ ਪੁਸਤਕਾਂ ਵਿਚ ਰਹਿ ਗਿਆ। ਸ਼ਾਦੀ-ਗ਼ਮੀ ਅਤੇ ਰੋਜ਼ ਦੇ ਵਿਹਾਰ ਵਿਚ ਬ੍ਰਾਹਮਣਾਂ ਦੀ ਰੀਤ ਪੂਰੀ ਤਰ੍ਹਾਂ ਚਲਦੀ, ਭਜਨ ਹੁੰਦੇ ਤੇ ਕਛਹਿਰੇ ਦੀ ਥਾਂ ਧੋਤੀ ਬੰਨਵਾਈ ਜਾਂਦੀ।[18]

ਉਪਰੋਕਤ ਸਥਿਤੀ ਤੋਂ ਛੁਟਕਾਰਾ ਪਾਉਣ ਲਈ ਕਿਸੇ ਜਥੇਬੰਦੀ ਦੀ ਲੋੜ ਮਹਿਸੂਸ ਕੀਤੀ ਗਈ। ਉੱਨੀਵੀਂ ਸਦੀ ਦੇ ਪਿਛਲੇਰੇ ਅੱਧ ਵਿਚ ਸਿੱਖ ਪੁਨਰ-ਜਾਗਰਿਤੀ ਦੀਆਂ ਕੁਝ ਲਹਿਰਾਂ-ਨਿਰੰਕਾਰੀ, ਨਾਮਧਾਰੀ ਅਤੇ ਸਿੰਘ ਸਭਾ ਲਹਿਰਾਂ ਨੇ ਜਨਮ ਲਿਆ। ਨਿਰੰਕਾਰੀ ਅਤੇ ਨਾਮਧਾਰੀ ਲਹਿਰਾਂ ਤਾਂ ਆਪਣੇ ਸੀਮਤ ਖੇਤਰ ਅਤੇ ਵੱਖਰੇ ਫ਼ਿਰਕੂ ਲਛਣਾਂ ਕਾਰਨ ਸਿੱਖ ਜਨਤਾ ਨੂੰ ਪੂਰਨ ਤੌਰ ਤੇ ਆਪਣੀ ਗਰਿਫ਼ਤ ਵਿਚ ਨਾ ਲੈ ਸਕੀਆਂ ਪ੍ਰੰਤੂ ਸਿੰਘ ਸਭਾ ਲਹਿਰ ਦਾ ਸਿੱਖਾਂ ਤੇ ਤਕੜਾ-ਗਹਿਰਾ ਪ੍ਰਭਾਵ ਪਿਆ। ਪਿਛਲੇ ਪੰਨਿਆਂ ਵਿਚ ਇਸ ਲਹਿਰ ਬਾਰੇ

ਪਹਿਲਾਂ ਹੀ ਵਿਸਥਾਰ ਵਿਚ ਵਿਚਾਰ ਕਰ ਆਏ ਹਾਂ। ਇਸ ਅਧਿਆਇ ਵਿਚ ਅਸੀਂ ਭਾਈ ਦਿੱਤ ਸਿੰਘ ਦੇ ਜੀਵਨ ਬਾਰੇ ਅਗਲੇਰੀ ਵਿਚਾਰ ਕਰਦੇ ਹਾਂ।

**ਗਿਆਨੀ ਦਿੱਤ ਸਿੰਘ ਦੀਆਂ ਰਚਨਾਵਾਂ:** ਗਿਆਨੀ ਦਿੱਤ ਸਿੰਘ ਇਕ ਅਲੌਕਿਕ ਪ੍ਰਤਿਭਾ ਦੇ ਮਾਲਕ ਸਨ ਜਿਨ੍ਹਾਂ ਨੇ ਆਪਣੀ ਕਲਮ ਅਤੇ ਭਾਸ਼ਣਾਂ ਰਾਹੀਂ ਸਿੱਖੀ ਜੀਵਨ ਵਿਚ ਇਕ ਨਵੀਂ ਰੂਹ ਭਰੀ। ਆਪ ਨੇ ਲਗ ਭਗ 22 ਸਾਲ ਆਪਣੀ ਕਲਮ ਰਾਹੀਂ ਸਿੱਖੀ ਦੀ ਉਸਾਰੂ ਸੇਵਾ ਕੀਤੀ। ਗਿਆਨੀ ਦਿੱਤ ਸਿੰਘ ਦੇ ਸੈਂਕੜੇ ਲੇਖਾਂ ਅਤੇ 40 ਤੋਂ ਵੱਧ ਲਿਖੀਆਂ ਪੁਸਤਕਾਂ ਨੇ ਸਿੱਖ ਕੌਮ ਵਿਚ ਜੋ ਜਾਗਰਿਤੀ ਪੈਦਾ ਕੀਤੀ, ਉਸ ਦੇ ਫਲਸਰੂਪ ਸਿੰਘ ਸਭਾ ਲਹਿਰ ਨੇ ਇਕ ਲਹਿਰ ਦਾ ਰੂਪ ਧਾਰ ਲਿਆ ਸੀ। ਗਿਆਨੀ ਜੀ ਵਲੋਂ ਲਿਖੀਆਂ ਪੁਸਤਕਾਂ ਵਿਚੋਂ ਬਹੁਤ ਸਾਰੀਆਂ ਪੁਸਤਕਾਂ ਹੁਣ ਅਪ੍ਰਾਪਤ ਹਨ। ਉਹਨਾਂ ਵਲੋਂ ਲਿਖੀਆਂ ਪੁਸਤਕਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

(ੳ) ਕਿੱਸਾ ਸੀਰੀ ਫਰਿਹਾਦ (1872) [19]

(ਅ) 1. ਸਿੱਖ ਗੁਰੂ ਸਾਹਿਬਾਂ ਦੇ ਜੀਵਨ-ਚਰਿਤ੍ਰ [20]

2. ਸ਼੍ਰੀ ਗੁਰੂ ਨਾਨਕ ਦੇਵ ਜੀ
3. ਸ਼੍ਰੀ ਗੁਰੂ ਅਮਰਦਾਸ ਜੀ
4. ਸ੍ਰੀ ਗੁਰ ਅਰਜਨ ਦੇਵ ਜੀ
5. ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ
6. ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ
7. ਕਲਗੀਧਰ ਉਪਕਾਰ
8. ਗੁਰੂ ਨਾਨਕ ਪ੍ਰਬੋਧ

(ੲ) ਸਿੱਖ ਸ਼ਹੀਦੀਆਂ ਬਾਰੇ ਪੁਸਤਕਾਂ

9. ਸਿੱਖ ਬੱਚੇ ਦੀ ਸ਼ਹੀਦੀ

10. ਭਾਈ ਤਾਰਾ ਸਿੰਘ ਵਾਈਏ ਦੀ ਸ਼ਹੀਦੀ

11. ਭਾਈ ਬੋਤਾ ਸਿੰਘ ਦੀ ਸ਼ਹੀਦੀ

12. ਭਾਈ ਮਤਾਬ ਸਿੰਘ ਮੀਰਾਂ ਕੋਟੀਏ ਦੀ ਬਹਾਦਰੀ।

13. ਭਾਈ ਤਾਰੂ ਸਿੰਘ ਦੀ ਸ਼ਹੀਦੀ

14. ਭਾਈ ਸੁਬੇਗ ਸਿੰਘ ਦੀ ਸ਼ਹੀਦੀ

15. ਸਿੰਘਣੀਆਂ ਦੇ ਸਿਦਕ

16. ਸ਼੍ਰੀ ਗੁਰੂ ਅਰਜਨ ਚਰਿੱਤ

(ਸ) ਉਪਦੇਸ਼ਾਤਮਕ ਅਤੇ ਖੰਡਨ ਮੰਡਨ ਬਾਰੇ ਸਾਹਿਤਕ-ਪੁਸਤਕਾਂ

17. ਸਰਹੱਦ ਤੇ ਪਲਟਨ ਨੰਬਰ 15 ਦੀ ਬਹਾਦਰੀ

18. ਮੇਰਾ ਤੇ ਸਾਧੂ ਦਯਾ ਨੰਦ ਜੀ ਦਾ ਸੰਵਾਦ

19. ਡਰਪੋਕ ਸਿੰਘ

20. ਆਤਮ ਸਿਧੀ

21. ਅਬਲਾ ਨੰਦ

22. ਨਕਲੀ ਸਿੱਖ ਪ੍ਰਬੋਧ

23. ਪੰਥ ਪ੍ਰਬੋਧ

24. ਪ੍ਰਤਗਯਾ ਪਾਲਨ

25. ਧੰਨਾ ਪ੍ਰਬੋਧ

26. ਸਮੱਸਿਆ ਪੂਰਤੀ

27. ਦੰਭ ਵਿਦਾਰਨ

28. ਹਮ ਹਿੰਦੂ ਨਹੀਂ

29. ਗੁੱਗਾ ਗਪੌੜਾ

30. ਸੁਲਤਾਨ ਪੁਆੜਾ

31. ਧਰਮ ਦਰਪਣ

32. ਰਾਜ ਪ੍ਰਬੋਧ

33. ਅੰਮ੍ਰਿਤ ਵਧਾਈ

34. ਦੁਰਗਾ ਪ੍ਰਬੋਧ

35. ਗੁਰਮਤਿ ਆਰਤੀ ਪ੍ਰਬੋਧ

36. ਪੰਥ ਸੁਧਾਰ ਬਿਨੈ ਪੱਤਰ

37. ਖ਼ਾਲਸਾ ਧਰਮ ਸੰਸਕਾਰ ਵਿਧੀ

38. ਭਗਤ ਮੰਗਲ ( ਜਾਂ ਭਗਤ ਮੰਗਲ)

39. ਖ਼ਾਲਸਾ ਪੱਤਰ

40. ਨਵਾਂ ਨਕਲੀ ਸਿੱਖ ਪ੍ਰਬੋਧ

41. ਸੈਲਾਨੀ ਸਿੰਘ

42. ਨੀਤੀ ਪ੍ਰਕਾਸ

43. ਦਿੱਤ ਹਰੀ ਉਪਦੇਸ ਮਾਲਾ

ਉਪਰੋਕਤ ਪੁਸਤਕਾਂ ਵਿਚ ਵਿਭਿੰਨ ਵਿਸ਼ੇ ਹਨ ਜਿਵੇਂ ਕਿ ਜੀਵਨ ਪ੍ਰਤੀ ਅਪਣਾਇਆ ਧਾਰਮਿਕ ਦ੍ਰਿਸ਼ਟੀਕੋਣ, ਭੁੱਲੇ ਭਟਕੇ ਲੋਕਾਂ ਨੂੰ ਅੰਧ ਵਿਸ਼ਵਾਸਾਂ ਵਿਚੋਂ ਕੱਢਣ ਦੇ ਯਤਨ, ਗੁਰਮਤਿ ਫਿਲਾਸਫੀ ਪ੍ਰਤੀ ਵਿਰੋਧੀਆਂ ਦਾ ਖੰਡਨ ਆਦਿ। ਇਹਨਾਂ ਪੁਸਤਕਾਂ ਤੋਂ ਇਲਾਵਾ ਅਨੇਕਾਂ ਟ੍ਰੈਕਟ ਵੀ ਲਿਖੇ। ਜਦੋਂ ਲਾਹੌਰ ਵਿਖੇ ਅੰਮ੍ਰਿਤਸਰ ਦੇ ਮੁਕਾਬਲੇ ਉਤੇ ਖ਼ਾਲਸਾ ਦੀਵਾਨ ਸਥਾਪਿਤ ਹੋਇਆ ਸੀ ਤਾਂ ਉਸ ਸਮੇਂ ਪ੍ਰੋ. ਗੁਰਮੁਖ ਸਿੰਘ, ਸਿੰਘ ਸਭਾ ਲਹਿਰ ਦੀ ਬਹੁਤ ਹੀ ਸਰਗਰਮ ਹਸਤੀ ਸੀ। ਸਿੰਘ ਸਭਾ ਲਾਹੌਰ ਨੇ ਇਕ ਹਫ਼ਤਾਵਾਰੀ ਅਖ਼ਬਾਰ, 'ਖ਼ਾਲਸਾ ਅਖ਼ਬਾਰ' ਜਾਰੀ ਕੀਤਾ। ਭਾਵੇਂ ਇਸਦੇ ਪਹਿਲੇ ਸੰਪਾਦਕ ਗਿਆਨੀ ਝੰਡਾ ਸਿੰਘ ਫਰੀਦਕੋਟੀ ਸਨ, ਪਰ

ਇਸ ਵਿਚ ਬਹੁਤਾ ਯੋਗਦਾਨ ਗਿਆਨੀ ਦਿੱਤ ਸਿੰਘ ਦਾ ਹੁੰਦਾ ਸੀ, ਜਿਸਨੇ ਛੇਤੀ ਪਿਛੋਂ ਹੀ ਇਸਦੀ ਸੰਪਾਦਨਾ ਸੰਭਾਲ ਲਈ। ਦਿੱਤ ਸਿੰਘ ਨੇ ਉਸੇ ਸਾਲ ਹੀ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ ਅਤੇ ਉਨ੍ਹਾਂ ਨੂੰ ਓਰੀਐਂਟਲ ਕਾਲਜ ਲਾਹੌਰ ਵਿਖੇ ਅਧਿਆਪਕ ਨਿਯੁਕਤ ਕਰ ਦਿੱਤਾ ਗਿਆ। ਉਨ੍ਹਾਂ ਦੇ ਹੱਥਾਂ ਵਿਚ ਆ ਕੇ 'ਖ਼ਾਲਸਾ ਅਖ਼ਬਾਰ' ਸਿੰਘ ਸਭਾ ਆਦਰਸ਼ਾਂ ਦਾ ਇਕ ਸੰਯੋਗ ਤੇ ਸ਼ਕਤੀਸ਼ਾਲੀ ਵਾਹਣ ਬਣ ਗਿਆ। ਖ਼ਾਲਸਾ ਦੀਵਾਨ ਅੰਮ੍ਰਿਤਸਰ ਦੀ ਅਗਵਾਈ ਬਾਬਾ ਖੇਮ ਸਿੰਘ ਬੇਦੀ ਅਤੇ ਰਾਜਾ ਬਿਕਰਮ ਸਿੰਘ ਫਰੀਦਕੋਟ ਦੇ ਹੱਥਾਂ ਵਿਚ ਸੀ, ਜਿਨ੍ਹਾਂ ਨੇ ਭਾਈ ਗੁਰਮੁਖ ਸਿੰਘ ਨੂੰ ਹਰਿਮੰਦਰ ਸਾਹਿਬ ਦੀ ਮੋਹਰ ਦੇ ਹੇਠ ਮਾਰਚ 1887 ਵਿਚ ਪੰਥ ਵਿਚੋਂ ਛੇਕ ਦਿੱਤਾ। 16 ਅਪ੍ਰੈਲ, 1887 ਨੂੰ ਗਿਆਨੀ ਦਿੱਤ ਸਿੰਘ ਨੇ 'ਖ਼ਾਲਸਾ ਅਖ਼ਬਾਰ' ਦਾ ਇਕ ਵਿਸ਼ੇਸ਼ ਅੰਕ ਕੱਢਿਆ, ਜਿਸ ਵਿਚ ਉਨ੍ਹਾਂ ਨੇ ਆਪਣੇ ਨਾਟਕ 'ਸੁਪਨ ਨਾਟਕ' ਦਾ ਇਕ ਭਾਗ ਪ੍ਰਕਾਸ਼ਿਤ ਕਰ ਦਿੱਤਾ। ਇਸ ਨਾਟਕ ਵਿਚ ਅੰਮ੍ਰਿਤਸਰ ਖ਼ਾਲਸਾ ਦੀਵਾਨ ਦੇ ਨੇਤਾਵਾਂ ਉਤੇ ਪ੍ਰਤੱਖ ਵਿਅੰਗ ਕਸੇ ਸਨ ਤੇ ਉਨ੍ਹਾਂ ਦੇ ਸਮਰਥਕਾਂ ਦਾ ਮੌਜੂ ਉਡਾਇਆ ਗਿਆ ਸੀ। ਇਸ ਅਪਮਾਨ ਦੇ ਸ਼ਿਕਾਰਾਂ ਵਿਚੋਂ ਇਕ ਬਾਬਾ ਉਦੈ ਸਿੰਘ ਨੇ ਗਿਆਨੀ ਦਿੱਤ ਸਿੰਘ ਦੇ ਖਿਲਾਫ਼ ਇੱਜ਼ਤ-ਹੱਤਕ ਦਾ ਮੁਕੱਦਮਾ ਦਾਇਰ ਕਰ ਦਿੱਤਾ। ਗਿਆਨੀ ਦਿੱਤ ਸਿੰਘ ਨੂੰ ਪੰਜਾਹ ਰੁਪਏ ਜੁਰਮਾਨਾ ਕੀਤਾ ਗਿਆ, ਪਰ ਅਪੀਲ ਕਰਨ ਉੱਤੇ ਸ਼ੈਸ਼ਨ ਕੋਰਟ ਨੇ 30 ਅਪ੍ਰੈਲ 1887 ਨੂੰ ਉਨ੍ਹਾਂ ਨੂੰ ਦੋਸ਼ ਮੁਕਤ ਕਰ ਦਿੱਤਾ ਪਰ ਮੁਕੱਦਮਾ ਇਕ ਸਾਲ ਲਟਕਦਾ ਰਿਹਾ ਜਿਸ ਨਾਲ 'ਖ਼ਾਲਸਾ ਅਖ਼ਬਾਰ' ਨੂੰ ਬੜੀਆਂ ਭਿਆਨਕ ਆਰਥਿਕ ਮੁਸ਼ਕਿਲਾਂ ਵਿਚੋਂ ਲੰਘਣਾ ਪਿਆ। ਇਸਨੂੰ ਪਹਿਲਾਂ ਹੀ ਇਸਦੇ ਮੁੱਖ ਸਰਪ੍ਰਸਤ ਕੰਵਰ ਬਿਕਰਮ ਸਿੰਘ ਕਪੂਰਥਲਾ ਦੀ ਮਈ 1887 ਵਿਚ ਹੋਈ ਮੌਤ ਨਾਲ ਸਖ਼ਤ ਧੱਕਾ ਲੱਗ ਚੁੱਕਾ ਸੀ। 1889 ਵਿਚ ਨਾਨਕਸ਼ਾਹੀ ਅਖ਼ਬਾਰ ਪ੍ਰੈੱਸ ਦੇ ਨਾਲ ਹੀ ਬੰਦ ਕਰਨਾ ਪਿਆ। ਭਾਈ ਗੁਰਮੁਖ ਸਿੰਘ ਨੇ ਭਾਈ ਕਾਨ੍ਹ ਸਿੰਘ ਨਾਭਾ ਰਾਹੀਂ ਮਹਾਰਾਜਾ ਨਾਭਾ ਤੋਂ ਆਰਥਿਕ ਸਹਾਇਤਾ ਪ੍ਰਾਪਤ ਕੀਤੀ ਅਤੇ ਖ਼ਾਲਸਾ ਅਖ਼ਬਾਰ ਦੀ ਪ੍ਰਕਾਸ਼ਨਾ 1 ਮਈ 1893 ਨੂੰ ਮੁੜ ਸ਼ੁਰੂ ਕਰ ਦਿੱਤੀ ਗਈ। ਗਿਆਨੀ ਦਿੱਤ ਸਿੰਘ ਹੀ ਇਸਦੇ

ਮੁੜ ਸੰਪਾਦਕ ਬਣਾਏ ਗਏ। ਗਿਆਨੀ ਦਿੱਤ ਸਿੰਘ ਨੇ ਭਗਤ ਲਛਮਣ ਸਿੰਘ ਨੂੰ ਲਾਹੌਰ ਤੋਂ 5 ਜਨਵਰੀ, 1899 ਨੂੰ ਇਕ ਅੰਗਰੇਜ਼ੀ ਸਪਤਾਹਿਕ 'ਦੀ ਖ਼ਾਲਸਾ' ਜਾਰੀ ਕਰਨ ਵਿਚ ਸਹਾਇਤਾ ਕੀਤੀ।

ਭਾਈ ਦਿੱਤ ਸਿੰਘ ਬਾਰੇ ਵਿਰੋਧੀ ਆਰੀਆ ਸਮਾਜੀਆਂ ਨੇ ਕਈ ਗ਼ਲਤ ਪ੍ਰਚਾਰ ਕਰਨੇ ਸ਼ੁਰੂ ਕਰ ਦਿੱਤੇ ਸਨ, ਜਿਨ੍ਹਾਂ ਸਦਕਾ ਉਹਨਾਂ ਦੇ ਜੀਵਨ ਬਾਰੇ ਕਈ ਤੰਗ ਭੁਲੇਖੇ ਪੈਂਦੇ ਹਨ। ਅਸੀਂ ਆਪਣੇ ਅਧਿਐਨ ਦੌਰਾਨ ਇਹਨਾਂ ਭੁਲੇਖਿਆਂ ਬਾਰੇ ਕਾਫੀ ਸੋਚ ਵਿਚਾਰ ਕੀਤੀ। ਗਿਆਨੀ ਜੀ ਬਾਰੇ ਇਕ ਭੁਲੇਖਾ ਇਹ ਪਾਇਆ ਜਾਂਦਾ ਹੈ ਕਿ ਗਿਆਨੀ ਦਿੱਤ ਸਿੰਘ, ਪਿੰਡ ਤਿਊੜ ਅਤੇ ਚੱਠਿਆਂ ਵਾਲੇ ਡੇਰੇ ਵਿਖੇ ਫ਼ਕੀਰੀ ਪਹਿਰਾਵੇ ਵਿਚ ਰਹਿੰਦੇ ਸਨ। ਕੈਪਟਨ ਧਰਮ ਸਿੰਘ[22] ਜਿਨ੍ਹਾਂ ਦਾ ਸੰਬੰਧ ਗਿਆਨੀ ਦਿੱਤ ਸਿੰਘ ਦੇ ਪਰਿਵਾਰ ਨਾਲ ਰਿਹਾ ਸੀ, ਉਹਨਾਂ ਅਨੁਸਾਰ:

> ਗਿਆਨੀ ਜੀ ਜਦੋਂ ਤਿਉੜ ਰਹਿੰਦੇ ਸਨ, ਉਹਨਾਂ ਨੇ ਆਪਣੇ ਵਿੱਦਿਆ ਗੁਰੂ ਸੰਤ ਕੌਲ ਦਾਸ ਦੀ ਆਗਿਆ ਨਾਲ ਆਪਣੇ ਸਾਫੇ ਨੂੰ ਸਾਧਾਂ ਸੰਤਾਂ ਵਾਲਾ ਭਗਵਾ ਰੰਗ ਦਿੱਤਾ ਸੀ। ਚੱਠਿਆਂ ਵਾਲੇ ਰਹਿਣ ਸਮੇਂ ਮੋਟੀ ਸਫੈਦ ਮਲਮਲ ਦਾ ਸਾਫਾ (ਦਸਤਾਰ) ਗਲ ਖੁਲੀਆਂ ਬਾਹਾਂ ਦਾ ਕੁੜਤਾ ਅਤੇ ਤੇੜ ਤੰਬੀ (ਪਜਾਮਾ) ਉਨ੍ਹਾਂ ਦਾ ਪਹਿਰਾਵਾ ਸੀ। 1880 ਮਗਰੋਂ ਗਿਆਨੀ ਜੀ ਆਮ ਤੌਰ ਪਰ ਸਿੱਖ ਸਰਦਾਰਾਂ ਦਾ ਪਹਿਰਾਵਾ ਚੂੜੀਦਾਰ ਪਜਾਮਾ ਕੁੜਤਾ ਅਤੇ ਲੱਠੇ ਦਾ ਚੋਗਾ, ਮਲਮਲ ਦਾ ਸਾਫਾ ਪਹਿਨਦੇ ਸਨ। ਦਾਹੜਾ ਵੀ ਚੜਾਉਂਦੇ ਸਨ . . . 1896 ਮਗਰੋਂ ਦਾਹੜਾ ਖੋਲ੍ਹ ਦਿਤਾ ਸੀ।[21]

ਗਿਆਨੀ ਦਿੱਤ ਸਿੰਘ ਦੀ ਸ਼ਾਦੀ ਲਾਹੌਰ ਵਿਖੇ 1880 ਵਿਚ ਸਿੱਖ ਮਰਿਆਦਾ ਅਨੁਸਾਰ ਹੋਈ ਸੀ। ਉਨ੍ਹਾਂ ਦੀ ਪਤਨੀ ਬਿਸ਼ਨ ਕੌਰ ਨੇ ਉਨ੍ਹਾਂ ਦੇ ਧਾਰਮਿਕ ਕਾਰਜਾਂ ਵਿਚ ਪਤੀ ਦਾ ਪੂਰਾ ਸਾਥ ਦਿੱਤਾ। ਦੋਹਾਂ ਦਾ ਗ੍ਰਿਹਸਤੀ ਜੀਵਨ ਬਹੁਤ ਹੀ ਪ੍ਰਸੰਨ ਸੀ, ਉਨ੍ਹਾਂ ਦੇ ਦੋ ਬੱਚੇ ਹੋਏ। ਪੁੱਤਰ ਬਲਦੇਵ ਸਿੰਘ 1886 ਵਿਚ ਅਤੇ ਬੇਟੀ ਵਿਦਿਆਵੰਤ ਕੌਰ 1890 ਵਿਚ। ਗਿਆਨੀ ਦਿੱਤ ਸਿੰਘ ਨੂੰ ਆਪਣੀ ਸਪੁੱਤਰੀ ਨਾਲ ਬੜਾ ਪਿਆਰ ਸੀ। ਉਹ ਬਹੁਤ ਹੀ ਜ਼ਹੀਨ (ਬੁਧੀਮਾਨ) ਬੱਚੀ ਸੀ। ਉਸਦੀ 17 ਜੂਨ 1901 ਵਿਚ ਹੋਈ ਮੌਤ ਨੇ ਦਿੱਤ ਸਿੰਘ ਨੂੰ ਬਹੁਤ ਸਦਮਾ ਲਾਇਆ, ਜਿਹੜੇ 1898 ਵਿਚ ਹੋਈ ਭਾਈ ਗੁਰਮੁਖ ਸਿੰਘ ਦੀ ਮੌਤ ਨਾਲ ਪਹਿਲਾਂ ਹੀ ਅਖ਼ਬਾਰ ਤੇ ਪ੍ਰਚਾਰ ਦੇ ਵਧੇ ਕੰਮ ਨਾਲ ਬਹੁਤ ਪ੍ਰੇਸ਼ਾਨ ਸਨ। ਉਨ੍ਹਾਂ ਨੇ ਬੜੀ ਸਿਦਕ ਦਿਲੀ ਅਤੇ ਸਬਰ ਨਾਲ ਕੰਮ ਜਾਰੀ ਰੱਖਿਆ। ਪਰ ਉਨ੍ਹਾਂ ਦੀ ਸਿਹਤ ਬਹੁਤ ਤੇਜ਼ੀ ਨਾਲ ਡਿਗਦੀ ਗਈ ਅਤੇ ਉਹ ਸਖ਼ਤ ਬੀਮਾਰ ਪੈ ਗਏ। ਇਕ ਮੁਸਲਮਾਨ ਡਾ. ਰਹੀਮ ਖ਼ਾਨ ਨੇ ਉਨ੍ਹਾਂ ਦਾ ਇਲਾਜ ਕੀਤਾ, ਪਰ ਇਸ ਨਾਲ ਕੋਈ ਲਾਭ ਨਾ ਹੋਇਆ ਅਤੇ ਸਿੱਖ ਕੌਮ ਦਾ ਇਹ ਮਹਾਨ ਬੁੱਧੀਜੀਵੀ ਲੇਖਕ ਲਾਹੌਰ ਵਿਖੇ 6 ਸਤੰਬਰ, 1901 ਨੂੰ ਪ੍ਰਭੂ ਚਰਨਾਂ ਵਿਚ ਜਾ ਬਿਰਾਜਿਆ।

ਭਾਈ ਦਿੱਤ ਸਿੰਘ ਗਿਆਨੀ ਦੇ ਅਕਾਲ ਚਲਾਣੇ ਦੀ ਸ਼ੋਕ ਖ਼ਬਰ 'ਖ਼ਾਲਸਾ ਅਖ਼ਬਾਰ' ਨੇ ਕਾਲੇ ਹਾਸ਼ੀਏ ਨਾਲ ਛਾਪ ਕੇ ਇਉਂ ਸੂਚਿਤ ਕੀਤਾ:

> ਅਸੀਂ ਵੱਡੇ ਹੀ ਦੁਖੀ ਹਿਰਦੇ ਨਾਲ ਆਪਣੇ ਪਾਠਕਾਂ ਪ੍ਰਤੀ ਪ੍ਰਗਟ ਕਰਦੇ ਹਾਂ ਕਿ ਭਾਈ ਦਿੱਤ ਸਿੰਘ ਜੀ ਗਯਾਨੀ, ਇਸ ਸੰਸਾਰ ਤੋਂ ਅਜ ਸਾਢੇ ਦਸ ਵਜੇ ਦੁਪਹਿਰ ਤੋਂ ਪਹਿਲੇ ਕੂਚ ਕਰ ਗਏ ਹਨ ...... ਅਖ਼ਬਾਰ ਬਿਲਕੁਲ ਤਯਾਰ ਸੀ ਕਿ ਭਿਆਨਕ ਖ਼ਬਰ ਪਹੁੰਚੀ। ਅਗਲੇ ਪਰਚੇ ਵਿਚ ਅਸੀਂ ਕੁਝ ਬ੍ਰਿਤਾਂਤ ਉਨ੍ਹਾਂ ਦੀ ਬੀਮਾਰੀ ਆਦਿ ਦਾ ਲਿਖਾਂਗੇ।[22]

ਭਾਈ ਵੀਰ ਸਿੰਘ ਨੇ 'ਖ਼ਾਲਸਾ ਸਮਾਚਾਰ' ਵਿਚ ਭਾਈ ਦਿੱਤ ਸਿੰਘ ਦੇ ਅਕਾਲ ਚਲਾਣੇ ਤੇ ਕਵਿਤਾਵਾਂ ਲਿਖੀਆਂ। ਇਹਨਾਂ ਵਿਚੋਂ ਇਕ ਕਵਿਤਾ ਸੀ, 'ਜਾਗੋ ਜਾਗੋ ਜੀ ਦਿੱਤ ਸਿੰਘ ਪਿਆਰੇ, ਕੌਮ ਬੈਠੀ ਸਿਰ੍ਹਾਣੇ ਜਗਾਵੇ' ਇਸ ਕਵਿਤਾ ਵਿਚ ਭਾਈ ਵੀਰ ਸਿੰਘ ਜੀ ਨੇ ਕਰੁਣਾਮਈ, ਦਰਦਾਵਲੀ ਸ਼ਬਦਾਵਲੀ ਵਿਚ ਗੱਲ ਕਹੀ।

ਜਾਗੋ ਜਾਗੋ ਜੀ ਦਿੱਤ ਸਿੰਘ ਪਿਆਰੇ
ਕੌਮ ਬੈਠੀ ਸਿਰ੍ਹਾਣੇ ਜਗਾਵੇ।
ਕਿਉਂ ਨੀਂਦ ਪਿਆਰੀ,
ਕਿਉਂ ਜਾਗ ਤੁਹਾਨੂੰ ਨਾ ਆਵੇ।
ਲੰਮੇ ਕੱਢ ਕਢ ਵੈਣ ਤੇ ਹਾਵੇ।
ਹਾਂ, ਜਗਾਇਕੇ ਕੌਮ ਭੁਲੱਕੜ,
ਆਪ ਸੌਂ ਗਏ ਹੋ ਬੇਦਾਵੇ।
ਆਪਣੀ ਵਾਰੀ ਤੇ ਹੁਣ ਜਾਗੋ,
ਏਹ ਨੀਂਦ ਨਾ ਸਾਨੂੰ ਭਾਵੇ।
ਕੀਤੀ ਕੌਮ ਜਗਾਇ ਨ ਤਕੜੀ,
ਨਿਰਬਲ ਛਡ ਨ ਹੋਵਨਾ ਵਾਵੇ।
ਦੇਈਏ ਦੁਖ ਨ ਸੁਤੇ ਨੂੰ
ਐਪਰ ਤੇਰੇ ਜਿਹਾ ਨਾ ਨਜ਼ਰੀਂ ਆਵੇ।[23]

ਭਾਈ ਅਰਜਨ ਸਿੰਘ ਬਾਗੜੀਆ ਦੀ ਪ੍ਰਧਾਨਗੀ ਹੇਠ ਪੰਦਰਾਂ ਮੈਂਬਰਾਂ ਦੀ ਇਕ ਯਾਦਗਾਰੀ ਕਮੇਟੀ ਬਣਾਈ ਗਈ। ਉਨ੍ਹਾਂ ਦੀ ਯਾਦ ਨੂੰ ਬਰਕਰਾਰ ਰੱਖਣ ਲਈ ਲਾਹੌਰ ਵਿਖੇ ਗਿਆਨੀ ਦਿੱਤ ਸਿੰਘ ਖ਼ਾਲਸਾ ਬੋਰਡਿੰਗ ਹਾਊਸ ਸਥਾਪਿਤ ਕੀਤਾ ਗਿਆ ਅਤੇ ਸਿੱਖ ਕੰਨਿਆਂ ਮਹਾਂਵਿਦਿਆਲਾ ਫਿਰੋਜ਼ਪੁਰ ਵਿਖੇ, ਉਨ੍ਹਾਂ ਦੇ ਇਕ ਪੁਰਾਣੇ ਸ਼ਿਸ਼ ਤੇ ਨਿਕਟਵਰਤੀ

ਮਿੱਤਰ ਭਾਈ ਤਖ਼ਤ ਸਿੰਘ ਨੇ ਭਾਈ ਦਿੱਤ ਸਿੰਘ ਪੁਸਤਕਾਲਾ ਖੋਲ੍ਹਿਆ। ਇਸ ਪੁਸਤਕਾਲੇ ਵਿਚ ਭਾਈ ਤਖ਼ਤ ਸਿੰਘ ਦੇ ਹੋਏ ਅਕਾਲ ਚਲਾਣੇ ਤੱਕ ਦਾ ਸਾਰਾ ਪੰਜਾਬੀ ਗੁਰਮੁਖੀ ਵਿਚ ਛਪਿਆ ਸਾਹਿਤ ਪੁਸਤਕਾਂ, ਰਸਾਲੇ, ਟ੍ਰੈਕਟ ਤੇ ਅਖ਼ਬਾਰ ਸੰਭਾਲੇ ਹੋਏ ਸਨ। ਇਸ ਭੰਡਾਰ ਨੂੰ ਸਿੱਖ ਸਾਹਿਤ ਦੇ ਉੱਘੇ ਅਮਰੀਕੀ ਵਿਦਵਾਨ ਪ੍ਰੋ. ਐਨ. ਜੀ. ਬੈਰੀਅਰ ਨੇ ਫਿਰੋਜ਼ਪੁਰ ਵਿਖੇ ਵਿਚਰ ਕੇ ਸੂਚੀਬੱਧ ਕੀਤਾ ਅਤੇ ਇਸਦੇ ਆਧਾਰ ਉਤੇ ਉਨ੍ਹਾਂ ਨੇ ਆਪਣਾ ਪ੍ਰਸਿੱਧ ਗ੍ਰੰਥ 'A Guide to Sikh Literature (1849-1919) ਲਿਖਿਆ। ਇਹ ਸਾਰੀ ਕੀਮਤੀ ਸਿੱਖ 'ਸਮੱਗਰੀ ਭਾਈ ਮੋਹਨ ਸਿੰਘ ਵੈਦ ਪੁਸਤਕਾਲੇ' ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਸੁਰੱਖਿਅਤ ਕਰ ਲਈ ਗਈ ਹੈ। ਪ੍ਰੋ. ਐਨ. ਜੀ. ਬੈਰੀਅਰ ਨੇ ਆਪਣੀ ਇਹ ਮਹਾਨ ਪੁਸਤਕ ਭਾਈ ਤਖ਼ਤ ਸਿੰਘ ਫਿਰੋਜ਼ਪੁਰ ਤੇ ਮੋਹਨ ਸਿੰਘ ਵੈਦ ਨੂੰ ਇਹ ਲਿਖ ਕੇ ਸਮਰਪਿਤ ਕੀਤੀ ਸੀ ਕਿ ਇਹ ਦੋ ਸਿੱਖ ਸੱਜਣ ਦੂਰ ਅੰਦੇਸ਼ ਸਨ, ਜਿਨ੍ਹਾਂ ਨੇ ਆਪਣੇ ਜੀਵਨ ਕਾਲ ਵਿਚ ਪ੍ਰਕਾਸ਼ਿਤ ਹੋਇਆ ਸਾਰਾ ਸਿੱਖ ਸਾਹਿਤ ਆਪੋ-ਆਪਣੇ ਪੁਸਤਕਾਲਿਆਂ ਵਿਚ ਸੰਭਾਲਣ ਦੀ ਕੋਸ਼ਿਸ਼ ਕੀਤੀ ਸੀ। ਗਿਆਨੀ ਦਿੱਤ ਸਿੰਘ ਨੇ ਜੋ ਵੀ ਕਲਮ ਤੇ ਸਟੇਜ ਰਾਹੀਂ ਗੁਰਮਤਿ ਅਤੇ ਸਿੱਖ ਸਮਾਜ ਦੀ ਸੇਵਾ ਉਨ੍ਹੀਵੀਂ ਸਦੀ ਦੇ ਮਗਰਲੇ ਤਿੰਨ ਦਹਾਕਿਆਂ ਦੌਰਾਨ ਕੀਤੀ, ਜਿਸਤੋਂ ਮਗਰੋਂ ਹੋਣ ਵਾਲੇ ਗੁਰਮਤਿ ਦੇ ਵਿਦਵਾਨਾਂ, ਪ੍ਰਚਾਰਕਾਂ ਅਤੇ ਸੰਤ ਮਹਾਤਮਾਵਾਂ ਨੇ ਅਗਵਾਈ ਲੈ ਕੇ ਸਿੱਖ ਪੰਥ ਨੂੰ ਅੰਤਰ-ਰਾਸ਼ਟਰੀ ਬਣਾਉਣ ਵਿਚ ਢੁਕਵੀਂ ਤੇ ਲੋੜੀਂਦੀ ਭੂਮਿਕਾ ਨਿਭਾਈ ਅਤੇ ਅੱਜ ਸਿੱਖ ਧਰਮ ਸੰਸਾਰ ਦੇ ਸਭ ਤੋਂ ਵੱਧ ਦੇਸ਼ਾਂ ਵਿਚ ਫੈਲਿਆ ਹੋਇਆ ਹੈ।

ਆਪ ਦੀ ਵਾਰਤਕ ਤੇ ਕਵਿਤਾ ਅਤਿ ਸਾਦੀ ਤੇ ਜ਼ੋਰਦਾਰ ਹੁੰਦੀ ਸੀ। ਗਿਆਨੀ ਦਿੱਤ ਸਿੰਘ ਨੂੰ ਕਵਿਤਾ ਅਤੇ ਵਾਰਤਕ ਦੋਨਾਂ ਵਿਚ ਮੁਹਾਰਤ ਹਾਸਲ ਸੀ। ਉਨ੍ਹਾਂ ਨੇ ਤਤਕਾਲੀਨ ਸਮੱਸਿਆਵਾਂ ਉੱਤੇ ਕਈ ਰਚਨਾਵਾਂ ਰਚੀਆਂ।

**ਗਿਆਨੀ ਦਿੱਤ ਸਿੰਘ ਦੀ ਵੰਸ਼:**

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਗਿਆਨੀ ਦਿੱਤ ਸਿੰਘ ਦੇ ਘਰ ਇਕ ਲੜਕੀ ਤੇ ਲੜਕਾ ਪੈਦਾ ਹੋਏ ਸਨ। ਲੜਕੀ ਤਾਂ ਪਹਿਲਾਂ ਹੀ 17 ਜੂਨ 1901 ਨੂੰ ਸੁਰਗਵਾਸ ਹੋ ਗਈ ਸੀ। ਇਹਨਾਂ ਦੇ ਲੜਕੇ ਬਲਦੇਵ ਸਿੰਘ ਦਾ ਜਨਮ 1886 ਨੂੰ ਹੋਇਆ ਸੀ। ਇਹਨਾਂ ਨੇ ਐਫ. ਏ. ਪਾਸ ਕਰਨ ਉਪਰੰਤ 1901 ਵਿਚ ਮੈਡੀਕਲ ਕਾਲਜ ਲਾਹੌਰ ਵਿਚ ਦਾਖ਼ਲਾ ਲਿਆ। ਜੂਨ 1903 ਵਿਚ ਬਲਦੇਵ ਸਿੰਘ ਦਾ ਵਿਆਹ ਪਿੰਡ ਉਚਨਾ (ਮਾਛੀਵਾੜਾ ਲਾਗੇ) ਵਿਖੇ ਫੌਜਾ ਸਿੰਘ ਦੀ ਲੜਕੀ ਇੰਦਰ ਕੌਰ ਨਾਲ ਪੂਰਨ ਗੁਰ-ਮਰਿਆਦਾ ਅਨੁਸਾਰ ਹੋਇਆ। 1904 ਈ. ਵਿਚ ਬਲਦੇਵ ਸਿੰਘ ਆਪਣੀ ਕਲਾਸ ਵਿਚ ਫੇਲ੍ਹ ਹੋ ਜਾਣ ਕਾਰਨ, ਮਹਾਰਾਜਾ ਰਿਪੁਦਮਨ ਸਿੰਘ ਦੀ ਸਹਿਮਤੀ ਨਾਲ 1905 ਈ. ਵਿਚ ਡਾਕਟਰੀ ਵਿੱਦਿਆ ਪ੍ਰਾਪਤ ਕਰਨ ਲਈ ਇੰਗਲੈਂਡ ਚਲਾ ਗਿਆ। ਦੇਸ਼ ਵਾਪਸੀ ਤੇ, ਲਾਹੌਰ ਸਿੰਘ ਸਭਾ ਵਿਚਲੇ ਵਿਰੋਧੀ ਧੜੇ ਵਲੋਂ ਛੂਤ-ਛਾਤ ਦੇ ਆਧਾਰ ਤੇ ਇਹਨਾਂ ਦੇ ਡਾਕਟਰੀ ਕੰਮਾਂ ਵਿਚ ਰੁਕਾਵਟਾਂ ਖੜ੍ਹੀਆਂ ਕੀਤੀਆਂ। ਅੰਤ ਮਹਾਰਾਜਾ ਰਿਪੁਦਮਨ ਸਿੰਘ ਨੇ ਨਾਭੇ ਵਿਖੇ ਹੈਲਥ ਅਫਸਰ ਦੀ ਅਸਾਮੀ ਤੇ ਲਗਾਇਆ। 1921 ਵਿਚ ਮਹਾਰਾਜਾ ਪਟਿਆਲਾ ਦੇ ਆਪਸੀ ਝਗੜੇ ਵਿਚ ਬਲਦੇਵ ਸਿੰਘ ਨੂੰ ਵੀ ਘਸੀਟ ਲਿਆ ਗਿਆ। ਬਲਦੇਵ ਸਿੰਘ ਆਪਣੇ ਮਾਤਾ ਤੇ ਪਰਿਵਾਰ ਸਮੇਤ ਬੰਬਈ ਹੁੰਦਿਆਂ ਨਿਊਜ਼ੀਲੈਂਡ ਜਾ ਪੁੱਜਾ। 1936 ਈ. ਵਿਚ ਮਾਤਾ ਜੋ ਭਾਈ ਤਖ਼ਤ ਸਿੰਘ ਪਾਸ ਫਿਰੋਜ਼ਪੁਰ ਵਿਖੇ ਬੁਢਾਪਾ ਕੱਟ ਰਹੀ ਸੀ, ਦੀ ਮੌਤ ਹੋ ਗਈ। ਬਲਦੇਵ ਸਿੰਘ ਨਿਊਜ਼ੀਲੈਂਡ ਤੋਂ ਪੰਜਾਬ ਪੁੱਜਿਆ ਅਤੇ ਛੂਤ-ਛਾਤ ਦੇ ਕਾਰਨ ਗੁਮਨਾਮੀ ਵਿਚ ਰਹਿਣ ਲੱਗਾ। ਅਚਾਨਕ ਸ. ਐਸ. ਐਸ. ਚਰਨ ਸਿੰਘ ਨੂੰ ਉਹਨਾਂ ਦੀ ਗੁਮਨਾਮੀ ਦਾ ਭੇਦ ਪਤਾ ਚਲ ਗਿਆ। ਉਨ੍ਹਾਂ ਦੇ ਸੰਪਰਕ ਵਿਚ ਆਉਣ ਨਾਲ ਬਲਦੇਵ ਸਿੰਘ ਸਿੱਖ ਸਜ ਗਿਆ। 1937 ਵਿਚ ਹੁਸ਼ਿਆਰਪੁਰ ਦੇ ਹੈਲਥ ਅਫਸਰ ਦੀ ਨੌਕਰੀ ਕੀਤੀ। ਉਦੋਂ ਤਕ ਇਨ੍ਹਾਂ ਦੇ ਇਕਲੌਤੇ ਬੇਟੇ ਅਤੇ ਪਤਨੀ ਸੁਰਗਵਾਸ ਹੋ

ਚੁੱਕੇ ਸਨ। ਬਲਦੇਵ ਸਿੰਘ 16 ਜੂਨ, 1940 ਨੂੰ ਸੋਲਨ ਵਿਖੇ ਗਰਮੀ ਦੀਆਂ ਛੁੱਟੀਆਂ ਦੌਰਾਨ ਦਿਲ ਫੇਲ੍ਹ ਹੋਣ ਕਾਰਨ ਅਕਾਲ ਚਲਾਣਾ ਕਰ ਗਏ ਅਤੇ ਗਿਆਨੀ ਦਿੱਤ ਸਿੰਘ ਦੀ ਵੰਸ਼ ਵੀ ਆਪਣੇ ਨਾਲ ਸਮਾਪਤ ਕਰ ਗਏ।[24]

# ਹਵਾਲੇ ਅਤੇ ਟਿੱਪਣੀਆਂ


1. ਨਰਿੰਦਰ ਸਿੰਘ ਕਪੂਰ, **ਭਾਈ ਦਿੱਤ ਸਿੰਘ– ਜੀਵਨ ਤੇ ਰਚਨਾ**, ਪੰ. 2
2. ਯਾਦਗਾਰ ਗਿਆਨੀ ਦਿੱਤ ਸਿੰਘ, ਨੰਦਪੁਰ ਕਲੌੜ ਜਿਲਾ ਪਟਿਆਲਾ, **ਪੰਜਾਬ** (ਰਜਿਸਟਰਡ), ਪੰ. 3
3. ਉਹੀ, ਪੰ. 4
4. ਗਿਆਨੀ ਗੁਰਦਿੱਤ ਸਿੰਘ (ਸੰਪਾਦਕ), **ਸਿੰਘ ਸਭਾ ਪਤ੍ਰਿਕਾ**, ਪੰ. 43
5. ਦਿੱਤ ਸਿੰਘ ਗਯਾਨੀ, **ਪੰਡਤ ਦਯਾ ਨੰਦ ਨਾਲ ਮੇਰਾ ਸੰਵਾਦ**, ਪੰ. 2
6. ਗਿਆਨੀ ਦਿੱਤ ਸਿੰਘ (ਸੰਪਾਦਕ), **ਸਿੰਘ ਸਭਾ ਪਤ੍ਰਿਕਾ**, ਪੰ. 43
7. ਗਿਆਨੀ ਦਿੱਤ ਸਿੰਘ, **ਪੰਡਤ ਦਯਾ ਨੰਦ ਨਾਲ ਮੇਰਾ ਸੰਵਾਦ**, ਪੰ.3
8. ਉਹੀ, ਪੰ. 10
9. ਗਿਆਨੀ ਗੁਰਦਿੱਤ ਸਿੰਘ (ਸੰਪਾਦਕ) **ਸਿੰਘ ਸਭਾ ਪਤ੍ਰਿਕਾ**, ਪੰ. 52 ਤੇ ਉਦਰਹਿਤ
10. ਨਰਿੰਦਰ ਸਿੰਘ ਕਪੂਰ, **ਭਾਈ ਦਿੱਤ ਸਿੰਘ– ਜੀਵਨ ਤੇ ਰਚਨਾ**, ਪੰ. 4
11. ਗਿਆਨੀ ਗੁਰਦਿੱਤ ਸਿੰਘ (ਸੰਪਾਦਕ) **ਸਿੰਘ ਸਭਾ ਪਤ੍ਰਿਕਾ**, ਪੰ. 54
12. ਗਿਆਨੀ ਦਿੱਤ ਸਿੰਘ, **ਪੰਡਤ ਦਯਾ ਨੰਦ ਨਾਲ ਮੇਰਾ ਸੰਵਾਦ**, ਪੰ. 2
13. ਯਾਦਗਾਰ ਗਿਆਨੀ ਦਿੱਤ ਸਿੰਘ, ਨੰਦਪੁਰ ਕਲੌੜ ਜਿਲਾ ਪਟਿਆਲਾ, **ਪੰਜਾਬ** (ਰਜਿਸਟਰਡ), ਪੰ. 1
14. ਨਰਿੰਦਰ ਸਿੰਘ ਕਪੂਰ, **ਭਾਈ ਦਿੱਤ ਸਿੰਘ– ਜੀਵਨ ਤੇ ਰਚਨਾ**, ਪੰ. 34 ਤੇ ਉਦਰਹਿਤ
15. ਗਿਆਨੀ ਗੁਰਦਿੱਤ ਸਿੰਘ (ਸੰਪਾਦਕ) **ਸਿੰਘ ਸਭਾ ਪਤ੍ਰਿਕਾ**, ਪੰ. 51

16. **ਸਿੰਘ ਸਭਾ ਪਤ੍ਰਿਕਾ**, ਸਤੰਬਰ 1990, ਪੰ.52

17. **ਸਿੰਘ ਸਭਾ ਪਤ੍ਰਿਕਾ**, ਸਤੰਬਰ 1990, ਪੰ. 45

18. **ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ,** ਪੰਜਾਬ, ਡਾ. ਗੰਡਾ ਸਿੰਘ (ਸੰਪਾਦਕ), ਪੰ. 123

19. ਕੈਪਟਨ ਧਰਮ ਸਿੰਘ, **ਸਿੰਘ ਸਭਾ ਲਹਿਰ ਦੇ ਮੋਢੀ ਗਿਆਨੀ ਦਿੱਤ ਸਿੰਘ**, ਪੰ. 47

20. ਨਰਿੰਦਰ ਸਿੰਘ ਕਪੂਰ, **ਭਾਈ ਦਿੱਤ ਸਿੰਘ ਜੀਵਨ ਤੇ ਰਚਨਾ**, ਪੰ. 47 ਤੇ ਉਦਰਹਿਤ

21. ਕੈਪਟਨ ਧਰਮ ਸਿੰਘ, **ਸਿੰਘ ਸਭਾ ਲਹਿਰ ਦੇ ਮੋਢੀ ਗਿਆਨੀ ਦਿੱਤ ਸਿੰਘ**, ਪੰ. 51

22. ਨਰਿੰਦਰ ਸਿੰਘ ਕਪੂਰ, **ਭਾਈ ਦਿੱਤ ਸਿੰਘ ਜੀਵਨ ਤੇ ਰਚਨਾ**, ਪੰ. 20

23. ਗਿਆਨੀ ਗੁਰਦਿੱਤ ਸਿੰਘ (ਸੰਪਾਦਕ) **ਗਿਆਨੀ ਦਿੱਤ ਸਿੰਘ ਜੀਵਨ ਤੇ ਰਚਨਾ**, ਪੰ. 143-144

24. ਕੈਪਟਨ ਧਰਮ ਸਿੰਘ, **ਸਿੰਘ ਸਭਾ ਲਹਿਰ ਦੇਮੋਢੀ ਗਿਆਨੀ ਦਿੱਤ ਸਿੰਘ**, ਪੰ. 7-8

# ਅਧਿਆਇ ਤੀਜਾ

*

*

*

*

*

# ਗਿਆਨੀ ਦਿੱਤ ਸਿੰਘ ਦਾ ਗੱਦ-ਪਦ

# ਰਚਨਾ ਸੰਸਾਰ

# ਗਿਆਨੀ ਦਿੱਤ ਸਿੰਘ ਦਾ ਗੱਦ-ਪਦ

## ਰਚਨਾ ਸੰਸਾਰ

ਅੰਗਰੇਜ਼ਾਂ ਦੇ ਪੰਜਾਬ ਤੇ ਕਬਜ਼ੇ ਤੋਂ ਬਾਅਦ, ਪੰਜਾਬ ਵਿਚ ਵਿੱਦਿਆ ਦਾ ਇਕ ਨਵਾਂ ਦੌਰ ਸ਼ੁਰੂ ਹੋਇਆ। ਪੰਜਾਬੀ ਛਾਪੇਖਾਨੇ ਦੇ ਹੁਨਰ ਦੀ ਪਿਰਤ ਵੀ ਅੰਗਰੇਜ਼ਾਂ ਨੇ ਹੀ ਪਾਈ। ਅੰਗਰੇਜ਼ਾਂ ਦੇ ਆਉਣ ਨਾਲ ਹੀ ਪੰਜਾਬ ਵਿਚ ਪੰਜਾਬੀ ਸਾਹਿਤ ਦਾ ਆਧੁਨਿਕ ਯੁਗ ਸ਼ੁਰੂ ਹੋਇਆ। ਉਹਨਾਂ ਨੇ ਹੀ ਪੰਜਾਬ ਵਿਚ ਵਿੱਦਿਆ ਦਾ ਮਹਿਕਮਾ ਸਥਾਪਤ ਕੀਤਾ ਅਤੇ ਇਕ ਅਜਿਹਾ ਵਿੱਦਿਅਕ ਢਾਂਚਾ ਉਸਾਰਿਆ, ਜਿਸਦੇ ਫਲਸਰੂਪ ਵਿਚਾਰਾਂ ਦੇ ਆਦਾਨ-ਪ੍ਰਦਾਨ ਦਾ ਸਿਲਸਲਾ ਸੁਖਾਲੇ ਰੌਂ ਵਿਚ ਹੋ ਸਕਿਆ। ਅੰਗਰੇਜ਼ਾਂ ਨੇ ਹੀ ਵਿਆਕਰਣ ਤੇ ਸ਼ਬਦਕੋਸ਼ ਰਚੇ ਅਤੇ ਆਪਣੇ ਧਰਮ ਪ੍ਰਚਾਰ ਲਈ ਅੰਗਰੇਜ਼ ਮਿਸ਼ਨਰੀਆਂ ਨੇ ਸਾਹਿਤ ਛਾਪਿਆ। ਉਨ੍ਹਾਂ ਨੇ ਹੀ ਪੰਜਾਬੀ ਸਭਿਆਚਾਰ, ਪੰਜਾਬੀ ਬੋਲੀ ਅਤੇ ਧਰਮ ਸੰਬੰਧੀ ਪੁਸਤਕਾਂ ਲਿਖਵਾਈਆਂ ਜਾਂ ਆਪ ਲਿਖੀਆਂ। ਇਸ ਤਰ੍ਹਾਂ 1849 ਈ. ਤੋਂ ਬਾਅਦ ਪੰਜਾਬ ਦਾ ਇਤਿਹਾਸ ਇਕ ਨਵੇਂ ਯੁਗ ਵਿਚ ਦਾਖ਼ਲ ਹੁੰਦਾ ਹੈ। ਇਸ ਤੋਂ ਹੀ ਆਧੁਨਿਕ ਪੰਜਾਬ ਦੇ ਵਿਕਾਸ ਦਾ ਆਰੰਭ ਹੁੰਦਾ ਹੈ ਅਤੇ ਪੱਛਮੀ ਸਭਿਅਤਾ ਦਾ ਪ੍ਰਭਾਵ ਸਿੱਧਾ ਅਤੇ ਆਪ ਮੁਹਾਰੇ ਪੈਣਾ ਸ਼ੁਰੂ ਹੋ ਜਾਂਦਾ ਹੈ। ਨਵੀਂ ਵਿੱਦਿਆ ਦਾ ਸਿਲਸਿਲਾ ਨਵੇਂ ਸਕੂਲ ਅਤੇ ਕਾਲਜਾਂ ਰਾਹੀਂ ਸਥਾਪਿਤ ਹੋ ਗਿਆ। ਇਸ ਸਮੇਂ ਤਕ ਈਸਾਈ ਪਾਦਰੀਆਂ ਨੇ ਵੀ ਈਸਾਈ ਮੱਤ ਦਾ ਪ੍ਰਚਾਰ ਜ਼ੋਰਾਂ ਨਾਲ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਸ਼ਕਤੀਆਂ ਨੇ ਪੰਜਾਬੀ ਦਿਲਾਂ ਦਿਮਾਗਾਂ ਨੂੰ ਹਲੂਣਿਆ ਅਤੇ ਉਹਨਾਂ ਵਿਚ ਇਕ ਨਵੀਂ ਚੇਤਨਤਾ ਉਤਪੰਨ ਹੋਣ ਲੱਗੀ। ਇਹ ਚੇਤਨਤਾ ਪਹਿਲਾਂ-ਪਹਿਲ ਧਾਰਮਿਕ ਅਤੇ ਸਾਮਾਜਿਕ ਖੇਤਰਾਂ ਵਿਚ ਪ੍ਰਗਟ ਹੋਈ। ਸਿੱਖਾਂ ਵਿਚ ਵੀ ਸੁਧਾਰਕ ਲਹਿਰਾਂ ਦਾ ਆਰੰਭ ਹੋਇਆ। ਇਹਨਾਂ ਸੁਧਾਰਕ ਲਹਿਰਾਂ ਦੇ ਵਾਤਾਵਰਨ ਵਿਚ ਸਾਹਿਤ ਦੇ ਖੇਤਰ ਵਿਚ ਅਸਚਰਜ-ਜਨਕ ਕੰਮ ਹੋਣ ਲੱਗਾ।

ਅੰਗਰੇਜ਼ ਪਾਦਰੀਆਂ ਦੁਆਰਾ ਈਸਾਈ ਧਰਮ ਦੇ ਪਰਚਾਰ ਦੇ ਵਿਰੋਧ ਵਿਚ ਪੰਜਾਬ ਵਿਚ ਕਈ ਸਾਮਾਜਿਕ-ਧਾਰਮਿਕ ਲਹਿਰਾਂ ਨੇ ਜਨਮ ਲਿਆ। ਇਹਨਾਂ ਲਹਿਰਾਂ ਵਿਚੋਂ ਸਿੰਘ ਸਭਾ, ਅਹਿਮਦੀਆ (ਕਾਦਿਆਨੀ) ਅਤੇ ਚੇਤ ਰਾਮੀ ਲਹਿਰਾਂ ਖ਼ਾਸ ਕਰਕੇ ਪੰਜਾਬ ਨਾਲ ਸੰਬੰਧਿਤ ਸਮਝੀਆਂ ਜਾਂਦੀਆਂ ਹਨ। ਇਹਨਾਂ ਵਿਚੋਂ ਸਾਡਾ ਸੰਬੰਧ ਸਿੰਘ ਸਭਾ ਲਹਿਰ ਨਾਲ ਹੈ। ਇਸ ਲਹਿਰ ਨੇ ਬਹੁਤ ਸਾਰੇ ਪੰਜਾਬੀ ਸਾਹਿਤਕਾਰਾਂ ਨੂੰ ਜਨਮ ਦਿੱਤਾ। ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਵੀਰ ਸਿੰਘ ਅਤੇ ਭਾਈ ਮੋਹਨ ਸਿੰਘ ਵੈਦ ਆਦਿ ਦੇ ਨਾਂ ਖ਼ਾਸ ਮਹੱਤਤਾ ਰੱਖਦੇ ਹਨ। ਸਾਡੇ ਖੋਜ-ਪ੍ਰਬੰਧ ਦਾ ਸੰਬੰਧ ਗਿਆਨੀ ਦਿੱਤ ਸਿੰਘ ਨਾਲ ਹੈ। ਇਹਨਾਂ ਦੀਆਂ ਰਚਨਾਵਾਂ ਦਾ ਅਧਿਐਨ ਕਰਨਾ ਹੀ ਸਾਡਾ ਮਕਸਦ ਹੈ। ਗਿਆਨੀ ਦਿੱਤ ਸਿੰਘ ਦੀਆਂ ਰਚਨਾਵਾਂ ਦਾ ਵੇਰਵਾ ਪਿਛਲੇ ਅਧਿਆਇ ਵਿਚ ਆ ਚੁੱਕਾ ਹੈ। ਇਸ ਅਧਿਆਇ ਵਿਚ ਅਸੀਂ ਉਹਨਾਂ ਦੀਆਂ ਵਾਰਤਕ ਰਚਨਾਵਾਂ ਦਾ ਹੀ ਵਿਸ਼ੈ-ਗਤ ਅਧਿਐਨ ਕਰਾਂਗੇ, ਪਰੰਤੂ ਇਹਨਾਂ ਰਚਨਾਵਾਂ ਦਾ ਅਧਿਐਨ ਕਰਨ ਤੋਂ ਪਹਿਲਾਂ, ਵਾਰਤਕ ਕੀ ਹੈ? ਇਸ ਬਾਰੇ ਸੰਖੇਪ ਚਰਚਾ ਕਰਨਾ ਵਿਸ਼ੇ ਨੂੰ ਅਧਿਕ ਸਪਸ਼ਟ ਕਰਨ ਵਿਚ ਸਹਾਈ ਹੋਵੇਗਾ।

ਵਾਰਤਕ ਜਾਂ ਗੱਦ ਅਜਿਹੀ ਲਲਿਤ ਸ਼ਬਦ-ਸਿਰਜਣਾ ਨੂੰ ਆਖਿਆ ਜਾਂਦਾ ਹੈ, ਜਿਸ ਵਿਚ ਬੌਧਿਕਤਾ, ਤਰਕ, ਵਾਦ-ਵਿਵਾਦ, ਜਾਂ ਦਲੀਲ ਪ੍ਰਧਾਨ ਹੋਵੇ ਅਤੇ ਅਜਿਹੀ ਸ਼ਬਦ-ਸਿਰਜਣਾ ਵਿਆਕਰਨ ਦੇ ਨਿਯਮਾਂ 'ਤੇ ਪੂਰੀ ਉਤਰਦੀ ਹੋਵੇ। ਵਾਰਤਕ ਵਿਚ ਭਾਵਾਂ-ਭਾਵਨਾਵਾਂ ਦਾ ਅਭਾਵ ਨਹੀਂ ਹੁੰਦਾ। ਵਾਰਤਕਕਾਰ ਆਪਣੇ ਜਜ਼ਬਿਆਂ ਨੂੰ ਬੇਮੁਹਾਰੀ ਨਹੀਂ ਹੋਣ ਦਿੰਦਾ। ਉਹ ਇਹਨਾਂ ਨੂੰ ਇਕ ਵਿਵੇਕਸ਼ੀਲ ਲੜੀ ਵਿਚ ਪਰੋ ਕੇ ਪ੍ਰਸਤੁਤ ਕਰਦਾ ਹੈ। ਵਾਰਤਕ ਤੁਕਾਂਤ-ਮੇਲ ਰਹਿਤ ਅਤੇ ਛੰਦ-ਮੁਕਤ ਰਚਨਾ ਹੁੰਦੀ ਹੈ, ਜਿਸ ਵਿਚ ਵਸਤੂ ਨੂੰ ਸਰਲ, ਸਪਸ਼ਟ, ਸਿੱਧੀ ਤੇ ਸਾਦ-ਮੁਰਾਦੀ ਯੋਜਨਾ ਵਿਚ ਸਾਧਾਰਣ ਸ਼ਬਦਾਵਲੀ ਵਿਚ, ਵਾਕ-ਬੱਧ ਕੀਤਾ ਜਾਂਦਾ ਹੈ। ਸਾਹਿਤ ਦਾ ਇਹ ਵਿਆਖਿਆਮਈ ਜਾਂ ਬਿਰਤਾਂਤਕ ਰੂਪ ਹੈ।

ਗੱਦ-ਪਦ ਉਤੇ ਚਰਚਾ ਕਰਨ ਵੇਲੇ ਅਕਸਰ ਗੱਦ ਜਾਂ ਵਾਰਤਕ ਤੇ ਪਦ ਅਥਵਾ ਕਵਿਤਾ ਵਿਚਲੇ ਅੰਤਰ ਨੂੰ ਮੂਰਤੀਮਾਨ ਕੀਤਾ ਜਾਂਦਾ ਹੈ। ਇਹ ਅੰਤਰ ਦੋ ਪ੍ਰਕਾਰ ਦਾ ਹੋ ਸਕਦਾ ਹੈ, ਵਸਤੂ ਪੱਧਰ ਤੇ ਅਤੇ ਤਕਨੀਕ ਦੇ ਪੱਧਰ ਤੇ। ਕਵਿਤਾ ਦੇ ਤਕਨੀਕੀ ਪ੍ਰਬੰਧ ਵਿਚ ਛੰਦਾ-ਬੰਦੀ, ਤੋਲ-ਤੁਕਾਂਤ, ਅਨੁਪ੍ਰਾਸ ਅਤੇ ਲੈਅ ਦਾ ਜ਼ਿਕਰ ਕੀਤਾ ਜਾਂਦਾ ਹੈ। ਵਾਰਤਕ ਇਹਨਾਂ ਉਪਰੋਕਤ ਤੱਤਾਂ ਤੋਂ ਮੁਕਤ ਹੁੰਦੀ ਹੈ। ਕਵਿਤਾ ਵਿਚ ਬਿੰਬ, ਚਿੰਨ੍ਹ, ਕਲਪਨਾ ਆਦਿ ਕਵਿਤਾ ਦੇ ਸ਼ਿੰਗਾਰ ਮੰਨੇ ਜਾਂਦੇ ਹਨ, ਪਰੰਤੂ ਵਾਰਤਕ ਵਿਚ ਇਹਨਾਂ ਦਾ ਮਹੱਤਵ ਬਹੁਤ ਸੀਮਤ ਹੁੰਦਾ ਹੈ। ਕਵਿਤਾ ਦੀ ਬੋਲੀ ਸੰਕੇਤਮਈ ਹੁੰਦੀ ਹੈ, ਪਰੰਤੂ ਵਾਰਤਕ ਦੀ ਭਾਸ਼ਾ ਸਰਲ ਤੇ ਸਪਸ਼ਟ ਹੁੰਦੀ ਹੈ। ਕਰਿਸ ਬਾਲਦਿਕ ਨੇ ਵਾਰਤਕ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ:

> ਲਿਖਤ ਭਾਸ਼ਾ ਦਾ ਇਕ ਰੂਪ ਜਿਹੜਾ ਕਵਿਤਾ ਦੇ ਆਮ ਪੈਟਰਨ ਵਾਂਗ ਸੰਗਠਿਤ ਨਹੀਂ ਹੁੰਦਾ ਭਾਵੇਂ ਇਸ ਵਿਚ ਕੁਝ ਕੁ ਨਿਯਮਿਤ ਆਵਰਤਨ ਹੁੰਦਾ ਹੈ ਅਤੇ ਕੁਝ ਸਮਤੋਲ ਅਤੇ ਬਾਰੰਬਾਰ ਦੀ ਯੁਕਤੀ ਹੁੰਦੀ ਹੈ, ਜਿਹੜੇ ਇਕ ਨਿਯਮਤ ਆਮ ਪ੍ਰਬੰਧ ਦੁਆਰਾ ਨਿਸ਼ਚਿਤ ਨਹੀਂ ਕੀਤੇ ਜਾਂਦੇ, ਮਹੱਤਵਪੂਰਨ ਇਕਾਈ ਤੁੱਕ ਨਹੀਂ ਸਗੋਂ, ਪੂਰਨ ਵਾਕ ਹੁੰਦਾ ਹੈ।[1]

ਉਪਰੋਕਤ ਪਰਿਭਾਸ਼ਾ ਤੋਂ ਸਪਸ਼ਟ ਹੁੰਦਾ ਹੈ ਕਿ ਵਾਰਤਕ ਕਵਿਤਾ ਨਾਲੋਂ ਭਿੰਨ ਪ੍ਰਕਾਰ ਦੀ ਹੁੰਦੀ ਹੈ। ਕਵਿਤਾ ਵਾਂਗ ਭਾਵੇਂ ਵਾਰਤਕ ਸੰਗਠਿਤ ਨਹੀਂ ਹੁੰਦੀ, ਪਰ ਇਸ ਦਾ ਮਤਲਬ ਇਹ ਵੀ ਨਹੀਂ ਕਿ ਵਾਰਤਕ ਖਿਲਾਰੇ ਵਾਲੀ ਹੁੰਦੀ ਹੈ। ਵਾਰਤਕ ਆਮ ਬੋਲ ਚਾਲ ਦੀ ਭਾਸ਼ਾ ਵਿਚ ਵਿਚਾਰਾਂ ਅਤੇ ਵਿਸ਼ਾ-ਵਸਤੂ ਨੂੰ ਇਕ ਨਿਯਮਤ ਨੇਮ ਵਿਚ ਪ੍ਰਸਤੁਤ ਕਰਦੀ ਹੈ।

ਪੰਜਾਬੀ ਗੱਦ ਦੇ ਉਦਗਮ ਸੰਬੰਧੀ ਪ੍ਰੋ. ਪੂਰਨ ਸਿੰਘ ਦੇ ਵਿਚਾਰ ਬਹੁਤ ਹੀ ਸਾਰਥਿਕ ਹਨ:

> ਪੰਜਾਬੀ ਦਾ ਸਾਹਿਤ ਗੁਰੂ ਨਾਨਕ ਦੇਵ ਜੀ ਦੇ ਮੰਦਰਾਂ ਦੇ ਆਲੇ-ਦੁਆਲੇ, ਬ੍ਰਿਛਾਂ ਦੀਆਂ ਛਾਵਾਂ ਵਿਚ ਪਲਿਆ। ਨਸਰ ਉਨ੍ਹਾਂ ਲੋਕਾਂ ਨੇ ਪਹਿਲੀ ਵਾਰ ਲਿਖੀ ਜਿਨ੍ਹਾਂ ਦੇ ਹੋਠ ਗੁਰੂ ਸਾਹਿਬ ਦੇ ਪਿਆਰ-ਅੰਮ੍ਰਿਤ ਨਾਲ ਸਿੰਚੇ, ਗੁਲਾਬ ਦੀਆਂ ਪੱਤੀਆਂ ਵਾਂਗ ਸਿਫਤ ਸਮੀਰ ਨਾਲ ਮਿਲਦੇ ਸਨ।[2]

ਪੰਜਾਬੀ ਵਾਰਤਕ ਦੀਆਂ ਆਦਿ-ਕ੍ਰਿਤਾਂ ਗੁਰੂ ਨਾਨਕ ਦੇਵ ਦੀਆਂ ਜਨਮ ਸਾਖੀਆਂ, ਗੋਸ਼ਟਾਂ, ਪਰਮਾਰਥਾਂ, ਟੀਕਿਆਂ, ਬਚਨਾਂ ਆਦਿ ਦੇ ਰੂਪ ਵਿਚ ਹੀ ਉਪਲਬਧ ਹਨ। ਇਨ੍ਹਾਂ ਵਿਚੋਂ ਸਭ ਤੋਂ ਪੁਰਾਣੀ ਰਚਨਾ ਸ਼ਾਇਦ ਗੁਰੂ ਨਾਨਕ ਦੇਵ ਜੀ ਦੀ ਉਹ ਜੀਵਨ ਕਥਾ ਹੈ, ਜਿਸ ਨੂੰ ਭਾਈ ਵੀਰ ਸਿੰਘ ਨੇ ਸੰਪਾਦਿਤ ਕਰਕੇ ਪੁਰਾਤਨ ਜਨਮ ਸਾਖੀ ਦਾ ਨਾਂ ਦਿੱਤਾ ਹੈ। ਇਸ ਪੁਸਤਕ ਦਾ ਲਿਖਣ ਸਮਾਂ 1635 ਈ. ਮੰਨਿਆ ਜਾਂਦਾ ਹੈ।

ਵਾਰਤਕ ਕਈ ਪ੍ਰਕਾਰ ਦੀ ਹੋ ਸਕਦੀ ਹੈ। ਵਾਰਤਕ ਦੀ ਵਿਧੀ ਵਾਰਤਕ ਦੇ ਵਿਸ਼ਾ-ਵਸਤੂ ਅਤੇ ਰਚਨਾ-ਪ੍ਰਯੋਜਨ ਤੇ ਨਿਰਭਰ ਹੁੰਦੀ ਹੈ। ਇਹ ਸਾਹਿਤ ਦਾ ਗਿਆਨਮਈ ਰੂਪ ਹੈ। ਵਾਰਤਕ ਵਿਚ ਵਿਆਖਿਆ, ਬਿਰਤਾਂਤ ਅਤੇ ਵਾਦ-ਵਿਵਾਦ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਇਹਨਾਂ ਦੇ ਆਧਾਰ ਤੇ ਅਸੀਂ ਵਾਰਤਕ ਸ਼ੈਲੀਆਂ ਨੂੰ ਨਿਰਧਾਰਤ ਕਰ ਸਕਦੇ ਹਾਂ। ਜਿਵੇਂ ਵਿਆਖਿਆਮਈ, ਵਰਣਨਾਤਮਿਕ, ਵਿਚਾਰਾਤਮਿਕ, ਭਾਵਾਤਮਿਕ ਆਦਿ ਸ਼ੈਲੀਆਂ।

ਅੰਗਰੇਜ਼ੀ ਵਿਚ ਨਾਵਲ, ਨਾਟਕ, ਨਿੱਕੀ-ਕਹਾਣੀ ਦੀ ਵਾਰਤਕ ਨੂੰ ਆਮ ਤੌਰ ਤੇ ਫਿਕਸ਼ਨ (Fiction) ਕਿਹਾ ਜਾਂਦਾ ਹੈ ਅਤੇ ਨਿਬੰਧ ਰੂਪ ਨੂੰ ਪਰੋਜ਼ (Prose) ਕਿਹਾ ਜਾਂਦਾ ਹੈ। ਇਸ ਤਰ੍ਹਾਂ ਨਾਵਲ, ਨਾਟਕ ਨਿੱਕੀ ਕਹਾਣੀ ਆਦਿ ਪੰਜਾਬੀ ਸਾਹਿਤ-ਰੂਪ ਭਾਵੇਂ ਵਾਰਤਕ ਵਿਚ ਹੀ ਲਿਖੇ ਜਾਂਦੇ ਹਨ, ਪਰੰਤੂ ਸਾਹਿਤ ਸ਼ਾਸਤਰ ਵਿਚ ਜਿਸ ਲਿਖਤ ਨੂੰ ਨਿਰੋਲ ਵਾਰਤਕ ਮੰਨਿਆ ਜਾਂਦਾ ਹੈ ਜੋ ਗਲਪ-ਤੱਤ ਤੋਂ ਸੱਖਣੀ ਹੁੰਦੀ ਹੈ, ਉਹ ਮੁੱਖ ਰੂਪ ਵਿਚ ਨਿਬੰਧ ਹੀ ਹੈ।

ਸ੍ਵੈ-ਜੀਵਨੀ, ਸਫ਼ਰਨਾਮਾ, ਰੇਖਾ-ਚਿੱਤਰ, ਆਦਿ ਵੀ ਇਸ ਦੇ ਮੁੱਖ ਰੂਪ ਹਨ ਕਿਉਂਕਿ ਇਹਨਾਂ ਸਾਰੀਆਂ ਵਾਰਤਕ ਵੰਨਗੀਆਂ ਵਿਚ ਇਕ ਅੰਦਰੂਨੀ ਸਾਂਝ ਪ੍ਰਤੱਖ ਤੌਰ ਤੇ ਨਜ਼ਰ ਆਉਂਦੀ ਹੈ।

ਉਪਰੋਕਤ ਵਿਚਾਰ ਦੇ ਸੰਬੰਧ ਵਿਚ ਇਕ ਵਾਰਤਕਕਾਰ ਲਈ ਮੁੱਖ ਲੋੜ ਉਸ ਦੇ ਗਿਆਨ ਪੱਧਰ ਦੀ ਹੈ। ਵਾਰਤਕਕਾਰ ਦਾ ਗਿਆਨ-ਪੱਧਰ ਜਿੰਨਾ ਵਿਸ਼ਾਲ ਹੋਵੇਗਾ ਤੇ ਉਸ ਵਿਚ ਚੀਜ਼ਾਂ ਤੇ ਪ੍ਰਸਥਿਤੀਆਂ ਨੂੰ ਖੋਜਣ-ਪਰਖਣ ਦਾ ਲਗਾਓ ਹੋਵੇਗਾ, ਉਨੀ ਹੀ ਮੌਲਿਕਤਾ, ਨਵੀਨਤਾ ਅਤੇ ਵਿਚਾਰ ਦੀ ਸਪੱਸ਼ਟਤਾ ਹੋਵੇਗੀ। ਉਹ ਚੰਗੀ ਵਾਰਤਕ ਦੀ ਰਚਨਾ ਕਰਨ ਦੇ ਸਮਰੱਥ ਹੋਵੇਗਾ।

ਚੰਗੀ ਵਾਰਤਕ ਲਈ ਦੂਜੀ ਗੱਲ ਵਸਤੂ ਦੀ ਕਲਾਮਈ ਤੇ ਨਿਆਂਇ-ਸ਼ੀਲ ਤਰਤੀਬ ਹੈ। ਅਸੀਂ ਜਾਣਦੇ ਹਾਂ ਕਿ ਸਾਡੇ ਹਰ ਵਿਚਾਰ ਤੇ ਪ੍ਰਸਥਿਤੀ ਦਾ ਮਹੱਤਵ ਸਮਾਨ ਨਹੀਂ ਹੁੰਦਾ। ਸੰਤੁਲਨ ਹਰ ਕਲਾ-ਕ੍ਰਿਤ ਦੀ ਇਕ ਜ਼ਰੂਰੀ ਸ਼ਰਤ ਹੈ। ਜਿਸ ਲਿਖਤ ਵਿਚ ਸੰਤੁਲਨ ਨਹੀਂ, ਉਹ ਇਕ ਚੰਗੀ ਵਾਰਤਕ ਦਾ ਨਮੂਨਾ ਨਹੀਂ ਹੋ ਸਕਦਾ। ਤੀਜੀ ਗੱਲ ਵਾਰਤਕਕਾਰ ਦੀ ਸ਼ੈਲੀ ਸੁੰਦਰ ਤੇ ਬੋਲੀ ਸ਼ੁੱਧ ਹੋਣੀ ਚਾਹੀਦੀ ਹੈ। ਸਾਹਿਤਕ ਗੱਦ ਵਿਚ ਵਿਆਕਰਣਕ ਉਕਾਈਆਂ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਜਿਸ ਬੋਲੀ ਦੇ ਵਿਆਕਰਣ ਉਤੇ ਕਿਸੇ ਨੂੰ ਮੁਹਾਰਤ ਪ੍ਰਾਪਤ ਨਹੀਂ, ਜਿਸ ਬੋਲੀ ਦੇ ਉਚਾਰਣ-ਲਹਿਜੇ, ਮੁਹਾਵਰੇ ਤੇ ਵਾਕੰਸ਼ਾਂ ਦੀ ਪੂਰੀ ਸੂਝ ਨਹੀਂ, ਉਸ ਬੋਲੀ ਵਿਚ ਅਜਿਹੇ ਸਾਹਿਤਕਾਰ ਨੂੰ ਰਚਨਾ ਕਰਨ ਦਾ ਕੋਈ ਹੱਕ ਨਹੀਂ।

ਪੰਜਾਬੀ ਵਾਰਤਕ ਦਾ ਵਿਕਾਸ ਬਹੁਤ ਹੀ ਮੱਧਮ ਜਾਂ ਘੱਟ ਗਤੀ ਨਾਲ ਹੋਇਆ। ਅੰਗਰੇਜ਼ਾਂ ਦੇ ਪੰਜਾਬ ਦੇ ਕਬਜ਼ੇ ਤੋਂ ਬਾਅਦ, ਈਸਾਈ ਮਿਸ਼ਨਰੀਆਂ ਨੇ ਈਸਾਈ ਧਰਮ ਦੇ ਪ੍ਰਚਾਰ ਹਿੱਤ ਜਦੋਂ ਬਾਈਬਲ ਦੇ ਤਰਜਮੇ ਕਰਕੇ ਸਾਹਿਤ ਵੰਡਣਾ ਸ਼ੁਰੂ ਕੀਤਾ ਤਾਂ ਉਸ ਦੇ ਵਿਰੋਧ ਵਿਚ ਪੰਜਾਬ ਵਿਚ ਕਈ ਧਾਰਮਿਕ ਲਹਿਰਾਂ ਸ਼ੁਰੂ ਹੋਈਆਂ, ਜਿਨ੍ਹਾਂ ਦਾ ਜ਼ਿਕਰ ਪਿੱਛੇ ਕਰ ਚੁੱਕੇ ਹਾਂ। ਸਿੰਘ ਸਭਾ ਲਹਿਰ, ਜਿਹੜੀ ਕਿ ਉੱਨੀਂਵੀਂ ਸਦੀ ਦੇ ਦੂਜੇ ਅੱਧ ਵਿਚ ਹੋਂਦ ਵਿਚ ਆਈ, ਇਸ ਦੇ ਮੁਢਲੇ ਉੱਸਰਈਆਂ ਨੇ ਪੰਜਾਬੀ ਵਾਰਤਕ ਨੂੰ ਵਿਕਾਸ ਦੇ ਰਾਹ ਤੇ ਪਾਇਆ ਅਤੇ ਵਾਰਤਕ

ਹੁਣ ਸਾਹਿਤ ਦਾ ਇਕ ਪ੍ਰਮੁੱਖ ਰੂਪ ਬਣ ਗਈ। ਇਸ ਸਮੇਂ ਕੁਝ ਲਿਖਾਰੀ ਅਜਿਹੇ ਹੋਏ, ਜਿਨ੍ਹਾਂ ਨੇ ਪੰਜਾਬੀ ਦੇ ਵਾਰਤਕ-ਭੰਡਾਰ ਨੂੰ ਭਰਨ ਲਈ ਸੁਚੇਤ ਯਤਨ ਕੀਤੇ। ਇਹਨਾਂ ਵਿਚ ਗਿਆਨੀ ਪ੍ਰਤਾਪ ਸਿੰਘ, ਪ੍ਰੋ. ਗੁਰਮੁਖ ਸਿੰਘ, ਭਾਈ ਮਈਆ ਸਿੰਘ, ਭਾਈ ਵੀਰ ਸਿੰਘ, ਡਾਕਟਰ ਚਰਨ ਸਿੰਘ, ਗਿਆਨੀ ਗਿਆਨ ਸਿੰਘ ਅਤੇ ਭਾਈ ਦਿੱਤ ਸਿੰਘ ਆਦਿ ਦੇ ਨਾਂ ਵਰਣਨਯੋਗ ਹਨ। ਉੱਨ੍ਹੀਵੀਂ ਸਦੀ ਦੇ ਅੰਤ ਤਕ 'ਅਕਾਲ ਪ੍ਰਕਾਸ਼, ਗੁਰਮੁਖੀ ਅਖ਼ਬਾਰ, ਖ਼ਾਲਸਾ ਅਖ਼ਬਾਰ, ਖ਼ਾਲਸਾ ਪ੍ਰਕਾਸ਼, ਸਿੰਘ ਸਭਾ ਗਜ਼ਟ, ਸਤ ਧਰਮ ਪ੍ਰਚਾਰਕ, ਖ਼ਾਲਸਾ ਸਮਾਚਾਰ, ਪੰਜਾਬੀ ਸੁਧਾਰਕ, ਸੁਧਾਰ ਪੱਤ੍ਰਕਾ, ਨਿਰਗੁਣਿਆਰਾ, ਧਰਮ ਪ੍ਰਚਾਰਕ ਆਦਿ ਪੱਤਰਾਂ ਨੇ ਪੰਜਾਬੀ ਵਾਰਤਕ ਨੂੰ ਵਿਭਿੰਨ ਵਿਸ਼ਿਆਂ ਲਈ ਵਰਤਿਆ। ਇਸ ਅਧਿਆਇ ਵਿਚ ਅਸੀਂ ਭਾਈ ਦਿੱਤ ਸਿੰਘ ਦੀ ਵਾਰਤਕ ਅਤੇ ਉਹਨਾਂ ਦੀਆਂ ਵਾਰਤਕ ਰਚਨਾਵਾਂ ਦੇ ਵਿਸ਼ਾ-ਵਸਤੂ ਅਤੇ ਵਾਰਤਕ ਦੇ ਸ਼ੈਲੀਗਤ ਗੁਣਾਂ ਅਤੇ ਵਾਰਤਕ ਦੀ ਕਲਾਤਮਿਕਤਾ ਆਦਿ ਬਾਰੇ ਵਿਚਾਰ ਕਰਾਂਗੇ। ਇਹਨਾਂ ਉਪਰੋਕਤ ਵਿਸ਼ਿਆਂ ਤੇ ਗੱਲ ਕਰਨ ਤੋਂ ਪਹਿਲਾਂ ਭਾਈ ਦਿੱਤ ਸਿੰਘ ਦੀਆਂ ਵਾਰਤਕ ਰਚਨਾਵਾਂ ਦਾ ਵੇਰਵਾ ਦੇਣਾ ਮੁਨਾਸਬ ਹੋਵੇਗਾ।

ਗਿਆਨੀ ਦਿੱਤ ਸਿੰਘ ਦੀ ਵਾਰਤਕ ਨੂੰ ਤਿੰਨ ਮੁੱਖ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ:

(ੳ) ਪੱਤਰਕਾਰੀ ਵਾਲੀ ਵਾਰਤਕ

(ਅ) ਪੁਸਤਕ ਰੂਪੀ ਨਿਰੋਲ ਵਾਰਤਕ

(ੲ) ਪੁਸਤਕ ਰੂਪ ਵਿਚ ਕਵਿਤਾ ਦੇ ਨਾਲ ਭਾਵਾਂ ਨੂੰ ਸਪਸ਼ਟ ਕਰਨ ਲਈ ਲਿਖੀ ਵਾਰਤਕ

**(ੳ) ਪੱਤਰਕਾਰੀ ਵਾਲੀ ਵਾਰਤਕ:**

ਆਧੁਨਿਕ ਪੰਜਾਬੀ ਸਾਹਿਤ ਦੇ ਵਿਕਾਸ ਦਾ ਅਧਿਐਨ ਕਰਨ ਲਈ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਦਾ ਵਿਸ਼ਾ ਬਹੁਤ ਮਹੱਤਵਪੂਰਨ ਹੈ। ਭਾਵੇਂ ਪੰਜਾਬ ਵਿਚ ਛਾਪੇਖਾਨੇ

ਦੀ ਸਥਾਪਨਾ ਬਹੁਤ ਪਹਿਲਾਂ ਹੋ ਚੁੱਕੀ ਸੀ, ਪਰੰਤੂ ਪੰਜਾਬੀ ਪੱਤਰਕਾਰੀ ਦਾ ਆਰੰਭ ਉੱਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਹੋਇਆ। ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਨੇ ਲਾਹੌਰ ਸਿੰਘ ਸਭਾ ਨੂੰ ਪੱਕੇ ਪੈਰੀਂ ਖੜ੍ਹੇ ਕਰਨ ਲਈ ਦਿਨ ਰਾਤ ਕੰਮ ਕੀਤਾ। ਲਾਹੌਰ ਸਿੰਘ ਸਭਾ ਨੂੰ ਆਪਣੇ ਨਿੱਜੀ ਛਾਪੇਖਾਨੇ ਦੀ ਸਖ਼ਤ ਜ਼ਰੂਰਤ ਮਹਿਸੂਸ ਹੋ ਰਹੀ ਸੀ। ਸੰਨ 1883 ਵਿਚ ਮਹਾਰਾਜਾ ਨਾਭਾ ਦੇ ਸਹਿਯੋਗ ਨਾਲ 'ਖ਼ਾਲਸਾ ਪ੍ਰੈੱਸ' ਸਥਾਪਿਤ ਕੀਤਾ ਗਿਆ। ਗਿਆਨੀ ਦਿੱਤ ਸਿੰਘ ਦਾ 'ਖ਼ਾਲਸਾ ਅਖ਼ਬਾਰ' ਵੀ ਇਸੇ ਛਾਪੇਖਾਨੇ ਵਿਚੋਂ ਛਪਦਾ ਰਿਹਾ। ਇਸੇ ਛਾਪੇਖਾਨੇ ਦੀ ਸਫਲਤਾ ਤੋਂ ਪ੍ਰਭਾਵਿਤ ਹੋ ਕੇ ਸਿੰਘ ਸਭਾ ਅੰਮ੍ਰਿਤਸਰ ਦੇ ਪੱਕੇ ਸਮਰਥਕ ਵਜ਼ੀਰ ਸਿੰਘ ਦੇ ਸਹਿਯੋਗ ਨਾਲ 'ਵਜ਼ੀਰ ਹਿੰਦ ਪ੍ਰੈੱਸ' ਦੀ ਸਥਾਪਨਾ ਕੀਤੀ ਗਈ। ਇਹਨਾਂ ਛਾਪੇਖਾਨਿਆਂ ਤੋਂ ਹੀ ਪੰਜਾਬੀ ਪੱਤਰਕਾਰੀ ਦਾ ਆਰੰਭ ਹੋਇਆ, ਜਿਸ ਨਾਲ ਨਵੀਨ ਚੇਤਨਾ ਪੱਛਮੀ ਵਿਚਾਰਧਾਰਾ ਦਾ ਪ੍ਰਭਾਵ, ਸੁਧਾਰਵਾਦੀ ਧਾਰਮਿਕ ਲਹਿਰਾਂ ਅਤੇ ਰਾਜਨੀਤਕ ਹੱਕਾਂ ਪ੍ਰਤੀ ਜਾਗਰੂਕਤਾ ਪੈਦਾ ਹੋਈ। ਇਨ੍ਹਾਂ ਪ੍ਰਵਿਰਤੀਆਂ ਨੇ ਪੰਜਾਬੀ ਪੱਤਰਕਾਰੀ ਦੇ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ, ਪਰੰਤੂ ਇਹਨਾਂ ਪ੍ਰਵਿਰਤੀਆਂ ਪ੍ਰਤੀ ਜਾਗਰੂਕਤਾ, ਪੰਜਾਬੀ ਪੱਤਰਕਾਰੀ ਦੇ ਬਾਨੀ ਈਸਾਈ ਪਾਦਰੀਆਂ ਕਰਕੇ ਪੈਦਾ ਹੋਈ। ਅੰਗਰੇਜ਼ਾਂ ਦੇ ਪੰਜਾਬ ਵਿਚ ਆਉਣ ਨਾਲ ਪੰਜਾਬੀ ਸਾਹਿਤ ਦਾ ਆਧੁਨਿਕ ਯੁੱਗ ਸ਼ੁਰੂ ਹੋਇਆ। ਅੰਗਰੇਜ਼ਾਂ ਨੇ ਪੰਜਾਬ ਵਿਚ ਵਿੱਦਿਅਕ ਢਾਂਚਾ ਉਸਾਰਿਆ, ਜਿਸ ਸਦਕਾ ਵਿਚਾਰ-ਵਟਾਂਦਰਾ ਸੌਖ ਨਾਲ ਹੋਣਾ ਸ਼ੁਰੂ ਹੋਇਆ। ਉਹਨਾਂ ਨੇ ਹੀ ਪੰਜਾਬ ਵਿਚ ਛਾਪੇਖਾਨੇ ਦੇ ਹੁਨਰ ਨੂੰ ਲਿਆਂਦਾ। ਪੰਜਾਬੀ ਭਾਸ਼ਾ ਦੇ ਵਿਆਕਰਣ ਅਤੇ ਸ਼ਬਦਕੋਸ਼ ਰਚੇ, ਜਿਨ੍ਹਾਂ ਨੂੰ ਉਹਨਾਂ ਨੇ ਆਪਣੇ ਧਰਮ ਪ੍ਰਚਾਰ ਲਈ ਪੰਜਾਬੀ ਵਿਚ ਛਾਪਿਆ। ਅੰਗਰੇਜ਼ਾਂ ਨੇ ਹੀ ਪੰਜਾਬੀ ਬੋਲੀ (ਸ਼ਰਧਾ ਰਾਮ ਫਲੌਰੀ) ਵਿਚ ਪੰਜਾਬੀ ਸਭਿਆਚਾਰ ਆਦਿ ਬਾਰੇ ਪੁਸਤਕਾਂ ਲਿਖਵਾਈਆਂ। ਇਸ ਨਾਲ ਪੰਜਾਬ ਵਿਚ ਪੰਜਾਬੀ ਪੱਤਰਕਾਰੀ ਅਤੇ ਲੋਕ-ਰਾਇ ਨੂੰ ਜਨਮ ਦਿੱਤਾ।

ਪੰਜਾਬੀ ਵਾਰਤਕ ਦਾ ਭਰਪੂਰ ਵਿਕਾਸ ਉਨੀਵੀਂ ਸਦੀ ਦੇ ਦੂਜੇ ਅੱਧ ਵਿਚ ਹੀ ਹੋਇਆ। ਛਾਪੇਖਾਨੇ ਦੀ ਸਥਾਪਤੀ, ਨਵਾਂ ਵਿੱਦਿਅਕ ਪ੍ਰਬੰਧ ਅਤੇ ਪੱਤਰਕਾਰੀ ਆਦਿ ਕਾਰਨ ਹੀ ਵਾਰਤਕ ਸਾਹਿਤ ਦਾ ਪ੍ਰਧਾਨ ਰੂਪ ਬਣੀ। ਨਵੇਂ ਅੰਗਰੇਜ਼ੀ ਰਾਜਨੀਤਕ ਪ੍ਰਬੰਧ ਕਾਰਨ, ਆਰਥਿਕ ਅਤੇ ਸਭਿਆਚਾਰਕ ਪ੍ਰਭਾਵਾਂ ਕਾਰਨ ਸਾਹਿਤ ਦੇ ਨਵੇਂ ਵਾਰਤਕ ਰੂਪ ਜਿਵੇਂ ਨਾਵਲ, ਨਾਟਕ, ਨਿੱਕੀ ਕਹਾਣੀ, ਸਫ਼ਰਨਾਮਾ, ਜੀਵਨੀ ਅਤੇ ਨਿਬੰਧ ਆਦਿ ਹੋਂਦ ਵਿਚ ਆਏ। ਮੁਢਲੇ ਤੌਰ ਤੇ ਇਹਨਾਂ ਸਾਹਿਤਕ ਰੂਪਾਂ ਨੂੰ ਵਾਰਤਕ ਦਾ ਸਰੂਪ ਦੇਣ ਵਿਚ, ਗਿਆਨੀ ਪ੍ਰਤਾਪ ਸਿੰਘ, ਪ੍ਰੋ. ਗੁਰਮੁਖ ਸਿੰਘ, ਗਿਆਨੀ ਝੰਡਾ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਮਈਆ ਸਿੰਘ, ਡਾ. ਚਰਨ ਸਿੰਘ ਅਤੇ ਭਾਈ ਵੀਰ ਸਿੰਘ ਆਦਿ ਸਹਾਈ ਹੋਏ। ਉਨ੍ਹੀਵੀਂ ਸਦੀ ਦੇ ਅੰਤ ਤਕ ਪੰਜਾਬੀ ਵਾਰਤਕ ਨੂੰ ਵਿਭਿੰਨ ਵਿਸ਼ਿਆਂ ਲਈ, ਜਿਨ੍ਹਾਂ ਪੰਜਾਬੀ ਪੱਤਰਾਂ ਨੂੰ ਵਰਤਿਆ ਗਿਆ, ਉਹਨਾਂ ਪੱਤਰਾਂ ਦੀ ਸੂਚੀ ਇਸ ਤਰ੍ਹਾਂ ਹੈ:

> ਅਕਾਲ ਪ੍ਰਕਾਸ਼, ਗੁਰਮੁਖੀ ਅਖ਼ਬਾਰ, ਖ਼ਾਲਸਾ ਅਖ਼ਬਾਰ, ਖ਼ਾਲਸਾ ਪ੍ਰਕਾਸ਼ਕ, ਗੁਰਮਤਿ ਪ੍ਰਕਾਸ਼ਕ, ਸਿੰਘ ਸਭਾ ਗਜ਼ਟ, ਸਤ ਧਰਮ ਪ੍ਰਚਾਰਕ, ਖ਼ਾਲਸਾ ਸਮਾਚਾਰ, ਵਿਦਯਾਰਕ, ਪੰਜਾਬੀ ਸੁਧਾਰਕ, ਸੁਧਾਰ ਪੱਤ੍ਰਕਾ, ਨਿਰਗੁਣਿਆਰਾ, ਧਰਮ ਪ੍ਰਚਾਰਕ ਆਦਿ। [3]

ਇਹਨਾਂ ਉਪਰੋਕਤ ਪੱਤਰਾਂ ਵਿਚ ਵਿਭਿੰਨ ਵਿਸ਼ਿਆਂ ਲਈ ਵਾਰਤਕ ਨੂੰ ਵਰਤਿਆ ਗਿਆ। ਗਿਆਨੀ ਦਿੱਤ ਸਿੰਘ ਨੇ ਵਿਸ਼ੇਸ਼ ਤੌਰ ਤੇ ਸਿੱਖੀ ਪ੍ਰਚਾਰ ਅਤੇ ਵਹਿਮ-ਭਰਮ ਨਿਵਾਰਨ ਦੇ ਉਦੇਸ਼ ਨਾਲ ਵਾਰਤਕ ਨੂੰ ਵਰਤਿਆ। ਉਨੀਵੀਂ ਸਦੀ ਦੇ ਅਖੀਰ ਤਕ ਸੰਪਾਦਕ ਨੂੰ ਲਿਖੇ ਪੱਤਰ ਛਾਪਣ ਦਾ ਰਿਵਾਜ਼ ਪੰਜਾਬੀ ਪੱਤਰਾਂ ਨੇ ਅਪਣਾ ਲਿਆ ਸੀ ਅਤੇ ਇਸ ਪੱਖ ਤੋਂ ਗਿਆਨੀ ਦਿੱਤ ਸਿੰਘ ਅਧੀਨ ਛਪਣ ਵਾਲਾ 'ਖ਼ਾਲਸਾ ਅਖ਼ਬਾਰ' ਮੂਹਰਲੀ ਕਤਾਰ ਵਿਚ ਸੀ। ਗੰਭੀਰ ਸ਼ੈਲੀ ਵਾਲੀ ਵਾਰਤਕ ਦੇ ਵਿਕਾਸ ਦੀ ਸ਼ੁਰੂਆਤ ਹੋ ਗਈ ਸੀ। 'ਖ਼ਾਲਸਾ ਅਖ਼ਬਾਰ' ਨੇ ਪੰਜਾਬੀ ਵਾਰਤਕ ਨੂੰ ਪੰਜਾਬੀ ਬੋਲੀ ਤੇ ਸ਼ੈਲੀ ਦੇ ਪੱਖੋਂ ਕਾਫੀ ਵਿਕਸਿਤ ਕੀਤਾ ਅਤੇ ਦੂਜੇ

ਪੱਤਰਾਂ ਲਈ ਵਾਰਤਕ ਸ਼ੈਲੀ ਦੇ ਪੱਖੋਂ ਇਕ ਉਦਾਹਰਨ ਬਣਿਆ। ਇਸ ਪੱਤਰ ਵਿਚ ਹੋਰਨਾਂ ਤੋਂ ਇਲਾਵਾ ਗਿਆਨੀ ਦਿੱਤ ਸਿੰਘ ਨੇ ਵੀ ਆਪਣੀ ਸੁਲਝੀ ਹੋਈ ਤੇ ਸੂਝ-ਬੂਝ ਪੱਖੋਂ ਪੱਕੀ ਕਲਮੀ ਸ਼ਕਤੀ ਰਾਹੀਂ ਵਾਰਤਕ ਨੂੰ ਪ੍ਰਗਟ ਕੀਤਾ। ਇਸ ਪੱਤਰ ਵਿਚ ਰਹੁਰੀਤਾਂ, ਵਹਿਮ-ਭਰਮਾਂ ਅਤੇ ਮੂਰਤੀ ਪੂਜਾ ਆਦਿ ਦੇ ਖੰਡਨ ਸੰਬੰਧੀ ਵਿਸ਼ਿਆਂ ਉਤੇ ਲੇਖ ਛਪਦੇ ਰਹਿੰਦੇ ਸਨ। ਇਸ ਪੱਤਰ ਵਿਚ ਗਿਆਨੀ ਦਿੱਤ ਸਿੰਘ ਦੁਆਰਾ ਲਿਖੀ ਵਾਰਤਕ ਆਧੁਨਿਕ ਵਾਰਤਕ ਦੇ ਕਾਫੀ ਨਜ਼ਦੀਕ ਪ੍ਰਤੀਤ ਹੁੰਦੀ ਹੈ। ਜਿਵੇਂ:

> ਪਹਿਲੇ ਉਸ ਦਾਣੇ ਨੂੰ ਕ੍ਰਿਸਾਨ ਧਰਤੀ ਵਿਚ ਸੁਟ ਕੇ ਉਸ ਲਈ ਹਲ ਦੇ ਨਾਲ ਮਿੱਟੀ ਵਿਚ ਪਾ ਕੇ ਮਿੱਟੀ ਕਰ ਦੇਂਦਾ ਹੈ, ਜਿਸ ਤੇ ਮਗਰੋਂ ਉਸ ਪਰ ਸੁਹਾਗਾ ਮਾਰ ਕੇ ਅਜੇਹਾ ਸਾਫ਼ ਕਰ ਦੇਂਦਾ ਹੈ ਜੋ ਕੋਈ ਨਹੀਂ ਜਾਨ ਸਕਦਾ ਕਿ ਇਸ ਜਗ੍ਹਾ ਕਿਆ ਬੀਜਿਆ ਹੈ ਜਿਸ ਤੇ ਉਹ ਦਾਨਾ ਇਕ ਮੁਰਦੇ ਦੀ ਤਰ੍ਹਾਂ ਹਲ ਦੀ ਸਿਆੜਾਂ ਵਾਲੀ ਕਬਰ ਵਿਚ ਦਬ ਕੇ ਮਲੀਆ ਮੇਟ ਕੀਤਾ ਜਾਂਦਾ ਹੈ। ਪਰੰਤੂ ਉਸ ਦਾਣੇ ਦੀ ਉਹ ਜ਼ਿੰਦਗੀ ਜੋ ਚੁਪ ਚਾਪ ਧਰਤੀ ਵਿਚ ਅਪਨਾ ਨਾਸ ਹੀ ਕਰਨ ਲਈ ਨਹੀਂ ਗਈ ਕਿੰਤੂ ਕੁਛ ਕਰਕੇ ਦਖਾਉਣਾ ਚਾਹੁੰਦੀ ਹੈ ਸੋ ਉਸ ਕਬਰ ਵਿਚ ਹੀ ਬੈਠੀ ਕੁਛ ਉਦਮ ਕਰਨਾ ਆਰੰਭ ਦੇਂਦੀ ਹੈ, ਅਤੇ ਉਹ ਅਪਨੇ ਇਰਦੇ ਗਿਰਦੇ ਦੀ ਮਿੱਟੀ ਤੋਂ ਹੀ ਅਪਨਾ ਕੰਮ ਲੈਨ ਲਗ ਜਾਂਦੀ ਹੈ।[4]

ਉਪਰੋਕਤ ਪੈਰੇ ਵਿਚ ਲਿਖੀ ਵਾਰਤਕ ਅਜੋਕੀ ਵਾਰਤਕ ਦੇ ਕਾਫੀ ਨੇੜੇ ਦੀ ਪ੍ਰਤੀਤ ਹੁੰਦੀ ਹੈ। ਇਸ ਦੀ ਬੋਲੀ ਵਿਚ ਭਾਵੇਂ 'ਣ' ਦੀ ਥਾਂ 'ਨ' ਦੀ ਵਰਤੋਂ ਕੀਤੀ ਗਈ ਅਤੇ ਕਾਫੀ ਸ਼ਬਦ ਟਕਸਾਲੀ ਪੰਜਾਬੀ ਦੀ ਥਾਂ, ਉਸ ਵੇਲੇ ਦੀ ਆਮ ਬੋਲ ਚਾਲ ਵਿਚੋਂ ਲਏ ਗਏ ਹਨ, ਪਰ ਇਸ ਵਿਚ ਕਾਮਾ, ਬਿੰਦੀ ਆਦਿ ਦੀ ਵਰਤੋਂ ਕੀਤੀ ਜਾਣ ਲਗ ਪਈ ਸੀ। ਅਖ਼ਬਾਰਾਂ ਵਿਚ ਉਹਨਾਂ ਨੇ ਜਨ-ਸਧਾਰਣ ਦੀ ਠੇਠ ਪੰਜਾਬੀ ਰੰਗ ਦੀ ਵਾਰਤਕ ਲਿਖੀ।

ਜਦੋਂ ਅੰਮ੍ਰਿਤਸਰ ਸਿੰਘ ਸਭਾ ਵਿਚ ਫੁੱਟ ਪੈ ਗਈ ਤਾਂ ਉਦੋਂ ਦੋ ਧੜੇ ਬਣ ਗਏ। ਉਦੋਂ ਲਾਹੌਰ ਸਿੰਘ ਸਭਾ ਹੋਂਦ ਵਿਚ ਆਈ ਇਸ ਸਭਾ ਦੇ ਬਾਨੀ ਭਾਈ ਗੁਰਮੁਖ ਸਿੰਘ ਨੇ, ਨਵੰਬਰ 1880 ਨੂੰ 'ਗੁਰਮੁਖੀ ਅਖ਼ਬਾਰ' ਜਾਰੀ ਕੀਤਾ। ਇਸ ਪੱਤਰ ਦੇ ਸੰਪਾਦਕ ਭਾਵੇਂ ਭਾਈ ਗੁਰਮੁਖ ਸਿੰਘ ਸਨ, ਪਰੰਤੂ ਇਸ ਅਖ਼ਬਾਰ ਦਾ ਸਾਰਾ ਪ੍ਰਬੰਧ ਗਿਆਨੀ ਦਿੱਤ ਸਿੰਘ ਹੀ ਕਰਦੇ ਸਨ। ਪਾਠਕਾਂ ਨਾਲ ਚਿੱਠੀ-ਪੱਤਰ, ਚੰਦਿਆਂ ਦਾ ਹਿਸਾਬ ਰੱਖਣ ਤੋਂ ਇਲਾਵਾ ਹੋਰ ਮਜ਼ਮੂਨ ਲਿਖਣ ਦਾ ਕੰਮ ਵੀ ਭਾਈ ਦਿੱਤ ਸਿੰਘ ਹੀ ਕਰਦੇ ਰਹੇ। ਇਹਨਾਂ ਮਜ਼ਮੂਨਾਂ ਦੀ ਬੋਲੀ ਠੇਠ ਪੰਜਾਬੀ ਅਤੇ ਲਿਖਣ ਢੰਗ ਸੁਚੱਜਾ ਅਤੇ ਸੁਭਾਵਿਕ ਸੀ। ਇਸ ਅਖ਼ਬਾਰ ਵਿਚ ਛਪਣ ਵਾਲੇ ਲੇਖਾਂ ਦੇ ਪ੍ਰਭਾਵ ਕਾਰਨ ਹੀ ਪੰਜਾਬ ਦੇ 'ਪਿੰਡਾਂ ਤੇ ਸ਼ਹਿਰਾਂ' ਵਿਚ ਧੜਾ-ਧੜ ਸਿੰਘ ਸਭਾਵਾਂ ਸਥਾਪਿਤ ਹੋਣ ਲੱਗੀਆਂ। ਇਸ ਪੱਤਰ ਵਿਚ ਗਿਆਨੀ ਦਿੱਤ ਸਿੰਘ ਦੁਆਰਾ ਲਿਖੇ ਮਜ਼ਮੂਨਾਂ ਨੂੰ ਲੋਕ ਬਹੁਤ ਦਿਲਚਸਪੀ ਨਾਲ ਪੜ੍ਹਦੇ ਸਨ। 'ਫੁੱਟ' ਦੇ ਵਿਸ਼ੇ ਤੇ ਛਪੇ ਇਕ ਲੇਖ ਵਿਚੋਂ ਕੁਝ ਸਤਰਾਂ ਨਮੂਨੇ ਵਜੋਂ ਹੇਠਾਂ ਲਿਖੀਆਂ ਜਾਂਦੀਆਂ ਹਨ:

> ਮਾਝੇ ਦੀ ਫੁੱਟ ਮਸ਼ਹੂਰ ਹੈ। ਫੁਟ ਦਾ ਕੰਮ ਜੁਦਾ ਜੁਦਾ ਕਰਨ ਦਾ ਹੁੰਦਾ ਹੈ . . . ਜੋ ਲੋਕ ਆਪਣੀ ਮਾਨ ਪ੍ਰਤਿਸ਼ਠਾ ਚਾਹੁੰਦੇ ਹਨ ਉਹ ਚਾਹੇ ਇਲ ਦਾ ਨਾਉਂ ਕੁਕੜ ਵੀ ਨਾ ਜਾਣਦੇ ਹੋਣ, ਉਹ ਬੇ ਇਤਫਾਕੀ ਦੀ ਜੜ੍ਹ ਹੁੰਦੇ ਹਨ, ਅਪਨਾ ਸਿਰ ਜੁਦਾ ਜੁਦਾ ਕਢ ਕਢ ਦਸਦੇ ਹਨ ਅਤੇ ਦੂਸਰਿਆਂ ਨਾਲ ਬਰਾਬਰ ਹੋ ਕੇ ਬਹਿਣਾ ਨਹੀਂ ਚਾਹੁੰਦੇ। ਏਸੇ ਬੇ ਇਤਫ਼ਾਕੀ ਨੇ ਸਾਡੇ ਲੋਕਾਂ ਦਾ ਨਾਸ ਕੀਤਾ ਹੈ।[5]

ਇਸ ਪੱਤਰ ਵਿਚ ਗਿਆਨੀ ਦਿੱਤ ਸਿੰਘ ਵਲੋਂ, ਸਿੱਖ ਧਰਮ ਦੇ ਵੱਖ-ਵੱਖ ਪੱਖਾਂ ਉੱਤੇ ਲੇਖ, ਸੰਪਾਦਕੀ ਲੇਖ, ਆਦਿ ਲਿਖੇ ਜਾਂਦੇ ਸਨ ਇਸੇ ਤਰ੍ਹਾਂ 1886 ਈ. ਵਿਚ ਭਾਈ ਗੁਰਮੁਖ ਸਿੰਘ ਨੇ ਗਿਆਨੀ ਦਿੱਤ ਸਿੰਘ ਦੇ ਸਹਿਯੋਗ ਨਾਲ 'ਸੁਧਾਰਕ' ਨਾਂ ਦਾ ਪੱਤਰ ਜਾਰੀ ਕੀਤਾ ਜਿਸ ਵਿਚ ਪੰਜਾਬ ਯੂਨੀਵਰਸਿਟੀ ਦੇ ਬੁਧੀਮਾਨ, ਵਿਦਵਾਨ ਅਤੇ ਗਿਆਨੀ ਦੇ

ਵਿਦਿਆਰਥੀਆਂ ਲਈ ਲੋੜੀਂਦੀ ਸਮੱਗਰੀ ਛਾਪੀ ਜਾਂਦੀ ਸੀ, ਜਿਨ੍ਹਾਂ ਦੇ ਵਿਸ਼ੇ ਸਿੱਖ ਧਰਮ, ਦਰਸ਼ਨ ਅਤੇ ਪੰਜਾਬੀ ਸਾਹਿਤ ਸੰਬੰਧੀ ਹੁੰਦੇ ਸਨ। ਇਹਨਾਂ ਲੇਖਾਂ ਸਦਕਾ ਇਹ ਪੱਤਰ ਬਹੁਤ ਪ੍ਰਸਿੱਧ ਹੋਇਆ।

1886 ਈ. ਵਿਚ ਗੁਰੂ ਅਰਜਨ ਦੇਵ ਜੀ ਦੇ ਗੁਰਪੁਰਬ ਸਮੇਂ 12 ਜੂਨ, 1886 ਈ. ਵਿਚ ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਦੇ ਯਤਨਾਂ ਨਾਲ 'ਖ਼ਾਲਸਾ ਅਖ਼ਬਾਰ' ਜਾਰੀ ਹੋਇਆ। ਇਸ ਪੱਤਰ ਦੇ ਸੰਪਾਦਕ ਭਾਵੇਂ ਗਿਆਨੀ ਝੰਡਾ ਸਿੰਘ ਜੀ ਸਨ, ਪਰੰਤੂ ਇਸ ਪੱਤਰ ਵਿਚ ਬਹੁਤੀ ਸਮੱਗਰੀ ਗਿਆਨੀ ਦਿੱਤ ਸਿੰਘ ਦੀ ਲਿਖੀ ਹੁੰਦੀ ਸੀ। ਇਸ ਪੱਤਰ ਦਾ ਉਦੇਸ਼ ਦਸੇ ਗੁਰੂਆਂ ਦੇ ਜੀਵਨ ਚਰਿਤਰਾਂ ਵਿਚੋਂ ਪ੍ਰਸੰਗ ਛਾਪਣੇ, ਵਿੱਦਿਆ ਦੀ ਉੱਨਤੀ ਲਈ ਯਤਨ ਕਰਨੇ ਅਤੇ ਸਿੱਖ ਧਰਮ ਵਿਚਲੀਆਂ ਕੁਰੀਤੀਆਂ ਨੂੰ ਦੂਰ ਕਰਨਾ ਸੀ। 1887 ਈ. ਵਿਚ ਭਾਈ ਗੁਰਮੁਖ ਸਿੰਘ ਨੂੰ ਅਕਾਲ ਤਖ਼ਤ ਤੋਂ ਖਾਰਜ ਕਰਨ ਦੇ ਵਿਰੋਧ ਵਿਚ ਗਿਆਨੀ ਦਿੱਤ ਸਿੰਘ ਨੇ ਇਸ ਅਖ਼ਬਾਰ ਵਿਚ 'ਸਵਪਨ ਨਾਟਕ' ਛਪਵਾਇਆ। ਬੇਦੀ ਉਦੈ ਸਿੰਘ ਵਲੋਂ ਦਾਇਰ ਕੀਤੇ ਮੁਕੱਦਮੇ ਅਤੇ ਹੋਰ ਮਾਲੀ ਔਕੜਾਂ ਕਾਰਨ ਇਹ ਪੱਤਰ ਬੰਦ ਹੋ ਗਿਆ, ਪਰੰਤੂ ਗਿਆਨੀ ਦਿੱਤ ਸਿੰਘ ਜੀ ਨੇ ਸਿੰਘ ਸਭਾ ਲਾਹੌਰ ਉੱਤੇ ਮੁੜ ਜ਼ੋਰ ਪਾਇਆ। ਲਾਹੌਰ ਸਿੰਘ ਸਭਾ ਤੋਂ ਖ਼ਾਲਸਾ ਦੀਵਾਨ ਨੇ ਭਾਈ ਦਿੱਤ ਸਿੰਘ ਨੂੰ ਕਿਹਾ ਕਿ ਉਹ ਅਖ਼ਬਾਰ ਆਪਣੀ ਜ਼ਿੰਮੇਵਾਰੀ ਤੇ ਕੱਢ ਲੈਣ। ਭਾਈ ਦਿੱਤ ਸਿੰਘ ਨੇ ਹਿੰਮਤ ਨਾਲ ਇਹ ਬੀੜਾ ਚੁੱਕ ਲਿਆ। 1893 ਈ. ਵਿਚ ਅਖ਼ਬਾਰ ਮੁੜ ਛਾਪਣਾ ਸ਼ੁਰੂ ਕੀਤਾ। ਭਾਈ ਦਿੱਤ ਸਿੰਘ ਵਲੋਂ ਦੂਜੀ ਵਾਰ ਕੱਢੇ ਇਸ ਅਖ਼ਬਾਰ ਦੇ ਨੰਬਰ 9 ਦੇ ਮੁੱਖ ਲੇਖ ਵਿਚ ਪਹਿਲੇ ਅਖ਼ਬਾਰ ਦਾ ਹਵਾਲਾ ਦਿੰਦਿਆਂ ਇਉਂ ਲਿਖਿਆ:

> ਉਹ ਅਖ਼ਬਾਰ ਸ਼੍ਰੀ ਗੁਰੂ ਸਿੰਘ ਸਭਾ ਲਾਹੌਰ ਵਲੋਂ ਨਿਕਲਦਾ ਸੀ। ਪਰੰਤੂ ਉਸ ਦੇ ਐਡਿਟ ਕਰਨੇ ਦੀ ਸੇਵਾ ਸਭਾ ਨੇ ਮੈਨੂੰ ਸੌਂਪੀ ਹੋਈ ਸੀ, ਜਿਸਨੂੰ ਮੈਂ ਯਥਾ ਬੁੱਧੀ ਐਡਿਟ ਕਰਦਾ ਰਿਹਾ। ਹੁਣ ਮੈਂ ਜਦੋਂ ਕਈ ਸਾਲ ਤੋਂ ਉਸ ਨੂੰ ਬੰਦ ਦੇਖਿਆ ਅਤੇ ਨਾਲ ਹੀ ਇਹ ਨੁਕਸਾਨ ਦੇਖਿਆ ਜੋ ਅਖ਼ਬਾਰ ਦੇ ਨਿਕਲਣ ਨਾਲ ਆਪਸ ਦਾ

ਸੰਬੰਧ ਬਣਿਆ ਰਹਿੰਦਾ ਸੀ, ਸੋ ਬਿਲਕੁਲ ਨਹੀਂ ਰਿਹਾ। ਇਕ ਦੂਜੇ ਦੀ ਕਾਰਗੁਜਾਰੀ ਮਾਲੂਮ ਨਹੀਂ ਹੁੰਦੀ। ਤਦ ਮੈਂ ਸਭਾ ਅੱਗੇ ਬੇਨਤੀ ਕੀਤੀ, ਕਿ ਅਖ਼ਬਾਰ ਫਿਰ ਜਾਰੀ ਕੀਤਾ ਜਾਵੇ। ਜਿਸ ਪਰ ਸਿੰਘ ਸਭਾ ਲਾਹੌਰ ਨੇ ਫੈਸਲਾ ਕੀਤਾ ਕਿ ਜੋ ਇਹ ਅਖ਼ਬਾਰ ਦਾਸ ਨੂੰ ਹੀ ਦਿੱਤਾ ਜਾਵੇ ਅਤੇ ਆਖਿਆ ਕਿ ਸਭਾ ਦਾ ਇਸ ਨਾਲ ਲਾਭ ਹਾਨੀ ਦਾ ਕੋਈ ਸੰਬੰਧ ਨਹੀਂ ਹੋਵੇਗਾ। ਇਸ ਵਾਸਤੇ ਹੁਣ ਇਸ ਅਖ਼ਬਾਰ ਦਾ ਭਾਰ ਇਕੱਲੇ ਪਰ ਹੀ ਆਣ ਪਿਆ ਹੈ। ਪਰੰਤੂ ਮੈਂ ਆਪਣੇ ਚਿੱਤ ਵਿਚ ਜਾਣ ਲੀਤਾ ਹੈ ਕਿ ਇਹ 'ਖ਼ਾਲਸਾ ਅਖ਼ਬਾਰ' ਖ਼ਾਲਸਾ ਪੰਥ ਦਾ ਹੀ ਹੈ। ਮੇਰਾ ਇਸ ਵਿਚ ਉਤਨਾ ਹੀ ਹਿੱਸਾ ਹੈ ਜਿਤਨਾ ਮਜ਼ਦੂਰ ਦਾ ਮਕਾਨ ਬਨਾਉਣ ਵਿਚ ਹੁੰਦਾ ਹੈ। ਮਕਾਨ ਦਾ ਮਾਲਕ ਖ਼ਾਲਸਾ ਪੰਥ ਹੈ। . . . ਮੈਨੂੰ ਪੂਰੀ ਆਸ ਪੈਂਦੀ ਹੈ ਕਿ ਸਿੰਘ ਭਾਈ ਪਰਚੇ ਦੀ ਪੂਰੀ ਪੂਰੀ ਮਦਦ ਕਰਨਗੇ।[6]

ਉਪਰੋਕਤ ਵਾਰਤਕ ਟੁਕੜੇ ਤੋਂ ਜਿਥੇ ਗਿਆਨੀ ਦਿੱਤ ਸਿੰਘ ਦੀ ਦ੍ਰਿੜ੍ਹਤਾ, ਦਲੇਰੀ ਅਤੇ ਉਤਸ਼ਾਹ ਦਾ ਪਤਾ ਚਲਦਾ ਹੈ, ਉਥੇ ਉਹਨਾਂ ਦੀ ਖ਼ਾਲਸਾ ਪੰਥ ਲਈ ਸੇਵਾ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਇਸ ਵਾਰਤਕ ਪੈਰੇ ਤੋਂ ਅਸੀਂ ਇਹ ਵੀ ਸਹਿਜੇ ਹੀ ਜਾਣ ਸਕਦੇ ਹਾਂ ਕਿ ਇਸ ਵੇਲੇ ਤਕ ਪੰਜਾਬੀ ਵਾਰਤਕ ਕਾਫੀ ਹੱਦ ਤੱਕ ਆਪਣੇ ਆਧੁਨਿਕ ਰੂਪ ਤਕ ਪਹੁੰਚ ਚੁੱਕੀ ਸੀ। ਉਪਰੋਕਤ ਪੈਰੇ ਵਿਚ ਕਾਮੇ ਅਤੇ ਡੰਡੀ, ਦੀ ਵਰਤੋਂ ਕੀਤੀ ਗਈ ਹੈ। ਸੰਜਮਮਈ ਸ਼ੈਲੀ ਅਤੇ ਅੱਖਰ-ਜੋੜ ਪੰਜਾਬੀ ਬੋਲੀ ਅਨੁਸਾਰ ਕੀਤੇ ਗਏ ਹਨ। ਬੋਲੀ ਜਨ-ਸਧਾਰਨ ਰੰਗਤ ਵਾਲੀ ਹੈ, ਜੋ ਠੇਠ ਪੰਜਾਬੀ ਦੇ ਕਾਫੀ ਨੇੜੇ ਹੈ। ਪੂਰੇ ਨਵੀਨ ਸਿੱਖ ਜਗਤ ਅਤੇ ਸਿੱਖਾਂ ਦੀ ਵਿਚਾਰਧਾਰਾ ਉੱਤੇ 'ਖ਼ਾਲਸਾ ਅਖ਼ਬਾਰ' ਦਾ ਡੂੰਘਾ ਪ੍ਰਭਾਵ ਸੀ। ਇਸ ਪੱਤਰ ਦੇ ਵਿਭਿੰਨ ਪੱਖਾਂ ਦਾ ਅਧਿਐਨ ਗਿਆਨੀ ਦਿੱਤ ਸਿੰਘ ਵਲੋਂ ਪੰਜਾਬੀ ਪੱਤਰਕਾਰੀ ਅਤੇ ਸਿੱਖ

ਧਰਮ ਨੂੰ ਦਿੱਤੇ ਯੋਗਦਾਨ ਨੂੰ ਸਮਝਣ ਵਿਚ ਕਾਫੀ ਸਹਾਈ ਹੋਵੇਗਾ। ਗਿਆਨੀ ਦਿੱਤ ਸਿੰਘ ਦੇ ਸਮੇਂ ਪੰਜਾਬੀ ਪੱਤਰਕਾਰੀ ਆਪਣੇ ਮੁਢਲੇ ਦੌਰ ਵਿਚ ਸੀ। ਪੱਤਰਕਾਰੀ ਦੇ ਇਹ ਉਹ ਦਿਨ ਸਨ, ਜਦੋਂ ਸਭ ਕੁਝ ਸੰਪਾਦਕ ਨੂੰ ਆਪ ਹੀ ਕਰਨਾ ਪੈਂਦਾ ਸੀ।

'ਖ਼ਾਲਸਾ ਅਖ਼ਬਾਰ' ਦੇ ਛਪਣ ਸਮੇਂ ਗਿਆਨੀ ਦਿੱਤ ਸਿੰਘ ਖ਼ੁਦ ਆਪ ਗੁਰਬਾਣੀ ਦਾ ਇਕ ਟੀਕਾ ਸਰਲ ਪੰਜਾਬੀ ਭਾਸ਼ਾ ਵਿਚ ਕਰ ਰਹੇ ਸਨ, ਜਿਸ ਵਿਚੋਂ ਇਕ ਸ਼ਬਦ ਦੀ ਵਿਆਖਿਆ ਇਸ ਅਖ਼ਬਾਰ ਵਿਚ ਛਾਪੀ ਜਾਂਦੀ ਸੀ। ਖ਼ਾਲਸਾ ਅਖ਼ਬਾਰ ਵਿਚ ਛਪਣ ਵਾਲੇ ਸੰਪਾਦਕੀ ਲੇਖ ਗਿਆਨੀ ਦਿੱਤ ਸਿੰਘ ਦੀ ਕਲਮ-ਸ਼ਕਤੀ ਦਾ ਪ੍ਰਗਟਾਵਾ ਕਰਦੇ ਸਨ। ਇਹਨਾਂ ਲੇਖਾਂ ਵਿਚ ਉਹ ਕਿਸੇ ਭੱਖਵੀਂ ਸਮੱਸਿਆ ਨੂੰ ਵਿਸ਼ਾ ਬਣਾ ਕੇ, ਉਸ ਦੇ ਬਹੁਪੱਖੀ ਪਹਿਲੂਆਂ ਨੂੰ ਵਿਚਾਰ ਕੇ ਆਪਣਾ ਮੱਤ ਪੇਸ਼ ਕਰਦੇ ਸਨ। ਇਹ ਲੇਖ ਗਿਆਨੀ ਦਿੱਤ ਸਿੰਘ ਦੀ ਸਿੱਖ ਧਰਮ ਪੱਖੀ ਸੋਚ, ਸਪਸ਼ਟ ਕਥਨ, ਤਰਕਵਾਦਤਾ ਦੇ ਆਧਾਰ ਤੇ ਵਿਰੋਧੀਆਂ ਦੀਆਂ ਦਲੀਲਾਂ ਦੇ ਖੰਡਨ ਦੀਆਂ ਉੱਭਰਵੀਆਂ ਮਿਸਾਲਾਂ ਹੁੰਦੇ ਸਨ। ਗਿਆਨੀ ਦਿੱਤ ਸਿੰਘ ਆਪਣੇ ਹਰੇਕ ਲੇਖ ਵਿਚ ਸਿੱਖ ਕੌਮ ਦੇ ਸੰਦਰਭ ਵਿਚ ਮਹੱਤਵਪੂਰਨ ਮਸਲਿਆਂ ਪ੍ਰਤੀ ਤਰਕ ਸਹਿਤ ਉਦਾਹਰਨਾਂ ਦੇ ਕੇ ਸਿੱਖ ਕੌਮ ਨੂੰ ਸਹੀ ਸੇਧ ਪ੍ਰਦਾਨ ਕਰਵਾਉਂਦੇ ਸਨ। ਜਿਵੇਂ:

> ਕਿਆ ਖ਼ਾਲਸਾ ਹਿੰਦੂ ਕਰਕੇ ਬਚੇਗਾ?
>
> ਜਦ ਅਸੀਂ ਇਸ ਉਪਰਲੇ ਪ੍ਰਸ਼ਨ ਦਾ ਵਿਚਾਰ ਕਰਦੇ ਹਾਂ ਤਦ ਅਗੋਂ ਸਾਨੂੰ ਏਹੋ ਉਤਰ ਮਿਲਦਾ ਹੈ ਕਿ ਕਦੇ ਨਹੀਂ। ਸਾਡੇ ਅੱਜ ਕੱਲ੍ਹ ਦੇ ਕਿਤਨੇ ਕੁ ਲੋਗ, ਜੋ ਦਸਵੇਂ ਗੁਰੂ ਜੀ ਦੇ ਅਸੂਲਾਂ ਥੋਂ ਗਿਰੇ ਹੋਏ ਹਨ ਅਰ ਜਿਨ੍ਹਾਂ ਨੇ ਆਪਣਾ ਧਰਮ ਨਿਰਾ ਪੇਟ ਪਾਲਨ ਹੀ ਸਮਝਿਆ ਹੋਇਆ ਹੈ, ਭਾਵੇਂ ਅਪਨੀ ਅਗਯਾਨਤਾ ਯਾ ਨੰਗ ਭੁੱਖ ਦੇ ਵਸ ਹੋ ਕੇ ਇਹ ਸਾਬਤ ਕਰਨ ਲਈ ਯਤਨ ਕਰਦੇ ਹਨ ਕਿ ਖ਼ਾਲਸਾ ਅਰ ਹਿੰਦੂ ਇਕੋ ਵਸਤੂ ਹੈ ਯਾ ਖ਼ਾਲਸਾ ਹਿੰਦੂਆਂ ਦੀ ਇਕ ਸ਼ਾਖ ਹੈ ਪਰੰਤੂ ਦਸਵੇਂ ਪਾਤਸ਼ਾਹ ਕਲਗੀਧਰ

> ਦੇ ਸੱਚੇ ਅਤੇ ਪੱਕੇ ਅਸੂਲ ਉਨ੍ਹਾਂ ਦੇ ਇਸ ਖਯਾਲ ਰੂਪੀ ਪਹਾੜ ਦੇ ਤੋੜਨ ਲਈ ਇਕ ਇੰਦਰ ਦਾ ਬੱਜਰ ਹਨ, ਅਰ ਉਹ ਪ੍ਰਗਟ ਕਰਦੇ ਹਨ ਕਿ ਖ਼ਾਲਸਾ ਪੰਥ ਨਾ ਹਿੰਦੂ ਹੈ ਅਤੇ ਨਾ ਹਿੰਦੂ ਹੋ ਕੇ ਬਚ ਸਕਦਾ ਹੈ।[7]

ਉਪਰੋਕਤ ਪੈਰ੍ਹੇ ਵਿਚ ਕਿੰਨੇ ਤਰਕ ਨਾਲ ਖ਼ਾਲਸਾ ਪੰਥ ਦੇ ਹੱਕ ਵਿਚ ਗੱਲ ਕੀਤੀ ਹੈ। ਵਾਰਤਕ ਟੁਕੜੀ ਦੀ ਭਾਸ਼ਾ ਠੇਠ ਸਰਲ ਆਮ ਬੋਲਚਾਲ ਦੀ ਪੰਜਾਬੀ ਬੋਲੀ ਹੈ। ਲਿਖਣ ਢੰਗ ਜਾਂ ਸ਼ਬਦ ਰੂਪਾਂ ਅਤੇ ਸ਼ਬਦ ਜੋੜਾਂ ਉੱਪਰ ਸੰਸਕ੍ਰਿਤ ਨੁਮਾ ਹਿੰਦੀ ਦਾ ਵੀ ਕੁਝ ਪ੍ਰਭਾਵ ਹੈ। ਇਸੇ ਕਰਕੇ ਉਹਨਾਂ ਨੇ ਮੱਧਕਾਲੀਨ ਭਾਸ਼ਾਈ ਪ੍ਰਭਾਵ ਅਧੀਨ ਆਪਣੀ ਸ਼ਬਦਾਵਲੀ ਵਿਚ ਜ਼ਿਆਦਾਤਰ 'ਅ' ਦੀ ਥਾਂ 'ਯ' ਦੀ ਵਰਤੋਂ ਕੀਤੀ ਹੈ ਜਿਵੇਂ ਉਪਰ ਦੇ ਪੈਰ੍ਹੇ ਵਿਚ 'ਖਯਾਲ' (ਖਿਆਲ) ਅਗਯਾਨਤਾ (ਆਗਿਆਨਤਾ) ਆਦਿ ਸ਼ਬਦਾਂ ਵਿਚ ਕੀਤਾ ਗਿਆ ਹੈ।

ਸਰਦਾਰ ਅਤਰ ਸਿੰਘ ਜੀ ਭਦੌੜ ਵਾਲੇ, ਜੋ ਗਿਆਨੀ ਦਿੱਤ ਸਿੰਘ ਜੀ ਦੇ ਪਰਮ-ਮਿੱਤਰ ਸਨ ਅਤੇ ਹਰ ਇਕ ਕੰਮ ਵਿਚ ਗਿਆਨੀ ਜੀ ਦੀ ਮਦਦ ਕਰਦੇ ਸਨ, 1895 ਈ. ਵਿਚ ਉਹਨਾਂ ਦਾ ਚਲਾਣਾ ਹੋ ਗਿਆ ਤਾਂ ਗਿਆਨੀ ਜੀ ਨੂੰ ਬਹੁਤ ਮਾਨਸਿਕ ਦੁੱਖ ਹੋਇਆ। 19 ਜੂਨ, 1896 ਈ. ਨੂੰ ਉਹਨਾਂ ਨੇ 'ਖ਼ਾਲਸਾ ਅਖ਼ਬਾਰ' ਵਿਚ ਸਰਦਾਰ ਅਤਰ ਸਿੰਘ ਜੀ ਦੀ ਤਾਰੀਫ਼ ਵਿਚ ਇਕ ਲੇਖ ਲਿਖਿਆ ਅਤੇ ਦੂਜੇ ਉਹਨਾਂ ਸਰਦਾਰਾਂ ਨੂੰ ਜਿਹੜੇ ਦੇਖਣ ਨੂੰ ਤਾਂ ਸਰਦਾਰ ਸਨ ਪਰੰਤੂ ਕੁਕਰਮਾਂ ਵਿਚ ਪੈ ਕੇ ਸਿੱਖੀ ਅਸੂਲਾਂ ਤੋਂ ਲਾਂਭੇ ਹੋ ਗਏ ਸਨ, ਉਹਨਾਂ ਕਿਵੇਂ ਫਿਟਕਾਰਾਂ ਤੇ ਲਾਹਨਤਾ ਪਾਈਆਂ:

> ਸਰ ਸਰਦਾਰ ਅਤਰ ਸਿੰਘ ਸਾਹਿਬ ਨੇ ਆਪਣੀ ਸਾਰੀ ਉਮਰ ਨੂੰ ਏਡੇ ਵੱਡੇ ਰਈਸ ਹੋ ਕੇ ਅਜ ਕਲ ਦੇ ਸਰਦਾਰਾਂ ਵਾਂਗ ਸ਼ਰਾਬ, ਕਬਾਬ, ਨਸ਼ਿਆਂ ਅਤੇ ਕੁੱਤਿਆਂ ਦੇ ਪਾਲਨ ਵਿਚ ਖਰਚ ਨਹੀਂ ਕੀਤਾ ਸੀ, ਸਗੋਂ ਵਿੱਦਿਆ ਹਾਸਲ ਕਰਨ, ਸਰਕਾਰ ਨੂੰ ਸਮਯ ਸਿਰ ਮੱਦਦ ਦੇਣ, ਸੋਭਨੀਕ ਕਮੇਟੀਆਂ ਦੇ ਮੈਂਬਰ ਹੋਣ ਅਤੇ

> ਖਾਸ ਕਰ ਖ਼ਾਲਸਾ ਕੌਮ ਦੀ ਭਲਾਈ ਵਿਚ ਖਰਚ ਕੀਤਾ ਸੀ। ਸਰਦਾਰ ਸਾਹਿਬ ਸੁਰਗਵਾਸੀ ਦੇ ਦੇਹ ਤਿਆਗਣ ਤੇ ਜੋ ਨੁਕਸਾਨ ਖ਼ਾਲਸਾ ਕੌਮ ਨੂੰ ਪੁੱਜਾ ਹੈ, ਉਹ ਪਤਾ ਨਹੀਂ ਕਦ ਪੂਰਾ ਹੋਵੇਗਾ।[8]

ਸਿੱਖ ਧਰਮ ਜਾਂ ਖ਼ਾਲਸਾ ਪੰਥ ਦੀ ਵੱਖਰੀ ਹੋਂਦ ਦਾ ਪ੍ਰਸ਼ਨ ਉੱਨੀਵੀਂ ਸਦੀ ਦੇ ਅਖੀਰਲੇ ਅਤੇ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਬਹੁਤ ਵਾਦ-ਵਿਵਾਦ ਤੇ ਮਹੱਤਵਪੂਰਨ ਪ੍ਰਸ਼ਨ ਬਣਿਆ ਹੋਇਆ ਸੀ। ਇਸ ਸੰਬੰਧ ਵਿਚ ਗਿਆਨੀ ਦਿੱਤ ਸਿੰਘ ਹੁਰਾਂ ਨੇ ਉਨ੍ਹੀਵੀਂ ਸਦੀ ਦੇ ਅਖੀਰ ਵਿਚ ਆਪਣੀ ਕਲਮ ਸ਼ਕਤੀ ਨੂੰ ਇਹ ਸਥਾਪਿਤ ਕਰਨ ਲਈ ਵਰਤਿਆ ਕਿ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਦੀ ਇਕ ਵਿਸ਼ੇਸ਼ ਉਦੇਸ਼ ਲਈ ਸਿਰਜਣਾ ਕੀਤੀ ਸੀ। ਖ਼ਾਲਸਾ ਅਖ਼ਬਾਰ ਦੇ ਹੇਠ ਲਿਖੇ ਸੰਪਾਦਕੀ ਲੇਖਾਂ ਤੋਂ ਗਿਆਨੀ ਦਿੱਤ ਸਿੰਘ ਦੀ ਖ਼ਾਲਸਾ ਪੰਥ ਪ੍ਰਤੀ ਸੋਚ ਅਤੇ ਸੇਵਾ ਬਾਰੇ ਸਹਿਜੇ ਹੀ ਪਤਾ ਲਗਾਇਆ ਜਾ ਸਕਦਾ ਹੈ:

1. ਐ ਪੰਥ ਤੂੰ ਅਪਣੇ ਅਸੂਲਾਂ ਤੇ ਪਰ ਪੱਕਾ ਰਹੁ (12 ਜੁਲਾਈ, 1901)
2. ਜਿਥੇ ਧਰਮ ਓਥੇ ਸੱਭੇ ਕੁਛ (14 ਜੂਨ-1901)
3. ਕੋਹ ਨਾ ਚੱਲੀ ਬਾਬਾ ਤਿਹਾਈ (28 ਜੂਨ, 1901)
4. ਸਾਡੀ ਸਿੰਘਣੀਆਂ ਦੀ ਉਨਤੀ (9 ਅਗਸਤ 1901)
5. ਕੌਮ ਦੇ ਬਣਨੇ ਪਰ ਬਿਵਹਾਰਕ ਕਠਨਤਾਈਆਂ (15 ਜੁਲਾਈ, 1898)
6. ਕਿਆ ਖਾਲਸਾ ਜੀ ਤੁਸੀਂ ਜਿੰਦੇ ਹੋ? (17 ਮਈ,1901)

ਇਸ ਤਰ੍ਹਾਂ ਦੇ ਹੋਰ ਬਹੁਤ ਸਾਰੇ ਸੰਪਾਦਕੀ ਲੇਖ/ਲੇਖ ਜੋ ਗਿਆਨੀ ਦਿੱਤ ਸਿੰਘ ਨੇ ਖ਼ਾਲਸਾ ਪੰਥ ਨੂੰ ਸੇਧ ਪ੍ਰਦਾਨ ਕਰਨ ਲਈ ਲਿਖੇ, ਉਹਨਾਂ ਦਿਨਾਂ ਵਿਚ ਉਹ 'ਖ਼ਾਲਸਾ ਅਖ਼ਬਾਰ' ਵਿਚ ਛਪਦੇ ਸਨ। ਜਿਥੇ ਗਿਆਨੀ ਦਿੱਤ ਸਿੰਘ ਦੇ ਇਹਨਾਂ ਲੇਖਾਂ ਸਦਕਾ ਸਿੱਖ ਕੌਮ ਘੋਰ ਸੰਕਟ ਵਿਚੋਂ ਵੀ ਆਪਣੀ ਵੱਖਰੀ ਤੇ ਨਿਵੇਕਲੀ ਹੋਂਦ ਕਾਇਮ ਰੱਖ ਸਕੀ, ਉਥੇ ਇਹਨਾਂ ਲੇਖਾਂ ਵਿਚਲੀ ਵਾਰਤਕ ਤੋਂ ਸਾਨੂੰ ਸਪਸ਼ਟ ਹੋ ਜਾਂਦਾ ਹੈ ਕਿ ਇਹ ਵਾਰਤਕ ਮੱਧਕਾਲੀ ਵਾਰਤਕ ਭਾਸ਼ਾਈ ਵਲਗਣਾਂ 'ਚੋਂ

ਨਿਕਲ ਕੇ ਆਧੁਨਿਕ ਵਾਰਤਕ ਦੀਆਂ ਲੀਂਹਾਂ ਤੇ ਪੈ ਗਈ ਸੀ। ਗਿਆਨੀ ਦਿੱਤ ਸਿੰਘ ਦੀ ਪੱਤਰਕਾਰੀ ਨੇ ਪੰਜਾਬੀ ਸਾਹਿਤ ਦੇ ਵਾਰਤਕ ਰੂਪ ਨੂੰ ਇਕ ਮਹਾਨ ਦੇਣ ਦਿੱਤੀ।

ਉਪਰੋਕਤ ਵਿਵੇਚਨ ਤੋਂ ਇਕ ਗੱਲ ਦਾ ਅਹਿਸਾਸ ਸਹਿਜੇ ਹੀ ਹੋ ਜਾਂਦਾ ਹੈ ਕਿ ਸਿੱਖ ਜਗਤ ਵਿਚ ਪੱਤਰਕਾਰੀ ਦੀ ਪਿਰਤ ਨੇ ਪੰਜਾਬੀ ਸਾਹਿਤ ਦੇ ਵਾਰਤਕ ਰੂਪ ਨੂੰ ਵਿਆਖਿਆ, ਵਾਰਤਾਵਾਂ, ਇਤਿਹਾਸਕ ਪ੍ਰਸੰਗ, ਗੁਰੂ ਡੰਮ੍ਹ ਦਾ ਵਿਰੋਧ, ਚਲਦੇ ਮਾਮਲਿਆਂ ਤੇ ਟਿੱਪਣੀਆਂ, ਸਿੱਖ ਧਰਮ ਤੇ ਕੀਤੇ ਜਾ ਰਹੇ ਹਮਲਿਆਂ ਦੇ ਉੱਤਰ ਆਦਿ ਵਾਲੀ ਸਮੱਗਰੀ ਨੂੰ ਵਿਸ਼ਾ ਬਣਾ ਕੇ ਵਾਰਤਕ ਰਾਹੀਂ ਪੇਸ਼ ਕੀਤਾ ਅਤੇ ਪੰਜਾਬੀ ਵਾਰਤਕ ਨੂੰ ਖ਼ੂਬ ਚਮਕਾਇਆ। ਉਹਨਾਂ ਦੀ ਪੱਤਰਕਾਰੀ ਵਾਲੀ ਵਾਰਤਕ ਸਿੱਖ ਧਰਮ ਦੇ ਸਿਧਾਂਤਾਂ ਦੀ ਵਿਆਖਿਆ ਸਮੇਂ ਦਾਰਸ਼ਨਿਕ ਰੰਗ ਅਪਣਾ ਲੈਂਦੀ ਹੈ। ਉਹਨਾਂ ਦੀਆਂ ਪੱਤਰਕਾਰੀ ਰਚਨਾਵਾਂ ਪੜ੍ਹ ਕੇ ਇਕ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਪੰਜਾਬੀ ਪੱਤਰਕਾਰੀ ਦੇ ਮੁਢਲੇ ਦੌਰ ਵਿਚ ਧਰਮ ਅਤੇ ਸਾਹਿਤ, ਸਾਹਿਤ ਅਤੇ ਪੱਤਰਕਾਰੀ ਵਿਚਲਾ ਬਹੁਤਾ ਅੰਤਰ-ਨਿਖੇੜ ਸਾਹਮਣੇ ਨਹੀਂ ਸੀ ਆਇਆ। ਖ਼ਾਲਸਾ ਅਖ਼ਬਾਰ ਦੇ ਲੇਖਾਂ ਤੋਂ ਸਪਸ਼ਟ ਹੁੰਦਾ ਹੈ ਕਿ ਧਰਮ ਪ੍ਰਚਾਰ ਹੀ ਪੰਜਾਬੀ ਸਾਹਿਤਕ ਰੂਪ ਵਾਰਤਕ ਸਿਰਜਣਾ ਦਾ ਮੂਲ ਕਾਰਨ ਸੀ, ਪਰੰਤੂ ਜਿਉਂ-ਜਿਉਂ ਪੰਜਾਬੀ ਪੱਤਰਕਾਰੀ ਵਿਚ ਨਵੇਂ ਨਵੇਂ ਵਿਸ਼ੇ ਛੋਹੇ ਗਏ, ਤਿਉਂ ਤਿਉਂ ਵਾਰਤਕ ਦੀ ਵੰਨਗੀ ਬਦਲਦੀ ਅਤੇ ਸੁਧਰਦੀ ਗਈ।

**ਅ) ਪੁਸਤਕ ਰੂਪੀ ਨਿਰੋਲ ਵਾਰਤਕ:**

ਗਿਆਨੀ ਦਿੱਤ ਸਿੰਘ ਅਲੌਕਿਕ ਪ੍ਰਤਿਭਾ ਦੇ ਮਾਲਕ ਸਨ। ਆਪਣੀ ਕਲਮ ਸ਼ਕਤੀ ਨਾਲ ਉਹਨਾਂ ਨੇ ਸਿੱਖ ਕੌਮ ਵਿਚ ਫਿਰ ਤੋਂ ਇਕ ਚੇਤਨਾ-ਲਹਿਰ ਪੈਦਾ ਕੀਤੀ। ਉਹ ਆਪਣੇ ਸਮੇਂ ਦੇ ਅਦੁੱਤੀ ਵਿਦਵਾਨ ਪੱਤਰਕਾਰ, ਕਵੀ ਅਤੇ ਵਾਰਤਕਕਾਰ ਜਾਂ ਗੱਦਕਾਰ ਅਤੇ ਅਦੁੱਤੀ ਸਮਾਜ ਸੁਧਾਰਕ ਸਨ। ਉਨੀਵੀਂ ਸਦੀ ਦੇ ਅੰਤਲੇ ਤਿੰਨ ਦਹਾਕਿਆਂ ਵਿਚ ਸਾਹਿਤਕ ਵਾਰਤਕ ਦੇ ਖੇਤਰ ਵਿਚ ਉਹਨਾਂ ਨੇ ਬਹੁਮੁੱਲਾ ਯੋਗਦਾਨ ਪਾਇਆ। ਇਹ ਉਹ ਸਮਾਂ ਸੀ, ਜਦੋਂ ਵਾਰਤਕ ਵਿਚ ਧਾਰਮਿਕ ਵਿਸ਼ਿਆਂ ਦੇ ਸਰੋਕਾਰਾਂ ਵਲ ਹੀ ਬਹੁਤਾ ਧਿਆਨ ਦਿੱਤਾ ਜਾਂਦਾ ਸੀ।

ਕਿਉਂਕਿ ਗਿਆਨੀ ਦਿੱਤ ਸਿੰਘ, ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਸੀ, ਇਸੇ ਕਰਕੇ ਉਹਨਾਂ ਦੀ ਸਾਰੀ ਵਾਰਤਕ ਲਿਖਤ ਸਿੰਘ ਸਭਾ ਦੇ ਆਸ਼ਿਆਂ ਦੀ ਹੀ ਪੂਰਤੀ ਕਰਦੀ ਸੀ।

ਗਿਆਨੀ ਦਿੱਤ ਸਿੰਘ ਜੀ ਦੁਆਰਾ ਰਚਿਤ ਪੁਸਤਕਾਂ ਦੀ ਸੂਚੀ ਦਾ ਜ਼ਿਕਰ ਅਸੀਂ ਪਿਛਲੇ ਅਧਿਆਇ ਵਿਚ ਕਰ ਆਏ ਹਾਂ, ਪਰੰਤੂ ਇਸ ਸੂਚੀ ਵਿਚਲੀਆਂ ਬਹੁਤੀਆਂ ਪੁਸਤਕਾਂ ਕਵਿਤਾ ਜਾਂ ਕਵਿਤਾ-ਵਰਣਨਾਤਮਿਕ ਵਾਰਤਕ ਵਿਚ ਹਨ। ਗਿਆਨੀ ਦਿੱਤ ਸਿੰਘ ਜੀ ਨੇ ਕੁਝ ਕੁ ਪੁਸਤਕਾਂ ਦੀ ਰਚਨਾ ਨਿਰੋਲ ਵਾਰਤਕ ਰੂਪ ਵਿਚ ਕੀਤੀ ਹੈ। ਇਹਨਾਂ ਦੁਆਰਾ ਰਚਿਤ ਸਾਰੇ ਸਾਹਿਤ ਨੂੰ ਸਾਂਭਿਆ ਨਹੀਂ ਗਿਆ ਜਾਂ ਉਹਨਾਂ ਦੁਆਰਾ ਰਚਿਤ ਸਾਹਿਤ ਅੱਜ ਦੇ ਸਮੇਂ ਪ੍ਰਾਪਤ ਹੋਣਾ ਕਠਿਨ ਹੈ। ਗਿਆਨੀ ਦਿੱਤ ਸਿੰਘ ਨੇ 22 ਸਾਲ ਆਪਣੀ ਕਲਮ ਵਾਹੀ ਅਤੇ ਜਿਥੇ ਸਿੱਖ-ਪੰਥ ਦੀ ਉਸਾਰੂ ਸੇਵਾ ਕੀਤੀ, ਉਥੇ ਪੰਜਾਬੀ ਸਾਹਿਤ ਵੀ ਉਹਨਾਂ ਦਾ ਰਿਣੀ ਰਹੇਗਾ। ਪੰਜਾਬੀ ਵਾਰਤਕ ਦੇ ਵਿਕਾਸ ਨੂੰ ਗਿਆਨੀ ਦਿੱਤ ਸਿੰਘ ਦੇ ਯੋਗਦਾਨ ਦੇ ਅਧਿਐਨ ਤੋਂ ਬਿਨਾਂ ਨਹੀਂ ਸਮਝਿਆ ਜਾ ਸਕਦਾ। ਨਿਰੋਲ ਵਾਰਤਕ ਰੂਪ ਵਿਚ ਉਹਨਾਂ ਦੁਆਰਾ ਲਿਖੀਆਂ ਪੁਸਤਕਾਂ ਜੋ ਇਸ ਖੋਜ ਅਧਿਐਨ ਦੌਰਾਨ ਪ੍ਰਾਪਤ ਹੋ ਸਕੀਆਂ ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਜੀਵਨ ਕਥਾ- ਸ਼੍ਰੀ ਗੁਰੂ ਨਾਨਕ ਸਾਹਿਬ
2. ਜੀਵਨ ਕਥਾ- ਸ਼੍ਰੀ ਗੁਰੂ ਅੰਗਦ ਸਾਹਿਬ ਜੀ
3. ਜੀਵਨ ਕਥਾ- ਸ਼੍ਰੀ ਗੁਰੂ ਅਮਰਦਾਸ ਸਾਹਿਬ
4. ਜੀਵਨ ਕਥਾ- ਗੁਰੂ ਅਰਜਨ ਦੇਵ ਜੀ
5. ਜੀਵਨ ਕਥਾ- ਗੁਰੂ ਹਰਿ ਰਾਇ ਸਾਹਿਬ
6. ਜੀਵਨ ਕਥਾ- ਗੁਰੂ ਹਰਿਕ੍ਰਿਸ਼ਨ ਸਾਹਿਬ
7. ਜੀਵਨ ਕਥਾ -ਗੁਰੂ ਤੇਗ ਬਹਾਦਰ ਜੀ
8. ਜਨਮ ਸਾਖੀ ਸ਼੍ਰੀ ਗੁਰੂ ਨਾਨਕ ਦੇਵ ਜੀ
9. ਡਰਪੋਕ ਸਿੰਘ

ਇਹਨਾਂ ਪੁਸਤਕਾਂ ਤੋਂ ਇਲਾਵਾ ਗਿਆਨੀ ਅਮਰ ਸਿੰਘ ਜੀ ਨੇ ਆਪਣੀ ਪੁਸਤਕ 'ਜੀਵਨੀ ਚਰਿਤਰ ਸਿੰਘ ਸਭਾ ਦੇ ਉਡਣੇ ਸੰਚਾਲਕ- ਗਿਆਨੀ ਦਿੱਤ ਸਿੰਘ ਜੀ' ਵਿਚ ਕੁਝ ਕਿਤਾਬਾਂ ਦਾ ਜ਼ਿਕਰ ਕੀਤਾ ਹੈ ਜਿਵੇਂ ਭਾਰਤ ਮੰਗਲ, ਕਲਗੀਧਰ ਉਪਕਾਰ, ਹਮ ਹਿੰਦੂ ਨਹੀਂ ਆਦਿ, ਪਰੰਤੂ ਇਹ ਕਿਤਾਬਾਂ ਬਹੁਤ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਹਾਸਿਲ ਨਹੀਂ ਹੋ ਸਕੀਆਂ।

ਇਹਨਾਂ ਉਪਰੋਕਤ ਪ੍ਰਾਪਤ ਪੁਸਤਕਾਂ ਵਿਚਲੀ ਵਾਰਤਕ ਦੇ ਅਧਿਐਨ ਨਾਲ ਸਾਨੂੰ ਗਿਆਨੀ ਦਿੱਤ ਸਿੰਘ ਦੀ ਵਿੱਦਵਤਾ ਜਾਂ ਉਹਨਾਂ ਦੇ ਗਿਆਨ ਦਾ ਅਤੇ ਸਾਹਿਤਕ ਗਿਆਨ ਦੀ ਡੂੰਘਾਈ ਦਾ ਪਤਾ ਲਗ ਸਕਦਾ ਹੈ। ਗਿਆਨੀ ਦਿੱਤ ਸਿੰਘ ਦੁਆਰਾ ਰਚਿਤ ਸਾਰੀ ਵਾਰਤਕ ਨੂੰ ਮੋਟੇ ਤੌਰ ਤੇ ਬਿਰਤਾਂਤਕ, ਵਿਆਖਿਆਮਈ ਅਤੇ ਵਰਣਨਾਤਮਕ ਤਿੰਨਾਂ ਸ਼ੈਲੀਆਂ ਵਿਚ ਵੰਡਿਆ ਜਾ ਸਕਦਾ ਹੈ। ਜਿਸ ਪ੍ਰਸੰਗ ਵਿਚ ਕਥਾ ਦਾ ਅੰਸ਼ ਜ਼ਿਆਦਾ ਹੈ, ਉਥੇ ਬਿਰਤਾਂਤਕ ਹੈ, ਜਿਥੇ ਸ਼ਬਦਾਂ ਦੇ ਅਰਥ ਜਾਂ ਸਿਧਾਂਤਕ ਵਿਆਖਿਆ ਹੈ, ਉਥੇ ਵਿਆਖਿਆਮਈ ਸ਼ੈਲੀ ਦੀ ਪ੍ਰਧਾਨਤਾ ਹੈ। ਗਿਆਨੀ ਦਿੱਤ ਸਿੰਘ ਦੀ ਪੁਸਤਕ ਰੂਪ ਵਿਚ ਛਪੀ ਵਾਰਤਕ ਦਾ ਵਿਸ਼ਾ ਧਾਰਮਿਕ ਹੈ। ਉਹਨਾਂ ਦੀ ਵਾਰਤਕ ਗਿਆਨਦਾਇਕ ਹੈ, ਜਿਸ ਵਿਚ ਸੁਚੱਜਾ ਸ਼ਬਦ ਪ੍ਰਯੋਗ ਕੀਤਾ ਗਿਆ ਹੈ। 'ਜੀਵਨ ਕਥਾ - ਗੁਰੂ ਅੰਗਦ ਸਾਹਿਬ ਜੀ' ਵਿਚੋਂ ਉਹਨਾਂ ਦੀ ਵਾਰਤਕ ਦਾ ਨਮੂਨਾ:

> ਜੰਗਲ ਦੇਸ ਮੈਡੇ ਦੀ ਸਰਾਇ ਨਾਮੇ ਨਗਰ ਵਿਖੇ ਫੇਰੂ ਨਾਮੇ ਤ੍ਰੇਹੁਣ ਖੱਤ੍ਰੀ ਵਸਦਾ ਸੀ, ਸਮਾ ਪਾ ਕੇ ਫੇਰ ਇਹ ਹਰੀ ਕੇ ਗਰਾਉਂ ਵਿਚ ਆ ਰਿਹਾ। ਇਸਦੀ ਇਸਤ੍ਰੀ ਦਾ ਪੇਕਾ ਨਾਉਂ ਰਾਮੋ ਅਰ ਸਹੁਰਾ ਦਯਾ ਕੌਰ, ਸੁਸੀਲ ਸੁਭਾਉ, ਦਯਾਵਾਨ ਅਰ ਪਤਿਬ੍ਰਤਾ ਸੀ। ਸੰਮਤ 1561 ਵਿਸਾਖੋ॥ ਚਾਰ ਘੜੀ ਰਾਤ ਰਹਿੰਦੀ ਭਰਤੀ ਨਛੱਤਰ ਵਿਚ ਤਿਨਾਂ ਦੇ ਘਰ ਬਾਲਕ ਜਨਮਿਆ, ਨਾਮ ਲਹਿਣਾ ਰੱਖਿਆ ਚਾਨਣੇ ਪੱਖ ਦੇ ਚੰਦ੍ਰਮਾਂ

> ਵਾਂਗ ਦਿਨੋ ਦਿਨ ਵਧਿਆ, ਅਰ ਮੇਤ੍ਰੀ ਮੁਦਤਾ ਆਦਿ ਦੇਵੀ ਸੰਧਤਾ ਦੇ ਗੁਣਾਂ ਨਾਲ ਭਰਪੂਰ ਹੁੰਦਾ ਗਿਆ। ਸੰਮਤ 1576 ਮੱਘਰ ਦੀ 16 ਨੂੰ ਮੱਤੇ ਦੀ ਸਰਾਇ ਨਾਮੇ ਨਗਰ ਵਿਚ ਵਿਆਹ ਹੋਯਾ। ਸੁਭ ਸੁਭਾਅ ਸੁਘੜ ਸਰੂਪ ਸਭ ਤਰ੍ਹਾਂ ਸੁਚੱਜੀ ਖੀਵੀ ਨਾਮੇ ਇਸਤ੍ਰੀ ਆਈ ਅਤੇ ਫੇਰ ਏਥੇ ਹੀ ਆਣ ਵੱਸੇ।[9]

ਉਪਰੋਕਤ ਵਾਰਤਕ ਵਿਚ ਕਿੰਨੇ ਸੰਜਮ ਤੋਂ ਕੰਮ ਲਿਆ ਗਿਆ, ਭਾਵੇਂ ਇਸ ਵਾਰਤਕ ਦੀ ਜੁਗਤ ਮੱਧਕਾਲੀ ਵਾਰਤਕ ਵਰਗੀ ਲਗਦੀ ਹੈ, ਪਰੰਤੂ ਭਾਸ਼ਾ ਦੀ ਸਰਲਤਾ ਤੇ ਸ਼ਬਦ ਸੰਜਮਤਾ ਨੇ ਵਾਰਤਕ ਵਿਚ ਭਾਵ ਨੂੰ ਚਮਕਾ ਦਿੱਤਾ ਹੈ। ਬਾਲਕ ਦੀ ਤੰਦਰੁਸਤੀ ਤੇ ਸੁੰਦਰਤਾ ਨੂੰ ਕਿੰਨੇ ਸੁਹਣੇ ਦ੍ਰਿਸ਼ਟਾਂਤ ਦੁਆਰਾ ਪੇਸ਼ ਕੀਤਾ ਹੈ, "ਚਾਨਣੇ ਪੱਖ ਦੇ ਚੰਦਰਮਾ ਵਾਂਗ ਦਿਨੋ ਦਿਨ ਵਧਿਆ" ਵਾਰਤਕ ਦੀ ਤੁੱਕ ਨੇ ਇਸ ਵਾਰਤਕ ਵਿਚ ਸੁਹਜ ਪੈਦਾ ਕਰ ਦਿੱਤਾ ਹੈ। ਵਾਕਾਂ ਵਿਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਤਾਂ ਕੀਤੀ ਗਈ ਹੈ, ਪਰੰਤੂ ਲੰਮੇ ਵਾਕਾਂ ਵਿਚ ਗੱਲ ਨੂੰ ਸੰਖੇਪਮਈ ਢੰਗ ਵਿਚ ਪੇਸ਼ ਕਰ ਦਿੱਤਾ ਹੈ। ਇਸ ਵਿਚ ਕਲਪਨਾ ਉਡਾਰੀ ਵੀ ਹੈ। ਵਾਰਤਕਕਾਰ ਗਿਆਨੀ ਦਿੱਤ ਸਿੰਘ ਨੇ ਬਾਲਕ ਦੇ ਸੁਹੱਪਣ ਨੂੰ ਅਤੇ ਉਸਦੀ ਉਮਰ ਦੇ ਵਾਧੇ ਨੂੰ, ਜਿਸ ਵਿਚੋਂ ਬਾਲਕ ਦੀ ਤੰਦਰੁਸਤੀ ਦੀ ਝਲਕ ਪੈਂਦੀ ਹੈ, ਚੰਦਰਮਾ ਦੇ ਵਾਧੇ ਨਾਲ ਤੁਲਨਾ ਕੇ ਸੰਖੇਪ ਤੇ ਸੰਜਮਮਈ ਸ਼ੈਲੀ ਰਾਹੀਂ ਪੇਸ਼ ਕੀਤਾ ਹੈ। ਉਤਮ ਵਾਰਤਕ ਦਾ ਇਹ ਇਕ ਵਧੀਆ ਨਮੂਨਾ ਹੈ ਕਿਉਂਕਿ ਉਤਮ ਵਾਰਤਕ ਸੁੰਦਰ ਤੇ ਸੁਹਜਭਰੀ ਹੁੰਦੀ ਹੈ। ਉਸਦੇ ਭਾਵਾਂ ਦੀ ਸੁੰਦਰਤਾ ਖੂਬਸੂਰਤ ਸ਼ਬਦਾਂ ਦੇ ਮੁਖੜੇ ਤੋਂ ਸਾਫ ਝਲਕਦੀ ਹੈ। ਸੱਚ ਨੂੰ ਸਾਕਾਰ ਕਰਨ ਲਈ ਸੁਚੱਜੇ ਸ਼ਬਦਾਂ ਜਿਵੇਂ "ਸ਼ੁਭ ਸੁਭਾਅ ਸੁਘੜ ਸਰੂਪਾਂ" ਆਦਿ ਦੀ ਕਲਾਤਮਿਕਤਾ ਵਿਚੋਂ ਵਾਰਤਕਕਾਰ ਦੀ ਸੁਚੱਜਤਾ ਨੂੰ ਭਲੀ ਭਾਂਤ ਜਾਣਿਆ ਜਾ ਸਕਦਾ ਹੈ। ਗਿਆਨੀ ਦਿੱਤ ਸਿੰਘ ਦੀ ਵਾਰਤਕ ਦਾ ਇਕ ਹੋਰ ਨਮੂਨਾ ਪੇਸ਼ ਹੈ:

> ਖਡੂਰ ਵਿਚ ਭਾਈ ਜੋਧਾ ਨਾਮੇ ਇਕ ਗੁਰੂ ਨਾਨਕ ਜੀ ਦਾ ਸਿੱਖ ਵਸਦਾ ਸੀ, ਏਹ ਨਿੱਤ ਸਵਾ ਪਹਿਰ ਦੇ ਤੜਕੇ ਅਮ੍ਰਿਤ ਵੇਲੇ

ਉਠ ਕੇ ਪ੍ਰੇਮ ਨਾਲ ਸ੍ਰੀ ਜਪੁਜੀ, ਸਿਧ ਗੋਸਟ, ਓਅੰਕਾਰ, ਆਸਾ ਦੀ ਵਾਰ ਦਾ ਉਚਾਰ ਕਰਦਾ ਹੁੰਦਾ ਸੀ। ਇਕ ਦਿਨ ਲਹਿਣਾ ਜੀ ਦੀ ਅੱਖ ਖੁਲ ਗਈ – ਭਿੰਨੀ ਭਿੰਨੀ ਰਾਤ ਚਮਕਦੇ ਤਾਰੇ ਠੰਡੀ ਠੰਡੀ ਪੌਣ ਚੁਪਚਾਪ ਸਾਂਤ ਸਮਾਧਿ ਅੰਮ੍ਰਿਤ ਵੇਲਾ – ਪ੍ਰੇਮ ਭਰੀ ਆਵਾਜ਼ ਜਿਸ ਵਿਚ ਜਿੰਦ ਪਾਉਣ ਵਾਲੀ ਪਿਆਰੀ ਪਿਆਰੀ ਆਵਾਜ਼ ਕੰਨਾ ਵਿਚ ਆਈ, "ਜਿਸ ਸੇਵੀਐ ਸੁਖ ਪਾਈਐ ਸੋ ਸਾਹਿਬ ਸਦਾ ਸਮਾਲੀਐ" ........ (ਆਸਾ ਦੀ ਵਾਰ ਦੀ 20 ਪੌੜੀ) . .. " ਇਹ ਅੰਮ੍ਰਿਤ ਭਰੀ ਬਾਣੀ ਜਿਉਂ ਜਿਉਂ ਕੰਨ ਲਾ ਕੇ ਸੁਣੀ ਮਨ ਵਿਚ ਸਾਂਤਿ ਆਉਂਦੀ ਗਈ। ਦਿਨ ਚੜ੍ਹੇ ਭਾਈ ਜੋਧਾ ਨੂੰ ਪੁਛਿਆ ਇਹ ਅੰਮ੍ਰਿਤ ਬਾਣੀ ਕਿਸ ਦੀ ਹੈ, ਉਸ ਕਿਹਾ ਮੇਰੇ ਗੁਰੂ ਸ੍ਰੀ ਬਾਬਾ ਨਾਨਕ ਜੀ ਦੀ ਹੈ ਜੋ ਰਾਵੀ ਦੇ ਕੰਢੇ ਕਰਤਾਰਪੁਰ ਵਿਖੇ ਰਹਿੰਦੇ ਹਨ, ਮੈਂ ਉਨ੍ਹਾਂ ਦਾ ਸਿੱਖ ਹਾਂ, ਸੋ ਉਨ੍ਹਾਂ ਦੀ ਬਾਣੀ ਪੜ੍ਹਦਾ ਹਾਂ। ਸੁਣਕੇ ਲਹਿਣੇ ਦੇ ਮਨ ਪ੍ਰੇਮ ਜਾਗਿਆ ਜਿਸ ਤਰ੍ਹਾਂ ਭੋਗ ਕਮਲ ਦੀ ਸੁਗੰਧੀ ਨੂੰ ਲੋਚਦਾ ਹੈ। ਮਨ ਵਿਚ ਵਿਚਾਰਿਆ, ਭਈ ਜੇ ਬਾਬਾ ਨਾਨਕ ਪੂਰਨ ਗੁਰੂ ਹਨ ਤਾਂ ਮੇਰਾ ਮਨ ਆਪਣੀ ਵੱਲ ਖਿੱਚ ਲੈਣਗੇ, ਤਾਂ ਮੈਂ ਦਰਸ਼ਨ ਕਰਾਂਗਾ।[10]

ਉਪਰੋਕਤ ਵਾਰਤਕ ਟੁਕੜੀ ਨੂੰ ਪੜ੍ਹ ਕੇ ਗਿਆਨੀ ਦਿੱਤ ਸਿੰਘ ਦੀ ਵਿੱਦਵਤਾ ਦੀ ਦਾਦ ਦੇਣੀ ਬਣਦੀ ਹੈ ਕਿਉਂਕਿ ਇਸ ਵਿਚ ਅਜਿਹਾ ਸੁਹਜਾਤਮਕ ਗੁਣ ਹੈ ਜੋ ਮਨ ਦੀਆਂ ਡੂੰਘਾਈਆਂ ਵਿਚ ਉਤਰ ਜਾਣ ਦੀ ਸਮਰੱਥਾ ਰੱਖਦਾ ਹੈ। ਸ਼ਾਬਦਿਕ ਸਮੱਗਰੀ ਵਿਸ਼ੇ-ਵਸਤੂ ਨਾਲ ਪੂਰਨ ਤੌਰ ਤੇ ਸੁਮੇਲ ਖਾਂਦੀ ਹੈ। ਇਸ ਦੀ ਕਾਰਜਸ਼ੀਲਤਾ ਦੇ ਇਕ ਹੋਰ ਪਾਸਾਰ ਵਲ ਆਪਣੇ ਆਪ ਧਿਆਨ ਚਲਿਆ ਜਾਂਦਾ ਹੈ। ਇਸ ਵਿਚ ਸਵੇਰ ਦੇ ਦ੍ਰਿਸ਼ ਨੂੰ ਬਹੁਤ ਖੂਬਸੂਰਤੀ

ਨਾਲ ਚਿਤਰਿਆ ਹੈ, 'ਭਿੰਨੀ ਭਿੰਨੀ ਰਾਤ, ਚਮਕਦੇ ਤਾਰੇ, ਠੰਢੀ-ਠੰਢੀ ਪੌਣ' ਅਜਿਹੇ ਸੁਖਦਾਈ ਵਾਤਾਵਰਣ ਵਿਚ 'ਚੁਪਚਾਪ ਸਾਂਤਿ ਸਮਾਧੀ' ਦਾ ਦ੍ਰਿਸ਼ਟਾਂਤ ਅਜਿਹੇ ਸ਼ਾਂਤਮਈ ਮਾਹੌਲ ਨੂੰ ਚਿਤਰਦਾ ਹੈ, ਜਿਸ ਵਿਚ ਭਗਤੀ ਭਾਵ ਦੀ ਪ੍ਰਵਾਹਿਤ ਧਾਰਾ ਸ਼ਾਂਤ ਰਸ ਦੀ ਲਹਿਰ ਨੂੰ ਇਕ ਸਾਰ ਚਲਦੀ ਰੱਖਦੀ ਹੈ। ਸਪਸ਼ਟਤਾ ਇਸ ਦਾ ਇਕ ਹੋਰ ਗੁਣ ਹੈ, ਜੋ ਕੁਝ ਵਾਰਤਕਕਾਰ ਕਹਿਣਾ ਚਾਹੁੰਦਾ ਹੈ, ਉਸ ਨੂੰ ਪੂਰੀ-ਪੂਰੀ ਸੁਹਜਾਤਮਿਕਤਾ ਨਾਲ ਪੇਸ਼ ਕਰ ਦਿੰਦਾ ਹੈ। ਗਿਆਨੀ ਦਿੱਤ ਸਿੰਘ ਅਜਿਹੀ ਵਾਰਤਕ ਵਿਚ ਸਤੁ, ਰੂਪ ਅਤੇ ਸ਼ੈਲੀ ਨੂੰ ਇਕਮਿਕ ਕਰਕੇ ਸੁਹਜਮਈ ਸ਼ੈਲੀ ਰਾਹੀਂ ਆਪਣਾ ਪ੍ਰਭਾਵ ਪਾਉਂਦਾ ਹੈ ਕਿ ਵਾਰਤਕ ਪੜ੍ਹਨ ਵਾਲਾ ਉਹਨਾਂ ਦਾ ਪ੍ਰਭਾਵ ਕਬੂਲਣੋਂ ਨਹੀਂ ਰਹਿ ਸਕਦਾ। ਗਿਆਨੀ ਦਿੱਤ ਸਿੰਘ ਦੀ ਵਾਰਤਕ ਵਿਚ ਸਾਹਿਤਕ ਚਮਤਕਾਰ ਤਾਂ ਹੈ ਹੀ ਇਸ ਵਾਰਤਕ ਟੁਕੜੀ ਵਿਚ ਸਾਹਿਤਕਤਾ ਦੇ ਨਾਲ ਇਤਿਹਾਸਕਤਾ ਦਾ ਸੁਮੇਲ ਵੀ ਹੈ। ਵਾਰਤਕਕਾਰ ਨੂੰ ਇਤਨਾ ਗਿਆਨ ਹੈ ਕਿ ਭਾਈ ਲਹਿਣਾ ਜੀ ਗੁਰੂ ਜੀ ਨੂੰ ਕਰਤਾਰਪੁਰ ਵਿਖੇ ਮਿਲੇ ਸਨ, ਜਦੋਂ ਉਹਨਾਂ ਨੇ ਉਦਾਸੀ ਭੇਖ ਉਤਾਰ ਦਿੱਤਾ ਸੀ। ਗਿਆਨੀ ਦਿੱਤ ਸਿੰਘ ਦੀ ਵਾਰਤਕ ਵਿਚ ਬਿਰਤਾਂਤ ਦੇ ਨਾਲ-ਨਾਲ, ਉਹ ਪਾਠਕ ਦੇ ਮਨ ਵਿਚ ਇਕ ਤਾਂਘ ਵੀ ਪੈਦਾ ਕਰ ਦਿੰਦੇ ਹਨ ਕਿ ਅੱਗੇ ਕੀ ਹੁੰਦਾ ਹੈ? ਇਸ ਲਈ ਉਹਨਾਂ ਦੀ ਵਾਰਤਕ ਵਿਚ ਰੌਚਿਕਤਾ ਦਾ ਗੁਣ ਸਹਿਜੇ ਹੀ ਆ ਜਾਂਦਾ ਹੈ।

ਗਿਆਨੀ ਦਿੱਤ ਸਿੰਘ ਤੋਂ ਪਹਿਲਾਂ ਦੀ ਪੰਜਾਬੀ ਵਾਰਤਕ ਸਾਨੂੰ ਜਨਮ ਸਾਖੀਆਂ, ਗੋਸ਼ਟਾਂ, ਪਰਮਾਰਥਾਂ ਅਤੇ ਰਹਿਤਨਾਮਿਆਂ ਆਦਿ ਦੇ ਰੂਪ ਵਿਚ ਪ੍ਰਾਪਤ ਹੁੰਦੀ ਹੈ। ਇਹਨਾਂ ਦੀ ਭਾਸ਼ਾ ਬਹੁਤੀ ਸਧੁੱਕੜੀ ਜਿਹੀ ਹੈ ਜੋ ਆਮ ਜਨ ਸਧਾਰਣ ਦੀ ਸਮਝ ਵਿਚ ਘੱਟ ਆਉਂਦੀ ਹੈ, ਪਰੰਤੂ ਗਿਆਨੀ ਦਿੱਤ ਸਿੰਘ ਦੀ ਵਾਰਤਕ ਤੋਂ ਇਕ ਗਲ ਸਾਹਮਣੇ ਆਉਂਦੀ ਹੈ ਕਿ ਉਹਨਾਂ ਨੇ ਵਾਰਤਕ ਨੂੰ ਸਮਕਾਲੀ ਸਧੁੱਕੜੀ ਪ੍ਰਭਾਵ ਵਿਚੋਂ ਕੱਢ ਕੇ ਆਧੁਨਿਕ ਵਾਰਤਕ ਦੇ ਬਹੁਤ ਨੇੜੇ ਲਿਆਂਦਾ। ਉਹਨਾਂ ਦੀ ਵੱਡਮੁੱਲੀ ਦੇਣ ਇਹੀ ਹੈ ਕਿ ਉਹਨਾਂ ਨੇ ਆਮ ਸਧਾਰਣ ਵਿਅਕਤੀ ਦੀ ਸਮਝ ਵਿਚ ਆਉਣ ਵਾਲੀ ਵਾਰਤਕ ਲਿਖੀ। ਪੁਰਾਤਨ ਵਾਰਤਕ 'ਤੇ ਅਧਿਆਤਮਕ ਕਵਿਤਾ ਦਾ ਪ੍ਰਭਾਵ ਬਹੁਤ ਵਿਸ਼ਾਲ ਅਤੇ ਡੂੰਘਾ ਹੈ। ਭਾਵੇਂ ਗਿਆਨੀ ਦਿੱਤ ਸਿੰਘ ਨੇ ਮੁੱਖ ਤੌਰ ਤੇ

ਬਹੁਤੀ ਰਚਨਾ ਕਵਿਤਾ ਵਿਚ ਕੀਤੀ ਹੈ, ਜੋ ਪੁਰਾਤਨ ਪ੍ਰਕਾਰ ਦੀ ਹੋਣ ਕਰਕੇ ਹਰਮਨ ਪਿਆਰੀ ਨਹੀਂ ਹੋਈ, ਪਰੰਤੂ ਵਾਰਤਕ ਦੇ ਪੱਖੋਂ ਉਹ ਪੂਰਨ ਸੁਚੇਤ ਜਾਪਦੇ ਹਨ ਕਿ ਇਹ ਵਾਰਤਕ ਆਮ ਵਿਅਕਤੀਆਂ ਦੀ ਸਮਝ ਵਿਚ ਆਉਣ ਵਾਲੀ ਹੋਵੇ। ਭਾਵੇਂ ਉਹਨਾਂ ਦੀ ਵਾਰਤਕ ਵਿਚ ਅੱਖਰ-ਜੋੜ ਸੰਸਕ੍ਰਿਤ ਅਤੇ ਮੱਧਕਾਲੀ ਸਧੁੱਕੜੀ ਭਾਸ਼ਾ ਦੇ ਪ੍ਰਭਾਵ ਅਧੀਨ ਹਨ, ਉਹਨਾਂ ਦੁਆਰਾ ਵਰਤੀ ਸ਼ਬਦਾਵਲੀ ਸੰਸਕ੍ਰਿਤ ਅਤੇ ਫ਼ਾਰਸੀ ਜਾਂ ਮੱਧਕਾਲੀ ਭਾਸ਼ਾਈ ਅੰਸ਼ ਤੋਂ ਪ੍ਰਭਾਵਿਤ ਹੈ, ਪਰੰਤੂ ਇਸ ਦੀ ਰੰਗਤ ਆਧੁਨਿਕ ਪੰਜਾਬੀ ਦੇ ਬਹੁਤ ਨੇੜੇ ਦੀ ਹੈ। ਉਹਨਾਂ ਨੇ ਵਾਰਤਕ ਵਿਚ ਤਰਕਮਈ ਅਤੇ ਪ੍ਰਭਾਵਾਤਮਕ ਸ਼ੈਲੀ ਦਾ ਪ੍ਰਯੋਗ ਕੀਤਾ ਹੈ। ਜਿਵੇਂ:

> ਅਰ ਤੁਸੀਂ ਜੋ ਬ੍ਰਤ ਦੀ ਬਾਬਤ ਆਖਦੇ ਹੋ ਸੋ ਸਾਡੇ ਗੁਰੂ ਨੇ ਕਿਸੀ ਦਿਨ ਦੇ ਕਲਪਤ 'ਬਰਤ' ਰੱਖਣ ਦੀ ਆਗਿਆ ਨਹੀਂ ਦਈ ਕਿਯੋਂਕਿ ਉਹ 'ਭਰਤ' ਹੁੰਦਾ ਹੈ; ਪਰੰਤੂ ਇਸ ਨਿੱਤ ਬ੍ਰਤ ਦੀ ਆਗਯਾ ਦਈ ਹੈ ਕਿ ਉਤਨਾ ਭੋਜਨ ਕਰੋ ਜਿਸਦੇ ਕਰਣ ਕਰਕੇ ਸਰੀਰ ਸ੍ਵਸਥ ਰਹੇ ਕਿਉਂਕਿ ਭੋਜਨ ਕੀਤੇ ਬਿਨਾਂ ਮਨ ਬਿਯਾਕੁਲ ਹੋ ਜਾਂਦਾ ਹੈ। ਅਰ ਮਨ ਬਯਾਕੁਲ ਹੋਵੇ ਤੇ ਗਿਆਨ ਨਾਸ ਹੋ ਜਾਂਦਾ ਹੈ। ਅਰ ਅਜੇਹਾ ਬੀ ਭੋਜਨ ਨਾ ਕਰੋ ਕਿ ਜਿਸਤੇ ਵਿਥਿਆ ਦੀ ਪਰਬਲਤਾ ਨਾਲ ਗਯਾਨ ਨਮ੍ਰ ਹੋ ਜਾਇ। ਯਾਂ ਤੇ ਅਸੀਂ ਪ੍ਰਾਣਾ ਅਨੁਸਾਰ ਦੇਹ ਦੀ ਪਾਲਣਾ ਤੇ ਭੁੱਖ ਹਟਾਉਣ ਲਈ ਅਲਪ ਤੇ ਨਿਰਮਲ ਭੋਜਨ ਕਰਦੇ ਹਾਂ; ਅਜੇਹਾ ਨਹੀਂ ਕਿ ਜਿਸਤੇ ਕਾਮ ਕ੍ਰੋਧ ਵਸਣ। ਇਹ ਸਾਡਾ ਨਿਤਯ ਦਾ ਬਰਤ ਹੈ।[11]

ਉਪਰੋਕਤ ਪੈਰ੍ਹੇ ਦੀ ਵਾਰਤਕ ਭਾਈ ਕਲਿਆਣਾ ਜੀ ਦੁਆਰਾ ਮੰਡੀ ਦੇ ਰਾਜੇ ਨੂੰ ਦਿੱਤਾ ਉਸ ਸਮੇਂ ਦਾ ਬਿਰਤਾਂਤ ਹੈ, ਜਦੋਂ ਉਹ ਸਿੱਖੀ ਪਰਚਾਰ ਲਈ ਉਥੇ ਗਏ ਹੋਏ ਸਨ ਤੇ ਬ੍ਰਤ ਤੇ ਮੂਰਤੀ ਪੂਜਾ ਦੇ ਪ੍ਰਤੀ ਆਪਣਾ ਪ੍ਰਚਾਰ ਕਰ ਰਹੇ ਸਨ। ਇਸ ਪੈਰ੍ਹੇ ਵਿਚ ਜੋ ਬਿਰਤਾਂਤ ਸਿਰਜਿਆ ਹੈ, ਉਸ ਵਿਚ ਇਕ ਤਰਕ ਹੈ, ਦਲੀਲ ਹੈ ਅਤੇ ਅਜਿਹੀ ਸ਼ਬਦਾਵਲੀ ਵਰਤੀ ਹੈ, ਜਿਸ ਵਿਚ

ਵਿਅੰਗ ਦੀ ਝਲਕ ਪੈਂਦੀ ਹੈ। ਇਕੋ ਸ਼ਬਦ 'ਬ੍ਰਤ' ਤੇ 'ਬਰਤ' ਨੂੰ ਜਾਣ ਬੁਝ ਕੇ ਦੋ ਤਰ੍ਹਾਂ ਵਰਤਣਾ ਇਹ ਇਕ ਵਿਅੰਗ ਹੈ, ਜਿਸ ਦਾ ਪ੍ਰਭਾਵ 'ਭਰਤ' ਰਾਹੀਂ ਪ੍ਰਗਟ ਕੀਤਾ ਹੈ। 'ਭਰਤ' ਤੋਂ ਭਾਵ ਇਥੇ ਇਹ ਜਾਪਦਾ ਹੈ ਕਿ ਆਮ ਤੌਰ ਤੇ ਇਸਤਰੀਆਂ ਵਰਤ ਰੱਖਣ ਤੋਂ ਪਹਿਲਾਂ ਸਵੇਰੇ ਖ਼ੂਬ ਖਾਂਦੀਆਂ ਹਨ, ਜਿਸ ਨੂੰ ਗਿਆਨੀ ਦਿੱਤ ਸਿੰਘ ਨੇ 'ਭਰਤ' ਸ਼ਬਦ ਰਾਹੀਂ ਦ੍ਰਿਸ਼ਟਾਇਆ ਹੈ। ਇਸ ਵਿਅੰਗਮਈ ਸ਼ਬਦਾਵਲੀ ਦਾ ਪਾਠਕ ਤੇ ਬਹੁਤ ਡੂੰਘਾ ਪ੍ਰਭਾਵ ਪੈਂਦਾ ਹੈ। ਅਜਿਹੀ ਵਾਰਤਕ ਨੂੰ ਅਸੀਂ ਉਤਮ ਵਾਰਤਕ ਦੀ ਕਤਾਰ ਵਿਚ ਰੱਖ ਸਕਦੇ ਹਾਂ ਕਿਉਂਕਿ ਇਸ ਵਿਚ ਸੁਹਜ ਵੀ ਹੈ, ਸੁੰਦਰਤਾ ਵੀ ਹੈ, ਵਿਅੰਗ ਵੀ ਹੈ, ਕਥਾ ਬਿਰਤਾਂਤ ਵੀ ਹੈ। ਇਸ ਵਿਚ ਤਰਕਮਈ ਪ੍ਰਭਾਵ ਤੇ ਵਿਅੰਗ ਨੂੰ ਇਕੋ ਸੂਤਰ ਵਿਚ ਪਰੋ ਕੇ ਭਾਵਾਂ ਦੀ ਏਕਤਾ ਨੂੰ ਸੁਚੱਜੀ ਸ਼ਾਬਦਿਕ ਜੜ੍ਹਤ ਰਾਹੀਂ ਪੇਸ਼ ਕੀਤਾ ਹੈ। ਇਸ ਵਿਚ ਸ਼ਬਦਾਵਲੀ ਸਰਲ ਤੇ ਸਪਸ਼ਟ ਅਤੇ ਆਮ ਬੋਲਚਾਲ ਦੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ। ਸ਼ਬਦਾਂ ਨੂੰ ਉਵੇਂ ਹੀ ਵਰਤਿਆ ਹੈ ਜਿਵੇਂ ਅਸੀਂ ਬੋਲਦੇ ਹਾਂ। ਜਿਵੇਂ 'ਅਰ', 'ਦਈ' ਤੇ 'ਕਿਯੋਂਕਿ ਆਦਿ ਸ਼ਬਦ ਭਾਵੇਂ ਵਿਆਕਰਣਕ ਤੌਰ ਤੇ ਠੀਕ ਨਹੀਂ, ਪਰੰਤੂ ਵਾਰਤਕ ਵਿਚ ਇਹਨਾਂ ਦਾ ਪ੍ਰਭਾਵ ਬੱਝਵਾਂ ਹੈ। 'ਅ' ਦੀ ਥਾਂ 'ਯ' ਅਤੇ ਪੈਰ ਵਿਚ 'ਵ' ਅਤੇ ਟ ('ਨਸ੍ਟ) ਦੀ ਵਰਤੋਂ ਕੀਤੀ ਗਈ ਹੈ। ਭਾਵੇਂ ਪੈਰ ਵਿਚ 'ਟ' (ਨਸ੍ਟ) ਦੀ ਵਰਤੋਂ ਪੰਜਾਬੀ ਵਾਰਤਕ ਵਿਚ ਨਹੀਂ ਵਰਤੀ ਮਿਲਦੀ, ਪਰੰਤੂ ਇਥੇ ਇਸਦੀ ਵਰਤੋਂ ਨਾਲ ਵਾਰਤਕ ਵਿਚਲੇ ਪ੍ਰਭਾਵ ਵਿਚ ਕੋਈ ਰੁਕਾਵਟ ਨਹੀਂ ਪੈਂਦੀ। ਗਿਆਨੀ ਦਿੱਤ ਸਿੰਘ ਦੀ ਵਾਰਤਕ ਦੀ ਇਹ ਸੰਵਾਦੀ ਸੁਰ ਵਾਰਤਕ ਵਿਚਲੀ ਗੱਲ ਨੂੰ ਸਰਲ ਢੰਗ ਨਾਲ ਕਹਿਣ ਦੀ ਸਮਰੱਥਾ ਰੱਖਦੀ ਹੈ।

ਗਿਆਨੀ ਦਿੱਤ ਸਿੰਘ ਦਾ ਗੁਰਮਤਿ ਪਰੰਪਰਾ ਨਾਲ ਡੂੰਘਾ ਸੰਬੰਧ ਰਿਹਾ ਹੈ। ਛੋਟੀ ਉਮਰ ਵਿਚ ਹੀ ਕੁਝ ਗੁਲਾਬਦਾਸੀਏ ਸਾਧੂਆਂ ਦੀ ਸੰਗਤ ਵਿਚ ਰਹਿਣ ਕਰਕੇ ਗਿਆਨੀ ਦਿੱਤ ਸਿੰਘ ਨੇ ਗੁਰਬਾਣੀ, ਸਿੱਖ ਇਤਿਹਾਸ ਅਤੇ ਗੁਰ ਮਰਿਆਦਾ ਬਾਰੇ ਕਾਫੀ ਗਿਆਨ ਪ੍ਰਾਪਤ ਕਰ ਲਿਆ ਸੀ। ਗੁਰੂ ਜੀਵਨ ਇਤਿਹਾਸ ਲਿਖਦਿਆਂ ਉਹਨਾਂ ਨੇ ਅਜਿਹੀ ਵਾਰਤਕ ਲਿਖੀ, ਜੋ ਆਮ ਸਧਾਰਣ ਵਿਅਕਤੀਆਂ ਦੇ ਸਮਝ ਵਿਚ ਆਉਣ ਵਾਲੀ ਹੈ ਅਤੇ ਰੌਚਿਕਤਾ ਇਸ ਦਾ ਵਿਸ਼ੇਸ਼

ਗੁਣ ਹੈ। ਗੁਰੂ ਤੇਗ ਬਹਾਦਰ ਜੀ, ਜੀਵਨ ਕਥਾ ਵਿਚੋਂ ਵਾਰਤਕ ਦਾ ਇਕ ਪਹਿਰਾ ਉਦਾਹਰਣ ਵਜੋਂ ਪੇਸ਼ ਹੈ:

> ਜਦ ਬਹੁਤ ਦੀਨ ਹੋਏ ਤਾਂ ਗੁਰੂ ਜੀ ਦਾ ਦਰਸ਼ਨ ਪਿੰਜਰੇ ਵਿਚ ਦ੍ਰਿਸਟੀ ਆਇਆ। ਜੈਸੇ ਸੂਰਜ ਦਾ ਤੇਜ਼ ਚਮਕਦਾ ਹੈ ਇਸੀ ਪ੍ਰਕਾਰ ਪ੍ਰਗਟ ਹੋਇਆ।।
>
> ਸਭ ਪਹਿਰੇਦਾਰਾਂ ਨੇ ਨਿਮਸਕਾਰ ਕੀਤੀ ਜੀ ਵਿਚ ਜੀ ਆਇਆ। ਦਾਰੋਗੇ ਨੇ ਬੇਨਤੀ ਕੀਤੀ ਹੇ ਗੁਰੂ ਜੀ ਆਪ ਇਸ ਤਕਲੀਫ ਵਿਚ ਕਿਉਂ ਬੈਠੇ ਹੋ, ਭਰਿਸ਼ਟ ਤੁਰਕਾਂ ਦੀ ਕੈਦ ਵਿਚ ਕਿਉਂ ਆਏ ਹੋ। ਆਪ ਸਭ ਕੁਝ ਕਰ ਸਕਦੇ ਹੋ, ਸਾਥੋਂ ਆਪ ਦਾ ਦੁੱਖ ਦੇਖਿਆ ਨਹੀਂ ਜਾਂਦਾ ਹੈ। ਏਹ ਅਰਜ ਕਰਕੇ ਚਰਨਾਂ ਉੱਪਰ ਗਿਰ ਪਿਆ। ਗੁਰੂ ਜੀ ਨੇ ਉਸ ਦਾ ਸੁਧ ਹਿਰਦਾ ਦੇਖ ਕੇ ਫੁਰਮਾਇਆ ਤੂੰ ਚਿੰਤਾ ਨਾ ਕਰ ਤੂੰ ਹਮੇਸਾਂ ਸੁਖੀ ਰਹੇਂਗਾ। ਅਸੀਂ ਤੈਨੂੰ ਅਸਲੀ ਭੇਦ ਦਸਦੇ ਹਾਂ। ਗੁਰੂ ਨਾਨਕ ਜੀ ਨੇ ਬਾਬਰ ਨੂੰ ਸੱਤ ਬਾਦਸ਼ਾਹੀ ਦਿੱਤੀ ਸੀ। ਹੁਣ ਤੁਰਕ ਜ਼ੁਲਮ ਕਰਨੇ ਲੱਗੇ ਹਨ। ਅਸੀਂ ਆਪਣਾ ਸੀਸ ਦੇ ਕੇ ਤੁਰਕਾਂ ਦਾ ਰਾਜ ਦੂਰ ਕਰਨਾ ਹੈ। ਔਰੰਗੇ ਨੇ ਮੁਸਲਮਾਨ ਫ਼ਕੀਰਾਂ ਨੂੰ ਭੀ ਬੜੀ ਤਕਲੀਫ ਦਿੱਤੀ ਹੈ; ਅਸੀਂ ਤਾਂ ਇਸ ਨੂੰ ਝੂਠਾ ਕਰਨਾ ਹੈ। ਜੇ ਅਸੀਂ ਚਲੇ ਜਾਣਾ ਹੁੰਦਾ ਤਾਂ ਇਸਦੀ ਕੈਦ ਵਿਚ ਕਿਉਂ ਆਉਂਦੇ। ਜਦ ਸਾਡਾ ਸੀਸ ਉਤਰੇਗਾ, ਤਾਂ ਔਰੰਗਾ ਪਾਗਲ ਹੋ ਜਾਵੇਗਾ। ਸਭ ਤੁਰਕ ਆਪਸ ਵਿਚ ਲੜ ਲੜ ਕੇ ਮਰਨਗੇ (ਐਸਾ ਹੀ ਸੰਨ 1788 ਵਿਚ ਨਾਦਰਸ਼ਾਹ ਨੇ ਦਿੱਲੀ ਵਿਚ ਕੀਤਾ ਮੁਸਲਮਾਨ ਚੰਗੀ ਤਰ੍ਹਾਂ

ਸਮਝ ਕੇ ਝੂਰਨ ਲਗੇ) ਏਹ ਬਚਨ ਸੁਣਕੇ ਦਰੋਗਾ ਚੁੱਪ ਹੋਇਆ।[12]

ਉਪਰੋਕਤ ਵਾਰਤਕ ਪੈਰ੍ਹਾ ਆਪਣੇ ਆਪ ਵਿਚ ਇਕ ਸੰਪੂਰਣ ਸਾਖੀ ਬਿਰਤਾਂਤ ਹੈ। ਇਸ ਵਿਚ ਅਜਿਹੀਆਂ ਸ਼ਰਧਾਪੂਰਣ ਭਾਵਨਾਵਾਂ ਦਾ ਵਰਣਨ ਹੈ, ਜਿਨ੍ਹਾਂ ਭਾਵਨਾਵਾਂ ਨੂੰ ਗਿਆਨੀ ਦਿੱਤ ਸਿੰਘ ਦੀ ਕਲਪਨਾ ਉਡਾਰੀ, (ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਦੇ ਉਸ ਸਮੇਂ ਤੇ ਜਾ ਪਹੁੰਚੀ ਹੈ ਜਦੋਂ ਗੁਰੂ ਸਾਹਿਬ ਨੂੰ ਬਾਦਸ਼ਾਹ ਨੇ ਪਿੰਜਰੇ ਵਿਚ ਕੈਦ ਕਰਕੇ ਦਿੱਲੀ ਵਿਖੇ ਰੱਖਿਆ ਹੋਇਆ ਸੀ, ਅਤੇ (ਗੁਰੂ ਜੀ ਆਪਣੀ ਆਤਮਕ ਸ਼ਕਤੀ ਦੁਆਰਾ ਜਮਨਾ ਵਿਚ ਇਸ਼ਨਾਨ ਕਰਨ ਚਲੇ ਗਏ ਸਨ) ਪਾਠਕ ਜਗਤ ਦੇ ਸਾਹਮਣੇ ਲਿਆ ਖੜ੍ਹਾ ਕਰਦੀ ਹੈ। ਇਸ ਵਾਰਤਕ ਵੰਨਗੀ ਰਾਹੀਂ ਜਿਥੇ ਸਾਨੂੰ ਗਿਆਨੀ ਦਿੱਤ ਸਿੰਘ ਦੀ ਸ਼ਰਧਾ ਪੂਰਣ ਮਾਨਸਕ ਅਵਸਥਾ ਅਤੇ ਵਿਚਾਰਧਾਰਾ ਦਾ ਪਤਾ ਚਲਦਾ ਹੈ, ਉਥੇ ਅਜਿਹੀ ਸਥਿਤੀ ਵਾਰਤਕ ਰਚਨਾ ਵਿਚ ਰੌਚਕਤਾ ਅਤੇ ਨਾਟਕੀਅਤਾ ਵੀ ਵਧਾਉਂਦੀ ਹੈ।

ਗਿਆਨੀ ਦਿੱਤ ਸਿੰਘ ਦੀ ਵਾਰਤਕ ਦਾ ਇਕ ਹੋਰ ਗੁਣ ਬਿਆਨ ਦੀ ਸਾਦਗੀ ਹੈ। ਉਹਨਾਂ ਦੀ ਵਾਰਤਕ ਵਿਚ ਹੀ ਸਾਦਗੀ ਜਾਂ ਸਾਧਾਰਣਤਾ, ਜੀਵਨੀ ਸਾਹਿਤ ਵਿਚ ਗੁਰੂ ਸਾਹਿਬਾਂ ਦੀਆਂ ਜੀਵਨ ਘਟਨਾਵਾਂ ਨੂੰ ਬਹੁਤ ਹੀ ਸਾਦਾ ਪਰੰਤੂ, ਰੌਚਿਕਤਾ ਭਰਪੂਰ ਢੰਗ ਨਾਲ ਸ਼ਰਧਾਤਮਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਉਹਨਾਂ ਨੇ ਗੁਰੂ ਸਾਹਿਬਾਂ ਦੇ ਜੀਵਨ ਚਰਿਤਰ ਵਿਚ ਜਾਣੀਆਂ ਪਛਾਣੀਆਂ ਜਾਂ ਸਿੱਖ ਇਤਿਹਾਸ ਵਿਚ ਆਉਂਦੀਆਂ ਪ੍ਰਸਿੱਧ ਸਾਖੀਆਂ ਨੂੰ ਹੀ ਪੇਸ਼ ਕੀਤਾ ਹੈ। ਇਹਨਾਂ ਸਾਖੀਆਂ ਵਿਚ ਕਰਾਮਾਤੀ ਅੰਸ਼ ਨਜ਼ਰ ਅਉਂਦਾ ਹੈ, ਪਰੰਤੂ ਇਹ ਕਰਾਮਾਤੀ ਅੰਸ਼ ਨਹੀਂ ਸਗੋਂ ਇਹ ਸੰਤ-ਪੁਰਸ਼ਾਂ ਜਾਂ ਪਰਮਾਤਮਾ-ਪੱਧਰ ਤੇ ਪਹੁੰਚੇ ਮਨੁੱਖਾਂ ਦੇ ਜਵੀਨ ਵਿਚ ਉੱਚਤਮ ਪੱਧਰ ਤੇ ਵਾਪਰੀਆਂ ਘਟਨਾਵਾਂ ਹਨ, ਜਿਨ੍ਹਾਂ ਨੂੰ ਗਿਆਨੀ ਦਿੱਤ ਸਿੰਘ ਨੇ ਗੁਰੂ ਸਾਹਿਬ ਦੇ ਜੀਵਨ ਦੇ ਕਰਾਮਾਤੀ ਅੰਸ਼ ਨੂੰ ਦਰਸਾਉਣ ਲਈ ਨਹੀਂ ਲਿਖਿਆ ਸਗੋਂ, ਸ਼ਰਧਾਪੂ ਰਣ, ਚੰਗੇ ਕਰਮ ਕਰਨ ਹਿੱਤ ਸਪਸ਼ਟਤਾ ਵਧਾਉਣ ਦੀ ਦ੍ਰਿਸ਼ਟੀ ਤੋਂ ਲਿਖੀਆਂ ਜਾਪਦੀਆਂ ਹਨ। ਅਜਿਹੀ ਸਾਖੀ ਦੀ ਇਕ ਉਦਾਹਰਣ ਹੋਰ ਦੇਖੋ:

ਕੁਛ ਕਾਲ ਰਹਿ ਕਰ ਮਹਾਰਾਜ ਜੀ ਖਾਨੇ ਗਏ ਫੇਰ ਦਮਦਮੇ ਜਾ ਪਹੁੰਚੇ। ਦੋ ਚੋਰ (ਇਕ ਹਿੰਦੂ ਇਕ ਮੁਸਲਮਾਨ) ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਘੋੜਾ ਚੁਰਾਉਣ ਵਾਸਤੇ ਕਈ ਦਿਨਾਂ ਤੋਂ ਪਿਛੇ ਲਗੇ ਹੋਏ ਸੋ, ਇਕ ਚੋਰ ਅੰਧਰੇਤੀ ਰਾਤ ਨੂੰ ਲੁਕ ਕੇ ਦੇਖਣ ਲੱਗਾ ਤਾਂ ਇਕ ਸ਼ੇਰ ਬਣ ਵਿਚੋਂ ਆਇਆ ਗੁਰੂ ਜੀ ਨੂੰ ਨਮਸਕਾਰ ਕਰਕੇ ਚਲਾ ਗਿਆ। ਮੁਸਲਮਾਨ ਨੇ ਇਹ ਕੌਤਕ ਦੇਖ ਕੇ ਭੈਅ ਖਾਹਦਾ ਅਰ ਸਾਥੀ ਨੂੰ ਕਿਹਾ ਕਿ ਮੈਂ ਤਾਂ ਐਸੇ ਵਲੀ ਦਾ ਘੋੜਾ ਨਹੀਂ ਚੁਰਾਉਂਦਾ ਜਿਸਨੂੰ ਮਾਸਖੋਰੇ ਜਾਨਵਰ ਭੀ ਨਮਸਕਾਰ ਕਰਦੇ ਹਨ। ਇਹ ਕਹਕੇ ਆਪਣੇ ਘਰ ਨੂੰ ਚਲਾ ਗਿਆ ਪਰ ਹਿੰਦੂ ਚੋਰ ਨੇ ਪਰਤੀਤ ਨਾ ਕੀਤੀ ਘੋੜਾ ਚੁਰਾ ਕੇ ਤੁਰ ਗਿਆ ਜਾਂ ਟਹਿਲ ਵਾਲਿਆਂ ਨੇ ਘੋੜਾ ਨਾ ਦੇਖਿਆ ਤਾਂ ਗੁਰੂ ਜੀ ਪਾਸ ਅਰਜ ਕੀਤੀ। ਮਹਾਰਾਜ ਨੇ ਫੁਰਮਾਇਆ ਜਾਓ ਦੱਖਣ ਦੀ ਕੋਣ ਪਰ ਘੋੜੇ ਸਣੇ ਚੋਰ ਖੜ੍ਹਾ ਹੈ, ਚੋਰ ਨੂੰ ਸਿੱਖ ਜਾ ਕੇ ਪਕੜ ਆਂਦਾ। ਗੁਰੂ ਜੀ ਨੇ ਚੋਰ ਤੋਂ ਪੁਛਿਆ ਕਿ ਜਦ ਤੂੰ ਘੋੜਾ ਚੁਰਾ ਕੇ ਲੈ ਗਿਆ ਸੈਂ ਤਾਂ ਫਿਰ ਓਥੇ ਕਿਉਂ ਖੜਾ ਰਿਹਾ? ਚੋਰ ਨੇ ਆਖਯਾ ਮਹਾਰਾਜ ਜੀ ਮੈਂ ਸਾਰੀ ਰਾਤ ਅੰਨ੍ਹਾਂ ਹੋ ਕੇ ਫਿਰਦਾ ਰਿਹਾ ਹਾਂ ਕਈ ਕੋਹ ਫਿਰ ਕੇ ਆਇਆ ਤਦ ਦਾ ਏਥੇ ਹੀ ਰਿਹਾ ਹਾਂ। ਮੈਂ ਬੜਾ ਪਾਪੀ ਹਾਂ। ਆਪਣੀ ਸਾਰੀ ਕਥਾ ਸੁਣਾਈ ਤੇ ਮੁਸਲਮਾਨ ਸਾਥੀ ਦਾ ਭੀ ਹਾਲ ਸੁਣਾਇਆ। ਆਪਣੀ ਮਨਮਤ ਭੀ ਸਾਰੀ ਦੱਸੀ। ਗੁਰੂ ਜੀ ਨੇ ਫੁਰਮਾਇਆ ਜੋ ਸਜਾਇ ਤੇਰੇ ਕਰਮਾਂ ਦੀ ਹੈ ਤੂੰ ਆਪੇ ਭੋਗ ਲੈ। [13]

ਉਪਰੋਕਤ ਵਾਰਤਕ ਉਦਾਹਰਣ ਵਿਚ ਬਿਆਨ ਦੀ ਸਾਦਗੀ ਹੈ। ਇਹਨਾਂ ਪੈਰ੍ਹਿਆਂ ਤੋਂ ਇਕ ਗੱਲ ਨੂੰ ਧਿਆਨ ਨਾਲ ਵੇਖਿਆ ਜਾ ਸਕਦਾ ਹੈ ਕਿ ਇਸ ਕਥਾ-ਬਿਰਤਾਂਤ ਵਿਚ ਵਰਣਨ ਸੰਯੋਗਾਤਮਕ ਜਿਹਾ ਹੈ, ਜਿਹੜਾ ਮੱਧਕਾਲੀ ਵਾਰਤਕ ਵਰਗਾ ਜਾਪਦਾ ਹੈ, ਪਰੰਤੂ ਫਿਰ ਵੀ ਉਸ ਤੋਂ ਸਪਸ਼ਟ ਭਿੰਨ ਹੈ। ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਬਹੁਤ ਘੱਟ ਹੈ, ਪਰੰਤੂ ਲੋੜ ਅਨੁਸਾਰ ਅਰ, ਜਾਂ, ਤਾਂ, ਤਦ, ਆਦਿ ਵਰਤਕੇ ਅਗਲੇ ਵਾਕ ਨੂੰ ਪਹਿਲੇ ਵਾਕ ਨਾਲ ਜੋੜ ਲਿਆ ਹੈ ਅਤੇ ਇਸ ਤਰ੍ਹਾਂ ਭਾਵੇਂ ਵਾਕ ਤਾਂ ਲੰਮੇ ਹੋ ਜਾਂਦੇ ਹਨ, ਪਰੰਤੂ ਇਹਨਾਂ ਵਿਚ ਪੂਰਨ ਸਪਸ਼ਟਤਾ ਅਤੇ ਸਾਦਗੀ ਮੌਜੂਦ ਹੈ। ਇਸ ਵਾਰਤਕ ਪੈਰ੍ਹੇ ਵਿਚ ਸ਼ੇਰ ਦਾ ਗੁਰੂ ਜੀ ਨੂੰ ਨਮਸਕਾਰ ਕਰਨਾ ਅਤੇ ਹਿੰਦੂ ਚੋਰ ਦਾ ਘੋੜਾ ਚੁਰਾਉਣ ਤੋਂ ਬਾਅਦ ਅੰਨ੍ਹੇ ਹੋ ਜਾਣਾ, ਕਰਾਮਾਤੀ ਅੰਸ਼ ਦਰਸਾਉਣ ਵਾਲੀਆਂ ਘਟਨਾਵਾਂ ਜਾਪਦੀਆਂ ਹਨ, ਪਰੰਤੂ ਸਿੱਖ ਗੁਰੂਆਂ ਦੇ ਜੀਵਨ ਇਤਿਹਾਸ ਵਿਚੋਂ ਅਜਿਹੀਆਂ ਘਟਨਾਵਾਂ ਮਿਲ ਜਾਂਦੀਆਂ ਹਨ। ਇਸ ਸਾਖੀ ਨੁਮਾ ਬਿਰਤਾਂਤਕ ਵਾਰਤਕ ਵਿਚ ਰੌਚਿਕਤਾ ਹੈ ਪਰੰਤੂ ਫਿਰ ਵੀ ਇਸ ਬਿਰਤਾਂਤ ਵਿਚ ਸਾਦਗੀ ਮੌਜੂਦ ਹੈ। ਗਿਆਨੀ ਦਿੱਤ ਸਿੰਘ ਦੀ ਵਾਰਤਕ ਦਾ ਇਹ ਗੁਣ ਪਾਠਕ ਜਗਤ ਵਿਚ ਵਾਰਤਕ ਪੜ੍ਹਨ ਲਈ ਰੁਚੀ ਪੇਸ਼ ਕਰਦਾ ਹੈ।

ਜਨਮਸਾਖੀ ਸਾਹਿਤ ਵਿਚ ਭਾਈ ਵੀਰ ਸਿੰਘ ਤੋਂ ਪਹਿਲਾਂ ਗਿਆਨੀ ਦਿੱਤ ਸਿੰਘ ਰਚਿਤ 'ਜਨਮ ਸਾਖੀ ਸ਼੍ਰੀ ਗੁਰੂ ਨਾਨਕ ਦੇਵ ਜੀ' ਇਕ ਗੌਰਵਜਨਕ ਵਾਰਤਕ ਰਚਨਾ ਹੈ। ਇਸ ਜਨਮ ਸਾਖੀ ਵਲ ਪੰਜਾਬੀ ਸਾਹਿਤਕਾਰਾਂ ਨੇ ਕੋਈ ਧਿਆਨ ਨਹੀਂ ਦਿੱਤਾ। ਗਿਆਨੀ ਦਿੱਤ ਸਿੰਘ ਰਚਿਤ ਇਸ ਜਨਮ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਇਕ ਤਰਤੀਬ ਵਿਚ ਪੇਸ਼ ਕੀਤਾ ਹੈ। ਇਸ ਜਨਮ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਫਲਸਫੇ ਨੂੰ ਪੇਸ਼ ਕਰਕੇ ਇਕ ਸਮੁੱਚਾ ਚਿੱਤਰ ਉਸਾਰਨ ਦਾ ਸਫਲ ਯਤਨ ਕੀਤਾ ਗਿਆ ਹੈ। ਇਸ ਪੁਸਤਕ ਵਿਚ ਗੁਰੂ ਨਾਨਕ ਦੇਵ ਜੀ ਦੀ ਮਹਾਨਤਾ ਸਾਮਾਜਿਕ, ਸਦਾਚਾਰਕ ਅਤੇ ਸਭਿਆਚਾਰਕ ਪੱਖਾਂ ਤੋਂ ਵੀ ਉਘੜਦੀ ਹੈ। ਇਸ ਪੁਸਤਕ ਵਿਚਲੀ ਵਾਰਤਕ ਅਜੋਕੀ ਵਾਰਤਕ ਦੇ ਬਹੁਤ ਹੀ ਨੇੜੇ ਹੈ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ, ਕਾਮੇ ਬਿੰਦੀ ਪ੍ਰਸ਼ਨ ਚਿੰਨ੍ਹ ਅਤੇ ਵਿਸਮਿਕ ਚਿੰਨ੍ਹਾਂ ਦੀ ਵਰਤੋਂ ਅਜੋਕੀ ਵਾਰਤਕ ਦਾ ਭੁਲੇਖਾ ਸਿਰਜਦੀ ਹੈ। ਉਦਾਹਰਣ ਵਜੋਂ:

ਜਦ ਸੁਲਤਾਨ ਪੁਰ ਰਹਿੰਦਿਆਂ ਕਈ ਦਿਹਾੜੇ ਗੁਜਰ ਗਏ ਤਦ ਮਰਦਾਨੇ ਨੂੰ ਆਖਿਆ ਕਿ ਚਲ ਭਾਈ ਮਰਦਾਨਾ ਹੁਣ ਦੇਸ ਦੇਸਾਂਤ੍ਰ ਵਿਚ ਫਿਰ ਕੇ ਕਰਤਾਰ ਦੀ ਆਗਿਆ ਪੂਰੀ ਕਰੀਏ।। ਇਸ ਨੂੰ ਸੁਨ ਕੇ ਮਰਦਾਨੇ ਨੇ ਆਖਿਆ ਜੀ ਜੋ ਤੈਨੂੰ ਭਾਵੇਂ ਸੋ ਕਰ ਮੈਂ ਤਾਂ ਤੇਰੇ ਪਿਛੇ ਹਾਂ ਗੁਰੂ ਜੀ ਸੁਲਤਾਨਪੁਰੋਂ ਤੁਰ ਪਏ ਅਤੇ ਏਮਨਾਬਾਦ ਵਲ ਨੂੰ ਸੰਕਲਪ ਕੀਤਾ, ਜਿਸ ਨਗਰ ਵਿਚ ਜਾਨ ਉਥੇ ਹੀ ਕਰਤਾਰ ਦਾ ਉਪਦੇਸ਼ ਕਰਨ, ਅਰ ਮਰਦਾਨਾ, ਰਬਾਬ ਨਾਲ ਉਸ ਸ਼ਬਦ ਨੂੰ ਗਾਵੇ, ਜਿਸਨੂੰ ਸੁਨਕੇ ਨਗਰ ਦੇ ਲੋਗ ਇਕੱਤ੍ਰ ਹੋ ਜਾਨ ਅਤੇ ਉਨ੍ਹਾਂ ਦੇ ਵਰਾਤਰੇ ਨੂੰ ਦੇਖ ਕੇ ਅਚੰਭਾ ਕਰਨ ਅਰ ਇਹ ਨਾ ਸਮਝ ਸਕਨ ਕਿ ਇਹ ਕੌਨ ਹੈ।। ਇਸੀ ਤਰ੍ਹਾਂ ਜਦ ਫਿਰਦੇ-ਫਿਰਦੇ ਏਮਨਾਬਾਦ ਵਿਚ ਪਹੁੰਚੇ ਤਦ ਕਿਆ ਦੇਖਦੇ ਹਨ ਜੋ ਇਕ ਬਾਢੀ ਕਿਲੇ ਘੜਦਾ ਹੈ, ਤਦ ਉਸ ਦੇ ਪਾਸ ਜਾ ਕੇ ਸਤਿ ਕਰਤਾਰ ਆਖੀ, ਜਿਸ ਪਰ ਉਸਨੇ ਉਠ ਕੇ ਗੁਰੂ ਦੇ ਚਰਨ ਪਕੜੇ ਅਰ ਸਨਮਾਨ ਨਾਲ ਘਰ ਵਿਚ ਆਸਨ ਦਿੱਤਾ ਤੇ ਪੁਛਿਆ ਕਿ ਮਹਾਰਾਜ ਆਪ ਕੌਣ ਹੋ ਅਤੇ ਕਿਥੋਂ ਆਏ ਹੋ? ਸੁਨਕੇ ਗੁਰੂ ਜੀ ਨੇ ਉਸ ਨੂੰ ਕਿਹਾ ਕਿ ਭਾਈ ਲਾਲੋ ਕਿਸੇ ਅਣਜਾਨ ਨੂੰ ਤਾਂ ਦਸੀਏ ਪਰੰਤੂ ਤੂੰ ਤਾਂ ਪਹਿਲੇ ਹੀ ਜਾਨਦਾ ਹੈ ਤੈਨੂੰ ਕਿਆ ਆਖੀਏ! ਲਾਲੋ ਨੇ ਹੱਥ ਜੋੜ ਕੇ ਕਿਹਾ ਕਿ ਜੀ ਮੈਨੂੰ ਤਾਂ ਤੁਸੀਂ ਨਾਨਕ ਤਪਾ ਪ੍ਰਤੀਤ ਹੁੰਦੇ ਹੋ, ਤਦ ਮਰਦਾਨੇ ਨੇ ਸਭ ਬ੍ਰਿਤਾਂਤ ਸੁਨਾਇਆ ਜਿਸਨੂੰ ਸੁਨ ਕੇ ਉਸ ਨੇ ਫੇਰ ਨਮਸਕਾਰ ਕੀਤੀ।[14]

ਗਿਆਨੀ ਦਿੱਤ ਸਿੰਘ ਨੇ ਡਰਪੋਕ ਸਿੰਘ ਨਾਮੀ ਪੁਸਤਕ, ਨਾਟਕੀ-ਵਾਰਤਾ ਵਿਚ ਲਿਖੀ ਹੈ। ਇਸ ਪੁਸਤਕ ਵਿਚ ਡਰਪੋਕ ਸਿੰਘ ਅਤੇ ਦਲੇਰ ਸਿੰਘ ਵਿਚਕਾਰ ਸੰਵਾਦ ਰਚਾਇਆ ਹੈ। ਸਮੱਸਿਆ ਇਹ ਲਈ ਗਈ ਹੈ ਕਿ ਮੁਸਲਮਾਨਾਂ ਨੂੰ, ਜੇ ਉਹ ਚਾਹੁਣ ਸਿੰਘ ਬਣਾਇਆ ਜਾਵੇ ਕਿ ਨਾ? ਗਿਆਨੀ ਦਿੱਤ ਸਿੰਘ ਆਪ ਇਕ ਰਵੀਦਾਸੀਏ ਸਿੱਖ ਸਨ, ਜਿਨ੍ਹਾਂ ਨੂੰ ਤਤਕਾਲੀਨ ਸਿੱਖ ਸਮਾਜ ਵਿਚ ਸੁਖਾਵੀਂ ਥਾਂ ਪ੍ਰਾਪਤ ਨਹੀਂ ਸੀ। ਉਨ੍ਹਾਂ ਨੇ ਇਸ ਸਥਿਤੀ ਨੂੰ ਅਨੁਭਵ ਕਰਕੇ ਸਿੱਖ ਧਰਮ (ਜਿਸ ਵਿਚ ਜ਼ਾਤ ਪਾਤ ਲਈ ਕੋਈ ਥਾਂ ਨਹੀਂ) ਨੂੰ ਇਸ ਦੇ ਠੀਕ ਪ੍ਰਸੰਗ ਵਿਚ ਪ੍ਰਚਾਰਨ ਹਿੱਤ ਜ਼ੋਰਦਾਰ ਦਲੀਲਾਂ ਸਹਿਤ ਰਚਨਾਵਾਂ ਰਚੀਆਂ। ਧਰਮ ਪ੍ਰਚਾਰ ਲਈ ਤਰਕਮਈ ਵਿਚਾਰਾਂ ਦਾ ਪ੍ਰਯੋਗ ਕੀਤਾ, ਜੋ ਸਿੱਖ ਧਰਮ ਲਈ ਬਹੁਤ ਹੀ ਲਾਭਦਾਇਕ ਸਿੱਧ ਹੋਇਆ। ਮੁਸਲਮਾਨ ਜੇ ਉਹ ਚਾਹੁਣ ਤਾਂ ਉਹ ਸਿੱਖ ਧਰਮ ਅਪਣਾ ਸਕਦੇ ਹਨ ਅਤੇ ਉਹਨਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਜਾ ਸਕਦਾ ਹੈ। ਇਸ ਵਿਚਾਰ ਨੂੰ ਉਹ ਕਿਤਨੇ ਤਰਕਮਈ ਅਤੇ ਦਲੀਲਮਈ ਲਹਿਜ਼ੇ ਵਿਚ ਪੇਸ਼ ਕਰਦੇ ਹਨ। ਇਸ ਦੀ ਉਦਾਹਰਣ ਵੇਖੋ:

> ਡਰਪੋਕ ਸਿੰਘ - ਅੱਜ ਕਲ ਮੁਸਲਮਾਨ ਅਤੇ ਮੁਸਲਮਾਨੀਆਂ ਸਿੰਘ ਸਿੰਘਣੀਆਂ ਬਣਨ ਲਗ ਪਏ ਹਨ, ਇਸ ਤੇ ਹੋਰ ਅੰਧੇਰ ਕਿਆ ਹੈ।।
>
> ਦਲੇਰ ਸਿੰਘ - ਇਹ ਤਾਂ ਅੰਧੇਰ ਵਾਲੀ ਕੋਈ ਬਾਤ ਨਹੀਂ, ਸਗੋਂ ਚਾਨਨ ਦੀ ਹੈ- ਹਾਂ ਇਸ ਬਾਤ ਦਾ ਅੰਧੇਰ ਉਨ੍ਹਾਂ ਭਾਈਆਂ ਨੂੰ ਤਾਂ ਭਾਵੇਂ ਹੋਵੇ ਜਿਨਾਂ ਦੇ ਦੀਨ ਵਿਚੋਂ ਆਦਮੀ ਨਿਕਲ ਕੇ ਦੂਜੇ ਵਿਚ ਜਾਂਦੇ ਹਨ, ਪਰੰਤੂ ਖ਼ਾਲਸਾ ਨੂੰ ਤਾਂ ਇਹ ਪ੍ਰਕਾਸ਼ ਹੋ ਗਿਆ, ਸਗੋਂ ਅੱਗੇ ਅੰਧੇਰ ਸੀ ਜੋ ਖ਼ਾਲਸਾ ਧਰਮ ਥੋੜ੍ਹਿਆਂ ਆਦਮੀਆਂ ਦੇ ਹਿੱਸੇ ਵਿਚ ਸੀ।
>
> ਡਰਪੋਕ ਸਿੰਘ - ਤੁਸੀਂ ਤਾਂ ਹਾਸੀ ਕਰਦੇ ਹੋ ਪਰ ਇਤਨਾ ਤਾਂ ਸਮਝੋ ਕਿ ਜੇ ਮੁਸਲਮਾਨ ਖ਼ਾਲਸਾ ਧਰਮ ਵਿਚ ਆਇ ਗਏ ਤਾਂ

ਖ਼ਾਲਸਾ ਰਹੇਗਾ ਯਾ ਕਿਯਾ ਹੋਵੇਗਾ। ਇਹ ਗੱਲ ਲੰਬੀ ਨਜ਼ਰ
ਨਾਲ ਸੋਚੋ ਨਿਰਾ ਹੱਸ ਕੇ ਨਾ ਗੁਆਓ।।
ਦਲੇਰ ਸਿੰਘ - ਭਾਈ ਚੂਹੜੇ ਸਿੰਘ ਹੋ ਸਕਦੇ ਕਿ ਨਹੀਂ
ਪਹਿਲੇ ਇਸ ਦਾ ਉੱਤਰ ਤਾਂ ਦੇਵੋ।
ਡਰਪੋਕ ਸਿੰਘ - ਹਾਂ ਜੀ, ਉਹ ਤਾਂ ਬੇਸ਼ਕ ਹੋ ਸਕਦੇ ਹਨ
ਦਲੇਰ ਸਿੰਘ - ਭਾਈ ਜੇ ਚੂਹੜੇ ਚਮਿਆਰਾਂ ਦੇ ਖ਼ਾਲਸਾ ਧਰਮ
ਵਿਚ ਆਉਨ ਤੇ ਖ਼ਾਲਸਾ ਧਰਮ ਵਿਚ ਅੰਧੇਰ ਨਹੀਂ ਪਿਆ ਅਤੇ
ਧਰਮ ਨਹੀਂ ਬਿਗੜਿਆ ਤਾਂ ਮੁਸਲਮਾਨਾਂ ਦੇ ਆਉਂਨ ਤੇ ਕਦ
ਬਿਗੜ ਸਕਦਾ ਹੈ? ਫਿਰ ਅੰਧੇਰ ਵਾਲੀ ਗਲ ਕਯਾ ਹੈ।।
ਦਲੇਰ ਸਿੰਘ - ਫੇਰ ਭਾਈ! ਚਮਿਆਰ ਹੋ ਸਕਦੇ ਹਨ ਕੇ ਨਹੀਂ?
ਇਸਦਾ ਭਰਮ ਭੀ ਕੱਢ ਦੇਹੋ।
ਡਰਪੋਕ ਸਿੰਘ- ਭਾਈ ਜੀ ਉਹ ਭੀ ਬੇਸ਼ਕ ਹੋ ਸਕਦੇ ਹਨ, ਜੈਸਾ
ਕਿ ਹਨ, ਪਰ ਸਾਨੂੰ ਇਸ ਨਾਲ ਕਯਾ? [15]

ਉਪਰੋਕਤ ਵਾਰਤਕ ਪੈਰ੍ਹੇ ਵਿਚ ਤਰਕ ਦੇ ਆਧਾਰ ਤੇ ਧਰਮ ਤਬਦੀਲੀ ਦੇ ਤੱਥ ਨੂੰ, ਖ਼ਾਲਸਾ ਧਰਮ ਦੇ ਹਿੱਤ ਵਿਚ ਸਹੀ ਸਿੱਧ ਕੀਤਾ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਦੀ ਸਿਰਜਨਾ ਵੇਲੇ ਸਿੱਖ ਪੰਥ ਨੂੰ ਜ਼ਾਤ ਪਾਤ ਤੋਂ ਰਹਿਤ ਰੱਖ ਕੇ ਵਖੋ ਵੱਖਰੀ ਜ਼ਾਤਾਂ ਦੇ ਸਿੱਖਾਂ ਨੂੰ ਉਨ੍ਹਾਂ ਨੇ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਸੀ। ਇਸ ਤਰ੍ਹਾਂ ਉਹਨਾਂ ਨੇ ਆਪਣੇ ਸਮੇਂ ਦੀਆਂ ਪ੍ਰਸਥਿਤੀਆਂ ਨੂੰ ਮੁੱਖ ਰੱਖ ਕੇ ਸਿੱਖ ਸਮਾਜ ਦੇ ਮੁੜ ਵਿਕਾਸ ਲਈ ਜਿਥੇ ਪ੍ਰਚਾਰ ਦੇ ਕਾਰਜ ਦੀ ਜ਼ਿੰਮੇਵਾਰੀ ਨਿਭਾਈ, ਉਥੇ ਇਸ ਦੇ ਪੱਖ ਵਿਚ ਆਪਣੀ ਵਿੱਦਵਤਾ ਦੇ ਆਧਾਰ ਤੇ ਜ਼ੋਰਦਾਰ ਰਚਨਾਵਾਂ ਵੀ ਰਚੀਆਂ

(ੲ) ਪੁਸਤਕ ਰੂਪ ਵਿਚ ਗੱਦ-ਪਦ (ਮਿਲੀ-ਜੁਲੀ) ਰਚਨਾਵਾਂ:

ਗਿਆਨੀ ਦਿੱਤ ਸਿੰਘ ਨੇ ਕਾਫੀ ਮਾਤਰਾ ਵਿਚ ਸਾਹਿਤ ਰਚਿਆ। ਇਹ ਸਾਹਿਤ ਕਵਿਤਾ ਰੂਪ, ਕਵਿਤਾ ਵਾਰਤਕ ਰੂਪ ਅਤੇ ਸ਼ੁਧ ਵਾਰਤਕ ਰੂਪ ਵਿਚ ਹੈ। ਉਹਨਾਂ ਦੀਆਂ ਕਈ ਪੁਸਤਕਾਂ ਵਿਚ ਕਵਿਤਾ ਅਤੇ ਵਾਰਤਕ ਰਲੀ-ਮਿਲੀ ਹੈ। ਅਜਿਹੀ ਸਾਹਿਤ ਰਚਨਾ ਨੂੰ ਜਿਥੇ ਉਹਨਾਂ ਨੇ ਸ਼ਬਦਾਂ ਦੇ ਅਰਥ ਜਾਂ ਸਿਧਾਂਤਕ ਵਿਆਖਿਆ ਕੀਤੀ ਹੈ, ਅਸੀਂ ਉਸੇ ਨੂੰ ਵਿਆਖਿਆਮਈ ਸ਼ੈਲੀ ਦਾ ਨਾਂ ਦੇ ਸਕਦੇ ਹਾਂ।

ਭਾਵੇਂ ਗਿਆਨੀ ਦਿੱਤ ਸਿੰਘ ਦੀ ਬਹੁਤੀ ਸਾਹਿਤ ਰਚਨਾ ਧਾਰਮਿਕ ਵਿਸ਼ਿਆਂ ਨਾਲ ਸੰਬੰਧ ਰੱਖਦੀ ਹੈ, ਪਰੰਤੂ ਇਹ ਉਹ ਸਮਾਂ ਸੀ, ਜਦੋਂ ਧਾਰਮਿਕਤਾ ਦੇ ਨਾਲ-ਨਾਲ ਸਮਾਜਿਕ ਸਰੋਕਾਰਾਂ ਵਲ ਵੀ ਧਿਆਨ ਦਿੱਤਾ ਜਾਣ ਲਗ ਪਿਆ ਸੀ ਕਿਉਂਕਿ ਧਰਮ ਅਤੇ ਸਮਾਜ ਭਾਵੇਂ ਦੋ ਵੱਖ-ਵੱਖ ਇਕਾਈਆਂ ਹਨ, ਪਰੰਤੂ ਇਹਨਾਂ ਦੋਹਾਂ ਦਾ ਆਪਸੀ ਸੰਬੰਧ ਬਹੁਤ ਗੂੜ੍ਹਾ ਹੈ। ਧਰਮ ਤੋਂ ਬਗੈਰ ਇਕ ਨਰੋਏ ਸਮਾਜ ਦੀ ਸਥਾਪਨਾ ਨਹੀਂ ਹੋ ਸਕਦੀ। ਇਸ ਲਈ ਜਦੋਂ ਵੀ ਕਿਧਰੇ ਸਮਾਜਿਕ ਸਰੋਕਾਰ ਦੀ ਗੱਲ ਆਉਂਦੀ ਹੈ, ਗਿਆਨੀ ਦਿੱਤ ਸਿੰਘ ਇਸ ਬਾਰੇ ਕੋਈ ਵੀ ਦ੍ਰਿਸ਼ਟਾਂਤ ਜਾਂ ਉਦਾਹਰਣ ਦੇਣ ਲਈ ਆਪਣਾ ਮੁੱਖ ਗੁਰੂ-ਬਾਣੀ (ਜਾਂ ਕਵਿਤਾ ਰਚਨਾ) ਵੱਲ ਕਰਦੇ ਹਨ। ਸਿੰਘ ਸਭਾ ਲਹਿਰ ਦੇ ਉਦੇਸ਼ ਅਨੁਸਾਰ ਜਿਨ੍ਹਾਂ ਪੋਥੀਆਂ ਜਾਂ ਕਿਤਾਬਾਂ ਵਿਚ ਸਿੱਖ ਧਰਮ ਦੀ ਵਡਿਆਈ ਤੇ ਭਲਿਆਈ ਪਾਈ ਜਾਂਦੀ ਹੈ, ਉਨ੍ਹਾਂ ਨੂੰ ਛਪਵਾ ਕੇ ਪਾਠਕਾਂ ਤਕ ਪਹੁੰਚਾਉਣਾ ਸੀ। ਦੂਜਾ ਇਕ ਹੋਰ ਉਦੇਸ਼ ਸੀ ਕਿ ਲੋਕ-ਮਨਾਂ ਵਿਚੋਂ ਵਹਿਮਾਂ-ਭਰਮਾਂ ਨੂੰ ਖ਼ਤਮ ਕਰਨ ਲਈ ਉਹਨਾਂ ਨੂੰ ਗੁਰੂ ਬਾਣੀ ਦੇ ਆਸ਼ੇ ਅਨੁਸਾਰ ਸਿੱਖਿਆ ਦਿੱਤੀ ਜਾਵੇ। ਇਹਨਾਂ ਉਦੇਸ਼ਾਂ ਦੀ ਪੂਰਤੀ ਲਈ ਗਿਆਨੀ ਦਿੱਤ ਸਿੰਘ ਜੀ ਨੇ ਜੋ ਕਵਿਤਾ ਤੇ ਵਾਰਤਕ ਦੋਹਾਂ ਵਿਚ ਰਲੀ-ਮਿਲੀ ਸਾਹਿਤਕ ਪੁਸਤਕਾਂ ਦੀ ਰਚਨਾ ਕੀਤੀ, ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਗੁਰੂ ਅਰਜਨ ਪ੍ਰਬੋਧ
2. ਗੁਰਬਾਨੀ ਪ੍ਰਬੋਧ
3. ਗੁਰਮਤਿ ਪ੍ਰਬੋਧ

4. ਨੀਤੀ ਪ੍ਰਕਾਸ਼

5. ਦਿੱਤ ਹਰੀ ਉਪਦੇਸ਼ ਮਾਲਾ ਤੇ ਪ੍ਰਤਗਯ ਪਾਲਨ

6. ਦੰਭ ਵਿਦਾਰਨ

7. ਪੰਡਤ ਦਯਾ ਨੰਦ ਨਾਲ ਮੇਰਾ ਸੰਵਾਦ

ਗਿਣਨਾਤਮਕ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਗਿਆਨੀ ਦਿੱਤ ਸਿੰਘ ਦੀ ਵਾਰਤਕ ਰਚਨਾ ਉਚੇਚੇ ਉਲੇਖ ਦੀ ਉਚੇਚੀ ਮੰਗ ਕਰਦੀ ਹੈ। ਗਿਆਨੀ ਦਿੱਤ ਸਿੰਘ ਦੀ ਵਿਚਾਰਧਾਰਾ ਨਿਰੀ ਸਿੱਖ ਪੰਥ ਜਾਂ ਸਿੱਖ ਧਰਮ ਦੁਆਲੇ ਹੀ ਨਹੀਂ ਘੁੰਮਦੀ, ਉਸਦੀ ਵਿਚਾਰਧਾਰਾ ਤਾਂ ਲੋਕਾਂ ਨੂੰ ਵਹਿਮਾਂ ਭਰਮਾਂ ਤੇ ਕੁਰੀਤੀਆਂ 'ਚੋਂ ਕੱਢ ਕੇ ਇਕ ਨਰੋਏ ਸਮਾਜ ਦੀ ਸਿਰਜਣਾ ਵਲ ਵੀ ਰੁਚਿਤ ਕਰਦੀ ਹੈ। ਨਵੀਨ ਪੰਜਾਬੀ ਵਾਰਤਕ ਦੇ ਮੁਢਲੇ ਲਿਖਾਰੀਆਂ ਵਿਚੋਂ ਗਿਆਨੀ ਦਿੱਤ ਸਿੰਘ ਜੀ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਹੈ। ਉੱਨੀਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ, ਪਹਿਲੀ ਵਾਰ ਵਾਰਤਕ ਨੇ ਕਵਿਤਾ ਤੋਂ ਆਪਣੇ ਹੱਕ ਵੰਡਾਉਣੇ ਸ਼ੁਰੂ ਕਰ ਦਿੱਤੇ ਸਨ। ਇਸ ਕਾਲ ਦੇ ਹਰ ਸਾਹਿਤਕਾਰ ਨੇ ਤਕਰੀਬਨ ਕਵਿਤਾ ਦੇ ਨਾਲ-ਨਾਲ ਵਾਰਤਕ ਵਿਚ ਵੀ ਲਿਖਣਾ ਆਰੰਭ ਕਰ ਦਿੱਤਾ ਸੀ। ਉਂਝ ਵੀ ਸਮੇਂ ਦੀ ਮੰਗ ਸੀ ਕਿ ਲੋਕਾਂ ਨੂੰ ਵਹਿਮਾਂ-ਭਰਮਾਂ ਦੇ ਡੂੰਘੇ ਚਿੱਕੜ ਵਿਚੋਂ ਬਾਹਰ ਕੱਢਣ ਲਈ, ਵਿਚਾਰਾਂ ਨੂੰ ਵਾਰਤਕ ਰਾਹੀਂ ਪ੍ਰਗਟਾਇਆ ਜਾਵੇ। ਇਸ ਸਮੇਂ ਵਾਰਤਕ ਭਾਸ਼ਾ, ਆਪਣੇ ਨਿਖਰਵੇਂ ਰੂਪ ਵਿਚ ਉਭਰਨੀ ਸ਼ੁਰੂ ਹੋ ਗਈ ਸੀ। ਜਿਹੜੀ ਮੱਧਕਾਲੀ ਸਧੁੱਕੜੀ ਬੋਲੀ ਨੂੰ ਵਾਰਤਕ ਰਚਨਾ ਲਈ ਜ਼ਰੂਰੀ ਸਮਝਿਆ ਜਾਂਦਾ ਸੀ, ਉਸ ਦਾ ਪ੍ਰਭਾਵ ਖ਼ਤਮ ਹੋ ਗਿਆ ਅਤੇ ਸਾਧਾਰਣ ਲੋਕਾਂ ਦੀ ਬੋਲੀ ਵਿਚ ਵਾਰਤਕ ਰਚਨਾ ਹੋਣ ਲੱਗ ਪਈ ਸੀ। ਗਿਆਨੀ ਦਿੱਤ ਸਿੰਘ ਦੇ ਜੀਵਨ ਦੇ ਅੰਤਲੇ ਦਹਾਕੇ ਤਕ ਤਾਂ ਪੰਜਾਬੀ ਵਾਰਤਕ ਦਾ ਆਕਾਰ, ਉਸ ਦੀ ਸ਼ੈਲੀਆਂ ਦੀ ਵੰਨ-ਸੁਵੰਨਤਾ ਨੇ ਇਕ ਮਾਣਯੋਗ ਪਦਵੀ ਹਾਸਲ ਕਰ ਲਈ ਸੀ। ਗਿਆਨੀ ਦਿੱਤ ਸਿੰਘ ਦੀ ਵਾਰਤਕ ਦਾ ਅਧਿਐਨ ਕਰਨ ਉਪਰੰਤ, ਉਹਨਾਂ ਦੀ ਵਾਰਤਕ ਨੂੰ ਅਜੋਕੀ ਵਾਰਤਕ ਦੇ ਮੁਕਾਬਲੇ ਤੇ ਰੱਖਿਆ ਜਾ ਸਕਦਾ ਹੈ। 'ਗੁਰੂ ਅਰਜਨ ਪ੍ਰਬੋਧ' ਪੁਸਤਕ ਵਿਚ ਅਤੇ ਹੋਰ ਗੁਰਬਾਣੀ ਵਿਆਖਿਆ ਪੁਸਤਕਾਂ ਵਿਚ ਗਿਆਨੀ ਦਿੱਤ ਸਿੰਘ ਨੇ ਆਮ

ਜਨ-ਸਾਧਾਰਣ ਮਨੁੱਖ ਦੀ ਮਾਨਸਿਕਤਾ ਨੂੰ ਹਲੂਣਨ ਲਈ ਮਨੋਵਿਗਿਆਨਕ ਵਿਧੀ ਰਾਹੀਂ ਧਾਰਮਿਕ ਸਮੱਸਿਆ ਨੂੰ ਪੇਸ਼ ਕੀਤਾ ਹੈ। ਉਹਨਾਂ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਗੁਰੂ ਅਰਜਨ ਸਾਹਿਬ ਦੇ ਚੋਣਵੇਂ ਸ਼ਬਦਾਂ ਨੂੰ ਲੈ, ਵਿਆਖਿਆਮਈ ਸ਼ੈਲੀ ਰਾਹੀਂ ਜਨ-ਸਾਧਾਰਣ ਲਈ ਕੁਝ ਸਵਾਲ ਖੜੇ ਕੀਤੇ ਹਨ, ਜਿਨ੍ਹਾਂ ਨੂੰ ਵਿਚਾਰਨ ਲਈ ਆਮ ਆਦਮੀ ਵੀ ਉਸ ਬਾਰੇ ਸੋਚਣ ਲਈ ਮਜਬੂਰ ਹੋ ਜਾਂਦਾ ਹੈ। ਵੰਨਗੀ ਵਜੋਂ:

> ਜਾ ਕਉ ਮੁਸਕਲ ਅਤਿ ਬਣੈ ਢੋਇ ਕੋਇ ਦੇਇ।।
> ਲਾਗੂ ਹੋਏ ਦੁਸਮਨਾਂ ਸਾਕ ਭਿ ਭਜਿ ਖਲੇ।।
> ਸਭੋ ਭਜੈ ਆਸਰਾ ਚੁਕੈ ਸਭੈ ਅਸਰਾਉ।।
> ਚਿਤ ਆਵੈ ਓਸੁ ਪਾਰਬ੍ਰਹਮ ਲਗੈ ਨ ਤਤੀ ਵਾਉ।।
> ਸਾਹਿਬ ਨਿਤਾਣਿਆ ਕਾ ਤਾਣ।।
> ਆਇ ਲ ਜਾਈ ਥਿਰੁ ਸਦਾ ਗੁਰੂ ਸਬਦੀ ਸਚੁ ਜਾਣ।।੧।। ਰਹਾਉ।।

ਜਿਸਦਾ ਭਾਵ ਇਹ ਹੈ ਕਿ ਜਿਸ ਨੂੰ ਮੁਸ਼ਕਿਲ ਬਣਦੀ ਹੈ ਅਤੇ ਕੋਈ ਢੋਈ ਨਹੀਂ ਦੇਂਦਾ ਹੈ, ਦੁਸ਼ਮਣ ਲੋਗ ਖੂਨ ਦੇ ਪਿਆਸੇ ਹੋ ਜਾਂਦੇ ਹਨ ਅਤੇ ਸਾਕ-ਅੰਗ ਭੀ ਛਡ ਦੇਂਦੇ ਹਨ। ਜਿਨ੍ਹਾਂ ਪਰ ਆਸਰਾ ਰੱਖਿਆ ਸੀ ਸੋ ਸਭੇ ਭੱਜ ਗਏ ਅਤੇ ਜਿਨ੍ਹਾਂ ਦਾ ਆਧਾਰ ਤੱਕਿਆ ਸੀ, ਓਹ ਭੀ ਬੇਬਸ ਹੋ ਗਏ। ਅਜਿਹੀ ਹਾਲਤ ਵਿਚ, ਜਿਸਨੂੰ ਅਕਾਲ ਪੁਰਖ ਚੇਤੇ ਆਵੇ ਤਾਂ ਉਸਨੂੰ ਤੱਤੀ ਵਾਉ ਭੀ ਨਹੀਂ ਲੱਗਦੀ ਹੈ। ਪਰਮਾਤਮਾ ਕਮਜੋਰਿਆਂ ਦਾ ਜੋਰ ਹੈ। ਓਹ ਪੁਰਸ਼ ਆਵਾਗਵਨ ਦੇ ਚੱਕਰ ਵਿਚ ਨਹੀਂ ਪੈਂਦਾ ਅਤੇ ਇਸਥਿਰ ਰਹਿੰਦਾ ਹੈ ਅਤੇ ਗੁਰਾਂ ਦੇ ਸ਼ਬਦ ਦੁਆਰਾ ਸੱਚ ਦੀ ਪ੍ਰਾਪਤੀ ਹੁੰਦੀ ਹੈ।

> ਕਿਆ ਇਸ ਸ਼ਬਦ ਦੇ ਵਿਚਾਰ ਕਰਨੇ ਵਾਲੇ ਭਾਈ ਤਕਲੀਫ ਅਤੇ ਕਸ਼ਟ ਦੇ ਸਮਯ ਪਰਮਾਤਮਾ ਤੋਂ ਸਵਾਇ ਹੋਰ ਵੱਲ ਤਕਨਗੇ ਅਤੇ ਖੁਸੀਆਂ ਅਤੇ ਸਰਦਾਰੀਆਂ ਦੇ ਸਮਯ ਪਰਮਾਤਮਾ ਨੂੰ ਭੁਲ ਕੇ ਅਪਨੇ ਪਰ ਭਾਰ ਲੈਣਗੇ? [16]

ਉਪਰੋਕਤ ਪੈਰ੍ਹੇ ਵਿਚਲੀ ਵਾਰਤਕ ਆਧੁਨਿਕ ਵਾਰਤਕ ਦੇ ਬਹੁਤ ਨੇੜੇ ਹੈ। ਮੱਧਕਾਲੀ ਸਧੁੱਕੜੀ ਭਾਸ਼ਾ ਵਿਚ ਵਿਆਖਿਆ ਤੋਂ ਬਾਅਦ ਸੰਵਾਦ ਰਾਹੀਂ ਪੈਰ੍ਹੇ ਵਿਚਲੇ ਵਿਚਾਰ ਪ੍ਰਤੀ ਇਕ ਸਵਾਲ ਕੀਤਾ ਗਿਆ ਹੈ। ਇਸ ਸਵਾਲ ਦੀ ਪਿੱਠਭੂਮੀ ਪਿਛੇ ਕੁਝ ਅਦ੍ਰਿਸ਼ਟ ਹੈ, ਜਿਸਨੂੰ ਸਾਕਾਰ ਕਰਨ ਲਈ ਗਿਆਨੀ ਦਿੱਤ ਸਿੰਘ ਨੇ ਇਹ ਸਵਾਲਮਈ ਸ਼ੈਲੀ ਵਰਤੀ ਹੈ। ਤਤਕਾਲੀਨ ਸਮਾਜਿਕ ਦਸ਼ਾ ਇਹ ਸੀ ਕਿ ਲੋਕ ਵਹਿਮਾਂ ਭਰਮਾਂ ਦੇ ਚਿੱਕੜ ਵਿਚ ਫਸੇ ਹੋਏ ਸਨ। ਉਹ ਵਹਿਮਾਂ-ਭਰਮਾਂ ਦੀ ਮਾਰ ਹੇਠਾਂ ਕਿੰਨੇ ਰੂਹਾਨੀ ਤਸੀਹੇ ਸਹਿੰਦੇ ਸਨ ਅਤੇ ਮਾਨਸਿਕ ਭਟਕਣਾਂ ਵਿਚ ਪੈ ਕੇ ਕਿੰਨੀਆਂ ਕਿਸਮਾਂ ਦੇ ਪੀਰ ਪੈਗੰਬਰ ਮੰਨਦੇ ਸਨ ਅਤੇ ਆਪ ਭੁੱਖੇ ਰਹਿ ਕੇ ਦੰਭੀਆਂ ਦੇ ਢਿੱਡ ਭਰਦੇ ਸਨ, ਇਸ ਦਾ ਪ੍ਰਮਾਣ ਪੰਜਾਬ ਦੀ ਪੇਂਡੂ ਵਸੋਂ ਵਲੋਂ ਮੰਨੇ ਜਾਂਦੇ ਅਨੇਕਾਂ ਪੀਰਾਂ, ਫ਼ਕੀਰਾਂ, ਸਿੱਖ ਬਾਬਿਆਂ, ਦਰਵੇਸ਼ਾਂ ਦੀਆਂ ਦਰਗਾਹਾਂ, ਸੰਤਾਂ-ਸਾਧਾਂ ਦੀਆਂ ਸਮਾਧਾਂ ਵੱਡੇ-ਵਡੇਰਿਆਂ ਦੇ ਸਥਾਨ, ਮੰਦਰ ਹਨ, ਜੋ ਤਕਰੀਬਨ ਹਰ ਪਿੰਡ ਵਿਚ ਜਾਂ ਦਸ-ਪੰਦਰਾਂ ਮੀਲਾਂ ਦੀ ਵਿੱਥ ਤੇ ਮਿਲ ਜਾਂਦੇ ਹਨ।

ਉਪਰੋਕਤ ਪੈਰ੍ਹੇ ਦੀ ਵਾਰਤਕ ਵਿਚ ਗੁਰੂ ਬਾਣੀ ਦੀ ਵਿਆਖਿਆ ਦੇ ਨਾਲ ਜੋ ਸਵਾਲ ਸ਼ਬਦ ਦੇ ਵਿਗਠਨ ਵਾਲੇ ਭਾਈਆਂ ਨੂੰ ਸੰਬੋਧਨਮਈ ਸ਼ੈਲੀ ਰਾਹੀਂ ਪੁੱਛਿਆ ਗਿਆ ਹੈ, ਉਸ ਦੀ ਪਿੱਠਭੂਮੀ ਪਿਛੇ ਜਨ-ਸਾਧਾਰਣ ਨੂੰ ਉਪਰੋਕਤ ਦਸੇ ਵਹਿਮਾਂ-ਭਰਮਾਂ ਦੀ ਜਿੱਲ੍ਹਣ ਵਿਚੋਂ ਕੱਢਣ ਲਈ ਹੈ ਕਿਉਂਕਿ ਸਿੱਖ ਇਤਿਹਾਸ ਗਵਾਹ ਹੈ ਕਿ ਗੁਰੂ ਅਰਜਨ ਦੇਵ ਜੀ ਦੇ, ਕਈਆਂ ਪ੍ਰੇਮੀਆਂ ਨੂੰ 'ਸੁਲਤਾਨ-ਪੀਰ', ਜਿਸਦੇ ਸ਼ਰਧਾਲੂਆਂ ਨੂੰ 'ਸੁਲਤਾਨੀਏ' ਸੱਦਿਆ ਜਾਂਦਾ ਸੀ, ਯਾਤਰਾ ਤੇ ਆਉਂਦਿਆਂ-ਜਾਂਦਿਆਂ ਦਰਸ਼ਨ ਹੋਏ ਸਨ, ਜਿਨ੍ਹਾਂ ਵਿਚੋਂ ਚੌਧਰੀ ਲੰਗਾਹ ਅਤੇ ਫਫੜਿਆਂ ਦੇ ਭਾਈ ਬਹਿਲੋ ਦੇ ਨਾਂ ਪ੍ਰਸਿੱਧ ਹਨ। ਗੁਰੂ ਸਾਹਿਬਾਂ ਦੇ ਸਮੇਂ ਪਿਛੋਂ ਜਦੋਂ ਖ਼ਾਲਸਾ, ਜੰਗਾਂ-ਯੁੱਧਾਂ ਵਿਚ ਕੁੱਦ ਪਿਆ, ਉਸ ਸਮੇਂ ਪੀਰਾਂ ਦੇ ਭਗਤਾਂ ਨੇ ਆਪਣਾ ਪ੍ਰਚਾਰ ਵਧਾ ਦਿੱਤਾ। ਸਿੰਘ ਸਭਾ ਲਹਿਰ ਦਾ ਵਿਸ਼ੇਸ਼ ਉੱਦਮ ਸੀ ਕਿ ਪੰਜਾਬ ਵਾਸੀਆਂ, ਖਾਸ ਕਰਕੇ ਗੁਰਸਿੱਖਾਂ ਦੇ ਮਨਾਂ ਅੰਦਰ ਆਈਆਂ ਇਹਨਾਂ ਬੀਮਾਰੀਆਂ ਦੇ ਕੀਟਾਣੂਆਂ ਨੂੰ ਦੂਰ ਕਰੇ। ਗਿਆਨੀ ਦਿੱਤ ਸਿੰਘ, ਸਿੰਘ ਸਭਾ ਦੇ ਮੋਢੀਆਂ ਵਿਚੋਂ ਹੋਣ ਕਰਕੇ ਇਸ ਉੱਦਮ ਵਿਚ ਬਹੁਤ ਅੱਗੇ ਸਨ।

ਗਿਆਨੀ ਦਿੱਤ ਸਿੰਘ ਗੁਰੂ-ਬਾਣੀ ਦੇ ਆਸ਼ੇ ਨੂੰ ਪ੍ਰਚਾਰਨ ਲਈ ਅਤੇ ਲੋਕਾਂ ਨੂੰ ਉਪਦੇਸ਼ਾਤਮਕ ਅਤੇ ਪ੍ਰਸ਼ਨਾਤਮਕ ਸ਼ੈਲੀ ਰਾਹੀਂ ਜਨ-ਸਧਾਰਣ ਨੂੰ ਪ੍ਰਬਲ ਦਲੀਲ ਦੇਂਦੇ ਹਨ:

> ਸਾਡੇ ਦੇਸ ਵਾਸੀਆਂ ਨੇ ਨੰਗੇ ਰਹਿਨਾਂ ਮ੍ਰਿਗਾਨ ਓਢਨਾ, ਇਸੀ ਤਰ੍ਹਾਂ ਮੂੰਡ ਮੁੰਡਵਾਕ ਸੰਤ ਕਹਾਉਣਾ ਅਤੇ ਬਿਵਾਹ ਦਾ ਨਾ ਕਰਾਉਣਾ ਹੀ ਸੰਸਾਰ ਤੇ ਪਾਰ ਕਰਨੇ ਦਾ ਸਾਧਨ ਸਮਝਿਆ ਹੋਇਆ ਹੈ, ਪਰੰਤੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਇਸ ਪਰ ਇਹ ਉਪਦੇਸ਼ ਕਰਦੇ ਹਨ, ਯਥਾ:

ਗਉੜੀ ਕਬੀਰ ਜੀ

ਨਗਨ ਫਿਰਤ ਜੋ ਪਾਈਐ ਜੋਗ॥ ਬਨਕਾ ਮ੍ਰਿਗ ਮੁਕਤ ਸਭ ਹੋਗ॥੧॥
ਕਿਆ ਨਾਗੇ ਕਿਆ ਬਾਂਧੇ ਚਾਮ॥ ਜਬ ਨਹੀਂ ਚੀਨਸ ਆਤਮ ਰਾਮ॥੧॥ ਰਹਾਉ।
ਮੂੰਡ ਮੁੰਡਾਏ ਜੋ ਸਿਧ ਪਾਈ॥ ਮੁਕਤੀ ਭੇਡ ਨ ਗਈਆ ਕਾਈ॥੨॥
ਬਿੰਦ ਰਾਖ ਜੋ ਤਰੀਐ ਭਾਈ॥ ਖੁਸਰੈ ਕਿਉਂ ਨ ਪਰਮਗਤਿ ਪਾਈ॥ ੩॥
ਕਹੁ ਕਬੀਰ ਸੁਨਹੁ ਨਰ ਭਾਈ। ਰਾਮ ਨਾਮ ਬਿਨੁਕਿਨ ਗਤਿਪਾਈ॥ ੪॥

ਇਸ ਪਵਿਤ੍ਰ ਸ਼ਬਦ ਦਾ ਇਹ ਭਾਵ ਹੈ ਕਿ ਜੇ ਕਦੇ ਨੰਗੇ ਫਿਰਨੇ ਕਰਕੇ ਪ੍ਰਮੇਸ਼ਵਰ ਨਾਲ ਮਿਲ ਸਕੀਦਾ ਹੈ ਤਾਂ ਜੰਗਲ ਦੇ ਪਸ਼ੂ ਸਾਰੇ ਨੰਗੇ ਰਹਿੰਦੇ ਹਨ, ਉਹ ਭੀ ਉਸਨੂੰ ਪਾ ਸਕਦੇ ਹੋਨਗੇ, ਇਸੇ ਤਰ੍ਹਾਂ ਨਗਨ ਰਹਿ ਕੇ ਚਰਮ ਦੇ ਬੰਧਨੇ ਤੇ ਕਯਾ ਲਾਭ ਹੈ ਜੋ ਆਤਮਾ ਨੂੰ ਨਹੀਂ ਪਹਿਚਾਨਿਆ ਕਿ ਕਿਯਾ ਵਸਤੂ ਹੈ ਅਰ ਪਰਮਾਤਮਾ ਨਾਲ ਇਸ ਦਾ ਕਿਆ ਸਰਬੰਧ ਹੈ ਕਿਉਂਕਿ ਜੇ ਉਸ ਤੇ ਮੁਕਤੀ ਮਿਲਦੀ ਹੋਵੇ ਤਾਂ ਭੇਡਾਂ ਦੀ ਉਨ ਮੁੰਨੇ ਕੇ ਉਤਾਰੀ ਜਾਂਦੀ ਹੈ ਸੋ ਭੀ ਮੁਕਤ ਹੋ ਗਈਆਂ ਚਾਹੀਦੀਆਂ ਹਨ।

"ਇਸ ਤਰ੍ਹਾਂ ਜੇ ਕੋਈ ਜਤੀ ਕਹਾ ਕੇ ਮੁਕਤੀ ਚਾਹੁੰਦਾ ਹੈ ਸੋ ਖੁਸਰਿਆਂ ਨੂੰ ਪੁਛ ਦੇਖੋ ਜੋ ਉਨ੍ਹਾਂ ਨੇ ਕਯਾ ਪਰਮਗਤੀ ਨੂੰ ਪਾਇ ਲੀਤਾ ਹੈ, ਇਸ ਵਾਸਤੇ ਬਿਨ੍ਹਾਂ ਅਕਾਲਪੁਰਖ ਦੇ ਵਿਚਾਰਨੇ ਤੇ ਕਦੇ ਭੀ ਕਿਸੇ ਨੇ ਮੁਕਤੀ ਪ੍ਰਾਪਤ ਨਹੀਂ ਕੀਤੀ।"

ਕਿਆ ਇਸ ਸ਼ਬਦ ਵਿਚਾਰਨੇ ਵਾਲੇ ਭਾਈ ਭੀ
ਅਜਿਹੇ ਪਾਖੰਡ ਵਾਲੇ ਸਾਧਨਾਂ ਨੂੰ ਅੱਛਾ ਜਾਣਕੇ ਚਾਹੁੰਨਗੇ।[17]

ਗਿਆਨੀ ਦਿੱਤ ਸਿੰਘ ਦੇ ਜੀਵਨ ਕਾਲ ਵਿਚ ਸਿੰਘ ਸਭਾ ਲਹਿਰ ਦੇ ਪ੍ਰਭਾਵ ਸਦਕਾ ਵਿਗਿਆਨਕ ਸੋਚ ਦਾ ਪਸਾਰਾ ਹੋ ਰਿਹਾ ਸੀ। ਉਹਨਾਂ ਨੇ ਵਾਰਤਕ ਵਿਚ ਜਿਹੜੇ ਵਿਸ਼ੇ ਲਏ ਹਨ, ਉਹ ਸੁਧਾਰਕ ਜਾਂ ਉਪਦੇਸ਼ਾਤਮਕ ਹਨ। ਉਪਰੋਕਤ ਸ਼ਬਦ ਦੀ ਵਿਆਖਿਆਮਈ ਵਾਰਤਕ ਵਿਚ ਕਬੀਰ ਜੀ ਨੇ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਉਦਾਹਰਣਾਂ ਸਹਿਤ ਆਪਣੀ ਰਚਨਾ ਵਿਚ ਪ੍ਰਗਟਾਇਆ ਹੈ। ਗਿਆਨੀ ਦਿੱਤ ਸਿੰਘ ਨੇ ਸੁਚੇਤ ਪੱਧਰ ਤੇ ਅਜਿਹੇ ਸ਼ਬਦਾਂ ਦੀ ਵਿਆਖਿਆ ਕਰਕੇ ਜੋ ਟਿੱਪਣੀ ਰੂਪ ਵਿਚ ਸਵਾਲ ਅਖੀਰ ਵਿਚ ਪੁੱਛਿਆ ਹੈ, ਉਹ ਉਹਨਾਂ ਦੇ ਸੁਧਾਰਵਾਦੀ ਦ੍ਰਿਸ਼ਟੀਕੋਣ ਨੂੰ ਤਾਂ ਪ੍ਰਗਟ ਕਰਦਾ ਹੀ ਹੈ, ਨਾਲ ਹੀ ਇਹਨਾਂ ਵਿਚਾਰਾਂ ਦਾ ਅਸਲ ਉਦੇਸ਼ ਗੁਰ ਸਿੱਖਾਂ ਨੂੰ ਹੀ ਨਹੀਂ, ਜਨ-ਸਾਧਾਰਣ ਨੂੰ ਵੀ ਬ੍ਰਾਹਮਣਵਾਦੀ ਹਿੰਦੂ ਰਹੁ-ਰੀਤਾਂ ਤੋਂ ਹਟਾ ਕੇ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਕਰਨਾ ਸੀ। ਉਹ ਖੰਡਨ ਕਰਨ ਦੀ ਦ੍ਰਿਸ਼ਟੀ ਤੋਂ ਵਿਗਿਆਨਕ ਸੋਚ ਦੇ ਧਾਰਨੀ ਪ੍ਰਤੀਤ ਹੁੰਦੇ ਹਨ। ਉਹ ਗੁਰੂ-ਬਾਣੀ ਦੀ ਵਿਆਖਿਆ ਵੇਲੇ ਗੁਰੂ ਸਾਹਿਬਾਨ ਦੀ ਵਿਗਿਆਨਕ ਦ੍ਰਿਸ਼ਟੀ ਨੂੰ ਅਪਣਾਉਂਦੇ ਹੋਏ ਨਿਸ਼ਚੇਵਾਦੀ ਅਤੇ ਸ਼ਰਧਾਮਈ ਦ੍ਰਿਸ਼ਟੀ ਰਾਹੀਂ ਉਪਦੇਸ਼ਾਤਮਕ ਸ਼ੈਲੀ ਵਿਚ ਗੁਰਮਤਿ ਦਾ ਮੰਡਨ ਕਰਦੇ ਹਨ। ਹੇਠ ਲਿਖੀ ਉਦਾਹਰਣ ਤੋਂ ਇਹ ਗੱਲ ਸਪਸ਼ਟ ਹੈ:

ਦੀਨਾ ਨਾਥ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਗਨ ਨਾਥ ਦੇ ਪੰਡਿਆਂ ਦੀ ਕਲਪਤ ਆਰਤੀ ਦੇਖ ਕੇ ਉਨ੍ਹਾਂ ਨੂੰ ਅਕਾਲ ਪੁਰਖ ਦੀ ਸੱਚੀ ਆਰਤੀ ਦਾ ਇਸ ਪ੍ਰਕਾਰ ਉਪਦੇਸ਼ ਕੀਤਾ ਕਿ ਹੇ ਭਾਈ ਪੰਡਤੋ! ਤੁਸੀਂ ਜੋ ਇਕ ਜੜਾਊ ਥਾਲ ਵਿਚ

> ਦੀਪਕ ਜਗਾ ਕੇ ਅਰ ਸੁਗੰਧਤ ਵਸਤੂਆਂ ਦੀ ਧੂਪ ਧੁਖਾ ਕੇ ਕਈ ਪ੍ਰਕਾਰ ਦੇ ਵਾਜਿਆਂ ਨਾਲ ਪਰਮੇਸ਼ਰ ਦੀ ਆਰਤੀ ਕੀਤੀ ਹੈ, ਸੋ ਇਹ ਉਸ ਦੇ ਵਾਸਤੇ ਸੱਚੀ ਆਰਤੀ ਨਹੀਂ ਹੈ ਕਿਉਂਕਿ ਉਹ ਪਰਮਾਤਮਾ ਬਾਹਰਮੁਖੀ ਕ੍ਰਿਯਾ ਪਰ ਰੰਚਕ ਮਾਤਰ ਭੀ ਨਹੀਂ ਰੀਝਦਾ . . . ਇਹ ਛੋਟਾ ਜਿਹਾ ਥਾਲ ਜਿਸ ਵਿਚ ਤੁਸੀਂ ਦੀਵੇ ਜਗਾ ਕੇ ਉਸ ਬਯਾਪਕ ਪਰਮਾਤਮਾ ਦੀ ਆਰਤੀ ਕਰਦੇ ਹੋ ਸੋ ਠੀਕ ਨਹੀਂ ਹੈ ਕਿੰਤੂ ਉਸ ਦੀ ਆਰਤੀ ਇਸ ਤਰ੍ਹਾਂ ਪਰ ਸਾਰਾ ਬ੍ਰਹਮੰਡ ਕਰ ਰਿਹਾ ਹੈ। [18]

ਉਪਰੋਕਤ ਪੈਰ੍ਹੇ ਵਿਚਲੀ ਅਧਿਆਤਮਕ ਵਿਸ਼ੇ ਨਾਲ ਓਤਪੋਤ ਵਾਰਤਕ ਸਾਧਾਰਣ ਵਿਅਕਤੀਆਂ ਦੇ ਸਮਝ ਵਿਚ ਆ ਜਾਣ ਵਾਲੀ ਸਰਲ ਭਾਸ਼ਾ ਵਿਚ ਹੈ। 'ਗੁਰਮਤਿ ਆਰਤੀ ਪ੍ਰਬੋਧ' ਵਿਚਲੀ ਵਾਰਤਕ ਵਿਚ ਉਸ ਵੇਲੇ ਗੁਰਦੁਆਰਿਆਂ ਵਿਚ ਪ੍ਰਚਲਿਤ ਆਰਤੀ ਦੀ ਰਸਮ ਦਾ ਖੰਡਨ ਹੈ। ਸਾਨੂੰ ਪਤਾ ਹੈ ਕਿ ਅਜਿਹੀ ਆਰਤੀ ਦਾ ਖੰਡਨ ਗੁਰੂ ਨਾਨਕ ਸਾਹਿਬ ਨੇ ਜਗਨ ਨਾਥ ਪੁਰੀ ਵਿਖੇ ਕੀਤਾ ਸੀ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਸ ਤਰ੍ਹਾਂ ਦੀ ਅਡੰਬਰ ਭਰਪੂਰ ਆਰਤੀ ਦਾ ਕੋਈ ਅਰਥ ਨਹੀਂ। ਉਨ੍ਹਾਂ ਨੇ ਤਾਂ ਸਾਰੀ ਸ੍ਰਿਸ਼ਟੀ ਹੀ ਪ੍ਰਭੂ ਦੀ ਆਰਤੀ ਕਰਦੀ ਦਿਖਾਈ ਹੈ। ਗਿਆਨੀ ਦਿੱਤ ਸਿੰਘ ਨੇ ਵੀ 'ਗੁਰਮਤਿ ਆਰਤੀ ਪ੍ਰਬੋਧ' ਦੇ ਸ਼ੁਰੂ ਵਿਚ ਹੀ ਅਗਿਆਨਤਾ ਨੂੰ ਕੁਰੀਤੀਆਂ ਦਾ ਮੂਲ ਕਾਰਨ ਦੱਸਿਆ ਹੈ। ਇਸ ਵਿਚ ਉਹਨਾਂ ਨੇ ਸਿੱਖਿਆ ਅਤੇ ਸੰਵਾਦਾਤਮਕ ਵਾਰਤਕ ਸ਼ੈਲੀ ਰਾਹੀਂ ਆਰਤੀ ਦੇ ਅਡੰਬਰ ਦਾ ਖੰਡਨ ਕੀਤਾ ਹੈ।

ਗਿਆਨੀ ਦਿੱਤ ਸਿੰਘ ਜੀ ਦੁਆਰਾ ਰਚਿਤ ਪੁਸਤਕ 'ਗੁਰਮਤਿ ਆਰਤੀ ਪ੍ਰਬੋਧ' ਵਿਚ ਗੁਰਬਾਣੀ ਦੀਆਂ ਟੂਕਾਂ ਨੂੰ ਪ੍ਰਮਾਣ ਵਜੋਂ ਵਰਤ ਕੇ, ਉਨ੍ਹਾਂ ਦੇ ਅਰਥਾਂ ਨੂੰ ਨਿਪੁੰਨ ਵਿਆਖਿਆਮਈ ਵਾਰਤਕ ਵਿਚ ਸਪੱਸ਼ਟ ਕੀਤਾ ਹੈ। ਕਿਧਰੇ-ਕਿਧਰੇ ਹਾਸਰਸੀ ਛੋਹਾਂ ਦਾ ਝਾਉਲਾ ਵੀ ਪੈਂਦਾ ਹੈ। ਇਸ ਵਿਚ ਉਹਨਾਂ ਨੇ ਸੰਬੋਧਨਮਈ ਸੁਰ ਨਾਲ ਪਾਠਕਾਂ ਨੂੰ ਆਕਰਸ਼ਿਤ ਕੀਤਾ ਹੈ।

ਸੁੱਤੀ ਕੌਮ ਨੂੰ ਜਗਾਉਣ ਵਾਲੇ, ਖ਼ਾਲਸਾ ਕੌਮ ਦੇ ਚਮਕਦੇ ਸਿਤਾਰੇ, ਸੁਰਗਵਾਸੀ ਗਿਆਨੀ ਦਿੱਤ ਸਿੰਘ ਬਾਰੇ ਜੇਕਰ ਕਿਹਾ ਜਾਵੇ ਕਿ ਉਹ ਭਾਈ ਗੁਰਦਾਸ ਪਿਛੋਂ, ਸਿੱਖ ਧਰਮ ਨੂੰ ਆਪਣੀ ਲੇਖਣੀ ਤੇ ਉਪਦੇਸ਼ਾਂ ਨਾਲ ਉਜਾਗਰ ਕਰਨ ਵਾਲੇ ਚੋਟੀ ਦੇ ਵਿਦਵਾਨਾਂ ਵਿਚੋਂ ਇਕ ਸਨ ਤਾਂ ਇਹ ਗੱਲ ਅਤਿਕਥਨੀ ਨਹੀਂ ਹੋਵੇਗੀ। ਇਹਨਾਂ ਦੀ ਕਲਮ ਵਿਚ ਅਤੇ ਬੋਲਚਾਲ ਵਿਚ ਇਤਨੀ ਸ਼ਕਤੀ ਸੀ ਕਿ ਵੇਲੇ ਦੇ ਵੱਡੇ ਦੰਭੀ ਤੇ ਪਾਖੰਡੀ ਸਾਧੂ ਇਹਨਾਂ ਦੇ ਸਾਹਮਣੇ ਨਹੀਂ ਟਿਕਦੇ ਸਨ। ਇਹਨਾਂ ਨੇ ਹੀ ਆਪਣੀ ਵਿੱਦਿਆ ਤੇ ਤਰਕਮਈ ਸ਼ਕਤੀ ਨਾਲ ਆਰੀਆ ਸਮਾਜੀ ਸਾਧੂ ਦਯਾ ਨੰਦ ਵਰਗੇ ਵੇਦ-ਪਾਠੀ ਪੰਡਿਤਾਂ ਦੇ ਪੈਰ ਉਖਾੜ ਦਿੱਤੇ ਸਨ। ਇਸ ਸੰਬੰਧੀ ਗਿਆਨੀ ਦਿੱਤ ਸਿੰਘ ਜੀ ਰਚਿਤ ਪੁਸਤਕ 'ਦੰਭ ਵਿਦਾਰਨ' ਤੇ 'ਨੀਤੀ ਪ੍ਰਕਾਸ਼' ਵਿਚਾਰਣਯੋਗ ਹਨ।

'ਨੀਤੀ ਪ੍ਰਕਾਸ਼' ਪੁਸਤਕ ਵਿਚ ਕੋਈ ਦੋ-ਦੋ ਤੁਕਾਂ ਦੀ ਕਵਿਤਾ ਵਿਚ 130 ਦੇ ਕਰੀਬ ਨੀਤੀ ਬਚਨ ਹਨ। ਇਹਨਾਂ ਨੀਤੀ ਬਚਨਾਂ ਰਾਹੀਂ ਉਹਨਾਂ ਨੇ ਉਪਦੇਸ਼ਾਤਮਕ ਸ਼ੈਲੀ ਵਿਚ ਵਾਰਤਕ ਰਚਨਾ ਕੀਤੀ ਹੈ। ਇਹਨਾਂ ਨੀਤੀ ਸੰਬੰਧੀ ਬਚਨਾਂ ਤੋਂ ਉਹਨਾਂ ਦੀ ਉੱਚ ਆਤਮਕ ਸ਼ਕਤੀ, ਸਾਦਾ ਜੀਵਨ ਅਤੇ ਦੇ- ਭਗਤੀ ਬਾਰੇ ਪਤਾ ਲਗਦਾ ਹੈ। ਉਹਨਾਂ ਦੀ ਇਸ ਪੁਸਤਕ ਵਿਚੋਂ ਉਹਨਾਂ ਦੇ ਨੀਤੀ ਬਚਨ ਬਾਰੇ ਉਦਾਹਰਨ ਵਜੋਂ ਵੰਨਗੀ ਪੇਸ਼ ਹੈ:

ਜਿਉਂ ਰਵਿ ਲੈ ਜਲ ਭੂਮ ਤੇ,
ਹੋ ਬਾਦਲ ਬਰਸਾਤ॥
ਤਿਉਂ ਕਣ ਪ੍ਰਜਾ ਸੰਚ ਕੇ,
ਕਰੇ ਭੂਪ ਹਿਤ ਦਾਤ॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਸੂਰਜ ਜਦ ਅਪਨੀ ਤੀਖਨ ਕ੍ਰਿਨਾਂ ਨਾਲ ਪ੍ਰਿਥਵੀ ਉਪਰੋਂ ਜਲ ਨੂੰ ਖਿਚਦਾ ਹੈ ਤਦ ਕਿਸੇ ਨੂ ਭੀ ਦਿਖਾਈ ਨਹੀਂ ਦੇਂਦਾ ਅਰਥਾਤ ਸੁਭਾਵ ਕਈ ਲੈ ਕੇ ਅਕਾਸ਼ ਵਿਚ ਸੰਚਨ ਨਹੀਂ ਜਾਂਦਾ ਹੈ। ਅਰ

ਜਿਸ ਸਮਯ ਪ੍ਰਥਵੀ ਖੁਸਕ ਹੋ ਕੇ ਇਕ ਡਰੌਨੀ ਸ਼ਕਲ ਬਨ ਜਾਂਦੀ ਹੈ ਅਰ ਦੁਰਭਿਖ ਆਦਿਕ ਦਾ ਸਾਧਨ ਹੋ ਜਾਂਦੀ ਹੈ ਤਦ ਉਹ ਸੂਰਜ ਦੀ ਗਰਮੀ ਉਸੇ ਬਲ ਨੂੰ ਇਕ ਬਦਲ ਦੀ ਸੂਰਤ ਵਿਚ ਬਨਾਕੇ ਵਰਖਾ ਕਰ ਦੇਂਦੀ ਹੈ ਜਿਸ ਨਾਲ ਸਭ ਦੇ ਮਨ ਪਰਫੁਲਤ ਹੋਕੇ ਧਨ ਧਨ ਕਰਨ ਲਗ ਜਾਂਦੇ ਹਨ। ਇਸੇ ਪ੍ਰਕਾਰ ਰਾਜਾ ਨੂੰ ਭੀ ਚਾਹੀਦਾ ਹੈ ਕਿ ਅਪਨੀ ਤੇਜ ਰੂਪੀ ਕਿਰਨਾਂ ਦੇ ਪ੍ਰਤਾਪ ਨਾਲ ਪ੍ਰਜਾ ਤੇ ਮਾਮਲਾ ਇਸ ਤਰ੍ਹਾਂ ਉਗਰਾਹੇ ਜਿਸ ਤੇ ਕਿਸੇ ਨੂੰ ਭੀ ਦੁੱਖ ਪ੍ਰਤੀਤ ਨਾ ਹੋਵੇ ਅਰ ਉਸ ਧਨ ਨੂੰ ਲੈ ਕੇ ਅਪਨੇ ਖਜ਼ਾਨੇ ਵਿਚ ਸੰਗਤ ਕਰ ਰਖੇ ਉਹ ਧਨ ਜਦ ਅਪਨੀ ਪ੍ਰਜਾ ਪਰ ਕੋਈ ਦੁਰਭਿਖ ਆਦਿਕ ਦਾ ਕਸ਼ਟ ਪਾਵੇ ਤਦ ਉਸਨੂੰ ਦਾਨ ਦੇ ਢੰਗ ਪਰ ਦੇ ਦੇਵੇ।

ਸਰਕਾਰ ਅੰਗਰੇਜ਼ੀ ਨੇ ਭੀ ਇਹੋ ਤਰੀਕਾ ਰੱਖਿਆ ਹੋਇਆ ਹੈ ਕਿ ਜੈਸਾ ਕਿ ਸੜਕਾਂ ਅਤੇ ਤਾਲੀਮ ਦਾ ਸਾਰਾ ਭਾਰ ਪ੍ਰਜਾ ਦੇ ਸਿਰ ਪਰ ਹੀ ਹੈ। ਪਰੰਤੂ ਰਾਜਾ ਨੂੰ ਕੁਝ ਮਾਲੂਮ ਨਹੀਂ ਹੁੰਦਾ ਜਿਸ ਤੋਂ ਲੋਗ ਆਖਦੇ ਹਨ ਕਿ ਧਨ ਅੰਗਰੇਜ਼ੀ ਬਾਦਸ਼ਾਹੀ ਹੈ, ਜਿਸ ਨੇ ਸੜਕਾਂ ਅਤੇ ਮੰਦਰਿਆਂ ਨੂੰ ਬਨਾ ਕੇ ਪਰਜਾ ਨੂੰ ਕਿਹਾ ਸੁੱਖ ਦਿੱਤਾ ਹੈ ਅਰ ਇਤਨਾ ਰੁਪਯਾ ਖਰਚ ਹੋ ਰਿਹਾ ਹੈ ਕਿੰਤੂ ਲੋਕਾਂ ਨੂੰ ਪਤਾ ਨਹੀਂ ਲਗਦਾ ਕਿ ਇਹ ਰੁਪਯਾ ਤਾਂ ਸਾਡੇ ਪਾਸੋਂ ਹੀ ਨਿਕਲਦਾ ਹੈ ਜਿਸ ਤਰ੍ਹਾਂ ਬਦਲ ਦੇ ਬਰਸਨੇ ਪਰ ਲੋਕ ਆਖਦੇ ਹਨ ਧਨ ਪ੍ਰਮੇਸ਼ਵਰ ਹੈ ਜੋ ਇਤਨਾ ਜਲ ਅਪਨੀ ਕੁਦਰਤ ਨਾਲ ਵਰਸਾਹ ਕੇ ਸੰਸਾਰ ਨੂੰ ਸੁੱਖ ਦੇਂਦਾ ਹੈ ਕ੍ਰਿਤੂ ਉਹ ਇਹ ਨਹੀਂ ਜਾਨਦੇ ਕਿ ਉਹ ਜਲ ਇਸੇ ਜਗਾ ਤੇ ਹੀ ਲੀਤਾ ਗਿਆ ਹੈ ਜਿਸ

ਪਰ ਹੁਨ ਬਰਸ ਰਿਹਾ ਹੈ ਹੋਰ ਕਿਤੋਂ ਨਹੀਂ ਆਯਾ ਜੋ ਰਾਜਾ
ਅਪਨੀ ਪ੍ਰਜਾ ਨਾਲ ਅਜਿਹਾ ਵਰਤਾਓ ਕਰਦਾ ਹੈ। ਸੋ ਸਦਾ ਹੀ
ਯਸ ਦਾ ਪਾਤ੍ਰ ਹੁੰਦਾ ਹੈ।[19]

ਉਪਰੋਕਤ ਨੀਤੀ ਬਚਨ ਵਿਚ ਗਿਆਨੀ ਦਿੱਤ ਸਿੰਘ ਨੇ ਬਾਰਿਸ਼ ਕਿਵੇਂ ਹੁੰਦੀ ਹੈ, ਦੇ ਕੁਦਰਤੀ ਨਿਯਮ ਨੂੰ ਕਿੰਨੇ ਸੋਹਣੇ ਢੰਗ ਨਾਲ ਦਰਸਾ ਕੇ ਅੰਗਰੇਜ਼ੀ ਸਰਕਾਰ ਦੀ ਨੀਤੀ ਸੰਬੰਧੀ ਲੋਕਾਂ ਨੂੰ ਦੱਸਿਆ ਹੈ, 'ਨੀਤੀ ਪ੍ਰਕਾਸ਼' ਪੁਸਤਕ ਤੋਂ ਪਤਾ ਚਲਦਾ ਹੈ ਕਿ ਉਹ ਪੰਜਾਬੀ ਦੇ ਉੱਘੇ ਸਾਹਿਤਕਾਰ ਹੀ ਨਹੀਂ ਸਨ ਸਗੋਂ, ਇਸ ਦੇ ਮੋਹਰੀ ਪ੍ਰਚਾਰਕ ਵੀ ਸਨ। ਗਿਆਨੀ ਦਿੱਤ ਸਿੰਘ ਨੇ ਚੰਗੀ ਤਰ੍ਹਾਂ ਜਾਣ ਲਿਆ ਸੀ ਕਿ ਵਿੱਦਿਅਕ ਅਤੇ ਸਾਹਿਤਕ ਖੇਤਰ ਵਿਚ ਸਿੱਖਾਂ ਦੀ ਉੱਨਤੀ ਅੰਗਰੇਜ਼ੀ ਸਰਕਾਰ ਦੇ ਸਹਿਯੋਗ ਨਾਲ ਹੀ ਸੰਭਵ ਹੋ ਸਕਦੀ ਹੈ। ਉਹਨਾਂ ਨੇ ਸਭ ਤੋਂ ਪਹਿਲਾਂ ਸਿੱਖਾਂ ਦੀ ਧਾਰਮਿਕ ਅਤੇ ਵਿਹਾਰਕ ਵਿੱਦਿਆ ਲਈ ਸੰਸਥਾਵਾਂ ਦੀ ਉਸਾਰੀ ਅਤੇ ਸਥਾਪਨਾ ਦੇ ਯਤਨ ਕੀਤੇ। ਗਿਆਨੀ ਦਿੱਤ ਸਿੰਘ ਦੀ ਦੂਰ-ਦ੍ਰਿਸ਼ਟੀ ਸਦਕਾ ਹੀ ਅੰਮ੍ਰਿਤਸਰ ਵਿਚ ਖ਼ਾਲਸਾ ਕਾਲਜ ਦੀ ਸਥਾਪਨਾ ਹੋਈ।

'ਨੀਤੀ ਪ੍ਰਕਾਸ਼' ਪੁਸਤਕ ਵਿਚ ਗਿਆਨੀ ਦਿੱਤ ਸਿੰਘ ਜੀ ਨੇ ਅਨੇਕਾਂ ਹੀ ਉਦਾਹਰਣਾਂ ਅਜਿਹੀਆਂ ਦਿੱਤੀਆਂ ਹਨ, ਜੋ ਤਤਕਾਲੀਨ ਸਮੇਂ ਅਨੁਸਾਰ ਬਹੁਤ ਹੀ ਲਾਭਦਾਇਕ ਸਨ। ਇਸ ਵਿਚ ਉਹਨਾਂ ਨੇ ਬਹੁਤੀਆਂ ਉਦਾਹਰਣਾਂ ਤਤਕਾਲੀਨ ਰਾਜਿਆਂ ਦਾ ਆਪਣੀ ਪ੍ਰਜਾ ਪ੍ਰਤੀ ਕੀ ਫਰਜ਼ ਹੋਣਾ ਚਾਹੀਦਾ ਹੈ, ਬਾਰੇ ਦਿੱਤੀਆਂ ਹਨ। ਉਪਰੋਕਤ ਵਾਰਤਕ ਦੀ ਭਾਸ਼ਾ ਵਿਚ ਭਾਵੇਂ ਵਿਆਕਰਣਕ ਤੌਰ ਤੇ ਕੁਝ ਗ਼ਲਤੀਆਂ ਹਨ, ਪਰੰਤੂ ਉਸ ਸਮੇਂ ਅਨੁਸਾਰ ਸਾਧਾਰਣ ਲੋਕਾਂ ਨੂੰ ਉਪਦੇਸ਼ ਦੇਣ ਅਤੇ ਉਹਨਾਂ ਤੇ ਇਕ ਕਾਰਜਸ਼ੀਲਤਾ ਵਾਲਾ ਪ੍ਰਭਾਵ ਪਾਉਣ ਲਈ ਇਹ ਮੱਧਕਾਲੀਨ ਪ੍ਰਭਾਵ ਵਾਲੀ ਬੋਲੀ ਬਹੁਤ ਹੀ ਲਾਭਦਾਇਕ ਸਿੱਧ ਹੋ ਸਕਦੀ ਸੀ।

ਗਿਆਨੀ ਦਿੱਤ ਸਿੰਘ ਦੀ ਵਾਰਤਕ ਦਾ ਇਕ ਗੁਣ ਇਸ ਵਿਚਲੀ ਬੌਧਿਕਤਾ ਹੈ। ਆਰੀਆ ਸਮਾਜ ਦੇ ਮੋਢੀ ਪ੍ਰਚਾਰਕ ਸਾਧੂ ਦਯਾ ਨੰਦ ਨੂੰ ਉਹਨਾਂ ਨੇ ਆਪਣੀ ਬੌਧਿਕਤਾ ਅਤੇ ਦਲੀਲ ਮਈ ਵਾਰਤਾਲਾਪ ਰਾਹੀਂ ਧਰਮ ਚਰਚਾ ਦੇ ਖੇਤਰ ਵਿਚ ਤਿੰਨ ਵਾਰ ਹਰਾਇਆ। ਇਹ

ਇਕ ਮਹੱਤਵਪੂਰਨ ਘਟਨਾ ਸੀ। ਉਹਨਾਂ ਦੀ ਸਭ ਤੋਂ ਚਰਚਿਤ ਪੁਸਤਕ 'ਸਾਧੂ ਦਯਾ ਨੰਦ ਤੇ ਮੇਰਾ ਸੰਵਾਦ' ਹੈ। ਇਸ ਪੁਸਤਕ ਤੋਂ ਸਾਨੂੰ ਪਤਾ ਲਗਦਾ ਹੈ ਕਿ ਗਿਆਨੀ ਦਿੱਤ ਸਿੰਘ ਨੇ ਸਾਧੂ ਦਯਾ ਨੰਦ ਦੇ ਕਥਨਾਂ ਨੂੰ ਆਧਾਰ ਬਣਾ ਕੇ ਹੀ ਉਸ ਨੂੰ ਅਜਿਹਾ ਘੇਰਿਆ ਕਿ, ਉਸ ਵੇਲੇ ਦੇ ਪੈਗੰਬਰ ਸਮਝੇ ਜਾਣ ਵਾਲੇ, ਸਾਧੂ ਦਯਾ ਨੰਦ ਕੋਲ ਹੱਥ ਖੜ੍ਹੇ ਕਰਨ ਤੋਂ ਇਲਾਵਾ ਕੋਈ ਚਾਰਾ ਨਾ ਰਿਹਾ। ਸਵਾਮੀ ਦਯਾ ਨੰਦ ਆਪਣੇ ਸਮੇਂ ਦਾ ਸਭ ਤੋਂ ਪ੍ਰਸਿੱਧ ਵਿਦਵਾਨ ਗਿਣਿਆ ਜਾਂਦਾ ਸੀ, ਪਰੰਤੂ ਗਿਆਨੀ ਦਿੱਤ ਸਿੰਘ ਨੇ, ਭਾਰੀ ਇਕੱਠਾਂ ਵਿਚ, ਸਵਾਮੀ ਨੂੰ ਵੱਖ-ਵੱਖ ਧਾਰਮਿਕ ਵਿਸ਼ਿਆਂ ਉੱਤੇ ਸੰਵਾਦ ਰਾਹੀਂ ਹਰਾਇਆ। ਉਹਨਾਂ ਦਾ ਉੱਚ ਦਰਜੇ ਦਾ ਗਿਆਨ, ਬਹਿਸ ਕਰ ਸਕਣ ਦੀ ਤਰਕਯੁਕਤ ਸ਼ਕਤੀ, ਵਿਰੋਧੀ ਦੇ ਪੈਂਤੜੇ ਨੂੰ ਵਰਤ ਕੇ ਉਸ ਨੂੰ ਹੀ ਪਛਾੜਨਾ, ਉਨ੍ਹਾਂ ਦੀਆਂ ਖੂਬੀਆਂ ਸਨ। ਇਸ ਵਿਸ਼ੇ ਤੇ ਲਿਖੀ ਵਾਰਤਕ ਦੀਆਂ ਵੰਨਗੀਆਂ ਸਾਨੂੰ ਗਿਆਨੀ ਦਿੱਤ ਸਿੰਘ ਤੋਂ ਹੀ ਪ੍ਰਾਪਤ ਹੁੰਦੀਆਂ ਹਨ:

> ਪਿਆਰੇ ਦੇਸ ਵਾਸੀ ਸਜਨੋ ਮੈਂ ਇਸ ਪੁਸਤਕ ਦੇ ਕਥਨ ਵਿਚ ਕਦੇ ਵੀ ਪ੍ਵਿਰਤ ਨਹੀਂ ਹੁੰਦਾ ਜੇ ਮੈਂ ਜਾਨਦਾ ਕਿ ਇਸ ਦੇਸ ਦੇ ਲੋਕ ਜੈਸੀ ਵਸਤੂ ਹੈ ਓਹੀ ਕਹਨ ਦਾ ਮਾਦਾ ਰਖਦੇ ਹਨ, ਪ੍ੰਤੂ ਮੈਂ ਦੇਖਿਆ ਹੈ ਕਿ ਇਨ੍ਹਾਂ ਹਿੰਦੂ ਲੋਗਾਂ ਵਿਚ ਇਕ ਅਗਯਾਨ ਦੀ ਅੰਧੇਰੀ, ਨਸਲ ਦਰ ਨਸਲ ਚਲੀ ਆਉਂਦੀ ਹੈ ਜੋ ਕਾਉਂ ਅਤੇ ਸੱਪਾਂ ਨੂੰ ਵੀ ਪਿਤ੍ਰ ਅਰ ਦੇਵਤੇ ਜਾਨਣ ਵਾਲੀ ਹੈ ਇਸੀ ਤੇ ਸੁਆਮੀ ਦਯਾ ਨੰਦ ਜੈਸੇ ਪੁਰਖ ਨੂੰ ਭੀ ਇਨ੍ਹਾਂ ਲੋਗਾਂ ਨੇ ਹੁਣ ਮਨੂ, ਬਸ਼ਿਸ਼ਟ, ਬਿਆਸ ਅਤੇ ਸੰਕਰ ਤੇ ਵਧਕੇ ਅਪਨਾ ਮਹਾਂ ਰਿਖੀ ਮੰਨਨਾ ਧਰਮ ਜਾਨ ਕੀਤਾ ਹੈ, ਇਸੀ ਤਰ੍ਹਾਂ ਉਸੇ ਦੇ ਲਿਖਨੇ ਅਨੁਸਾਰ ਗੁਰੂਆਂ ਨੂੰ ਭੀ 'ਦੰਭੀ' ਜਾਨ ਕੇ ਉਸ ਨੂੰ ਉਪਕਾਰੀ ਧਰਮ ਪ੍ਚਾਰੀ ਆਖਨ ਲਗ ਗਏ ਹਨ ਤਦ ਮੇਰੇ ਦਿਲ

> ਨੇ ਧੀਰਜ ਨਾ ਕੀਤਾ ਅਰ ਚਾਹਿਆ ਕਿ ਉਸਦਾ ਓਹ ਹਾਲ ਜੋ ਮੇਰੇ ਨਾਲ ਸਾਸਤ੍ਰਾਰਥ ਕਰਦੇ ਹੋਇਆ ਸੀ, ਪ੍ਰਗਟ ਕਰ ਦਿਆਂ।[20]

ਉਪਰੋਕਤ ਵਾਰਤਕ ਤੋਂ ਗਿਆਨੀ ਦਿੱਤ ਸਿੰਘ ਦੀ ਦ੍ਰਿੜ੍ਹਤਾ, ਨਿਡਰਤਾ ਅਤੇ ਅਥਾਹ ਆਤਮ ਵਿਸ਼ਵਾਸ ਅਤੇ ਵਿੱਦਵਤਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਉਹਨਾਂ ਨੇ ਇਸ ਪੁਸਤਕ ਦੇ ਰਚਣ ਦਾ ਆਧਾਰ, ਉਸ ਬਹਿਸ ਨੂੰ ਬਣਾਇਆ, ਜਿਸ ਵਿਚ ਉਹਨਾਂ ਨੇ ਸਾਧੂ ਦਯਾ ਨੰਦ, ਜਿਸ ਨੂੰ ਆਰੀਆ ਸਮਾਜੀ, ਮਹਾਂਰਿਸ਼ੀ ਤੋਂ ਵੀ ਵਧਕੇ ਸਮਝਦੇ ਸਨ, ਦੀ ਵਿੱਦਵਤਾ ਦਾ ਪਾਜ ਉਧੇੜਿਆ। ਸਵਾਮੀ ਦਯਾ ਨੰਦ ਨਾਲ ਹੋਏ ਸੰਵਾਦ ਦੇ ਅਧਾਰ ਉਤੇ ਹੀ ਸਵਾਮੀ ਜੀ ਬਾਰੇ ਲਿਖਦਿਆਂ ਗਿਆਨੀ ਦਿੱਤ ਸਿੰਘ ਦੀ ਦੀਰਘ ਸੂਝ ਦਾ ਪ੍ਰਗਟਾਵਾ ਹੋਇਆ ਹੈ ਕਿਉਂਕਿ ਸਾਧੂ ਦਯਾ ਨੰਦ ਬਾਰੇ ਉਨ੍ਹਾਂ ਦੀਆਂ ਟਿਪਣੀਆਂ ਬੜੀਆਂ ਨਿਡਰ, ਸਪਸ਼ਟ ਅਤੇ ਭਰਮ ਭੁਲੇਖਿਆਂ ਨੂੰ ਦੂਰ ਕਰਨ ਵਾਲੀਆਂ ਹਨ, ਜਿਵੇਂ:

> ਪਹਿਲੇ ਉਨ੍ਹਾਂ ਨੂੰ ਉਨ੍ਹਾਂ ਦੇ ਧਰਮਾਤਮਾ ਧਰਮ ਪੂਜਾ ਦੀ ਸ਼ੈਲੀ ਦੇ ਵਿਚ ਤਾਂ ਕਦੇ ਭੀ ਨਹੀਂ ਗਿਣ ਸਕਦਾ। ਜਿਨ੍ਹਾਂ ਨੂੰ ਲੋਗ ਇਸ਼ਵਰ ਕੋਟੀ ਵਿਚ ਗਿਣਦੇ ਹਨ ਯਾ ਜੋ ਖਾਸ ਉਪਦੇਸ਼ ਲੈਕੇ ਜਗਤ ਵਿਚ ਆਏ ਸਨ ਅਤੇ ਜਿਨ੍ਹਾਂ ਦੇ ਨਸ਼ਾਨ ਵੱਡੀ ਭਾਰੀਆਂ ਕੌਮਾਂ ਪ੍ਰਸਿੱਧ ਹਨ।
>
> ਦੂਸਰਾ ਮੈਂ ਉਨ੍ਹਾਂ ਨੂੰ ਐਸੇ ਵਿਦਵਾਨਾਂ ਦੀ ਸ਼੍ਰੇਣੀ ਵਿਚ ਭੀ ਸਾਮਲ ਕਰਦਾ ਲੱਜਤ ਹੁੰਦਾ ਹਾਂ ਜਿਹੜੀ ਹਿੰਦੂ ਲੋਗਾਂ ਵਿਚ ਹੀ ਵਿਦਯ ਦੀ ਭੰਡਾਰ ਸਮਝੀ ਜਾਂਦੀ ਹੈ।[21]

ਪੰਡਤ ਦਯਾ ਨੰਦ ਦੁਆਰਾ ਲਿਖਤ ਪੁਸਤਕ 'ਸਤਿਆਰਥ ਪ੍ਰਕਾਸ਼' ਆਰੀਆ ਸਮਾਜੀਆਂ ਦੀ ਬਾਈਬਲ ਹੈ। ਪਰੰਤੂ ਇਸ ਪੁਸਤਕ ਵਿਚ ਜਿਥੇ ਸਿੱਖ ਗੁਰੂਆਂ (ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਬਾਰੇ) ਬਾਰੇ ਕੂੜ, ਕਬੋਲ, ਅਤੇ ਕੁਸੱਤ ਘੋਲਿਆ ਗਿਆ ਹੈ, ਉਥੇ ਹਿੰਦੂ ਧਰਮ ਨੂੰ ਵੀ ਨਹੀਂ ਬਖਸ਼ਿਆ ਗਿਆ। ਇਸ ਪੁਸਤਕ ਬਾਰੇ ਮਹਾਤਮਾ ਗਾਂਧੀ ਜੀ ਦੇ

ਵਿਚਾਰ ਜੋ 'Young India F 1924' ਦੇ ਪਰਚੇ ਵਿਚ ਛਪੇ ਸਨ, ਨੂੰ ਪੜ੍ਹ ਕੇ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਕਿਹੋ ਜਿਹੀ ਪੁਸਤਕ ਹੋ ਸਕਦੀ ਹੈ:

1. ਇਤਨਾ ਨਿਰਾਸਾ-ਜਨਕ ਪੁਸਤਕ ਮੈਨੇ ਦੂਸਰਾ ਨਹੀਂ ਪੜਾ (ਗਾਂਧੀ ਜੀ)
2. ਇਸ ਮੇਂ ਇਸਲਾਮ, ਈਸਾਈ, ਤੇ ਖ਼ੁਦ ਹਿੰਦੂ ਧਰਮ ਕੇ ਅਰਥ ਕਾ ਅਨਰਥ ਹੋ ਗਿਆ ਹੈ।
3. ਆਰੀਆ ਸਮਾਜੀ ਝਗੜਾਲੂ ਹੋਨੇਂ ਕੇ ਕਾਰਨ ਦੂਸਰਾ ਕੋਈ ਨਾ ਮਿਲੇ, ਤੋਂ ਆਪਸ ਮੇਂ ਝਗੜਾ ਕਰਤੇ ਹੈਂ।[22]

'ਦੰਭ ਵਿਦਾਰਨ' ਪੁਸਤਕ ਗਿਆਨੀ ਦਿੱਤ ਸਿੰਘ ਦੀ ਸਭ ਤੋਂ ਪ੍ਰਸਿੱਧ ਪੁਸਤਕ ਹੈ, ਜਿਹੜੀ ਸਾਧੂ ਦਯਾ ਨੰਦ ਦੁਆਰਾ ਲਿਖਤ ਪੁਸਤਕ 'ਸਤਿਆਰਥ ਪ੍ਰਕਾਸ਼' ਦੀ ਪੜਚੋਲ ਹੈ। ਇਸ ਪੁਸਤਕ ਨੂੰ ਉਹ ਆਪਣੇ ਜੀਵਨ ਕਾਲ ਵਿਚ ਛਪਵਾ ਨਾ ਸਕੇ। 'ਦੰਭ ਵਿਦਾਰਨ' ਦਾ ਦੂਜਾ ਭਾਗ ਵੀ ਗਿਆਨੀ ਦਿੱਤ ਸਿੰਘ ਜੀ ਨੇ ਲਿਖ ਦਿੱਤਾ ਸੀ, ਪਰੰਤੂ 'ਮੌਤ ਰੂਪੀ ਦੈਂਤ' ਨੇ ਉਹਨਾਂ ਦੀ ਇਹ ਆਸ ਪੂਰਨ ਨਾ ਹੋਣ ਦਿੱਤੀ। ਇਤਿਹਾਸ ਗਵਾਹ ਹੈ ਕਿ 'ਸਤਿਆਰਥ ਪ੍ਰਕਾਸ਼' ਦੇ ਛਪਣ ਅਤੇ ਇਸ ਦੇ ਪ੍ਰਚਾਰ ਕਾਰਨ ਪੰਜਾਬ ਵਿਚ ਵੱਡੇ ਪੱਧਰ ਤੇ ਵਾਦ-ਵਿਵਾਦ ਸ਼ੁਰੂ ਹੋ ਗਿਆ ਸੀ। ਇਸ ਪੁਸਤਕ ਨਾਲ ਪੰਜਾਬੀ ਫ਼ਿਰਕੂ ਲੀਹਾਂ ਤੇ ਦੋਫਾੜ ਹੋ ਗਏ। ਸਾਧੂ ਦਯਾ ਨੰਦ ਨੇ ਜਦੋਂ ਸਿੱਖ ਗੁਰੂਆਂ ਪ੍ਰਤਿ ਅਪਮਾਨਜਨਕ ਸ਼ਬਦ ਵਰਤੇ ਅਤੇ ਆਪਣੇ ਵਖਿਆਨਾਂ ਵਿਚ ਗੁਰੂ-ਬਾਣੀ ਦੇ ਮਨਚਾਹੇ ਅਰਥ ਕਢਣੇ ਸ਼ੁਰੂ ਕੀਤੇ ਤਾਂ 'ਸਿੰਘ ਸਭਾ ਲਹਿਰ' ਦੇ ਸਿਰਕੱਢ ਆਗੂਆਂ ਨੇ, ਜਿਨ੍ਹਾਂ ਵਿਚ ਗਿਆਨੀ ਦਿੱਤ ਸਿੰਘ ਦਾ ਸ਼੍ਰੋਮਣੀ ਸਥਾਨ ਹੈ, ਇਸ ਦੀ ਵਿਰੋਧਤਾ ਕੀਤੀ। ਗਿਆਨੀ ਦਿੱਤ ਸਿੰਘ ਪਹਿਲਾਂ ਹੀ ਸਾਧੂ ਦਯਾ ਨੰਦ ਨੂੰ ਸ਼ਾਸਤ੍ਰਾਰਥ ਵਿਚ ਤਿੰਨ ਵਾਰ ਹਰਾ ਚੁੱਕੇ ਸਨ। ਉਹ ਸਿੱਖ ਧਰਮ ਨੂੰ ਆਰੀਆ ਸਮਾਜ ਦੇ ਇਸੇ ਮਾਰੂ ਪ੍ਰਭਾਵ ਤੋਂ ਬਚਾਉਣਾ ਚਾਹੁੰਦੇ ਸਨ। 'ਦੰਭ ਵਿਦਾਰਨ' ਪੁਸਤਕ ਵਿਚ ਗਿਆਨੀ ਦਿੱਤ ਸਿੰਘ ਨੇ ਇਕ ਤਰਤੀਬ ਵਿਚ ਕੋਈ 16 ਦੇ ਕਰੀਬ ਸਿਰਲੇਖਾਂ ਹੇਠ 'ਸਤਿਆਰਥ ਪ੍ਰਕਾਸ਼' ਵਿਚੋਂ ਹਵਾਲੇ ਦੇ ਕੇ ਇਹ ਸਾਬਤ ਕੀਤਾ ਕਿ ਸਵਾਮੀ ਦਯਾ ਨੰਦ ਜੀ ਦੀ ਰਚਨਾ ਵਿਚ ਜਿੱਥੇ ਵਿਚਾਰਾਂ, ਅਤੇ ਸੰਕਲਪਾਂ ਦੇ ਪਖੋਂ

ਉਕਤੀਆਂ ਹਨ, ਉਥੇ ਤਰਕ ਦੇ ਪਖੋਂ ਵੀ ਇਹ ਰਚਨਾ ਦੋਸ਼ ਭਰਪੂਰ ਹੈ। 'ਦੰਭ ਵਿਦਾਰਨ' ਪੁਸਤਕ ਗਿਆਨੀ ਦਿੱਤ ਸਿੰਘ ਦੀ ਉਸ ਸ਼ਕਤੀ ਦਾ ਪ੍ਰਮਾਣ ਹੈ, ਜਿਸ ਨਾਲ ਉਹ ਵਿਰੋਧੀ ਦੀ ਫੋਕੀ ਦਲੀਲ ਨੂੰ ਤਰਕ ਦੇ ਆਧਾਰ ਉੱਤੇ ਪਛਾੜ ਦੇਂਦੇ ਹਨ। ਗਿਆਨੀ ਦਿੱਤ ਸਿੰਘ ਦੁਆਰਾ ਰਚਿਤ ਇਹ ਪੁਸਤਕ, ਉਹਨਾਂ ਦੀ ਤਰਕਮਈ ਸ਼ੈਲੀ ਦੀ ਇਕ ਉੱਚਤਮ ਉਦਾਹਰਣ ਹੈ। ਇਸ ਪੁਸਤਕ ਦਾ ਵਿਸ਼ਾ, ਸਾਧੂ ਦਯਾ ਨੰਦ ਦੇ ਪਾਖੰਡਮਈ ਕਥਨਾਂ ਦਾ ਖੰਡਨ ਕਰਨਾ ਹੈ ਤੇ ਇਹੀ ਉਹਨਾਂ ਦਾ ਉਦੇਸ਼ ਹੈ।

ਗਿਆਨੀ ਜੀ ਨੇ ਇਸ ਪੁਸਤਕ ਵਿਚ, 'ਸੰਧਯਾ ਅਤੇ ਰਮਾਚਸਾਨ', 'ਅਗਨਿਹੋਤ੍ਰ ਦਾ ਪੁਤ੍ਰਾਂ ਪ੍ਰਤਿ ਉਪਦੇਸ਼', 'ਤਰਪਣ ਕਰਨ ਦੀ ਵਿਧੀ', 'ਬਲਿ ਦੇਨ ਦੀ ਵਿਧੀ', 'ਯੋਗ ਕਰਨ ਦਾ ਪ੍ਰਕਾਰ', 'ਪੁਤ੍ਰ ਉਤਪਤ ਕਰਨ ਦਾ ਢੰਗ', 'ਪਾਰਾਸਰੀ ਸਿੰਮ੍ਰਤੀ ਪੁਰ ਭੂਤਰਨ' ਆਦਿ ਵਿਸ਼ਿਆਂ ਉਤੇ ਤਰਕ ਪੂਰਨ ਢੰਗ ਨਾਲ ਭਰਪੂਰ ਚਰਚਾ ਕੀਤੀ ਹੈ ਅਤੇ ਦਲੀਲਾਂ ਸਹਿਤ ਇਹ ਸਿੱਧ ਕੀਤਾ ਹੈ ਕਿ ਸਾਧੂ ਦਯਾ ਨੰਦ ਜੀ ਦੇ ਵਿਚਾਰਾਂ ਵਿਚ ਨਾ ਤਾਂ ਕੋਈ ਤਰਕ ਹੈ ਅਤੇ ਨਾ ਹੀ ਇਹਨਾਂ ਵਿਚਾਰਾਂ ਦਾ ਕੋਈ ਦਾਰਸ਼ਨਿਕ ਆਧਾਰ ਹੈ। ਗਿਆਨੀ ਦਿੱਤ ਸਿੰਘ ਜੀ ਨੇ 'ਦੰਭ ਵਿਦਾਰਨ' ਪੁਸਤਕ ਅਤੇ ਸਤਿਆਰਥ ਪ੍ਰਕਾਸ਼' ਪੁਸਤਕ ਵਿਚ ਇਕ ਇਤਿਹਾਸਕ ਗ਼ਲਤੀ ਤੇ ਉਂਗਲੀ ਰੱਖੀ ਹੈ ਕਿ:

ਸਭ ਤੋਂ ਵੱਧ ਕੇ ਸਾਧੂ ਜੀ ਦਾ ਜੋ ਤਾਰੀਖੀ ਗਯਾਨ ਹੈ ਸੋ ਤਾਂ ਇਕ ਮਹਾਂ ਅਧਭੁਤ ਹੈ ਜਿਸਤੇ ਪੜ੍ਹਨੇ ਵਾਲੇ ਬਹੁਤ ਹੀ ਅਚੰਭਾ ਹੋ ਜਾਨਗੇ, ਅਰ ਮਨ ਵਿਚ ਇਹ ਨਿਸਚਾ ਕਰ ਲੈਣਗੇ ਕੇ ਸਾਧੂ ਜੀ ਐਵੇਂ ਬਿਨਾਂ ਸੋਚੇ ਸਮਝੇ ਅਤੇ ਲਿਖੇ ਪੜ੍ਹੇ ਦੇ ਰੌਲ ਘਚੌਲਾ ਮਾਰਦੇ ਰਹੇ ਹਨ। ਜੈਸਾ ਕੇ ਤਾਰੀਖ ਹਿੰਦ ਦੇ ਉਸ ਕਿੱਸੇ ਨੂੰ ਜੋ ਮਹਮੂਦ ਗਜ਼ਨਵੀ ਦਾ ਲੂਟਕੇ ਗਜ਼ਨੀ ਨੂੰ ਜਾਣਾ ਹੈ ਇਸ ਤਰ੍ਹਾਂ ਕਥਨ ਕਰਦੇ ਹਨ।

> ਯਥਾ: ਸੋ ਸੋ ਅਠਾਰਹ ਕ੍ਰੋੜ ਕਾ ਮਾਲ ਉਸ ਮੰਦ੍ਰ ਸੇ ਉਸਨੇ ਪਾਯਾ, ਫਿਰ ਬਹੁਤ ਸੀ ਗਾਡੀ ਊਠ ਔਰ ਮਜਦੂਰ ਉਸਕੇ ਪਾਸ ਥੇ ਔਰ ਭੀ ਵਹਾਂ ਸੇ ਪਕੜ ਲੀਏ ਉਨਕੇ ਉਪਰ ਸਭ ਮਾਲ ਕੋ

ਲਾਦ ਕੇ ਅਪਨੇ ਦੇਸ ਕੀ ਓਰ ਚਲਾ, ਸੋ ਥੋੜੇ ਸੇ ਪੰਡਤ ਮਹੰਤ ਔਰ ਪੁਜਾਰੀ ਤਥਾ ਛੱਤ੍ਰੀਯ ਵੈਸ਼ ਬ੍ਰਾਹਮਣ ਔਰ ਸੂਦਰ ਤਥਾ ਸਤ੍ਰੀ ਬਾਲਕ ਦਸ ਹਜ਼ਾਰ ਤਕ ਪਕੜ ਕੇ ਸੰਗ ਲੇ ਲੀਏ ਉਨਕਾ ਯੱਗਯੋ ਪਵੀਤ ਤੋੜ ਡਾਲਾ, ਮੁਖਮੇਂ ਥੂਕ ਦੀਆਂ, ਔਰ ਥੋੜੇ ਥੋੜੇ ਸੂਖੇ ਚਨੇ ਨਿਤਯ ਖਾਨੇ ਕੋ ਦੇਤਾ ਥਾ ਔਰ ਜ਼ਾ ਜ਼ਰੂਰ ਸਫਾ ਕਰਵਾਵੈ, ਪਿਸਵਾਵੈ, ਘਾਸ ਛਿਲਵਾਵੈ ਔਰ ਘੋੜੇ ਕੀ ਲੀਦ ਉਠਾਵਾਵੈ ਔਰ ਮੁਸਲਮਾਨੋ ਕੇ ਜੂਠੇ ਬਰਤਨ ਮੰਜਵਾਵੇ, ਔਰ ਸਭ ਪ੍ਰਕਾਰ ਕੀ ਨੀਚ ਸੇਵਾ ਉਨਸੇ ਲੈ, ਐਸਾ ਕਰਤੇ ਕਰਤੇ ਜਬ ਮੱਕਾ ਕੇ ਪਾਸ ਪਹੁੰਚਾ ਤਬ ਅੰਨਯ ਮੁਸਲਮਾਨੋ ਨੇ ਕਹਾ ਕੇ ਇਨ ਕਾਫਰੋਂ ਕਾ ਯਹਾਂ ਰੱਖਨਾ ਉਚਤ ਨਹੀਂ ਫਿਰ ਉਨਕੋ ਬੁਰੀ ਦਿਸ਼ਾ ਸੇ ਮਾਰ ਡਾਲਾ . . .।

ਭਾਵ ਇਸ ਉਪਰਲੇ ਲੇਖ ਤੇ ਅਛੀ ਤਰ੍ਹਾਂ ਪ੍ਰਤੀਤ ਹੋ ਜਾਂਦਾ ਹੈ ਕਿ ਸਾਧੂ ਜੀ ਨੂੰ ਤਾਰੀਖ ਦਾ ਕੁਝ ਵੀ ਪਤਾ ਨਹੀਂ ਸੀ ਅਰ ਉਨ੍ਹਾਂ ਨੂੰ ਇਤਨੀ ਭੀ ਖ਼ਬਰ ਨਹੀਂ ਸੀ ਕੇ ਮਹਮੂਦ ਦਾ ਸ਼ੈਹਰ ਕਿਹੜਾ ਸਾ ਅਰ ਉਸਦੇ ਦੇਸ ਦਾ ਕਿਆ ਨਾਮ ਸਾ, ਪ੍ਰੰਤੂ ਚਿਤ ਵਿਚ ਕੇਵਲ ਇਤਨਾ ਸਹੀ ਖਯਾਲ ਆਇਆ ਹੋਵੇਗਾ ਕਿ ਮੁਸਲਮਾਨਾ ਦਾ ਮੁਖਯ ਸਥਾਨ ਮੱਕਾ ਹੈ ਸੋ ਉਧਰ ਹੀ ਉਸਦਾ ਦੇਸ ਹੋਵੇਗਾ।[23]

ਗਿਆਨੀ ਦਿੱਤ ਸਿੰਘ ਨੇ 'ਸਤਿਆਰਥ ਪ੍ਰਕਾਸ਼' ਵਿਚ ਸਵਾਮੀ ਦਯਾ ਨੰਦ ਵਲੋਂ ਲਿਖੇ ਹਰ ਵਿਸ਼ੇ ਦਾ ਖੰਡਨ ਕੀਤਾ ਹੈ ਅਤੇ ਸਿੱਧ ਕੀਤਾ ਹੈ ਕਿ ਸਵਾਮੀ ਦਯਾ ਨੰਦ ਦੀ ਕੋਈ ਆਪਣੀ ਠੋਸ ਵਿਚਾਰਧਾਰਾ ਨਹੀਂ ਸੀ। ਜਗਤ ਉਤਪਤੀ ਅਤੇ ਮਨੁੱਖਾਂ ਦਾ ਗਿਰਨਾ (ਸਤਿਆਰਥ

ਪ੍ਰਕਾਸ਼, ਪੰਨਾ 182), ਸਿਰਲੇਖ ਹੇਠ ਪ੍ਰਗਟਾਏ ਵਿਚਾਰਾਂ ਦਾ ਗਿਆਨੀ ਜੀ ਨੇ ਵਿਅੰਗਾਤਮਕ ਢੰਗ ਨਾਲ ਸਖ਼ਤ ਖੰਡਨ ਕੀਤਾ ਹੈ:

> ਭਾਵ: ਜਗਤ ਉਤਪਤੀ ਦੇ ਪ੍ਰਸੰਗ ਵਿਚ ਸਾਧ ਨੇ ਕੁਝ ਵੀ ਨਹੀਂ ਆਖਯਾ, ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਨੂੰ ਇਸ ਪ੍ਰਸੰਗ ਦੀ ਕੁਝ ਖ਼ਬਰ ਨਹੀਂ ਸੀ ਅਰ ਜੇ ਕਿਸੇ ਪੁਸਤਕ ਨੂੰ ਪੜ੍ਹਿਆ ਹੋਵੇਗਾ ਤਾਂ ਸਮਝੇ ਨਹੀਂ ਹੋਨਗੇ ਇਸ ਵਾਸਤੇ ਮਨੁੱਖਾਂ ਦਾ ਹੀ ਇਤਨਾ ਢਗੋਸਲਾ ਮਾਰ ਦਿੱਤਾ ਕਿ ਤਦ ਜੁਆਨ ਜੁਆਨ ਜੰਮੇ ਸੇ, ਪ੍ਰਤੀਤ ਹੁੰਦਾ ਹੈ ਜੇ ਉਸ ਵਕਤ ਲਿਖਦੇ ਹੋਏ ਇਹ ਖਯਾਲ ਆਇਆ ਹੋਵੇਗਾ ਤਦ ਇਹ ਸ਼ੰਕਾ ਹੋਵੇਗੀ ਕੇ ਉਨ੍ਹਾਂ ਦੀ ਪਾਲਨਾ ਕਿਸ ਤਰ੍ਹਾਂ ਹੋਈ ਬੁਢੇ ਆਖਨੇ ਤੇ ਉਹ ਸੰਸਾਰਕ ਬਿਵਹਾਰ ਦੇ ਪ੍ਰਬੰਧ ਲਈ ਠੀਕ ਨਹੀਂ ਸਮਝੇ ਜਾਨਗੇ, ਇਸ ਵਾਸਾਂ ਤੇ ਕਿਸੇ ਨੇ ਦੇਖਨ ਤੇ ਨਹੀਂ ਜਾਣਾ ਅਸੀਂ ਜੁਆਨ ਹੀ ਜੰਮੇ ਸਨ, ਲਿਖ ਦਈਏ।
>
> ਪਰੰਤੂ ਸਾਧੂ ਦਾ ਇਹ ਲਿਖਨਾ ਇਕ ਐਸਾ ਈ ਮਨ ਦਾ ਢਕਵੰਜ ਹੈ ਜਿਸ ਤਰ੍ਹਾਂ ਕਿਸੇ ਨੇ ਇਕ ਆਦਮੀ ਪਾਸੋਂ ਪੁਛਿਆ ਕੇ ਧਰਤੀ ਦਾ (ਗਭਾ) ਅਰਥਾਤ ਵਿਚਕਾਰ ਕਿਹੜਾ ਹੈ ਇਸਦਾ ਉੱਤ੍ਰ ਉਸਨੇ ਇਹ ਦਿਤਾ ਇਕ ਜਗਾ ਪਰ ਕਿੱਲਾ ਗੱਡ ਕੇ ਆਖਯਾ ਜੋ ਇਹ ਹੈ, ਅਰ ਜੇ ਤੈਨੂੰ ਭਰਮ ਹੈ ਤਾਂ ਜਾ ਕੇ ਮਿਣਕੇ ਵੇਖ ਲੈ ਜਿਸਤੇ ਨਾ ਉਸ ਤੇ ਮਿਣਤੀ ਹੋਣੀ ਸੀ ਨਾ ਕਿਲੇ ਵਾਲੇ ਨੇ ਝੂਠੇ ਠਹਰਨਾ ਸਾ, ਸੋ ਇਸੇ ਤਰ੍ਹਾਂ ਸਾਧ ਨੇ ਭੀ ਆਖ ਦਿੱਤਾ ਕੇ ਤਦੋਂ ਜੁਆਨ ਅਵਸਥਾ ਵਿਚ ਹੀ ਆਦਮੀ ਪੈਦਾ ਹੋਏ ਸੇ,

> ਜਿਸਤੇ ਨਾ ਕਿਸੇ ਨੇ ਉਸ ਸਮੇਂ ਦਾ ਹਾਲ ਦਸਨਾ ਹੈ ਨਾ ਸਾਧੂ ਨੇ ਝੂਠੇ ਹੋਣਾ ਹੈ।[24]

ਉਪਰੋਕਤ ਵਾਰਤਕ ਪੈਰ੍ਹੇ ਗਿਆਨੀ ਦਿੱਤ ਸਿੰਘ ਦੀ ਵਾਰਤਕ ਵਿਚਲੇ ਖੰਡਨਾਤਮਕ ਵਿਸ਼ੇ ਪ੍ਰਤੀ ਉਹਨਾਂ ਦੀ ਵਿੱਦਵਤਾ ਅਤੇ ਉਹਨਾਂ ਦਾ ਦ੍ਰਿਸ਼ਟੀਕੋਣ, ਪੰਥ-ਪੱਖੀ ਸੋਚ, ਸਪੱਸ਼ਟ ਕਥਨ-ਸ਼ਕਤੀ, ਤਰਕ ਅਤੇ ਦਲੀਲ ਦੇ ਆਧਾਰ ਤੇ ਵਿਰੋਧੀਆਂ ਦੀਆਂ ਦਲੀਲਾਂ ਦੀ ਕਾਟ ਅਤੇ ਗੁਰਮਤਿ ਦੇ ਮੰਡਨ ਦੀਆਂ ਸਪੱਸ਼ਟ ਉਦਾਹਰਨਾਂ ਹਨ। ਇਸ ਤਰ੍ਹਾਂ 'ਦੰਭ ਵਿਦਾਰਨ' ਪੁਸਤਕ ਦੀ ਵਾਰਤਕ ਉਸ ਸਮੇਂ ਦੀਆਂ ਗੋਸ਼ਟੀਆਂ ਅਤੇ ਵਿਚਾਰ-ਵਟਾਂਦਰੇ ਦੀ ਪ੍ਰਕ੍ਰਿਤੀ ਸੰਬੰਧੀ ਦੱਸ ਪਾਉਂਦੀ ਹੈ। ਉਸ ਸਮੇਂ ਦੀ ਫ਼ਿਰਕਾਪ੍ਰਸਤੀ ਪਹੁੰਚ ਦਾ ਵੀ ਇਸ ਪੁਸਤਕ ਤੋਂ ਪਤਾ ਚਲਦਾ ਹੈ। ਉਸ ਸਮੇਂ ਦਲਿਤ ਵਰਗ ਦੇ ਵਿਦਵਾਨ ਸਿੱਖੀ ਦੇ ਘੇਰੇ ਵਿਚ ਆ ਕੇ ਜ਼ਾਤ-ਪਾਤ ਰਹਿਤ ਸਿੱਖ ਧਰਮ ਸੰਬੰਧੀ ਗੱਲ ਕਰਨ ਦੇ ਸਮਰਥ ਹੋ ਗਏ ਸਨ ਅਤੇ ਸਿੱਖ ਸਮਾਜ ਵਿਚ ਤਾਰਕਿਕ ਤੇ ਵਿਗਿਆਨਕ ਚੇਤਨਾ ਪੈਦਾ ਹੋ ਰਹੀ ਸੀ। ਗਿਆਨੀ ਦਿੱਤ ਸਿੰਘ ਦੀ ਵਿੱਦਵਤਾ ਦੀ ਇਤਨੀ ਧਾਂਕ ਬੈਠੀ ਹੋਈ ਸੀ ਕਿ ਵੱਡੇ-ਵੱਡੇ ਤਖ਼ਤਾਂ ਦੇ ਪੁਜਾਰੀ ਵੀ, ਉਹਨਾਂ ਦਾ ਸਿੱਕਾ ਮੰਨਦੇ ਸਨ। ਪੁਜਾਰੀਆਂ ਜਾਂ ਪਾਖੰਡੀਆਂ ਦੇ ਢੋਂਗ ਉਹ ਆਪਣੇ ਬਿਆਨਾਂ ਅਤੇ ਲੇਖਾਂ ਰਾਹੀਂ ਨਿੰਦਦੇ ਰਹਿੰਦੇ ਸਨ। ਇਹ ਪੁਜਾਰੀ ਗਿਆਨੀ ਜੀ ਨੂੰ ਬੁਰੀ ਨਜ਼ਰ ਨਾਲ ਦੇਖਦੇ ਸਨ ਤੇ ਉਨ੍ਹਾਂ ਦੇ ਨਾਂ ਤੋਂ ਵੀ ਭੈਅ ਖਾਂਦੇ ਸਨ। ਇਸਦੀ ਇਕ ਮਿਸਾਲ 'ਦਿੱਤ ਸਿੰਘ' ਮੈਗਜ਼ੀਨ ਰੋਪੜ ਦੇ ਐਡੀਟਰ ਦੁਆਰਾ ਛਪਵਾਈ ਪਟਨੇ ਦੇ ਇਕ ਪੁਜਾਰੀ ਦੀ ਉਦਾਹਰਣ ਵਰਣਨਯੋਗ ਹੈ:

> ਕੀ ਤੂੰ ਦਿੱਤ ਸਿੰਘੀਆ ਤੋਂ ਨਹੀਂ . .. ਖਵਾਜੇ ਦਾ ਗਵਾਹ ਡੱਡੂ, ਭਲਾ ਦਿੱਤ ਸਿੰਘ ਦਾ ਪ੍ਰਮਾਣ ਹਮ ਮਾਨਤੇ ਹੈ? ਯਹ ਤੋ ਹਮਨੇ ਪਹਿਲੇ ਹੀ ਬਤਾਇ ਦੀਆ ਥਾ ਕਿ ਤੁਮ ਦਿੱਤ ਸਿੰਘੀਏ ....... ਭਾਸੈ ਹੋ, ਫਿਰ ਉਸ ਕਾ ਨਾਮ ਲੇਕਰ ਹਮੇਂ ਪ੍ਰਮਾਣ ਸੁਣਾਣੇ ਸੇ ਕਿਆ ਫਾਇਦਾ?[25]

ਉਪਰੋਕਤ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਗਿਆਨੀ ਦਿੱਤ ਸਿੰਘ ਨੇ ਭਾਵੇਂ ਬਹੁਤੀ ਰਚਨਾ ਕਵਿਤਾ ਵਿਚ ਕੀਤੀ, ਪਰੰਤੂ ਉਹਨਾਂ ਨੇ ਵਾਰਤਕ ਵਿਚ ਰਚਨਾ ਕਰਕੇ ਪੁਰਾਤਨ ਵਾਰਤਕ ਨੂੰ ਮੁੱਢਲੇ ਪੜਾਵਾਂ ਵਿਚੋਂ ਕੱਢ ਕੇ ਨਵੇਂ ਦੌਰ ਵਿਚ ਦਾਖ਼ਲ ਕੀਤਾ, ਜਿਥੇ ਉਹਨਾਂ ਦੀ ਕਵਿਤਾ ਵਿਚ ਬ੍ਰਜ ਭਾਸ਼ਾ ਦਾ ਪ੍ਰਯੋਗ ਬਹੁਤਾ ਹੋਇਆ ਹੈ, ਉਥੇ ਵਾਰਤਕ ਵਿਚ ਉਹ ਠੇਠ ਪੰਜਾਬੀ ਵਰਤਦੇ ਹਨ। ਭਾਵੇਂ ਅੱਖਰ ਜੋੜ ਸੰਸਕ੍ਰਿਤ ਆਧਾਰਿਤ ਹਨ ਜਿਵੇਂ ਵਿਦਯਾ, ਕੀਆ, ਆਖਿਆ ਇਸ, ਸੁਨਨਾ, ਬੋਲਨਾ, ਨਗਰ, ਲੋਗ, ਆਦਿ ਪਰੰਤੂ ਅੱਖਰ-ਜੋੜਾਂ ਦਾ ਬੋਲੀ ਅਨੁਸਾਰ ਹੋਣ ਪ੍ਰਤੀ ਉਹ ਸੁਚੇਤ ਜਾਪਦੇ ਹਨ।

ਗਿਆਨੀ ਦਿੱਤ ਸਿੰਘ ਦੀ ਵਾਰਤਕ ਤੋਂ ਇਕ ਗੱਲ ਹੋਰ ਸਪਸ਼ਟ ਹੁੰਦੀ ਹੈ ਕਿ ਉਹਨਾਂ ਦੀ ਵਾਰਤਕ ਰਚਨਾ ਵੇਲੇ, ਵਾਕ ਨਿਖੜਵੀਂ ਇਕਾਈ ਨਹੀਂ ਬਣਿਆ ਸੀ। ਵਾਕ ਲੰਮੇ-ਲੰਮੇ ਤੇ ਕਈ ਵਾਰ ਇਕ ਵਾਕ ਵਿਚ, ਕਈ ਕਈ ਵਾਕਾਂ ਨੂੰ ਸਮੋ ਲਿਆ ਜਾਂਦਾ ਸੀ। ਵਾਕਾਂ ਵਿਚ ਗੱਲਾਂ ਨੂੰ ਤੋੜ-ਤੋੜ ਕੇ ਲਿਖਣ ਦਾ ਰਿਵਾਜ ਸੀ ਅਤੇ ਉਹਨਾਂ ਦੀ ਵਾਰਤਕ ਵਿਚ ਇਕ ਵਾਕ ਨੂੰ ਆਮ ਕਰਕੇ ਕਈ ਪੱਖਾਂ ਦੇ ਪ੍ਰਗਟਾਵੇ ਲਈ ਵਰਤ ਲਿਆ ਜਾਂਦਾ ਸੀ। ਪੰਜਾਬੀ ਵਿਆਕਰਣ ਦੇ ਨੇਮਾਂ ਤੋਂ ਵਾਰਤਕਕਾਰ ਅਣਜਾਣ ਜਾਪਦੇ ਸਨ ਕਿਉਂਕਿ ਗਿਆਨੀ ਦਿੱਤ ਸਿੰਘ ਦੀ ਵਾਰਤਕ ਵਿਚ ਵਿਆਕਰਣਕ ਸ਼ੁਧਤਾ ਦੀ ਥਾਂ ਵਿਚਾਰਾਂ ਨੂੰ ਪ੍ਰਗਟਾਉਣ ਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ। ਉਹ ਜਦੋਂ ਵਾਰਤਕ ਲਿਖਦੇ ਸਨ ਤਾਂ ਇਕ ਤੋਂ ਬਾਅਦ ਦੂਜੇ ਵਿਚਾਰ ਨੂੰ ਉਹਨਾਂ ਦੀ ਕਲਮ ਅੱਗੇ ਲਾ ਲੈਂਦੀ ਸੀ ਅਤੇ ਕਈ ਵਾਰ ਇਕ ਪੈਰ੍ਹੇ ਜਿੰਨੇ ਲੰਮੇ ਵਾਕ ਬਣ ਜਾਂਦੇ ਸਨ।

ਗਿਆਨੀ ਦਿੱਤ ਸਿੰਘ ਦੀ ਵਾਰਤਕ ਵਿਚ ਗੋਸ਼ਟ ਸ਼ੈਲੀ ਦੀ ਵਰਤੋਂ ਹੋਈ ਹੈ। (ਡਰਪੋਕ ਸਿੰਘ) ਇਸ ਸ਼ੈਲੀ ਦਾ ਵਿਸ਼ੇਸ਼ ਗੁਣ ਇਹ ਹੈ ਕਿ ਇਸ ਵਿਚ ਵਿਚਾਰ ਅਧੀਨ ਨੁਕਤੇ ਜਾਂ ਵਿਚਾਰ ਨੂੰ ਇਕ ਖ਼ਾਸ ਸਿਧਾਂਤਕ ਮੱਤ ਰਾਹੀਂ ਪੇਸ਼ ਕੀਤਾ ਜਾਂਦਾ ਹੈ, ਜਿਸ ਕਰਕੇ ਉਸ ਵਿਚਾਰ ਜਾਂ ਮੱਤ ਬਾਰੇ ਬੌਧਿਕਤਾਂ ਤਰਕ ਸੰਗਤਾ ਦੇ ਪੱਖ ਤੋਂ ਸੂਖ਼ਮ ਤੋਂ ਸੂਖ਼ਮ ਵਿਸ਼ਲੇਸ਼ਣ ਹੋ ਜਾਂਦਾ ਹੈ। ਗੋਸ਼ਟ ਮਈ ਸ਼ੈਲੀ ਦੇ ਪੱਖ ਤੋਂ ਪ੍ਰਸ਼ਨ ਕਰਤਾ ਦੇ ਸਾਰੇ ਸ਼ੰਕਿਆਂ ਦੀ ਪੁਸ਼ਟੀ ਅਤੇ ਨਵਿਰਤੀ ਸਹਿਜੇ ਹੀ ਹੋ ਜਾਂਦੀ ਹੈ। ਸੰਵਾਦਾਤਮਕ ਜਾਂ ਗੋਸ਼ਟਮਈ ਸ਼ੈਲੀ ਵਿਚ ਵਾਰਤਾਲਾਪ ਦੀ ਪੱਧਰ

ਆਮ ਗੱਲਬਾਤ ਵਾਲੀ ਹੀ ਹੁੰਦੀ ਹੈ, ਪਰੰਤੂ ਉਸ ਵਿਚ ਨਾਟਕੀ ਅੰਸ਼ ਅਤੇ ਰੌਚਕੀ ਅੰਸ਼ ਦੇ ਨਾਲ ਵਰਣਨ ਸਾਕਾਰ ਹੋ ਜਾਂਦਾ ਹੈ। ਇਹ ਸੰਵਾਦਾਤਮਕ ਸ਼ੈਲੀ ਉਹਨਾਂ ਨੇ, 'ਡਰਪੋਕ ਸਿੰਘ', 'ਦੰਭ ਵਿਦਾਰਨ', 'ਸਾਧੂ ਦਯਾ ਨੰਦ ਨਾਲ ਮੇਰਾ ਸੰਵਾਦ' ਆਦਿ ਪੁਸਤਕਾਂ ਵਿਚ ਵਰਤੀ ਹੈ। ਉਹਨਾਂ ਦੀ ਇਸ ਸ਼ੈਲੀ ਦੀਆਂ ਉਦਾਹਰਣਾਂ 'ਖ਼ਾਲਸਾ ਅਖ਼ਬਾਰ' ਦੀ ਵਾਰਤਕ ਵਿਚ ਵੀ ਮਿਲ ਜਾਂਦੀਆਂ ਹਨ।

ਗਿਆਨੀ ਦਿੱਤ ਸਿੰਘ ਦੇ ਸਮੇਂ ਦੀ ਵਾਰਤਕ ਵਿਚ ਸੰਤ ਭਾਸ਼ਾ ਅਤੇ ਫ਼ਾਰਸੀ ਪ੍ਰਭਾਵ ਦੀ ਭਾਸ਼ਾ ਦਾ ਪ੍ਰਯੋਗ ਮਿਲਦਾ ਹੈ। ਅਧਿਆਤਮਕ ਵਿਸ਼ਿਆਂ ਨਾਲ ਸੰਬੰਧਿਤ, ਜਿਹੜੀ ਵਾਰਤਕ ਲਿਖੀ ਮਿਲਦੀ ਹੈ, ਉਹ ਆਮ ਵਿਅਕਤੀਆਂ ਦੇ ਸਮਝ ਵਿਚ ਆਉਣ ਵਾਲੀ ਨਹੀਂ, ਪਰੰਤੂ ਗਿਆਨੀ ਦਿੱਤ ਸਿੰਘ ਨੇ ਉਸ ਕਿਸਮ ਦੀ ਵਾਰਤਕ ਤੋਂ ਹੱਟ ਕੇ ਆਮ ਸਾਧਾਰਣ ਵਿਅਕਤੀ ਦੇ ਸਮਝ ਆ ਸਕਣ ਵਾਲੀ ਵਾਰਤਕ ਲਿਖਣੀ ਸ਼ੁਰੂ ਕੀਤੀ। ਗਿਆਨੀ ਦਿੱਤ ਸਿੰਘ ਦੀ ਪੱਤਰਕਾਰੀ-ਵਾਰਤਕ ਵਿਚ ਸਿੱਖੀ ਦਾ ਪ੍ਰਚਾਰ ਜਾਂ ਸਿੱਖ ਸਿਧਾਂਤਾਂ ਦੀ ਵਿਆਖਿਆ ਹੈ ਅਤੇ ਵਿਆਖਿਆ ਵੇਲੇ ਉਹ ਫਿਲਾਸਫਿਕ ਜਾਂ ਦਾਰਸ਼ਨਿਕ ਰੰਗ ਧਾਰਦੀ ਨਜ਼ਰ ਆਉਂਦੀ ਹੈ। ਤਰਕ ਜਾਂ ਦਲੀਲ ਦੇ ਨਾਲ-ਨਾਲ ਸ਼ਰਧਾ ਵੀ ਪੂਰਨ ਜ਼ੋਰ ਨਾਲ ਦਿਖਾਈ ਦਿੰਦੀ ਹੈ। ਧਰਮ ਪ੍ਰਚਾਰ ਹੀ ਉਹਨਾਂ ਦੀ ਵਾਰਤਕ ਦਾ ਮੂਲ ਉਦੇਸ਼ ਜਾਪਦਾ ਹੈ। ਉਹਨਾਂ ਦੁਆਰਾ ਰਚਿਤ ਵਾਰਤਕ ਵਿਚ ਧਾਰਮਿਕਤਾ ਤੇ ਸਾਹਿਤਿਕਤਾ ਰਲਗਡ ਹੈ। ਇਸੇ ਲਈ ਉਹਨਾਂ ਦੀ ਵਾਰਤਕ ਵਿਚ, ਧਾਰਮਿਕ ਰਚਨਾ, ਸਾਹਿਤਕ-ਰਚਨਾ ਅਤੇ ਪੱਤਰਕਾਰੀ ਵਿਚਲੀ ਵਾਰਤਕ ਰਚਨਾ ਵਿਚ, ਵੰਡ-ਰੇਖਾ ਨਹੀਂ ਖਿਚੀ ਜਾ ਸਕਦੀ। ਇਹ ਨੁਕਤੇ ਇਕ ਦੂਜੇ ਦੇ ਸਹਾਇਕ ਤੇ ਵਿਕਾਸ ਦਾ ਮਾਧਿਅਮ ਰਹੇ ਹਨ। ਗਿਆਨੀ ਦਿੱਤ ਸਿੰਘ ਦੀ ਵਾਰਤਕ ਨੇ ਪ੍ਰਤੱਖ ਤੌਰ ਤੇ ਪੁਰਾਤਨ ਵਾਰਤਕ ਤੋਂ ਵੱਖਰੀ ਪਛਾਣ ਬਣਾ ਲਈ ਸੀ। ਆਧੁਨਿਕ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਗਿਆਨੀ ਦਿੱਤ ਸਿੰਘ ਨੇ ਆਪਣੀਆਂ ਵਾਰਤਕ ਰਚਨਾਵਾਂ ਵਿਚ ਸਪਸ਼ਟ ਤੇ ਸੁਚੇਤ ਤੌਰ ਤੇ ਕੀਤੀ ਹੈ। ਉਹਨਾਂ ਦੀ ਬਹੁਤੀ ਵਾਰਤਕ ਵਿਚ ਮੱਧਕਾਲੀ ਪੂਰਨ ਵਿਸ਼ਰਾਮ ਅਰਥਾਤ ਇਕ ਥਾਂ ਦੋ ਡੰਡੀਆਂ (।।) ਦੀ ਵਰਤੋਂ ਮਿਲਦੀ ਹੈ।

ਗਿਆਨੀ ਦਿੱਤ ਸਿੰਘ ਦੀ ਵਾਰਤਕ ਰਚਨਾਵਲੀ ਦੀ ਵਿਸ਼ੇਸ਼ ਦੇਣ ਇਹ ਹੈ ਕਿ ਉਹਨਾਂ ਦੀ ਉਪਦੇਸ਼ਾਤਮਕ, ਸਿੱਖਿਆਮਈ ਤੇ ਤਰਕਮਈ ਵਾਰਤਾ ਨੇ ਸਿੱਖ ਕੌਮ ਨੂੰ ਧਰਮ ਦੇ ਖੇਤਰ ਵਿਚ, ਸਾਮਾਜਿਕ ਖੇਤਰ ਵਿਚ ਅਤੇ ਸਾਹਿਤ ਤੇ ਭਾਸ਼ਾ ਦੇ ਖੇਤਰਾਂ ਵਿਚਲੇ ਸੰਕਟਾਂ ਵੇਲੇ ਅਗਵਾਈ ਹੀ ਨਹੀਂ ਕੀਤੀ ਸਗੋਂ, ਇਕ ਸੇਧ ਵੀ ਪ੍ਰਦਾਨ ਕੀਤੀ। ਇਸ ਤਰ੍ਹਾਂ ਉਹਨਾਂ ਨੇ ਸਿੱਖ ਧਰਮ ਅਤੇ ਸਿੱਖ ਸਮਾਜ ਦੀ ਢਹਿੰਦੀ ਕਲਾ ਨੂੰ ਚੜ੍ਹਦੀ ਕਲਾ ਵਿਚ ਮੁੜ ਸਥਾਪਿਤ ਕੀਤਾ। ਗਿਆਨੀ ਦਿੱਤ ਸਿੰਘ ਨਿਰਸੰਦੇਹ ਇਕ ਯੁਗ-ਪੁਰਸ਼ ਸਨ। ਭਾਵੇਂ ਉਹਨਾਂ ਕੋਲ ਸਾਧਨ ਨਹੀਂ ਸਨ, ਪਰੰਤੂ ਆਪਣੇ ਦ੍ਰਿੜ੍ਹ ਵਿਸ਼ਵਾਸ ਅਤੇ ਸਿਰੜੀ ਸਾਧਨਾਂ ਨਾਲ ਉਹਨਾਂ ਨੇ ਅਣਹੋਣੀ ਨੂੰ ਹੋਣੀ ਵਿਚ ਬਦਲਣ ਦੀ ਸਫਲ ਕੋਸ਼ਿਸ਼ ਕੀਤੀ। ਸਾਹਿਤ ਦੇ ਖੇਤਰ ਵਿਚ ਉਹਨਾਂ ਦੀ ਦੇਣ ਸਦਕਾ ਅਤੇ ਉਹਨਾਂ ਦੇ ਦ੍ਰਿੜ੍ਹ, ਵਿਸ਼ਵਾਸ ਸਦਕਾ, ਅਜਿਹੇ ਯੁੱਗ-ਪੁਰਸ਼ ਅੱਗੇ ਸ਼ਰਧਾ ਸਹਿਤ ਸਿਰ ਝੁਕਾਉਣਾ ਹੀ ਬਣਦਾ ਹੈ।

ਕਾਲਵਾਦੀ ਅਤੇ ਸੰਕਲਪਵਾਦੀ ਦੋਹਾਂ ਹੀ ਪੱਧਰਾਂ ਤੋਂ ਗਿਆਨੀ ਦਿੱਤ ਸਿੰਘ ਦੀ ਵਾਰਤਕ ਆਧੁਨਿਕਤਾ ਦੇ ਨੇੜੇ ਹੋ ਕੇ ਵਿਚਰਦੀ ਹੈ। ਜਿੱਥੇ ਆਪ ਦੀਆਂ ਰਚਨਾਵਾਂ ਨਾਲ ਪੰਜਾਬੀ ਪੱਤਰਕਾਰੀ ਦਾ ਆਰੰਭ ਹੁੰਦਾ ਹੈ, ਉਥੇ ਮੱਧਕਾਲੀ ਵਾਰਤਕ ਦੀਆਂ ਭਾਸ਼ਾਈ ਵਲਗਣਾਂ ਤੋਂ ਬਾਹਰ ਆ ਕੇ ਨਾ ਸਿਰਫ਼ ਆਧੁਨਿਕ ਭਾਸ਼ਾ ਦੀ ਵਰਤੋਂ ਕੀਤੀ ਗਈ ਸਗੋਂ ਨਵੀਨ ਸ਼ੈਲੀਆਂ ਅਧੀਨ ਰਚਨਾ ਵੀ ਕੀਤੀ ਗਈ। ਆਪ ਦੀ ਰਚਨਾ ਆਧੁਨਿਕ ਪਰਿਪੇਖ ਤੋਂ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਇਸ ਵਿਚ ਆਧੁਨਿਕ ਵਾਰਤਕ ਵਾਲੇ ਸਾਰੇ ਹੀ ਗੁਣ ਮੌਜੂਦ ਹਨ। ਧਾਰਮਿਕ ਸਮਸਿਆਵਾਂ ਨੂੰ ਮਨੋਵਿਗਿਆਨਿਕ ਵਿਧੀ ਨਾਲ ਪੇਸ਼ ਕੀਤਾ ਗਿਆ ਹੈ। ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਆਪਣੇ ਵਿਚਾਰਾਂ ਨੂੰ ਪੇਸ਼ ਕਰਦਾ ਹੋਇਆ ਗਿਆਨੀ ਦਿੱਤ ਸਿੰਘ ਦਾ ਗੱਦ ਸਾਹਿਤ ਤਰਕ ਦੇ ਆਧਾਰ ਤੇ ਉਦਾਹਰਨਾਂ ਸਹਿਤ ਦਲੀਲਪੂਰਣ ਤੇ ਸਾਦਗੀ ਭਰਪੂਰ ਬਿਆਨ ਦਿੰਦਾ ਹੈ।

ਆਪ ਦੇ ਗੱਦ ਸਾਹਿਤ ਵਿਚ ਗੰਭੀਰ ਸ਼ੈਲੀ ਦੀ ਵਾਰਤਕ ਸਿਰਜਣਾ ਆਰੰਭ ਹੋਈ। ਰਚਨਾ ਵਿਚ ਨਾ ਸਿਰਫ਼ ਬਿਰਤਾਂਤਕ ਸਗੋਂ ਵਿਆਖਿਆਮਈ ਅਤੇ ਵਰਣਨਾਤਮਿਕ ਸ਼ੈਲੀਆਂ

ਦਾ ਵੀ ਭਰਪੂਰ ਪ੍ਰਯੋਗ ਹੋਇਆ ਹੈ। ਅਜਿਹੀਆਂ ਸ਼ੈਲੀਆਂ ਦੀ ਵਰਤੋਂ ਕਰਦੇ ਹੋਏ ਆਪ ਨੇ ਸੁਭਾਸ਼ਣ ਸ਼ੈਲੀ ਨੂੰ ਪ੍ਰਮੁੱਖਤਾ ਦਿੱਤੀ ਅਤੇ ਸੰਵਾਦਾਤਮਕ ਸ਼ੈਲੀ ਨੂੰ ਵੀ ਰਚਨਾ ਲਈ ਵਰਤਿਆ। ਸੰਵਾਦੀ ਸੁਰ ਨਾਲ ਆਪ ਦੀ ਰਚਨਾ ਵਿਚ ਰੌਚਕਤਾ ਅਤੇ ਸੁਹਜ ਦੇ ਅੰਸ਼ ਵੀ ਪ੍ਰਤੱਖ ਹੁੰਦੇ ਹਨ।

ਸਿਰਫ਼ ਸ਼ੈਲੀ ਨੂੰ ਹੀ ਨਹੀਂ, ਆਪ ਨੇ ਬੋਲੀ ਨੂੰ ਵੀ ਵਿਕਸਿਤ ਕੀਤਾ। ਆਪ ਦੀਆਂ ਰਚਨਾਵਾਂ ਵਿਚ ਵਿਆਕਰਨਕ ਚਿੰਨ੍ਹਾਂ ਦੀ ਖ਼ੂਬਸੂਰਤੀ ਨਾਲ ਵਰਤੋਂ ਹੋਈ ਹੈ ਅਤੇ ਇਹ ਕਹਿਣਾ ਅਤਿ ਕਥਨੀ ਨਹੀਂ ਹੋਵੇਗੀ ਕਿ ਆਪ ਨੇ ਪੰਜਾਬੀ ਵਾਰਤਕ ਨੂੰ ਸਧੁੱਕੜੀ ਭਾਸ਼ਾ ਤੋਂ ਨਿਜਾਤ. ਦੁਆਈ ਅਤੇ ਇਸ ਨੂੰ ਆਧੁਨਿਕ ਭਾਸ਼ਾ ਦੇ ਨੇੜੇ ਲੈ ਆਂਦਾ।

ਆਪ ਦੀ ਭਾਸ਼ਾ ਵਧੇਰੇ ਸਰਲ, ਸਪੱਸ਼ਟ ਅਤੇ ਸੰਜਮਤਾ ਦੀ ਧਾਰਨੀ ਹੈ। ਬੇਸ਼ਕ ਕੁਝ ਸ਼ਬਦ ਮੱਧਕਾਲੀ ਹਨ ਪਰ ਇਹ ਸੁਭਾਵਿਕ ਹਨ। ਕੁਝ ਤੁਕਾਂ ਦੀ ਖ਼ੂਬਸੂਰਤੀ ਨਾਲ ਵਰਤੋਂ ਕਰਕੇ ਆਪ ਨੇ ਰਚਨਾ ਵਿਚ ਸੁਹਜ ਦੇ ਅੰਸ਼ ਵੀ ਭਰੇ ਹਨ। ਪਾਠਕ ਨੂੰ ਕੁਝ ਸਵਾਲ ਕਰਕੇ ਜਿੱਥੇ ਵਾਰਤਕ ਰਚਨਾ ਗੰਭੀਰਤਾ ਦਾ ਰੁੱਖ ਅਖਤਿਆਰ ਕਰਦੀ ਹੈ, ਉਥੇ ਪੇਸ਼ਕਾਰੀ ਦੀ ਤਕਨੀਕ ਏਨੀ ਕੁ ਰੌਚਿਕ ਹੈ ਕਿ ਪਾਠਕ ਨਿਰੰਤਰ ਅੱਗੇ ਕੀ ਹੈ? ਦੇ ਸਵਾਲ ਵਿਚ ਵਿਚਰਦਾ ਅੰਤ ਤੱਕ ਪੜ੍ਹਦਾ ਹੀ ਚਲਾ ਜਾਂਦਾ ਹੈ। ਪਾਠਕ ਨੂੰ ਸਾਹਮਣੇ ਬਿਠਾ ਕੇ (ਸੰਕਲਪ ਵਜੋਂ) ਉਸ ਨਾਲ ਗੱਲਬਾਤ ਵਾਲੀ ਸੁਰ ਆਪ ਦੀ ਰਚਨਾ ਦਾ ਵਿਸ਼ੇਸ਼ ਪਹਿਲੂ ਆਖਿਆ ਜਾ ਸਕਦਾ ਹੈ। ਬਿਆਨ ਆਪਣੀ ਸਾਦਗੀ ਨੂੰ ਕਾਇਮ ਰਖਦਾ ਹੋਇਆ ਰੌਚਕ ਢੰਗ ਨਾਲ ਸ਼ਰਧਾ ਭਾਵ ਨੂੰ ਚਿਤਰਦਾ ਹੈ।

ਆਪ ਦੀ ਰਚਨਾ ਕਵਿਤਾ, ਵਾਰਤਕ ਅਤੇ ਕਾਵਿ ਵਾਰਤਕ ਰੂਪਾਂ ਵਿਚ ਪੇਸ਼ ਹੁੰਦੀ ਹੈ ਪਰੰਤੂ ਆਪ ਦੀ ਰਚਨਾ ਵਿਚੋਂ ਨਿਰੋਲ ਵਾਰਤਕ ਆਧੁਨਿਕ ਸਾਹਿਤ ਵਜੋਂ ਵਧੇਰੇ ਸਲਾਹੁਣਯੋਗ ਹੈ ਕਿਉਂਕਿ ਪੱਤਰਕਾਰੀ ਅਤੇ ਪੁਸਤਕ ਰੂਪੀ ਵਾਰਤਕ ਵਿਚ ਆਪ ਨੇ ਸਮਾਜ ਦੇ ਕਈ ਵਰਗਾਂ ਨੂੰ ਸਾਹਮਣੇ ਰੱਖ ਨਵੀਨ ਸ਼ੈਲੀ ਨਾਲ ਰਚਨਾਵਾਂ ਰਚੀਆਂ ਹਨ। ਵਿਸ਼ੇਸ਼ ਕਰਕੇ ਅਖਬਾਰਾਂ ਰਾਹੀਂ, ਅਜਿਹੇ ਸਮੇਂ ਜਦੋਂ ਸਾਰਾ ਕੰਮ ਸੰਪਾਦਕ ਨੂੰ ਆਪ ਹੀ ਕਰਨਾ ਪੈਂਦਾ ਸੀ ਭਖਵੇਂ ਮਸਲਿਆਂ ਨੂੰ ਵਾਰਤਕ 'ਚ ਲਿਆ ਕੇ ਆਪ ਨੇ ਵਾਰਤਕ ਨੂੰ ਪੱਤਰਕਾਰੀ ਦੇ ਪੱਧਰ ਤੇ ਵਿਕਸਿਤ ਕੀਤਾ ਅਤੇ

ਆਧੁਨਿਕਤਾ ਦੇ ਨੇੜੇ ਲਿਆਂਦਾ ਹੈ। ਇਸ ਕੰਮ ਵਿਚ ਸੰਪਾਦਕ ਦੇ ਨਾਂ ਖ਼ਤ ਵਾਲੀ ਵਿਧੀ ਨੂੰ ਵੀ ਪ੍ਰਮੁੱਖਤਾ ਦਿੱਤੀ ਹੈ।

ਸਮੁੱਚੇ ਪੱਧਰ ਤੇ ਗਿਆਨੀ ਦਿੱਤ ਸਿੰਘ ਦੀ ਵਾਰਤਕ ਰਚਨਾ ਜਿੱਥੇ ਵਿਸ਼ਿਆਂ ਦੇ ਪੱਧਰ ਤੇ ਕੁਝ ਨਵੀਨ ਵਿਸ਼ਿਆਂ ਜਾਂ ਸਮਸਿਆਵਾਂ ਨੂੰ ਸਾਹਮਣੇ ਰੱਖਦੀ ਹੈ ਉੱਥੇ ਰੂਪਕ ਪੱਖ ਤੋਂ ਵੀ ਵਾਰਤਕ ਨੂੰ ਆਧੁਨਿਕ ਰੂਪ ਦਿੰਦੀ ਨਜ਼ਰ ਆਉਂਦੀ ਹੈ ਅਤੇ ਇਸ ਸੰਦਰਭ ਵਿਚ ਭਾਸ਼ਾਗਤ ਅਤੇ ਸ਼ੈਲੀਗਤ ਸਾਰੀਆਂ ਹੀ ਵਿਲੱਖਣਤਾਵਾਂ ਆਪ ਦੀ ਗੱਦ ਰਚਨਾ ਦੀ ਖ਼ੂਬਸੂਰਤੀ ਹੋ ਨਿੱਬੜਦੀਆਂ ਹਨ।

# ਹਵਾਲੇ ਅਤੇ ਟਿੱਪਣੀਆਂ

1. Kris Baldi, **The Concise Oxford Dictionary of Literary Terms**, p. 180
2. ਗੁਰਦੇਵ ਸਿੰਘ (ਡਾ.), ਸੰਪਾਦਕ- **ਪ੍ਰੋ. ਪੂਰਨ ਸਿੰਘ ਦੀ ਚੋਣਵੀ ਕਵਿਤਾ (ਜੀਵਨ ਤੇ ਸਾਹਿਤ ਕਲਾ ਸਹਿਤ)**, ਪੰ. 110
3. ਨਰਿੰਦਰ ਸਿੰਘ ਕਪੂਰ, **ਗਿਆਨੀ ਦਿੱਤ ਸਿੰਘ ਜੀਵਨ ਤੇ ਰਚਨਾ**, ਪੰ. 126
4. **ਖ਼ਾਲਸਾ ਅਖ਼ਬਾਰ** 28 ਅਪ੍ਰੈਲ, 1899
5. **ਗੁਰਮੁਖੀ ਅਖ਼ਬਾਰ**, 16 ਜੂਨ, 1883 ਨਰਿੰਦਰ ਸਿੰਘ ਕਪੂਰ, ਪੰ. 101
6. **ਸਿੰਘ ਸਭਾ ਪਤ੍ਰਿਕਾ**, ਸਤੰਬਰ, 1990 ਅੰਕ ਨੰ: 6, ਪੰ. 61-62 ਤੇ ਉਦਰਹਿਤ
7. **ਖ਼ਾਲਸਾ ਅਖ਼ਬਾਰ** 13 ਮਈ, 1898, ਨਰਿੰਦਰ ਸਿੰਘ ਕਪੂਰ, ਪੰ. 110-111
8. ਗਿਆਨੀ ਅਮਰ ਸਿੰਘ (ਦੁਆਰਾ ਉਦਰਹਿਤ) **ਗਿਆਨੀ ਦਿੱਤ ਸਿੰਘ ਜੀ**, ਪੰ. 126-127
9. **ਜੀਵਨ ਕਥਾ, ਗੁਰੂ ਅੰਗਦ ਦੇਵ ਸਾਹਿਬ ਜੀ**, ਪੰ. 3
10. ਉਹੀ, ਪੰ. 4-5
11. ਗਿਆਨੀ ਦਿੱਤ ਸਿੰਘ, **ਜੀਵਨ ਕਥਾ ਗੁਰੂ ਅਰਜਨ ਦੇਵ ਜੀ**, ਪੰ. 95-96
12. ਉਹੀ, **ਜੀਵਨ ਕਥਾ ਗੁਰੂ ਤੇਗ ਬਹਾਦਰ ਜੀ**, ਪੰ. 106-107
13. ਉਹੀ, ਪੰ. 38-39
14. ਉਹੀ, **ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ**, ਪੰ. 155
15. ਉਹੀ, **ਡਰਪੋਕ ਸਿੰਘ**, ਪੰ. 3-4

16. ਉਹੀ, **ਸ੍ਰੀ ਗੁਰੂ ਅਰਜਨ ਦੇਵ ਪ੍ਰਬੋਧ**, ਪੰ. 61-62

17. ਗਿਆਨੀ ਦਿੱਤ ਸਿੰਘ, **ਗੁਰਬਾਨੀ ਪ੍ਰਬੋਧ**, ਪੰ. 5

18. ਉਹੀ, **ਗੁਰਮਤਿ ਆਰਤੀ ਪ੍ਰਬੋਧ**, ਪੰ. 16

19. ਉਹੀ, **ਨੀਤੀ ਪ੍ਰਕਾਸ**, ਪੰ. 119-120

20. ਉਹੀ, **ਪੰਡਤ ਦਯਾ ਨੰਦ ਨਾਲ ਮੇਰਾ ਸੰਵਾਦ**, ਪ. 6

21. ਉਹੀ, ਪੰ. 36

22. **ਸਿੰਘ ਸਭਾ ਪਤ੍ਰਿਕਾ**- ਦੰਭ ਵਿਦਾਰਨ ਅੰਕ-ਜਨਵਰੀ, 1974, ਪੰ. 4

23. ਉਹੀ, ਪੰ. 80-81

24. ਉਹੀ, ਪੰ. 68

25. **ਪੁਜਾਰੀ ਪ੍ਰਬੋਧ**-ਐਡਟਰ ਦਿੱਤ ਸਿੰਘ ਮੈਗਜੀਨ, ਰੋਪੜ, ਪੰ. 63

ਅਧਿਆਇ ਚੌਥਾ

*

*

*

*

*

# ਗਿਆਨੀ ਦਿੱਤ ਸਿੰਘ ਦੀ ਵਾਰਤਕ ਦਾ ਕਲਾਤਮਕ ਅਧਿਐਨ

# ਗਿਆਨੀ ਦਿੱਤ ਸਿੰਘ ਦੀ ਵਾਰਤਕ ਦਾ ਕਲਾਤਮਕ ਅਧਿਐਨ

ਸਾਹਿਤਕ ਰਚਨਾ ਨੂੰ ਪੇਸ਼ ਕਰਨ ਦੀ ਕਲਾ ਦੀ ਵਿਧੀ ਇਕ ਵਿਸ਼ੇਸ਼ ਬੱਝਵੇਂ ਸਿਲਸਿਲੇ ਜਾਂ ਵਿਉਂਤ ਅਨੁਸਾਰ ਹੁੰਦੀ ਹੈ। ਕੋਈ ਵੀ ਸਾਹਿਤਕਾਰ, ਜਦੋਂ ਕੋਈ ਸਾਹਿਤਕ ਰਚਨਾ ਰਚਦਾ ਹੈ ਤਾਂ ਉਸ ਪਿਛੇ ਉਸ ਦਾ ਖ਼ਾਸ ਮਨੋਰਥ ਹੁੰਦਾ ਹੈ। ਉਹ ਮਨੋਰਥ, ਸਾਹਿਤਕਾਰ ਦਾ ਪਾਠਕ/ਸਰੋਤੇ ਨੂੰ ਆਪਣੀ ਕਲਾ ਜਾਂ ਮਨੋਭਾਵਾਂ ਤੋਂ ਜਾਣੂ ਕਰਵਾਉਣਾ ਹੁੰਦਾ ਹੈ, ਜਿਸ ਤੋਂ ਇਕ ਸਾਰਥਕ ਸਿੱਟਾ ਨਿਕਲ ਸਕੇ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਸਾਹਿਤਕ ਕਿਰਤ ਦਾ ਸਮੁੱਚਾ ਢਾਂਚਾ ਨਿਯਮ-ਬੱਧ ਹੋਵੇ, ਵਿਚਾਰ ਇਕ ਤਰਤੀਬ ਵਿਚ ਉਸਰਣ, ਸ਼ਬਦ-ਸੰਸਾਰ ਵਿਚ ਇਕ ਅਜਿਹਾ ਕਲਾਤਮਕ ਸੁਮੇਲ ਹੋਵੇ, ਜਿਸ ਦੁਆਰਾ ਸੁਹਜਾਤਮਕ ਪ੍ਰਭਾਵ ਪੈ ਸਕੇ। ਜਾਣਕਾਰੀ ਦਾ ਪ੍ਰਸਤੁਤੀਕਰਣ ਪਾਠਕ ਨੂੰ ਵਧੇਰੇ ਜਾਣਕਾਰੀ ਜਾਂ ਪ੍ਰਾਪਤੀ ਦਾ ਅਹਿਸਾਸ ਕਰਾਉਂਦਾ ਹੋਵੇ।

ਗਿਆਨੀ ਦਿੱਤ ਸਿੰਘ ਦਾ ਰਚਨਾ ਕਾਲ ਉਨ੍ਹੀਵੀਂ ਸਦੀ ਦੇ ਅੰਤਲੇ ਤੀਹ ਸਾਲਾਂ ਦਾ ਸਮਾਂ ਹੈ। ਇਸ ਸਮੇਂ ਦੌਰਾਨ ਉਹਨਾਂ ਨੇ ਅਖ਼ਬਾਰੀ ਵਾਰਤਕ ਅਤੇ ਸਾਹਿਤਕ ਵਾਰਤਕ ਦੇ ਖੇਤਰ ਵਿਚ ਵਰਣਨ ਯੋਗ ਕੰਮ ਕੀਤਾ ਹੈ। ਇਹ ਉਹ ਸਮਾਂ ਸੀ, ਜਦੋਂ ਵਾਰਤਕ ਆਪਣੇ ਮੱਧ-ਕਾਲੀ ਰੂਪ ਤੋਂ ਆਧੁਨਿਕਤਾ ਦਾ ਰੂਪ ਧਾਰਨ ਕਰਨ ਲੱਗੀ ਸੀ। ਅਰਥਾਤ ਇਸ ਸਮੇਂ ਦੌਰਾਨ ਵਾਰਤਕ ਧਾਰਮਿਕ ਵਿਸ਼ਿਆਂ ਦੇ ਨਾਲ-ਨਾਲ ਸਾਮਾਜਿਕ ਵਿਸ਼ਿਆਂ ਲਈ ਵੀ ਵਰਤੋਂ ਵਿਚ ਆਉਣ ਲੱਗ ਪਈ ਸੀ। ਬ੍ਰਜ ਭਾਸ਼ਾ ਦਾ ਪ੍ਰਭਾਵ ਵਾਰਤਕ ਵਿਚੋਂ ਲਗਭਗ ਖ਼ਤਮ ਹੋਣ ਦੀ ਦਸ਼ਾ ਵਿਚ ਸੀ। ਗਿਆਨੀ ਦਿੱਤ ਸਿੰਘ ਦੀ ਵਾਰਤਕ ਸ਼ੈਲੀ ਸਾਦੀ ਤੇ ਸਪਸ਼ਟ ਹੈ, ਪਰੰਤੂ ਇਹ ਪਾਠਕ ਨੂੰ ਪ੍ਰਭਾਵਿਤ ਕਰਦੀ ਹੈ। ਗਿਆਨੀ ਦਿੱਤ ਸਿੰਘ ਦੀ ਵਾਰਤਕ ਵਿਚ ਦਲੀਲ ਅਤੇ ਜਜ਼ਬਾ ਇਕਸੁਰ ਹੋਏ ਪ੍ਰਤੀਤ ਹੁੰਦੇ ਹਨ। ਉਹ ਹਰ ਪੱਖ ਨੂੰ ਸੌਖਾ ਬਣਾ ਕੇ ਪੇਸ਼ ਕਰਦੇ ਹਨ। ਵਾਰਤਕ

ਵਿਚ ਵਾਕ ਭਾਵੇਂ ਲੰਮੇ ਹਨ, ਪਰੰਤੂ ਭਾਵ ਅਸਪਸ਼ਟ ਨਹੀਂ ਹੁੰਦਾ। ਗਿਆਨੀ ਜੀ ਹਰ ਗੱਲ ਨੂੰ ਦਲੀਲਬਾਜ਼ੀ ਨਾਲ ਸਪਸ਼ਟ ਕਰਦੇ ਹਨ। ਇਹ ਦਿਮਾਗ ਅਤੇ ਦਿਲ ਦੋਹਾਂ ਨੂੰ ਅਪੀਲ ਕਰਦੀ ਹੈ। ਉਹਨਾਂ ਦਾ ਦਲੀਲਮਈ ਅਤੇ ਭਾਵਮਈ ਢੰਗ ਨਾਲ ਦਿੱਤਾ ਉੱਤਰ ਵਿਰੋਧੀ ਧਿਰ ਨੂੰ ਸ਼ਰਮਸਾਰ ਤੇ ਨਿਰਉੱਤਰ ਕਰ ਦਿੰਦਾ ਹੈ।

ਗਿਆਨੀ ਦਿੱਤ ਸਿੰਘ ਦੀ ਵਾਰਤਕ ਨੂੰ ਅਸੀਂ ਦੋ ਭਾਗਾਂ ਵਿਚ ਵੰਡ ਕੇ ਵਿਚਾਰ ਸਕਦੇ ਹਾਂ। ਇਕ ਅਖ਼ਬਾਰੀ ਵਾਰਤਕ ਤੇ ਦੂਜੀ ਸਾਹਿਤਕ ਵਾਰਤਕ। ਅਖ਼ਬਾਰੀ ਵਾਰਤਕ ਤੋਂ ਭਾਵ ਉਸ ਵਾਰਤਕ ਤੋਂ ਹੈ, ਜੋ ਨਿਰੋਲ ਤੌਰ ਤੇ ਪੱਤਰਾਂ ਵਿਚ ਸੰਪਾਦਕੀ ਲੇਖਾਂ ਦੁਆਰਾ ਪ੍ਰਸਤੁਤ ਹੋਈ। ਸਾਹਿਤਕ ਵਾਰਤਕ ਤੋਂ ਭਾਵ ਉਸ ਵਾਰਤਕ ਤੋਂ ਹੈ, ਜੋ ਪੱਤਰਕਾਰੀ ਦੇ ਮਾਧਿਅਮ ਦੁਆਰਾ ਸਾਹਿਤਕ ਰੂਪ ਅਰਥਾਤ ਕਿਤਾਬੀ ਸ਼ਕਲ ਵਿਚ ਆਈ ਅਤੇ ਜਾਂ ਨਿਰੋਲ ਪੁਸਤਕ ਰੂਪ ਵਿਚ ਲਿਖੀ ਗਈ ਵਾਰਤਕ। ਗਿਆਨੀ ਦਿੱਤ ਸਿੰਘ ਦੀ ਉਪਰੋਕਤ ਵਾਰਤਕ ਦਾ ਜਨਮ ਅੰਗਰੇਜ਼ੀ ਸ਼ਾਸਨ ਦੌਰਾਨ ਹੋਇਆ। ਅੰਗਰੇਜ਼ੀ ਸਾਸ਼ਨ ਦੌਰਾਨ ਹੀ ਈਸਾਈ ਮੱਤ ਦੇ ਪਰਚਾਰਕਾਂ ਨੇ ਆਪਣੇ ਧਰਮ ਦੇ ਪਰਸਾਰ ਲਈ ਅੰਦੋਲਨ ਚਲਾਇਆ। ਇਸ ਪ੍ਰਭਾਵ ਨੂੰ ਘੱਟ ਕਰਨ ਲਈ ਅਤੇ ਦੂਜੇ ਵਿਰੋਧੀ ਧਾਰਮਿਕ ਪ੍ਰਚਾਰ ਜਿਵੇਂ ਆਰੀਆ ਸਮਾਜੀਆਂ ਦਾ ਪ੍ਰਚਾਰ ਆਦਿ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਅਤੇ ਆਪਣੇ ਧਰਮ ਦੀਆਂ ਨੀਹਾਂ ਪੱਕੀਆਂ ਕਰਨ ਲਈ ਗਿਆਨੀ ਦਿੱਤ ਸਿੰਘ ਨੇ ਅਖ਼ਬਾਰੀ ਅਤੇ ਸਾਹਿਤਕ ਵਾਰਤਕ ਰਾਹੀਂ ਸੰਘਰਸ਼ ਆਰੰਭਿਆ ਜਾਂ ਇਸ ਤਰ੍ਹਾਂ ਵੀ ਆਖ ਸਕਦੇ ਹਾਂ ਕਿ ਉਹਨਾਂ ਨੇ ਇਸ ਸੰਘਰਸ਼ ਵਿਚ ਵਾਰਤਕ ਦੇ ਮਾਧਿਅਮ ਦੀ ਸਹਾਇਤਾ ਲਈ, ਗਿਆਨੀ ਦਿੱਤ ਸਿੰਘ ਦੀ ਵਾਰਤਕ ਦਾ ਜਨਮ ਤਾਂ ਭਾਵੇਂ ਧਾਰਮਿਕ ਪਿੜ ਵਿਚੋਂ ਹੋਇਆ, ਪਰੰਤੂ ਹਾਲਾਤ ਅਨੁਸਾਰ ਇਸ ਦਾ ਘੇਰਾ ਸਮਾਜਿਕ, ਸਦਾਚਾਰਕ ਅਤੇ ਰਾਜਨੀਤਿਕ ਖੇਤਰਾਂ ਵਲ ਵੀ ਫੈਲਦਾ ਗਿਆ। ਇਹਨਾਂ ਖੇਤਰਾਂ ਨਾਲ ਸੰਬੰਧਿਤ ਵਾਰਤਕ ਨੇ ਆਪਣੇ ਸ਼ਬਦ ਭੰਡਾਰ, ਸ਼ਬਦ ਨਿਰਮਾਣ, ਵਾਕ ਬਣਤਰ ਅਤੇ ਸ਼ੈਲੀ ਵਿਚ ਮਹੱਤਵਪੂਰਨ ਉੱਨਤੀ ਕੀਤੀ।

ਉਪਰੋਕਤ ਚਰਚਾ ਦੇ ਸੰਬੰਧ ਵਿਚ, ਗਿਆਨੀ ਦਿੱਤ ਸਿੰਘ ਦੀ ਵਾਰਤਕ ਦੀ ਕਲਾਤਮਿਕਤਾ ਦਾ ਅਧਿਐਨ ਕਰਨ ਲਈ, ਅਸੀਂ ਆਪਣੇ ਅਧਿਐਨ ਖੇਤਰ ਨੂੰ ਨਿਰਧਾਰਤ ਕਰਨ ਲਈ ਇਸ ਨੂੰ ਹੇਠ ਲਿਖੇ ਪੱਖਾਂ ਤੋਂ ਵਿਚਾਰਾਂਗੇ।

ੳ) ਵਾਰਤਕ ਦੀ ਥੀਮਕ ਵਿਲੱਖਣਤਾ

ਅ) ਧਾਰਮਿਕ ਅਤੇ ਸੁਧਾਰਵਾਦੀ ਪ੍ਰਵਿਰਤੀ

ੲ) ਪ੍ਰਗਤੀਵਾਦੀ ਪ੍ਰਵਿਰਤੀ

**ੳ) ਵਾਰਤਕ ਦੀ ਥੀਮਕ ਵਿਲੱਖਣਤਾ:**

ਕਿਉਂਕਿ ਥੀਮਕ ਵਿਧੀ ਪੰਜਾਬੀ ਸਾਹਿਤ ਚਿੰਤਨ ਵਿਚ ਨਵੀਂ ਨਵੀਂ ਹੋਂਦ ਵਿਚ ਆਈ ਹੈ, ਇਸ ਲਈ ਗਿਆਨੀ ਦਿੱਤ ਸਿੰਘ ਦੀ ਵਾਰਤਕ ਦੀ ਥੀਮਕ ਵਿਲੱਖਣਤਾ ਨੂੰ ਜਾਨਣ ਲਈ, ਪਹਿਲਾਂ ਅਸੀਂ ਇਸ ਨਵੀਨ ਵਿਧੀ ਦੇ ਸੰਕਲਪ, ਇਸ ਦੀ ਪਰਿਭਾਸ਼ਾ, ਇਸ ਦੀਆਂ ਤਕਨੀਕਾਂ ਅਤੇ ਜੁਗਤਾਂ ਨੂੰ ਸਮਝ ਲਈਏ, ਕਿਉਂਕਿ ਸਾਹਿਤਕ ਰਚਨਾ ਨੂੰ ਏਕਤਾ, ਉਸਦੇ ਥੀਮ ਤੋਂ ਮਿਲਦੀ ਹੈ, ਜੋ ਉਸਦੇ ਅੰਦਰ ਬਾਹਰ ਆਦਿ ਤੋਂ ਅੰਤ ਤਕ ਸਮਾਈ ਰਹਿੰਦੀ ਹੈ।

ਸਾਡੀ ਆਲੋਚਨਾਤਮਕ ਸ਼ਬਦਾਵਲੀ ਵਿਚ ਥੀਮ ਸ਼ਬਦ ਦੀ ਵਰਤੋਂ, ਕਈ ਅਰਥਾਂ ਵਿਚ ਹੋਈ ਹੈ। ਸਾਹਿਤ ਚਿੰਤਨ ਵਿਚ ਥੀਮ ਲਈ ਟਾਪਿਕ (Topic), ਸਾਰ ਕਥਨ, ਸੰਦੇਸ਼, ਵਿਚਾਰ, ਵਿਸ਼ਾ, ਪੈਗਾਮ, ਉਦੇਸ਼, ਅਰਥ ਵਾਕ, ਵਿਆਖਿਆ, ਟੀਕਾ-ਟਿਪਣੀ ਆਦਿ ਸ਼ਬਦਾਂ ਦੀ ਵਰਤੋਂ ਹੁੰਦੀ ਰਹੀ ਹੈ। ਪੰਜਾਬੀ ਸ਼ਬਦ ਥੀਮ ਅੰਗਰੇਜ਼ੀ ਦੇ Theme ਦਾ ਹੀ ਤਤਸਮ ਰੂਪ ਹੈ। ਅਤੇ ਇਸ ਦੇ ਅਰਥ ਸਮੇਂ ਸਮੇਂ ਬਦਲਦੇ ਰਹੇ ਹਨ। ਸਾਹਿਤ ਚਿੰਤਨ ਵਿਚ 'ਥੀਮ-ਵਿਗਿਆਨ' ਨਾਮ ਦੀ ਨਵੀਨ ਵਿਧੀ ਹੋਂਦ ਵਿਚ ਆਈ ਹੈ। ਇਹ ਥੀਮਾਂ (Themes) ਦੇ ਅਧਿਐਨ ਦੁਆਰਾ ਸਾਹਿਤ ਚਿੰਤਨ ਤੱਕ ਪਹੁੰਚਣ ਦੀ ਵਿਧੀ ਹੈ।

ਬਹੁਤ ਸਾਰੇ ਵਰਤਮਾਨ ਆਲੋਚਕਾਂ ਨੇ ਰਚਨਾ ਨੂੰ ਇਕ ਵਿਸ਼ੇਸ਼ ਪ੍ਰਕਾਰ ਦਾ ਗਿਆਨ ਮੰਨਿਆ ਹੈ ਪਰ, ਉਹਨਾਂ ਨੇ ਵੀ ਥੀਮ ਦੀ ਪਰਿਭਾਸ਼ਾ 'ਵਿਆਖਿਆ', 'ਮੁਲਾਂਕਣ', 'ਕੇਂਦਰੀ ਵਿਚਾਰ', 'ਅਰਥ ਤੇ ਸਾਰਥਕਤਾ' ਦੇ ਅਰਥਾਂ ਵਜੋਂ ਕੀਤੀ ਹੈ। ਇਹਨਾਂ ਆਲੋਚਕਾਂ ਨੇ ਮੂਲਵਾਦੀ

ਆਲੋਚਕਾਂ ਵਾਂਗ ਥੀਮ ਨੂੰ ਰਚਨਾ ਦੇ ਮੁੱਲਾਂ ਨੂੰ ਜਾਂਚਣ ਦਾ ਆਧਾਰ ਮੰਨਣ ਦੇ ਨਾਲ-ਨਾਲ ਥੀਮ ਨੂੰ ਰਚਨਾ ਦੇ ਸੰਗਠਨ-ਸਿਧਾਂਤ ਵਲ ਸੰਕੇਤ ਕਰਨ ਵਾਲਾ ਤੱਤ ਵੀ ਸਵੀਕਾਰ ਕੀਤਾ ਹੈ।[1]

ਡਾ. ਹਰਿਭਜਨ ਸਿੰਘ ਅਨੁਸਾਰ, "ਨਵੇਂ ਸਾਹਿਤ-ਚਿੰਤਨ ਵਿਚ ਵਿਹਾਰਕ ਆਲੋਚਨਾ ਕਰਨ ਸਮੇਂ 'ਮੁਲਾਂਕਣ' ਨੂੰ ਤਿਆਗਿਆ ਨਹੀਂ ਗਿਆ ਸਗੋਂ, ਕਾਰਜ ਅਧਿਐਨ ਦੀ ਸਮਾਪਤੀ ਪਿਛੋਂ ਮੁਲਾਂਕਣ ਲਾਜ਼ਮੀ ਸਿੱਟੇ ਵਜੋਂ ਉਜਾਗਰ ਹੁੰਦਾ ਹੈ।" [2] ਰਚਨਾ ਨੂੰ ਸਮਝਣ ਤੋਂ ਪਿਛੋਂ ਹੀ ਮੁੱਲਾਂ ਨੂੰ ਜਾਂਚਿਆ ਜਾ ਸਕਦਾ ਹੈ। ਅੰਗਾਂ ਥਾਣੀਂ ਲੰਘਣ ਦਾ ਕਾਰਜ, ਕਿਰਤ ਨੂੰ ਸਮਝਣ ਦਾ ਕਾਰਜ, ਨਿਰਪੱਖ ਹੈ, ਸਮਝਣ ਦੀ ਪ੍ਰਕਿਰਿਆ ਥਾਣੀ ਲੰਘ ਕੇ ਹੀ ਮੁਲਾਂਕਣ ਤਕ ਪਹੁੰਚਿਆ ਜਾ ਸਕਦਾ ਹੈ। ਕਰਿਸ ਬਾਲਦਿਕ ਅਨੁਸਾਰ ਥੀਮ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ:

> ਇਕ ਵਿਸ਼ੇਸ਼ ਸੰਖੇਪ ਵਿਚਾਰ, ਜਿਹੜਾ ਇਕ ਸਾਹਿਤਕ ਕਿਰਤ ਦੇ ਵਿਸ਼ਾ-ਵਸਤੂ ਦੇ ਵਰਤਾਓ ਵਿਚੋਂ ਜਾਂ ਇਕ ਟਾਪਿਕ, ਜਿਹੜਾ ਕਈ ਸਾਹਿਤਕ ਕਿਰਤਾਂ ਵਿਚੋਂ ਉਭਰੇ। ਜਦੋਂ ਇਕ ਕੰਮ ਦੇ ਵਿਸ਼ੇ ਨੂੰ ਇਸਦੀ ਸੰਪੂਰਨਤਾ, ਕ੍ਰਿਆਵਾਂ ਦੀ ਮੱਦਾਂ ਵਿਚ ਵਿਆਖਿਆ ਜਾਂਦਾ ਹੈ (ਜਿਵੇਂ ਇਕ ਵੱਡੇ ਸ਼ਹਿਰ ਵਿਚ ਕਿਸੇ ਅਜਨਬੀ ਦੇ ਜੋਖਮ ਭਰੇ ਕੰਮ) ਇਸਦੇ ਥੀਮ ਜਾਂ ਥੀਮਾਂ ਨੂੰ ਜ਼ਿਆਦਾ ਵਿਸ਼ੇਸ਼ ਮੱਦਾਂ ਵਿਚ ਵਿਆਖਿਆ ਜਾਵੇਗਾ (ਜਿਵੇਂ ਪਿਆਰ, ਲੜਾਈ, ਬਦਲਾ, ਧੋਖਾ ਧੜੀ, ਕਿਸਮਤ ਆਦਿ) ਕਿਸੇ ਕਿਰਤ ਦਾ ਥੀਮ, ਸੁਨਿਸ਼ਚਿਤ ਤੌਰ ਤੇ ਘੋਸ਼ਿਤ ਕੀਤਾ ਜਾ ਸਕਦਾ ਹੈ, ਪਰੰਤੂ ਅਕਸਰ ਇਹ ਮੋਟਿਫਾਂ ਦੀਆਂ ਕ੍ਰਿਆਵਾਂ ਦੁਆਰਾ ਅਸਿਧੇ ਤੌਰ ਤੇ ਉਭਰ ਕੇ ਸਾਹਮਣੇ ਆਉਂਦਾ ਹੈ। [3]

ਉਪਰੋਕਤ ਪਰਿਭਾਸ਼ਾ ਅਨੁਸਾਰ ਕਿਸੇ ਕਿਰਤ ਦਾ ਥੀਮ, 'ਟਾਪਿਕ' ਜਾਂ 'ਮੋਟਿਫ' ਰਾਹੀਂ ਉਭਰ ਕੇ ਸਾਹਮਣੇ ਆਉਂਦਾ ਹੈ। ਕਈ ਵਾਰ ਥੀਮ ਨੂੰ ਟਾਪਿਕ ਦਾ ਪਰਿਆਇ ਮੰਨ ਲਿਆ

ਜਾਂਦਾ ਹੈ, ਜਦੋਂ ਕਿਸੇ ਰਚਨਾ ਬਾਰੇ ਇਹ ਪੁੱਛ ਕੀਤੀ ਜਾਂਦੀ ਹੈ ਕਿ ਇਹ ਰਚਨਾ ਕਿਸ ਬਾਰੇ ਹੈ? ਤਾਂ ਇਸ ਤੋਂ ਭਾਵ, ਉਸ ਰਚਨਾ ਦੀ ਥੀਮ ਬਾਰੇ ਚਰਚਾ ਕਰਨਾ ਸਮਝਿਆ ਜਾਂਦਾ ਰਿਹਾ ਹੈ ਪਰ, ਲੋਕਯਾਨਿਕ, ਮਿੱਥ, ਸਭਿਆਚਾਰਕ, ਸਮੀਖਿਅਕ, ਜਾਂ ਬਿੰਬਾਂ, ਸਥਿਤੀਆਂ ਤੇ ਵਸਤੂਆਂ ਦਾ ਅਧਿਐਨ ਕਰਨ ਵਾਲੇ ਸਮਾਲੋਚਕ ਥੀਮ ਨੂੰ ਟਾਪਿਕ ਦੇ ਤੌਰ ਤੇ ਵਰਤੋਂ ਵਿਚ ਲਿਆਉਂਦੇ ਰਹੇ ਹਨ। ਥੀਮ ਨੂੰ ਟਾਪਿਕ ਸਮਝਣ ਦਾ ਅਰਥ, ਕਿਸੇ ਰਚਨਾ-ਵਿਸ਼ੇਸ਼ ਵਿਚ ਜਾਂ ਕਿਸੇ ਇਕ ਲੇਖਕ ਦੀਆਂ ਬਹੁਤੀਆਂ ਰਚਨਾਵਾਂ ਵਿਚ ਜਾਂ ਬਹੁਤ ਸਾਰੇ ਲੇਖਕਾਂ ਦੀਆਂ ਰਚਨਾਵਾਂ ਵਿਚ ਦੁਹਰਾਏ ਗਏ ਤੱਤਾਂ ਨੂੰ ਰਚਨਾ-ਪ੍ਰਬੰਧ ਨਾਲੋਂ ਤੋੜ ਕੇ ਵਿਚਾਰਨਾ ਹੈ।[4]

1. ਮੋਟਿਫ ਸ਼ਬਦ ਦੀ ਪਰਿਭਾਸ਼ਾ:

ਬੋਰਸ ਤੋਮਾਸ਼ੇਵਕੀ ਅਨੁਸਾਰ:

> ਮੋਟਿਫ਼ ਬਿਰਤਾਂਤ ਰਚਨਾ ਦਾ ਉਹ ਛੋਟੇ ਤੋਂ ਛੋਟਾ ਟੁਕੜਾ ਹੈ ਜਿਸ ਨੂੰ ਅਗੋਂ ਹੋਰ ਘਟਾਇਆ ਨਹੀਂ ਜਾ ਸਕਦਾ।[5]

ਡਾ. ਹਰਿਭਜਨ ਸਿੰਘ ਅਨੁਸਾਰ:

> ਇਹ ਰਚਨਾ ਵਿਚਲੀ ਥੀਮਕ-ਸਮੱਗਰੀ ਦੀ ਸਭ ਤੋਂ ਛੋਟੀ ਤੇ ਬੁਨਿਆਦੀ ਇਕਾਈ ਹੁੰਦਾ ਹੈ।[6]

ਇਸ ਤਰ੍ਹਾਂ ਇਕ ਬਿਰਤਾਂਤਕ ਗਲਪ-ਰਚਨਾ ਬਹੁਤ ਸਾਰੇ ਤੱਤਾਂ ਤੇ ਇਕਾਈਆਂ ਦੀ ਬਣੀ ਹੁੰਦੀ ਹੈ। ਰਚਨਾ ਦੇ ਸਭ ਤੋਂ ਛੋਟੇ ਤੱਤ ਜਾਂ ਮੁਢਲੀ ਇਕਾਈ ਨੂੰ 'ਮੋਟਿਫ਼' ਦਾ ਨਾਂ ਦਿੱਤਾ ਜਾ ਸਕਦਾ ਹੈ।

ਉਪਰੋਕਤ ਸੰਖੇਪ ਚਰਚਾ ਉਪਰੰਤ ਅਸੀਂ ਆਪਣੇ ਵਿਸ਼ੇ ਵਲ ਮੁੜਦੇ ਹਾਂ। ਸਾਡਾ ਵਿਸ਼ਾ ਗਿਆਨੀ ਦਿੱਤ ਸਿੰਘ ਦੀ ਵਾਰਤਕ ਦੀ ਥੀਮਕ ਵਿਲੱਖਣਤਾ ਬਾਰੇ ਵਿਚਾਰ ਕਰਨਾ ਹੈ। ਲੇਖਕ ਵਲ ਧਿਆਨ ਕੇਂਦ੍ਰਿਤ ਕਰਨਾ ਅਤੇ ਇਕ ਬਿੰਦੂ ਉੱਪਰ ਸਥਿਰ ਹੋ ਕੇ ਲਿਖਤ ਦੇ ਚੰਗੇ ਮੰਦੇ ਦਾ ਨਿਰਣਾ ਕਰਨਾ ਪੰਜਾਬੀ ਆਲੋਚਨਾ ਦਾ ਸਹਿਜ ਧਰਮ ਬਣਿਆ ਰਿਹਾ ਹੈ। ਗਿਆਨੀ ਦਿੱਤ ਸਿੰਘ ਦੀ ਵਾਰਤਕ ਦਾ ਥੀਮਕ-ਵਿਸ਼ਲੇਸ਼ਣ ਕਰਕੇ, ਉਹਨਾਂ ਦੀ ਵਾਰਤਕ ਦੀ ਵਿਲੱਖਣਤਾ ਨੂੰ

ਉਜਾਗਰ ਕੀਤਾ ਜਾ ਸਕਦਾ ਹੈ। ਥੀਮਕ-ਵਿਸ਼ਲੇਸ਼ਣ ਦੁਆਰਾ ਹੀ ਅਸੀਂ ਉਹਨਾਂ ਦੀ ਵਾਰਤਕ-ਰਚਨਾ ਦੀ ਤਹਿ ਵਿਚ ਲੁਕੇ ਆਂਤ੍ਰਿਕ ਅਰਥਾਂ ਨੂੰ ਉਜਾਗਰ ਕਰ ਸਕਦੇ ਹਾਂ।

'ਡਰਪੋਕ ਸਿੰਘ' ਗਿਆਨੀ ਦਿੱਤ ਸਿੰਘ ਦੀ ਇਕ ਵਾਰਤਕ ਰਚਨਾ ਹੈ, ਜਿਸ ਦਾ ਜੁਸਾ ਨਾਟਕੀ-ਰੂਪ ਵਾਲਾ ਹੈ। ਪੰਜਾਬੀ ਆਲੋਚਨਾ, ਰਚਨਾ ਨਾਲੋਂ ਉਸ ਰਚਨਾ ਦੇ ਲੇਖਕ ਵਲ ਵਧੇਰੇ ਰੁਚਿਤ ਰਹੀ ਹੈ। ਲੇਖਕ ਵਲ ਧਿਆਨ ਕੇਂਦ੍ਰਿਤ ਕਰਨਾ ਅਤੇ ਉਸੇ ਬਿੰਦੂ ਉੱਪਰ ਸਥਿਰ ਹੋ ਕੇ ਰਚਨਾ ਦੇ ਚੰਗੇ ਮੰਦੇ ਹੋਣ ਦਾ ਨਿਰਣਾ ਦੇਣਾ ਪੰਜਾਬੀ ਆਲੋਚਕਾਂ ਦਾ ਸਹਿਜ ਧਰਮ ਬਣਿਆ ਰਿਹਾ ਹੈ ਪਰੰਤੂ ਜਦੋਂ ਅਸੀਂ ਲੇਖਕ ਦੇ ਬਿੰਦੂ ਉੱਪਰ ਰੁਕ ਜਾਣ ਦੀ ਧਾਰਨਾ ਨੂੰ ਲਾਂਭੇ ਕਰਕੇ ਰਚਨਾ ਦੇ ਸੰਸਾਰ ਵਿਚ ਪ੍ਰਵੇਸ਼ ਕਰਦੇ ਹਾਂ ਤਾਂ ਸਾਨੂੰ ਲੇਖਕਾਂ ਅਤੇ ਉਹਨਾਂ ਦੀਆਂ ਰਚਨਾਵਾਂ ਬਾਰੇ ਕੀਤੇ ਆਲੋਚਨਾਤਮਕ ਨਿਰਣੇ ਬੇਕਾਰ ਅਤੇ ਨਿਰਾਧਾਰ ਲਗਣ ਲਗਦੇ ਹਨ। 'ਡਰਪੋਕ ਸਿੰਘ' ਵਾਰਤਕ ਪੁਸਤਕ ਨੂੰ ਵੀ ਰਚਨਹਾਰ ਵਿਅਕਤੀ ਨਾਲੋਂ ਤੋੜ ਕੇ ਇਕ ਸੰਰਚਿਤ ਸੰਸਾਰ ਦੇ ਰੂਪ ਵਿਚ ਗ੍ਰਹਿਣ ਕਰਦੇ ਹਾਂ ਤਾਂ ਸਾਡੇ ਲਈ ਗਿਆਨ ਅਤੇ ਅਨੁਭਵ ਦੇ ਨਵੇਂ ਦਰਵਾਜ਼ੇ ਖੁੱਲ੍ਹਦੇ ਹਨ। ਇਸ ਪੁਸਤਕ ਦੀ ਵਾਰਤਕ-ਰਚਨਾ ਦੇ ਸੰਸਾਰ ਵਿਚ ਦਾਖ਼ਲ ਹੋਣ ਲਈ ਅਸੀਂ ਥੀਮਕ ਵਿਸ਼ਲੇਸ਼ਣ ਵਿਧੀ ਦੀ ਸਹਾਇਤਾ ਲੈਂਦੇ ਹਾਂ। ਥੀਮਕ ਵਿਧੀ ਤੋਂ ਭਾਵ ਥੀਮਾਂ ਦੇ ਅਧਿਐਨ ਰਾਹੀਂ ਵਾਰਤਕ-ਰਚਨਾ ਦੀ ਤਹਿ ਵਿਚ ਲੁਕੇ ਆਂਤ੍ਰਿਕ ਅਰਥਾਂ ਤਕ ਪਹੁੰਚਣਾ ਹੈ, ਤਾਂ ਜੋ ਇਸ ਦੀ ਥੀਮਕ ਵਿਲੱਖਣਤਾ ਦਾ ਗਿਆਨ ਹੋ ਸਕੇ। ਪਹਿਲੀ ਪੱਧਰ ਉਤੇ ਵਾਰਤਕ ਦੀ ਪਾਠ-ਮੂਲਕ ਸਤਹਿ ਅਤੇ ਦੂਜੀ ਪੱਧਰ ਤੇ ਵਾਰਤਕ ਦੀ ਨਿਮਨ-ਸਤਹੀ ਸੰਰਚਨਾ ਨੂੰ ਪਛਾਣ ਕੇ ਇਸ ਦਾ ਵਿਸ਼ਲੇਸ਼ਣ ਕਰਨ ਨਾਲ ਹੀ ਅਸੀਂ ਗਿਆਨੀ ਦਿੱਤ ਸਿੰਘ ਦੀ ਇਸ ਪੁਸਤਕ ਦੀ ਵਾਰਤਕ ਦੀ ਵਿਲੱਖਣਤਾ ਤਕ ਪਹੁੰਚ ਸਕਦੇ ਹਾਂ।

'ਡਰਪੋਕ ਸਿੰਘ' ਪੁਸਤਕ ਵਿਚਲਾ ਗਲਪ (ਵਾਰਤਕ ਸੰਵਾਦ) ਸ਼ਬਦਾਂ ਦੁਆਰਾ ਰਚਿਤ ਖ਼ੁਦਮੁਖ਼ਤਾਰ ਪ੍ਰਬੰਧ ਹੈ। ਬੇਸ਼ਕ ਇਸ ਵਿਚ ਸ਼ਬਦ ਚਿਹਨ-ਰੂਪ ਵਿਚ ਵਰਤੇ ਗਏ ਹਨ, ਜਿਸ ਦੇ ਫਲਸਰੂਪ ਵਾਰਤਕ-ਬਿਰਤਾਂਤ ਸੰਰਚਨਾ ਇਕ ਗਲਪ-ਸੰਸਾਰ ਦਾ ਰੂਪ ਧਾਰਦੀ ਹੈ। ਇਸ

ਵਾਰਤਕ ਬਿਰਤਾਂਤ ਦੀ ਵਿਲੱਖਣਤਾ ਜਾਂ ਇਸ ਦੀ ਹੋਂਦ ਵਿਧੀ ਨੂੰ ਭਾਸ਼ਾ ਤੋਂ ਪਾਰ ਹੋ ਕੇ ਹੀ ਸਮਝਿਆ ਜਾ ਸਕਦਾ ਹੈ। ਉਦਾਹਰਣ ਵਜੋਂ:-

"ਡਰਪੋਕ ਸਿੰਘ - ਸਿੱਧ ਗਯਾਨ ਤਾਂ ਏਹੋ ਹੈ ਜੋ ਜਾਤਿ ਪਰਮੇਸਰ ਨੇ ਬਣਾਈ ਹੈ ਕਿਸੇ ਮਨੁੱਖ ਨੇ ਨਹੀਂ ਕੀਤੀ। ਇਸ ਵਾਸਤੇ ਜੋ ਜਿਸ ਜਾਤਿ ਵਿਚ ਪੈਦਾ ਹੋਵੇ ਸੋ ਉਥੇ ਹੀ ਰਹੇ ਐਵੇਂ ਭਟਕਦਾ ਨਾ ਫਿਰੇ।।

ਦਲੇਰ ਸਿੰਘ - ਭਾਈ! ਜੇ ਪੰਜ ਚਾਰ ਸਾਲ ਦਾ ਬੱਚਾ ਯਾ ਜਦ ਕੋਈ ਬੱਚਾ ਜਨਮਦਾ ਹੈ ਤਦ ਉਸ ਨੂੰ ਜੇ ਚੁਰਾਹੇ ਵਿਚ ਰੱਖ ਦਈਏ ਤਦ ਕਯਾ ਲੋਗ ਆਖ ਸਕਦੇ ਹਨ ਜੋ ਉਹ ਕਿਸ ਜਾਤਿ ਦਾ ਹੈ ਅਤੇ ਉਸ ਦੇ ਸਿਰ ਪਰ ਯਾ ਸਰੀਰ ਪਰ ਕੋਈ ਅਜੇਹੀ ਨਸ਼ਾਨੀ ਹੁੰਦੀ ਹੈ ਜੋ ਉਸਨੂੰ ਦੱਸਦੀ ਹੋਵੇ ਕਿ ਇਸਦੀ ਇਹ ਜਾਤਿ ਹੈ।।

ਡਰਪੋਕ ਸਿੰਘ - ਇਹ ਤਾਂ ਨਹੀਂ ਆਖ ਸਕਦੇ ਕਿਉਂਕਿ ਕਈ ਬੱਚੇ ਅਜੇਹੇ ਪਾਏ ਜਾਂਦੇ ਹਨ ਜਿਨਾਂ ਦਾ ਇਹ ਪਤਾ ਨਹੀਂ ਲੱਗਦਾ ਜੋ ਕੌਣ ਹੰਦੇ ਹਨ ਇਹ ਤਾਂ ਵੱਡੇ ਹੋ ਕੇ ਪਤਾ ਲਗਦਾ ਹੈ ਜਦ ਉਸਦੇ ਮਾਂ ਪਿਉ ਉਸਦਾ ਨਾਉਂ ਰਖਦੇ ਹਨ ਅਤੇ ਨਾਲ ਹੀ ਸੰਸਕਾਰ ਕਰਦੇ ਹਨ।

ਦਲੇਰ ਸਿੰਘ - ਭਾਈ ਜੇ ਉਹ ਲੜਕਾ ਹਿੰਦੂਆਂ ਵਿਚ ਮਿਲਾਇਆ ਜਾਵੇ ਭਾਵੇਂ ਉਹ ਮੁਸਲਮਾਨ ਦਾ ਹੀ ਪੁਤ੍ਰ ਕਯੋਂ ਨਾ ਹੋਵੇ ਤਦ ਤੁਸੀਂ ਉਸ ਨੂੰ ਕਯਾ ਆਖੋਗੇ ਅਤੇ ਕਿਸ ਤਰ੍ਹਾਂ ਪਛਾਨਗੋ ਕਿ ਇਹ ਹਿੰਦੂਆ ਦਾ ਨਹੀਂ ਹੈ।

ਡਰਪੋਕ ਸਿੰਘ – ਅਸੀਂ ਉਸਨੂੰ ਹਿੰਦੂ ਹੀ ਆਖੇਂਗੇ ਕਿਉਂ ਕੇ ਸਾਨੂੰ ਉਸਦਾ ਕੀ ਪਤਾ ਹੈ ਜੋ ਕੌਣ ਸੀ ਕੋਈ ਉਸ ਦੇ ਸਿਰ ਪਰ ਕਲਗੀ ਤਾ ਨਹੀਂ ਸੀ ਜੋ ਦਸਦੀ ਹੋਵੇ।।[7]

'ਡਰਪੋਕ ਸਿੰਘ' ਪੁਸਤਕ ਦੀਆਂ ਇਹ ਵਾਰਤਕ ਸਤਰਾਂ ਸਾਡੇ ਸਾਹਮਣੇ ਇਕ ਨਾਟਕੀ ਸਥਿਤੀ ਨੂੰ ਪੇਸ਼ ਕਰਦੀਆਂ ਹਨ। ਇਹ ਇਕ ਵਿਲੱਖਣ ਸਥਿਤੀ ਹੈ। ਡਰਪੋਕ ਸਿੰਘ ਤੇ ਦਲੇਰ ਸਿੰਘ ਵਿਚਕਾਰ ਇਕ ਸੰਵਾਦ ਹੋ ਰਿਹਾ ਹੈ। ਇਹ ਸੰਵਾਦ ਉਤਸੁਕਤਾ ਜਗਾਉਣ ਵਾਲਾ ਹੈ। ਇਹ ਪ੍ਰਸ਼ਨਾਤਮਕ ਸਥਿਤੀ ਹੋਰ ਪ੍ਰਸ਼ਨਾਂ ਨੂੰ ਪੈਦਾ ਕਰਦੀ ਹੈ। ਪ੍ਰਸ਼ਨ ਪੈਦਾ ਹੁੰਦੇ ਹਨ ਕਿ ਆਖਰ ਮਸਲਾ ਕੀ ਹੈ? ਬੱਚੇ ਦਾ ਧਰਮ ਕੀ ਹੋਇਆ? ਇਹਨਾਂ ਪ੍ਰਸ਼ਨਾਂ ਦਾ ਉੱਤਰ ਵੀ ਇਸ ਵਾਰਤਕ ਸੰਵਾਦ ਵਿਚ ਪਿਆ ਹੈ। ਵਾਰਤਾਲਾਪ ਦਾ ਇਹ ਮੋਟਿਫ਼, ਵਾਰਤਕ-ਮਸਲੇ ਦੀ ਮੁਢਲੀ ਸਥਿਤੀ ਦੇ ਕਈ ਵੇਰਵਿਆਂ ਨੂੰ ਉਜਾਗਰ ਕਰਦਾ ਹੈ। ਵਾਰਤਾਲਾਪ ਦਾ ਪ੍ਰਸੰਗ ਇਕ ਤੁੱਕ ਜਾਂ ਸਚਾਈ ਵਲ ਸੰਕੇਤ ਕਰ ਰਿਹਾ ਹੈ। ਡਰਪੋਕ ਸਿੰਘ ਤੇ ਦਲੇਰ ਸਿੰਘ ਦਾ ਵਾਰਤਾਲਾਪ ਇਕ ਅਜਿਹੀ ਸਥਿਤੀ ਨੂੰ ਉਘਾੜਨ ਵਾਲਾ ਹੈ ਕਿ ਧਰਮ ਜਾਂ ਜ਼ਾਤ ਪਾਤ ਮਨੁੱਖੀ ਦੇਣ ਹੈ ਅਤੇ ਇਸ ਨੂੰ ਤਾਂ ਮਨੁੱਖ ਨੇ ਖ਼ੁਦ ਸਿਰਜਿਆ ਹੈ, ਜਿਵੇਂ ਬੱਚੇ ਦੇ ਉਦਾਹਰਣ ਨਾਲ ਦਸਿਆ ਹੈ ਕਿ ਜੇਕਰ ਇਥੇ ਛੋਟੇ ਜਿਹੇ ਬੱਚੇ ਨੂੰ ਚੁਰਸਤੇ ਵਿਚ ਬਿਠਾ ਦਿੱਤਾ ਜਾਵੇ ਤੇ ਅਜਨਬੀ ਲੋਕਾਂ ਨੂੰ ਉਸਦੀ ਜ਼ਾਤ ਬਾਰੇ ਪੁਛਿਆ ਜਾਵੇ ਤਾਂ ਕੋਈ ਨਹੀਂ ਦੱਸ ਸਕਦਾ ਕਿ ਉਹ ਬੱਚਾ ਕਿਹੜੀ ਜ਼ਾਤ ਨਾਲ ਸੰਬੰਧ ਰੱਖਦਾ ਹੈ। ਇਸ ਵਾਰਤਲਾਪ ਦੇ ਪਿਛੋਕੜ ਵਿਚ ਇਕ ਸਥਿਤੀ ਉਸਾਰੀ ਹੈ ਜਾਂ ਇਕ ਜ਼ਾਤ ਪ੍ਰਬੰਧ ਕੰਮ ਕਰ ਰਿਹਾ ਹੈ। ਗੁਰੂ ਗੋਬਿੰਦ ਸਿੰਘ ਦੁਆਰਾ ਖ਼ਾਲਸਾ ਪੰਥ ਸਾਜਣ ਉਪਰੰਤ ਉਹਨਾਂ ਨੇ ਸਭ ਧਰਮਾਂ ਦੇ ਮਨੁੱਖਾਂ ਨੂੰ ਅੰਮ੍ਰਿਤ ਛਕਾ ਕੇ, ਜ਼ਾਤ ਪਾਤ ਨੂੰ ਖ਼ਤਮ ਕਰਕੇ ਖ਼ਾਲਸਾ ਪੰਥ ਦੀ ਨੀਂਹ ਰੱਖੀ। ਗਿਆਨੀ ਦਿੱਤ ਸਿੰਘ ਸਮਕਾਲੀ ਸਥਿਤੀ ਨੂੰ ਜਾਂ ਸਮਕਾਲੀ ਥੀਮ ਨੂੰ ਇਸ ਵਾਰਤਾਲਾਪ ਰਾਹੀਂ ਪੇਸ਼ ਕਰਕੇ ਸ਼ਬਦਾਵਲੀ ਥੀਮ ਵਿਚ ਤਬਦੀਲ ਕਰਦੇ ਹਨ ਕਿ ਖ਼ਾਲਸਾ ਪੰਥ ਵਿਚ ਪ੍ਰਵੇਸ਼ ਕਰਨ ਨਾਲ ਜਾਂ ਅੰਮ੍ਰਿਤ ਛਕ ਕੇ ਸਿੰਘ ਸਜਣ ਨਾਲ ਜ਼ਾਤ ਪਾਤ ਦੇ ਬੰਧਨ ਟੁੱਟ ਜਾਂਦੇ ਹਨ। ਇਸ ਤਰ੍ਹਾਂ ਵਾਰਤਕਕਾਰ, ਰਚਨਾ ਵਿਚ ਨਾਟਕੀ ਢੰਗ ਨਾਲ ਇਕ ਵਿਸ਼ੇਸ਼ ਤੇ

ਵਿਲੱਖਣ ਸਥਿਤੀ ਨੂੰ ਭੋਗਦਾ ਹੈ। ਪ੍ਰਚਾਰ ਦਾ ਇਹ ਢੰਗ ਨਿਰੋਲ ਕਥਨ ਵਿਧੀ ਰਾਹੀਂ ਸੰਚਾਰ ਨਹੀਂ ਕਰਦਾ, ਸਗੋਂ ਇਕ ਵਿਸ਼ੇਸ਼ ਤੌਰ ਤੇ ਵਿਲੱਖਣ ਕਲਾਤਮਕ ਕੋਡ ਰਾਹੀਂ ਪੇਸ਼ਕਾਰੀ ਕਰਦਾ ਹੈ। ਇਸ ਵਾਰਤਾਲਾਪ ਦਾ ਆਰੰਭ ਕਥਨ ਦੀ ਤੁਲਨਾ ਵਿਚ ਦਲੀਲਮਈ ਪੇਸ਼ਕਾਰੀ ਵਿਧੀ ਰਾਹੀਂ ਹੋਇਆ ਹੈ। ਇਸ ਵਿਧੀ ਰਾਹੀਂ ਪਾਤਰਾਂ ਦੀ ਮਾਨਸਿਕ ਸਥਿਤੀ ਅਤੇ ਥੀਮਕ ਵਿਸ਼ੇਸ਼ਤਾਵਾਂ ਕਾਰਜ ਅਤੇ ਵਾਰਤਾਲਾਪ ਦੇ ਪੱਧਰ ਉੱਤੇ ਸਮੂਰਤ ਹੁੰਦੀਆਂ ਹਨ।

ਡਰਪੋਕ ਤੇ ਦਲੇਰ ਸਿੰਘ ਦੇ ਵਾਰਤਾਲਾਪ ਵਾਲੇ ਇਸ ਮੋਟਿਫ਼ ਵਿਚ ਕੁਝ ਅਜਿਹੇ ਵੇਰਵੇ ਵੀ ਹਨ, ਜੋ ਸ਼ੈਲੀਗਤ ਪੱਧਰ ਤੇ ਸਥਿਤੀ ਦੇ ਵਿਗੋਪਨ ਨੂੰ ਹੋਰ ਉਘੜਵੇਂ ਰੂਪ ਵਿਚ ਪੇਸ਼ ਕਰਦੇ ਹਨ। ਵਾਰਤਾਲਾਪ ਦੇ ਵਾਕ ਸ਼ੈਲੀਗਤ ਤੇ ਵਿਆਕਰਣਕ ਪੱਧਰ ਤੇ ਸਾਡਾ ਵਿਸ਼ੇਸ਼ ਧਿਆਨ ਖਿਚਦੇ ਹਨ। ਇਸ ਵਾਰਤਾਲਾਪ ਦੀ ਵਾਰਤਕ ਵਿਆਕਰਣਕ ਤੌਰ ਤੇ ਭਾਵੇਂ ਮੱਧਕਾਲੀ ਪ੍ਰਭਾਵ ਵਾਲੀ ਹੈ, ਪਰੰਤੂ ਇਹ ਵਾਰਤਕ-ਵਾਰਤਲਾਪ, ਭਾਵਾਂ ਨੂੰ ਇਕ ਵਿਲੱਖਣਤਾ ਨਾਲ ਪੇਸ਼ ਕਰਦੇ ਹਨ ਅਤੇ ਜ਼ਾਤ ਪਾਤ ਸੰਬੰਧੀ ਅਤੇ ਖ਼ਾਲਸਾ ਪੰਥ ਪ੍ਰਤਿ ਇਕ ਦਾਰਸ਼ਨਿਕ ਪੱਖ ਨੂੰ ਡੂੰਘਿਆਈ ਨਾਲ ਪ੍ਰਗਟਾਉਂਦੇ ਹਨ। ਇਹ ਗੁਣ ਇਸ ਦੀ ਇਕ ਵਿਲੱਖਣਤਾ ਨੂੰ ਪੇਸ਼ ਕਰਦੇ ਹਨ।

ਇਸ ਵਾਰਤਕ ਸੰਵਾਦ ਵਿਚੋਂ ਮਿਲਦੇ ਵੇਰਵਿਆਂ ਤੋਂ ਪ੍ਰਤੱਖ ਰੂਪ ਵਿਚ ਵਿਰੋਧ ਜੁੱਟ, ਡਰਪੋਕ ਸਿੰਘ/ਦਲੇਰ ਸਿੰਘ ਬਣਦੇ ਹਨ। ਵਾਰਤਕਕਾਰ ਇਸ ਰਚਨਾ ਵਿਚ ਵਾਰਤਕ-ਸੰਵਾਦ ਸਿਰਜਣ ਲਈ ਜੋ ਜੁਗਤ ਵਰਤੋਂ ਵਿਚ ਲਿਆਉਂਦਾ ਹੈ, ਉਸਦੇ ਸੋਮੇ ਸਾਡੇ ਸਮਾਜ ਵਿਚ ਜ਼ਾਤ ਪਾਤ ਪ੍ਰਬੰਧ ਵਿਚੋਂ ਲੱਭੇ ਜਾ ਸਕਦੇ ਹਨ। ਇਸ ਜੁਗਤ ਨੂੰ ਅਸੀਂ ਵਿਰੋਧ-ਨੇਮ ਦੀ ਜੁਗਤ ਕਹਿ ਸਕਦੇ ਹਾਂ। ਵਾਰਤਕਕਾਰ ਦੁਆਰਾ ਸਿਰਜੀ ਇਸ ਸੰਵਾਦੀ ਜੁਗਤ ਵਿਚ ਇਹ ਵਿਰੋਧ-ਜੁੱਟ ਵਿਆਪਕ ਪੱਧਰ ਤੇ ਕਾਰਜਸ਼ੀਲ ਨਜ਼ਰ ਆਉਂਦਾ ਹੈ। ਇਹ ਵਿਰੋਧ-ਜੁੱਟ, (ਡਰਪੋਕ ਸਿੰਘ/ਦਲੇਰ ਸਿੰਘ) ਸਮਕਾਲੀਨ ਸਮਾਜਿਕ ਪ੍ਰਬੰਧ ਵਿਚ ਪਿਆ ਹੈ। ਡਰਪੋਕ ਸਿੰਘ ਇਸ ਸਾਮਾਜਿਕ ਪ੍ਰਬੰਧ ਤੋਂ ਡਰਦਾ ਹੈ ਕਿ ਜੇਕਰ ਮੁਸਲਮਾਨਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਬਣਾ ਲਿਆ ਤਾਂ ਸਿੱਖ ਪੰਥ ਵਿਚ ਗੰਧਲਾਪਣ ਪੈ ਜਾਵੇਗਾ ਪਰੰਤੂ, ਦਲੇਰ ਸਿੰਘ ਦਲੀਲਾਂ ਦੇ ਆਧਾਰ ਤੇ ਇਸ ਸਾਮਾਜਿਕ ਪ੍ਰਬੰਧ ਨੂੰ ਖੋਖਲਾ ਸਾਬਤ ਕਰਦਾ ਹੈ ਅਤੇ ਇਸ ਗੱਲ ਨੂੰ ਠੀਕ ਸਮਝਦਾ ਹੈ ਕਿ

ਮੁਸਲਮਾਨਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਜਾ ਸਕਦਾ ਹੈ ਕਿਉਂਕਿ ਖ਼ਾਲਸਾ ਪੰਥ ਜ਼ਾਤ ਪਾਤ ਤੋਂ ਰਹਿਤ ਪੰਥ ਹੈ। ਉਸ ਦੀ ਇਹ ਦਲੀਲ ਸਾਰਥਕ ਹੈ ਅਤੇ ਇਹ ਜੁਗਤ ਹੀ ਕਾਰਜਸ਼ੀਲ ਸਿੱਧ ਹੁੰਦੀ ਹੈ। ਇਹੀ ਇਸ ਦੀ ਵਿਲੱਖਣਤਾ ਹੈ। ਇਸ ਵਿਚ ਲੇਖਕ ਨੇ ਸੰਵਾਦਾਤਮਕ ਵਿਧੀ ਦੀ ਵਰਤੋਂ ਕੀਤੀ ਹੈ। ਇਸ ਵਿਚ ਜੋ ਵਾਰਤਾਲਾਪ ਹੁੰਦਾ ਹੈ, ਉਹ ਆਮ ਗੱਲਬਾਤ ਅਤੇ ਪੁੱਛ-ਗਿੱਛ ਨਾਲ ਸੰਬੰਧਿਤ ਹੈ। ਇਸ ਵਿਧੀ ਰਾਹੀਂ ਪਾਤਰਾਂ ਦੀ ਮਾਨਸਿਕ ਅਵਸਥਾ ਅਤੇ ਵਿਚਾਰਧਾਰਾ ਦਾ ਤਾਂ ਪਤਾ ਲਗਦਾ ਹੀ ਹੈ ਪਰੰਤੂ, ਇਹ ਵਿਚਾਰਧਾਰਾ ਸਰਬਕਾਲੀ (ਖ਼ਾਲਸਾ ਪੰਥ ਦਾ ਜ਼ਾਤ ਪਾਤ ਰਹਿਤ ਹੋਣਾ) ਹੋਣ ਦੀ ਚੇਸ਼ਟਾ ਵੀ ਕਰਦੀ ਹੈ। ਇਸ ਨਾਲ ਵਾਰਤਾਲਾਪ ਵਿਚ ਅਤੇ ਰਚਨਾ ਵਿਚ ਇਕ ਵਿਲੱਖਣ ਰੌਚਿਕਤਾ ਵੀ ਵਧਦੀ ਹੈ।

'ਮੇਰਾ ਤੇ ਸਾਧੂ ਦਯਾ ਨੰਦ ਦਾ ਸੰਵਾਦ' ਤਾਂ ਗਿਆਨੀ ਦਿੱਤ ਸਿੰਘ ਦੀ ਖ਼ੁਦ ਤੇ ਸਵਾਮੀ ਦਯਾ ਨੰਦ ਦੀ ਆਪਸੀ ਵਾਰਤਾਲਾਪ ਵਿਚ ਲਿਖੀ ਪੁਸਤਕ ਹੈ। ਇਸ ਵਿਚ ਸੰਵਾਦਾਤਮਕ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ। ਗਿਆਨੀ ਦਿੱਤ ਸਿੰਘ ਦੀ ਇਹ ਪੁਸਤਕ ਕੁਝ ਪਹਿਲੂਆਂ ਤੋਂ ਅਤਿਅੰਤ ਹੀ ਮਨੋਰੰਜਕ ਤੇ ਵਿਲੱਖਣ ਹੈ। ਇਕ ਤਾਂ ਇਸ ਪੁਸਤਕ ਵਿਚ ਗਿਆਨੀ ਜੀ ਦੀ ਆਪਣੀ ਜੀਵਨੀ ਦੇ ਸ਼ੁਰੂ ਦੇ ਹਾਲਾਤ ਹਨ, ਦੂਜਾ ਮਹਾਨ ਪਹਿਲੂ ਇਸ ਛੋਟੀ ਜਿਹੀ ਪੁਸਤਕ ਦਾ ਇਹ ਹੈ ਕਿ ਭਾਈ ਦਿੱਤ ਸਿੰਘ ਅੰਦਰ ਵਿੱਦਵਤਾ ਦੇ ਨਾਲ-ਨਾਲ ਨਿਰਭੈਤਾ ਤੇ ਅਦੁੱਤੀ ਸਾਹਸ ਸੀ। ਆਪ ਨੇ ਵੇਲੇ ਦੇ ਮਹਾਨ ਕਥਾਕਾਰ ਸੰਵਾਦੀ ਪੰਡਿਤ ਦਯਾ ਨੰਦ ਕੋਲੋਂ, ਜੋ ਨਿੱਤ ਵੱਡੀਆਂ-ਵੱਡੀਆਂ ਸਭਾਵਾਂ ਵਿਚ ਵੱਡੇ ਵੱਡੇ ਗੁਣੀ ਗਿਆਨੀਆਂ ਨੂੰ ਪਛਾੜਣ ਵਾਲੇ ਸਨ, ਕੋਈ ਭੈ ਨਹੀਂ ਖਾਧਾ ਸਗੋਂ, ਆਪਣੇ ਪੱਖ ਨੂੰ ਏਨੇ ਸਪੱਸ਼ਟ ਤੇ ਜ਼ੋਰਦਾਰ ਢੰਗ ਨਾਲ ਬਿਆਨ ਕੀਤਾ ਕਿ ਆਰੀਆ ਸਮਾਜੀ ਸਾਧੂ ਦਯਾ ਨੰਦ ਨੂੰ ਗਿਆਨੀ ਜੀ ਪਾਸੋਂ ਸ਼ਾਸਤ੍ਰਾਰਥ ਵਿਚ ਤਿੰਨ ਵਾਰ ਹਾਰ ਖਾ ਕੇ ਨਮੋਸ਼ੀ ਉਠਾਉਣੀ ਪਈ। ਇਸ ਪੁਸਤਕ ਵਿਚਲਾ ਵਾਰਤਕ-ਸੰਵਾਦ ਸਾਹਿਤ ਤੇ ਦਾਰਸ਼ਨਿਕਤਾ ਦਾ ਅਨੋਖਾ ਸੁਮੇਲ ਹੈ। ਇਸ ਪੁਸਤਕ ਦੀ ਵਾਰਤਕ ਵਿਚ ਵਾਰਤਾਲਾਪੀ ਜੁਗਤ ਤਿੰਨ ਮੋਟਿਫ਼ਾਂ ਰਾਹੀਂ ਪ੍ਰਸਤੁਤ ਹੁੰਦੀ ਹੈ:

1. ਜਗਤ ਦਾ ਕਰਤਾ ਕੌਣ ਹੈ?

2. ਕੀ ਵੇਦ ਈਸ਼ਵਰ ਨੇ ਉਚਾਰਨ ਕੀਤੇ ਹਨ?

3. ਮੁਕਤੀ ਦਾ ਕਿਆ ਸਰੂਪ ਅਤੇ ਉਸ ਦਾ ਲੱਖਣ ਕਿਆ ਹੈ?

ਉਪਰੋਕਤ ਤਿੰਨ ਮੋਟਿਫ਼ਾਂ ਰਾਹੀਂ ਇਸ ਪੁਸਤਕ ਦੀ ਵਾਰਤਾਲਾਪੀ ਵਾਰਤਕ ਰਾਹੀਂ ਥੀਮ ਦੇ ਸੰਗਠਨਕਾਰੀ ਤੱਤਾਂ ਦਾ ਵਿਖੰਡਨ ਹੁੰਦਾ ਹੈ। ਪਹਿਲੀ ਮੋਟਿਫ਼ੀ ਜੁਗਤ ਅਨੁਸਾਰ ਸਵਾਮੀ ਦਯਾ ਨੰਦ ਅਨੁਸਾਰ ਜਗਤ ਕਰਤਾ ਈਸ਼ਵਰ ਹੈ। ਗਿਆਨੀ ਦਿੱਤ ਸਿੰਘ ਇਸ ਅਰਥਸ਼ੀਲ ਮੋਟਿਫ਼ ਰਾਹੀਂ, ਜੋ ਸੰਵਾਦੀ ਜੁਗਤ ਦਾ ਪ੍ਰੇਰਕ ਹੈ, ਘਟਨਾ ਨੂੰ ਹੋਰ ਵਿਸਥਾਰ ਦਿੰਦੇ ਹਨ, ਜਦੋਂ ਉਹ ਸਾਧੂ ਨੂੰ ਪੁਛਦੇ ਹਨ ਕਿ "ਈਸ਼ਵਰ ਇਸ ਜਗਤ ਨੂੰ ਆਪਣੇ ਆਪ ਤੋਂ ਅਰਥਾਤ ਆਪਨੇ ਵਿਚੋਂ ਪੈਦਾ ਕਰਦਾ ਹੈ ਕਿ ਅਪਨੇ ਤੋਂ ਭਿੰਨ ਕਿਸੇ ਹੋਰ ਵਸਤੂ ਤੇ?" ਪੰਡਤ ਜੀ ਉੱਤਰ ਦਿੰਦੇ ਹਨ ਕਿ, "ਈਸ਼ਵਰ ਆਪਨੇ ਆਪ ਵਿਚੋਂ ਕਿਥੋਂ ਕਰੇਗਾ ਕਿਉਂਕਿ ਉਹ ਨਿਰਾਕਾਰ ਹੈ ਕਿੰਤੂ ਚਾਰੇ ਪ੍ਰਮਾਣੂਆਂ ਤੇ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ।" ਗਿਆਨੀ ਦਿੱਤ ਸਿੰਘ ਫਿਰ ਪ੍ਰਸ਼ਨ ਕਰਦੇ ਹਨ ਕਿ, "ਉਹ ਪ੍ਰਮਾਣੂ ਕਿਥੋਂ ਲਿਆਉਂਦਾ ਹੈ, ਜਿਨ੍ਹਾਂ ਨਾਲ ਜਗਤ ਰਚਦਾ ਹੈ?"

> ਸਾਧੂ ਦਯਾ ਨੰਦ ਦਾ ਜਵਾਬ: "ਇਹ ਤ੍ਰਿਸ ਰੇਣੂ ਜੋ ਆਕਾਸ ਵਿਚ ਭ੍ਰਮਣ ਕਰਦੇ ਦਿਖਾਈ ਦੇਂਦੇ ਹਨ ਇਨ੍ਹਾਂ ਨੂੰ ਹੀ ਆਪਸ ਵਿਚ ਮਿਲਾ ਮਿਲਾ ਦੁਅਣ ਅਤੇ ਤ੍ਰਿਅਣਕ ਬਨਾ ਕੇ ਜਗਤ ਰਚਨਾ ਕਰ ਦੇਂਦਾ ਹੈ।" ਗਿਆਨੀ ਦਿੱਤ ਸਿੰਘ ਦਾ ਪ੍ਰਸ਼ਨ ਪ੍ਰਮਾਣੂ ਕਿਤਨੇ ਹਨ ਜਿਨ੍ਹਾਂ ਤੇ ਇਹ ਪ੍ਰਪੰਚ ਬਨਦਾ ਹੈ, ਅਰ ਇਨ੍ਹਾਂ ਦੁਆਰੇ ਕਿਸ ਤਰ੍ਹਾਂ ਈਸ਼ਵਰ ਜਗਤ ਰਚਨਾ ਕਰ ਲੈਂਦਾ ਏ ਇਸ ਦਾ ਕਰਮ ਖੋਲ ਕੇ ਦਸੋ?"
>
> ਸਾਧੂ ਦਯਾ ਨੰਦ ਦਾ ਜਵਾਬ – "ਅਕਾਸ ਵਿਚ ਪ੍ਰਿਥਵੀ, ਜਲ ਅਤੇ ਵਾਯੂ ਦੇ ਪ੍ਰਮਾਣੂ ਸੂਖਮ ਰੂਪ ਹੋ ਕੇ ਫੈਲੇ ਹੋਏ ਭਰਮਨ ਕਰਦੇ ਸਨ ਜਿਨ੍ਹਾਂ ਨੂੰ ਈਸ਼ਵਰ ਨੇ ਅਪਨੀ ਸ਼ਕਤੀ ਦੁਆਰੇ ਜੁਦੇ ਜੁਦੇ ਮਿਲਾ ਦਿੱਤਾ ਇਨ੍ਹਾਂ ਤੋਂ ਫਿਰ ਯਥਾ ਕ੍ਰਮ ਇਹ ਸਥੂਲ ਬ੍ਰਹਮਾਂਡ

ਉਤਪਤ ਹੋ ਗਿਆ। ਜੈਸਾ ਕਿ ਪ੍ਰਿਥਵੀ ਦੇ ਪ੍ਰਮਾਣੂਆਂ ਤੇ ਪ੍ਰਿਥਵੀ, ਜਲ ਦਿਆਂ ਤੇ ਜਲ ਅਗਨੀ ਦਿਆਂ ਪ੍ਰਮਾਣੂਆਂ ਤੇ ਅਗਨੀ ਅਤੇ ਵਾਯੂ ਦਿਆਂ ਪ੍ਰਮਾਣੂਆਂ ਤੇ ਵਾਯੂ ਹੋ ਗਈ।"

ਗਿਅਨੀ ਦਿੱਤ ਸਿੰਘ - "ਇਨ੍ਹਾਂ ਚਾਰਾਂ ਤੱਤਾਂ ਦੇ ਪ੍ਰਮਾਣੂ ਅੱਗੇ ਹੀ ਬਨੇ ਹੋਏ ਸਨ ਕਿ ਇਨ੍ਹਾਂ ਨੂੰ ਹੀ ਈਸ਼ਵਰ ਨੇ ਰਚਿਆ ਸਾ ਅਰਥਾਤ ਪ੍ਰਮਾਣੂ ਅਨਾਦੀ ਹਨ ਕਿ ਨਾਦੀ ਜਿਨ੍ਹਾਂ ਨਾਲ ਈਸ਼ਵਰ ਜਗਤ ਰਚਦਾ ਹੈ।"

ਸਾਧੂ ਦਯਾ ਨੰਦ - "ਈਸ਼ਵਰ ਕੋਈ ਸਾਕਾਰ ਪਦਾਰਥ ਨਹੀਂ ਜੋ ਸਥੂਲ ਤੱਤਾਂ ਨੂੰ ਆਤਮਾ ਤੇ ਰਚਦਾ ਕਿੰਤੂ ਇਹ ਚਾਰੇ ਤੱਤਾਂ ਦੇ ਪ੍ਰਮਾਣੂ ਅਗੇ ਹੀ ਹਨ ਅਰ ਇਹ ਅਨਾਦੀ ਹਨ ਜਿਸਤੇ ਈਸ਼ਵਰ ਨੇ ਇਨ੍ਹਾਂ ਨੂੰ ਪ੍ਰਸਪਰ ਮਿਲਾ ਕੇ ਜਗ ਰਚਨਾ ਕਰ ਲੀਤੀ ਹੈ।"

ਗਿਆਨੀ ਦਿੱਤ ਸਿੰਘ- "ਤਾਂ ਈਸ਼ਵਰ ਇਕ ਕਾਰੀਗਰ ਰਾਜ ਵਾਂਗ ਸਿੱਧ ਹੁੰਦਾ ਹੈ ਜਿਸ ਤਰ੍ਹਾਂ ਉਹ ਇੱਟਾਂ ਚੂਨਾ ਗਾਰਾ ਅਤੇ ਲਕੜੀ ਆਦਿਕ ਦਾ ਕਰਤਾ ਨਹੀਂ ਹੁੰਦਾ ਪਰੰਤੂ ਉਨ੍ਹਾਂ ਨੂੰ ਤਰਤੀਬ ਵਾਰ ਮਿਲਾ ਕੇ ਇਕ ਮਕਾਨ ਬਣਾ ਦੇਂਦਾ ਹੈ, ਇਸੀ ਤਰ੍ਹਾਂ ਈਸ਼ਵਰ ਦਾ ਭੀ ਹਾਲ ਹੈ, ਜੋ ਇਨ੍ਹਾਂ ਪ੍ਰਮਾਣੂਆਂ ਦਾ ਕਰਤਾ ਨਹੀਂ ਕਿੰਤੂ ਇਨ੍ਹਾਂ ਨਾਲ ਮਿਲਾ ਕੇ ਜਗਤ ਨੂੰ ਇਸ ਢਾਂਚੇ ਪਰ ਲਿਆਉਣ ਦੀ ਸ਼ਕਤੀ ਰੱਖਦਾ ਹੈ।" [8]

ਇਸ ਤਰ੍ਹਾਂ ਗਿਆਨੀ ਦਿੱਤ ਸਿੰਘ ਪੰਡਤ ਦਯਾ ਨੰਦ ਨਾਲ। ਇਸ ਵਿਸ਼ੇ ਤੇ ਸੰਵਾਦ ਰਚਾਉਂਦੇ ਹੋਏ ਆਖਰ ਵਿਚ ਇਹ ਸਿੱਧ ਕਰਦੇ ਹਨ ਕਿ ਈਸ਼ਵਰ ਦੀ ਅਕਲ ਇਕ ਰਸੋਈ ਕਰਨ ਵਾਲੀ ਬੁੱਢੀ ਜਿੰਨੀ ਹੀ ਪ੍ਰਤੀਤ ਹੁੰਦੀ ਹੈ। ਇਸ ਤੋਂ ਵਾਰਤਾਲਾਪ ਵਿਚ ਇਕ ਵਿਲੱਖਣ ਦਾਰਸ਼ਨਿਕਤਾ ਪੈਦਾ ਹੁੰਦੀ ਹੈ, ਜਦੋਂ ਸਾਧੂ ਦਯਾ ਨੰਦ ਜੀ ਕਹਿੰਦੇ ਹਨ, "ਤੁਮ ਜੋ ਈਸ਼ਵਰ ਕੋ

ਬੁਢੀ ਕੀ ਤੁਲਨਾ ਦੇਤੇ ਹੋ ਤੇ ਉਸ ਬੁਢੀ ਸੇ ਜਗਤ ਕੀ ਕੁਛ ਤੋ ਰਚਨਾ ਕਰਾਦੋ ਜਿਸ ਸੇ ਤੁਮਾਰਾ ਪੱਖ ਸਿੱਧ ਹੋ ਜਾਏ।"[9]

> ਮੈਂ ਆਖਯਾ ਕਿ ਆਪ ਜੇ ਬੁਢੀ ਤੇ ਜਗਤ ਬਣਵਾਉਣਾ ਚਾਹੁੰਦੇ
> ਹੋ ਤਾਂ ਤੁਸੀਂ ਭੀ ਆਪਨੇ ਈਸ਼ਵਰ ਪਾਸੋਂ ਥੋੜਾ ਜੇਹਾ ਆਲੂਆਂ
> ਦਾ ਸਲੂਣਾ ਅਤੇ ਮਿੱਠਾ ਪਲਾਉ ਤਾਂ ਬਣਵਾ ਦਿਓ।[10]

ਇਸ ਤਰ੍ਹਾਂ ਅਜਿਹੀ ਦਾਰਸ਼ਨਿਕ ਚਰਚਾ ਰਾਹੀਂ ਗਿਆਨੀ ਦਿੱਤ ਸਿੰਘ ਸਾਧੂ ਦਯਾ ਨੰਦ ਨੂੰ ਇਸ ਵਿਸ਼ੇ ਤੇ ਨਿਰ ਉਤਰ ਕਰ ਦਿੰਦੇ ਹਨ, ਪਰੰਤੂ ਉਪਰੋਕਤ ਵਾਰਤਾਲਾਪ ਵਿਚ ਇਕ ਵਿਸ਼ੇਸ਼ ਕਲਾਤਮਕ ਵਿਲੱਖਣਤਾ ਹੈ। ਕਲਾਤਮਕਤਾ ਸਿਰਜਣ ਦੀ ਇਸ ਪ੍ਰਕ੍ਰਿਆ ਨੂੰ ਸਕਲੈਵਸਕੀ ਨੇ ਅਜਨਬੀਕਰਣ ਦਾ ਨਾਂ ਦਿੱਤਾ ਹੈ।[11] ਕੋਈ ਗਲਪਕਾਰ/ਗਦਕਾਰ ਥੀਮ ਨੂੰ ਐਵੇਂ ਹੀ ਪੇਸ਼ ਨਹੀਂ ਕਰ ਦਿੰਦਾ ਸਗੋਂ, ਉਹ ਉਸ ਨੂੰ ਕਲਾਮਈ ਢੰਗ ਨਾਲ ਪੇਸ਼ ਕਰਦਾ ਹੈ। ਵਿਸਾਹ -ਸਿਰਜਣ ਇਕ ਹੋਰ ਮਹੱਤਵਪੂਰਨ ਜੁਗਤ ਹੈ।[12] ਇਹ ਇਕੋ ਵੇਲੇ ਅਜਨਬੀਕਰਣ ਵੀ ਕਰਦੀ ਹੈ ਅਤੇ ਗਲਪ ਦੁਆਲੇ ਵਾਸਤਵਿਕਤਾ ਦਾ ਭਰਮ ਵੀ ਉਸਾਰਦੀ ਹੈ। ਉਪਰੋਕਤ ਵਾਰਤਾਲਾਪ ਦੀ ਸੰਵਾਦੀ ਸੁਰ ਨੂੰ ਅਸੀਂ "ਵਿਆਹ-ਦਰ-ਵਿਆਹ ਸਿਰਜਣ ਦੀ ਜੁਗਤ" ਕਹਿ ਸਕਦੇ ਹਾਂ। ਭਾਵੇਂ ਵਾਰਤਕਕਾਰ ਗਿਆਨੀ ਦਿੱਤ ਸਿੰਘ ਨੇ ਸੁਚੇਤ ਪੱਧਰ ਤੇ ਇਸ ਖ਼ਾਸ ਜੁਗਤ ਦੀ ਵਰਤੋਂ ਨਹੀਂ ਕੀਤੀ ਪਰੰਤੂ, ਅਚੇਤ ਤੌਰ ਤੇ ਇਹ ਜੁਗਤ ਇਸ ਵਾਰਤਾ ਵਿਚ ਆ ਗਈ ਹੈ। ਵਿਸਾਹ-ਸਿਰਜਣਾ ਦਾ ਇਹ ਮੋਟਿਫ਼, ਰਚਨਾ ਦਾ ਅਜਨਬੀਕਰਨ ਕਰਕੇ ਵਾਰਤਾਲਾਪ ਜਾਂ ਗਲਪ ਵਿਚਲੇ ਕਲਪਿਤ ਸੰਸਾਰ ਨੂੰ ਵਾਸਤਵਿਕਤਾ ਦਾ ਰੂਪ ਪ੍ਰਦਾਨ ਕਰਾਉਂਦਾ ਹੈ। ਗਿਆਨੀ ਦਿੱਤ ਸਿੰਘ ਰਚਿਤ ਇਸ ਪੁਸਤਕ ਦੀ ਵਾਰਤਾ ਵਿਚ ਇਸ ਕਲਾਤਮਕ ਵਿਲੱਖਣਤਾ ਨੂੰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਇਸ ਪੁਸਤਕ ਵਿਚ ਗਿਆਨੀ ਦਿੱਤ ਸਿੰਘ ਵਲੋਂ ਕੀਤੀ ਗਈ ਬਹਿਸ ਵਿਚ ਉਨ੍ਹਾਂ ਦਾ ਵੱਖ-ਵੱਖ ਵਿਸ਼ਿਆਂ ਉੱਪਰ ਪ੍ਰਾਪਤ ਕੀਤੇ ਗਿਆਨ ਬਾਰੇ ਵੀ ਪਤਾ ਚਲਦਾ ਹੈ ਅਤੇ ਉਹ ਇਕ ਵਿਦਵਾਨ ਪੁਰਸ਼ ਵਜੋਂ ਸਾਹਮਣੇ ਆਉਂਦੇ ਹਨ, ਜੋ ਆਪਣੇ ਗਿਆਨ ਤੇ ਅਧਾਰਿਤ ਸੰਵਾਦ ਰਾਹੀਂ ਵੱਡੇ ਵੱਡੇ ਅਖੌਤੀ ਮਹਾਂਰਥੀਆਂ ਨੂੰ ਅੱਗੇ ਲਾ ਲੈਂਦੇ

ਸਨ। ਇਸ ਪੁਸਤਕ (ਪੰਡਤ ਦਯਾ ਨੰਦ ਨਾਲ ਮੇਰਾ ਸੰਵਾਦ) ਵਿਚ ਤਿੰਨ ਸੰਵਾਦ ਹਨ, ਜੋ ਪ੍ਰਭੂ ਦੇ ਕਰਤਾ ਹੋਣ, ਵੇਦਾਂ ਦੇ ਰੱਬੀ ਕਿਰਨ ਹੋਣ ਤੇ ਮੁਕਤੀ ਦੇ ਸਰੂਪ ਸੰਬੰਧੀ ਹਨ। ਇਹਨਾਂ ਤਿੰਨ ਮੋਟਿਫ਼ਾਂ (ਜੁਗਤ ਤੇ ਪ੍ਰੇਰਕ) ਰਾਹੀਂ ਗਿਆਨੀ ਦਿੱਤ ਸਿੰਘ ਨੇ ਸਾਧੂ ਦਯਾ ਨੰਦ ਨੂੰ ਨਿਰ-ਉੱਤਰ ਕਰ ਦਿੱਤਾ ਅਤੇ ਦੱਸਿਆ ਕਿ ਇਸ ਬਿਪਰਵਾਦੀ ਸਾਧੂ ਦੀ ਪੰਜਾਬ ਵਿਚ ਮਾਨਤਾ ਉਸ ਦੇ ਗਿਆਨ ਕਰਕੇ ਨਹੀਂ ਸਗੋਂ, ਪੰਜਾਬ ਦੇ ਪੰਡਤਾਂ ਦੀ ਅਗਿਆਨਤਾ ਕਾਰਨ ਹੋਈ। ਗਿਆਨੀ ਦਿੱਤ ਸਿੰਘ ਅਨੁਸਾਰ ਸਵਾਮੀ ਦਯਾ ਨੰਦ ਪੜ੍ਹੇ ਲਿਖੇ ਤਾਂ ਸਨ ਪਰੰਤੂ, ਉਹਨਾਂ ਨੂੰ ਤਰਕ ਦਾ ਅਨੁਭਵ ਨਹੀਂ ਸੀ। ਸਵਾਮੀ ਜੀ ਟਿਚਕਰਾਂ ਪਲਸੇਟਾਬਾਜ਼ੀ ਤੇ ਹੋਰ ਕਈ ਚਤੁਰਾਈਆਂ ਤੋਂ ਕੰਮ ਲੈਂਦੇ ਸਨ ਅਤੇ ਦਲੀਲ ਅਧਾਰਤ ਬਹਿਸ ਨਹੀਂ ਕਰ ਸਕਦੇ ਸਨ। ਸਾਧੂ ਦਯਾ ਨੰਦ ਦਰਸ਼ਨ ਦੇ ਗਿਆਤਾ ਨਹੀਂ ਸਨ, ਕੇਵਲ ਵੇਦ-ਵਿਦਿਆ ਹੀ ਜਾਣਦੇ ਸਨ। ਇਸ ਪੁਸਤਕ ਦੀ ਸੰਵਾਦੀ ਵਾਰਤਕ ਦੀ ਵਿਲੱਖਣਤਾ ਹੀ ਇਹ ਹੈ ਕਿ ਗਿਆਨੀ ਦਿੱਤ ਸਿੰਘ ਤਰਕ ਤੇ ਦਲੀਲ ਨਾਲ ਦਾਰਸ਼ਨਿਕ ਵਿਸ਼ਿਆਂ ਤੇ ਗਲਬਾਤ ਕਰਕੇ ਸ੍ਰੋਤੇ/ਪਾਠਕਾਂ ਨੂੰ ਇਕਸੁਰ ਕਰ ਦਿੰਦੇ ਹਨ। ਉਹ ਪਾਠਕਾਂ ਵਿਚ ਉਤਸੁਕਤਾ ਨੂੰ ਹੋਰ ਡੂੰਘਾ ਕਰ ਦਿੰਦੇ ਹਨ। ਸਵਾਮੀ ਜੀ ਗੰਭੀਰ ਤੇ ਦਾਰਸ਼ਨਿਕ ਸਥਿਤੀ ਨੂੰ ਵਿਅੰਗ ਵਿਚ ਉਡਾਉਣ ਦੀ ਜੁਗਤ ਵਰਤਦੇ ਹਨ ਪਰੰਤੂ, ਗਿਆਨੀ ਦਿੱਤ ਸਿੰਘ ਉਸ ਦੀ ਇਸ ਜੁਗਤ ਨੂੰ ਦਲੀਲ ਤੇ ਤਰਕ ਦੇ ਆਧਾਰ ਤੇ ਵਧੇਰੇ ਦਿਲਚਸਪ ਬਣਾ ਕੇ ਪਾਠਕ/ਸਰੋਤਿਆਂ ਵਿਚ ਹੋਰ ਉਤਸੁਕਤਾ ਜਗਾਉਣ ਦੀ ਵਿਲੱਖਣ ਮੁਹਾਰਤ ਰੱਖਦੇ ਹਨ।

'ਦੰਭ ਵਿਦਾਰਨ' ਪੁਸਤਕ, ਜੋ ਆਰੀਆ ਸਮਾਜ ਦੀ ਬਾਈਬਲ ਹੈ, ਵਿਚ ਗਿਆਨੀ ਦਿੱਤ ਸਿੰਘ ਨੇ ਸਵਾਮੀ ਦਯਾ ਨੰਦ ਦੀ ਪੁਸਤਕ, 'ਸਤਿਆਰਥ ਪ੍ਰਕਾਸ਼' ਦੀ ਪਹਿਲੀ ਜਿਲਦ (1857) ਵਿਚਲੀ ਵਿਚਾਰਧਾਰਾ ਦੀ ਕਰੜੀ ਆਲੋਚਨਾ ਕੀਤੀ ਹੈ। ਇਹ ਪਹਿਲੀ ਜਿਲਦ ਪੰਡਿਤ ਦਯਾ ਨੰਦ ਜੀ ਵਲੋਂ ਵੇਦ ਵਿਧੀ ਦੇ ਵਿਧਾਨ ਦੇ ਰੂਪ ਵਿਚ ਰਚੀ ਗਈ ਪੁਸਤਕ ਹੈ। ਉਸ ਸਮੇਂ ਪੰਜਾਬ ਵਿਚ ਅਵਿੱਦਿਆ ਦਾ ਬੋਲਬਾਲਾ ਸੀ, ਜਿਸ ਕਾਰਨ ਲੋਕਾਂ ਵਿਚ ਜ਼ਿਆਦਾ ਅਗਿਆਨਤਾ ਸੀ। ਇਸ ਲੋਕ-ਅਗਿਆਨਤਾ ਕਾਰਨ ਹੀ ਸਾਧੂ ਦਯਾ ਨੰਦ ਨੇ 'ਲੋਕ ਪ੍ਰਸਿੱਧੀ' ਪ੍ਰਾਪਤ ਕਰ ਲਈ ਸੀ ਪਰੰਤੂ, ਗਿਆਨੀ ਦਿੱਤ ਸਿੰਘ ਨੇ ਗੁਰਮਤਿ ਦਲੀਲ ਤੇ ਤਰਕਮਈ

ਦ੍ਰਿਸ਼ਟੀ ਤੋਂ ਇਸ ਦੀ ਅਸਲੀਅਤ ਨੂੰ ਪਰਖਿਆਂ ਅਤੇ ਲੋਕਾਂ ਨੂੰ ਸਹੀ ਸੇਧ ਦਿੱਤੀ। ਇਸ ਪੁਸਤਕ ਤੋਂ ਗਿਆਨੀ ਦਿੱਤ ਸਿੰਘ ਦੇ ਵਿਦਵਾਨ, ਤਾਰਕਿਕ ਦ੍ਰਿਸ਼ਟੀਕੋਣ ਦਾ ਪਤਾ ਚਲਦਾ ਹੈ। ਉਹਨਾਂ ਦੀ ਇਸ ਪੁਸਤਕ ਤੋਂ ਉਹਨਾਂ ਦੀ ਵਿਦਵਤਾ, ਗੋਸ਼ਟੀਆਂ ਵਿਚ ਦਲੀਲਮਈ ਠਰ੍ਹੰਮਤਾ ਤੇ ਤਾਰਕਿਕ ਸੰਤੁਲਿਤ ਨਜ਼ਰੀਏ ਨਾਲ ਵਿਚਾਰ-ਵਟਾਂਦਰਾ ਕਰਨ ਦੀ ਸ਼ਕਤੀ ਦਾ ਪਤਾ ਲਗਦਾ ਹੈ, ਜਿਸਨੇ ਸਮਕਾਲੀਨ ਸਮਾਜਿਕ ਪਰਿਸਥਿਤੀਆਂ ਬਾਰੇ ਬਹੁ-ਮੁੱਲੀਆਂ ਵਿਲੱਖਣ ਦਲੀਲਾਂ ਪੇਸ਼ ਕੀਤੀਆਂ ਹਨ। ਸਭ ਤੋਂ ਪਹਿਲਾਂ ਸਵਾਮੀ ਦਯਾ ਨੰਦ ਦੀ ਵਿੱਦਿਆ ਦੀਆਂ ਸੀਮਾਵਾਂ ਦਰਸਾਈਆਂ ਗਈਆਂ ਹਨ ਕਿ ਉਹ ਵੇਦ ਦਾ ਵਿਦਵਾਨ ਤਾਂ ਸੀ ਪਰੰਤੂ, ਦਰਸ਼ਨ ਸ਼ਾਸਤਰ ਸੰਬੰਧੀ ਉਸ ਦੀ ਜਾਣਕਾਰੀ ਸੀਮਤ ਸੀ। ਉਸ ਵਿਚ ਵਿਚਾਰਾਂ ਪ੍ਰਤੀ ਸਥਿਰਤਾ ਨਹੀਂ ਸੀ। ਉਹ ਆਪਣੀ ਹੀ ਪਹਿਲਾਂ ਕਹੀ ਗੱਲ ਨੂੰ ਰੱਦ ਕਰਕੇ ਹੋਰ ਦਲੀਲ ਦੇ ਦਿੰਦਾ ਸੀ। ਉਸ ਨੇ ਇਸ ਪੁਸਤਕ ਵਿਚ ਸੰਧਿਆ ਉਪਾਸਨਾ, ਅਗਨੀ ਹੋਤ੍ਰ, ਤਰਪਣ ਕਰਨ ਦੀ ਵਿਧੀ, ਬਲਿ ਦੇਨ ਦੀ ਵਿਧੀ, ਦੂਸਰਾ ਅਗਨੀ ਹੋਤ੍ਰ ਦਾ ਪ੍ਰਕਾਰ ਮਨੁੱਖਯ ਮਾਤ੍ਰ ਲਈ ਕਰਤੱਬਯ, ਨਿਯੋਗ ਵਿਧੀ, ਪੁਤ੍ਰ ਉਤਪੰਨ ਕਰਨ ਦਾ ਢੰਗ ਪਾਰਾਸਰੀ ਸਿੰਮ੍ਰਤੀ ਪਰ ਕੁਤਰਕ, ਮਨੁੱਖ ਦਾ ਗਿਰਨਾ, ਭਖਦਾ ਅਭਦਾਯ ਨਿਰਨਾ, ਮੁਕਤੀ ਦਾ ਪ੍ਰਥਮ ਨਿਸ਼ਚਾ ਜੈਨ ਮਤ ਪਰ ਸਾਧੂ ਦਾ ਦੋਖ ਆਦਿ ਬਾਰੇ ਸਵਾਮੀ ਦਯਾ ਨੰਦ ਦੇ ਵਿਚਾਰਾਂ ਨੂੰ ਰੱਦ ਕਰਕੇ, ਇਹਨਾਂ ਬਾਰੇ ਤਾਰਕਿਕ ਦ੍ਰਿਸ਼ਟੀਕੋਣ ਤੋਂ ਆਪਣੇ ਵਿਚਾਰ ਪੇਸ਼ ਕੀਤੇ ਗਏ ਹਨ।

ਇਹ ਪੁਸਤਕ ਗੱਦ-ਪਦ ਦੋਹਾਂ ਰੂਪਾਂ ਵਿਚ ਲਿਖੀ ਗਈ ਹੈ, ਪਰੰਤੂ ਇਸ ਦੀ ਵਾਰਤਕ ਵਿਚ ਸਾਧੂ ਦਯਾ ਨੰਦ ਦੇ ਵਿਚਾਰਾਂ ਦੀ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਮੀਖਿਆ ਪੇਸ਼ ਕੀਤੀ ਹੈ। ਇਸ ਦੀ ਥੀਮਕ ਵਿਲੱਖਣਤਾ ਇਹ ਹੈ ਕਿ ਇਸ ਵਿਚ ਉਪਰੋਕਤ ਵਿਸ਼ਿਆਂ ਵਿਚਾਰਾਂ ਦੀ ਥੀਮਕ ਪਾਰਲੌਕਿਕਤਾ ਹੈ। ਇਸ ਦੇ ਅਧਿਐਨ-ਵਿਸ਼ਲੇਸ਼ਣ ਕਰਨ ਲੱਗਿਆਂ ਇਸ ਦੀ ਥੀਮਕ ਸਮੱਗਰੀ ਦਾ ਅਤੇ ਥੀਮਕ ਬੁਣਤੀ ਦੇ ਸਮੁੱਚ ਦਾ ਅਹਿਸਾਸ ਹੁੰਦਾ ਹੈ। ਇਸ ਵਿਚ ਵਰਤੇ ਮੋਟਿਫ਼ ਅਤੇ ਥੀਮਾਂ ਗੁੰਜਾਰ ਨੂੰ ਅਨੁਭਵ ਕੀਤਾ ਜਾ ਸਕਦਾ ਹੈ। ਉਦਾਹਰਣ ਵਜੋਂ:

ਹਵਨ ਕਰਨ ਦੀ ਵਿਧੀ ਅਤਿਅੰਤ ਹੀ ਵਿਚਾਰ ਜੋਗ ਹੈ ਅਰ ਇਹਦੇ ਵਿਚਾਰਨੇ ਤੇ ਸਾਫ ਪਾਇਆ ਜਾਂਦਾ ਹੈ ਕਿ ਸਾਧੂ ਕੇਵਲ ਲਕੀਰ ਦਾ ਫ਼ਕੀਰ ਹੋ ਕੇ ਇਸ ਨੂੰ ਲਿਖਦਾ ਹੈ, ਨਹੀਂ ਹੋਰ ਕੋਈ ਭੀ ਲਾਭ ਨਹੀਂ ਹੈ, ਸਗੋਂ ਉਲਟਾ ਨੁਕਸਾਨ ਹੀ ਪਾਇਆ ਜਾਂਦਾ ਹੈ।

ਪਹਿਲੇ ਜੇ ਕਰਕੇ ਇਹ ਮਨਯਾ ਜਾਹੇ ਕੇ ਅਗਨੀ, ਇਕ ਦੇਵਤਾ ਹੈ ਉਸ ਨੂੰ ਹਵਨ ਦੇਨੇ ਤੇ ਉਹ ਪ੍ਰਸੰਨ ਹੋ ਕੇ ਸੁਖ ਪ੍ਰਦਾਨ ਕਰਦਾ ਹੈ ਤਾਂ ਇਸ ਤੇ ਐਹੋ ਸਾਬਤ ਹੋਵੇਗਾ ਕਿ ਵੇਦਾਂ ਵਿਚ ਜੜ ਪਦਾਰਥਾਂ ਦੇ ਪੂਜਨ ਦੀ ਆਗਿਆ ਹੈ, ਅਰ ਸਾਧੂ ਦੇ ਸੇਵਕਾਂ ਦਾ ਇਹ ਦਾਹਵਾ ਕਰਨਾ ਕੇ ਵੇਦਾਂ ਵਿਚ ਈਸ੍ਵਰ ਤੋਂ ਬਿਨ੍ਹਾਂ ਕਿਸੇ ਦੂਸਰੇ ਦੀ ਉਪਾਸਨਾ ਨਹੀਂ ਦਸੀ ਸੋ ਮਿਥਯਾ ਹੋ ਜਾਵੇਗਾ।

ਦੂਸਰਾ ਜੇ ਇਹ ਮੰਨਯਾ ਜਾਏ ਕੇ ਇਹ ਹਵਾ ਅਗਨੀ, ਵਾਸਤੇ ਨਹੀਂ ਹੈ ਕਿੰਤੂ ਅਗਨੀ ਦਾ ਅਭਮਾਨੀ ਦੇਵਤਾ ਹੈ ਉਸ ਦੇ ਵਾਸਤੇ ਹੈ ਅਰ ਉਹ ਅਗਨੀ ਦੁਆਰਾ ਹਵਨ ਲੈ ਕੇ ਪ੍ਰਸੰਨ ਹੁੰਦਾ ਹੈ, ਇਸ ਪਰ ਭੀ ਪ੍ਰਸਨ ਹੁੰਦਾ ਹੈ ਕੇ ਉਹ ਦੇਵਤਾ ਭੀ ਇਕ ਕਲਪਤ ਵਸਤੂ ਹੈ ਜਿਸਦਾ ਗਯਾਨ ਕੇਵਲ ਸ਼ਬਦ ਮਾਤ੍ਰ ਹੀ ਹੈ ਹੋਰ ਕਿਸੀ ਯੁਕਤੀ ਅਤੇ ਉਕਤੀ ਨਾਲ ਸਿੱਧ ਨਹੀਂ ਹੁੰਦਾ ਅਰ ਇਹ ਇਕ ਐਸਾ ਹੀ ਸਮਝਿਆ ਜਾਏਗਾ ਜੈਸਾ ਕੇ ਲੋਗ ਕਿਸੇ ਪਿਪਲ ਯਾ ਬੋੜ੍ਹ ਦੇ ਰੁੱਖ ਪਰ ਧਖ ਦਾ ਭੂਤ ਮੰਨਕੇ ਉਥੇ ਦੁੱਧ ਦਹੀਂ ਅਤੇ ਚੂਰਮੇ ਚੜ੍ਹਾਉਂਦੇ ਹਨ ਇਹੇ ਤਰ੍ਹਾਂ ਵੇਦਾਂ ਵਿਚ ਭੀ ਖਯਾਲੀ ਦੇਵਤਾ ਕਲਪ ਕੇ ਅਗਨੀ ਵਿਚ ਸਾਮਗ੍ਰੀ ਜਲਾਉਨ

ਦੀ ਆਗਿਆ ਦਿਤੀ ਹੈ ਸੋ ਕੋਈ ਬੁਧਿਮਤਾ ਦੀ ਬਾਤ ਨਹੀਂ, ਕਿੰਤੂ ਅਗਯਾਨ ਦਾ ਪਰਿਣਾਮ ਸਮਝਿਆ ਜਾਂਦਾ ਹੈ ਜਿਸਨੂੰ ਸਾਧੂ ਜੀ ਨੇ ਭੀ ਅਪਨੇ ਅਗਯਾਨ ਦੇ ਅਧੀਨ ਹੋ ਕੇ ਹੋਰਨਾਂ ਗੱਲਾਂ ਵਾਂਗ ਮੱਖੀ ਪਰ ਮੱਖੀ ਮਾਰ ਛਡੀ।

ਤੀਸਰਾ ਜੇ ਕਰਕੇ ਇਹ ਕਿਹਾ ਜਾਏ ਜੈਸਾ ਕੇ ਸਾਧੂ ਨੇ ਆਖਯਾ ਹੈ ਕਿ ਹਵਨ ਤੇ ਸੰਸਾਰ ਦਾ ਉਪਕਾਰ ਅਤੇ ਈਸ੍ਵਰ ਉਪਾਸਨਾ ਅਤੇ ਉਸਤਤੀ ਹੁੰਦੀ ਹੈ, ਇਸ ਪਰ ਭੀ ਇਤਨਾ ਆਖਨਾ ਪੈਂਦਾ ਹੈ ਕੇ ਸੰਸਾਰ ਦਾ ਉਪਕਾਰ ਤਾਂ ਇਸ ਤੇ ਕੋਈ ਨਹੀਂ ਹੈ ਅਰ ਐਵੇਂ ਬਿਅਰਥ ਸਾਮੱਗ੍ਰੀ ਜਲਾ ਕੇ ਇਸ਼੍ਵਰ ਦੀ ਉਸਤਤ ਅਰ ਉਪਾਸਨਾ ਕਰਨਾ ਭੀ ਨਿਸਫਲ ਹੈ।

ਇਸ ਤੇ ਤਾਂ ਇਹ ਅੱਛਾ ਹੁੰਦਾ ਕੇ ਉਤਨਾ ਹੀ ਦੁੱਧ ਘੀਉ ਅਤੇ ਮਹਾਂ ਪ੍ਰਸਾਦਿ ਲਿਆ ਕੇ ਆਦਮੀ ਆਪਨੇ ਟੱਬ੍ਰ ਨੂੰ ਖਲਾਏ ਅਰ ਉਸ ਅਨੰਦ ਵਿਚ ਆ ਕੇ ਈਸ੍ਵਵਰ ਦੀ ਉਸਤਤੀ ਅਰ ਉਪਾਸਨਾ ਕਰੇ ਜਿਸ ਵਿਚ ਉਸਦਾ ਧੰਨਯਵਾਦ ਹੋਵੇ, "ਹੇ ਪਰਮੇਸ੍ਵਰ ਤੂੰ ਧੰਨਯ ਹੈ, ਜਿਸਨੇ ਮੈਨੂੰ ਆਪਨੇ ਪ੍ਵਾਰ ਦੇ ਪਾਲਣ ਲਈ ਐਸੇ ਐਸੇ ਉਤਮ ਪਦਾਰਥ ਪ੍ਰਦਾਨ ਕੀਤੇ ਹਨ," ਫਿਰ, ਹੇ ਜਗਤੇਸ੍ਵਰ ਤੂੰ ਕ੍ਰਿਪਾ ਕਰ ਜੋ ਇਨ੍ਹਾਂ ਤੇਰੇ ਦਿੱਤੇ ਹੋਏ ਪਦਾਰਥਾਂ ਨੂੰ ਖਾਕੇ ਮੇਰੇ ਸੰਬੰਧੀ ਤੇਰਾ ਅਰਾਧਾਨ ਕਰਨ ਅਤੇ ਅਪਨੇ ਵਿਵਹਾਰ ਪ੍ਰਮਾਰਥ ਨੂੰ ਸੁੱਧ ਕਰਨਾ।[13]

ਉਪਰੋਕਤ ਵਾਰਤਕ ਟੁਕੜੀ ਵਿਚ ਗਿਆਨੀ ਜੀ ਨੇ ਸਾਧੂ ਦਯਾ ਨੰਦ ਦੀ ਪੁਸਤਕ 'ਸਤਿਆਰਥ ਪ੍ਰਕਾਸ਼' ਵਿਚ ਆਏ 'ਹਵਨ ਕਰਨ ਦੀ ਵਿਧੀ' ਬਾਰੇ ਵਿਚਾਰਾਂ ਨੂੰ ਵਾਰਤਕ ਵਿਚ ਇਕ ਬਿੰਦੂ ਤੋਂ ਆਰੰਭ ਕਰਕੇ ਇਸ ਦੇ ਆਰ ਪਾਰ ਅੰਤ ਬਿੰਦੂ ਤਕ ਅਜਿਹੀ ਵਿਗਿਆਨਕ

ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ ਕਿ ਸਾਧਾਰਣ ਤੋਂ ਸਾਧਾਰਣ ਪਾਠਕ/ਸ੍ਰੋਤਾ ਵੀ ਇਸ ਦੇ ਪ੍ਰਭਾਵ ਨੂੰ ਕਬੂਲਣੋ ਨਹੀਂ ਰਹਿ ਸਕਦਾ। ਸਾਧੂ ਦਯਾ ਨੰਦ ਨੇ ਇਕ ਥੀਮ ਨੂੰ ਜਟਿਲ ਬਣਾ ਕੇ ਪੇਸ਼ ਕੀਤਾ ਹੈ ਕਿ ਹਵਨ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ। ਪਰੰਤੂ ਗਿਆਨੀ ਦਿੱਤ ਸਿੰਘ ਨੇ ਬ੍ਰਾਹਮਣੀ ਰਹੁ-ਰੀਤਾਂ ਨਾਲ ਸਖ਼ਤ ਟੱਕਰ ਲਈ ਹੈ ਅਤੇ ਇਸ ਨੂੰ ਸਾਧ ਦਾ ਪੁਆੜਾ ਦੱਸਿਆ ਹੈ, ਜਿਸ ਨਾਲ ਘਰ ਦੇ ਧਨ ਦਾ ਉਜਾੜਾ ਹੁੰਦਾ ਹੈ। :

ਇਹ ਜੋ ਦਸਦਾ ਸਾਧ ਪੁਆੜਾ॥
ਘਰ ਦੇ ਧਨ ਦਾ ਹਈ ਉਜਾੜਾ॥ [14]

ਇਸ ਤਰ੍ਹਾਂ ਗਿਆਨੀ ਦਿੱਤ ਸਿੰਘ ਨੇ ਧੰਨ ਦੇ ਸਰਲ ਥੀਮ ਰਾਹੀਂ ਇਸ ਰਹੁ-ਰੀਤ ਦਾ ਖੰਡਨ ਕੀਤਾ ਹੈ। ਇਸ ਵਾਰਤਕ ਵਿਚ 'ਹਵਨ ਕਰਨ ਦੀ ਵਿਧੀ' ਅਤੇ 'ਅਗਨਿ ਦੇਵਤਾ' ਦੋ ਜਟਿਲ ਥੀਮ ਹਨ। ਸ਼ੁਰੂ ਵਿਚ ਇਹਨਾਂ ਮੋਟਿਫ਼ਾਂ ਦੀ ਵਰਤੋਂ ਵਾਰਤਕ ਵਿਚ ਵਾਸਤਵਿਕਤਾ ਦਾ ਝਾਉਲਾ ਪਾਉਂਦੀ ਹੈ ਪਰੰਤੂ, ਗਿਆਨੀ ਦਿੱਤ ਸਿੰਘ ਬਿਆਨੀਆ ਕਲਾ-ਜੁਗਤ ਰਾਹੀਂ ਇਸ ਵਾਸਤਵਿਕਤਾ ਦਾ ਪਰਦਾ ਫਾਸ਼ ਕਰਕੇ ਯਥਾਰਥਕ ਅਤੇ ਸਾਰਥਕ ਜੁਗਤ ਰਾਹੀਂ ਸਥਿਤੀ ਨੂੰ ਦਲੀਲਮਈ ਢੰਗ ਨਾਲ ਪੇਸ਼ ਕਰਕੇ ਸਿੱਧਾ ਰਾਹ ਕੱਢ ਲੈਂਦੇ ਹਨ ਕਿ ਜਿਹੜਾ ਧੰਨ ਤੁਸੀਂ ਫਜ਼ੂਲ ਖਰਚਣਾ ਹੈ, ਉਸ ਨਾਲ ਆਪਣੇ ਟੱਬਰ ਨੂੰ ਖੁਆ ਕੇ ਪਰਮਾਤਮਾ ਦਾ ਸ਼ੁਕਰੀਆ ਕਰੋ। ਗਿਆਨੀ ਦਿੱਤ ਸਿੰਘ ਨੇ ਇਸ ਪੁਸਤਕ ਵਿਚ ਵਿਸ਼ੇਸ਼ ਤੇ ਵਿਲੱਖਣ ਨੁਕਤੇ ਜੋ ਬ੍ਰਾਹਮਣੀ ਸਮਾਜ ਨਾਲ ਟੱਕਰ ਲੈਂਦੇ ਹਨ, ਉੱਭਾਰੇ ਹਨ:

1. ਸੰਧਿਆ ਅਤੇ ਆਚਮਾਨ ਵਿਧੀ ਅਵਿਹਾਰਕ ਹੈ। ਇਹ ਕੇਵਲ ਵਿਹਲੜਾਂ ਦਾ ਧੰਧਾ ਹੈ।
2. ਅਗਨੀਹੋਤਰ (ਹਵਨ ਕਰਨ ਦੀ ਵਿਧੀ) ਨਾਲ 'ਘਿਉ' ਆਦਿ ਸਮੱਗਰੀ ਦਾ ਅਤੇ ਆਰਥਿਕਤਾ ਦਾ ਨਾਸ ਹੁੰਦਾ ਹੈ।
3. ਤਰਪਣ ਪਿੱਤਰ ਪੂਜਾ ਦੀ ਰੀਤ ਹੈ ਜੋ ਕਰਮਕਾਂਡ ਹੈ। ਤਰਪਣ ਦੀ ਰੀਤ ਨਿਰੀ ਅਵਿਆਨਤਾ ਦੀ ਨਿਸ਼ਾਨੀ ਹੈ।

4. ਬਲੀ ਦੇਣ ਦੀ ਵਿਧੀ ਵਿਚ ਗਊ ਦੀ ਹੱਤਿਆ ਨਾਲ ਸਾਡੇ ਅਰਥਚਾਰੇ ਦਾ ਨੁਕਸਾਨ ਹੁੰਦਾ ਹੈ। ਇਹ ਰੀਤੀ ਵੇਦਾਂ ਅਨੁਸਾਰ ਨਹੀਂ ਸਗੋਂ ਸਾਧੂ ਦਯਾ ਨੰਦ ਨੇ ਆਪਣੇ ਆਪ ਘੜ ਕੇ ਪੁਸਤਕ (ਸਤਿਆਰਥ ਪ੍ਰਕਾਸ਼) ਵਿਚ ਲਿਖ ਦਿੱਤੀ।

5. 'ਮਨੁੱਖ ਦਾ ਮਾਤਰ ਲਈ ਕਰਤੱਬਯ' ਅਰਥਾਤ ਦਿਨ-ਦਰਿਆ ਬਿਲਕੁਲ ਅਵਿਹਾਰਕ ਹੈ। ਇਸ ਨੂੰ ਦਿਨ-ਰਾਤ ਵਿਚ ਪੂਰਾ ਨਹੀਂ ਕੀਤਾ ਜਾ ਸਕਦਾ ਜੇਕਰ ਲੋਕ ਇਸ ਨੂੰ ਪੂਰਾ ਕਰਨ ਬੈਠਣ ਤਾਂ ਸਮਾਜਿਕ ਕੰਮ-ਕਾਜ ਸਭ ਬੰਦ ਹੋ ਜਾਣਗੇ।

6. ਨਿਯੋਗ ਵਿਧੀ ਅਰਥਾਤ ਪੁਤਰ ਪਰਾਪਤ ਕਰਨ ਦੀ ਵਿਧੀ, ਸਮਾਜਕ ਅਨੁਸਾਸ਼ਨ ਭੰਗ ਕਰਨ ਵਾਲੀ ਕਾਰਵਾਈ ਹੈ ਜੋ ਸਾਡੇ ਸਮਾਜ ਵਿਚ ਕਦੇ ਵੀ ਪ੍ਰਵਾਨ ਨਹੀਂ ਕੀਤੀ ਜਾ ਸਕਦੀ। ਅੱਜ ਦੇ ਸਮਾਜਿਕ ਸੰਵਿਧਾਨ ਅਨੁਸਾਰ ਇਹ ਅਨੈਤਿਕ ਕੰਮ ਹੈ।

7. ਗਊ ਮਾਸ ਖਾਣ ਸੰਬੰਧੀ ਸਵਾਮੀ ਦਯਾ ਨੰਦ ਨੇ ਬ੍ਰਾਹਮਣਾਂ ਨੂੰ ਆਗਿਆ ਦਿੱਤੀ ਹੈ। ਗਿਆਨੀ ਦਿੱਤ ਸਿੰਘ ਨੇ ਸਵਾਮੀ ਜੀ ਦੇ ਇਹਨਾਂ ਵਿਚਾਰਾਂ ਨੂੰ ਨਿਰਾਰਥਕ ਦੱਸਿਆ ਹੈ।

8. ਮਨੁੱਖ ਦੀ ਉਤਪਤੀ ਸੰਬੰਧੀ ਸਵਾਮੀ ਜੀ ਦੇ ਵਿਚਾਰ ਇਕ ਦਮ ਅਵਿਗਿਆਨਕ ਹਨ। ਸਵਾਮੀ ਜੀ ਦਾ ਸਿਧਾਂਤ ਹੈ ਕਿ ਮਨੁੱਖ ਪਹਿਲਾਂ ਪਹਿਲ ਜੁਆਨ ਹੀ ਪੈਦਾ ਹੋਏ। ਹੋਰ ਮੱਤਾਂ ਦੀ ਆਲੋਚਨਾ ਵੀ ਸਵਾਮੀ ਦੀ ਅਗਿਆਨਤਾ ਦਾ ਪਾਜ ਉਘਾੜਦੀ ਹੈ।

'ਦੰਭ ਵਿਦਾਰਨ' ਪੁਸਤਕ ਵਿਚ ਗਿਆਨੀ ਦਿੱਤ ਸਿੰਘ ਨੇ ਸਵਾਮੀ ਦਯਾ ਨੰਦ ਦੀ ਵਿਦਵਤਾ ਤੇ ਵਿਅੰਗਾਤਮਕ ਢੰਗ ਨਾਲ ਉਲੇਖ ਕੀਤਾ ਹੈ ਕਿਉਂਕਿ ਜਦੋਂ ਵੀ ਕਿਸੇ ਰਚਨਾਕਾਰ ਨੇ ਪਾਠਕ ਜਾਂ ਸ੍ਰੋਤੇ ਤੇ ਕਿਸੇ ਗੱਲ ਦਾ ਡੂੰਘੇਰਾ ਪ੍ਰਭਾਵ ਪਾਉਣਾ ਹੁੰਦਾ ਹੈ ਤਾਂ ਉਹ ਬੜੇ ਵਿਅੰਗ ਰਾਹੀਂ ਗੱਲ ਪੇਸ਼ ਕਰਦਾ ਹੈ। ਇਸ ਪੁਸਤਕ ਵਿਚਲੀ ਵਾਰਤਕ ਦੀ ਇਕ ਥੀਮਕ ਵਿਲੱਖਣਤਾ ਇਹ ਹੈ ਕਿ ਇਸ ਵਿਚਲੇ ਮੋਟਿਫ਼, ਇਕੋ ਭਾਵ ਸਥਿਤੀ ਨਾਲ ਸੰਬੰਧਿਤ ਹਨ। ਗਿਆਨੀ ਦਿੱਤ ਸਿੰਘ, ਸਾਧੂ ਦਯਾ ਨੰਦ ਦੀ ਵਿਦਵਤਾ ਨੂੰ ਦਲੀਲਮਈ ਤੇ ਵਿਗਿਆਨਕ ਢੰਗ ਨਾਲ ਨਕਾਰਦਾ ਹੈ। ਤਰਕਮਈ ਦ੍ਰਿਸ਼ਟੀ ਹੀ ਪਾਠਕ ਨੂੰ ਸੰਤੁਸ਼ਟ ਕਰ ਸਕਦੀ ਹੈ। ਇਸ

ਪੁਸਤਕ ਵਿਚਲੀ ਵਾਰਤਕ ਵਿਚ ਤਰਕਮਈ ਦ੍ਰਿਸ਼ਟੀ ਨਾਲ ਇਕ ਇਕਾਗਰ ਭਾਂਤ ਦਾ ਭਾਵੁਕ ਵਾਤਾਵਰਨ ਉਸਾਰ ਕੇ ਇਕ ਗਤੀਸ਼ੀਲ ਪ੍ਰਭਾਵ ਪੈਦਾ ਕੀਤਾ ਹੈ। 'ਦੰਭ ਵਿਦਾਰਨ' ਪੁਸਤਕ ਸਮਕਾਲੀਨ ਗੋਸ਼ਟੀਆਂ ਜਾਂ ਵਿਚਾਰ-ਵਟਾਂਦਰੇ ਦੀ ਪ੍ਰਸਥਿਤੀ ਦੀ ਗਵਾਹੀ ਭਰਦੀ ਹੈ ਤੇ ਇਸ ਤੋਂ ਉਸ ਸਮੇਂ ਦੀ ਫ਼ਿਰਕਾਪ੍ਰਸਤੀ ਪਹੁੰਚ ਦਾ ਵੀ ਪਤਾ ਚਲਦਾ ਹੈ ਕਿ ਕਿਵੇਂ ਸਾਧੂ ਦਯਾ ਨੰਦ ਵਰਗੇ ਅਖਾਉਤੀ ਗਿਆਨੀ, ਦੂਜੇ ਧਰਮਾਂ ਦੀ ਆਲੋਚਨਾ ਕਰਕੇ ਆਪਣੇ ਆਪ ਨੂੰ ਸਿਆਣਾ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਸਨ। ਗਿਆਨੀ ਦਿੱਤ ਸਿੰਘ ਦ੍ਰਿੜ੍ਹ ਇਰਾਦੇ ਵਾਲੇ ਮਨੁੱਖ ਬ੍ਰਾਹਮਣਵਾਦੀ ਸਮਾਜ ਨਾਲ ਟੱਕਰ ਲੈਣ ਤੋਂ ਡਰਦੇ ਨਹੀਂ ਸਨ। ਇਸ ਉਪਰੋਕਤ ਤੱਥ ਦੀ ਪੁਸ਼ਟੀ ਇਸ ਪੁਸਤਕ ਦੀ ਪ੍ਰਭਾਵਸ਼ਾਲੀ ਵਾਰਤਕ ਲਿਖਤ ਤੋਂ ਭਲੀਭਾਂਤ ਹੋ ਜਾਂਦੀ ਹੈ। ਇਸ ਵਿਚ ਤਰਕ ਦੀ ਪ੍ਰਧਾਨਤਾ ਹੈ। ਦਲੀਲ, ਸ਼ਕਤੀ ਅਤੇ ਵਿਚਾਰਾਂ ਦੀ ਸਪਸ਼ਟਤਾ ਗਿਆਨੀ ਦਿੱਤ ਸਿੰਘ ਦੀ ਵਾਰਤਕ ਦੇ ਵਿਲੱਖਣ ਗੁਣ ਹਨ। ਇਹੋ ਗੁਣ ਉਹਨਾਂ ਦੀਆਂ ਦੂਜੀਆਂ ਕਿਤਾਬਾਂ, ਗੁਰੂ ਸਾਹਿਬਾਂ ਦੀਆਂ ਜੀਵਨੀਆਂ ਅਤੇ ਅਖ਼ਬਾਰੀ ਵਾਰਤਕ ਵਿਚ ਵੀ ਵੇਖੇ ਜਾ ਸਕਦੇ ਹਨ।

**(ਅ) ਧਾਰਮਿਕ ਅਤੇ ਸੁਧਾਰਵਾਦੀ ਪ੍ਰਵਿਰਤੀ**

ਗਿਆਨੀ ਦਿੱਤ ਸਿੰਘ ਦੀ ਅਖ਼ਬਾਰੀ ਅਤੇ ਪੁਸਤਕ ਰੂਪ ਵਿਚ ਛਪੀ ਵਾਰਤਕ ਦੇ ਆਧਾਰ ਤੇ ਇਹ ਨਿਸ਼ਚਾ ਕੀਤਾ ਜਾ ਸਕਦਾ ਹੈ ਕਿ ਉਹਨਾਂ ਦਾ ਮੁੱਖ ਵਿਸ਼ਾ ਧਰਮ ਹੈ। ਗਿਆਨੀ ਜੀ ਦਾ ਉਦੇਸ਼ ਸਿੱਖ ਧਰਮ ਦੇ ਸਿਧਾਂਤਾਂ ਅਤੇ ਅਸੂਲਾਂ ਦਾ ਪ੍ਰਚਾਰ ਕਰਨਾ ਸੀ। ਉਹਨਾਂ ਨੇ ਇਸ ਉਦੇਸ਼ ਦੀ ਪੂਰਤੀ ਲਈ ਖੰਡਨ-ਮੰਡਨ ਦੀ ਵਿਧੀ ਵਰਤੀ। ਉਹਨਾਂ ਨੇ ਸੰਵਾਦਾਤਮਕ ਸ਼ੈਲੀ ਵਿਚ ਲਿਖੀ ਵਾਰਤਕ ਵਿਚ ਦਾਰਸ਼ਨਿਕ ਅਤੇ ਅਧਿਆਤਮਕ ਨੁਕਤਿਆਂ ਦੀ ਚਰਚਾ ਕਰਨ ਲਈ, ਪਹਿਲਾਂ ਕਵਿਤਾ ਅਤੇ ਫਿਰ ਆਪਣੇ ਮੱਤ ਦੀ ਪੁਸ਼ਟੀ ਕਰਨ ਲਈ ਭਾਵ ਸਮਝਾਉਣ ਲਈ ਵਾਰਤਕ ਵਰਤੀ। ਉਹਨਾਂ ਦੀ ਵਾਰਤਕ ਵਿਚਲੀ ਮੁਖ ਰੁਚੀ ਧਾਰਮਿਕ ਅਤੇ ਸੁਧਾਰਵਾਦੀ ਹੈ। ਉਹਨਾਂ ਨੇ ਜਿੱਥੇ ਕਿਤੇ ਵੀ ਹੋਰ ਵਿਸ਼ਿਆਂ ਨੂੰ ਛੋਹਿਆ ਹੈ ਤਾਂ ਉਹ ਵੀ ਧਾਰਮਿਕ ਅਤੇ ਸੰਪਰਦਾਇਕ ਦ੍ਰਿਸ਼ਟੀਕੋਣ ਤੋਂ ਹੀ ਪੇਸ਼ ਕੀਤੇ ਗਏ ਹਨ। ਗਿਆਨੀ ਦਿੱਤ ਸਿੰਘ

ਦੀ ਵਾਰਤਕ ਦਾ ਧਾਰਮਿਕ ਅਤੇ ਸੁਧਾਰਵਾਦੀ ਪ੍ਰਵਿਰਤੀ ਦੇ ਦ੍ਰਿਸ਼ਟੀਕੋਣ ਤੋਂ ਅਧਿਐਨ ਕਰਨ ਲਈ ਅਸੀਂ ਉਹਨਾਂ ਦੀ ਵਾਰਤਕ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਵਿਚਾਰ ਸਕਦੇ ਹਾਂ:

ੳ) ਪੱਤਰਕਾਰੀ ਵਾਲੀ ਵਾਰਤਕ

ਅ) ਪੁਸਤਕ ਰੂਪੀ ਵਾਰਤਕ

(ੳ) **ਪੱਤਰਕਾਰੀ ਵਾਲੀ ਵਾਰਤਕ:** ਪੰਜਾਬੀ ਪੱਤਰਕਾਰੀ ਦਾ ਆਰੰਭ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਹੋਇਆ। ਇਸ ਦੇ ਸ਼ੁਰੂ ਹੋਣ ਨਾਲ ਨਵੀਨ ਚੇਤਨਾ, ਪੱਛਮੀ ਵਿਚਾਰਧਾਰਾ ਦਾ ਪ੍ਰਭਾਵ, ਸੁਧਾਰਵਾਦੀ ਲਹਿਰਾਂ ਅਤੇ ਰਾਜਨੀਤਕ ਹੱਕਾਂ ਪਤੀ ਜਾਗਰੂਕਤਾ ਆਦਿ ਪ੍ਰਵਿਰਤੀਆਂ ਨੂੰ ਪੱਤਰਕਾਰੀ ਵਾਰਤਾ ਵਿਚ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਗੁਰਸਿੱਖੀ ਲਈ ਪਿਆਰ ਅਤੇ ਸ਼ਰਧਾ, ਨਿੱਤ ਦੇ ਜੀਵਨ ਵਿਚ ਗੁਰਬਾਣੀ ਦਾ ਆਸਰਾ, ਇਹਨਾਂ ਵਿਸ਼ਿਆਂ ਤੇ ਅਨੇਕਾਂ ਮਜ਼ਮੂਨ ਲਿਖੇ। ਗਿਆਨੀ ਦਿੱਤ ਨੇ ਸਿੱਖ ਧਰਮ, ਦਰਸ਼ਨ ਅਤੇ ਸਾਹਿਤ ਸੰਬੰਧੀ ਬੜੀ ਉੱਚ ਪੱਧਰ ਦੇ ਲੇਖ ਛਪਵਾਏ। ਦਾਰਸ਼ਨਿਕ, ਧਾਰਮਿਕ, ਵਿੱਦਿਅਕ, ਸਮਾਜਿਕ, ਭਾਈਚਾਰਕ ਅਤੇ ਵਿਹਾਰਕ ਵਿਸ਼ਿਆਂ ਸੰਬੰਧੀ ਲੇਖ ਲਿਖੇ। ਇਹਨਾਂ ਸਾਰਿਆਂ ਲੇਖਾਂ ਦੀ ਮੁੱਖ ਸੁਰ ਧਾਰਮਿਕ ਅਤੇ ਸੁਧਾਰਵਾਦੀ ਪ੍ਰਵਿਰਤੀ ਵਾਲੀ ਹੈ।

ਗਿਆਨੀ ਦਿੱਤ ਸਿੰਘ ਨੇ ਪ੍ਰੋ. ਗੁਰਮੁਖ ਸਿੰਘ ਨਾਲ ਮਿਲ ਕੇ 1887 ਵਿਚ ਗੁਰਮੁਖੀ ਦਾ ਟਾਈਪ ਤਿਆਰ ਕਰਵਾਇਆ। ਇਸ ਟਾਈਪ ਨਾਲ ਹੀ ਖ਼ਾਲਸਾ ਅਖ਼ਬਾਰ ਛਾਪਿਆ ਜਾਂਦਾ ਸੀ। ਗਿਆਨੀ ਦਿੱਤ ਸਿੰਘ ਨੇ ਸੰਪਾਦਨਾ ਹੇਠ ਇਸ ਪੱਤਰ ਰਾਹੀਂ, ਸਿੱਖਾਂ ਦੀਆਂ ਪੁਰਾਣੀਆਂ ਰਵਾਇਤਾਂ ਨੂੰ ਸੁਰਜੀਤ ਕੀਤਾ ਅਤੇ ਸਿੱਖਾਂ ਵਿਚ ਫੈਲੇ ਵਹਿਮਾਂ ਭਰਮਾਂ ਵਿਰੁੱਧ ਲਿਖਿਆ। ਗਿਆਨੀ ਦਿੱਤ ਸਿੰਘ ਦੇ ਹੱਥਾਂ ਵਿਚ ਇਹ ਅਖ਼ਬਾਰ ਬਹੁਤ ਪ੍ਰਸਿਧ ਹੋਇਆ। ਗਿਆਨੀ ਦਿੱਤ ਸਿੰਘ ਆਪਣੇ ਸਮੇਂ ਦੇ ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਸੰਪਾਦਕ ਸਨ। ਇਸ ਪੱਤਰ ਵਿਚ ਛਪੇ ਲੇਖਾਂ ਦੇ ਵਿਭਿੰਨ ਪੱਖਾਂ ਦਾ ਅਧਿਐਨ ਗਿਆਨੀ ਦਿੱਤ ਸਿੰਘ ਵਲੋਂ ਪੰਜਾਬੀ ਪੱਤਰਕਾਰੀ, ਸਿੱਖ ਵਿਚਾਰਧਾਰਾ ਅਤੇ ਸਮਾਜਿਕ ਸੁਧਾਰਵਾਦੀ ਪ੍ਰਵਿਰਤੀ ਪ੍ਰਤੀ ਦਿੱਤੇ ਯੋਗਦਾਨ ਨੂੰ ਸਮਝਣ ਵਿਚ ਸਹਾਈ ਹੋਵੇਗਾ।

ਗਿਆਨੀ ਦਿੱਤ ਸਿੰਘ 'ਕੁੱਤਾ ਅਤੇ ਉਸਦੀ ਸਵਾਮੀ ਭਗਤੀ' ਦੀ ਮਿਸਾਲ ਦੇਂਦੇ ਹਨ, ਜੋ ਆਪਣੇ ਸਵਾਮੀ ਦਾ ਇੰਨਾ ਸ਼ਰਧਾਲੂ ਅਤੇ ਪਿਆਰਾ ਹੈ, ਜਿਸ ਤੇ ਉਹ ਸਦਾ ਹੀ ਉਸ ਦਾ ਭਲਾ ਚਾਹੁੰਦਾ ਹੈ। ਕੁੱਤਾ ਆਪਣੇ ਮਾਲਕ ਤੋਂ ਬਿਨਾਂ ਹੋਰ ਭਾਵੇਂ ਕਿੰਨਾ ਵੀ ਧਨਾਢ ਕਿਉਂ ਨਾ ਹੋਵੇ, ਉਸ ਵਲ ਨਜ਼ਰ ਭਰ ਕੇ ਵੀ ਨਹੀਂ ਦੇਖਦਾ। ਇਸ ਸਵਾਮੀ ਭਗਤੀ ਦੀ ਤੁਲਨਾ ਉਹ ਸਿੱਖਾਂ ਦੀ ਆਪਣੇ ਧਰਮ ਅਤੇ ਗੁਰੂ ਵਲ ਸ਼ਰਧਾ ਨਾਲ ਇਉਂ ਕਰਦੇ ਹਨ:

"ਪਰੰਤੂ ਸ਼ੋਕ ਦੀ ਬਾਤ ਇਹ ਹੈ ਜੋ ਖ਼ਾਲਸਾ ਜੀ ਨੇ ਉਸ ਅਪਨੇ ਰੱਖਕ ਦਸਮੇਂ ਗੁਰੂ ਜੀ ਦੇ ਪੁਰਖਾਰਥ ਨੂੰ ਸਫਲ ਕਰਨ ਲਈ ਕੁਝ ਭੀ ਯਤਨ ਨਹੀਂ ਕੀਤਾ, ਅਰ ਨਾ ਹੀ ਗੁਰੂ ਜੀ ਮਹਾਰਾਜ ਦੇ ਧਰਮ ਭਾਵ ਨੂੰ ਦੁਨੀਆਂ ਪਰ ਕਾਇਮ ਰੱਖਨੇ ਲਈ ਕੋਈ ਯਤਨ ਕੀਤਾ ਹੈ, ਬਲਕਿ ਦੇਖਨੇ ਵਿਚ ਆਉਂਦਾ ਹੈ ਜੋ ਖ਼ਾਲਸਾ ਜੀ ਅਜੇਹਾ ਕ੍ਰਿਤਘਨ ਹੋ ਗਿਆ ਹੈ ਜੋ ਜਿਸ ਗੁਰੂ ਦੀ ਕ੍ਰਿਪਾ ਤੇ ਇਸ ਨੇ ਇਸ ਤਰ੍ਹਾਂ ਦਾ ਸੁਖ ਭੋਗਿਆ ਹੈ ਉਸ ਤੇ ਬਿਲਕੁਲ ਉਲਟ ਹੋ ਰਿਹਾ ਹੈ।

ਸਾਡੇ ਸਾਮਨੇ ਹਜ਼ਾਰਾਂ ਐਸੇ ਸਿੱਖ ਹਨ ਜੋ ਗੁਰੂ ਜੀ ਦੀ ਕਿਰਪਾ ਤੇ ਸਰਦਾਰੀ ਪਾ ਕੇ ਸਖੀ ਸਰਵਰ ਦੇ ਚੇਲੇ ਬਣ ਗਏ ਹਨ, ਅਰ ਕਈ ਗੁਰੂ ਦੇ ਪ੍ਰਤਾਪ ਤੇ ਧਨ ਸੰਪਦਾ ਪਾ ਕੇ ਸ਼ਿਵਾਲਿਆਂ ਅਤੇ ਠਾਕਰ ਦੁਆਰਿਆਂ ਵਿਚ ਘੰਟੇ ਬਜਾ ਰਹੇ ਹਨ, ਇਸੀ ਪ੍ਰਕਾਰ ਕਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਗ੍ਹਾ ਪਰ ਗਰੜ ਪੁਰਾਣ ਨੂੰ ਵਡਾਈ ਦੇਂਦੇ ਹਨ, ਫਿਰ ਕਦੀ ਖ਼ਾਲਸਾ ਭਾਈ ਜੋ ਵੱਡੇ ਵੱਡੇ ਅਹੁਦੇਦਾਰ ਕਹਾਉਂਦੇ ਹਨ ਸੋ ਗੁਰੂ ਨੂੰ ਭੁਲਾ ਕੇ ਅੰਨਮਤੀ ਗੁਲਾਮ ਬਣ ਗਏ ਹਨ, ਫਿਰ ਕਈ ਅੱਛੇ ਅੱਛੇ ਘਰਾਣਿਆਂ ਦੇ ਆਦਮੀ ਸਿਰ ਦਾੜ੍ਹੀ ਮੁਨਾ ਕੇ ਅਪਨੇ ਖਾਨਦਾਨ ਦੀ ਇੱਜ਼ਤ ਗਵਾ ਰਹੇ ਹਨ। ਜਿਸ ਤੇ ਸਾਫ ਪਾਇਆ ਜਾਂਦਾ ਹੈ ਕਿ ਖ਼ਾਲਸਾ ਜੀ ਵਿਚ ਗੁਰੂਆਂ ਦੇ ਉਪਕਾਰਾਂ ਦਾ ਪੂਰਾ ਪੂਰਾ ਪ੍ਰੇਮ ਨਹੀਂ ਹੈ, ਅਰ ਇਸ ਤੇ ਬਿਨਾਂ ਹਜ਼ਾਰਾਂ ਕੁਰੀਤੀਆਂ ਦੇ ਚੋਰ ਇਸ ਪੰਥ ਨੂੰ ਹਾਨੀ ਪਹੁੰਚਾ ਰਹੇ ਹਨ ਜਿਸ ਤੇ ਖ਼ਾਲਸਾ ਜੀ ਕੋਈ ਵੀ ਖਯਾਲ ਨਹੀਂ ਕਰਦਾ ਅਰ ਐਥੋਂ ਤਕ ਗਿਰ ਗਿਆ ਹੈ ਕਿ ਅਪਣੀ ਇੱਜ਼ਤ ਭੀ ਰੱਖਨ ਦੀ ਅਕਲ ਨਹੀਂ ਹੈ।।

ਇਸ ਵਾਸਤੇ ਐ ਸੱਜਨ ਜਨੋ ਆਪ ਦੇਖੋ ਅਰ ਸੋਚੋ ਕਿ ਖ਼ਾਲਸਾ ਪੰਥ ਦੇ ਕਰਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਤੁਸੀਂ ਕਿਥੋਂ ਤਕ ਕਦਰ ਕੀਤਾ ਹੈ ਅਰ ਉਨ੍ਹਾਂ ਦੇ ਉਪਕਾਰਾਂ ਨੂੰ

ਅੱਖੀਂ ਅੱਗੇ ਰੱਖ ਕੇ ਤੁਸੀਂ ਉਨ੍ਹਾਂ ਦੇ ਮਿਸ਼ਨ ਨੂੰ ਪੂਰਾ ਕਰਨ ਲਈ ਕਿੱਥੋਂ ਤਕ ਉਦਮ ਕੀਤਾ ਹੈ, ਅਰ ਅਪਨੇ ਗਿਰੇਬਾਨ ਵਿਚ ਮੂੰਹ ਪਾ ਕੇ ਦੇਖੋ ਜੋ ਆਪ ਵਿਚ ਕਿੱਥੋਂ ਤਕ ਕ੍ਰਿਤਗਤਾ ਹੈ?" [15]

ਉਪਰੋਕਤ ਵਾਰਤਕ ਤੋਂ ਗਿਆਨੀ ਦਿੱਤ ਸਿੰਘ ਦੀ ਧਾਰਮਿਕਤਾ ਤੇ ਸੁਧਾਰਵਾਦੀ ਪ੍ਰਵਿਰਤੀ ਨੂੰ ਵੇਖਿਆ ਜਾ ਸਕਦਾ ਹੈ। ਉਹਨਾਂ ਨੇ ਸਿੱਖਾਂ ਵਿਚ ਆਈ ਗਿਰਾਵਟ ਨੂੰ ਅਜਿਹੇ ਪ੍ਰਭਾਵਸ਼ਾਲੀ ਢੰਗ ਨਾਲ ਦ੍ਰਿਸ਼ਟਾਇਆ ਹੈ ਅਤੇ ਮੁਹਾਵਰੇਦਾਰ ਭਾਸ਼ਾ ਰਾਹੀਂ ਸਿੱਖਾਂ ਨੂੰ ਝੰਜੋੜਿਆ ਹੈ ਕਿ ਕੋਈ ਵੀ ਸਿੱਖ ਇਸ ਦੇ ਪ੍ਰਭਾਵ ਤੋਂ ਅਣ-ਭਿੱਜਿਆ ਨਹੀਂ ਰਹਿ ਸਕਦਾ। ਗਿਆਨੀ ਦਿੱਤ ਸਿੰਘ ਦੀ ਸਿੱਖ-ਪੰਥ ਪੱਖੀ ਸੋਚ, ਸਪੱਸ਼ਟ ਕਥਨ ਸ਼ਕਤੀ, ਤਰਕ ਦੇ ਆਧਾਰ ਤੇ ਦਲੀਲਾਂ, ਸਿਦਕ ਅਤੇ ਸਿਰੜ ਨਾਲ ਆਪਣਾ ਮੱਤ ਪ੍ਰਗਟਾਉਣ ਦਾ ਸਾਹਸ ਉਹਨਾਂ ਦੀ ਵਾਰਤਕ ਵਿਚੋਂ ਦੇਖਿਆ ਜਾ ਸਕਦਾ ਹੈ।

ਗਿਆਨੀ ਦਿੱਤ ਸਿੰਘ ਧਰਮ ਪ੍ਰਚਾਰ ਅਤੇ ਧਰਮ ਸੁਧਾਰ ਲਈ ਅਜਿਹੀਆਂ ਲੋਕ-ਕਹਾਵਤਾਂ ਦਾ ਸਹਾਰਾ ਲੈਂਦੇ ਹਨ, ਜਿਨ੍ਹਾਂ ਦਾ ਅਸਰ ਸਿੱਧਾ ਹੀ ਪਾਠਕਾਂ ਦੇ ਮਨ 'ਤੇ ਪੈਂਦਾ ਹੈ। ਗਿਆਨੀ ਦਿੱਤ ਸਿੰਘ ਸਮੇਂ, ਸਿੱਖ ਧਰਮ ਤੇ ਚਾਰੇ ਪਾਸਿਓਂ ਹਮਲੇ ਹੋ ਰਹੇ ਸਨ। ਇਹਨਾਂ ਹਮਲਿਆਂ ਤੋਂ ਸਿੱਖ ਕੌਮ ਅਤੇ ਸਿੱਖ ਧਰਮ ਨੂੰ ਬਚਾਉਣ ਲਈ ਉਹਨਾਂ ਨੇ 31 ਮਈ 1901 ਈ. ਨੂੰ ਖ਼ਾਲਸਾ ਅਖ਼ਬਾਰ ਵਿਚ, 'ਜਾਗਦਿਆਂ ਦੀਆਂ ਕੱਟੀਆਂ ਤੇ ਸੁਤਿਆਂ ਦੇ ਕੱਟੇ' ਸਿਰਲੇਖ ਹੇਠ ਇਕ ਸੰਪਾਦਕੀ ਲੇਖ ਲਿਖਿਆ। ਇਸ ਲੋਕ ਕਹਾਵਤ ਨੂੰ ਗਿਆਨੀ ਜੀ ਕਿਸੇ ਦੀ ਲਾ-ਪਰਵਾਹੀ ਪ੍ਰਤੀ ਹਾਨੀ ਜਾਂ ਨੁਕਸਾਨ ਉਠਾਉਣ ਤੇ ਵਰਤਦੇ ਹਨ। ਗਿਆਨੀ ਦਿੱਤ ਸਿੰਘ ਇਸ ਕਹਾਵਤ ਪ੍ਰਤੀ ਜਾਣਕਾਰੀ ਦੇ ਕੇ ਸਿੱਖ ਧਰਮ ਤੇ ਗੁਰੂ ਗ੍ਰੰਥ ਸਾਹਿਬ 'ਤੇ ਸਮਕਾਲੀਨ ਹਮਲਿਆਂ ਪ੍ਰਤੀ ਸਿੱਖ ਕੌਮ ਨੂੰ ਜਾਗਣ ਲਈ ਇਉਂ ਸੁਚੇਤ ਕਰਦੇ ਹਨ:-

"ਇਸੇ ਤਰ੍ਹਾਂ ਹਿੰਦੂ ਭਾਈ ਤਾਂ ਪੁਕਾਰ-ਪੁਕਾਰ ਕੇ ਆਖਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵੇਦਾਂ ਦਾ ਹੀ ਤਰਜਮਾ ਹੈ ਅਰ ਇਸ ਵਿਚ ਜੋ ਗਿਆਨ ਹੈ ਸੋ ਵੇਦਾਂ ਵਿਚੋਂ ਹੀ ਨਿਕਲਿਆ ਹੈ।

ਇਸੇ ਪ੍ਰਕਾਰ ਇਕ ਰਾਧਾ ਸਵਾਮੀ ਨਾਮੇਂ ਮੱਤ ਨਵਾਂ ਨਿਕਲਿਆ ਹੈ ਸੋ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਨੂੰ ਆਪਣੇ ਮੱਤ ਅਨੁਸਾਰ ਹੀ ਪ੍ਰਗਟ ਕਰਕੇ ਕਈ ਸਿੱਖ ਨੂੰ ਚਾਟੜੇ ਬਨਾਇ

ਰਿਹਾ ਹੈ, ਇਸੇ ਪ੍ਰਕਾਰ ਆਰੀਆ ਸਮਾਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਨੂੰ ਆਪਣੇ ਹੀ ਮਨ ਘੜਤ 'ਵੇਦ ਭਾਸ਼ਾ' ਨਾਲ ਮਿਲਾ ਰਹੇ ਹਨ, ਇਸੇ ਤਰ੍ਹਾਂ ਬ੍ਰਹਮ ਭਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਨੂੰ ਆਪਣੇ ਬ੍ਰਹਮ ਧਰਮ ਦਾ ਰੂਪ ਹੀ ਆਖਦੇ ਹਨ, ਜਿਸ ਤੇ ਸਾਬਤ ਹੁੰਦਾ ਹੈ ਕਿ ਹਰ ਇਕ ਫ਼ਿਰਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੱਤ ਦਾ ਆਸਰਾ ਲੈ ਕੇ ਉਸ ਮੱਤ ਨੂੰ ਆਪਣੇ ਮੱਤ ਦੀ ਸਾਖ ਸਮਝਣ ਲੱਗ ਗਿਆ ਹੈ, ਜਿਸਦਾ ਅੱਜ ਤਕ ਖ਼ਾਲਸਾ ਜੀ ਨੂੰ ਕੋਈ ਭੀ ਪਤਾ ਨਹੀਂ ਹੈ।

ਇਸ ਤੇ ਬਿਨਾਂ ਆਪਣੀਆਂ ਕੁਰੀਤੀਆਂ ਦੇ ਕੱਟੇ ਹਰ ਇਕ ਮੱਤ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਵਾਲੇ ਕਰ ਰਿਹਾ ਹੈ ਜੈਸਾ ਕਿ ਮੁਸਲਮਾਨ ਆਪਣੇ ਮਨ ਘੜਤ ਸ਼ਬਦ ਬਨਾਕੇ ਜੈਸਾ ਕਿ "ਬਾਝ ਮੁਹੰਮਦ ਭਗਤ ਅਜਾਈ" ਲਿਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੱਸਦੇ ਹਨ, ਇਸੇ ਤਰ੍ਹਾਂ ਈਸਾਈ "ਸ੍ਰੀ ਅਸਕੇਤ ਜਗਤਕੇ ਈਸਾ" ਰੂਪੀ ਕੱਟੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਦੇ ਅਨਰਥ ਕਰਕੇ ਜ਼ਿੰਮੇ ਲਾਉਂਦੇ ਹਨ, ਫਿਰ ਹਿੰਦੂ "ਸਾਲਾਹੀ ਸਾਲਾਹ" ਦੀ ਤੁਕ ਪੜ੍ਹਕੇ ਬਿਨਾ ਵਿਚਾਰ ਗੁਰੂ ਮਹਾਰਾਜ ਨੇ ਹਿੰਦੂਆਂ ਨੂੰ ਸਲਾਹਿਆ ਹੈ ਆਖ ਕੇ ਹਿੰਦੂ ਮੰਨਦੇ ਹਨ, ਫਿਰ ਬ੍ਰਹਮ ਭਗਤਾਂ ਦੀ ਬਾਣੀ ਪੇਸ਼ ਕਰਦੇ ਹਰ ਇਕ ਜਗ੍ਹਾ ਤੇ ਸਚਾਈ ਚੁਰਾਨੇ ਦਾ ਕੱਟਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੱਥੇ ਮੜ੍ਹਦੇ ਹਨ, ਜਿਸਤੇ ਸਾਫ ਪਾਇਆ ਜਾਂਦਾ ਹੈ ਕਿ ਐਸੀਆਂ ਚਾਲਾਕੀਆਂ ਜੋ ਹਰ ਇਕ ਫ਼ਿਰਕੇ ਦੇ ਲੋਕ ਕਰ ਰਹੇ ਹਨ ਸੋ ਕੇਵਲ ਖ਼ਾਲਸਾ ਜੀ ਦੀ ਸੁਸਤੀ ਦਾ ਹੀ ਨਤੀਜਾ ਹੈ ਜਿਸਤੇ ਹਜ਼ਾਰਾਂ ਸਿੱਖ ਇਨ੍ਹਾਂ ਦੇ ਜਾਲ ਵਿਚ ਫਸਕੇ ਧਰਮੋਂ ਅਧਰਮ ਹੋ ਰਹੇ ਹਨ, ਇਸ ਪਰ ਸਾਨੂੰ ਕਹਿਣਾ ਪੈਂਦਾ ਹੈ ਕਿ ਇਹ ਉਹੋ ਬਾਤ ਹੈ ਜੋ ਲੋਕ ਆਖਦੇ ਹਨ ਕਿ "ਜਾਗਦਿਆਂ ਦੀਆਂ ਕੱਟੀਆਂ ਅਤੇ ਸੁੱਤਿਆਂ ਦੇ ਕੱਟੇ"।

ਇਸ ਵਾਸਤੇ ਅਸੀਂ ਪੰਥ ਦੇ ਹਿਤੈਸ਼ੀਆਂ ਅੱਗੇ ਬੇਨਤੀ ਕਰਦੇ ਹਾਂ ਕਿ ਐ ਸੱਜਣ ਜਨੋਂ ਹੁਣ ਤੁਸੀਂ ਜਾਗੋ ਅਰ ਆਪਣੇ ਧਰਮ ਪੁਸਤਕ ਦੀ ਸਾਰ ਲਵੋ ਜਿਸਤੇ ਇਸਦੇ ਤੱਤ ਗਯਾਨ ਨੂੰ ਵਿਚਾਰੋ ਅਰ ਅੰਨਮਤਾਂ ਦੇ ਹਮਲਿਆਂ ਤੋਂ ਇਸ ਨੂੰ ਬਚਾਓ। ਆਸ਼ਾ ਹੈ ਜੋ ਅਪ ਜ਼ਰੂਰ ਖਯਾਲ ਕਰੋਗੇ।"[16]

ਗਿਆਨੀ ਦਿੱਤ ਸਿੰਘ ਨੇ ਆਪਣੇ ਲੇਖ ਲੜੀ ਵਿਚ ਇਸਤ੍ਰੀਆਂ ਦੇ ਯੋਗਦਾਨ ਪ੍ਰਤੀ ਸਿੱਖ ਇਸਤ੍ਰੀਆਂ ਦਾ ਖਾਸ ਧਿਆਨ ਖਿੱਚਿਆ ਹੈ। ਸਿੱਖ ਸਮਾਜ ਨੂੰ ਸੁਧਾਰਨ ਹਿੱਤ ਇਸਤ੍ਰੀਆਂ ਮੁਖ ਭੂਮਿਕਾ ਨਿਭਾ ਸਕਦੀਆਂ ਹਨ। ਸਿੱਖਾਂ ਵਿਚ ਰਾਜਸੀ ਜਥੇਬੰਦੀਆਂ ਤਾਂ ਸਿੱਖ ਇਸਤ੍ਰੀਆਂ ਦੀਆਂ ਬਣਾਈਆਂ ਹੋਈਆਂ ਮਿਲਣਗੀਆਂ ਪਰੰਤੂ, ਧਾਰਮਿਕ ਸੰਸਥਾਵਾਂ ਦੀ ਅਣਹੋਂਦ ਚਲੀ ਆ ਰਹੀ ਹੈ। ਜਿੰਨਾਂ ਕੰਮ ਧਰਮ ਪ੍ਰਚਾਰ ਦਾ ਇਸਤ੍ਰੀਆਂ ਕਰ ਸਕਦੀਆਂ ਹਨ, ਉਤਨਾ ਮਰਦ ਨਹੀਂ ਕਰ ਸਕਦੇ। ਕਾਰਨ ਸਪਸ਼ਟ ਹੈ ਕਿ ਘਰ ਵਿਚ ਵੀ ਬੱਚਿਆਂ ਉੱਪਰ ਜੋ ਪ੍ਰਭਾਵ ਮਾਂ ਦੇ ਹੁੰਦੇ ਹਨ ਉਹ ਪਿਤਾ ਨਹੀਂ ਪਾ ਸਕਦਾ। ਗਿਆਨੀ ਦਿੱਤ ਸਿੰਘ ਦੇ ਇਕ ਲੇਖ 'ਸਾਡੀ ਸਿੰਘਣੀਆਂ ਦੀ ਉਨਤੀ' ਵਿਚੋਂ ਅਜਿਹੇ ਸੁਧਾਰਵਾਦੀ ਵਿਚਾਰਾਂ ਨੂੰ ਵੇਖਿਆ ਜਾ ਸਕਦਾ ਹੈ ਕਿਉਂਕਿ ਜਿਸ ਕੌਮ ਦੀਆਂ ਇਸਤ੍ਰੀਆਂ ਦ੍ਰਿੜ੍ਹ-ਧਰਮੀ ਅਤੇ ਦ੍ਰਿੜ੍ਹ-ਸਿਸਟਾਚਾਰੀ ਹੋਣਗੀਆਂ, ਉਸ ਕੌਮ ਦੇ ਬੱਚੇ ਵੀ ਅਜਿਹੇ ਹੀ ਹੋਣਗੇ। ਗਿਆਨੀ ਦਿੱਤ ਸਿੰਘ ਨੇ ਇਸ ਲੇਖ ਵਿਚ ਈਸਾਈ ਧਰਮ ਦੀਆਂ ਇਸਤ੍ਰੀਆਂ ਦੀ ਸੇਵਾ-ਭਾਵਨਾ ਤੇ ਕੁਰਬਾਨੀ ਦੀ ਮਿਸਾਲ ਦੇ ਕੇ, ਸਿੱਖ ਇਸਤ੍ਰੀਆਂ ਨੂੰ ਇਕ ਪ੍ਰਭਾਵਸ਼ਾਲੀ ਹਲੂਣਾ ਦਿੱਤਾ ਹੈ:-

ਹੁਣ ਜਦੋਂ ਅਸੀਂ ਇਨ੍ਹਾਂ ਉਪਰਲੀਆਂ ਕੌਮਾਂ ਦੇ ਮੁਕਾਬਲੇ ਪਰ ਆਪਣੀ ਕੌਮ ਦੀਆਂ ਇਸਤ੍ਰੀਆਂ ਵੱਲ ਧਿਆਨ ਕਰਦੇ ਹਾਂ ਤਾਂ ਇਨ੍ਹਾਂ ਵਿਚ ਪ੍ਰੇਮ, ਪੰਥ ਉੱਨਤੀ ਦੀ ਗੰਧ ਮਾਤ੍ਰ ਭੀ ਨਹੀਂ ਪਾਉਂਦੇ ਕਿੰਤੂ ਅਨਪੜ੍ਹ ਜਾਹਲ ਅਤੇ ਧਰਮ ਤੋਂ ਬਿਲਕੁਲ ਗਿਰੀਆਂ ਹੋਈਆਂ ਪਾਉਂਦੇ ਹਾਂ, ਦੇਸ਼ਾਂ ਪਰਦੇਸਾਂ ਵਿਚ ਭਰਮਨ ਕਰਕੇ ਧਰਮ ਦਾ ਪ੍ਰਚਾਰ ਕਰਨੇ ਦੀ ਉਮੀਦ ਤਾਂ ਇਕ ਪਾਸੇ ਰਹੀ ਇਨ੍ਹਾਂ ਦੇ ਘਰ ਦੇ ਬੱਚਿਆਂ ਨੂੰ ਭੀ ਮਾਲੂਮ ਨਹੀਂ ਹੁੰਦਾ ਕਿ ਧਰਮ ਕਿਸ ਵਸਤੂ ਦਾ ਨਾਮ ਹੈ ਅਰ ਅਸੀਂ ਕੌਣ ਹਾਂ ਅਰ ਸਾਡਾ ਧਰਮ ਕੀ ਹੈ। ਪਹਿਲੇ ਸਮਿਆਂ ਦੀਆਂ ਇਸਤ੍ਰੀਆਂ ਨਾਲ ਜੇ ਅੱਜ ਕੱਲ ਦੀਆਂ ਦਾ ਮੁਕਾਬਲਾ ਕੀਤਾ ਜਾਵੇ ਤਾਂ ਜ਼ਿਮੀਂ ਅਸਮਾਨ ਦਾ ਫਰਕ ਨਜ਼ਰ ਆਉਂਦਾ ਹੈ। ਕਿੱਥੇ ਭਾਗੋ ਦੀ ਸੂਰਬੀਰਤਾ ਅਰ ਨਿਸਚਾ, ਕਿੱਥੇ ਨਾਦਰਸ਼ਾਹ ਅਤੇ ਮੀਰ ਮੰਨੂੰ ਦੇ ਜ਼ੁਲਮਾਂ ਨੂੰ ਪ੍ਰਮੇਸ਼ਵਰ ਦਾ ਭਾਣਾ ਮਿੱਠਾ ਜਾਣ ਕੇ ਸਿਰ ਸਹਨੇ ਦੀ ਸਮ੍ਰੱਥਾ ਰੱਖਣ ਵਾਲੀਆਂ ਸਿੰਘਣੀਆਂ, ਜਿਨ੍ਹਾਂ ਦੇ ਕਾਰਨਾਮੇ ਸੁਣਕੇ ਮੁਰਦਾ ਦਿਲ ਵਿਚ ਭੀ ਇਕ ਵਾਰ ਤਾਂ ਧਰਮ ਦਾ ਜੋਸ਼ ਲਹਿਰਾਂ ਮਾਰ

ਆਉਂਦਾ ਹੈ ਪ੍ਰੰਤੂ ਜਦੋਂ ਅਸੀਂ ਅੱਜ ਕੱਲ ਉਨ੍ਹਾਂ ਸਿਦਕਵਾਨਾਂ ਸਿੰਘਣੀਆਂ ਦੀ ਔਲਾਦ ਹੁਣ ਦੀਆਂ ਸਿੰਘਣੀਆਂ ਵੱਲ ਵੇਖਦੇ ਹਾਂ ਤਾਂ ਇਨ੍ਹਾਂ ਵਿਚ ਉਹ ਗੁਣ ਜੋ ਕਿ ਮਾਤਾ ਦੇ ਗੁਣ ਪੁਤਰੀਆਂ ਵਿਚ ਸਿਆਣੇ ਪੁਰਖ ਆਖਦੇ ਹਨ ਬਿਲਕੁਲ ਨਹੀਂ ਪਾਉਂਦੇ। ਉਹ ਜ਼ੁਲਮ ਦੇ ਸਮਿਆਂ ਵਿਚ ਜੂਹਾਂ ਅਤੇ ਜੰਗਲਾਂ ਵਿਚ ਜਿੱਥੇ ਸ਼ੇਰ ਆਦਿਕ ਜਾਨਵਰਾਂ ਦੇ ਭੈ ਸਨ ਨਿਧੜਕ ਵਿਚਰਦੀਆਂ ਅਰ ਆਪਣੇ ਭਰਾਵਾਂ ਦੀ ਸੇਵਾ ਵਿਚ ਹਿੱਸਾ ਲੈਂਦੀਆਂ ਸਨ ਕਿੱਥੇ ਇਹ ਅੱਜ ਕਲ ਆਪਣੇ ਘਰਾਂ ਵਿਚ ਬਿੱਲੀਆਂ ਅਤੇ ਚੂਹਿਆਂ ਪਾਸੋਂ ਡਰ ਕੇ ਅੰਧੇਰੇ ਵਿਚ ਅੰਦਰ ਨਹੀਂ ਵੜਦੀਆਂ, ਕਿਥੇ ਕੈਦ ਖਾਨਿਆਂ ਅਰ ਜੰਗਲਾਂ ਵਿਚ ਭੁੱਖੇ ਅਤੇ ਪਿਆਸੇ ਰਹਿ ਕੇ ਬਾਣੀ ਦੇ ਪਾਠ ਅਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਬਿਨਾਂ ਨਾਗਾ ਦਰਸ਼ਨ ਕਰਨ ਵਾਲੀਆਂ ਸੁਭਾਗ ਇਸਤਰੀਆਂ, ਕਿੱਥੇ ਆਨੰਦ ਯੁਕਤ ਘਰਾਂ ਵਿਚ ਰਹਿ ਕੇ ਸ੍ਰੀ ਗੁਰੂ ਗਰੰਥ ਸਾਹਿਬ ਅਤੇ ਨਿਤਨੇਮ ਨੂੰ ਛੱਡ ਕੇ ਮੰਤਰਾਂ ਜੰਤਰਾਂ ਅਤੇ ਕਬਰਾਂ ਪਰ ਭਟਕਣ ਵਾਲੀਆਂ ਸਿੰਘਣੀਆਂ, ਕਿੱਥੇ ਅਕਾਲ ਪੁਰਖ ਤੋਂ ਬਿਨ੍ਹਾਂ ਕਿਸੇ ਦੇਵੀ, ਦੇਵਤੇ, ਭੂਤ ਪਰੇਤ ਅਤੇ ਅਵਤਾਰਾਂ ਪੈਗੰਬਰਾਂ ਨੂੰ ਤੁੱਛ ਸਮਝਣ ਵਾਲੀਆਂ ਸਿਦਕਵਾਨ ਭੈਣਾਂ, ਕਿਥੇ ਭਰਾਈਆਂ ਦੀਆਂ ਸ਼ੀਰਨੀਆਂ ਖਾਣ ਵਾਲੀਆਂ, ਕਿਥੇ ਔਲਾਦ ਨੂੰ ਸ਼ੇਸ਼ਟਾਚਾਰ ਦੀ ਹਰਦਮ ਸਿੱਖਿਆ ਦੇਣ ਵਾਲੀਆਂ ਕਿੱਥੇ ਆਪਣੀ ਹੱਥੀਂ ਕੁਰੀਤਾਂ ਦੀ ਸਿੱਖਿਯਾ ਦੇਣ ਵਾਲੀਆਂ, ਇਸ ਕਾਬਲੇ ਤੇ ਸਾਨੂੰ ਮਜਬੂਰਨ ਇਹ ਆਖਣਾ ਪੈਂਦਾ ਹੈ ਕਿ ਇਹ ਅੱਜ ਕਲ ਦੀਆਂ ਸਿੰਘਣੀਆਂ ਸਿੰਘਣੀਆਂ ਕਹਾਉਣ ਦੇ ਯੋਗ ਨਹੀਂ ਹਨ। ਜਿਤਨੀ ਕੌਮੀ ਉੱਨਤੀ ਵਿਚ ਰੁਕਾਵਟ ਹੈ ਇਨ੍ਹਾਂ ਦੇ ਅਗਿਆਨ ਦੇ ਕਾਰਨ ਹੈ। ਅਸੀਂ ਜੋ ਕੁਝ ਕਰਦੇ ਹਾਂ ਇਹ ਸਾਰੇ ਵਿਰੁਧ ਕਰਦੀਆਂ ਹਨ, ਭਲਾਂ ਸੋਚੋ ਜਿਸ ਘਰ ਵਿਚ ਦੋ ਆਦਮੀਆਂ ਦੇ ਦੋ ਮਤੇ ਹੋਣ ਉਹ ਕਿੰਨਾ ਕੁ ਚਿਰ ਵੱਸੇਗਾ, ਇਸਤਰੀਆਂ ਨੂੰ ਲੋਕੀਂ ਪੁਰਖ ਦੀ ਵਜ਼ੀਰ ਆਖਦੇ ਹਨ ਭਲਾਂ ਜੇ ਵਜ਼ੀਰ ਹੀ ਬਾਦਸ਼ਾਹ ਦੇ ਉਲਟ ਹੋਵੇ ਤਾਂ ਫਿਰ ਕੌਣ ਰੱਖ ਸਕਦਾ ਹੈ ਇਸੀ ਪਰ ਇਕ ਮਹਾਤਮਾ ਦਾ ਕਥਨ ਹੈ ਯਥਾ:

"ਖਸਮ ਪੂਜੇ ਦੇਵਤਾ ਭੂਤ ਪੂਜਨੀ ਜੋਇ।"
"ਏਕ ਗ੍ਰਹਿ ਵਿਖੇ ਦੋ ਮਤਾ ਕੁਸ਼ਲ ਕਵ ਵਧ ਹੋਇ"

ਹੁਣ ਜ਼ਰਾ ਇਸ ਲੇਖ ਨੂੰ ਵਿਚਾਰਕੇ ਸਾਡੀਆਂ ਮਾਈਆਂ, ਭੈਣਾਂ ਤੇ ਬੀਬੀਆਂ ਹੀ ਦੱਸਣ ਕਿ ਤੁਸੀਂ ਹੋਰ ਕੌਮਾਂ ਦੀਆਂ ਇਸਤਰੀਆਂ ਦੇ ਮੁਕਾਬਲੇ ਪਰ ਆਪਣੇ ਵਿਚ ਵੀ ਉੱਨਤੀ ਕੀਤੀ ਹੈ? ਸੁਵਾਏ ਇਸ ਦੇ ਕਿ ਤੁਸੀਂ ਆਪਨੀ ਉੱਤਮਤਾ ਅਤੇ ਧਰਮ ਭਾਵ ਤੋਂ ਗਿਰ ਕੇ ਅਧੋਗਤੀ ਨੂੰ ਚਲੀਆਂ ਗਈਆਂ ਹੋ ਦੇਖੋ ਤੁਹਾਡੇ ਹਮਸਾਇਆਂ ਦੀਆਂ ਇਸਤ੍ਰੀਆਂ ਕਿਤਨੀ ਤਰੱਕੀ ਕਰ ਗਈਆਂ ਹਨ ਅਰ ਤੁਸੀਂ ਇਤਨੀਆਂ ਗਿਰ ਗਈਆਂ ਹਨ ਕਿ ਦਿਨੋ ਦਿਨ ਗਿਰੀਆਂ ਜਾ ਰਹੀਆ ਹੋ, ਸੋਚੋ ਅਰ ਸੁਧਾਰੋ ਆਪਣੇ ਆਪ ਨੂੰ ਅਰ ਆਪਣੀਆਂ ਸਿੰਘਣੀਆਂ ਦੇ ਨਮੂਨੇ ਬਣ ਕੇ ਦੱਸੋ। ਇਸ ਸਭ ਅਮਨ ਦੇ ਰਾਜ ਵਿਚ ਉੱਤਮ ਸਮਯ ਹੈ ਇਹ ਯਾਦ ਰੱਖੋ ਜੇ ਹੁਣ ਵੀ ਨਾ ਉੱਨਤੀ ਕੀਤੀ ਤਾਂ ਫੇਰ ਤੁਸੀਂ ਕਦੋਂ ਧਰਮ ਭਾਵ ਦੀ ਹਾਲਤ ਵਿਚ ਆ ਸਕੋਗੀਆਂ।

ਅਸੀਂ ਬੜੀ ਨਿੰਮ੍ਰਤਾ ਨਾਲ ਆਪਣੀਆਂ ਮਾਈਆਂ, ਭੈਣਾਂ, ਬੀਬੀਆਂ ਅੱਗੇ ਬੇਨਤੀ ਕਰਦੇ ਹਾਂ ਕਿ ਇਸ ਉੱਤਮ ਰਾਜ ਵਿਚ ਹੁਣ ਤੁਹਾਡਾ ਉੱਨਤੀ ਕਰਨੇ ਦਾ ਵੇਲਾ ਹੈ, ਆਪਣੇ ਆਪ ਨੂੰ ਸੁਧਾਰ ਅਰ ਪੁਰਾਤਨ ਸਿੰਘਣੀਆਂ ਦੇ ਨਿਸਚੇ ਅਤੇ ਵਿਸ਼ਵਾਸ਼ ਨੂੰ ਕਾਇਮ ਰੱਖੋ ਜੋ ਤੁਹਾਡਾ ਪਰਮ ਕਰਤੱਵ ਅਤੇ ਕ੍ਰਿਤਗਯਤਾ ਹੈ, ਨਹੀਂ ਤਾਂ ਯਾਦ ਰੱਖੋ ਜੇ ਤੁਸੀਂ ਉਨ੍ਹਾਂ ਆਪਣੀਆਂ ਬੜੀਆਂ ਪਰਉਪਕਾਰਨਾ ਦਾ ਕਦਰ ਨਾ ਕੀਤਾ ਤਾਂ ਤੁਸੀਂ ਉਸ ਕ੍ਰਿਤਘਣਤਾ ਦੇ ਪਾਪ ਨਾਲ ਐਥੋਂ ਤਕ ਗਿਰ ਜਾਓਗੀਆਂ ਕਿ ਫੇਰ ਕਦੇ ਭੀ ਨਹੀਂ ਸੰਭਾਲ ਸਕੋਗੀਆਂ। ਸੋ ਆਸ਼ਾ ਹੈ ਸਾਡੀਆਂ ਭੈਣਾਂ ਜ਼ਰੂਰ ਉੱਜ ਤੋਂ ਆਪੇ ਆਪਣੀ ਥਾਂ ਧਰਮ ਉੱਨਤ ਦੇ ਬੀੜੇ ਉੱਠ ਕੇ ਪਹਿਲੇ ਆਪਣੇ ਆਪ ਨੂੰ ਸੁਧਾਰਨ ਦਾ ਯਤਨ ਕਰਨਗੀਆਂ।[17]

ਗਿਆਨੀ ਦਿੱਤ ਸਿੰਘ ਨੇ ਧਾਰਮਿਕ ਅਤੇ ਸੁਧਾਰਵਾਦੀ ਦ੍ਰਿਸ਼ਟੀ ਤੋਂ ਦਰਜਨਾਂ ਹੀ ਸੰਪਾਦਕੀ ਲੇਖ ਲਿਖੇ। ਉਹਨਾਂ ਦੇ ਇਹ ਅਖ਼ਬਾਰੀ ਵਾਰਤਕ ਨੁਮਾ ਸੰਪਾਦਕੀ ਲੇਖ ਦਾਰਸ਼ਨਿਕ ਅਤੇ ਧਾਰਮਿਕ ਦ੍ਰਿਸ਼ਟੀਕੋਣ ਨਾਲ ਹੀ ਓਤਪੋਤ ਹੁੰਦੇ। ਗਿਆਨੀ ਦਿੱਤ ਸਿੰਘ ਦੀ ਵਾਰਤਕ ਸਧੁੱਕੜੀ ਭਾਸ਼ਾ ਦੀ ਮਿੱਸ ਵਾਲੀ ਹੈ ਪਰੰਤੂ, ਉਹਨਾਂ ਦੀ ਵਾਰਤਕ ਦੀ ਕਲਾਤਮਿਕਤਾ ਆਧੁਨਿਕ ਵਾਰਤਕ ਦੇ ਬਹੁਤ ਨੇੜੇ ਹੈ। ਖ਼ਾਲਸਾ ਅਖ਼ਬਾਰ ਵਿਚ ਛਪੇ ਲੇਖ ਆਧੁਨਿਕ ਵਾਰਤਕ ਦੇ ਚੰਗੇ ਨਮੂਨੇ ਕਹੇ ਜਾ ਸਕਦੇ ਹਨ।

(ਅ) **ਪੁਸਤਕ ਰੂਪੀ ਵਾਰਤਕ:** ਧਾਰਮਿਕ, ਸੁਧਾਰਵਾਦੀ ਅਤੇ ਗੁਰਮਤਿ ਸਿਧਾਂਤ ਲੜੀ ਵਿਚ ਭਾਈ ਦਿੱਤ ਸਿੰਘ ਨੇ, ਜੀਵਨ ਕਥਾ ਗੁਰੂ ਅਰਜਨ ਦੇਵ, ਜੀਵਨ ਕਥਾ ਗੁਰੂ ਅੰਗਦ ਸਾਹਿਬ, ਜੀਵਨ ਕਥਾ ਗੁਰੂ ਤੇਗ ਬਹਾਦਰ ਜੀ/ ਜਨਮਸਾਖੀ ਗੁਰੂ ਨਾਨਕ ਦੇਵ ਜੀ, ਮੇਰਾ ਤੇ ਸਾਧੂ ਦਯਾ ਨੰਦ ਦਾ ਸੰਵਾਦ/ਆਦਿ ਨਿਰੋਲ ਵਾਰਤਕ ਪੁਸਤਕਾਂ ਰਚੀਆਂ ਪਰੰਤੂ, ਕੁਝ ਕਾਵਿ ਪੁਸਤਕਾਂ ਜਿਨ੍ਹਾਂ ਵਿਚ ਅਰਥਾਂ ਨੂੰ ਸਪਸ਼ਟ ਕਰਨ ਲਈ ਵਾਰਤਕ ਵੀ ਲਿਖੀ ਹੈ ਇਹਨਾਂ ਪੁਸਤਕਾਂ ਵਿਚ, ਨਕਲੀ ਸਿੱਖ ਪ੍ਰਬੋਧ, ਦੰਭ-ਵਿਦਾਰਨ, ਦੁਰਗਾ ਪ੍ਰਬੋਧ, ਪੁਜਾਰੀ ਪਬੋਧ, ਡਰਪੋਕ ਸਿੰਘ, ਸ਼੍ਰੀ ਗੁਰੂ ਅਰਜਨ ਪ੍ਰਬੋਧ, ਨੀਤੀ ਪ੍ਰਕਾਸ਼ ਅਤੇ ਗੁਰਬਾਣੀ ਪ੍ਰਬੋਧ ਆਦਿ ਵੀ ਲਿਖੀਆਂ। ਇਹਨਾਂ ਪੁਸਤਕਾਂ ਦੀ ਵਾਰਤਕ ਦੀ ਸੁਰ ਸੁਧਾਰਵਾਦੀ ਪ੍ਰਵਿਰਤੀ ਵਾਲੀ ਹੈ। ਉਹਨਾਂ ਨੇ ਵਾਰਤਕ ਵਿਚ ਜਿਹੜੇ ਵਿਸ਼ਿਆਂ ਨੂੰ ਲਿਆ ਉਹਨਾਂ ਦੀ ਮੁੱਖ ਸੁਰ ਸੁਧਾਰਵਾਦੀ ਹੈ। ਉਹਨਾਂ ਦੀ ਇਸ ਸੁਧਾਰਵਾਦੀ ਸੁਰ ਦਾ ਅਸਲ ਉਦੇਸ਼ ਸਿੱਖਾਂ ਤੇ ਆਮ ਜਨਤਾ ਨੂੰ ਬ੍ਰਾਹਮਣਵਾਦੀ ਪਾਖੰਡਾਂ ਵਿਚੋਂ ਕੱਢ ਕੇ ਗੁਰਮਤਿ ਅਨੁਸਾਰ ਸਾਧਾਰਣ ਜੀਵਨ ਬਤੀਤ ਕਰਨ ਲਈ ਪ੍ਰੇਰਨਾ ਸੀ। ਦੰਭ ਵਿਦਾਰਨ ਗ੍ਰੰਥ ਵਿਚ, ਮਨੁੱਖ ਮਾਤ੍ਰ ਲਈ ਕਰਤੱਬ' ਨਾਮੀ ਅਧਿਆਇ ਵਿਚ ਸਾਧੂ ਦਯਾ ਨੰਦ ਦੀ ਵਿਦਵਤਾ ਦੇ ਪਾਜ ਉਘਾੜਦੇ ਹਨ ਅਤੇ ਆਮ ਲੋਕਾਂ ਨੂੰ ਦਲੀਲਮਈ ਢੰਗ ਨਾਲ ਅਜਿਹੇ ਪਾਖੰਡੀਆਂ ਪਿੱਛੇ ਨਾ ਲਗਣ ਦੀ ਦਲੀਲ ਦੇ ਕੇ ਲੋਕਾਂ ਦਾ ਸੁਧਾਰ ਕਰਨਾ ਲੋਚਦੇ ਹਨ:

ਇਹ ਉਪਦੇਸ਼ ਬਤਾਇਆ ਸਾਧੂ ਜੀ ਸਭ ਹੇਤੁ॥
ਏਹੋ ਕਰਦੇ ਕਰਨ ਜੇ, ਬੀਜੇ ਨਾ ਕੋਈ ਖੇਤ॥6॥
ਸੰਝ ਸਵੇਰੇ ਹੋਵਸ ਸਭੀ ਦੁਕਾਨਾ ਬੰਦ॥
ਵਿਚ ਦੁਪੈਹਰੇ ਬੈਠਕੇ ਵੇਹਲੇ ਲੈਨ ਅਨੰਦ॥7॥
ਰਾਤ ਗਵਾਉਨ ਜਾਗਕੇ ਸੰਧਯਾ ਸੰਝ ਸਵੇਰ॥
ਸਿਰਫ਼ ਦੁਪਹਰਾ ਰਹ ਗਯਾ ਕੰਮ ਕਾਜ਼ ਨੂੰ ਫੇਰ॥ 8॥"

ਭਾਵ: ਜੋ ਰੀਤੀ ਸਾਧੂ ਜੀ ਨੇ ਸਭਨਾਂ ਵਾਸਤੇ ਕਰਨੀ ਅਵਸ਼ਯ ਕਰਤਬ ਦਾ ਦਸੀ ਹੈ ਸੋ ਅਜੇਹੀ ਕਠਨ ਹੈ ਜਿਸਦਾ ਪੂਰਾ ਕਰਨਾ

> ਇਕ ਜੇਹਲਖਾਨੇ ਦੀ ਮੁਸ਼ਕਤ ਨਾਲੋਂ ਭੀ ਬੁਰਾ ਹੈ, ਅਰ ਜੋ ਇਸ ਪਰ ਅਮਲ ਕਰੇਗਾ ਸੋ ਭਾਵੇਂ ਕਿਤਨਾ ਹੀ ਧਨੀ ਕਯੋਂ ਨਾ ਹੋਵੇ ਇਕ ਸਾਲ ਦੇ ਅੰਦਰ ਅੰਦਰ ਹੀ ਨਿਰਧਨ ਹੋ ਕੇ ਨਿਰਾ ਇਸ ਉਪਦੇਸ ਦੇ ਮੰਨਨ ਜੋਗਾ ਹੀ ਰਹਿ ਜਾਏਗਾ।[18]

ਗਿਆਨੀ ਦਿੱਤ ਸਿੰਘ ਨੇ ਆਮ ਲੋਕਾਂ ਲਈ ਹੀ ਸੁਧਾਰਵਾਦੀ ਸਾਹਿਤ ਨਹੀਂ ਰਚਿਆ ਸਗੋਂ ਉਹਨਾਂ ਨੇ ਆਪਣੇ ਵੇਲੇ ਦੇ ਰਿਆਸਤੀ ਰਾਜਿਆਂ ਲਈ ਵੀ ਉਪਦੇਸ਼ਾਤਮਕ ਸੁਰ ਵਿਚ ਸੁਧਾਰਵਾਦੀ ਸਾਹਿਤ ਰਚ ਕੇ ਆਪਣੀ ਸੁਧਾਰਵਾਦੀ ਪ੍ਰਵਿਰਤੀ ਨੂੰ ਪੇਸ਼ ਕੀਤਾ ਹੈ। ਨੀਤੀ ਪ੍ਰਕਾਸ਼ ਵਿਚ ਅਜਿਹੇ ਬਹੁਤ ਸਾਰੇ ਨੀਤੀ ਬਚਨ ਹਨ, ਜਿਨ੍ਹਾਂ ਦੀ ਸੁਰ ਉਸ ਵੇਲੇ ਦੇ ਰਿਆਸਤੀ ਰਾਜਿਆਂ ਦੇ ਰਾਜ ਪ੍ਰਬੰਧ ਦੇ ਪ੍ਰਸੰਗ ਵਿਚ ਉਭਰਦੀ ਹੈ। 19ਵੀਂ ਸਦੀ ਦੇ ਮੁੱਢ ਵਿਚ ਪੰਜਾਬ ਵਿਚ ਕਈ ਰਿਆਸਤਾਂ ਸਨ, ਜਿਨ੍ਹਾਂ ਦਾ ਰਾਜ ਪ੍ਰਬੰਧ ਉਥੋਂ ਦੇ ਰਾਜਿਆਂ ਦੇ ਹੱਥ ਵਿਚ ਹੁੰਦਾ ਸੀ। ਇਹ ਰਾਜੇ ਬਹੁਤ ਪੜ੍ਹੇ ਲਿਖੇ ਜਾਂ ਯੋਗ ਪ੍ਰਬੰਧਕ ਨਹੀਂ ਸਨ ਹੁੰਦੇ। ਅਜਿਹੇ ਰਿਆਸਤੀ ਰਾਜਿਆਂ ਪ੍ਰਤੀ ਉਹਨਾਂ ਦੀ ਕਲਮ ਦੀ ਨੋਕ ਅਜਿਹੇ ਨੀਤੀ ਬਚਨ ਉਲੀਕਦੀ ਹੈ।

> ਪ੍ਰਥਮ ਭੂਮ ਕੋ ਚਾਹੀਏ, ਸਭ ਵਿੱਦਿਆ ਭਰਪੂਰ॥
> ਜਿਸਦੇ ਬਲ ਸੇ ਜਗਤ ਮਹਿ ਧਨ ਪਾਵਿਹਿੰ ਭੂਪ॥
>
> ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਰਾਜਾ ਨੂੰ ਸੰਪੂਰਨ ਵਿੱਦਿਆ ਵਿਚ ਨਿਪੁੰਨ ਹੋਣਾ ਜ਼ਰੂਰੀ ਹੈ ਕਿਉਂਕਿ ਜਦ ਰਾਜਾ ਹਰ ਪ੍ਰਕਾਰ ਦੀ ਵਿਦਿਯਾ ਵਿਚ ਨਿਪੁੰਨ ਹੁੰਦਾ ਹੈ ਤਦ ਆਪਣੀ ਪ੍ਰਜਾ ਅਤੇ ਬਾਹਰਲੇ ਲੋਕਾਂ ਵਿਚ ਸੋਭਾ ਨੂੰ ਪ੍ਰਾਪਤ ਹੁੰਦਾ ਹੈ ਅਤੇ ਕਈ ਸਮਯਾਂ ਪਰ ਉਹ ਅਪਨੀ ਵਿਦਯਾ ਤੋਂ ਲਾਭ ਉਠਾਉਂਦਾ ਹੈ . .. ਇਸਤੇ ਸਿੱਧ ਹੋਂਦਾ ਹੈ ਕਿ ਜੋ ਰਾਜਾ ਸੰਪੂਰਨ ਵਿੱਦਿਆ ਦਾ ਗਿਆਤਾ ਹੁੰਦਾ ਹੈ ਉਸ ਨੂੰ ਕਿਸੇ ਦਾ ਮੋਹਤਾਜ ਨਹੀਂ ਹੋਨਾ ਪੈਂਦਾ ਅਤੇ ਸਾਰਿਆਂ ਦਾ ਅਸਪਤ ਅਤੇ ਸਿਖਿਆ

> ਦੇਣ ਵਾਲਾ ਹੁੰਦਾ ਹੈ। . .. ਸਾਡੇ ਦੇਸ ਦੇ ਰਾਜੇ ਮਹਾਰਾਜੇ ਇਸੇ ਵਾਸਤੇ ਪਰਜਾ ਅਰ ਅਪਨੇ ਅਦਪਤੀਆਂ ਦੇ ਸਾਹਮਨੇ ਹਕੀਰ ਹੋ ਗਏ ਹਨ ਜੋ ਇਨ੍ਹਾਂ ਨੇ ਸੰਪੂਰਨ ਵਿਦਯਾ ਦੇ ਸਮੁੰਦਰ ਦਾ ਅਵਗਾਹਨ ਹਨ ਨਹੀਂ ਕੀਤਾ ਅਰ ਜਿਸ ਵਿਸ਼ੇ ਵਿਚ ਪੈ ਕੇ ਆਨੰਦ ਪਰਤੀਤ ਹੋਇਆ ਫਿਰ ਉਸੇ ਨੂੰ ਜਨਮ ਦਾ ਫਲ ਤੇ ਰਾਜ ਦਾ ਮੁੱਖ ਸਮਝ ਕੇ ਅਪਨੀ ਆਯੂ ਨੂੰ ਖਰਚ ਕਰ ਦੇਂਦੇ ਹਨ। ਜੈਸਾ ਕਿ ਕਿਸੇ ਨੇ ਸ਼ਕਾਰ ਕਿਸੇ ਨੇ ਗਰਾਂ ਅਤੇ ਕਿਸੇ ਨੇ ਸ਼ਰਾਬ ਕਬਾਬ ਅਰ ਕਿਸੇ ਨੇ ਬਹੁਤ ਰਾਨੀਆਂ ਦਾ ਵਿਆਹੋਨਾਂ ਆਦਿਕ ਹੀ ਰਾਜ ਦਾ ਫਲ ਸਮਝਿਆ ਹੋਇਆ ਹੈ।[19]

ਗਿਆਨੀ ਦਿੱਤ ਸਿੰਘ ਦੀ ਧਾਰਮਿਕ ਅਤੇ ਸੁਧਾਰਵਾਦੀ ਪ੍ਰਵਿਰਤੀ ਨੂੰ ਉਹਨਾਂ ਦੁਆਰਾ ਰਚਿਤ ਸਾਹਿਤ ਵਿਚੋਂ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਪਿੰਡਾਂ ਵਿਚ ਵਸਦੀ ਸਿੱਖ ਜਨਤਾ ਜਿਹੜੀ ਮੜ੍ਹੀਆਂ ਮਸਾਣਾਂ, ਪੀਰਾਂ-ਫ਼ਕੀਰਾਂ ਅਤੇ ਦੇਵੀ-ਦੇਵਤਿਆਂ ਦੀਆਂ ਮਨੌਤਾਂ, ਗੀਤਾਂ-ਰਸਮਾਂ ਰਾਹੀਂ ਵਹਿਮਾਂ-ਭਰਮਾਂ ਵਿਚ ਜਕੜੀ ਹੋਈ ਸੀ, ਗਿਆਨੀ ਦਿੱਤ ਸਿੰਘ ਨੇ ਆਪਣੀ ਲੇਖਣੀ ਰਾਹੀਂ ਇਹਨਾਂ ਲੋਕਾਂ ਨੂੰ ਉਪਰੋਕਤ ਕੁਰੀਤੀਆਂ ਤੋਂ ਨਿਜਾਤ ਦਿਵਾਈ ਅਤੇ ਲੋਕਾਂ ਨੂੰ ਜਾਗ੍ਰਿਤ ਕੀਤਾ। ਗਿਆਨੀ ਦਿੱਤ ਸਿੰਘ ਦੁਆਰਾ ਰਚਿਤ ਬਹੁਤ ਸਾਰੀਆਂ ਪੁਸਤਕਾਂ ਵਿਚ ਜੀਵਨ ਪ੍ਰਤੀ ਅਪਣਾਇਆ ਗਿਆ ਦ੍ਰਿਸ਼ਟੀਕੋਣ, ਧਾਰਮਿਕ ਹੈ ਪਰੰਤੂ, ਬਹੁਤ ਸਾਰੀਆਂ ਪੁਸਤਕਾਂ (ਸੁਲਤਾਨ ਪੁਆੜਾ, ਗੁੱਗਾ ਗਪੌੜਾ, ਪ੍ਰਤਗਯਾ ਪਾਲਨ, ਡਰਪੋਕ ਸਿੰਘ, ਨੀਤੀ ਪ੍ਰਕਾਸ਼ ਆਦਿ) ਭੁੱਲੇ ਭਟਕੇ ਲੋਕਾਂ ਨੂੰ ਅੰਧ ਵਿਸ਼ਵਾਸ, ਵਹਿਮਾਂ ਭਰਮਾਂ ਅਤੇ ਫੋਕੀਆਂ ਰਹੁ-ਰੀਤਾਂ ਵਿਚੋਂ ਕੱਢਣ ਦਾ ਸੁਧਾਰਵਾਦੀ ਯਤਨ ਹੈ।

**ੲ) ਪ੍ਰਗਤੀਵਾਦੀ ਪ੍ਰਵਿਰਤੀ:** ਗਿਆਨੀ ਦਿੱਤ ਸਿੰਘ ਰਚਿਤ ਵਾਰਤਕ ਦੀ ਪ੍ਰਗਤੀਵਾਦੀ ਪ੍ਰਵਿਰਤੀ ਨੂੰ ਜਾਨਣ ਲਈ, ਪਹਿਲਾਂ ਪ੍ਰਗਤੀਵਾਦ ਦੇ ਸੰਕਲਪ ਨੂੰ ਸਮਝਣਾ ਲਾਹੇਵੰਦ ਹੋਵੇਗਾ। ਪ੍ਰਗਤੀ ਦਾ ਅਰਥ 'ਅੱਗੇ ਵੱਧਣਾ' ਹੈ। ਇਸ ਦੇ ਸ਼ਾਬਦਿਕ ਅਰਥ ਦੱਸਣ ਲਈ ਕਈ ਵਾਰ

'ਗਤੀਸ਼ੀਲ ਹੋਣਾ' ਜਾਂ 'ਕ੍ਰਿਆਸ਼ੀਲ ਹੋਣਾ' ਅਰਥਾਂ ਦੀ ਵਰਤੋਂ ਵੀ ਕਰ ਲਈ ਜਾਂਦੀ ਹੈ, ਪਰੰਤੂ ਜੋ ਅਰਥ 'ਅੱਗੇ ਵੱਧਣ' ਵਿਚ ਹਨ, ਉਹ ਕਿਸੇ ਹੋਰ ਵਿਚ ਨਹੀਂ ਕਿਉਂਕਿ ਗਤੀ ਜਾਂ ਕ੍ਰਿਆ ਲਾਜ਼ਮੀ ਤੌਰ ਤੇ ਵਿਕਾਸ ਦੀ ਸੂਚਕ ਨਹੀਂ ਹੁੰਦੀ। ਪ੍ਰਗਤੀ ਦੇ ਨਾਲ 'ਵਾਦ' ਲਗਣ ਨਾਲ ਇਹ ਸ਼ਬਦ ਵਿਸ਼ੇਸ਼ ਅਰਥਾਂ ਦਾ ਧਾਰਨੀ ਬਣ ਜਾਂਦਾ ਹੈ। ਸਮਾਨਯ ਤੋਂ ਵਿਸ਼ੇਸ਼ ਦਿਸ਼ਾ ਵਿਚ ਅੱਗੇ ਵਧਣਾ। ਪ੍ਰਗਤੀਵਾਦੀ ਜਾਂ ਅਗਾਂਹ ਵਧੂ ਸਾਹਿਤ ਉਸ ਸਾਹਿਤ ਨੂੰ ਕਿਹਾ ਜਾਂਦਾ ਹੈ ਜੋ ਜੀਵਨ ਨੂੰ ਵਿਸ਼ੇਸ਼ ਦਿਸ਼ਾ ਵਿਚ ਅੱਗੇ ਵਧਾਉਂਦਾ ਹੈ। ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਪ੍ਰਗਤੀਵਾਦੀ ਸਾਹਿਤ, ਮਾਰਕਸਵਾਦੀ ਵਿਚਾਰਾਂ ਦੀ ਉਪਜ ਹੁੰਦਾ ਹੈ। ਮਾਰਕਸਵਾਦੀ ਵਿਚਾਰਧਾਰਾ ਅਨੁਸਾਰ ਸਮਾਜ ਦੋ ਸ਼੍ਰੇਣੀਆਂ ਵਿਚ ਵੰਡਿਆ ਹੋਇਆ ਹੈ। ਇਕ ਧਿਰ ਲੋਟੂ ਹੈ ਤੇ ਦੂਜੀ ਲੁੱਟੀ ਜਾਣ ਵਾਲੀ। ਪੈਦਾਵਾਰ ਦੇ ਸਾਧਨ ਕੁਝ ਕੁ ਵਿਅਕਤੀਆਂ ਦੇ ਹੱਥ ਵਿਚ ਹਨ ਅਤੇ ਸਾਹਿਤ ਦਾ ਫਰਜ਼ ਹੈ, ਮਨੁੱਖ ਨੂੰ ਇਸ ਸ਼੍ਰੇਣੀ ਯੁਕਤ ਸਮਾਜ ਦੇ ਬੰਧਨ ਤੋਂ ਮੁਕਤ ਕਰਵਾ ਕੇ ਉਸ ਨੂੰ ਪ੍ਰਗਤੀ ਜਾਂ ਸਮਾਜਵਾਦ ਦੇ ਰਾਹ ਤੇ ਤੁਰਨ ਦੀ ਸੇਧ ਦੇਵੇ।

ਗਿਆਨੀ ਦਿੱਤ ਸਿੰਘ ਬਾਰੇ ਦਾਅਵੇ ਨਾਲ ਤਾਂ ਨਹੀਂ ਕਿਹਾ ਜਾ ਸਕਦਾ ਕਿ ਉਨ੍ਹਾਂ ਨੇ ਪ੍ਰਗਤੀਵਾਦੀ ਪ੍ਰਵਿਰਤੀ ਮਾਰਕਸਵਾਦੀਆਂ ਤੋਂ ਗ੍ਰਹਿਣ ਕੀਤੀ ਪਰੰਤੂ, ਜੇਕਰ ਉਹਨਾਂ ਦੀ ਵਿਚਾਰਧਾਰਾ ਨੂੰ ਸਮਝਿਆ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਉਹਨਾਂ ਨੇ ਇਹ ਪ੍ਰਵਿਰਤੀ ਗੁਰਬਾਣੀ ਤੋਂ ਗ੍ਰਹਿਣ ਕੀਤੀ, ਕਿਉਂਕਿ ਗੁਰਬਾਣੀ ਦੀ ਵਿਚਾਰਧਾਰਾ ਵੀ ਸਾਧਾਰਣ ਮਨੁੱਖ ਨੂੰ ਲੁੱਟ ਤੋਂ ਬਚਾ ਕੇ ਨਰੋਏ ਸਮਾਜ ਦੀ ਸਿਰਜਣਾ ਵਲ ਨੂੰ ਰੁਚਿਤ ਹੈ। ਗੁਰੂ ਨਾਨਕ ਨੇ ਸਮਾਜਵਾਦ ਦਾ ਇਕ ਵਿਸ਼ੇਸ਼ ਮਾਡਲ, 'ਕਿਰਤ ਕਰਨਾ, ਨਾਮ ਜਪਣਾ ਤੇ ਵੰਡ ਛਕਣਾ' ਦਾ ਦਿੱਤਾ ਜੋ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਓਤਪੋਤ ਹੈ। ਜਦੋਂ ਗੁਰੂ ਨਾਨਕ ਸਾਹਿਬ ਕਹਿੰਦੇ ਹਨ:

> ਰਾਜੇ ਸ਼ੀਂਹ ਮੁਕਦਮ ਕੁਤੇ।
> ਜਾਇ ਜਗਾਇਨਿ ਬੈਠੇ ਸੁਤੇ।
> ਚਾਕਰ ਨਹ ਦਾ ਪਾਇਨਿ ਘਾਉ।
> ਰਤੁ ਪਿਤੁ ਕੁਤਿਹੋ ਚਟਿ ਜਾਹੁ।
>
> (ਸ਼੍ਰੀ ਗੁਰੂ ਗ੍ਰੰਥ ਗ੍ਰੰਥ ਸਾਹਿਬ, ਪੰ. 1288)

ਇਥੇ ਵੀ ਇਕ ਪਾਸੇ ਪਰਜਾ ਨੂੰ ਲੁੱਟਣ ਵਾਲੇ ਰਾਜੇ ਤੇ ਮੁਕੱਦਮ ਹਨ ਤੇ ਦੂਜੇ ਪਾਸੇ ਲੁੱਟੀ ਜਾ ਰਹੀ ਪਰਜਾ ਜਮਾਤ ਹੈ। ਗੁਰੂ ਨਾਨਕ ਸਾਹਿਬ ਆਮ ਸਾਧਾਰਣ ਮਨੁੱਖ ਨੂੰ ਜਾਗ੍ਰਿਤ ਕਰਦੇ ਹਨ ਅਤੇ ਅਜਿਹੇ ਲੋਟੂ ਮਨੁੱਖਾਂ ਪ੍ਰਤੀ ਉਸ ਨੂੰ ਸੁਚੇਤ ਕਰਦੇ ਹਨ।

ਇਸ ਤਰ੍ਹਾਂ ਗਿਆਨੀ ਦਿੱਤ ਸਿੰਘ ਨੇ ਪ੍ਰਗਤੀਵਾਦੀ ਵਿਚਾਰ ਗੁਰਬਾਣੀ ਤੋਂ ਗ੍ਰਹਿਣ ਕਰਕੇ ਆਪ ਇਸ ਪ੍ਰਕਾਰ ਦੀ ਪ੍ਰਵਿਰਤੀ ਵਾਲਾ ਬਹੁਤ ਸਾਰਾ ਸਾਹਿਤ ਰਚਿਆ, ਕਿਉਂਕਿ ਧਰਮ ਦੀ ਪ੍ਰਵਿਰਤੀ ਸਮਾਜ ਦੀ ਭਲਾਈ, ਬਿਹਤਰੀ ਅਤੇ ਸਮੁਚੇ ਕਲਿਆਣ ਵਲ ਰੁਚਿਤ ਹੈ, ਇਸ ਲਈ ਅਸੀਂ ਵੇਖਦੇ ਹਾਂ ਕਿ ਜਿਥੇ ਕਿਧਰੇ ਵੀ ਸਮਾਜਿਕ ਸਰੋਕਾਰ ਦੀ ਗੱਲ ਆਉਂਦੀ ਹੈ ਅਤੇ ਇਸ ਬਾਰੇ ਕੋਈ ਦ੍ਰਿਸ਼ਟਾਂਤ, ਉਦਾਹਰਣ ਜਾਂ ਕੋਈ ਪਰਿਭਾਸ਼ਾ ਦੇਣ ਦੀ ਲੋੜ ਪੈਂਦੀ ਹੈ, ਤਾਂ ਗਿਆਨੀ ਦਿੱਤ ਸਿੰਘ ਦਾ ਮੁੱਖ ਗੁਰਬਾਣੀ ਵੱਲ ਹੁੰਦਾ ਹੈ।

ਸਿੱਖ ਇਤਿਹਾਸ ਤੋਂ ਜਾਣੂ ਵਿਦਵਾਨ ਇਸ ਤੱਥ ਨੂੰ ਜਾਣਦੇ ਹਨ ਕਿ (ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ) ਸਿੱਖ ਧਰਮ ਆਪਣੇ ਸਿੱਖਰਾਂ ਵੱਲ ਜਾ ਰਿਹਾ ਸੀ ਪਰ, ਸਿੱਖ ਰਾਜ ਦੇ ਖ਼ਤਮ ਹੋਣ ਮਗਰੋਂ ਸਿੱਖ ਧਰਮ ਨੂੰ ਢਾਹ ਲਾਉਣ ਲਈ ਕੋਈ ਘੱਟ ਯਤਨ ਨਹੀਂ ਸਨ ਹੋਏ। ਸਿੱਖ ਧਰਮ ਨੂੰ ਕਮਜ਼ੋਰ ਕਰਨ ਲਈ ਅੰਦਰੋ ਤੇ ਬਾਹਰੋਂ ਦੁਵੱਲੀਓਂ ਸਿੱਖ ਧਰਮ ਤੇ ਹਮਲੇ ਹੋਏ। ਆਰੀਆ ਸਮਾਜੀ ਸਿੱਖ ਧਰਮ ਦੇ ਮਗਰ ਪੈ ਗਏ ਤੇ ਸਵਾਮੀ ਦਯਾ ਨੰਦ ਦੇ ਲੈਕਚਰਾਂ ਨੇ ਤਾਂ ਥਾਂ-ਥਾਂ ਅਜਿਹੇ ਸਿੱਖ ਧਰਮ ਵਿਰੋਧੀ ਪੰਡਿਤ ਪ੍ਰਚਾਰਕ ਖਿਲਾਰ ਦਿੱਤੇ ਜੋ ਗੁਰੂ-ਗ੍ਰੰਥ ਸਾਹਿਬ ਦਾ ਪਾਠ ਕਰਦੇ ਅਤੇ ਪਾਠ ਕਰਨ ਲੱਗਿਆਂ ਅਰਥਾਂ ਨੂੰ ਉਲਟ-ਪੁਲਟ ਤੇ ਗ਼ਲਤ ਰੰਗ ਵਿਚ ਪੇਸ਼ ਕਰਕੇ ਸਿੱਖ ਧਰਮ ਵਿਰੁੱਧ ਪ੍ਰਚਾਰ ਕਰਨ ਵਿਚ ਆਪਣੀ ਪੂਰੀ ਵਾਹ ਲਾਉਂਦੇ। ਅਜਿਹੇ ਹਾਲਾਤ ਬਣ ਗਏ ਕਿ ਸਿੱਖ-ਧਰਮ ਵਿਰੋਧੀ ਜਮਾਤ ਸਿੱਖ ਕੌਮ ਨੂੰ ਉਸਦੇ ਧਰਮ ਪਖੋਂ ਉਸਨੂੰ ਲੁੱਟਣ ਲਗ ਪਈ। ਇਸ ਲੋਟੂ ਜਮਾਤ ਦਾ ਟਾਕਰਾ ਕਰਨ ਲਈ ਉਸ ਵੇਲੇ ਗਿਆਨੀ ਦਿੱਤ ਸਿੰਘ ਵਰਗੇ ਸਿੱਖ ਧਰਮ ਤੇ ਗੁਰਮਤਿ ਪੱਖੀ ਗੁਰਮੁਖ ਬਹਾਦਰਾਂ ਨੇ ਵੱਡੇ ਉੱਦਮ ਨਾਲ ਸਮੇਂ ਸਿਰ ਸਿੱਖ ਧਰਮ ਤੇ ਹੋ ਰਹੇ ਹਮਲਿਆਂ ਨੂੰ ਰੋਕਿਆ। ਇਸ ਦੀ ਉਦਾਹਰਣ 'ਰਾਮਕਲੀ ਸੱਦ' ਨਾਂ ਦੀ ਬਾਣੀ ਦੇ ਹਵਾਲੇ ਨਾਲ ਗਿਆਨੀ ਅਮਰ ਸਿੰਘ ਨੇ ਇਉਂ ਦਿੱਤੀ ਹੈ:

ਰਾਮਕਲੀ ਦੀ ਸੱਦ ਇਕ ਅਜਿਹੀ ਬਾਣੀ ਹੈ, ਜਿਸ ਵਿਚ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਉਤੇ ਉਸ ਵਿਚ ਸਿੱਖ ਧਰਮ ਦੇ ਸੁੰਦਰ ਤੇ ਮਨੋਹਰ ਲੱਛਣਾਂ ਦੇ ਉਪਦੇਸ਼ ਦਾ ਜ਼ਿਕਰ ਕੀਤਾ ਗਿਆ ਹੈ, ਜੋ ਸਤਿਗੁਰੂ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਆਪਣੇ ਸਾਰੇ ਪਰਿਵਾਰ ਨੂੰ ਕੋਲ ਬਿਠਾ ਕੇ ਆਪਣੇ ਬਾਰੇ ਤੇ ਆਪਣੇ ਪਿਛੋਂ ਜੋ ਕੁਝ ਗੁਰਮਤਿ ਅਨੁਸਾਰ ਕਰਨਾ ਸੀ, ਉਸ ਬਾਰੇ ਹੁਕਮ ਕੀਤਾ ਸੀ। ਸਤਿਗੁਰੂ ਜੀ ਨੇ ਫੁਰਮਾਇਆ ਸੀ ਕਿ ਸਾਡੇ ਸਰੀਰ ਤਿਆਗਣ ਤੋਂ ਮਗਰੋਂ ਇਹ ਕਿਰਿਆ ਕਰਮ ਕਰਨਾ, ਜੋ ਅਸੀਂ ਕਹਿੰਦੇ ਹਾਂ ਕਿਤੇ ਹਿੰਦੂ ਜਾਂ ਮੁਸਲਮਾਨਾਂ ਵਾਂਗ ਦੀਵਾ-ਪੱਤਲ ਜਾਂ ਦਰੂਦ ਨਾ ਭਰਾਉਂਦੇ ਫਿਰਨਾ। ਪਿੰਡ ਭਰਾਉਣ ਜਾਂ ਗੰਗਾ ਵਿਚ ਫੁੱਲ ਪ੍ਰਵਾਹੁਣ ਲਈ ਹੀ ਨਾ ਤੁਰੇ ਫਿਰਨਾ। ਇਹ ਸੀ ਸਤਿਗੁਰਾਂ ਦੇ ਦਿੱਤੇ ਉਪਦੇਸ਼ ਦਾ ਅਸਲ ਭਾਵ, ਪਰ ਵਿਰੋਧੀ ਤੇ ਚਲਾਕ ਪ੍ਰਚਾਰਕ ਇਹਨਾਂ ਅਰਥਾਂ ਨੂੰ ਇਉਂ ਕਰਨ ਦੀ ਬਜਾਏ, ਸਗੋਂ ਗੁਰਮਤਿ ਦੇ ਉਲਟ ਸਿੱਖਾਂ ਨੂੰ ਪਿੰਡ ਭਰਨ ਤੇ ਪੰਡਤਾਂ ਕੋਲੋਂ ਅੰਤਮ ਕਿਰਿਆ ਕਰਵਾਉਣ ਦੀਆਂ ਵਿਧੀਆਂ ਹੀ ਸਮਝਾਉਣ ਲਗ ਪੈਂਦੇ ਸਨ। ਇਸ ਸੱਦ ਵਿਚ ਇਕ ਤੁੱਕ ਹੈ:

ਕੇਸੋ ਗੁਪਾਲ ਪੰਡਤ ਸਦਿਅਹੁ
ਹਰਿ ਹਰਿ ਕਥਾ ਪੜਹਿ ਪੁਰਾਣ ਜੀਉ॥

ਇਸ ਤੁਕ ਦੇ ਕੇਸੋ ਸ਼ਬਦ ਦੇ ਗੁਰਮਿਤ ਦੇ ਉਲਟ ਅਰਥ ਕਰਨ ਵਾਲੇ ਲੋਕ, ਇਸ ਦਾ ਅਰਥ ਕੇਸੋ ਤੇ ਗੋਪਾਲ ਪੰਡਤਾਂ ਦੇ ਨਾਂ ਦਸਦੇ, ਆਪਣੇ ਸ੍ਰੋਤਿਆਂ ਨੂੰ ਸਮਝਾਉਂਦੇ ਹੋਏ ਸਤਿਗੁਰੂ ਜੀ ਨੇ ਦਸਿਆ ਹੈ ਕਿ ਇਹਨਾਂ ਨੂੰ ਬੁਲਾ ਕੇ ਗਰੜ ਪੁਰਾਣਾਂ ਦੀ ਕਥਾ ਸੁਣਨੀ ਚਾਹੀਦੀ ਹੈ, ਪਰ ਗਿਆਨੀ ਦਿੱਤ ਸਿੰਘ ਜੀ ਨੇ ਇਸ ਸੱਦ ਦੇ (ਅਸਲ) ਅਰਥ ਇਉਂ ਕੀਤੇ, ਜਿਸ ਨਾਲ ਲੋਕਾਂ ਦੀਆਂ ਅੱਖਾਂ ਖੁੱਲ੍ਹ ਗਈਆਂ।

..................

ਏਸੇ ਪੰਜਵੀਂ ਪੌੜੀ ਵਿਚ ਗੁਰੂ ਜੀ ਨੇ ਆਪਣਾ ਸਾਰਾ ਸਿੱਖੀ ਦਾ ਵਿਚਾਰ ਹੀ ਦੱਸ ਦਿੱਤਾ ਹੈ। ਹੁਕਮ ਕੀਤਾ ਹੈ ਕਿ ਅੰਤ ਹੋਣ ਤੇ ਕੋਈ ਪ੍ਰੇਤ ਕਿਰਿਆ ਨਹੀਂ ਕਰਨੀ, ਕਿਉਂਕਿ ਸ੍ਰੀ ਗੁਰੂ ਨਾਨਕ

ਦੇਵ ਜੀ ਤੇ ਸ਼੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਪੰਥ ਦੀ ਨੀਂਹ ਰੱਖੀ ਹੈ, ਸੋ ਇਹ ਉਹਨਾਂ ਦਾ ਧਰਮ ਨਹੀਂ ਹੈ, ਉਹਨਾਂ ਦਾ ਧਰਮ ਇਹ ਹੈ, ਜੋ ਉਹਨਾਂ ਮੈਨੂੰ ਦ੍ਰਿੜ੍ਹਾਇਆ ਤੇ ਮੈਂ ਤੁਹਾਨੂੰ ਦਸਦਾ ਹਾਂ ਕਿ ਤੁਸਾਂ ਸਾਡੇ ਪਿਛੇ ਨਿਰਬਾਣ ਜੋ ਪਰਮਾਤਮਾ ਹੈ, ਜਿਸ ਤਕ ਕਿਸੇ ਬਾਣੀ ਦੀ ਪਹੁੰਚ ਨਹੀਂ ਹੈ, ਉਸ ਦਾ ਕੀਰਤਨ ਅਰਥਾਤ ਜੱਸ ਕਰਨਾ, ਕਿਤੇ ਢੋਲਕ ਪਕੜਕੇ ਕਿਸੇ ਦੇਹਧਾਰੀ ਗੁਰੂ ਦੇ ਚਬੋਲੇ ਨਾ ਗਾਉਣ ਲਗ ਪੈਣੇ ਅਤੇ ਢੰਨੂੰ ਦਾ ਨੋਧਾ ਮਿਸਰ ਸੱਦ ਕੇ ਗਰੜ ਪੁਰਾਣ ਦੀ ਕਥਾ ਨਾ ਕਰਾਉਣ ਲਗ ਪੈਣਾ ਸਗੋਂ 'ਕੇਸੋ ਗੁਪਾਲ' (ਹਰੀ ਪ੍ਰਮਾਤਮਾ) ਨਾਮੀ ਪੰਡਤ ਜੋ ਪਰਮ-ਆਤਮਾ ਅਰਥ ਸਭ ਜੀਆਂ ਦਾ ਆਧਾਰ ਤੇ ਆਸਰਾ ਹੈ ਉਸੇ ਨੂੰ ਅਰਾਧਨਾ ਕਰਕੇ, ਉਸੇ ਨੂੰ ਹੀ ਆਪਣੇ ਹਿਰਦਿਆਂ ਵਿਚ ਬੁਲਾਉਣਾ ਤੇ ਉਸੇ ਦੇ ਕਥਨ ਦੀ ਕਥਾ ਵਿਚ ਖਚਤ ਹੋਣਾ ਤੇ ਉਸੇ ਦੀ ਕਥਾ ਦੇ ਪੁਰਾਣ ਨੂੰ ਹੀ ਪੜ੍ਹਨਾ, ਹੋਰ ਕੋਈ ਪੁਰਾਣ ਨਾ ਖੋਲ੍ਹ ਬਹਿਣਾ। ਇਸਤੋਂ ਬਿਨਾ ਸਤਿਗੁਰੂ ਜੀ ਨੇ ਇਸ ਮਨਮਤ ਤੋਂ ਰੋਕ ਦਿੱਤਾ ਕਿ ਇਹ ਜੋ ਜਗਤ ਦੀ ਮਰਯਾਦਾ ਜਿਹੀ ਬਣੀ ਹੋਈ ਹੈ ਕਿ ਲੋਕੀਂ ਬੁਢਿਆਂ ਦਾ ਬਿਬਾਨ ਕੱਢਦੇ ਹਨ, ਉਹ ਬਿਬਾਣ ਸਾਡਾ ਨਾ ਬਣਾਉਣਾ, ਸਾਡਾ ਬਿਬਾਣ ਏਹੀ ਹੈ ਜੇ ਤੁਸੀਂ ਹਰੀ ਕੀਰਤਨ ਵਿਚ ਮਸਤ ਹੋ ਕੇ ਆਪਣੇ ਆਪ ਨੂੰ ਰੰਗੋ। ਇਹੀ ਹਰੀ ਦੇ ਨਾਮ ਦੀ ਪ੍ਰੀਤੀ ਹੀ ਮੇਰਾ ਪਿੰਡ ਪੱਤਲ, ਕ੍ਰਿਯਾ ਤੇ ਦੀਵਾ ਆਦਿਕ ਹਨ, ਤੁਸੀਂ ਏਸੇ ਵਿਚ ਮਗਨ ਹੋਣਾ ਤੇ ਹਰੀ ਕੀਰਤਨ ਤੋਂ ਬਿਨਾਂ ਮੇਰੇ ਵਾਸਤੇ ਹੋਰ ਕੋਈ ਪਿੰਡ, ਪੱਤਲ ਜਾਂ

ਕਿਰਿਆ ਆਦਿ ਨਾ ਕਰਨੇ ਤੇ ਓਹੀ ਕੁਝ ਕਰਨਾ, ਜੋ ਅਸੀਂ ਆਪ ਦਸ ਰਹੇ ਹਾਂ।[20]

ਉਪਰੋਕਤ ਤੋਂ ਗਿਆਨੀ ਦਿੱਤ ਸਿੰਘ ਦੀ ਅਗਾਂਹ ਵਧੂ ਸੋਚ ਨੂੰ ਸਹਿਜੇ ਹੀ ਜਾਣਿਆ ਜਾ ਸਕਦਾ ਹੈ। ਉਸ ਵੇਲੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਪੰਜਾਬ ਵਿਚ ਜਗੀਰਦਾਰੂ ਅਤੇ ਬ੍ਰਾਹਮਣਵਾਦੀ ਸੋਚ ਨੇ ਸਿੱਖ ਸਮਾਜ ਅਤੇ ਸਿੱਖ ਧਰਮ ਵਿਚ ਵਿਗਾੜ ਪੈਦਾ ਕਰਨਾ ਸ਼ੁਰੂ ਕਰ ਦਿੱਤਾ ਸੀ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅਰਥਾਂ ਨੂੰ ਬ੍ਰਾਹਮਣਵਾਦੀ ਰੁਚੀ ਅਨੁਸਾਰ ਪ੍ਰਚਾਰਿਆ ਜਾਣ ਲਗਾ ਜਾਂ ਗੁਰਮਤਿ ਤੋਂ ਉਲਟ ਅਰਥ ਕਰਨ ਵਾਲੇ ਬ੍ਰਾਹਮਣਵਾਦੀ ਸੋਚ ਦੀ ਧਾਰਨੀ ਪੰਜਾਬ ਦੀ ਪੇਂਡੂ ਅਨਪੜ੍ਹ ਜਨਤਾ ਤੋਂ ਗੁਰਮਤਿ ਦੇ ਉਲਟ ਉਹਨਾਂ ਨੂੰ ਪਿੰਡ ਭਰਨ ਤੇ ਪੰਡਤਾਂ ਕੋਲੋਂ ਅੰਤਮ ਕਿਰਿਆ ਕਰਵਾਉਣ ਦੀਆਂ ਵਿਧੀਆਂ ਸਮਝਾ ਕੇ ਉਹਨਾਂ ਨੂੰ ਆਪਣੀ ਲੁੱਟ ਦਾ ਸ਼ਿਕਾਰ ਬਣਾਉਂਦੇ। ਗਿਆਨੀ ਦਿੱਤ ਸਿੰਘ ਵਰਗੇ ਗੁਰਮਤਿ ਦੇ ਧਾਰਨੀ ਅਗਾਂਹ ਵਧੂ ਸੋਚ ਵਾਲੇ ਸਿੰਘ ਲੋਕਾਂ ਨੂੰ ਗੁਰਬਾਣੀ ਦੇ ਅਸਲ ਅਰਥ ਸਮਝਾਉਣ ਵਿਚ ਸਹਾਈ ਹੋਏ ਅਤੇ ਅਗਾਂਹ ਵਧੂ ਪ੍ਰਗਤੀਵਾਦੀ ਪ੍ਰਵਿਰਤੀ ਨਾਲ ਸਿੱਖ ਸਮਾਜ ਅਤੇ ਸਿੱਖ ਧਰਮ ਨੂੰ ਪ੍ਰਗਤੀ ਦੇ ਰਾਹ ਤੇ ਪਾ ਕੇ ਇਕ ਨਰੋਏ ਸਮਾਜ ਦੀ ਸਿਰਜਣਾ ਵਿਚ ਬਹੁਮੁੱਲਾ ਹਿੱਸਾ ਪਾਇਆ। ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਪ੍ਰਗਤੀਵਾਦ ਦਾ ਮਤਲਬ ਮਾਰਕਸਵਾਦੀ ਸੋਚ ਦਾ ਧਾਰਨੀ ਹੋਣਾ ਨਹੀਂ ਤੇ ਨਾ ਹੀ ਪ੍ਰਗਤੀਵਾਦੀ ਹੋਣ ਦਾ ਮਤਲਬ ਕਮਿਊਨਿਸਟ ਹੋਣਾ ਹੈ। ਗਿਆਨੀ ਦਿੱਤ ਸਿੰਘ ਨੇ ਪ੍ਰਗਤੀਵਾਦੀ ਸੋਚ ਗੁਰਮਤਿ ਤੋਂ ਗ੍ਰਹਿਣ ਕੀਤੀ। ਗਿਆਨੀ ਅਮਰ ਸਿੰਘ ਦੇ ਹੇਠ ਲਿਖੇ ਸ਼ਬਦਾਂ ਤੋਂ ਗਿਆਨੀ ਦਿੱਤ ਸਿੰਘ ਦੀ ਪ੍ਰਗਤੀਵਾਦੀ ਸੋਚ ਨੂੰ ਸਮਝਿਆ ਜਾ ਸਕਦਾ ਹੈ।

ਆਪ ਜਦ ਅੰਬਾਲੇ ਤੋਂ ਲਾਹੌਰ ਗਏ ਤੇ ਪੰਡਤ ਦੇਸਾ ਸਿੰਘ ਜੀ ਤੋਂ ਕਾਫ਼ੀ ਵਿੱਦਿਆ ਪ੍ਰਾਪਤ ਕੀਤੀ ਤਾਂ ਲਹੌਰ ਆਉਣ ਜਾਣ ਲਗ ਪਏ ਤੇ ਕਥਾ ਵਾਰਤਾ ਸੁਣਨ ਦੇ ਬਹੁਤ ਸ਼ੌਕੀਨ ਸਨ ਤੇ ਜਿਥੇ ਕੋਈ ਈਸ਼ਵਰ ਗਾਥਾ ਹੋਣ ਦੀ ਸੋ੍ਤ ਆਪ ਨੂੰ ਮਿਲਦੀ ਉਥੇ ਚਾਹ

> ਕੇ ਪੁਜਦੇ ਤੇ ਹਰ ਕੀਮਤ ਤੇ ਪੁਜਦੇ ਸਨ। ਆਪ ਦੇ ਮੁਢਲੇ ਜੀਵਨ ਤੋਂ ਹੀ ਆਪ ਦੀ ਫੋਕੀਆਂ ਰਸਮਾਂ ਨਾਲ ਇੰਨੀ ਘਿਰਨਾ ਸੀ, ਇਹ ਸਾਫ ਪਤਾ ਲਗ ਜਾਂਦਾ ਹੈ ਤੇ ਇਕ ਈਸ਼ਵਰ ਦੀ ਅਰਾਧਨਾ ਦਾ ਆਪ ਨੂੰ ਇਨ੍ਹਾਂ ਚਾਉ ਸੀ ਜਿਸ ਤੋਂ ਸਿੱਧ ਹੁੰਦਾ ਹੈ ਕਿ ਆਪ ਈਸ਼ਵਰ ਦੇ ਪੱਕੇ ਉਪਾਸ਼ਕ ਸਨ, ਬੁੱਤਾਂ ਤੇ ਮੜ੍ਹੀਆਂ ਮਸਾਨਾਂ ਦੀ ਪੂਜਾ ਦੇ ਕੱਟਰ ਵਿਰੋਧੀ ਸਨ ਜਿਸ ਕਰਕੇ ਹਿੰਦੂ ਪੰਡਤ ਤੇ ਖਾਸ ਕਰਕੇ ਆਰੀਆ ਸਮਾਜੀ ਤਾਂ ਆਪ ਨਾਲ ਸ਼ੁਰੂ ਤੋਂ ਹੀ ਖੁੰਧਕ ਖਾਣ ਲਗ ਪਏ ਸਨ ਤੇ ਅਖੀਰ ਜਦ ਆਪ ਸੁਆਮੀ ਦਇਆ ਨੰਦ ਨਾਲ ਬਹਿਸ ਕਰਨ ਲਈ ਲਾਹੌਰ ਆਏ ਸਨ ਤਾਂ ਉਨ੍ਹਾਂ ਦਿਨਾਂ ਵਿਚ ਹੀ ਆਪ ਦਾ ਮੇਲ ਅਤਰ ਸਿੰਘ ਜੀ ਭਦੌੜ ਵਾਲੇ, ਤੇ ਪ੍ਰੋਫੈਸਰ ਗੁਰਮੁਖ ਸਿੰਘ ਨਾਲ ਹੋਇਆ ਸੀ ਤੇ ਇਨ੍ਹਾਂ ਦੋਹਾਂ ਦੀ ਰੰਗਣ ਨੇ ਆਪ ਦੇ ਜੀਵਨ ਵਿਚ ਅਜਿਹਾ ਸਿੱਖੀ ਹੁਲਾਰਾ ਲਿਆਂਦਾ ਕਿ ਆਪ ਸਿੱਖੀ ਵਲ ਡਾਢੇ ਪ੍ਰੇਰੇ ਗਏ ਸਨ।[21]

ਗੁਰਦੁਆਰਾ ਸੁਧਾਰ ਦਾ ਸਭ ਤੋਂ ਪਹਿਲਾ ਯਤਨ ਗਿਆਨੀ ਦਿੱਤ ਸਿੰਘ ਨੇ ਹੀ ਕੀਤਾ ਅਤੇ ਮਹੰਤਾਂ ਦੇ ਜੀਵਨ ਦੀ ਅਸਲੀਅਤ ਨੂੰ ਸਿੱਖ ਕੌਮ ਸਾਹਮਣੇ ਰੱਖਿਆ, ਉਨ੍ਹਾਂ ਨੇ ਵਿਸ਼ੇਸ਼ ਕਰਕੇ ਬੇਦੀਆਂ ਅਤੇ ਸੋਢੀਆਂ ਵਲੋਂ ਗੁਰੂਧਾਮਾਂ ਵਿਚ ਗੱਦੀਆਂ ਲਾਉਣ ਦੀ ਨਿਖੇਧੀ ਕੀਤੀ ਅਤੇ ਸਿੱਖ ਧਰਮ ਵਿਚ ਪੁਜਾਰੀਆਂ, ਮਹੰਤਾਂ, ਸੋਢੀਆਂ ਅਤੇ ਬੇਦੀਆਂ ਦੀਆਂ ਕੁਚਾਲਾਂ ਨੂੰ ਨੰਗਾ ਕੀਤਾ। ਸਿੱਖ ਧਰਮ ਵਿਚੋਂ ਗੁਰੂ ਡੰਮ੍ਹ ਨੂੰ ਖ਼ਤਮ ਕਰਨ ਦਾ ਸਿਹਰਾ ਗਿਆਨੀ ਦਿੱਤ ਸਿੰਘ ਦੇ ਸਿਰ ਹੀ ਬੱਝਦਾ ਹੈ। ਗਿਆਨੀ ਦਿੱਤ ਸਿੰਘ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਦਰਸ਼ਨੀ ਡਿਉਢੀ ਵਿਚੋਂ ਮੂਰਤੀਆਂ ਚੁਕਵਾਈਆਂ ਅਤੇ ਸਿੱਖ ਗੁਰਦੁਆਰਿਆਂ ਵਿਚ ਗੁਰਮਤਿ ਨੂੰ ਪੁਨਰ ਸਥਾਪਿਤ ਕੀਤਾ। ਵੇਲੇ ਦੇ ਹਾਲਾਤ ਅਜਿਹੇ ਸਨ ਕਿ ਸਿੱਖ ਧਰਮ ਵਿਚ ਗੁਰੂ ਗੋਬਿੰਦ ਸਿੰਘ ਜੀ ਵਲੋਂ ਖ਼ਾਲਸਾ ਦੀ ਸਾਜਨਾ ਕਰਨ ਪਿਛੋਂ ਜ਼ਾਤ ਪਾਤ ਦੇ ਵਿਤਕਰੇ ਨੂੰ ਪੰਜਾਬ ਵਿਚੋਂ ਜੜ੍ਹੋਂ

ਉਖਾੜਨ ਦਾ ਸਫਲ ਹੰਭਲਾ ਮਾਰਿਆ ਗਿਆ ਸੀ, ਪਰੰਤੂ ਗਿਆਨੀ ਦਿੱਤ ਸਿੰਘ ਦੇ ਸਮੇਂ ਬ੍ਰਾਹਮਣਵਾਦੀ ਅਤੇ ਜਗੀਰਦਾਰੂ ਸੋਚ ਮੁੜ ਸਿਰ ਚੁੱਕ ਚੁੱਕੀ ਸੀ। ਇਹ ਲੋਕ ਪੰਜਾਬ ਦੀ ਭੋਲੀ ਭਾਲੀ ਜਨਤਾ ਨੂੰ ਆਪਣੀ ਲੁੱਟ ਦਾ ਸ਼ਿਕਾਰ ਬਣਾ ਰਹੇ ਸਨ। ਅਛੂਤਾਂ ਪ੍ਰਤੀ ਵੇਲੇ ਦੇ ਹਾਲਾਤ ਦੀ ਤਸਵੀਰ ਇਹ ਸੀ:

> ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਅਕਾਲ ਤਖ਼ਤ ਸਾਹਿਬ ਵਿਖੇ ਅਛੂਤ ਜਾਤੀ ਦੇ ਸਿੰਘਾਂ ਲਈ ਦਰਸ਼ਨ ਕਰਨ ਦਾ ਵਿਸ਼ੇਸ਼ ਸਮਾਂ ਨਿਸ਼ਚਿਤ ਕੀਤਾ ਹੋਇਆ ਸੀ। ਉਨ੍ਹਾਂ ਨੂੰ ਸਭ ਤੋਂ ਘੱਟ ਰੌਣਕ ਵਾਲੇ ਸਮੇਂ ਅਰਥਾਤ ਦੁਪਹਿਰ ਵੇਲੇ ਹੀ ਮੱਥਾ ਟੇਕਣ ਦੀ ਆਗਿਆ ਸੀ। ਇਥੇ ਹੀ ਬਸ ਨਹੀਂ, ਨਾ ਉਨ੍ਹਾਂ ਤੋਂ ਕੜਾਹ ਪ੍ਰਸ਼ਾਦ ਸਵੀਕਾਰ ਕੀਤਾ ਜਾਂਦਾ ਸੀ ਨਾ ਹੀ ਉਨ੍ਹਾਂ ਨੂੰ ਸੰਗਤ ਵਿਚ ਕੜਾਹ ਪ੍ਰਸ਼ਾਦ ਦਿੱਤਾ ਜਾਂਦਾ ਸੀ। ਗਿਆਨੀ ਦਿੱਤ ਸਿੰਘ ਨੂੰ ਦੂਜੇ ਅਛੂਤਾਂ ਵਾਂਗ ਜੋੜਿਆਂ ਵਾਲੀ ਥਾਂ ਵਿਚ ਖੜੋ ਹੋ ਕੇ ਪ੍ਰਸ਼ਾਦ ਲੈਣਾ ਪੈਂਦਾ ਸੀ।[22]

ਗਿਆਨੀ ਦਿੱਤ ਸਿੰਘ ਨੇ ਸਿਖ ਧਰਮ ਵਿਚ ਛੂਤ-ਛਾਤ, ਬੁੱਤ-ਪੂਜਾ ਅਤੇ ਗੁਰੂ ਡੰਮ੍ਹ ਵਰਗੀਆਂ ਕੁਰੀਤੀਆਂ ਦਾ ਪੁਰਜ਼ੋਰ ਵਿਰੋਧ ਕੀਤਾ। ਪ੍ਰੋਫੈਸਰ ਗੁਰਮੁਖ ਸਿੰਘ ਦੇ ਸਹਿਯੋਗ ਨਾਲ ਗਿਆਨੀ ਦਿੱਤ ਸਿੰਘ ਨੇ ਹਰਿਮੰਦਰ ਸਾਹਿਬ ਵਿਚਲੇ ਇਸ ਵਿਹਾਰ ਦਾ ਬੁਰੀ ਤਰ੍ਹਾਂ ਖੰਡਨ ਕੀਤਾ। ਗਿਆਨੀ ਦਿੱਤ ਸਿੰਘ ਨੇ ਆਪਣੀਆਂ ਜ਼ੋਰਦਾਰ ਅਪੀਲਾਂ ਅਤੇ ਦਲੀਲਾਂ ਨਾਲ ਗੁਰਮਤਿ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਦਰਸਾਈ ਹੋਈ ਰਹਿਤ-ਮਰਿਯਾਦਾ ਦੀ ਮਦਦ ਨਾਲ, ਛੂਤ-ਛਾਤ ਕਰਨ ਵਾਲੇ ਪੁਜਾਰੀਆਂ ਨੂੰ ਕੁਰਹਿਤੀਏ ਤੇ ਤਨਖ਼ਾਹੀਏ ਕਰਾਰ ਦਿੱਤਾ ਅਤੇ ਸਿੱਖ ਸੰਗਤਾਂ ਨੂੰ ਇਹਨਾਂ ਪੁਜਾਰੀਆਂ ਦੀ ਲੋਟੂ ਚਾਲਾਂ ਵਿਰੁਧ ਕਾਰਵਾਈ ਕਰਨ ਲਈ ਪ੍ਰੇਰਿਆ। ਗਿਆਨੀ ਦਿੱਤ ਸਿੰਘ ਦੇ ਲਿਖੇ ਲੇਖਾਂ ਅਤੇ ਲੈਕਚਰਾਂ ਨੇ ਜਿਥੇ ਆਮ ਸੰਗਤ ਵਿਚ ਇਸ ਵਿਰੁੱਧ ਜਾਗਰਤੀ ਪੈਦਾ ਕੀਤੀ, ਉਥੇ ਅਛੂਤ ਜਾਤੀਏ ਸਿੰਘਾਂ ਨੂੰ ਵੀ ਕੁਝ ਹੋਸ਼ ਆ ਗਈ ਸੀ ਤੇ ਉਨ੍ਹਾਂ

ਵਿਚੋਂ ਵੀ ਕਈ ਸਿਆਣੇ ਸੱਜਣ ਇਸ ਜ਼ੁਲਮ ਵਿਰੁੱਧ ਜਥੇਬੰਦ ਹੋਣ ਲਈ ਇਕ ਦੂਜੇ ਨੂੰ ਪ੍ਰੇਰਨਾ ਕਰਨ ਲਗ ਪਏ ਸਨ। ਇਹਨਾਂ ਉੱਦਮਾਂ ਸਦਕਾ ਹੀ ਖ਼ਾਲਸਾ ਬਿਰਾਦਰੀ ਹੋਂਦ ਵਿਚ ਆਈ ਤੇ ਇਹਨਾਂ ਬਿਰਾਦਰੀਆਂ ਦੇ ਵਿਚ ਆਈ ਜਾਗਰਤੀ ਨੇ ਹੀ ਇਕ ਕਿਸਮ ਦਾ ਅਕਾਲੀ ਲਹਿਰ ਦਾ ਆਰੰਭ ਕੀਤਾ। ਇਸ ਤਰ੍ਹਾਂ ਸਿੱਖ ਧਰਮ ਆਪਣੀ ਮੂਲ ਹੋਂਦ ਕਾਇਮ ਰੱਖਣ ਵਿਚ ਸਹਾਈ ਹੋਇਆ ਅਤੇ ਇਸ ਜਾਗਰਤੀ ਕਾਰਨ ਹੀ ਸਿੱਖ ਸਮਾਜ ਵਿਚ ਅਗਾਂਹਵਧੂ ਅਤੇ ਪ੍ਰਗਤੀਵਾਦੀ ਸੋਚ ਕਾਇਮ ਹੋਈ।

1886 ਈ. ਵਿਚ ਕੰਵਰ ਬਿਕ੍ਰਮ ਸਿੰਘ ਦੇ ਸੁਰਗਵਾਸ ਹੋਣ ਮਗਰੋਂ ਬੇਦੀ ਸਾਹਿਬ ਨੇ ਇਕ ਮੀਟਿੰਗ ਬੁਲਾਈ, ਜਿਸ ਵਿਚ ਗਿਆਨੀ ਦਿੱਤ ਸਿੰਘ ਅਤੇ ਉਹਨਾਂ ਦੇ ਕਿਸੇ ਹੋਰ ਸਾਥੀ ਨੂੰ ਨਾ ਬੁਲਾਇਆ ਗਿਆ। ਇਸ ਵਿਚ ਬਹੁਤੇ ਅੰਮ੍ਰਿਤਸਰੀਏ ਤੇ ਬੇਦੀ ਸਾਹਿਬ ਦੇ ਹੋਰ ਹਮਾਇਤੀ ਪੁੱਜੇ। ਮੌਕਾ ਦੇਖ ਕੇ ਉਹਨਾਂ ਨੇ ਫੈਸਲਾ ਕਰ ਦਿੱਤਾ ਕਿ ਪ੍ਰੋਫੈਸਰ ਗੁਰਮੁਖ ਸਿੰਘ ਨੂੰ ਸਿੱਖੀ ਤੋਂ ਛੇਕ ਦਿੱਤਾ ਜਾਏ। ਪੁਜਾਰੀ ਅੱਗੇ ਹੀ ਅਜਿਹੇ ਮੌਕੇ ਦੀ ਭਾਲ ਵਿਚ ਸਨ। ਗਿਆਨੀ ਅਮਰ ਸਿੰਘ ਦੇ ਸ਼ਬਦਾਂ ਵਿਚ:

> 17 ਮਾਰਚ 1887 ਨੂੰ ਸ੍ਰੀ ਅਕਾਲ ਤਖ਼ਤ ਸਾਹਬਿ ਦੇ ਹੈੱਡ ਪੁਜਾਰੀ, ਸ੍ਰੀ ਦਰਬਾਰ ਸਾਹਿਬ, ਗੁਰਦਵਾਰਾ ਬਾਬਾ ਅਟਲ, ਝੰਡਾ ਬੁੰਗਾ ਤੇ ਸ਼ਹੀਦ ਗੰਜ ਦੇ ਪੁਜਾਰੀਆਂ ਦੇ ਦਸਖਤਾਂ ਹੇਠ ਹੁਕਮਨਾਮਾ ਜਾਰੀ ਕੀਤਾ ਗਿਆ ਕਿ ਪ੍ਰੋਫੈਸਰ ਗੁਰਮੁਖ ਸਿੰਘ ਸਿੱਖੀ ਤੋਂ ਛੇਕੇ ਜਾਂਦੇ ਹਨ ਕਿਉਂਕਿ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਟੀਕੇ ਜੇਹੇ ਮਹਾਨ ਕੰਮ ਵਿਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਹੈ।[22]

ਬ੍ਰਾਹਮਣਵਾਦੀ ਤੇ ਜਗੀਰਦਾਰੂ ਸੋਚ ਦੇ ਧਾਰਨੀ ਲੋਕਾਂ ਦੀ ਇਸ ਨਜਾਇਜ਼ ਵਧੀਕੀ ਤੇ ਗਿਆਨੀ ਦਿੱਤ ਸਿੰਘ ਨੇ ਪੁਰਜ਼ੋਰ ਪ੍ਰਚਾਰ ਕੀਤਾ ਅਤੇ ਅਖ਼ਬਾਰ ਰਾਹੀਂ ਉਸਦੀ ਪੁਰਜੋਰ ਵਿਰੋਧਤਾ ਕੀਤੀ, ਜਿਸ ਕਾਰਨ ਬਾਬਾ ਖੇਮ ਸਿੰਘ ਅਤੇ ਉਹਨਾਂ ਦੇ ਹੋਰ ਸਾਥੀਆਂ ਨੂੰ ਹੱਥਾਂ ਪੈਰਾਂ

ਦੀ ਪੈ ਗਈ। ਗਿਆਨੀ ਦਿੱਤ ਸਿੰਘ ਨੇ ਗੁਰੂਡੰਮ੍ਹ ਅਤੇ ਇਹਨਾਂ ਪੁਜਾਰੀਆਂ ਦੀ ਗੁਰਮਤਿ ਵਿਰੋਧੀ ਹਰਕਤਾਂ ਤੇ ਕੁਝ ਮਿਲੀ-ਭੁਗਤ ਨੂੰ ਖ਼ੂਬ ਨੰਗਾ ਕੀਤਾ। ਗਿਆਨੀ ਦਿੱਤ ਸਿੰਘ ਆਪਣੀ ਕਲਮ ਦੀ ਨੋਕ ਨਾਲ, ਹਰਿਮੰਦਰ ਸਾਹਿਬ ਦੇ ਪੁਜਾਰੀਆਂ ਅਤੇ ਅੰਮ੍ਰਿਤਸਰ ਦੀ ਸਿੰਘ ਸਭਾ ਦੇ ਅਹੁਦੇਦਾਰਾਂ ਦੀ ਮਿਲੀ-ਭੁਗਤ ਦਾ ਪਾਜ ਖ਼ਾਲਸਾ ਅਖ਼ਬਾਰ ਰਾਹੀਂ, ਸੁਪਨ-ਨਾਟਕ ਨਾਂ ਦੇ ਨਾਟਕ ਨੂੰ ਛਾਪ ਕੇ ਉਘਾੜਿਆ। ਗਿਆਨੀ ਅਮਰ ਸਿੰਘ ਨੇ ਇਸ ਬਾਰੇ ਇਉਂ ਲਿਖਿਆ:

> ਗਿਆਨੀ ਜੀ ਨੇ ਗੁਰੂ ਡੰਮ੍ਹ ਦੇ ਵਿਰੁਧ ਪੁਜਾਰੀਆਂ ਦੀਆਂ ਹਰਕਤਾਂ ਤੇ ਕੁਝ ਸਿੱਖ ਸਰਦਾਰਾਂ ਦੀ ਇਨ੍ਹਾਂ ਨਾਲ ਮਿਲੀ-ਭੁਗਤ ਨੂੰ ਖ਼ੂਬ ਨੰਗਿਆਂ ਕੀਤਾ। ਗਿਆਨੀ ਜੀ ਨੇ ਇਕ 'ਸੁਪਨ ਨਾਟਕ' ਦੇ ਨਾਮ ਥੱਲੇ ਡਰਾਮਾ ਲਿਖਿਆ ਤੇ ਉਸ ਵਿਚ ਐਸੀ ਹਾਸ-ਰਸ ਨਾਲ ਇਨ੍ਹਾਂ ਦੀ ਪੋਲਾਂ ਦੀ ਮਿੱਟੀ ਪਲੀਤ ਕੀਤੀ ਕਿ ਇਨ੍ਹਾਂ ਦੇ ਕਾਰਨਾਮਿਆਂ ਦੀ ਹੂ-ਬ-ਹੂ ਤਸਵੀਰ ਖਿੱਚ ਕੇ ਰੱਖ ਦਿੱਤੀ ਕਿ ਕਿਵੇਂ ਇਹ ਲੋਕਾਂ ਕੋਲੋਂ ਡੰਮ੍ਹੀ ਗੁਰੂ ਆਪਣੇ ਆਪ ਨੂੰ ਪੂਜਾਉਂਦੇ ਹਨ ਤੇ ਇਹ ਪੁਜਾਰੀਆਂ ਨਾਲ ਮਿਲ ਕੇ ਕਿਵੇਂ ਸਿੱਖ ਧਰਮ ਨੂੰ ਨੁਕਸਾਨ ਪੁਚਾ ਰਹੇ ਹਨ। ਇਸ ਨਾਟਕ ਵਿਚ ਗਿਆਨੀ ਜੀ ਨੇ ਉਹ ਸਾਰੇ ਪਾਤਰ ਬਣਾ ਲਏ, ਜੋ ਸਚਮੁੱਚ ਹੀ ਸਿੱਖ ਪੰਥ ਨੂੰ ਹਾਨੀ ਪਚਾ ਰਹੇ ਸਨ, ਖ਼ੌਫ ਜਾਂ ਡਰ ਨੇ ਉਨ੍ਹਾਂ ਨੂੰ ਇਹ ਸਚਾਈ ਪ੍ਰਗਟ ਕਰਨੋ ਨਾ ਰੋਕਿਆ। ਨਾਟਕ ਵਿਚ ਪਾਤਰ ਬਣਾਏ ਗਏ- ਬਾਬਾ ਖੇਮ ਸਿੰਘ, ਰਾਜਾ ਬਿਕ੍ਰਮ ਸਿੰਘ, ਗਿਆਨੀ ਝੰਡਾ ਸਿੰਘ, ਗਿਆਨੀ ਸੰਤ ਸਿੰਘ ਕਪੂਰਥਲਾ, ਬਾਬਾ ਸੁਮੇਰ ਸਿੰਘ ਮਹੰਤ ਪਟਨਾ ਸਾਹਿਬ ਤੇ ਬਾਬਾ ਉਦੇ ਸਿੰਘ ਬੇਦੀ ਕਪੂਰਥਲਾ। ਨਾਟਕ ਕੀ ਸੀ ਉਨ੍ਹਾਂ ਦਾ ਪੂਰਾ ਫੋਟੋ ਸੀ ਕਿ ਇਹ ਪੰਥ ਵਿਚ ਕੀ ਹਨ ਤੇ ਕੀ ਪਾਰਟ ਅਦਾ ਕਰ ਰਹੇ ਹਨ।[24]

ਉਪਰੋਕਤ ਤੋਂ ਗਿਆਨੀ ਦਿੱਤ ਸਿੰਘ ਦੀ ਨਿਡਰ ਅਤੇ ਅਗਾਂਹਵਧੂ ਸੋਚ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਉਸ ਵੇਲੇ ਦੇ ਹਾਲਾਤਾਂ ਵਿਚ ਜਦੋਂ ਕਿ ਸਰਕਾਰ ਅੰਗਰੇਜ਼ੀ ਇਹਨਾਂ ਸੰਤਾਂ-ਮਹੰਤਾਂ ਦਾ ਪੱਖ ਪੂਰਦੀ ਸੀ, ਇਹਨਾਂ ਦੇ ਵਿਰੁੱਧ ਬੇਧੜਕ ਤੇ ਨਿਡਰ ਹੋ ਕੇ ਉੱਚੀ ਤੇ ਕਰੜੀ ਸ਼ਬਦਾਵਲੀ ਰਾਹੀਂ ਆਵਾਜ਼ ਬੁਲੰਦ ਕਰਨੀ, ਕਿੰਨੀ ਕਠਿਨ ਸੀ ਪਰੰਤੂ, ਗਿਆਨੀ ਦਿੱਤ ਸਿੰਘ ਨੇ ਇਹਨਾਂ ਸਮਾਜਿਕ ਜੋਕਾਂ ਨੂੰ ਸਮਾਜ ਦੇ ਪਿੰਡੇ ਤੋਂ ਲਾਹੁਣ ਵਿਚ ਕੋਈ ਕਸਰ ਬਾਕੀ ਨਾ ਛੱਡੀ। ਫਲਸਰੂਪ ਲੋਕ ਇਹਨਾਂ ਪਾਖੰਡੀਆਂ ਦੀ ਕਦਰ ਕਰਨੋਂ ਹਟ ਗਏ। ਬਾਬਾ ਖੇਮ ਸਿੰਘ, ਜਿਹੜੇ ਕਿ ਆਪਣੇ ਆਪ ਨੂੰ ਤੇਰਵੇਂ ਗੁਰੂ ਅਖਵਾਂਦੇ ਸਨ, ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਗੱਦੀ ਲਾਕੇ ਬੈਠਦੇ ਸਨ, ਅਤੇ ਰਾਵਲ ਪਿੰਡੀ ਦੇ ਇਲਾਕੇ ਦੇ ਲੋਕ ਉਹਨਾਂ ਦੇ ਚਰਨ ਧੋ ਕੇ ਪੀਂਦੇ ਸਨ [25], ਉਸਨੂੰ ਗੁਰੂ ਮੰਨਣੋਂ ਹਟ ਗਏ। ਅਜਿਹਾ ਸਾਰਾ ਕੁਝ ਗਿਆਨੀ ਦਿੱਤ ਸਿੰਘ ਦੀ ਪ੍ਰਗਤੀਵਾਦੀ ਸੋਚ ਦਾ ਸਿੱਟਾ ਸੀ, ਜਿਸ ਕਾਰਨ ਇਹਨਾਂ ਬ੍ਰਾਹਮਣਵਾਦੀ ਅਤੇ ਜਗੀਰਦਾਰੂ ਸਾਮਾਜਿਕ-ਜੋਕਾਂ ਤੋਂ ਲੋਕਾਂ ਨੇ ਆਪਣਾ ਖਹਿੜਾ ਛੁਡਾਇਆ ਅਤੇ ਇਹਨਾਂ ਦੀ ਲੁੱਟ ਤੋਂ ਬਚਣ ਵਿਚ ਸਫ਼ਲ ਹੋਏ।

ਗਿਆਨੀ ਦਿੱਤ ਸਿੰਘ ਦੀ ਰਚਨਾ, 'ਡਰਪੋਕ ਸਿੰਘ' ਇਕ ਅਜਿਹੀ ਰਚਨਾ ਹੈ ਜਿਸ ਵਿਚ ਉਨ੍ਹਾਂ ਨੇ ਇਕ ਡਰਪੋਕ ਸਿੰਘ ਦਾ ਦਲੇਰ ਸਿੰਘ ਨਾਲ ਪ੍ਰਸ਼ਨ-ਉੱਤਰ ਦਾ ਸੰਵਾਦ ਰਚਾ ਕੇ ਆਪਣੀ ਅਗਾਂਹਵਧੂ, ਸੁਧਾਰਕ ਤੇ ਪ੍ਰਗਤੀਵਾਦੀ ਵਿਚਾਰਧਾਰਾ ਦਾ ਬੜੀ ਦਲੀਲਮਈ ਸ਼ਬਦਾਵਲੀ ਵਿਚ ਪ੍ਰਮਾਣ ਦਿੱਤਾ ਹੈ। ਮੁਸਲਮਾਨੀ ਬਹੁਗਿਣਤੀ ਧਾਰਮਿਕ ਤੌਰ ਤੇ ਹਿੰਦੂਆਂ ਨੂੰ ਦਬਾ ਕੇ ਰੱਖਦੀ ਰਹੀ ਹੈ। ਇਤਿਹਾਸ ਗਵਾਹ ਹੈ ਕਿ ਮੁਸਲਮਾਨ-ਸਾਸ਼ਕਾਂ ਨੇ ਹਿੰਦੂਆਂ ਦਾ ਘੋੜੇ ਤੇ ਚੜ੍ਹਨਾ ਵੀ ਬੰਦ ਕੀਤਾ ਹੋਇਆ ਸੀ ਅਤੇ ਉਹਨਾਂ ਤੇ ਭਾਰੀ ਟੈਕਸ (ਕਰ) ਵੀ ਲਾਉਂਦੇ ਸਨ। ਹਿੰਦੂ-ਸਿੱਖਾਂ ਦੇ ਧਾਰਮਿਕ ਤਿਉਹਾਰ ਮਨਾਉਣ ਤੇ ਵੀ ਪਾਬੰਦੀ ਲਾ ਦਿੱਤੀ ਜਾਂਦੀ ਸੀ। ਗਿਆਨੀ ਦਿੱਤ ਸਿੰਘ ਇਹਨਾਂ ਹਾਲਾਤਾਂ ਦਾ ਜ਼ਿਕਰ, ਦਲੇਰ ਸਿੰਘ ਦੇ ਮੂੰਹੋਂ ਡਰਪੋਕ ਸਿੰਘ ਨੂੰ ਸੁਣਾਉਂਦੇ ਹਨ ਅਤੇ ਆਪਣੀ ਪ੍ਰਗਤੀਵਾਦੀ ਵਿਚਾਰਧਾਰਾ ਦਾ ਦ੍ਰਿੜ੍ਹਤਾ ਨਾਲ ਇਜ਼ਹਾਰ ਇਉਂ ਕਰਦੇ ਹਨ:

"ਦਲੇਰ ਸਿੰਘ- ਲੈ ਭਾਈ ਇਹ ਭੀ ਸੁਣ ਲੈ ਪਰ ਇਸਨੂੰ ਜਰਾ ਸੁਣਕੇ ਵਿਚਾਰ ਕਰੀਂ ਐਵੇਂ ਘੱਟੇ ਕੌਡੀਆਂ ਨਾ ਰਲਾਈਂ। ਦੇਖ ਤੈਂ ਕਦੇ ਸੁਣਿਆ ਹੋਵੇਗਾ ਜੋ ਕਲਾਤ ਅਤੇ ਕਾਬੁਲ ਵਿਚ ਹਿੰਦੂਆਂ ਦੀ ਇਹ ਦੁਰਦਿਸ਼ਾ ਹੈ, ਜੋ ਮੁਸਲਮਾਨ ਉਨ੍ਹਾਂ ਨੂੰ ਘੋੜੇ ਦੀ ਅਸਵਾਰੀ ਨਹੀਂ ਕਰਨ ਦਿੰਦੇ ਅਰ ਇਹ ਆਖਦੇ ਹਨ ਕਿ ਹਿੰਦੂ ਕਾਫਰ ਨੂੰ ਘੋੜੇ ਪਰ ਅਸਵਾਰੀ ਕਰਨੀ ਸਾਡੀ ਬੇਇਜਤੀ ਹੈ। ਇਸ ਵਾਸਤੇ ਉਸ ਜਗਾ ਦੇ ਹਿੰਦੂ ਭਾਵੇਂ ਗਰੀਬ ਹੋਣ ਤੇ ਭਾਵੇਂ ਅਮੀਰ ਜੋ ਸਾਰੇ ਗਧਿਆਂ ਪਰ ਚੜ੍ਹਦੇ ਹਨ ਪਰੰਤੂ ਇਤਨੀ ਦੂਰ ਕਿਥੋਂ ਜਾਂਦਾ ਹੈ। ਇਸ ਤੇ ਨੇੜੇ ਜੇਹੀ ਰਯਾਸਤ ਬਹਾਵਲਪੁਰ ਦਾ ਹਾਲ ਤੈਂ ਨਹੀਂ ਸੁਣਿਆ ਜੋ ਕੀ ਹੋਇਆ ਹੈ।

ਡਰਪੋਕ ਸਿੰਘ – ਹੈਂ ਕਲਾਤ ਕਾਬਲ ਵਿਚ ਇਹ ਹਾਲ ਹੈ ਭਈ ਮੈਂ ਤਾ ਅੱਜ ਸੁਣਿਆ ਹੈ ਅਰ ਬਹਾਵਲਪੁਰ ਵਿਚ ਕੀ ਹੋਇਆ ਹੈ।

ਦਲੇਰ ਸਿੰਘ – ਉਥੇ ਇਹ ਹੋਇਆ ਹੈ ਜੋ ਹਿੰਦੂਆਂ ਦੀ ਹੋਲੀਆਂ ਅਤੇ ਸਿੱਖਾਂ ਦਾ ਹੋਲਾ ਬੰਦ ਕੀਤੇ ਗਏ ਹਨ ਅਰ ਡੌਂਡੀ ਪਿਟਾਈ ਗਈ ਸੀ ਕਿ ਰੋਜਿਆਂ ਦੇ ਦਿਨਾਂ ਵਿਚ ਹੋਲੀਆਂ ਯਾ ਹੋਲਾ ਇਸ ਇਸਲਾਮੀ ਰਯਾਸਤ ਵਿਚ ਕੋਈ ਨਾ ਖੇਲੇ।

ਡਰਪੋਕ ਸਿੰਘ – ਫਿਰ ਇਸ ਦਾ ਤੁਸੀਂ ਇਲਾਜ ਕਯਾ ਕਰ ਸਕਦੇ ਹੋ ਕਿਓਂ ਕਿ ਓਥੇ ਉਨ੍ਹਾਂ ਦਾ ਜੋਰ ਜੋ ਹੈ।

ਦਲੇਰ ਸਿੰਘ – ਇਸ ਦਾ ਇਲਾਜ ਏਹੋ ਹੈ ਜੋ ਉਸ ਰਯਾਸਤ ਦਾ ਮਾਲਕ ਤਾਂ ਕਿਸੇ ਸਮਯ ਵਿਚ ਹਿੰਦੂ ਹੀ ਸੀ ਜੋ ਉਸ ਅਗੇ ਵੱਡੇ ਪ੍ਰੇਮ ਨਾਲ ਅਪਨੇ ਅੱਛੇ ਅੱਛੇ ਉਪਦੇਸਾਂ ਦਾ ਪ੍ਰਚਾਰ ਕੀਤਾ ਜਾਏ ਅਤੇ ਅਪਨਾ ਧਾਰਮਕ ਭਾਈ ਬਨਾ ਕੇ ਫੇਰ ਓਸੇ ਟਿਕਾਨੇ

ਲਿਆਂਦਾ ਜਾਵੇ ਜਿਸ ਤੇ ਅਜੇਹੇ ਤਿਉਹਾਰਾਂ ਵਿਚ ਸਭ ਤੋਂ
ਵਧਕੇ ਉਹ ਆਪ ਉਦਮ ਕਰੇ।[26]

ਉਪਰੋਕਤ ਸੰਵਾਦਾਤਮਕ ਸ਼ੈਲੀ ਦੀ ਸੁਰ ਕਿੰਨੀ ਦ੍ਰਿੜ ਹੈ, ਕਿੰਨੀ ਆਸ਼ਾਵਾਦੀ ਹੈ, ਕਿ ਗਿਆਨੀ ਜੀ ਨੂੰ ਆਪਣੇ ਗਿਆਨ ਤੇ ਇੰਨਾ ਵਿਸ਼ਵਾਸ ਹੈ ਕਿ ਉਹ ਸੰਘਰਸ਼ਮਈ ਰਸਤਾ ਨਾ ਚੁਣਦੇ ਹੋਏ ਸ਼ਾਂਤਮਈ ਢੰਗ ਨਾਲ ਦਲੀਲ ਅਤੇ ਤਰਕ ਦੇ ਆਧਾਰ ਤੇ ਸਮੱਸਿਆ ਦਾ ਹੱਲ ਕਰਨਾ ਚਾਹੁੰਦੇ ਹਨ। ਇਹ ਪ੍ਰਗਤੀਵਾਦੀ ਵਿਚਾਰ ਹਨ, ਜਿਨ੍ਹਾਂ ਨੂੰ ਸਾਹਮਣੇ ਰੱਖ ਕੇ ਉਹ ਰਿਆਸਤ ਦੇ ਰਾਜੇ ਦੇ ਪੁਰਾਣੇ ਜੀਵਨ-ਹਾਲਾਤ ਤੋਂ ਜਾਣੂ ਹੋ ਕੇ ਉਸ ਅੱਗੇ ਦ੍ਰਿੜ੍ਹਤਾ ਨਾਲ, ਪਿਆਰ ਨਾਲ, ਤਰਕਮਈ ਸਾਧਨਾਂ ਰਾਹੀਂ ਗੱਲਬਾਤ ਦੇ ਜ਼ਰੀਏ ਸਮੱਸਿਆ ਨੂੰ ਸੁਲਝਾਉਣ ਦੀ ਤਮੰਨਾ ਰੱਖਦੇ ਹਨ। ਇਹ ਅਜਿਹੀ ਵਿਚਾਰਧਾਰਾ ਹੈ, ਜਿਸ ਨਾਲ ਉਹ ਧਰਮ ਦੇ ਨਾਂ ਤੇ ਖ਼ੂਨ ਖਰਾਬੇ ਦੀ ਥਾਂ ਪਿਆਰ ਨਾਲ ਅਤੇ ਸ਼ਾਂਤਮਈ ਸੰਵਿਧਾਨਕ ਢੰਗ ਨਾਲ ਲੋਕਾਂ ਨੂੰ ਸਮੱਸਿਆਵਾਂ ਹਲ ਕਰਨ ਲਈ ਸਹੀ ਰਾਹ ਤੇ ਪਾਉਂਦੇ ਨਜ਼ਰ ਆਉਂਦੇ ਹਨ, ਜਿਸ ਨਾਲ ਸਮਾਜ ਧਾਰਮਿਕ ਮਾਮਲਿਆਂ ਵਿਚ ਉਲਝਣ ਦੀ ਥਾਂ ਪ੍ਰਗਤੀ ਦੇ ਰਾਹ ਤੇ ਪੈਂਦਾ ਹੈ। ਗਿਆਨੀ ਜੀ ਇਸ ਪੁਸਤਕ (ਡਰਪੋਕ ਸਿੰਘ) ਵਿਚ ਤਰਕਮਈ ਦਲੀਲ ਨਾਲ ਇਹ ਸਮੱਸਿਆ ਵੀ ਹਲ ਕਰਦੇ ਹਨ ਕਿ ਮੁਸਲਮਾਨਾਂ ਨੂੰ, ਜੇ ਉਹ ਚਾਹੁਣ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਜਾ ਸਕਦਾ ਹੈ ਕਿਉਂਕਿ ਖ਼ਾਲਸਾ ਪੰਥ ਵਿਚ ਅੰਮ੍ਰਿਤ ਛਕਣ ਤੋਂ ਬਾਅਦ ਜ਼ਾਤ-ਪਾਤ ਖ਼ਤਮ ਹੋ ਜਾਂਦੀ ਹੈ ਅਤੇ ਉਹ ਇਕ ਅਕਾਲ ਪੁਰਖ ਦੇ ਪੁੱਤਰਾਂ ਦੇ ਰੂਪ ਵਿਚ ਵਿਚਰਦੇ ਹਨ।

ਗਿਆਨੀ ਦਿੱਤ ਸਿੰਘ ਨੇ ਤਤਕਾਲੀ ਸਿੱਖ ਸਮਾਜ ਵਿਚ ਪ੍ਰਚਲਿਤ ਕੁਰੀਤੀਆਂ, ਕਰਮਕਾਂਡਾਂ ਅਤੇ ਵਹਿਮ-ਭਰਮਾਂ ਦਾ ਤਰਕਮਈ ਸ਼ਬਦਾਵਲੀ ਵਿਚ ਵਿਰੋਧ ਕੀਤਾ। ਇਹ ਵਿਰੋਧ ਤਰਕਸੰਗਤ ਭਾਸ਼ਾ ਵਿਚ ਗੁਰਬਾਣੀ ਅਤੇ ਇਤਿਹਾਸ ਵਿਚੋਂ ਪ੍ਰਮਾਣ ਦੇ ਕੇ ਕੀਤਾ। ਇਹ ਇਕ ਅਟੱਲ ਸਚਾਈ ਹੈ ਕਿ ਜਦੋਂ ਤਕ ਕਿਸੇ ਸਮਾਜ ਵਿਚ ਇਸਤ੍ਰੀਆਂ ਦਾ ਸਤਿਕਾਰ ਨਾ ਕੀਤਾ ਜਾਵੇ ਤਾਂ ਉਹ ਸਮਾਜ ਤਰੱਕੀ ਦੇ ਰਾਹ ਨਹੀਂ ਪੈ ਸਕਦਾ। ਜਿਸ ਸਮਾਜ ਅਤੇ ਕੌਮ ਦੀਆਂ ਇਸਤ੍ਰੀਆਂ ਆਪਣੇ ਧਰਮ ਪ੍ਰਤੀ ਦ੍ਰਿੜ੍ਹ ਇਰਾਦਾ ਅਤੇ ਸਦਾਚਾਰ ਰੱਖਦੀਆਂ ਹਨ, ਉਸ

ਸਮਾਜ/ਕੌਮ ਦੇ ਬੱਚੇ ਵੀ ਦ੍ਰਿੜ੍ਹ, ਵਿਸ਼ਵਾਸੀ ਹੁੰਦੇ ਹਨ ਅਤੇ ਸਮਾਜ ਜਾਂ ਕੌਮ ਦੀ ਤਰੱਕੀ ਵਿਚ ਪੂਰਨ ਸਹਾਈ ਹੁੰਦੇ ਹਨ। ਇਹਨਾਂ ਵਿਚਾਰਾਂ ਦੀ ਪ੍ਰੋੜ੍ਹਤਾ ਵਿਚ ਗਿਆਨੀ ਦਿੱਤ ਸਿੰਘ ਨੇ 9 ਅਗਸਤ, 1901 ਦੇ 'ਖ਼ਾਲਸਾ ਅਖ਼ਬਾਰ' ਵਿਚ 'ਸਾਡੀ ਸਿੰਘਣੀਆਂ ਦੀ ਉਨਤੀ' ਸਿਰਲੇਖ ਹੇਠ ਲੇਖ ਲਿਖਿਆ ਅਤੇ ਸਿੱਖ ਸਮਾਜ ਦੀ ਪ੍ਰਗਤੀ ਲਈ ਸਿੱਖ-ਇਸਤ੍ਰੀਆਂ ਨੂੰ ਦੂਜੀਆਂ ਕੌਮਾਂ ਤੇ ਧਰਮਾਂ ਦੀਆਂ ਇਸਤ੍ਰੀਆਂ ਦੀ ਤਰੱਕੀ ਤੇ ਚੜ੍ਹਦੀ ਕਲਾ ਦੇ ਪ੍ਰਮਾਣ ਦੇ ਕੇ, ਜ਼ੋਰਦਾਰ ਅਪੀਲ ਕੀਤੀ।

> ਅਸੀਂ ਬੜੀ ਨਿਮਰਤਾ ਨਾਲ ਆਪਣੀਆਂ ਮਾਈਆਂ ਭੈਣਾਂ, ਬੀਬੀਆਂ ਅਗੇ ਬੇਨਤੀ ਕਰਦੇ ਹਾਂ ਕਿ ਇਸ ਉੱਤਮ ਰਾਜ ਵਿਚ ਹੁਣ ਤੁਹਾਡਾ ਉੱਨਤੀ ਕਰਨ ਦਾ ਵੇਲਾ ਹੈ। ਆਪਣੇ ਆਪ ਨੂੰ ਸੁਧਾਰੋ ਅਰ ਪੁਰਾਤਨ ਸਿੰਘਣੀਆਂ ਦੇ ਨਿਸਚੇ ਅਤੇ ਵਿਸ਼ਵਾਸ ਨੂੰ ਕਾਇਮ ਰਖੋ, ਜੋ ਤੁਹਾਡਾ ਕਰਤੱਵ ਅਤੇ ਕ੍ਰਿਤਗਯਤਾ ਹੈ। ਨਹੀਂ ਤਾਂ ਯਾਦ ਰੱਖੋ ਜੇ ਤੁਸੀਂ ਉਨ੍ਹਾਂ ਆਪਣੀਆਂ ਬੜੀਆਂ ਪਰਉਪਕਾਰਨਾਂ ਦੀ ਕਦਰ ਨਾ ਕੀਤੀ ਤਾਂ ਤੁਸੀਂ ਕ੍ਰਿਤਘਣਤਾ ਦੇ ਪਾਪ ਨਾਲ ਐਥੋਂ ਤਕ ਗਿਰ ਜਾਓਗੀਆਂ ਕਿ ਫਿਰ ਕਦੇ ਵੀ ਭੀ ਨਹੀਂ ਸੰਭਾਲ ਸਕੋਗੀਆਂ। ਸੋ ਆਸ਼ਾ ਹੈ ਕਿ ਸਾਡੀਆਂ ਭੈਣਾਂ ਜ਼ਰੂਰ ਅੱਜ ਤੋਂ ਆਪਣੀ ਥਾਂ ਧਰਮ ਉਨਤੀ ਦੇ ਬੀੜੇ ਉਠਾ ਕੇ ਪਹਿਲੇ ਆਪਣੇ ਆਪ ਨੂੰ ਸੁਧਾਰਨ ਦਾ ਯਤਨ ਕਰਨਗੀਆਂ।[27]

ਉਪਰੋਕਤ ਤੋਂ ਸਪਸ਼ਟ ਹੁੰਦਾ ਹੈ ਕਿ ਗਿਆਨੀ ਦਿੱਤ ਸਿੰਘ ਨੇ ਸਾਮਾਜਿਕ-ਉੱਨਤੀ ਲਈ, ਸਿੱਖ ਪੰਥ ਨੂੰ ਉਸਦੀ ਡੂੰਘੀ ਨੀਂਦ ਵਿਚੋਂ ਝੰਜੋੜ ਕੇ ਜਗਾਉਣ ਲਈ ਕਲਮ ਚੁੱਕੀ ਅਤੇ ਪੰਜਾਬ ਦੀ ਜਨਤਾ ਨੂੰ ਜਗੀਰਦਾਰੂ ਸੋਚ ਅਤੇ ਬ੍ਰਾਹਮਣੀ ਅੰਧ ਵਿਸ਼ਵਾਸਾਂ ਵਿਚੋਂ ਕੱਢ ਕੇ ਸਮਾਜਿਕ ਉੱਨਤੀ ਲਈ, ਉਹਨਾਂ ਦੇ ਮਨਾਂ ਵਿਚ ਗੁਰਮਤਿ ਦੇ ਅਸੂਲਾਂ ਦਾ ਚਾਨਣਾ ਪਾ ਕੇ, ਉਹਨਾਂ ਨੂੰ ਪ੍ਰਗਤੀ ਦੇ ਰਾਹ ਤੇ ਪਾਇਆ। ਉਹਨਾਂ ਦੀਆਂ ਲਿਖਤਾਂ ਨੂੰ ਬਾਰੀਕਬੀਨੀ ਨਾਲ

ਵਾਚਣ ਤੋਂ ਪਤਾ ਲਗਦਾ ਹੈ ਕਿ ਤਤਕਾਲੀਨ ਸਿੱਖ ਸਮਾਜ ਵਿਚ ਪ੍ਰਚਲਿਤ ਹੋ ਚੁੱਕੀਆਂ ਬ੍ਰਾਹਮਣਵਾਦੀ ਰਹੁ-ਰੀਤਾਂ ਨੂੰ ਭਾਂਜ ਦੇਣ ਲਈ ਕਿੰਨੀ ਸਖ਼ਤ ਮਿਹਨਤ ਕਰਨੀ ਪਈ, ਕਿੰਨੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਇਹ ਮੁਸ਼ਕਲਾਂ ਨਿੱਜੀ ਵੀ ਸਨ, ਆਰਥਿਕ ਵੀ ਸਨ ਪਰੰਤੂ, ਗਿਆਨੀ ਦਿੱਤ ਸਿੰਘ ਦੀ ਕਲਮ ਦੀ ਨੋਕ ਇਹਨਾਂ ਮੁਸ਼ਕਲਾਂ ਸਾਹਮਣੇ ਝੁਕੀ ਨਹੀਂ। ਗਿਆਨੀ ਦਿੱਤ ਸਿੰਘ ਦੀਆਂ ਵਾਰਤਕ ਕਾਵਿਕ ਲਿਖਤਾਂ ਤੋਂ ਅੱਜ ਦੇ ਸਿੱਖ ਸਮਾਜ ਹਿਤੈਸ਼ੀ ਇਹ ਅਹਿਸਾਸ ਕਰ ਸਕਦੇ ਹਨ ਕਿ ਸਾਮਾਜਿਕ ਉੱਨਤੀ ਜਾਂ ਪ੍ਰਗਤੀ ਲਈ ਗਿਆਨੀ ਦਿੱਤ ਸਿੰਘ ਵਰਗੇ ਸਿੰਘਾਂ ਨੂੰ ਕਿੰਨਾ ਸੰਘਰਸ਼ ਕਰਨਾ ਪਿਆ। ਤਤਕਾਲੀਨ ਸਿੱਖ ਸਮਾਜ ਵਿਚ ਪ੍ਰਚਲਿਤ ਕਰਮਕਾਂਡਾਂ ਅਤੇ ਅੰਧ ਵਿਸ਼ਵਾਸਾਂ ਨੂੰ ਦੂਰ ਕਰਕੇ ਸਿੱਖ ਸਮਾਜ ਨੂੰ ਪ੍ਰਗਤੀ ਦੇ ਰਾਹ ਤੇ ਲਿਆਉਣ ਲਈ ਉਹਨਾਂ ਨੂੰ ਅਤਿ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਸਾਨੂੰ ਉਹਨਾਂ ਦੀਆਂ ਪ੍ਰਾਪਤੀਆਂ ਤੋਂ ਪ੍ਰੇਰਨਾ ਪ੍ਰਾਪਤ ਕਰਨ ਦੀ ਜ਼ਰੂਰਤ ਹੈ।

ਗਿਆਨੀ ਦਿੱਤ ਸਿੰਘ ਨੇ ਜਿਹੜੇ ਵਾਰਤਕ ਵਿਸ਼ਿਆਂ ਨੂੰ ਚੁਣਿਆ ਉਹ ਸੁਧਾਰ ਕਰਨ ਵਾਲੇ ਸਨ। ਅਸਲ ਵਿਚ ਗਿਆਨੀ ਦਿੱਤ ਸਿੰਘ ਦੇ ਸੁਧਾਰਵਾਦੀ ਵਿਚਾਰਾਂ ਦਾ ਅਸਲ ਉਦੇਸ਼ ਪੰਜਾਬ ਦੀ ਜਨਤਾ ਨੂੰ ਬ੍ਰਾਹਮਣਵਾਦੀ ਰਹੁ-ਰੀਤਾਂ ਵਲੋਂ ਹਟਾ ਕੇ ਗੁਰਮਤਿ ਅਤੇ ਸਹਿਜ ਜੀਵਨ ਬਤੀਤ ਕਰਨ ਲਈ ਪ੍ਰੇਰਨਾ ਸੀ। ਗਿਆਨੀ ਦਿੱਤ ਸਿੰਘ ਜਦੋਂ ਬ੍ਰਾਹਮਣੀ ਰਹੁ-ਰੀਤਾਂ ਪ੍ਰਤੀ ਖੰਡਨ ਪ੍ਰਵਿਰਤੀ ਧਾਰਨ ਕਰਦੇ ਹਨ ਤਾਂ ਉਹ ਤਰਕ ਦੇ ਆਧਾਰ ਤੇ ਤੁਕਾਂ ਨੂੰ ਅਸਲ ਸਥਿਤੀ ਵਿਚ ਪੇਸ਼ ਕਰਦੇ ਹਨ। ਅਜਿਹਾ ਕਰਨ ਲਗਿਆਂ ਭਾਵੇਂ ਸਾਨੂੰ ਕਈ ਵਾਰ ਇਹ ਲਗਦਾ ਹੈ ਕਿ ਗਿਆਨੀ ਜੀ ਨਿਸ਼ਚੇਵਾਦੀ ਅਤੇ ਸ਼ਰਧਾਮਈ ਦ੍ਰਿਸ਼ਟੀ ਦੇ ਧਾਰਨੀ ਹੋ ਜਾਂਦੇ ਹਨ ਪਰੰਤੂ, ਉਹਨਾਂ ਦੀਆਂ ਰਚਨਾਵਾਂ ਵਿਚ ਅਸੀਂ ਵੇਖਦੇ ਹਾਂ ਕਿ ਉਹ ਮਨਮਤੀਆਂ ਅਤੇ ਮਨਮੁੱਖਾਂ ਨੂੰ ਤਰਕਮਈ ਤੇ ਦਲੀਲ ਮਈ ਧਾਰਨਾ ਨਾਲ ਹਰਾ ਕੇ ਅਸਲੀ ਦਲੇਰ ਸਿੰਘ ਦੀ ਜਿੱਤ ਕਰਵਾਉਂਦੇ ਹਨ ਅਤੇ ਇਸ ਤਰ੍ਹਾਂ ਕਰਕੇ ਉਹ ਸੁਧਾਰਵਾਦੀ ਦ੍ਰਿਸ਼ਟੀਕੋਣ ਰਾਹੀਂ ਆਮ ਲੋਕਾਂ ਨੂੰ ਸਿੱਧਾ ਤੇ ਉੱਨਤੀ ਦਾ ਰਾਹ ਵਿਖਾਉਂਦੇ ਹਨ। ਗਿਆਨੀ ਦਿੱਤ ਸਿੰਘ ਦੀ ਵਾਰਤਕ ਦੀ ਇਕ ਹੋਰ ਕਲਾਤਮਿਕਤਾ ਇਹ ਹੈ ਕਿ ਉਹਨਾਂ ਨੇ ਜਨ ਸਧਾਰਨ ਦੀ ਪ੍ਰਚਲਿਤ ਭਾਸ਼ਾ ਵਰਤੀ ਹੈ, ਜਿਸ ਨੂੰ ਤਤਕਾਲੀਨ ਘੱਟ

ਪੜ੍ਹੀ ਜਨਤਾ ਅਤੇ ਆਮ ਸ੍ਰੋਤਾ-ਜਨ ਸਹਿਜੇ ਹੀ ਸਮਝ ਲੈਂਦੇ ਸਨ। ਉਹਨਾਂ ਦੀ ਵਾਰਤਕ ਬੋਲੀ ਵਿਚ ਵਾਰਤਕ-ਵਿਚਲੀ ਸਥਿਤੀ ਅਨੁਸਾਰ ਕਿਤੇ ਫ਼ਾਰਸੀ ਤੇ ਸੰਤ ਭਾਸ਼ਾ, ਕਿਤੇ ਹਿੰਦੀ ਸੰਤ ਭਾਸ਼ਾ ਪਰੰਤੂ, ਬਹੁਤੀ ਥਾਂ ਸਮਕਾਲੀਨ ਤੌਰ ਤੇ ਭਾਵੇਂ ਉਹਨਾਂ ਦੀ ਸ਼ਬਦਾਵਲੀ ਅਤੇ ਵਾਕ ਬਣਤਰ ਠੀਕ ਨਾ ਵੀ ਹੋਵੇ ਪਰੰਤੂ ਗਿਆਨੀ ਦਿੱਤ ਸਿੰਘ ਆਪਣੀ ਵਾਰਤਕ-ਸ਼ਬਦਾਵਲੀ ਰਾਹੀਂ ਗੱਲ ਨੂੰ ਸਿੱਧੇ, ਸਰਲ ਅਤੇ ਸਪਸ਼ਟ ਢੰਗ ਰਾਹੀਂ ਕਰਦੇ ਹਨ। ਉਹਨਾਂ ਦੀ ਵਾਰਤਕ ਤੋਂ ਪਤਾ ਲਗਦਾ ਹੈ ਕਿ ਗਿਆਨੀ ਦਿੱਤ ਸਿੰਘ ਨੇ ਸੁਚੇਤ ਪੱਧਰ ਤੇ ਵੱਧ ਤੋਂ ਵੱਧ ਜਨ-ਸਾਧਾਰਣ ਦੀ ਪੰਜਾਬੀ ਸ਼ਬਦਾਵਲੀ ਵਰਤਣ ਦੀ ਕੋਸ਼ਿਸ਼ ਕੀਤੀ ਹੈ। ਪੰਜਾਬੀ ਵਾਰਤਕ ਦੇ ਵਿਕਾਸ ਵਿਚ ਗਿਆਨੀ ਦਿੱਤ ਸਿੰਘ ਦੀ ਅਮੁੱਲੀ ਦੇਣ ਹੈ। ਪੁਰਾਤਨ ਵਾਰਤਕ ਤੇ ਅਧਿਆਤਮਕਤਾ ਦਾ ਡੂੰਘਾ ਪ੍ਰਭਾਵ ਹੈ। ਪਰੰਤੂ ਗਿਆਨੀ ਦਿੱਤ ਸਿੰਘ ਨੇ ਜਿੰਨੀਆਂ ਵੀ ਵਾਰਤਕ ਪੁਸਤਕਾਂ ਰਚੀਆਂ ਹਨ, ਉਹ ਇਕ ਗੱਲੋਂ ਸੁਚੇਤ ਜਾਪਦੇ ਹਨ ਕਿ ਪੁਰਾਤਨ ਵਾਰਤਕ ਨਾਲੋਂ ਉਹਨਾਂ ਦੀ ਲਿਖਤ ਸਪੱਸ਼ਟ ਤੇ ਆਮ ਸਾਧਾਰਣ ਵਿਅਕਤੀਆਂ ਦੀ ਸਮਝ ਵਿਚ ਆਉਣ ਵਾਲੀ ਹੋਵੇ। ਉਹਨਾਂ ਨੇ ਜਿਤਨੀਆਂ ਵੀ ਵਾਰਤਕ ਤੇ ਕਾਵਿ-ਵਾਰਤਕ ਵਾਲੀਆਂ ਪੁਸਤਕਾਂ ਰਚੀਆਂ, ਉਹਨਾਂ ਦੀ ਭਾਸ਼ਾ ਸਰਲ ਅਤੇ ਸਪਸ਼ਟ ਹੈ ਅਤੇ ਗੂੜ੍ਹ ਕਵਿਤਾ (ਕਾਵਿ-ਤੇ ਵਾਰਤਕ) ਦੇ ਅਰਥ ਪਾਠਕਾਂ ਨੂੰ ਸਮਝਾਉਣ ਲਈ ਸਰਲ ਵਾਰਤਕ ਹੀ ਲਿਖੀ ਹੈ। ਅਜਿਹੀਆਂ ਕਾਵਿ-ਰਚਨਾਵਾਂ, ਜਿਨ੍ਹਾਂ ਦੀ ਭਾਸ਼ਾ ਔਖੀ ਹੈ, ਉਹਨਾਂ ਦੇ ਅਰਥ ਸਮਝਾਉਣ ਲਈ ਨਿਰੀ ਸਰਲ ਵਾਰਤਕ ਹੀ ਨਹੀਂ ਲਿਖੀ ਸਗੋਂ, ਆਮ ਪਾਠਕ ਨੂੰ ਗੱਲ ਸਮਝਾਉਣ ਲਈ ਉਸ ਕਾਵਿ-ਟੁਕੜੀ ਦੇ ਅਰਥਾਂ ਦਾ ਅਰਥ ਵਿਸਥਾਰ ਵੀ ਕੀਤਾ ਹੈ। ਇਸ ਤਰ੍ਹਾਂ ਉਹਨਾਂ ਦੀ ਵਾਰਤਕ ਦੀ ਮੁੱਖ ਕਲਾਤਮਿਕਤਾ ਇਹ ਹੈ ਕਿ ਉਹਨਾਂ ਨੇ ਆਪਣੀ ਵਾਰਤਕ ਵਿਚ ਗਿਆਨ-ਵਰਧਕ ਪੱਖਾਂ ਦੀ ਵਿਆਖਿਆ ਕਰਨ ਵਲ ਸੁਚੇਤ ਪੱਧਰ ਤੇ ਉਚੇਚਾ ਧਿਆਨ ਦਿੱਤਾ ਹੈ। ਸਮਕਾਲੀਨ ਪਰਸਥਿਤੀਆਂ ਕਾਰਨ ਜਦੋਂ ਬ੍ਰਾਹਮਣਵਾਦੀ ਪ੍ਰਭਾਵ ਵਾਲੇ ਸਿੱਖ ਕੋਈ ਗ਼ਲਤ ਤੱਥ ਪੇਸ਼ ਕਰਦੇ ਸਨ ਤਾਂ ਗਿਆਨੀ ਜੀ ਦਲੇਰੀ ਨਾਲ ਅਸਲ ਸਥਿਤੀ ਦਾ ਪ੍ਰਗਟਾਵਾ ਕਰਕੇ ਉਹਨਾਂ ਦਾ ਜ਼ੋਰਦਾਰ ਖੰਡਨ ਕਰਦੇ ਸਨ। ਉਹਨਾਂ ਦੀ ਵਾਰਤਕ ਦੀ ਥੀਮਕ ਵਿਲੱਖਣਤਾ ਉਹਨਾਂ ਦੀ ਸੁਧਾਰਵਾਦੀ ਅਤੇ ਪ੍ਰਗਤੀਵਾਦੀ

ਪ੍ਰਵਿਰਤੀ ਹੈ। ਉਹਨਾਂ ਦੀ ਇਸ ਪ੍ਰਵਿਰਤੀ ਨੂੰ ਉਨ੍ਹਾਂ ਦੀਆਂ ਪੁਸਤਕਾਂ, 'ਮੇਰਾ ਤੇ ਸਾਧੂ ਦਯਾ ਨੰਦ ਜੀ ਦਾ ਸੰਵਾਦ', 'ਡਰਪੋਕ ਸਿੰਘ', 'ਖ਼ਾਲਸਾ ਅਖ਼ਬਾਰ ਵਿਚ ਛਪੇ ਬਹੁਤ ਸਾਰੇ ਲੇਖਾਂ ਤੋਂ ਸਹਿਜੇ ਹੀ ਜਾਣਿਆ ਜਾ ਸਕਦਾ ਹੈ।

ਗਿਆਨੀ ਦਿੱਤ ਸਿੰਘ ਦੀ ਵਾਰਤਕ ਦਾ ਵਿਸ਼ਾ ਧਾਰਮਿਕ ਹੈ ਅਤੇ ਉਹਨਾਂ ਦਾ ਮਨੋਰਥ ਗੁਰਮਤਿ ਦੇ ਅਸੂਲਾਂ ਨੂੰ ਪ੍ਰਚਾਰਨਾ ਹੈ, ਪਰੰਤੂ ਉਹਨਾਂ ਦੀ ਵਾਰਤਕ ਦੀ ਸੰਵਾਦੀ ਸੁਰ, ਆਮ ਜਨਤਾ ਨੂੰ ਬ੍ਰਾਹਮਣਵਾਦੀ ਕਰਮਕਾਂਡਾਂ ਤੋਂ ਰੋਕਣ ਵਲ ਵੀ ਉਠਦੀ ਹੈ ਅਤੇ ਉਹਨਾਂ ਨੂੰ ਅਜਿਹੇ ਫੋਕੇ ਕਰਮ-ਕਾਂਡਾਂ ਵਿਚੋਂ ਕੱਢ ਕੇ ਪ੍ਰਗਤੀ ਦੇ ਰਾਹ ਤੇ ਪਾਉਣਾ ਵੀ ਹੈ। ਅਜਿਹਾ ਕਰਕੇ ਉਹ ਸੁਚੇਤ ਜਾਂ ਅਚੇਤ ਪੱਧਰ ਤੇ ਇਕ ਨਰੋਏ ਸਮਾਜ ਦੀ ਸਿਰਜਣਾ ਵੱਲ ਤਾਂ ਰੁਚਿਤ ਹਨ ਹੀ, ਨਾਲ ਹੀ ਉਹਨਾਂ ਦੀ ਇਸ ਭਾਵਨਾ ਵਿਚ ਦੇਸ਼ ਪਿਆਰ ਵੀ ਛੁਪਿਆ ਪ੍ਰਤੀਤ ਹੁੰਦਾ ਹੈ। ਇਸ ਤਰ੍ਹਾਂ ਉਹਨਾਂ ਦੀ ਵਾਰਤਕ ਵਿਚ ਅਜਿਹੀਆਂ ਕਲਾਤਮਕ ਛੋਹਾਂ ਹਨ, ਜਿਨ੍ਹਾਂ ਕਾਰਨ ਜਿਥੇ ਪਾਠਕ ਆਕਰਸ਼ਿਤ ਹੁੰਦੇ ਹਨ, ਉਥੇ ਉਹ ਲੇਖਕ ਨਾਲ ਇਕ ਅਪਣੱਤ ਜਿਹੀ ਵੀ ਮਹਿਸੂਸ ਕਰਦੇ ਹਨ ਤੇ ਅਜਿਹੀ ਪ੍ਰਵਿਰਤੀ ਕਾਰਨ ਉਹ ਵਾਰਤਕਕਾਰ ਦੇ ਵਿਚਾਰਾਂ ਨੂੰ ਧਿਆਨ ਨਾਲ ਸੁਣਦੇ ਹਨ। ਇਸ ਤਰ੍ਹਾਂ ਉਹਨਾਂ ਦੀ ਵਾਰਤਕ ਵਿਚ ਅਜਿਹੇ ਕਲਾਤਮਕ ਅੰਸ਼ ਹਨ, ਜਿਨ੍ਹਾਂ ਕਾਰਨ ਵਾਰਤਕ ਦੀ ਸੰਚਾਰ ਯੋਗਤਾ ਵਧਦੀ ਹੈ, ਜਿਸ ਨਾਲ ਪਾਠਕ ਦਾ ਵਾਰਤਕਕਾਰ ਵਿਚ ਵਿਸ਼ਵਾਸ ਪੱਕਾ ਹੁੰਦਾ ਹੈ।

ਆਧੁਨਿਕਤਾ ਦੇ ਪਰਿਪੇਖ ਤੋਂ ਗਿਆਨੀ ਦਿੱਤ ਸਿੰਘ ਦੀ ਵਾਰਤਕ ਇਨ੍ਹਾਂ ਤੋਂ ਪੂਰਵਲੇ ਵਾਰਤਕਕਾਰਾਂ ਨਾਲੋਂ ਬਹੁਤ ਵਿਕਸਿਤ ਹੋ ਚੁੱਕੀ ਸੀ। ਬੇਸ਼ਕ ਇਸ ਵਿਚਲੀ ਭਾਸ਼ਾ ਵੀ ਵਧੇਰੇ ਕਲਾਤਮਕ ਜਾਪਦੀ ਹੈ ਪਰੰਤੂ ਨਾਲ ਹੀ ਨਾਲ ਵਿਸ਼ਿਆਂ ਤੇ ਰੂਪਾਂ ਦੇ ਪੱਖ ਤੋਂ ਵੀ ਦਿੱਤ ਸਿੰਘ ਦੀ ਵਾਰਤਕ ਕਲਾਤਮਕ ਛੋਹਾਂ ਨਾਲ ਭਰਪੂਰ ਹੈ।

ਗਿਆਨੀ ਦਿੱਤ ਸਿੰਘ ਦੀ ਵਾਰਤਕ ਵਿਚ ਵਰਤੇ ਗਏ ਲੰਮੇਂ-ਲੰਮੇਂ ਵਾਕ ਵੀ ਬੋਝਲ ਪ੍ਰਭਾਵ ਨਹੀਂ ਸਿਰਜਦੇ ਸਗੋਂ ਯੋਜਕਾਂ ਜਿਵੇਂ ਔਰ, ਆਦਿ ਨਾਲ ਲੰਮੇ-ਲੰਮੇ ਵਾਕਾਂ ਨੂੰ ਜੋੜ ਕੇ ਪੇਸ਼ ਕੀਤਾ ਗਿਆ ਹੈ ਅਤੇ ਵਿਚਾਰਾਂ ਦੀ ਲੜੀ ਨੂੰ ਨਾ ਤਾਂ ਕਿਧਰੇ ਤੋੜਿਆ ਗਿਆ ਹੈ ਨਾ ਹੀ

ਕਿਧਰੇ ਕੋਈ ਘਾਟ ਮਹਿਸੂਸ ਹੋਣ ਦਿੱਤੀ ਹੈ। ਭਾਸ਼ਾ ਦੀ ਕਲਾਤਮਕ ਵਰਤੋਂ ਵਿਚ ਉਹ ਪੂਰੀ ਤਰ੍ਹਾਂ ਸਫਲ ਸਿੱਧ ਹੁੰਦੇ ਹਨ ਕਿਉਂਕਿ ਉਨ੍ਹਾਂ ਦੁਆਰਾ ਵਰਤੀ ਗਈ ਸ਼ਬਦਾਵਲੀ ਸੰਜਮੀ ਰੁਚੀ ਵਾਲੀ ਹੈ ਅਤੇ ਸ਼ਬਦ ਜੜ੍ਹਤ ਕਰਦੇ ਸਮੇਂ ਉਨ੍ਹਾਂ ਨੇ ਮੁਹਾਵਰੇ ਅਤੇ ਅਲੰਕਾਰਕ ਸ਼ਬਦਾਂ ਨੂੰ ਲਿਆ ਕੇ ਚਮਤਕਾਰੀ ਪ੍ਰਭਾਵ ਵੀ ਸਿਰਜਿਆ ਹੈ। ਅਜਿਹਾ ਪ੍ਰਭਾਵ ਆਧੁਨਿਕ ਵਾਰਤਕ ਦੀ ਹੀ ਤਰਜਮਾਨੀ ਕਰਦਾ ਹੈ।

ਇਸ ਤੋਂ ਇਲਾਵਾ ਉਨ੍ਹਾਂ ਦੀ ਵਾਰਤਕ ਦੀ ਇਕ ਹੋਰ ਕਲਾਤਮਕ ਪ੍ਰਾਪਤੀ ਆਲੋਚਨਾਤਮਕ ਸ਼ਬਦਾਵਲੀ ਦੀ ਵਰਤੋਂ ਹੈ ਜੋ ਉਨ੍ਹਾਂ ਤੋਂ ਪਹਿਲਾਂ ਕਿਸੇ ਵੀ ਵਾਰਤਕਕਾਰ ਨੇ ਨਹੀਂ ਵਰਤੀ ਸੀ ਪਰ ਬਾਅਦ ਵਿਚ ਆਉਣ ਵਾਲੇ ਵਾਰਤਕਕਾਰਾਂ ਨੇ ਸੰਬੰਧਿਤ ਸ਼ਬਦਾਵਲੀ ਦੀ ਵਰਤੋਂ ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਹੀ ਕੀਤੀ ਹੈ।

ਗਿਆਨੀ ਦਿੱਤ ਸਿੰਘ ਨੇ ਸੰਪਾਦਨ ਕਲਾ ਨੂੰ ਅਮੀਰ ਬਣਾਇਆ ਹੈ। ਪੱਤਰਕਾਰੀ ਲਈ ਲਿਖੇ ਸੰਪਾਦਕੀ ਲੇਖ ਜਿੱਥੇ ਚੰਗੇ ਪੰਜਾਬੀ ਅਖ਼ਬਾਰ ਦੀ ਠੁੱਕ ਬੰਨਦੇ ਹਨ ਉਥੇ ਪਾਠਕ ਜਗਤ ਨੂੰ ਵੀ ਨਾਲ ਜੋੜਦੇ ਵਿਖਾਈ ਦਿੰਦੇ ਹਨ। ਇਨ੍ਹਾਂ ਲੇਖਾਂ ਦੀ ਵਿਸ਼ੇਸ਼ ਪ੍ਰਾਪਤੀ ਵਹਿਮਾਂ-ਭਰਮਾਂ ਨੂੰ ਖੰਡਨ-ਮੰਡਨ ਵਿਧੀ ਨਾਲ ਪੇਸ਼ ਕਰਨਾ ਹੈ। ਆਪ ਨੇ ਨਾਲ ਹੀ ਨਾਲ ਵਾਰਤਕ ਨੂੰ ਸਪਸ਼ਟ ਪੜ੍ਹਨ ਲਈ ਨਵਾਂ ਪੰਜਾਬੀ ਟਾਈਪ ਵੀ ਤਿਆਰ ਕੀਤਾ। ਇਨ੍ਹਾਂ ਲੇਖਾਂ ਵਿਚ ਜਿੱਥੇ ਆਮ ਲੋਕਾਂ ਲਈ ਉਪਦੇਸ਼ਾਤਮਕ ਸ਼ਬਦਾਵਲੀ ਵਰਤੀ ਜਾਂਦੀ ਸੀ ਉਥੇ ਰਿਆਸਤੀ ਸ਼੍ਰੇਣੀ ਨੂੰ ਵੀ ਨਹੀਂ ਬਖਸ਼ਿਆ ਗਿਆ ਅਤੇ ਰਾਜਿਆਂ-ਮਹਾਰਾਜਿਆਂ ਲਈ ਵੀ ਕਰੜੀ ਸ਼ਬਦਾਵਲੀ ਵਰਤ ਕੇ ਉਨ੍ਹਾਂ ਨੂੰ ਉਪਦੇਸ਼ ਦੇ ਕੇ ਸਹੀ ਰਾਹ ਤੇ ਤੁਰਨ ਦੀ ਹਦਾਇਤ ਕੀਤੀ ਜਾਂਦੀ ਸੀ।

ਜਿੱਥੇ ਵਿਸ਼ਿਆਂ ਦੇ ਪੱਧਰ ਤੇ ਵੰਨ-ਸੁਵੰਨਤਾ ਹੈ ਉਥੇ ਰੂਪਕ ਪੱਖ ਵੀ ਅੱਖੋਂ ਪਰੋਖੇ ਨਹੀਂ ਸਗੋਂ ਟ੍ਰੈਕਟ, ਲੇਖ, ਸੰਪਾਦਕੀ, ਪੱਤਰ, ਟੀਕਾਕਾਰੀ, ਗਲਪਿਕ ਵਾਰਤਕ, ਗੋਸ਼ਟਾਂ ਆਦਿ ਨਾਲ ਆਪਣੇ ਮਨੋਰਥ ਨੂੰ ਸਿੱਧ ਕਰਨ ਵਿਚ ਗਿਆਨੀ ਦਿੱਤ ਸਿੰਘ ਸਫਲ ਸਿੱਧ ਹੋਏ ਹਨ।

ਆਪ ਦੀ ਰਚਨਾ ਦੀ ਇਕ ਹੋਰ ਆਧੁਨਿਕਤਾ ਭਰਪੂਰ ਪ੍ਰਾਪਤੀ ਇਸਤਰੀਆਂ ਨੂੰ ਪ੍ਰਮੁੱਖਤਾ ਦੇਣਾ ਸੀ ਜਿਨ੍ਹਾਂ ਨੂੰ ਇਸ ਤੋਂ ਪਹਿਲਾਂ ਸਮਾਜ ਵਿਚ ਕੋਈ ਆਦਰਯੋਗ ਸਥਾਨ ਨਹੀਂ

ਸੀ ਦਿੱਤਾ ਜਾਂਦਾ। ਆਪ ਨੇ ਇਸਤਰੀਆਂ ਦੇ ਯੋਗਦਾਨ ਦੀ ਚਰਚਾ ਕਰਕੇ ਉਨ੍ਹਾਂ ਨੂੰ ਨਾ ਸਿਰਫ ਪ੍ਰਭਾਵਿਤ ਕੀਤਾ ਸਗੋਂ ਭਵਿੱਖ ਵਿਚ ਚੰਗੇਰੇ ਕਾਰਜਾਂ ਲਈ ਹਲੂਣਾ ਵੀ ਦਿੱਤਾ। ਆਪ ਦੀ ਵਾਰਤਕ ਦੀ ਸਭ ਤੋਂ ਵੱਡੀ ਪ੍ਰਾਪਤੀ ਪ੍ਰਗਤੀਵਾਦੀ ਪ੍ਰਵਿਰਤੀ ਵਾਲੇ ਵਿਚਾਰਾਂ ਦੀ ਪੇਸ਼ਕਾਰੀ ਹੈ। ਜਾਗੀਰਦਾਰੀ ਪ੍ਰਬੰਧ ਦਾ ਵਿਰੋਧ, ਝੂਠੇ ਸੰਤਾਂ-ਮਹੰਤਾਂ ਖਿਲਾਫ਼ ਕਰੜੀ ਸ਼ਬਦਾਵਲੀ ਦ੍ਰਿੜਤਾ ਵਾਲੇ ਵਿਚਾਰ, ਸੰਵਾਦਾਤਮਕ ਸ਼ੈਲੀ ਆਪ ਦੀ ਰਚਨਾ ਦੇ ਮੀਰੀ ਗੁਣ ਹਨ।

ਵਿਸ਼ਿਆਂ ਉਪਰ ਕੀਤੀ ਜਾਣ ਵਾਲੀ ਦਾਰਸ਼ਨਿਕ ਚਰਚਾ ਜਿੱਥੇ ਰਚਨਾਵਾਂ ਨੂੰ ਕਲਾਤਮਕ ਛੋਹਾਂ ਦਿੰਦੀ ਹੈ ਉੱਥੇ ਪਾਠਕਾਂ ਦੀ ਉਤਸੁਕਤਾ 'ਚੋਂ ਉਤਸੁਕਤਾ ਪੈਦਾ ਕਰਨ ਦਾ ਵਲ ਆਪ ਦੀ ਰਚਨਾ ਵਿਚੋਂ ਰੂਪਮਾਨ ਹੁੰਦਾ ਹੈ।

ਉਪਰੋਕਤ ਵਿਸ਼ੇਸ਼ਤਾਵਾਂ ਨਾ ਸਿਰਫ ਆਪ ਦੀ ਰਚਨਾ ਨੂੰ ਆਧੁਨਿਕ ਵਾਰਤਕ ਦੇ ਨੇੜੇ ਲੈ ਕੇ ਆਉਂਦੀਆਂ ਹਨ ਸਗੋਂ ਆਧੁਨਿਕ ਕਲਾਤਮਕ ਵਾਰਤਕ ਅਤੇ ਆਧੁਨਿਕ ਵਿਧੀਆਂ ਨਾਲ ਕੀਤੀ ਜਾਣ ਵਾਲੀ ਰਚਨਾ ਦੀ ਤਰਜਮਾਨੀ ਵੀ ਕਰਦੀਆਂ ਹਨ। ਆਪ ਦੀ ਸਮੁੱਚੀ ਰਚਨਾ ਆਧੁਨਿਕ ਸਾਹਿਤ ਦਾ ਸਮੱਗਰ ਪ੍ਰਭਾਵ ਸਿਰਜਦੀ ਨਜ਼ਰ ਆਉਂਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. Priminger Alen (Ed.) **Princeton Encyclopaedia of Poetry and Poetics**, p. 988
2. ਹਰਿਭਜਨ ਸਿੰਘ (ਡਾ.), **ਰਚਨਾ-ਸੰਰਚਨਾ**, ਪੰ. 92-93
3. Kris Baldik, **The Concise Oxford Dictionary of Literary Terms**. p. 225
4. Falk,E. H., **Theory of Thematic Structure**, p. 2
5. Tomashevsky Boris, **Thematics in Lemon and Reis, Russian Formatistic Criticism**, Four Essays, p. 67
6. ਹਰਿਭਜਨ ਸਿੰਘ (ਡਾ.), **ਰਚਨਾ-ਸੰਰਚਨਾ**, ਪੰ. 16
7. ਗਿਆਨੀ ਦਿੱਤ ਸਿੰਘ, **ਡਰਪੋਕ ਸਿੰਘ**, ਪੰ. 24-25
8. ਗਿਆਨੀ ਦਿੱਤ ਸਿੰਘ, **ਪੰਡਤ ਦਯਾ ਨੰਦ ਨਾਲ ਮੇਰਾ ਸੰਵਾਦ**, ਪੰ. 5-6
9. ਉਹੀ, ਪੰ. 6
10. ਉਹੀ, ਪੰ. 6
11. ਰਤਨ ਸਿੰਘ ਜੱਗੀ (ਸੰਪਾਦਕ), **ਸਾਹਿਤ ਅਧਿਐਨ ਵਿਧੀਆਂ**, ਪੰ. 255
12. ਉਹੀ, ਪੰ. 255
13. **ਸਿੰਘ ਸਭਾ ਪਤ੍ਰਿਕਾ**, ਦੰਭ ਵਿਦਾਰਨ ਅੰਕ ਪੰ. 40
14. ਉਹੀ, ਪੰ. 38
15. ਗਿਆਨੀ ਗੁਰਦਿੱਤ ਸਿੰਘ (ਸੰਪਾਦਕ), **ਗਿਆਨੀ ਦਿੱਤ ਸਿੰਘ ਜੀਵਨ ਤੇ ਰਚਨਾ**, ਪੰ. 118 ਦੇ ਹਵਾਲੇ ਰਾਹੀਂ (ਖਾਲਸਾ ਅਖ਼ਬਾਰ - 14 ਮਈ, 1901)
16. ਉਹੀ, ਪੰ. 120-121
17. ਉਹੀ, ਪੰ.130-131

18. ਗਿਆਨੀ ਦਿੱਤ ਸਿੰਘ, **ਦੰਭ ਵਿਦਾਰਨ ਗ੍ਰੰਥ**, ਪੰ. 42

19. ਗਿਆਨੀ ਦਿੱਤ ਸਿੰਘ, **ਨੀਤੀ ਪ੍ਰਕਾਸ਼**, ਪੰ. 93-96

20. ਗਿਆਨੀ ਅਮਰ ਸਿੰਘ, **ਜੀਵਨ ਚਰਿਤਰ ਗਿਆਨੀ ਦਿੱਤ ਸਿੰਘ ਜੀ**, ਪੰ. 111-113

21. ਉਹੀ, ਪੰ. 98

22. ਨਰਿੰਦਰ ਸਿੰਘ ਕਪੂਰ, **ਗਿਆਨੀ ਦਿੱਤ ਸਿੰਘ ਜੀਵਨ ਤੇ ਰਚਨਾ**, ਪੰ. 17

23. ਗਿਆਨੀ ਅਮਰ ਸਿੰਘ, **ਜੀਵਨ ਚਰਿੱਤਰ ਗਿਆਨੀ ਦਿੱਤ ਸਿੰਘ**, ਪੰ. 62

24. ਉਹੀ, ਪੰ. 63-64

25. ਗਿਆਨੀ ਦਿੱਤ ਸਿੰਘ, **ਸੂਪਨ ਨਾਟਕ**, ਪੰ. 16-17

26. ਗਿਆਨੀ ਦਿੱਤ ਸਿੰਘ, **ਡਰਪੋਕ ਸਿੰਘ**, ਪੰ. 46-47

27. ਗਿਆਨੀ ਗੁਰਦਿੱਤ ਸਿੰਘ (ਸੰਪਾਦਕ), **ਗਿਆਨੀ ਦਿੱਤ ਸਿੰਘ, ਜੀਵਨ ਤੇ ਰਚਨਾ**, ਪੰ. 131-132

# ਅਧਿਆਇ ਪੰਜਵਾਂ

*

*

*

*

# ਗਿਆਨੀ ਦਿੱਤ ਸਿੰਘ ਦੀਆਂ ਗੁਰਮਤਿ ਪ੍ਰਚਾਰ ਦੀਆਂ ਆਧੁਨਿਕ ਵਿਧੀਆਂ

# ਗਿਆਨੀ ਦਿੱਤ ਸਿੰਘ ਦੀਆਂ ਗੁਰਮਤਿ ਪ੍ਰਚਾਰ ਦੀਆਂ ਆਧੁਨਿਕ ਵਿਧੀਆਂ

ਮਹਾਨ ਸ਼ਖਸੀਅਤ ਅਤੇ ਉੱਚ ਕਿਰਦਾਰ ਦੇ ਮਾਲਕ ਗਿਆਨੀ ਦਿੱਤ ਸਿੰਘ ਕੇਵਲ ਸਿੰਘ ਸਭਾ ਦੇ ਆਗੂ ਤੇ ਮੋਢੀ ਹੀ ਨਹੀਂ ਸਨ ਸਗੋਂ, ਇਸ ਲਹਿਰ ਦੇ ਇਕ ਮਜ਼ਬੂਤ ਧੁਰਾ ਵੀ ਸਨ, ਜਿਨ੍ਹਾਂ ਦੇ ਇਰਦ-ਗਿਰਦ, ਧਰਮ ਪ੍ਰਚਾਰ, ਅਤੇ ਬਿਪਰਨ ਰੀਤੀ ਨੂੰ ਠੱਲ੍ਹ ਪਾਉਣ ਲਈ ਸਮੂਹ ਗਤੀਵਿਧੀਆਂ ਘੁੰਮਦੀਆਂ ਸਨ। ਉਹਨਾਂ ਦਾ ਸਾਰਾ ਜੀਵਨ ਸਿੰਘ ਸਭਾ ਲਹਿਰ ਦੇ ਆਸ਼ਿਆਂ ਦਾ ਪ੍ਰਚਾਰ ਕਰਨ ਹਿੱਤ ਬੀਤਿਆ। ਉਹ ਅਣਥਕ ਲਗਨ, ਪੱਕੇ ਸਿਦਕ ਅਤੇ ਸਿਰੜ ਨਿਭਾਉਣ ਵਾਲੇ ਮਹਾਨ ਤੇ ਨਿਧੜਕ ਵਿਦਵਾਨ ਸਨ, ਜਿਨ੍ਹਾਂ ਇਕੱਲਿਆਂ ਨੇ ਹੀ ਇਕ ਸੰਸਥਾ ਜਿੰਨਾਂ ਕੰਮ ਕੀਤਾ। ਗਿਆਨੀ ਦਿੱਤ ਸਿੰਘ ਜੀ ਨੇ ਜਿਸ ਵੇਲੇ ਡੂੰਘੀ ਨੀਂਦ ਵਿਚ ਸੁੱਤੇ ਸਿੱਖ ਪੰਥ ਨੂੰ ਝੰਜੋੜ ਕੇ ਜਗਾਉਣ ਲਈ ਕਲਮ ਚੁੱਕੀ ਸੀ, ਉਦੋਂ ਇਹ ਕੰਮ ਅੱਜ ਵਰਗਾ ਸੌਖਾ ਤੇ ਆਸਾਨ ਨਹੀਂ ਸੀ। ਬ੍ਰਾਹਮਣੀ ਅੰਧ ਵਿਸ਼ਵਾਸਾਂ ਨਾਲ ਗ੍ਰਸੇ ਮਨਾਂ ਵਿਚ ਗੁਰਮਤਿ ਦਾ ਸੁਨੇਹਾ ਪਹੁੰਚਾਉਣਾ, ਮਜ਼ਬੂਤ ਕਿਲਿਆਂ ਨੂੰ ਫਤਹਿ ਕਰਨ ਵਰਗੀ ਇਕ ਅਤਿ ਕਠਿਨ ਮੁਹਿੰਮ ਸੀ। ਇਸ ਮੁਹਿੰਮ ਵਿਚ ਗਿਆਨੀ ਦਿੱਤ ਸਿੰਘ ਜੀ ਸਿਦਕ ਤੇ ਸਿਰੜ ਨਾਲ ਕੁੱਦ ਪਏ ਅਤੇ ਆਪਣੀ ਕਲਮ ਨੂੰ ਤਲਵਾਰ ਵਾਂਗ ਚਲਾ ਚਲਾ ਕੇ ਖੇਰੂੰ ਖੇਰੂੰ-ਹੁੰਦੀ ਜਾ ਰਹੀ ਕੌਮ ਨੂੰ ਸੰਭਾਲਿਆ। ਉਹਨਾਂ ਨੇ ਆਪਣੀ ਕਲਮ ਦੀ ਨੋਕ ਰਾਹੀਂ ਆਪਣੇ ਸ਼ੁਭ ਤੇ ਗੁਰਮਤਿ ਪੱਖੀ ਲੇਖਾਂ ਤੇ ਵਿਚਾਰਾਂ ਨਾਲ ਕੌਮ ਦੀ ਤਕਦੀਰ ਨੂੰ ਬਣਾਇਆ। ਉਹਨਾਂ ਨੇ ਅਨਮਤੀਆਂ ਅਤੇ ਮਨਮਤੀਆਂ ਦੀਆਂ ਵੱਡੀਆਂ ਤੇ ਜ਼ੋਰਦਾਰ ਲਹਿਰਾਂ ਵਿਚ ਫਸੀ ਹੋਈ ਸਿੱਖ ਕੌਮ ਦੀ ਬੇੜੀ ਨੂੰ ਗੁਰਮਤਿ ਪੱਖੀ ਹੰਢਣਸਾਰ ਸਿਧਾਂਤਾਂ ਅਤੇ ਸੰਕਲਪਾਂ ਦੇ ਬਲ ਨਾਲ ਬਾਹਰ ਕੱਢਿਆ। ਉਹਨਾਂ ਦੀਆਂ ਬਹੁ-ਪੱਖੀ ਲਿਖਤਾਂ ਨੂੰ ਘੋਖਣ ਤੋਂ ਪਤਾ ਲਗਦਾ ਹੈ ਕਿ ਉਦੋਂ ਸਿੱਖ-ਕੌਮ ਵਿਚ ਪ੍ਰਚਲਿਤ ਹੋ ਚੁੱਕੀਆਂ ਪ੍ਰਪੱਕ ਬ੍ਰਾਹਮਣੀ ਰੀਤਾਂ ਨੂੰ ਭਾਂਜ ਦੇਣ ਲਈ, ਉਹਨਾਂ ਨੂੰ ਤਰਕਮਈ ਆਧਾਰ ਤੇ ਸਖ਼ਤ ਤੋਂ

ਸਖ਼ਤ ਮਿਹਨਤ ਕਰਨੀ ਪਈ। ਗਿਆਨੀ ਦਿੱਤ ਸਿੰਘ ਦੀਆਂ ਗਿਆਨਵਾਨ, ਅਨੁਭਵੀ, ਤੇ ਤਰਕਸ਼ੀਲ ਲੇਖਣੀਆਂ ਨੇ ਬ੍ਰਾਹਮਣੀ ਮਨਮਤੀਆਂ ਰੀਤਾਂ ਦੇ ਵੱਡੇ-ਵੱਡੇ ਗੜ੍ਹ ਫਤਹਿ ਕੀਤੇ। ਉਹਨਾਂ ਦੀ ਲਿਖਣ ਸ਼ੈਲੀ ਅਜਿਹੀ ਜ਼ੋਰਦਾਰ ਹੈ ਕਿ ਵਿਰੋਧੀ ਧਿਰ ਉਸ ਅੱਗੇ ਭੱਜਦੀ ਨਜ਼ਰ ਆਉਂਦੀ ਹੈ। ਗਿਆਨੀ ਦਿੱਤ ਸਿੰਘ ਨੇ ਸਿੰਘ ਸਭਾ ਲਹਿਰ ਦੇ ਉਦੇਸ਼ਾਂ ਦੀ ਪੂਰਤੀ ਲਈ ਬਹੁਤ ਸਾਰਾ ਸਾਹਿਤ ਲਿਖਿਆ। ਇਹਨਾਂ ਲਿਖਤਾਂ ਵਿਚ ਗੁਰੂ ਸਾਹਿਬਾਨ ਦੇ ਜੀਵਨ ਚਰਿੱਤਰ ਸੰਬੰਧੀ, ਧਰਮ ਲਈ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਜੋਧਿਆਂ ਦੇ ਬਿਰਤਾਂਤ, ਪਾਖੰਡ ਖੰਡਨੀ ਸਾਹਿਤ, ਗੁਰਮਤਿ ਸਿਧਾਂਤ ਵਿਆਖਿਆ ਸੰਬੰਧੀ ਸਾਹਿਤ ਰਚਿਆ। ਇਹ ਸਾਰਾ ਸਾਹਿਤ ਸਿੰਘ ਸਭਾ ਲਹਿਰ ਦੇ ਹੇਠ ਲਿਖੇ ਪੰਜ ਮੁੱਖ ਟੀਚਿਆਂ ਦੀ ਪ੍ਰਾਪਤੀ ਹਿੱਤ ਲਿਖਿਆ:-

1. ਤਮਾਮ ਸਿੱਖ ਭਾਈ ਅਤੇ ਖ਼ਾਲਸਾ ਜੀ ਨੂੰ ਸਿੱਖ ਧਰਮ ਵਿਚ ਪਰਪੱਕ ਕਰਨਾ।
2. ਇਸ ਸਰੇਸ਼ਟ ਧਰਮ ਦੇ ਨਿਯਮਾਂ ਨੂੰ ਪ੍ਰਗਟ ਕਰਨਾ ਅਤੇ ਥਾਂ ਪਰ ਥਾਂ ਇਸ ਸਰੇਸ਼ਟ ਧਰਮ ਦੀ ਚਰਚਾ ਕਰਨੀ।
3. ਜਿਨ੍ਹਾਂ ਪੋਥੀਆਂ, ਕਿਤਾਬਾਂ ਵਿਚ ਇਸ ਧਰਮ ਦੀ ਵਡਿਆਈ ਤੇ ਭਲਿਆਈ ਪਾਈ ਜਾਂਦੀ ਹੈ, ਉਹਨਾਂ ਨੂੰ ਛਪਵਾ ਕੇ ਪ੍ਰਗਟ ਕਰਨਾ।
4. ਸੰਪਰਦਾਇ ਬਾਣੀ ਨੂੰ ਪ੍ਰਗਟ ਕਰਨਾ ਅਤੇ ਉਹਨਾਂ ਤਾਰੀਖੀ ਮਜ਼੍ਹਬੀ ਪੋਥੀਆਂ ਨੂੰ (ਜੈਸੇ ਜਨਮ ਸਾਖੀ ਅਤੇ ਗੁਰ-ਪ੍ਰਣਾਲੀ) ਜਿਨ੍ਹਾਂ ਵਿਚ ਕਿਸੇ ਤਰ੍ਹਾਂ ਦਾ ਸੰਸਾ ਹੈ, ਉਨ੍ਹਾਂ ਨੂੰ ਅਸਲੋਂ ਕਢਵਾ ਕੇ ਅੱਗਾ-ਪਿੱਛਾ ਵੇਖ ਕੇ ਸ਼ੁਧ ਕਰਨਾ।
5. ਪੰਜਾਬੀ ਜ਼ਬਾਨ ਦੁਆਰਾ ਇਲਮ-ਮੁਰਵੱਜੇ ਦੀ ਉਨਤੀ ਕਰਨੀ ਅਤੇ ਇਸ ਆਸ਼ੇ ਨਾਲ ਰਸਾਲੇ ਤੇ ਅਖ਼ਬਾਰਾਂ ਕੱਢੀਆਂ।[1]

ਇਹ ਖਾਸ ਨਿਯਮ ਤੇ ਮੁੱਖ ਆਸ਼ੇ ਸਨ, ਜਿਨ੍ਹਾਂ ਨੂੰ ਲੈ ਕੇ 'ਸਿੰਘ ਸਭਾ ਲਹਿਰ' ਹੋਂਦ ਵਿਚ ਆਈ ਤੇ ਇਹਨਾਂ ਆਸ਼ਿਆਂ ਨੂੰ ਪੂਰਾ ਕਰਨ ਹਿੱਤ ਗਿਆਨੀ ਦਿੱਤ ਸਿੰਘ ਵਰਗੇ ਸੇਵਕਾਂ ਨੇ ਕੋਈ ਕਸਰ ਨਾ ਛੱਡੀ। ਇਹ ਸੇਵਕ ਸਿੱਖੀ ਪ੍ਰਚਾਰ ਦਾ ਵੱਧ ਚੜ੍ਹ ਕੇ ਉਪਰਾਲਾ ਕਰ ਰਹੇ ਸਨ। ਇਸ ਸਮੇਂ ਗਿਆਨੀ ਦਿੱਤ ਸਿੰਘ ਵੀ ਲਾਹੌਰ ਚਲੇ ਗਏ ਅਤੇ ਉਹਨਾਂ ਦੀ ਵਿਦਵਤਾ ਦਾ

ਸਦਕਾ ਸਿੰਘ ਸਭਾ ਵਿਚ ਨਵਾਂ ਉਤਸ਼ਾਹ ਪੈਦਾ ਹੋਇਆ। ਇਹਨਾਂ ਦੇ ਮਿਲਵੇਂ ਯਤਨਾਂ ਨਾਲ ਨਵੇਂ ਸਕੂਲ, ਨਵੀਆਂ ਸਭਾਵਾਂ ਕਾਇਮ ਹੋਈਆਂ ਅਤੇ ਅਖ਼ਬਾਰ ਜਾਰੀ ਕਰਕੇ ਅਨਮਤੀਆਂ ਦੇ ਹਮਲਿਆਂ ਦਾ ਉੱਤਰ ਦਿੱਤਾ। ਸਿੰਘ ਸਭਾ ਅੰਮ੍ਰਿਤਸਰ ਨੇ ਸਭ ਤੋਂ ਪਹਿਲਾਂ ਹਫਤਾਵਾਰ ਗੁਰਮੁਖੀ ਅਖ਼ਬਾਰ ਜਾਰੀ ਕੀਤਾ। 'ਗੁਰਮੁੱਖੀ ਅਖ਼ਬਾਰ' ਦੇ ਚਾਲੂ ਹੋਣ ਤਕ ਗਿਆਨੀ ਦਿੱਤ ਸਿੰਘ ਅਤੇ ਭਾਈ ਗੁਰਮੁੱਖ ਸਿੰਘ ਵਿਚਕਾਰ ਪੱਕੀ ਸਾਂਝ ਪੈ ਚੁੱਕੀ ਸੀ। ਗਿਆਨੀ ਦਿੱਤ ਸਿੰਘ ਅਤੇ ਗੁਰਮੁੱਖ ਸਿੰਘ, 'ਸਿੰਘ ਸਭਾ ਲਹਿਰ' ਦੇ ਮੋਢੀਆਂ ਵਿਚੋਂ ਸਨ। ਜਦੋਂ ਸਿੰਘ ਸਭਾ ਵਿਚ ਫੁੱਟ ਪੈ ਗਈ ਅਤੇ ਦੋ ਧੜੇ ਬਣ ਗਏ ਤਾਂ ਲਾਹੌਰ ਦੀਆਂ ਸਿੰਘ ਸਭਾ ਦੀਆਂ ਕਾਰਵਾਈਆਂ ਅਤੇ ਪ੍ਰੋਗਰਾਮਾਂ ਨੂੰ ਆਮ ਲੋਕਾਂ ਤਕ ਪਹੁੰਚਾਉਣ ਲਈ ਹੀ 'ਗੁਰਮੁਖੀ ਅਖ਼ਬਾਰ' ਜਾਰੀ ਕੀਤਾ ਗਿਆ। ਇਸ ਪੱਤਰ ਦੇ ਸੰਪਾਦਕ ਤਾਂ ਭਾਵੇਂ ਗੁਰਮੁੱਖ ਸਿੰਘ ਹੀ ਸਨ, ਪਰ ਪੱਤਰ ਦਾ ਸਾਰਾ ਪ੍ਰਬੰਧ ਗਿਆਨੀ ਦਿੱਤ ਸਿੰਘ ਹੀ ਕਰਦੇ ਸਨ। ਪਾਠਕਾਂ ਨਾਲ ਚਿੱਠੀ-ਪੱਤਰ, ਚੰਦਿਆਂ ਦਾ ਹਿਸਾਬ ਕਿਤਾਬ, ਅਤੇ ਹੋਰ ਅਨੇਕਾਂ ਮਜ਼ਮੂਨ ਲਿਖਣ ਦਾ ਕੰਮ ਗਿਆਨੀ ਦਿੱਤ ਸਿੰਘ ਹੀ ਕਰਿਆ ਕਰਦੇ ਸਨ। ਇਸ ਦਾ ਪ੍ਰਮਾਣ ਇਹ ਹੈ ਕਿ ਜਦੋਂ ਗਿਆਨੀ ਦਿੱਤ ਸਿੰਘ ਨੇ 'ਖ਼ਾਲਸਾ ਅਖ਼ਬਾਰ' ਜਾਰੀ ਕੀਤਾ ਸੀ ਤਾਂ ਉਸ ਦੀ ਵਿਧੀ 'ਗੁਰਮੁਖੀ ਅਖ਼ਬਾਰ' ਵਾਲੀ ਹੀ ਸੀ। ਇਸ ਪੱਤਰ ਦੀ ਬੋਲੀ ਠੇਠ ਪੰਜਾਬੀ ਅਤੇ ਲਿਖਣ ਢੰਗ, ਸੁਚੱਜਾ, ਸਾਦਾ ਅਤੇ ਸੁਭਾਵਕ ਸੀ। ਇਸ ਅਖ਼ਬਾਰ ਦਾ ਅਸਲ ਮਕਸਦ ਸਿੱਖਾਂ ਵਿਚ 'ਸਿੰਘ ਸਭਾ ਲਹਿਰ' ਦੇ ਉਪਰੋਕਤ ਲਿਖਿਤ ਆਦਰਸ਼ਾਂ ਦਾ ਪ੍ਰਚਾਰ ਕਰਨਾ ਸੀ। ਗਿਆਨੀ ਦਿੱਤ ਸਿੰਘ ਦੁਆਰਾ ਅਪਣਾਈਆਂ ਪਰਚਾਰ ਵਿਧੀਆਂ ਨੂੰ ਹੇਠ ਲਿਖੇ ਮੁੱਖ ਪਹਿਲੂਆਂ ਤੋਂ ਵਿਚਾਰਿਆ ਜਾ ਸਕਦਾ ਹੈ:

(ੳ) ਟ੍ਰੈਕਟ ਜਾਂ ਪੈਂਫਲਟ ਵਿਧੀ

(ਅ) ਲੇਖ ਤੇ ਪੱਤਰ ਵਿਧੀ

(ੲ) ਧਾਰਮਿਕ ਸਮੱਸਿਆਵਾਂ ਨੂੰ ਪੇਸ਼ ਕਰਨ ਦੀ ਵਿਧੀ

(ੳ) ਟ੍ਰੈਕਟ ਜਾਂ ਪੈਂਫ਼ਲੈਟ ਵਿਧੀ:

ਟ੍ਰੈਕਟ ਜਾਂ ਪੈਂਫ਼ਲੈਟ ਲਿਖਣਾ ਆਪਣੇ ਆਪ ਵਿਚ ਕਲਾ ਹੈ। ਹਰ ਭਾਸ਼ਾ ਦੇ ਸਾਹਿਤ ਵਿਚ ਟ੍ਰੈਕਟ ਰਚਨਾ ਦਾ ਇਕ ਵਿਸ਼ੇਸ਼ ਸਥਾਨ ਹੁੰਦਾ ਹੈ। ਟ੍ਰੈਕਟ ਕੀ ਹੈ? ਟ੍ਰੈਕਟ: ਇਕ ਛੋਟਾ ਪੈਂਫਲੈਟ ਜਾਂ ਨਿਬੰਧ ਹੈ ਜਿਸ ਵਿਚ ਕੁਝ ਧਾਰਮਿਕ (ਜਾਂ ਰਾਜਨੀਤਕ) ਬਹਿਸ ਜਾਂ ਵਿਚਾਰ ਪੇਸ਼ ਕੀਤੇ ਜਾਂਦੇ ਹਨ।[2] ਟ੍ਰੈਕਟ ਰਚਨਾ ਦਾ ਜਨਮ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਬਹਿਸ ਵਿਚੋਂ ਉਪਜਿਆ ਹੈ। ਪੰਜਾਬੀ ਸਾਹਿਤ ਵਿਚ ਇਹ ਸੰਪਰਦਾਇਕ ਬਹਿਸ ਦੀ ਦੇਣ ਹੈ।[3] ਖ਼ਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਦੀ ਸਥਾਪਨਾ 1894 ਈ. ਵਿਚ ਹੋਈ। ਫਲਸਰੂਪ ਪੰਜਾਬੀ ਵਿਚ ਟ੍ਰੈਕਟ ਰਚਨਾ ਆਮ ਪ੍ਰਚਲਿਤ ਹੋਈ ਪਰੰਤੂ, ਇਸ ਤੋਂ ਪਹਿਲਾਂ ਈਸਾਈ ਮਿਸ਼ਨਰੀਆਂ ਨੇ ਇਸ ਸਾਹਿਤਕ ਰੂਪ ਦੀ ਵਰਤੋਂ ਕਰਨੀ ਸ਼ੁਰੂ ਕੀਤੀ ਹੋਈ ਸੀ। ਪੰਜਾਬੀ ਵਾਰਤਕ ਸਾਹਿਤ ਵਿਚ ਟ੍ਰੈਕਟ ਰਚਨਾ ਨੇ ਕਾਫੀ ਹਿੱਸਾ ਪਾਇਆ।

'ਸਿੰਘ ਸਭਾ ਲਹਿਰ' ਦਾ ਇਕ ਮੰਤਵ ਪੰਜਾਬੀ ਬੋਲੀ ਵਿਚ ਵਿੱਦਿਆ ਪੜ੍ਹਨ ਦਾ ਪ੍ਰਚਾਰ ਕਰਨਾ ਤੇ ਪੰਜਾਬੀ ਨੂੰ ਉੱਨਤ ਕਰਨ ਲਈ ਅਖ਼ਬਾਰਾਂ ਤੇ ਰਸਾਲੇ ਵਗੈਰਾ ਪ੍ਰਕਾਸ਼ਿਤ ਕਰਨੇ ਸਨ, ਜਿਸ ਦੁਆਰਾ 'ਸਿੰਘ ਸਭਾ ਲਹਿਰ' ਦਾ ਇਕ ਹੋਰ ਮੰਤਵ, ਸਾਰੀਆਂ ਸਿੱਖ ਸੰਪਰਦਾਵਾਂ ਵਿਚ ਸਿੱਖੀ ਪਿਆਰ ਪੈਦਾ ਕਰਨਾ ਤੇ ਸਿੱਖਾਂ ਨੂੰ ਧਰਮ ਵਿਚ ਪਰਪੱਕ ਕਰਨਾ ਸੀ। ਗਿਆਨੀ ਦਿੱਤ ਸਿੰਘ ਨੇ ਇਹਨਾਂ ਮੰਤਵਾਂ ਦੀ ਪੂਰਤੀ ਲਈ ਟ੍ਰੈਕਟ ਵਾਰਤਕ ਰਾਹੀਂ ਸਿੱਖ ਸਿਧਾਂਤਾਂ ਦੀ ਵਿਆਖਿਆ ਕੀਤੀ। ਸਿੱਖ ਸਿਧਾਂਤਾਂ ਦੀ ਵਿਆਖਿਆ ਕਰਨ ਵੇਲੇ ਉਹਨਾਂ ਦੀ ਵਾਰਤਕ ਦਾਰਸ਼ਨਿਕ ਰੰਗ ਧਾਰ ਲੈਂਦੀ ਹੈ। ਉਹਨਾਂ ਦੀ ਵਾਰਤਕ ਵਿਚ ਦਲੀਲ ਦੇ ਨਾਲ-ਨਾਲ ਸ਼ਰਧਾ ਵੀ ਪ੍ਰਬਲ ਰੂਪ ਵਿਚ ਹੈ। ਪੰਜਾਬੀ ਸੰਬੰਧੀ ਮੁੱਢਲਾ ਪ੍ਰਚਾਰ ਕਰਨ ਦਾ ਸਿਹਰਾ ਗਿਆਨੀ ਦਿੱਤ ਸਿੰਘ ਦੇ ਸਿਰ ਹੀ ਬੱਝਦਾ ਹੈ। ਸਿੱਖ ਕੌਮ ਦੇ ਦੋ ਅਜਿਹੇ ਅਮੋਲਕ ਹੀਰੇ ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਹੋਏ ਹਨ ਜੋ, ਸਿੱਖ ਕੌਮ ਦੇ ਪਹਿਲੇ ਦੋ ਪ੍ਰੋਫੈਸਰ ਵੀ ਸਨ। ਇਹਨਾਂ ਨੇ 'ਖ਼ਾਲਸਾ ਅਖ਼ਬਾਰ' ਅਤੇ ਖ਼ਾਲਸਾ ਪ੍ਰੈੱਸ ਰਾਹੀਂ ਪੰਜਾਬੀ ਵਿਚ ਸਦਾਚਾਰਕ ਸਾਹਿਤ ਰਚਣ ਦਾ ਕੰਮ ਆਰੰਭਿਆ। ਖ਼ਾਲਸਾ ਪ੍ਰੈੱਸ ਤੋਂ ਦਰਜਨਾਂ ਦੀ ਗਿਣਤੀ ਵਿਚ ਟ੍ਰੈਕਟ/ਪੈਂਫਲੈਟ ਛਾਪ ਕੇ ਸਿੱਖ

ਸੰਗਤਾਂ ਵਿਚ ਵੰਡੇ। ਇਹੀ ਟ੍ਰੈਕਟ ਜਾਂ ਪੈਂਫਲੈਟ ਬਾਅਦ ਵਿਚ ਕਿਤਾਬੀ ਰੂਪ ਵਿਚ ਛਪੇ। ਗਿਆਨੀ ਦਿੱਤ ਸਿੰਘ ਦੀ ਵਾਰਤਕ ਸ਼ੈਲੀ ਸੰਬੰਧੀ ਵਿਸ਼ੇਸ਼ ਉਲੇਖਯੋਗ ਗੱਲ ਇਹ ਹੈ ਕਿ ਹਰ ਟ੍ਰੈਕਟ ਦੇ ਵਸਤੂ ਨੂੰ ਨਾਟਕੀ ਜਾਂ ਪ੍ਰੋਸ਼ਨੋਤਰੀ ਵਾਰਤਾਲਾਪ ਰਾਹੀਂ ਨਿਭਾਇਆ ਹੈ। ਸੁਭਾਵਕ ਹੀ ਗਲਪੀ ਵਾਰਤਕ ਨਾਲੋਂ ਨਾਟਕੀ-ਵਾਰਤਕ ਦਾ ਪ੍ਰਭਾਵ ਵਧੇਰੇ ਪ੍ਰਬਲ ਹੁੰਦਾ ਹੈ। ਗਿਆਨੀ ਦਿੱਤ ਸਿੰਘ ਆਪਣੇ ਵਿਚਾਰਾਂ ਦੀ ਵਿਆਖਿਆ ਕਰਨ ਲਈ, ਦੋ ਕਾਲਪਨਿਕ ਪਾਤਰਾਂ ਦੀ ਟੱਕਰਾਉਆਤਮਕ ਵਿਧੀ ਅਪਣਾਉਂਦੇ ਹਨ। ਇਹ ਵਿਧੀ ਉਹਨਾਂ ਨੇ ਟ੍ਰੈਕਟਾਂ ਵਿਚ ਵੀ ਅਪਣਾਈ। ਗਿਆਨੀ ਦਿੱਤ ਸਿੰਘ ਦੁਆਰਾ ਲਿਖਤ ਟ੍ਰੈਕਟਾਂ/ਪੈਂਫਲੈਟਾਂ ਨੇ ਹੁਣ ਕਿਤਾਬੀ ਸ਼ਕਲ ਧਾਰਨ ਕਰ ਲਈ ਹੈ। ਇਹਨਾਂ ਵਿਚ ਬਹੁਤੇ ਕਾਵਿ ਰੂਪ ਵਿਚ ਜਿਵੇਂ 'ਧਰਮ ਦਰਪਨ' ਤੇ 'ਸਵਪਨ ਨਾਟਕ' ਆਦਿ ਹਨ, ਪਰੰਤੂ ਕਈ ਟ੍ਰੈਕਟਾਂ ਵਿਚ ਗਿਆਨੀ ਦਿੱਤ ਸਿੰਘ ਦੀ ਕਵਿਤਾ ਵਾਰਤਕ ਵਰਗੀ ਹੀ ਜਾਪਦੀ ਹੈ। ਇਸ ਵਾਰਤਕ ਨੁਮਾ ਕਵਿਤਾ ਜਿਵੇਂ ਕਿ 'ਨਕਲੀ ਸਿੱਖ ਪ੍ਰਬੋਧ' ਵਿਚ ਉਹ ਬੜੇ ਹੀ ਜ਼ੋਰਦਾਰ ਪਰੰਤੂ ਵਿਅੰਗਮਈ ਢੰਗ ਨਾਲ ਸਿੱਖਾਂ ਦੇ ਜ਼ਾਤਪਾਤ ਵਿਚ ਵੰਡੇ ਹੋਣ ਦੇ ਪਾਜ ਨੂੰ ਉਧੇੜਦੇ ਹਨ:

"ਕੌਣ ਸਿੱਖ ਹੁੰਦੇ ਹੋ ਭਾਈ?
ਮੈਂ ਅਰੋੜਾ ਇਹ ਹੈ ਨਾਈ।
ਤੇਰੀ ਸਿੰਘਾ ਕੀ ਹੈ ਜ਼ਾਤ? ਨਾਮਾਂ ਬੰਸੀ ਛੀਂਬਾ ਭ੍ਰਾਤ।
ਤੇਰਾ ਜਨਮ ਕਿਨਾਂ ਦੇ ਘਰ ਦਾ? ਮੈਂ ਜੀ ਮਹਿਰਾ ਪਾਣੀ ਭਰਦਾ। [4]

ਇਸ ਤਰ੍ਹਾਂ ਗਿਆਨੀ ਦਿੱਤ ਸਿੰਘ ਨੇ ਜਾਤੀਵਾਦ ਨੂੰ ਹਾਸੋਹੀਣਾ ਦਰਸਾਇਆ ਅਤੇ ਸਿੱਖ ਧਰਮ ਦੇ ਅਸਲੀ ਰੰਗ ਨੂੰ ਉਘਾੜਨ ਲਈ ਅਜਿਹੀ ਪ੍ਰਸ਼ਨੋ-ਉਤਰੀ ਵਾਰਤਕ ਨੁਮਾ ਕਵਿਤਾ ਰਾਹੀਂ ਸਿੱਖਾਂ ਨੂੰ ਉਪਦੇਸ਼ ਦਿੱਤੇ ਤਾਂ ਜੋ ਸਿੱਖ ਧਰਮ ਆਪਣੀ ਮੂਲ ਹੋਂਦ ਗ੍ਰਹਿਣ ਕਰ ਸਕੇ।

ਗਿਆਨੀ ਦਿੱਤ ਸਿੰਘ ਦੁਆਰਾ ਲਿਖੇ ਟ੍ਰੈਕਟਾਂ/ਪੈਂਫਲੈਂਟਾਂ ਦੇ ਕਿਤਾਬੀ ਸ਼ਕਲ ਧਾਰਨ ਕਰਨ ਕਰਕੇ ਸਾਨੂੰ ਹੁਣ ਸਪਸ਼ਟ ਤੌਰ ਤੇ ਇਹਨਾਂ ਦੀ ਵੰਡ ਕਰਨੀ ਮੁਸ਼ਕਲ ਹੋ ਗਈ ਹੈ। ਉਹਨਾਂ

ਨੇ ਟ੍ਰੈਕਟ ਲਿਖਣ ਵਿਧੀ ਰਾਹੀਂ ਸਿੱਖ ਧਰਮ, ਸਭਿਆਚਾਰ ਅਤੇ ਸਿੱਖ ਇਤਿਹਾਸ ਦਾ ਪ੍ਰਚਾਰ ਕੀਤਾ।

**(ਅ) ਲੇਖ ਅਤੇ ਪੱਤਰ ਵਿਧੀ:**

ਉੱਨ੍ਹੀਵੀਂ ਸਦੀ ਦੇ ਪਿਛਲੇ ਤਿੰਨ ਦਹਾਕਿਆਂ ਵਿਚ ਗਿਆਨੀ ਦਿੱਤ ਸਿੰਘ ਨੇ ਅਖ਼ਬਾਰਾਂ ਰਾਹੀਂ ਸਾਹਿਤਕ ਵਾਰਤਕ ਦੇ ਖੇਤਰ ਵਿਚ ਆਪਣਾ ਬਹੁਮੁੱਲਾ ਯੋਗਦਾਨ ਦਿੱਤਾ। ਇਸ ਸਮੇਂ ਦੌਰਾਨ ਧਾਰਮਿਕ ਵਿਸ਼ਿਆਂ ਦੇ ਨਾਲ-ਨਾਲ ਸਮਾਜਿਕ ਵਿਸ਼ਿਆਂ ਵੱਲ ਵੀ ਧਿਆਨ ਦਿੱਤਾ ਜਾਣ ਲੱਗ ਪਿਆ ਸੀ ਕਿਉਂਕਿ ਧਰਮ ਅਤੇ ਸਮਾਜ ਦਾ ਆਪਸੀ ਬਹੁਤ ਗੂੜ੍ਹਾ ਰਿਸ਼ਤਾ ਹੈ ਭਾਵ, ਸਮਾਜ ਤੋਂ ਬਿਨ੍ਹਾਂ ਧਰਮ ਦੀ ਕੋਈ ਹੋਂਦ ਨਹੀਂ ਰਹਿ ਜਾਂਦੀ। ਗਿਆਨੀ ਦਿੱਤ ਸਿੰਘ, 'ਸਿੰਘ ਸਭਾ ਲਹਿਰ' ਦੇ ਮੋਢੀਆਂ ਵਿਚੋਂ ਸਨ। ਫਲਸਰੂਪ ਉਹਨਾਂ ਦੀ ਸਾਰੀ ਵਾਰਤਕ ਲਿਖਤ, ਸਿੰਘ ਸਭਾ ਦੇ ਉਦੇਸ਼ਾਂ ਦੀ ਪੂਰਤੀ ਹਿੱਤ, ਸਿੱਖ ਮਸਲਿਆਂ ਦੁਆਲੇ ਕੇਂਦਰਿਤ ਹੈ। ਇਸ ਤਰ੍ਹਾਂ ਗਿਆਨੀ ਦਿੱਤ ਸਿੰਘ ਦਾ ਸਾਰਾ ਜੀਵਨ 'ਸਿੰਘ ਸਭਾ ਲਹਿਰ' ਦੇ ਉਦੇਸ਼ਾਂ ਨੂੰ ਪੂਰਾ ਕਰਨ ਹਿੱਤ ਬੀਤਿਆ। ਇਸੇ ਆਸ਼ੇ ਅਨੁਸਾਰ ਉਹਨਾਂ ਨੇ ਅਖ਼ਬਾਰਾਂ ਅਤੇ ਰਸਾਲੇ ਜਾਰੀ ਕੀਤੇ ਅਤੇ ਪ੍ਰੋ. ਗੁਰਮੁਖ ਸਿੰਘ ਵਲੋਂ ਜਾਰੀ ਕੀਤੇ ਗੁਰਮੁਖੀ ਅਖ਼ਬਾਰ, ਸੁਧਾਰਕ ਅਤੇ ਵਿਦਿਯਾਰਕ ਪੰਜਾਬ ਆਦਿ ਵਿਚ ਲੇਖ ਲਿਖੇ। 1881 ਵਿਚ ਭਾਈ ਗੁਰਮੁਖ ਸਿੰਘ ਨੇ 'ਵਿਦਿਯਾਰਕ ਪੰਜਾਬ' ਜਾਰੀ ਕੀਤਾ, ਜਿਸ ਦਾ ਉਦੇਸ਼ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦਾ ਟੀਕਾ, ਸਿੱਖ ਕੌਮ ਦਾ ਇਤਿਹਾਸ, ਸਿੱਖ ਧਰਮ ਦੀਆਂ ਰੀਤੀਆਂ ਦਾ ਵਿਧਾਨ ਅਤੇ ਸੁਧਾਰਕ ਤੇ ਵਿਹਾਰਕ ਸਿੱਖਿਆ ਆਦਿ ਛਾਪਣਾ ਸੀ। ਗਿਆਨੀ ਦਿੱਤ ਸਿੰਘ ਜੀ ਨੇ ਜਦੋਂ ਖ਼ਾਲਸਾ ਅਖ਼ਬਾਰ ਦੀ ਸੰਪਾਦਨਾ ਸ਼ੁਰੂ ਕੀਤੀ ਤਾਂ ਉਹਨਾਂ ਨੇ ਉਪਰੋਕਤ ਲਿਖੇ ਉਦੇਸ਼ਾਂ ਦੀ ਪੂਰਤੀ ਹਿੱਤ ਕੰਮ ਕਰਨਾ ਸ਼ੁਰੂ ਕੀਤਾ। 'ਸਿੰਘ ਸਭਾ ਲਹਿਰ' ਦਾ ਇਕ ਮੁੱਖ ਉਦੇਸ਼ ਇਹ ਸੀ ਕਿ 'ਜਿਨ੍ਹਾਂ ਪੋਥੀਆਂ ਕਿਤਾਬਾਂ' ਵਿਚ ਇਸ ਧਰਮ ਦੀ ਵਡਿਆਈ ਤੇ ਭਲਿਆਈ ਪਾਈ ਜਾਂਦੀ ਹੈ, ਉਨ੍ਹਾਂ ਨੂੰ ਛਪਵਾ ਕੇ ਪਾਠਕਾਂ ਤਕ ਪ੍ਰਗਟ ਕੀਤਾ ਜਾਵੇ।[5] ਇਸ ਉਦੇਸ਼ ਦੀ ਪੂਰਤੀ ਹਿੱਤ ਗਿਆਨੀ ਦਿੱਤ ਸਿੰਘ ਨੇ ਬਹੁ ਗਿਣਤੀ ਵਿਚ ਪੁਸਤਕਾਂ ਦੀ ਸੁਧਾਈ ਕੀਤੀ ਤੇ ਪ੍ਰਕਾਸ਼ਿਤ ਕੀਤੀਆਂ। ਅਧਿਆਇ-ਦੂਜਾ ਵਿਚ ਉਹਨਾਂ

ਵੱਲੋਂ ਪ੍ਰਕਾਸ਼ਿਤ ਪੁਸਤਕਾਂ ਦੀ ਸੂਚੀ ਤੋਂ ਕੀਤੀ ਸਾਹਿਤਕ ਸੇਵਾ ਦਾ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

'ਖ਼ਾਲਸਾ ਅਖ਼ਬਾਰ' ਵਿਚ ਗਿਆਨੀ ਦਿੱਤ ਸਿੰਘ ਨੇ ਬਹੁਤ ਸਾਰੇ ਲੇਖ ਲਿਖੇ। ਇਹਨਾਂ ਲੇਖਾਂ ਦਾ ਵਿਸ਼ਾ ਬਹੁਤਾ ਕਰਕੇ ਸਿੱਖ ਸਮਾਜ ਵਿਚ ਪ੍ਰਚਲਿਤ ਰਹੁਰੀਤਾਂ, ਵਹਿਮਾਂ-ਭਰਮਾਂ, ਮੂਰਤੀ ਪੂਜਾ, ਦੂਜਿਆਂ ਫ਼ਿਰਕਿਆਂ ਵਲੋਂ ਸਿੱਖ ਧਰਮ ਸੰਬੰਧੀ ਕੋਝਾ ਪ੍ਰਚਾਰ, ਆਦਿ ਦੇ ਖੰਡਨ ਬਾਰੇ ਹੁੰਦਾ ਸੀ। ਗਿਆਨੀ ਦਿੱਤ ਸਿੰਘ ਇਸ ਅਖ਼ਬਾਰ (ਖ਼ਾਲਸਾ ਅਖ਼ਬਾਰ) ਦੇ, 1885 ਤੋਂ 1901 ਤਕ ਸੰਪਾਦਕ ਰਹੇ। ਇਸ ਅਖ਼ਬਾਰ ਵਿਚ ਇਹਨਾਂ ਦੇ ਲੇਖ ਧਾਰਮਿਕ, ਇਤਿਹਾਸਕ ਅਤੇ ਰਾਜਨੀਤਕ ਵਿਸ਼ਿਆਂ ਨਾਲ ਲਬਰੇਜ਼ ਹੁੰਦੇ ਸਨ। ਉਹ ਗੁਰਮਤਿ ਵਿਰੋਧੀ ਲੇਖਾਂ ਦਾ ਉੱਤਰ ਬਹੁਤ ਸੁਚੱਜੇ ਢੰਗ ਨਾਲ ਦਿੰਦੇ ਸਨ ਪਰੰਤੂ, ਕਿਸੇ ਮਜ਼ਹਬ, ਜ਼ਾਤ ਬਰਾਦਰੀ, ਕੌਮ ਜਾਂ ਵਿਸ਼ੇਸ਼ ਵਿਅਕਤੀ ਵਿਰੁੱਧ ਲਿਖਣੋਂ ਹਮੇਸ਼ਾਂ ਸੰਕੋਚ ਕਰਦੇ ਸਨ। ਖ਼ਾਲਸਾ ਅਖ਼ਬਾਰ ਦੇ ਤੀਜੇ ਪੰਨੇ ਤੇ ਸੰਪਾਦਕੀ ਲੇਖ ਲਿਖੇ ਜਾਂਦੇ ਸਨ। ਇਹ ਸੰਪਾਦਕੀ ਲੇਖ ਗਿਆਨੀ ਦਿੱਤ ਸਿੰਘ ਦੀ ਸੂਝ-ਬੂਝ ਦਾ ਪ੍ਰਤੱਖ ਪ੍ਰਗਟਾਵਾ ਸਨ। ਇਹਨਾਂ ਲੇਖਾਂ ਵਿਚ ਉਹ ਆਮ ਤੌਰ ਤੇ ਕਿਸੇ ਮੌਜੂਦਾ ਭੱਖਵੀਂ ਸਮੱਸਿਆ ਨੂੰ ਵਿਸ਼ਾ ਬਣਾ ਕੇ ਉਸ ਤੇ ਬਹੁਪੱਖੀ ਵਿਚਾਰ ਕਰਕੇ ਪੰਥ ਵਿਰੋਧੀਆਂ ਵਲੋਂ ਕੀਤੇ ਗਏ ਕਿੰਤੂ-ਪ੍ਰੰਤੂ ਦਾ ਸਪਸ਼ਟ ਉੱਤਰ ਦਿੰਦੇ ਸਨ। ਇਹਨਾਂ ਲੇਖਾਂ ਤੋਂ ਉਹਨਾਂ ਦੀ ਪੰਥ-ਪੱਖੀ ਸੋਚ, ਸਿੱਖ ਧਰਮ ਪ੍ਰਤੀ ਸ਼ਰਧਾ, ਸਪਸ਼ਟ ਸ਼ਬਦਾਵਲੀ ਰਾਹੀਂ ਸਪਸ਼ਟ ਕਥਨ ਸ਼ਕਤੀ, ਤਰਕਮਈ ਦਲੀਲ ਰਾਹੀਂ ਵਿਰੋਧੀਆਂ ਨੂੰ ਪਛਾੜਨ ਸ਼ਕਤੀ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਗਿਆਨੀ ਦਿੱਤ ਸਿੰਘ ਆਪਣੇ ਬਹੁਤੇ ਲੇਖਾਂ ਵਿਚ ਸਿੱਖ ਕੌਮ ਤੇ ਸਿੱਖ ਧਰਮ ਦੇ ਸੰਦਰਭ ਵਿਚ ਦ੍ਰਿੜ੍ਹਤਾ ਪੂਰਵਕ ਵੰਗਾਰਾਂ ਪਾ ਕੇ ਤਰਕ ਦੇ ਆਧਾਰ ਤੇ ਸਿੱਖਾਂ ਨੂੰ ਮਾਰਗ-ਸੇਧ ਪ੍ਰਦਾਨ ਕਰਾਉਂਦੇ ਸਨ। ਉਦਾਹਰਣ ਵਜੋਂ ਹੇਠ ਲਿਖਿਆ ਸੰਪਾਦਕੀ ਲੇਖ ਪੜ੍ਹੋ:

## ਤੁਸੀਂ ਦਸਮੇਂ ਪਾਤਸ਼ਾਹ ਨਾਲ ਕਿਆ ਭਲਾ ਕੀਤਾ?

ਸਿੱਖ ਯਾ ਖ਼ਾਲਸਾ ਸਦਾਉਨ ਵਾਲਯੋ ਭਾਈਓ ਆਪ ਇਸ ਉੱਪਰਲੇ ਸਰਨਾਮੇਂ ਨੂੰ ਪੜ੍ਹਕੇ ਅੱਛੀ ਤਰ੍ਹਾਂ ਸੋਚੋ, ਅਰ ਅਪਨੀ ਕ੍ਰਿਤ-ਘਨਤਾ ਪਰ ਦੋਨੋਂ ਵਕਤ ਬੈਠਕੇ ਪਛਤਾਵੋ।।

ਸਾਡਾ ਇਸ ਆਖਨ ਦਾ ਇਹ ਭਾਵ ਹੈ ਕਿ ਈਸਾ ਦੇ ਸੇਵਕਾਂ ਨੇ ਈਸਾਈ ਕਹਾਕੇ ਉਸ ਦੇ ਦੀਨ ਨੂੰ ਅਪਨੀ ਜਾਨਾਂ ਦੀ ਕੁਰਬਾਨੀ ਕਰਕੇ ਫੈਲਾਇਆ ਅਤੇ ਫੈਲਾ ਰਹੇ ਹਨ ਪਰੰਤੂ ਅੱਜ ਤਕ ਕਿਸੇ ਈਸਾਈ ਦੇ ਮਨ ਵਿੱਚ ਇਤਨਾਂ ਖਯਾਲ ਨਹੀਂ ਆਇਆ ਕਿ ਮੈਂ ਹੁਨ ਲਾਰਡ ਪਾਦਰੀ ਹੋ ਗਿਆ ਹਾਂ ਇਸ ਵਾਸਤੇ ਮਸੀਹ ਨੂੰ ਮਾਤ ਕਰਕੇ ਆਪ ਈਸਾ ਬਨ ਜਾਵਾਂ।

ਇਸੇ ਤਰ੍ਹਾਂ ਮੁਹੰਮਦ ਸਾਹਿਬ ਦੀ ਉੱਮਤ ਨੇ ਅਪਨੇ ਨੱਬੀ ਦੇ ਦੀਨ ਪਰ ਅਪਨਾ ਤਨ ਮਨ ਅਤੇ ਧਨ ਕੁਰਬਾਨ ਕੀਤਾ, ਤਲਵਾਰ ਦੀ ਧਾਰ ਅਤੇ ਧੀਆਂ ਦੇਕੇ ਮੁਸਲਮਾਨ ਬਨਾਉਨ ਦਾ ਪਯਾਰ ਦਖਾ ਕੇ ਅਪਨੇ ਪਯਾਰੇ ਨਬੀ ਦੇ ਦੀਨ ਦਾ ਝੰਡਾ ਸਾਰੀ ਦੁਨੀਆਂ ਦੇ ਬਹੁਤ ਸਾਰੇ ਹਿੱਸੇ ਵਿਚ ਗੱਡਿਆ। ਮੁਸਲਮਾਨਾਂ ਦਿਆਂ ਪੀਰਾਂ, ਫ਼ਕੀਰਾਂ, ਅੰਬੀਆਂ ਅਤੇ ਗੌਸਾਂ ਦੇ ਮਨ ਵਿਚ ਭੁੱਲ ਕੇ ਭੀ ਇਹ ਖਯਾਲ ਨਹੀਂ ਆਇਆ ਕਿ ਮੈਂ ਹੁਨ ਲੋਗਾਂ ਵਿੱਚ ਪ੍ਰਤਿਸ਼ਟਤ ਹੋ ਗਿਆ ਹਾਂ ਇਸ ਵਾਸਤੇ ਨਬੀ ਦੀ ਜਗ੍ਹਾ ਸਾਂਭ ਲੇਵਾਂ ਜਿਸ ਤੇ ਅੱਜ ਤਕ ਕਿਸੇ ਨੇ ਭੀ ਅਪਨੀ ਨਵੀਂ ਉੱਮਤ ਨਹੀਂ ਤੋਰੀ।।

ਪਰੰਤੂ ਗੁਰੂ ਦੇ ਖ਼ਾਲਸਾ ਨੇ ਉਸ ਗੁਰੂ ਦੀ ਬਰਕਤਾਂ ਪਾਕੇ ਜਿਸ ਨੇ ਅਪਨਾ ਸ੍ਵੰਸ ਦੇ ਕੇ ਇਨ੍ਹਾਂ ਨੂੰ ਅਟੱਲ ਰੱਖਯਾ ਗੁਰੂ ਪਰ ਹੀ ਸਾਫ ਹੱਥ ਕੀਤਾ। ਪਹਿਲੇ ਤਾਂ ਧੀਰਮੱਲੀਆਂ ਨੇ ਦਸਮੇ ਗੁਰੂ ਤੇ ਉਲਟ ਅਪਨੀ ਹੀ ਸਿੱਖੀ ਫੈਲਾਉਨੀ ਆਰੰਭ ਕਰ ਦਿੱਤੀ ਜਿਸ ਤੇ ਉਹ ਆਪ ਨੂੰ ਹੀ ਗੁਰੂ ਕਹਾਉਂਦੇ ਹਨ, ਅਰ ਦਸਮੇਂ ਗੁਰੂ ਜੀ ਦਾ ਨਾਮ ਸੁਨਕੇ ਹੀ ਮੁਰਝਾ ਜਾਂਦੇ ਹਨ ਅਤੇ ਅੰਮ੍ਰਿਤ ਦਾ

ਪ੍ਰਚਾਰ ਕਿਤੇ ਸੁਪਨੇ ਵਿਚ ਭੀ ਨਹੀਂ ਜਾਨਦੇ, ਅਤੇ ਉਨ੍ਹਾਂ ਦੀ ਨਿਗਾਹ ਵਿਚ ਦਸਮ ਗੁਰੂ ਜੀ ਇਕ ਕੰਡਾ ਸੀ॥

ਇਸ ਤਰ੍ਹਾਂ ਰਾਮਰਾਇ ਨੇ ਅਪਨਾ ਦੇਹਰੇ ਦੂਨ ਵਿੱਚ ਇਕ ਜੁਦਾ ਹੀ ਰਾਮ ਰੌਲਾ ਪਾ ਦਿੱਤਾ ਹੈ ਜਿਸਤੇ ਰਾਮ ਰਾਈਏ ਹੈ ਲੋਗ ਦਸਮੇਂ ਪਾਤਸ਼ਾਹ ਦਾ ਨਾਮ ਤਕ ਭੀ ਨਹੀਂ ਲੈਂਦੇ ਅਰ ਚਾਹੁੰਦੇ ਹਨ ਕਿ ਖ਼ਾਲਸਾ ਨਾਮ ਹੀ ਧਰਤੀ ਤੇ ਉੱਡ ਜਾਏ॥

ਇਸ ਤੇ ਅੱਗੇ ਬਾਬਾ ਸਾਹਿਬ ਜੀ ਦੀ ਸੰਤਾਨ ਨੇ ਭੀ ਬਾਰ੍ਹਵੀਂ ਤੇਰ੍ਹਵੀਂ ਪਾਤਸ਼ਾਹੀ ਅਰ ਅੰਮ੍ਰਿਤ ਤੇ ਉਲਟ ਚਰਨ ਘਾਲ ਅਤੇ ਪਿੱਠਾਂ ਪਰ ਥਾਪੀ ਅਰ ਕੰਨਾਂ ਵਿਚ ਫੂਕਾਂ ਮਾਰਨੀਆਂ ਆਰੰਭ ਕਰ ਦਿੱਤੀਆਂ ਸਨ ਜਿਸ ਤੇ ਇਹ ਇਹੋ ਚਾਹੁੰਦੇ ਹਨ ਕਿ ਦਸਮਾਂ ਗੁਰੂ ਪਿੱਛੇ ਸੁੱਟਕੇ ਬਾਰ੍ਹਵੇਂ ਦੇ ਪੌਂ ਬਾਰਾਂ ਪੈ ਜਾਨ ਅਤੇ ਪੈਰਾਂ ਦਾ ਧੋਨ ਹੀ ਅੰਮ੍ਰਿਤ ਕਹਲਾਏ॥

ਇਸ ਤੇ ਬਿਨਾਂ ਇਕ ਨਰੰਕਾਰੀਏ ਮਹਾਤਮਾਂ ਹਨ ਉਨ੍ਹਾਂ ਨੇ ਭਜਨ ਕੀਰਤਨ ਅਰ ਗੁਰ ਮ੍ਰਯਾਦਾ ਪਰ ਤਾਂ ਬੇਸ਼ਕ ਜ਼ੋਰ ਪਾਇਆ ਹੈ ਪਰ ਨਾਲ ਲੱਗਦਾ ਹੀ " ਬਾਬਾ ਦਿਆਲ, ਬਾਬਾ ਦਰਬਾਰਾ ਸਿੰਘ, ਬਾਬਾ ਰੱਤਾ" ਅਪਨਾਂ ਗੁਰੂ ਬਨਾਂ ਲੀਤਾ ਹੈ, ਅਰ ਜਿਸ ਜਗ੍ਹਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ "ਦਯਾਲ, ਦਰਬਾਰਾਂ ਯਾ ਰੱਤਾ" ਪਦ ਆ ਜਾਂਦੇ ਹਨ ਓਥ ਅਪਨੇ ਮਹਾਤਮਾਂ ਨੂੰ ਹੀ ਸਮਝ ਬੈਠਦੇ ਹਨ, ਅਰ ਅਰਦਾਸਿਆਂ ਵਿਚ ਤੇਰ੍ਹਵੀਂ ਪਾਤਸ਼ਾਹੀ ਤਕ ਲੈ ਗਏ ਹਨ ਜਿਸ ਤੇ ਇਨ੍ਹਾਂ ਨੇ ਭੀ ਮਨਮਤ ਅਖਤਿਆਰ ਕੀਤੀ ਹੈ।

ਇਨ੍ਹਾਂ ਤੇ ਅੱਗੇ ਬਾਬਾ ਰਾਮ ਸਿੰਘ ਜੀ ਦੇ ਨਾਮਧਾਰੀਏ ਸਿੰਘ ਨਿਕਲੇ ਜਿਨ੍ਹਾਂ ਨੇ ਤਿੰਨ ਵੇਲੇ ਇਸ਼ਨਾਨ ਵਾਹਿਗੁਰੂ, ਦਾ ਜਾਪ ਅਤੇ ਉੱਨ ਦੀਆਂ ਮਾਲਾ ਪਹਰ ਕੇ ਸਿੱਖੀ ਪਰ ਤਾਂ ਵਿਸ੍ਵਾਸ ਕੀਤਾ ਪਰੰਤੂ ਉਨ੍ਹਾਂ ਨੇ ਦਸਮੇਂ ਗੁਰੂ ਜੀ ਦੀ ਸਿੱਖੀ ਤੇ ਉਲਟ ਬਾਬਾ ਰਾਮ ਸਿੰਘ ਜੀ 'ਦੀ ਸਿੱਖੀ ਬਨਾ ਲੀਤੀ ਜਿਸ ਤੇ ਅਰਦਾਸਯਾਂ ਵਿਚ ਉਨ੍ਹਾਂ ਦਾ ਹੀ ਨਾਮ ਲੈਂਦੇ ਹਨ॥

ਇਸ ਤੇ ਬਿਨਾਂ ਹੋਰ ਨਿੱਕੇ ੨ ਫ਼ਿਰਕੇ ਅਜਿਹੇ ਹਨ ਜੋ ਅਪਨੀ ਢਾਈ ਪਾ ਖਿਚੜੀ ਅਲੱਗ ਹੀ ਰਿੰਨ੍ਹਦੇ ਹਨ ਅਰ ਹਰ ਇਕ ਗੁਰੂ ਹੀ ਬਨਨੇ ਪਰ ਲੱਕ ਬੰਨ੍ਹਦਾ ਹੈ ਜਿਸਤੇ ਦਸਮੇਂ ਗੁਰੂ ਜੀ ਤੇ ਜੁਦਾ ਟੋਲਾ ਹੋਵੇ।।

ਇਸ ਤੋਂ ਬਿਨਾਂ ਰਹੇ ਰਈਸ ਲੋਕ ਇਨ੍ਹਾਂ ਦਾ ਕੰਮ ਤਾਂ ਕਰਾਨਣਾਂ ਘਰੀਂ ਪਾਉਨੀਆਂ ਅਤੇ ਕੰਜਰ ਭਗਤ ਹੋ ਕੇ ਅਪਯਸ਼ ਲੈਣਾ ਹੋ ਰਿਹਾ ਹੈ।

ਫਿਰ ਰਹੀਆਂ ਸਿੰਘ ਸਭਾ ਸੋ ਇਨ੍ਹਾਂ ਦਾ ਤਾਂ ਇਹ ਹਾਲ ਹੈ ਕਿ ਉਨ੍ਹਾਂ ਦੇ ਸਹਾਇਕ ਅਪਨੇ ਧਰਮ ਕਰਮ ਵਿਚ ਬਹੁਤੇ ਘੱਟ ਪੱਕੇ ਹਨ ਇਸ ਵਾਸਤੇ ਜੋ ਕੰਮ ਆਰੰਭ ਕਰਦੇ ਹਨ ਸੋ ਅਧੂਰਾ ਹੀ ਰਹਿੰਦਾ ਹੈ।।

ਇਸ ਤੋਂ ਅੱਗੇ ਰਹੇ ਨੱਗ੍ਹਾਂ ਦੇ ਸਿੱਖ ਸੋ ਇਨ੍ਹਾਂ ਨੂੰ ਤਾਂ ਹੀਰ ਰਾਂਝਾ ਯਾਦ ਹੈ ਅਤੇ ਗੁਰੂ ਦਾ ਨਾਮ ਤਕ ਭੀ ਨਹੀਂ ਜਾਨਦੇ।।

ਖ਼ਾਲਸਾ ਕਹਾਉਨ ਵਾਲੇ ਭਾਈਓ ਦੱਸੋ ਖਾਂ ਜੋ ਤੁਸੀਂ ਗੁਰੂ ਜੀ ਨਾਲ ਕਯਾ ਭਲਾ ਕੀਤਾ ਅਰ ਕਿਉਂ ਤੁਹਾਡੇ ਪਰ ਕਹਰ ਦਾ ਬੱਜਰ ਨਾ ਪਏ, ਆਓ ਡਰ ਛੱਡੋ ਮਨਮਤਾਂ ਅਤੇ ਦਸਮ ਗੁਰੂ ਜੀ ਦਾ ਪੱਲਾ ਪਕੜੋ।[6]

ਗਿਆਨੀ ਦਿੱਤ ਸਿੰਘ ਨੇ ਈਸਾਈ ਧਰਮ ਦੀ ਉਦਾਹਰਨ ਦੇ ਕੇ ਗੁਰੂ ਗੋਬਿੰਦ ਸਿੰਘ ਦੇ ਸਰਬੰਸ ਦੀ ਕੁਰਬਾਨੀ ਦਾ ਵਾਸਤਾ ਪਾ ਕੇ, ਧੀਰ ਮੱਲੀਆਂ, ਰਾਮ ਰਾਈਆਂ, ਰਾਧਾ ਸਵਾਮੀਆਂ, ਨਿਰੰਕਾਰੀਆਂ, ਨਾਮਧਾਰੀਆਂ, ਅਧੂਰੇ ਸਿੰਘ ਸਭੀਆਂ ਨੂੰ ਅਤੇ ਹੀਰ-ਰਾਂਝਾ ਦਾ ਕਿੱਸਾ ਪੜ੍ਹਨ ਵਾਲੇ ਪਿੰਡਾਂ ਦੇ ਸਿੱਖਾਂ ਨੂੰ ਤਰਕਮਈ ਦਲੀਲ ਨਾਲ ਵੰਗਾਰ ਪਾਈ ਅਤੇ ਸਾਰੀਆਂ ਮਨਮਤਾਂ ਨੂੰ ਛੱਡ ਕੇ ਦਸਵੇਂ ਗੁਰੂ ਦੇ ਦੱਸੇ ਮਾਰਗ 'ਤੇ ਚਲਣ ਲਈ ਵਾਸਤਾ ਪਾਇਆ। ਇਹਨਾਂ ਲੇਖਾਂ ਦੀ ਇਤਿਹਾਸਕ ਮਹੱਤਤਾ ਵੀ ਹੈ ਕਿਉਂਕਿ ਇਹਨਾਂ ਤੋਂ ਸਾਨੂੰ ਉਸ ਸਮੇਂ ਵਿਚ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਅਤੇ ਸਿੱਖ ਧਰਮ ਵਿਚ ਆਈ ਗਿਰਾਵਟ ਦਾ ਸਹਿਜੇ ਹੀ ਪਤਾ ਚਲ ਜਾਂਦਾ ਹੈ। ਵਾਰਤਕ ਵਿਚ ਗੁਰਮਤਿ ਪੱਖੀ ਦਲੀਲਾਂ ਦਾ ਜ਼ੋਰ ਹੈ। ਮੁਹਾਵਰੇਦਾਰ ਬੋਲੀ ਪਾਠਕਾਂ ਨੂੰ ਹਲੂਣਦੀ ਹੈ। 'ਢਾਈ ਪਾ ਖਿਚੜੀ ਅਲੱਗ ਰਿੰਨ੍ਹਣਾ' ਮੁਹਾਵਰਾ ਪਾਠਕ-ਦਿਲਾਂ ਨੂੰ ਟੁੰਬਦਾ ਹੈ,

ਝੰਜੋੜਦਾ ਹੈ ਤੇ ਇਕ ਵੰਗਾਰ ਪਾਉਂਦਾ ਹੈ ਕਿ ਆਪਣੇ ਅਸਲ ਵਿਰਸੇ ਤੋਂ ਨਾ ਟੁੱਟੋ ਤੇ ਸਿੱਖ ਗੁਰੂਆਂ ਦੀ ਮਹਾਨ ਕੁਰਬਾਨੀਆਂ ਨੂੰ ਯਾਦ ਕਰਕੇ ਆਪਣੇ ਮੂਲ ਧਰਮ (ਸਿੱਖ ਧਰਮ) ਨੂੰ ਸਹੀ ਤੌਰ ਤੇ ਸਮਝ ਕੇ ਉਸ ਨੂੰ ਅਪਣਾਓ। ਭਾਵੇਂ ਲੇਖ ਦੀ ਵਾਰਤਕ ਸਾਦਾ ਹੈ, ਪਰ ਸਰਲ ਤੇ ਠੇਠ ਪੰਜਾਬੀ ਦੀ ਵਰਤੋਂ ਇਸ ਦਾ ਵਿਸ਼ੇਸ਼ ਗੁਣ ਹੈ, ਜਿਹੜੀ ਆਪਣਾ ਸਦੀਵੀ ਪ੍ਰਭਾਵ ਪਾਠਕ-ਮਨਾਂ ਤੇ ਪਾਉਂਦੀ ਹੈ।

ਗਿਆਨੀ ਦਿੱਤ ਸਿੰਘ ਦੀ ਕਲਮ ਸ਼ਕਤੀ ਦੀ ਕਰਾਮਾਤ ਉਹਨਾਂ ਦੇ ਸੰਪਾਦਕੀ ਲੇਖਾਂ ਵਿਚ ਸਪਸ਼ਟ ਦੇਖੀ ਜਾ ਸਕਦੀ ਹੈ। ਹੇਠਲੇ ਲੇਖ ਵਿਚ ਉਹਨਾਂ ਦੀ ਕਲਮ ਦੀ ਨੋਕ ਦੀਆਂ ਚੋਭਾਂ ਦੀ ਸ਼ਕਤੀ ਦੇਖੋ, ਜਿਹੜੀ ਸਿੱਖ-ਧਰਮ ਤੋਂ ਭਟਕੇ ਸਿੱਖੀ ਭੇਸ ਵਿਚ ਭੋਲੇ ਭਾਲੇ ਸਿੱਖਾਂ ਦੇ ਮਨਾਂ ਵਿਚ ਸ਼ਕਤੀਸ਼ਾਲੀ ਡੰਗ ਮਾਰਦੀ ਆਉਂਦੀ ਹੈ:-

## ਕਯਾ ਖ਼ਾਲਸਾ ਪੰਥ ਯਾ ਕੌਮ ਕਹਾ ਸਕਦਾ ਹੈ?

ਅੱਜ ਕੱਲ ਜਦ ਅਸੀਂ ਆਮ ਸਿੰਘਾਂ ਦੀ ਕੁਰਬਾਨੀ ਅਤੇ ਵਿੱਖਯਾਨਾਂ ਅਤੇ ਅਖ਼ਬਾਰਾਂ ਵਿਚ ਸੁਨਦੇ ਅਰ ਪੜ੍ਹਦੇ ਹਾਂ ਤਦ ਵੱਡਾ ਜ਼ੋਰ ਇਸ ਬਾਤ ਪਰ ਦਿੱਤਾ ਜਾਂਦਾ ਹੈ ਕਿ ਖ਼ਾਲਸਾ ਇਕ ਨਿਆਰਾ ਪੰਥ ਹੈ ਅਤੇ ਯਾਇਹ ਆਖਯਾ ਜਾਂਦਾ ਹੈ ਕਿ ਇਹ ਇਕ ਜੁਦੀ ਕੌਮ ਹੈ, ਜਿਸਦਾ ਹਿੰਦੂਆਂ, ਮੁਸਲਮਾਨਾਂ ਅਤੇ ਈਸਾ-ਮਸੀਹਾਂ ਵਾਂਗ ਅਪਨਾ ਜੁਦਾ ਝੰਡਾ ਹੈ। ਇਸ ਬਾਤ ਨੂੰ ਭਾਵੇਂ ਅਸੀਂ ਅਖ਼ਬਾਰਾਂ ਦੇ ਮਜ਼ਮੂਨਾਂ ਅਤੇ ਵਿੱਖਯਾਨਾਂ ਦੇ ਪ੍ਰਸੰਗਾਂ ਵਿਚ ਤਾਂ ਜ਼ਰੂਰ ਪੜ੍ਹ ਸੁਨ ਲੈਂਦੇ ਹਾਂ ਪਰੰਤੂ ਵਰਤਾਓ ਵਿਚ ਇਸ ਤੇ ਉਲਟ ਦੇਖਦੇ ਹਾਂ।

ਪਹਿਲੇ ਪੰਥ ਪਦ ਦਾ ਜੋ ਅਰਥ ਹੈ ਸੋ ਰਸਤਾ ਯਾ ਮਾਰਗ ਹੈ। ਜਿਸ ਪ੍ਰਕਾਰ ਹਰ ਇਕ ਨੱਗ੍ਰ ਦੇ ਪਹੁੰਚਨੇ ਵਾਸਤੇ ਉਸਦੇ ਸ੍ਵਾਰਥੀਆਂ ਲਈ ਰਸਤਾ ਹੁੰਦਾ ਹੈ, ਅਰ ਓਹ ਪਾਂਧੀ ਇਸ ਬਾਤ ਨੂੰ ਅੱਛੀ ਤਰ੍ਹਾਂ ਜਾਨਦੇ

ਹਨ ਕਿ ਰਸਤੇ ਪਰ ਚਲਨ ਤੇ ਅਸੀਂ ਉਸ ਨੱਗ੍ਰ ਵਿਚ ਜ਼ਰੂਰ ਪਹੁੰਚਾਂਗੇ ਪਰੰਤੂ ਇਹ ਕਦੇ ਭੀ ਨਹੀਂ ਹੋਇਆ ਜੋ ਕਲਕੱਤੇ ਦੇ ਪਹੁੰਚਨ ਵਾਲਾ ਪਸ਼ਾਵਰ ਵੱਲ ਦੇ ਰਸਤੇ ਤੁਰਕੇ ਕਲਕੱਤੇ ਪਹੁੰਚਯਾ ਹੋਵੇ ਯਾ ਪਸ਼ਾਵਰ ਦਾ ਪਾਂਧੀ ਕਲਕੱਤੇ ਵਲ ਜਾ ਕੇ ਅਪਨੇ ਮਨੋਰਥ ਨੂੰ ਪੂਰਾ ਕਰ ਸਕਦਾ ਹੋਵੇ।।

ਇਸੇ ਤਰ੍ਹਾਂ ਜਦ ਅਸੀਂ ਦੁਨੀਆਂ ਦੇ ਧਾਰਮਕ ਰਸਤਿਆਂ ਵੱਲ ਭੀ ਦੇਖਦੇ ਹਾਂ ਤਦ ਏਹੋ ਪਾਉਂਦੇ ਹਾਂ ਕਿ ਹਰ ਇਕ ਪੰਥ ਵਾਲੇ ਭਾਈ ਅਪਨੇ ਗੁਰੂ ਯਾ ਪੈਗੰਬ੍ਰ ਦੇ ਦੱਸੇ ਹੋਏ ਰਸਤੇ ਤੇ ਹੀ ਅਪਨੇ ਈਮਾਨ ਯਾ ਮੁਕਤੀ ਦੇ ਨੱਗਰ ਵਿਚ ਪਹੁੰਚ ਸਕਦੇ ਹਨ।

ਜਦ ਅਸੀਂ ਮੁਸਲਮਾਨਾਂ ਦੇ ਮਜ਼ਹਬ ਦਾ ਪੰਥ ਦੇਖਦੇ ਹਾਂ ਤਦ ਕੁਰਾਨ ਸ਼ਰੀਫ ਵਿਚ ਜੋ ਉਪਦੇਸ਼ ਕੀਤੇ ਹੋਏ ਨੇ ਉਨ੍ਹਾਂ ਪਰ ਰਲਨਾ ਹੀ ਪਾਉਂਦੇ ਹਾਂ, ਨਬੀ ਦਾ ਕਲਮਾਂ, ਰੋਜ਼ੇ, ਨਿਮਾਜ਼ ਅਤੇ ਸੁੰਨਤ ਦਾ ਕਰਨਾ ਇਨ੍ਹਾਂ ਦੇ ਪੰਥ ਦਾ ਸਾਰਾ ਸਾਮਾਨ ਹੈ ਜਿਸ ਦੇ ਧਾਰਨ ਨਾਲ ਇਨ੍ਹਾਂ ਨੂੰ ਪੱਕਾ ਯਕੀਨ ਹੈ ਕਿ ਅਸੀਂ ਜ਼ਰੂਰ ਖ਼ੁਦਾ ਦੀ ਦਰਗਾਹ ਵਿਚ ਨੱਬੀ ਦੀ ਕ੍ਰਿਪਾ ਨਾਲ ਬਖਸ਼ੇ ਜਾਵਾਂਗੇ ਅਰ ਹਮੇਸ਼ਾਂ ਦੇ ਵਾਸਤੇ ਸ੍ਵਰਗ ਭੋਗਾਂਗੇ।।

ਇਸੇ ਤਰ੍ਹਾਂ ਈਸਾਈਆਂ ਦਾ ਪੰਥ ਅੰਜੀਲ ਪਰ ਅਮਲ ਕਰਨਾ ਹੈ ਇਸ ਦੇ ਸਾਰੇ ਦੇ ਸਾਰੇ ਈਸਾਈ ਇਸ ਬਾਤ ਪਰ ਭਰੋਸਾ ਕਰੀ ਬੈਠੇ ਹਨ ਕਿ ਸਾਡੀ ਕਿਆਮਤ ਦੇ ਦਿਨ ਮਸੀਹ ਨੇ ਬਹਿਸ਼ਤ ਵਿਚ ਲੈ ਜਾਣਾ ਹੈ, ਅਰ ਉਸ ਦਾ ਸੂਲੀ ਚੜ੍ਹਨਾ ਸਾਡੇ ਲਈ ਕੁਫਾਰਾ ਹੈ ਜਿਸਤੇ ਓਹ ਸਾਡੇ ਗੁਨਾਹ ਉਠਾ ਕੇ ਸਾਨੂੰ ਉਨ੍ਹਾਂ ਤੇ ਛੁਡਾ ਗਿਆ ਹੈ, ਜਿਸ ਤੇ ਕਯਾਮਤ ਦੇ ਦਿਨ ਅਸੀ ਉਸ ਦੇ ਪ੍ਰਤਾਪ ਨਾਲ ਬਖਸ਼ੇ ਜਾਏਂਗੇ, ਇਸੇ ਖਯਾਲ ਪਰ ਇਹ

ਮੁਸਲਮਾਨ ਅਤੇ ਈਸਾਈ ਹਰ ਇਕ ਆਦਮੀ ਨੂੰ ਅਪਨੇ ਮਤ ਵਿਚ ਲਿਆ ਕੇ ਅਪਨੀਆਂ ਕੌਮਾਂ ਬਨਾਕੇ ਸੁਖ ਪਾ ਰਹੇ ਹਨ।

ਇਨ੍ਹਾਂ ਤੇ ਅੱਗੇ ਤੀਸਰੀ ਹਿੰਦੂ ਜਾਤੀ ਹੈ ਇਸ ਨੇ ਭੀ ਅਪਨਾ ਵੇਦਕ ਸੰਸਕਾਰ ਜੋ ਸਿਰ ਮਨਾਉਨਾਂ, ਜਨੇਊ ਪਾਉਨਾ ਅਤੇ ਚੋਟੀ ਤਿਲਕ ਧਾਰਨੇ ਗਾਇਤ੍ਰੀ ਦਾ ਜਾਪ ਕਰਨਾ ਅਪਨੀ ਮੁਕਤੀ ਯਾ ਹਿੰਦੂ ਪਣੇ ਦਾ ਪੰਥ ਸਮਝਿਆ ਹੋਇਆ ਹੈ, ਇਸ ਤੇ ਬਿਨਾਂ ਇਕਾਦਸ਼ੀ ਦੇ ਬਰਤ ਸੰਧਯਾ ਗਾਇਤ੍ਰੀ ਜਪ ਤਪ ਤੀਰਥ ਅਤੇ ਕਥਾ ਵਾਰਤਾ ਦਾ ਸੁਨਨਾ ਇਸ ਜਾਤੀ ਨੇ ਅਪਨੇ ਧਰਮ ਪੰਥ ਦਾ ਸਾਧਨ ਜਾਤਾ ਹੋਇਆ ਹੈ।

ਪਰੰਤੂ ਆਜ ਤੀਕ ਅਸੀਂ ਕਿਸੇ ਮੁਸਲਮਾਨ ਨੂੰ ਨਹੀਂ ਦੇਖਯਾ ਕਿ ਓਹ ਧੋਤੀ, ਜਨੇਊ, ਤਿਲਕ ਅਤੇ ਸੰਧਯਾ ਗਾਇਤ੍ਰੀ ਦੇ ਧਾਰਨ ਤੇ ਬਹਿਸ਼ਤ ਵਿਚ ਪਹੁੰਚਨ ਦਾ ਖਯਾਲ ਕਰਕੇ ਇਨ੍ਹਾਂ ਨੂੰ ਧਾਰਦਾ ਹੋਵੇ, ਯਾ ਮਸੀਹ ਦੇ ਖ਼ੂਨ ਅਰ ਅੰਜੀਲ ਦੀ ਤਾਲੀਮ ਤੇ ਮੁਕਤੀ ਜਾਨਦਾ ਹੋਵੇ॥

ਇਸੀ ਤਰ੍ਹਾਂ ਅਸੀਂ ਕਿਸੇ ਈਸਾਈ ਨੂੰ ਭੀ ਇਹ ਕਰਦਾ ਨਹੀਂ ਦੇਖਯਾ ਕਿ ਸ਼ਿਵਾਲਿਆਂ ਵਿਚ ਘੰਟੇ ਬਜਾਕੇ ਯਾ ਮਸੀਤਾਂ ਵਿੱਚ ਨਮਾਜ਼ਾਂ ਪੜ੍ਹ ਕੇ ਸਵਰਗ ਨੂੰ ਪਹੁੰਚਨ ਦਾ ਖਿਆਲ ਕਰਦਾ ਹੋਵੇ ਅਰ ਇਸ ਨੂੰ ਮੁਕਤੀ ਦਾ ਰਸਤਾ ਦੱਸਦਾ ਹੋਵੇ।

ਇਨ੍ਹਾਂ ਤੇ ਅੱਗੇ ਅਸੀਂ ਕਿਸੇ ਹਿੰਦੂ ਭਾਈ ਨੂੰ ਭੀ ਅੱਜ ਤਕ ਨਹੀਂ ਦੇਖਯਾ ਜੋ ਕਦੇ ਮਸੀਤ ਵਿੱਚ ਯਾ ਗਿਰਜੇ ਵਿਚ ਜਾ ਕੇ ਨਮਾਜ਼ ਰੋਜ਼ਾ ਰੱਖ ਕੇ ਯਾ ਸ਼ਰਾਬ ਨਾਲ ਡਬਲ ਰੋਟੀ ਦਾ ਟੁਕੜਾ ਖਾ ਕੇ ਮਸੀਹ ਦਾ ਖ਼ੂਨ ਜਾਨ ਕੇ ਉਸ ਤੇ ਮੁਕਤੀ ਭਾਲ ਦਾ ਹੋਵੇ, ਕਿੰਤੂ ਜਦ ਸਾਰੇ ਦੇ ਸਾਰੇ ਪੰਥਾਂ ਨੂੰ ਦੇਖਯਾ ਜਾਏ ਤਾਂ ਓਹ ਅਪਨੇ ਹੀ ਗੁਰੂ ਯਾ ਸ਼ਾਸਤ੍ਰ ਦੇ ਕਥਨ ਕੀਤੇ ਹੋਏ ਰਸਤੇ ਪਰ ਚਲ ਕੇ ਮੁਕਤੀ ਮੰਨਦੇ ਹਨ ਇਸੇ ਵਾਸਤੇ ਇਹ ਸੱਭੇ ਪੰਥ

ਅਤੇ ਕੌਮ ਕਹਾਉਨ ਦੇ ਜੋਗ ਹਨ ਅਰ ਆਸ਼ਾ ਪੈਂਦੀ ਹੈ ਕਿ ਇਨ੍ਹਾਂ ਦੇ ਨਿਸ਼ਚੇ ਅਨੁਸਾਰ ਜ਼ਰੂਰ ਫਲ ਮਿਲੇਗਾ।।

ਪਰੰਤੂ ਜਦ ਅਸੀਂ ਖ਼ਾਲਸਾ ਵੱਲ ਦੇਖਦੇ ਹਾਂ ਤਦ ਇਸ ਵਿਚ ਕੋਈ ਭੀ ਲੱਖਨ ਪੰਥ ਅਤੇ ਕੌਮ ਹੋਨ ਦਾ ਨਹੀਂ ਪਾਉਂਦੇ, ਕਿਉਂਕਿ ਅੱਜ ਤਕ ਗੁਰੂਆਂ ਦੇ ਉਪਦੇਸ਼ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਨ ਉਨ੍ਹਾਂ ਪਰ ਇਸ ਪੰਥ ਨੇ ਚੰਦਕ ਮਾਤ੍ਰ ਭੀ ਚਲਕੇ ਨਹੀਂ ਦਿਖਾਇਆ, ਜਿਸ ਤੇ ਸਾਫ ਦੇਖਯਾ ਜਾਂਦਾ ਹੈ ਕਿ ਨਾਮ ਤਾਂ ਸਿੰਘ ਹੈ ਪਰ ਬਾਪ ਦਾ ਸ਼ਰਾਧ ਕਰਦਾ ਹੈ ਜਿਸ ਵਿਚ ਬ੍ਰਾਹਮਨੂ ਨੂੰ ਬੁਲਾਕੇ ਧਾਗੇ ਦੇਂਦਾ ਹੈ ਅਰ ਗਯਾ, ਪਰਾਗ, ਕੁਰਖੇਤਰ ਅਤੇ ਗੰਗਾ ਆਦਿਕ ਤੀਰਥਾਂ ਪਰ ਜਾਕੇ ਮੁਕਤੀ ਮੰਨਦਾ ਹੈ, ਇਸ ਤਰ੍ਹਾਂ ਭਗਵਤ, ਗਰੜ, ਪੁਰਾਣ ਆਦਿਕ ਦੇ ਸੁਨਨੇ ਅਰ ਦੇਵੀ ਦੁਆਰੇ, ਸ਼ਿਵਾਲੇ ਅਤੇ ਠਾਕੁਰ ਦੁਆਰਿਆਂ ਵਿਚ ਜਾਕੇ ਮੂਰਤੀ ਪੂਜਾ ਕਰਨੀ ਅਤੇ ਸੁਨਨੇ ਨਾਲ ਅਪਨੀ ਮੁਕਤੀ ਜਾਨਦਾ ਹੈ, ਜਿਸ ਤੇ ਅਸੀਂ ਨਹੀਂ ਜਾਨਦੇ ਕਿ ਇਹ ਖ਼ਾਲਸਾ ਪੰਥ ਕੀ ਸਮਝ ਛੱਡਿਆ ਹੈ!

ਇਸ ਤੇ ਬਿਨਾਂ ਇਕ ਹੋਰ ਅੰਧੇਰ ਦੀ ਗੱਲ ਪਾਈ ਜਾਂਦੀ ਹੈ ਕਿ ਇਕ ਘਰ ਦੇ ਵਿੱਚ ਇਕ ਭਾਈ ਮੋਨਾ ਅਤੇ ਦੂਜਾ ਕੇਸਾ ਧਾਰੀ ਸਿੰਘ ਹੈ ਜਿਸ ਤੇ ਉਨ੍ਹਾਂ ਦੇ ਦਿਲ ਵਿਚ ਕਦੇ ਭੀ ਖਯਾਲ ਨਹੀਂ ਆਉਂਦਾ ਕਿ ਅਸੀਂ ਕਯਾ ਸੰਬੰਧ ਰਖਦੇ ਹਾਂ ਕਿਉਂਕਿ ਅਸੀਂ ਭੀ ਨਹੀਂ ਦੇਖਦੇ ਜੋ ਇਕ ਘਰ ਵਿਚ ਦੋ ਭਾਈ ਆਪਸ ਵਿਚ ਹਿੰਦੂ ਯਾ ਮੁਸਲਮਾਨ ਕੱਠੇ ਵਰਤਦੇ ਹੋਨ, ਫਿਰ ਜਦ ਅਜੇਹੀ ਹਾਲਤ ਹੈ ਤਦ ਕੌਨ ਕਹ ਸਕਦਾ ਹੈ ਕਿ ਖ਼ਾਲਸਾ ਇਕ ਤੀਜਾ ਪੰਥ ਹੈ ਅਰ ਸਭ ਤੇ ਜੁਦੀ ਕੌਮ ਹੈ, ਇਸ ਵਾਸਤੇ ਐ ਖ਼ਾਲਸਾ ਤੂੰ ਸੰਭਾਲ ਅਰ ਦੇਖੇ ਜੋ ਤੇਰਾ ਕਯਾ ਹਾਲ ਹੋ ਰਿਹਾ ਹੈ।।"[7]

ਉਪਰੋਕਤ ਲੇਖ ਵਿਚ ਗਿਆਨੀ ਦਿੱਤ ਸਿੰਘ ਨੇ ਲੜੀਵਾਰ ਇਕ ਵਿਸ਼ੇ ਦੀ ਵਿਆਖਿਆ ਕੀਤੀ ਹੈ ਅਤੇ ਅੰਤ ਵਿਚ ਇਕ ਪ੍ਰਸ਼ਨ ਖੜ੍ਹਾ ਕੀਤਾ ਹੈ। ਪਹਿਲਾਂ ਪੰਥ ਅਤੇ ਕੌਮ ਬਾਰੇ ਗੱਲ ਸਪਸ਼ਟ ਕਰਦੇ ਹਨ। ਮੁਸਲਮਾਨ, ਈਸਾਈ ਅਤੇ ਹਿੰਦੂ ਧਰਮਾਂ ਦੀਆਂ ਮਿਸਾਲਾਂ ਦੇਂਦੇ ਹਨ, ਜਿਹੜੇ ਆਪੋ ਆਪਣੇ ਧਾਰਮਿਕ ਅਸੂਲਾਂ ਤੇ ਪੱਕੇ ਹਨ ਪਰੰਤੂ, ਉਹਨਾਂ ਦੀ ਪੱਕੀ ਧਾਰਮਿਕ ਅਸੂਲਪ੍ਰਸਤੀ ਨੂੰ ਦਰਸਾ ਕੇ ਸਿੱਖ ਪੰਥ ਤੇ ਜ਼ੋਰਦਾਰ ਹਮਲਾ ਕਰਦੇ ਹਨ, ਜਿਹੜੇ ਆਪਣੇ ਧਾਰਮਿਕ ਅਸੂਲਾਂ ਨੂੰ ਭੁਲਾ ਕੇ ਦੂਜੇ ਧਰਮਾਂ ਦੇ ਅਸੂਲਾਂ ਨੂੰ ਅਪਣਾ ਰਹੇ ਹਨ। ਦੋ ਬੇੜੀਆਂ ਦਾ ਸਵਾਰ ਹਮੇਸ਼ਾਂ ਹੀ ਡੁੱਬਦਾ ਹੈ। ਸਿੱਖਾਂ ਨੂੰ ਹਲੂਣਾ ਦਿੰਦੇ ਹਨ, ਦੂਜੇ ਧਰਮਾਂ ਦੀਆਂ ਉਦਾਹਰਨਾਂ ਰਾਹੀਂ ਸਿੱਖਾਂ ਨੂੰ, ਜਿਹੜੇ ਕੁਰਾਹੇ ਪਏ ਹੋਏ ਹਨ, ਵੰਗਾਰਾਂ ਪਾਉਂਦੇ ਹਨ ਕਿ ਐ ਖ਼ਾਲਸਾ ਪੰਥ ਤੂੰ ਸੰਭਲ ਅਰ ਦੇਖ ਤੇਰਾ ਕੀ ਹਾਲ ਹੋ ਰਿਹਾ ਹੈ? ਉਹਨਾਂ ਦੀ ਕਲਮ ਸ਼ਕਤੀ ਦੀ ਇਹ ਚੋਭ ਸੁੱਤੇ ਹੋਏ ਸਿੱਖਾਂ ਨੂੰ ਸਹਿਜੇ ਹੀ ਉਠਾਉਂਦੀ ਪ੍ਰਤੀਤ ਹੁੰਦੀ ਹੈ। ਇਹ ਤਰਕਮਈ ਪ੍ਰਚਾਰ ਵਿਧੀ ਬਹੁਤ ਮਹੱਤਵਪੂਰਨ ਹੈ ਜਿਸ ਦਾ ਪਾਠਕ ਦਿਲਾਂ ਤੇ ਤਿੱਖਾ ਪ੍ਰਭਾਵ ਪੈਂਦਾ ਹੈ ਤੇ ਸਿੱਖ ਧਰਮ ਤੋਂ ਭਟਕੇ ਸਿੱਖ ਪੰਥੀ, ਸੋਚਣ ਲਈ ਮਜਬੂਰ ਹੋ ਜਾਂਦੇ ਹਨ।

ਉੱਨ੍ਹੀਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਸਿੱਖਾਂ ਲਈ ਸਭ ਤੋਂ ਮਹੱਤਵਪੂਰਨ ਪ੍ਰਸ਼ਨ, ਸਿੱਖ ਧਰਮ ਜਾਂ ਸਿੱਖ ਕੌਮ ਦੀ ਵੱਖਰੀ ਹੋਂਦ ਦਾ ਪ੍ਰਸ਼ਨ ਸੀ। ਗਿਆਨੀ ਦਿੱਤ ਸਿੰਘ ਨੇ ਸਿੱਖ ਕੌਮ ਅਤੇ ਸਿੱਖ ਧਰਮ ਵਿਰੋਧੀ ਪ੍ਰਚਾਰ ਦਾ ਡਟ ਕੇ ਮੁਕਾਬਲਾ ਕੀਤਾ। ਇਹ ਨਿਧੜਕ ਖ਼ਾਲਸਾ ਪੰਥ ਦਾ ਤਰਕਮਈ ਸਿਪਾਹੀ, ਕਲਮ ਦਾ ਧਨੀ ਸਿਦਕ ਅਤੇ ਸਿਰੜ ਨਾਲ ਵਿਰੋਧੀ ਪ੍ਰਚਾਰ ਦਾ ਮੁਕਾਬਲਾ ਕਰਦਾ ਹੈ ਤੇ ਅਖ਼ਬਾਰ ਵਿਚਲੇ ਸੰਪਾਦਕੀ ਲੇਖਾਂ ਨੂੰ ਇਹਨਾਂ ਦੀ ਕਲਮ ਦੀ ਅਣਥਕ ਨੋਕ, ਅਖ਼ਬਾਰ ਦੇ ਵਰਕਿਆਂ ਤੇ ਇਉਂ ਬਿਆਨ ਕਰਦੀ ਹੈ:

## ਆਰੀਯਾ ਸਮਾਜੀਆਂ ਦੇ ਸਿੱਖਾਂ ਪਰ ਝੂਠੇ ਹਮਲੇ

ਕੁਛਕ ਮਹੀਨੇ ਹੋਏ ਜੋ ਖ਼ਾਲਸਾ ਅਖਬਾਰ ਵਿਚ ਇਹ ਮਜ਼ਮੂਨ ਛਪਯਾ ਸੀ ਕਿ ਅੱਜ ਕੱਲ ਖ਼ਾਲਸਾ ਧਰਮ ਦਾ ਜਗ੍ਹਾ ੨ ਪ੍ਰਚਾਰ ਹੈ, ਜਿਸਦਾ ਸਬੂਤ ਇਹ ਹੈ ਜੋ ਪੋਠੋਹਾਰ ਵਿੱਚੋਂ ਸਾਡੇ

ਪਾਸ ੨੧ ਤੋਲੇ ਦੇ ਲਗਭਗ ਉਹ ਜਨੇਊ ਆਏ ਹਨ ਜੋ ਉਸ ਤਰਫ ਦੇ ਖ਼ਾਲਸਾ ਨੇ ਅੰਮ੍ਰਿਤ ਪਾਨ ਕਰਕੇ ਉਤਾਰੇ ਸਨ॥

ਇਸ ਖ਼ਬਰ ਨੂੰ ਪੜ੍ਹ ਕੇ ਆਰੀਯਾ ਗਜ਼ਟ ਦੇ ਐਡੀਟਰ ਸਾਹਿਬ ਅਪਨੇ ੨੫ ਮਈ ਦੇ ਪਰਚੇ ਵਿੱਚ ਉਸ ਉਪਦੇਸ਼ਕ ਸਿੱਖ ਅਤੇ ਅਪਨੇ ਭਾਈ ਲਾਲ ਮੁਨਸ਼ੀ ਰਾਮ ਜੀ ਜਾਲੰਧਰੀ ਪ੍ਰਤਿ ਮਹਾਂ ਸ਼ੋਕ ਪ੍ਰਗਟ ਕਰਦੇ ਹਨ ਅਰ ਉਹ ਇਸ ਪ੍ਰਕਾਰ ਲਿਖਕੇ ਅਪਨਾ ਕ੍ਰੋਧ ਠੰਡਾ ਕਰਦੇ ਹਨ, ਯਥਾਃ-

"ਯਹ ਕਿਆ ਅੰਧੇਰ ਹੋ ਗਿਆ"

"ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚੋਟੀ ਔਰ ਜਨੇਊ ਕੀ ਰੱਛਾ ਕਰਤੇ ਪ੍ਰਲੋਕ ਕੋ ਸਿਧਾਰੇ, ਲੇਕਨ ਆਜ ਕਲ ਹਮਾਰੇ ਮਹਾਤਮਾਂ ਭਾਈਓਂ ਕੀ ਮੁਹੱਬਤ ਸੇ ਫੈਜ਼ਯਾਬ ਹੋਕਰ ਖ਼ਾਲਸਾ ਧਰਮ ਸੇ ਪਤਤਚੰਦ ਏਕ ਸਿੱਖ ਭੀ ਜੋ ਕਿ ਲਾਲਾ ਮੁਨਸ਼ੀ ਰਾਮ ਸੇ ਸ਼ੀਰੋਸ਼ਕਰ ਹੋ ਰਹੇ ਹੈਂ ਜਨੇਊ ਤੋੜਨੇ ਮੇਂ ਕਮਰ ਬਸਤਾ ਹੈ, ਉਨ੍ਹੋਂ ਮੇਂ ਸੇ ਏਕ ਸ਼ਖਸ ਚੰਦ ਦਿਨੇ ਹੂਏ ੨੧ ਤੋਲੇ ਜਨੇਊ ਉਤਰਵਾਕਰ ਲਾਯਾ ਹੈ, ਔਰ ਇਸ ਸ਼ੇਰ ਮਰਦ ਔਰ ਗਾਜ਼ੀ ਕੀ ਖ਼ਬਰ ਸੇ ਪਤਤ ਦੁਨੀਆਂ ਮੇਂ ਬਹੁਤ ਕਦਰ ਹੋ ਰਹੀ ਹੈ॥

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਔਰੰਗਜ਼ੇਬ ਦੇ ਜ਼ੁਲਮ ਨਾਲ ਜਨੇਊ ਤੋੜਨ ਪਰ ਉਸਨੂੰ ਰੋਕਿਆ ਅਰ ਨਿਰਬਲ ਆਰੀਯਾ ਲੋਗੋਂ ਦੀ ਰੱਖਯਾ ਕੀਤੀ ਸੀ ਪਰੰਤੂ ਸੋ ਭੀ ਧਰਮ ਪੂਜਾ ਗੁਰੂ ਮਹਾਰਾਜਾ ਦਾ ਸੁਭਾਵਕ ਧਰਮ ਸਾ ਜੋ ਦੀਨ ਬੰਧੂ ਯਾ ਦੀਨਾਂ ਨਾਥ ਹੋਨ ਨੂੰ ਸਫਾ ਕਰਦਾ ਸੀ ਪਰੰਤੂ ਇਸੇ ਤਰ੍ਹਾਂ ਜੇ ਅੱਜ ਕੱਲ ਭੀ ਕਾਬਲੀ ਪਠਾਨ ਆਰੀਯਾ ਲੋਗਾਂ ਦੇ ਜਨਊ ਜ਼ੁਲਮ ਨਾਲ ਤੋੜ ਕੇ ਤੰਦੂਰਾਂ ਦਾ ਬਾਲਨ ਕਰਨ ਤਦ ਸਰਕਾਰ ਦੀ ਸਹਾਇਤਾ ਨਾਲ ਖ਼ਾਲਸਾ ਇਨ੍ਹਾਂ ਦੀ ਰੱਖਯ ਕਰਨ ਲਈ ਓਸੇ ਤਰ੍ਹਾਂ ਤਯਾਰ ਹੈ।

ਸਾਡੇ ਖਯਾਲ ਵਿਚ ਤਾਂ ਆਰੀਯਾ ਧਰਮ ਵਿੱਚ ਇਹ ਨਿਯਮ ਨਹੀਂ ਹੈ ਕਿ ਆਰੀਆ ਕਹਾਉਨ ਵਾਲਾ ਜ਼ਰੂਰ ਚੋਟੀ ਅਰ ਜਨੇਊ ਹੀ ਧਾਰਨ ਕਰੇ ਅਰ ਜੇ ਨਾ ਧਾਰੇਗਾ ਤਾਂ ਉਹ ਪਤਤ ਸਮਝਿਆ ਜਾਏਗਾ। ਜੇ ਇਹ ਗੱਲ ਸੱਚੀ ਹੋਵੇ ਤਾਂ ਸਆਮੀ ਦਯਾ ਨੰਦ ਜੀ ਦੇ ਨਾ ਜਨੇਊ ਹੀ

ਸਾ ਅਰ ਨਾ ਸਿਰ ਪਰ ਚੋਟੀ ਹੀ ਸੀ ਫਿਰ ਓਹ ਆਰੀਯਾ ਕਯੋਂ ਕਰ ਸੱਦੇ ਜਾਂਦੇ ਹਨ, ਅਰ ਪਤਤ ਹੋਨ ਵਿਚ ਬਾਕੀ ਕਯਾ ਰਹਿ ਜਾਂਦਾ ਹੈ? ਤਦ ਮਤ ਆਵਲੰਬੀ ਆਰੀਯਾ ਸਮਾਜੀ ਭਾਈਆਂ ਨੂੰ ਚਾਹੀਦਾ ਸਾ ਜੋ ਉਨ੍ਹਾਂ ਨੂੰ ਪਤਤ ਸਮਝਨ ਪ੍ਰੰਤੂ ਸਗੋਂ ਇਹ ਉਸ ਥੋਂ ਉਲਟ ਉਨ੍ਹਾਂ ਨੂੰ ਆਰੀਯਾ ਸਮਾਜਾਂ ਦੇ ਕਰਤਾ ਅਤੇ ਸੁੱਚੇ ਆਰੀਯਾ ਪੁਕਾਰਦੇ ਹਨ, ਜਿਸਤੇ ਇਹ ਸਿੱਧ ਹੁੰਦਾ ਹੈ ਕਿ ਆਰੀਯਾ ਬਨਨੇ ਲਈ ਚੋਟੀ ਜਨੇਊ ਦਾ ਰੱਖਨਾ ਕੋਈ ਜ਼ਰੂਰੀ ਨਹੀਂ ਹੈ। ਇਸ ਵਾਸਤੇ ਖ਼ਾਲਸਾ ਪਰ ਜਨੇਊ ਉਤਾਰਨ ਦਾ ਦੋਸ਼ ਲਾਉਨਾ ਸਾਡੇ ਆਰੀਯਾ ਭਾਈ ਦਾ ਠੀਕ ਨਹੀਂ ਸਾ ਜਦ ਉਨ੍ਹਾਂ ਦੇ ਪ੍ਰਤਿਸ਼ਟਤ ਸੁਆਮੀ ਜੀ ਖ਼ੁਦ ਜਨੇਊ ਅਰ ਚੋਟੀ ਨੂੰ ਤਯਾਗ ਜੋਗ ਤਿਆਗ ਬੈਠੇ ਸਨ।।

ਅਸੀਂ ਆਸ਼ਾ ਰੱਖਦੇ ਹਾਂ ਜੋ ਸਾਡੇ ਪ੍ਰੇਮੀ ਆਰੀਯਾ ਭਾਈ ਅਜੇਹੇ ਝੂਠ ਇਲਜ਼ਾਮ ਖ਼ਾਲਸਾ ਪਰ ਲਾਕੇ ਬੁਰਾ ਭਲਾ ਨਹੀਂ ਉਚਾਰਨਗੇ।। "[8]

ਉਪਰੋਕਤ ਲੇਖ ਵਿਚ ਗਿਆਨੀ ਦਿੱਤ ਸਿੰਘ ਦਾ, ਸਿੱਖ ਧਰਮ ਦੀ ਹੋਂਦ ਪ੍ਰਤੀ ਦ੍ਰਿੜ੍ਹਤਾ ਦਾ ਅਹਿਸਾਸ ਠਾਠਾਂ ਮਾਰਦਾ ਨਜ਼ਰ ਆਉਂਦਾ ਹੈ। ਸਿੱਖ ਧਰਮ ਦੀ ਵਿਲੱਖਣਤਾ ਨੂੰ ਸਹਿਜ ਅਤੇ ਠਰੰਮੇ ਨਾਲ ਪ੍ਰਗਟਾਉਂਦੇ ਹੋਏ ਆਰੀਆ ਸਮਾਜੀਆਂ ਨੂੰ ਦਲੀਲਮਈ ਸ਼ਬਦਾਵਲੀ ਰਾਹੀਂ ਸਮਝਾਉਂਦੇ ਕਹਿੰਦੇ ਹਨ ਕਿ ਅੱਗੇ ਤੋਂ ਸਾਡੇ ਪ੍ਰੇਮੀ ਆਰੀਆ ਭਾਈ ਖ਼ਾਲਸਾ ਪੰਥ ਤੇ ਝੂਠੇ ਇਲਜ਼ਾਮ ਨਹੀਂ ਲਾਉਣਗੇ। ਅਜਿਹੀ ਸਹਿਜਭਾਵੀ ਵਾਰਤਕ, ਪਾਠਕਾਂ ਦੇ ਦਿਲਾਂ ਨੂੰ ਟੁੰਬਦੀ ਹੈ ਤੇ ਗੁਰਮਤਿ ਪੱਖੀ ਵਿਚਾਰਾਂ ਨੂੰ ਹੋਰ ਵੀ ਦ੍ਰਿੜ੍ਹ ਕਰਾਉਂਦੀ ਹੈ।

ਅਜਿਹੀਆਂ ਹੀ ਸਾਹਸ ਭਰਪੂਰ ਵਾਰਤਕ ਦੀਆਂ ਵੰਨਗੀਆਂ, ਉਹਨਾਂ ਦੁਆਰਾ ਲਿਖੇ ਹੋਰ ਦਰਜਨਾਂ ਲੇਖਾਂ ਵਿਚ ਵੇਖੀਆਂ ਜਾ ਸਕਦੀਆਂ ਹਨ। ਖ਼ਾਲਸਾ ਪੰਥ ਨੂੰ ਸੰਬੋਧਨਾਤਮਕ ਸ਼ਬਦਾਵਲੀ ਰਾਹੀਂ ਥਾਂ-ਥਾਂ ਵੰਗਾਰਾਂ ਪਾਉਂਦੇ ਹੋਏ, ਵਿਚਾਰ-ਪੇਸ਼ਕਾਰੀ ਦੇ ਪ੍ਰਬੰਧ ਦੁਆਰਾ ਤਰਕ ਦੇ ਨਾਲ-ਨਾਲ ਉਪਦੇਸ਼ਾਤਮਕ ਵਿਧੀ ਅਪਣਾਉਂਦੇ ਹਨ ਅਤੇ ਸਿੱਖ ਕੌਮ ਨੂੰ ਸਹੀ ਸੇਧ ਪ੍ਰਦਾਨ ਕਰਾਉਂਦੇ ਹਨ। ਇਕ ਹੋਰ ਸੰਪਾਦਕੀ ਲੇਖ ਦੀ ਉਦਾਹਰਣ ਵੇਖੋ:

## ਕਿਆ ਖ਼ਾਲਸਾ ਹਿੰਦੂ ਕਰਕੇ ਬਚੇਗਾ?

ਜਦ ਅਸੀਂ ਇਸ ਉਪਰਲੇ ਪ੍ਰਸ਼ਨ ਦਾ ਵਿਚਾਰ ਕਰਦੇ ਹਾਂ ਤਦ ਅਗੋਂ ਸਾਨੂੰ ਏਹੋ ਉੱਤਰ ਮਿਲਦਾ ਹੈ ਕਿ ਕਦੇ ਨਹੀਂ। ਸਾਡੇ ਅੱਜ ਕੱਲ ਦੇ ਕਿਤਨੇ ਕੁ ਲੋਗ, ਜੋ ਦਸਵੇਂ ਗੁਰੂ ਜੀ ਦੇ ਅਸੂਲਾਂ ਥੋਂ ਗਿਰੇ ਹੋਏ ਹਨ ਅਰ ਜਿਨ੍ਹਾਂ ਨੇ ਆਪਣਾ ਧਰਮ ਨਿਰਾ ਪੇਟ ਪਾਲਨ ਹੀ ਸਮਝਿਆ ਹੋਇਆ ਹੈ ਸੋ ਭਾਵੇਂ ਆਪਨੀ ਅਗਯਾਨਤਾ ਯਾ ਨੰਗ ਭੁੱਖ ਦੇ ਵਸ ਹੋ ਕੇ ਇਹ ਸਾਬਤ ਕਰਨ ਲਈ ਯਤਨ ਕਰਦੇ ਹਨ ਕਿ ਖ਼ਾਲਸਾ ਅਰ ਹਿੰਦੂ ਇਕੋ ਵਸਤੂ ਹੈ ਯਾ ਖ਼ਾਲਸਾ ਹਿੰਦੂਆਂ ਦੀ ਇਕ ਸਾਖ ਹੈ ਪਰੰਤੂ ਦਸਵੇਂ ਪਾਤਸ਼ਾਹ ਕਲਗੀਧਰ ਦੇ ਸੱਚੇ ਅਤੇ ਪੱਕੇ ਅਸੂਲ ਉਨ੍ਹਾਂ ਦੇ ਇਸ ਖਯਾਲ ਰੂਪੀ ਪਹਾੜ ਦੇ ਤੋੜਨ ਲਈ ਇਕ ਇੰਦਰ ਦਾ ਬੱਜਰ ਹਨ, ਅਰ ਉਹ ਪ੍ਰਗਟ ਕਰਦੇ ਹਨ ਕਿ ਖ਼ਾਲਸਾ ਪੰਥ ਨਾ ਹਿੰਦੂ ਹੈ ਅਤੇ ਨਾ ਹਿੰਦੂ ਹੋ ਕੇ ਬਚ ਸਕਦਾ ਹੈ।

ਹਿੰਦੂ ਧਰਮ ਯਾ ਹਿੰਦੂ ਕੌਮ ਦੇ ਅਸੂਲ ਐਸੇ ਹਨ ਜੋ ਚਾਰ ਹਿਸਯਾਂ ਵਿਚ ਵੰਡੇ ਹੋਏ ਹਨ ਜਿਨ੍ਹਾਂ ਦੇ ਨਾਮ ਚਾਰ ਵਰਨ ਕਰਕੇ ਸੱਦੀਦਾ ਹੈ ਇਨ੍ਹਾਂ ਚਾਰਾਂ ਵਿਚੋਂ ਸਭ ਤੋਂ ਵੱਡਾ ਉਨਾਂ ਵਿਚ ਬ੍ਰਾਹਮਣ ਵਰਨ ਹੈ ਜੋ ਅਪਨੇ ਆਪ ਨੂੰ ਸਭ ਦਾ ਗੁਰੂ ਮੰਨੀ ਬੈਠਾ ਹੈ ਅਰ ਸਿੰਮ੍ਰਤੀਆਂ ਵਿਚ ਲਿਖ ਛਡਿਆ ਹੈ ਕਿ ਤਿੰਨੇ ਵਰਗ ਬ੍ਰਾਹਮਨ ਦੇ ਸੇਵਕ ਹਨ। .... ਇਸ ਪਰ ਤੁਸੀਂ ਭੀ ਮੰਨੋਗੇ ਕਿ ਤੁਹਾਡੇ ਹੱਥ ਦੀ ਕੋਈ ਵਸਤੂ ਬ੍ਰਾਮਨ ਨਹੀਂ ਖਾਏਗਾ। ਜਿਸਤੇ ਤੁਸੀਂ ਅਪਨੀ ਅਕਲ ਦੇ ਪ੍ਰਤਾਪ ਹੀ ਨੀਚ ਬਨ ਜਾਹੋਗੇ ....।"

ਐ ਖ਼ਾਲਸਾ ਪੰਥ ਹੁਨ ਤੂੰ ਜਾਗ ਅਰ ਖ਼ਬਰਦਾਰ ਹੋ, ਬਚ ਜਾ, ਮਕਾਰਾਂ ਦੀ ਮਕਾਰੀ ਤੋਂ ਜੋ ਤੈਨੂੰ ਹਿੰਦੂ ਕੌਮ ਦੀ ਸਾਖ ਬਨਾ ਕੇ ਕਮਜੋਰ ਕਰਨਾ ਚਾਹੁੰਦੇ ਹਨ ਯਾ ਤੈਨੂੰ ਨੀਚ ਬਨਾ ਕੇ ਹਕਾਰਤ ਦਾ ਭਾਗੀ ਕਰਦੇ ਹਨ। ਆਸ਼ਾ ਹੈ ਜੋ ਦਸਵੇਂ ਗੁਰੂ ਦਾ ਪੰਥ ਇਸ ਬਾਤ ਪਰ ਜ਼ਰੂਰ ਧਯਾਨ ਦੇਵੇਗਾ।" [੧]

ਗਿਆਨੀ ਦਿੱਤ ਸਿੰਘ ਜੀ ਆਦਰਸ਼ ਸਿੱਖ ਕੌਮ ਨੂੰ ਹਲੂਣਾ ਦੇ ਕੇ ਗੁਰੂ ਦੇ ਪੰਥ-ਪ੍ਰੇਮੀਆਂ ਨੂੰ ਸੰਪੂਰਣ ਸਿੱਖੀ-ਮਾਰਗ ਤੇ ਤੁਰਨ ਲਈ ਸੰਬੋਧਨਮਈ ਵਾਰਤਕ ਸ਼ੈਲੀ ਰਾਹੀਂ ਉਪਦੇਸ਼ ਕਰਦੇ ਹਨ। ਬ੍ਰਾਹਮਣੀ ਅੰਧ-ਵਿਸ਼ਵਾਸਾਂ ਨਾਲ ਗ੍ਰਸੇ ਮਨਾਂ ਵਿਚ ਸਿੱਖ ਪੰਥ ਦੇ ਮਹਾਨ ਆਸ਼ਿਆਂ ਦਾ ਸੁਨੇਹਾ ਪਹੁੰਚਾਉਣਾ ਬਹੁਤ ਕਠਿਨ ਕੰਮ ਸੀ। ਗਿਆਨੀ ਦਿੱਤ ਸਿੰਘ ਦੀਆਂ ਵਾਰਤਕ ਲਿਖਤਾਂ ਨੂੰ ਜ਼ਰਾ ਕੁ ਗਹੁ ਨਾਲ ਵਾਚਣ ਤੋਂ ਪਤਾ ਲਗਦਾ ਹੈ ਕਿ ਉਦੋਂ ਸਿੱਖ ਪੰਥ ਵਿਚ ਪ੍ਰਚਲਿਤ ਬ੍ਰਾਹਮਣੀ ਰੀਤਾਂ ਨੂੰ ਭਾਂਜ ਦੇਣ ਲਈ ਉਹਨਾਂ ਨੂੰ ਕਿਤਨੀ ਕਰੜੀ ਮਿਹਨਤ ਤੇ ਦ੍ਰਿੜ੍ਹ ! ਲਗਨ ਨਾਲ ਕੰਮ ਕਰਨਾ ਪਿਆ। ਇਸ ਗਿਆਨਵਾਨ ਅਨੁਭਵੀ ਤੇ ਤਰਕਸ਼ੀਲ ਲੇਖਕ ਦੀ ਕਲਮ ਨੇ ਪੰਥ ਵਿਰੋਧੀ ਸ਼ਕਤੀਆਂ ਨੂੰ ਕਿਵੇਂ ਵੰਗਾਰਿਆ, ਉਹਨਾਂ ਦੀ ਕਲਮ ਦੀ ਕਲਾਤਮਕਤਾ ਨੂੰ ਵੇਖੋ:-

## ਐ ਮੁਰਦਾ ਦਿਲੋ ਜਾਗੋ

ਐ ਧਰਮ ਤੇ ਮੁਰਦਾ ਖ਼ਾਲਸਾ ਭਾਈਓ ਤੁਸੀਂ ਦੇਖੋ ਜੋ ਤੁਹਾਡੇ ਨਾਲ ਦੀਆਂ ਕੌਮਾਂ ਨੇ ਨਵੀਂ ਜ਼ਿੰਦਗੀ ਪਾ ਕੇ ਕਿਆ ਕੁਛ ਕਰ ਲੀਤਾ ਹੈ, ਅਰ ਉਨ੍ਹਾਂ ਦੇ ਮੁਕਾਬਲੇ ਪਰ ਤੁਸੀਂ ਮੁਰਦੇ ਹੀ ਨਹੀਂ ਕਿੰਤੂ ਉਸ ਨੇ ਨਾਲੋਂ ਭੀ ਵਧ ਕੇ ਪੁਰਾਣੇ ਮੁਰਦੇ ਹੁੰਦੇ ਜਾਂਦੇ ਹੋ।।

ਸ੍ਰੀ ਦਸਮੇਂ ਗੁਰੂ ਜੀ ਮਹਾਰਾਜਾ ਨੇ ਇਸ ਦੁਨੀਆਂ ਪਰ ਆ ਕੇ ਹਜ਼ਾਰਾਂ ਕੁਸ਼੍ਟ ਤੁਹਾਡੇ ਬਦਲੇ ਸਹਾਰੇ ਜਿਨ੍ਹਾਂ ਦੇ ਕਥਨ ਕਰਨ ਦੀ ਏਥੇ ਕੋਈ ਲੋੜ ਨਹੀਂ ਹੈ ਅਰ ਜਿਨ੍ਹਾਂ ਦੇ ਕਥਨ ਕਰਨ ਦੀ ਏਥੇ ਕੋਈ ਲੋੜ ਨਹੀਂ ਹੈ ਅਰ ਜਿਨ੍ਹਾਂ ਦੇ ਆਖਨ ਅਤੇ ਸੁਨਣੇ ਤੇ ਅੱਖੀਆਂ ਥੋਂ ਹੰਝੂ ਗਿਰਨੇ ਲੱਗ ਜਾਂਦੇ ਹਨ। ਉਨ੍ਹਾਂ ਨੇ ਅਪਨੇ ਪਿਤਾ, ਮਾਤਾ, ਪੁੱਤ੍ਰ ਅਤੇ ਸੁਪਤਨੀਆਂ ਨੂੰ ਤੁਹਾਡੇ ਪਿੱਛੇ ਹਜ਼ਾਰਾਂ ਕਲੇਸ਼ ਦਖਾ ਕੇ ਤੁਹਾਡੇ ਉਤੋਂ ਸਦਕੇ ਕੀਤਾ ਅਰ ਫਿਰ ਭੀ ਤੁਹਾਡੀ ਪ੍ਰੀਤੀ ਵੱਲੋਂ ਮੂੰਹ ਨਹੀਂ ਮੋੜਿਆ।।

ਗੁਰੂ ਜੀ ਦੇ ਸਕੇ ਭਾਈਆਂ ਅਤੇ ਚਾਚੇ ਤਾਇਆਂ ਨੇ ਉਨ੍ਹਾਂ ਨੂੰ ਦੁੱਖ ਦਿੱਤੇ ਅਰ ਬੁਰਾ ਭਲਾ ਕਿਹਾ ਪਰੰਤੂ ਉਨ੍ਹਾਂ ਨੇ ਪੰਥ ਲਈ ਕਿਸੇ ਦੀ ਭੀ ਪ੍ਰਵਾਹ ਨਹੀਂ ਕੀਤੀ ਸੀ ਕਿੰਤੂ ਇਤਨੇ

ਪਰ ਹੀ ਬਸ ਨਹੀਂ ਰਹੀ ਜੋ ਉਨ੍ਹਾਂ ਦੇ ਸਿੱਖਾਂ ਨੇ ਭੀ ਬੇਦਾਵਾ ਲਿਖ ਦਿੱਤਾ ਸੀ ਜਿਸ ਨੂੰ ਪੜ੍ਹਕੇ ਭੀ ਉਨ੍ਹਾਂ ਨੇ ਆਪ ਜੀ ਵੱਲੋਂ ਉਦਾਸੀਨਤਾ ਨਹੀਂ ਕੀਤੀ ਸੀ। ਗੁਰੂ ਜੀ ਮਹਾਰਾਜ ਨੇ ਆਪ ਦੇ ਪਿੱਛੇ ਅਪਨੀ ਜਾਨ ਅਤੇ ਮਾਲ ਨੂੰ ਤਿਨਕੇ ਦੀ ਤਰ੍ਹਾਂ ਜਾਣ ਕੇ ਕੁਰਬਾਨ ਕਰ ਦਿੱਤਾ ਪਰੰਤੂ ਤੁਹਾਡੇ ਵਾਸਤੇ ਇਸ ਧਰਤੀ ਦੀ ਸਰਦਾਰੀ ਪ੍ਰਦਾਨ ਕੀਤੀ।

ਹੁਨ ਸੋਚੋ ਜੋ ਉਸ ਗੁਰੂ ਦੇ ਉਪਕਾਰਾਂ ਨੂੰ ਜਿਨ੍ਹਾਂ ਨਾਲ ਤੁਸੀਂ ਸਰਦਾਰ ਅਤੇ ਅਮੀਰ ਬਨੇ ਹੋਏ ਹੋ ਕਿਸ ਤਰ੍ਹਾਂ ਪਿੱਠ ਦੇ ਰਹੇ ਹੋ, ਗੁਰੂ ਜੀ ਨੂੰ ਭੁਲਾ ਕੇ ਤੁਸੀਂ ਅਪਨੀ ਬੁਰਾਈ ਨੂੰ ਅਪਨਾ ਜਾਣ ਬੈਠੇ ਹੋ, ਜਿਸਤੇ ਅਪਨਾ ਨਾਮ ਸਿੱਖ ਆਖਦੇ ਭੀ ਲੱਜਾ ਕਰਦੇ ਹੋ, ਅਰ ਅੰਮ੍ਰਿਤੀਏ ਸਿੰਘ ਸਦਾਕੇ ਅਨ-ਮਤੀਆਂ ਨਾਲ ਭਾਈਚਾਰਾ ਬਨਾਉਂਦੇ ਹੋ, ਬਲਕਿ ਧਰਮ ਜਾਏ ਤਾਂ ਜਾਏ ਗੁਰੂ ਭੁੱਲੇ ਤਾਂ ਭੁੱਲ ਜਾਏ ਪਰ ਅਨਮਤੀ ਤੇ ਮੂੰਹ ਨਾ ਮੁੜੇ ਅਰ ਬਰਾਦ੍ਰੀ ਖੁਸ਼ ਰਹੇ, ਇਸੀ ਤਰ੍ਹਾਂ ਅਨਮਤੀ ਨਾਲ ਸੰਬੰਧ ਹੋ ਜਾਏ ਤਾਂ ਕੋਈ ਡਰ ਨਹੀਂ ਹੈ, ਹੁਨ ਤੁਸੀਂ ਸੋਚੋ ਕਿ ਇਸ ਪਾਪ ਦਾ ਕੀ ਫਲ ਹੋਵੇਗਾ ਅਰ ਤੁਸੀਂ ਕਿਸ ਮੂੰਹ ਨਾਲ ਅਪਨੇ ਤਾਈ ਜ਼ਿਦਾ ਕਰ ਸਕੋਗੇ।।

ਸ਼ੋਕ ਦੀ ਬਾਤ ਹੈ ਜੋ ਤੁਹਾਡੇ ਦਿਲਾਂ ਵਿਚ ਅਕਬਰ ਦੀ ਇਸ ਕਹਾਣੀ ਨੇ ਭੀ ਕੁਝ ਅਸਰ ਨਾ ਕੀਤਾ ਜੋ ਚੂਹੜਿਆਂ ਨੇ ਇਹ ਕਹਿ ਕੇ ਕਿ ਅਸੀਂ ਕੁਜ਼ਾਤ ਨੂੰ ਕੁੜੀ ਨਹੀਂ ਦੇਣੀ ਆਖ ਕੇ ਉੱਜੜਨਾ ਮਨਜ਼ੂਰ ਕੀਤਾ ਸਾ ਸੋ ਜਦ ਤੁਸੀਂ ਸਿੱਖ ਹੋਕੇ ਅਪਨੀ ਇੱਜ਼ਤ ਆਬਰੂ ਦਾ ਕੁਛ ਖਯਾਲ ਨਾ ਕਰਕੇ ਅਪਨਾ ਸੰਬੰਧ ਅਨਮਤੀ ਨਾਲ ਕਰਦੇ ਹੋ ਤਾਂ ਦੱਸੋ ਜੋ ਤੁਸੀਂ ਮੁਰਦੇ ਨਹੀਂ ਤਾਂ ਹੋਰ ਕਿਆ ਹੋ ਸਕਦੇ ਹੋ?

ਵੱਡੇ ਸ਼ੌਕ ਦੀ ਬਾਤ ਹੈ ਜੋ ਤੁਸੀਂ ਗੁਰੂ ਅਤੇ ਗੁਰੂ ਦੀ ਸਿੱਖੀ ਨਾਲੋਂ ਅਨਮਤੀਆਂ ਨੂੰ ਜ਼ਿਆਦਾ ਪਿਆਰ ਕਰਕੇ ਅਪਨੇ ਹੱਥੀਂ ਆਪ ਕੁਹਾੜੀ ਮਾਰਕੇ ਰੱਤੀ ਭੀ ਡਰ ਨਹੀਂ ਕਰਦੇ, ਫਿਰ ਸੋਚੋ ਜੋ ਪਰਮੇਸ਼੍ਵਰ ਦਾ ਕਹਰ ਅਰ ਗੁਰੂ ਦਾ ਸ੍ਰਾਪ ਤੁਹਾਡੇ ਪਰ ਕਿਉਂ ਨਹੀਂ ਪਏਗਾ?

ਪਰੰਤੂ ਅਸੀਂ ਸਿੱਖੀ ਦੀ ਸਾਂਝ ਕਰਕੇ ਇਸ ਪਰ ਪੁਕਾਰ ਕਰਨੀ ਅਪਨਾ ਫਰਜ਼ ਸਮਝਦੇ ਹਾਂ ਅਰ ਬੇਧੜਕ ਹੋ ਕੇ ਆਖਦੇ ਹਾਂ ਕਿ ਜਿਤਨਾ ਚਿਰ ਤੁਸੀਂ ਹਰ ਇਕ ਖਾਨਦਾਨ ਦੇ ਸਿੱਖ ਖ਼ਾਲਸਾ ਬ੍ਰਾਦ੍ਰੀ ਜੁਦੀ ਨਹੀਂ ਕਾਇਮ ਕਰੋਗੇ ਉਤਨਾ ਚਿਰ ਤੁਹਾਡਾ ਰਹਣਾ ਇਕ ਵੱਡਾ ਹੀ ਕਠਨ

ਹੋਵੇਗਾ ਪਰੰਤੂ ਇਹ ਹੋ ਸਕਦਾ ਹੈ ਕਿ ਤੁਹਾਨੂੰ ਇਸ ਕੰਮ ਦੇ ਕਰਨ ਵਿਚ ਕਲੇਸ਼ ਹੋਨ, ਅਰ ਇਹ ਵੀ ਹੋ ਸਕਦਾ ਹੈ ਕਿ ਬਹੁਤ ਸਿੰਘ ਇਸ ਸਦਮੇਂ ਨਾਲ ਧਰਮ ਤੇ ਭੀ ਗਿਰ ਜਾਨਗੇ ਪਰੰਤੂ ਆਸ਼ਾ ਪੈਂਦੀ ਹੈ ਜੋ ਜਿਤਨੇ ਬਾਕੀ ਰਹਨਗੇ ਸੋ ਠੀਕ ੨ ਪੱਕੇ ਅਤੇ ਖ਼ਾਲਸਾ ਪੰਥ ਹੋਕੇ ਰਹਨਗੇ। ਇਸ ਵਕਤ ਕਥਨ ਦਾ ਕੰਮ ਨਹੀਂ ਕਿੰਤੂ ਗੱਲ ਕਰਨ ਦਾ ਵੇਲਾ ਹੈ, ਇਸ ਵਾਸਤੇ ਉਠੋ ਅਰ ਕੱਠ ਕਰਕੇ ਦਖਾਓ, ਅਰ ਪੁਕਾਰੋ ਕਿ "ਐ ਮੁਰਦਾ ਦਿਲੋਂ ਜਾਗੋ"।[10]

ਉਹਨਾਂ ਦੇ ਉਪਰੋਕਤ ਲੇਖ ਤੋਂ ਉਹਨਾਂ ਦੀ ਸਿੱਖ ਇਤਿਹਾਸ ਪ੍ਰਤੀ ਚੇਤਨਾ ਦੀ ਦਾਦ ਦੇਣੀ ਬਣਦੀ ਹੈ। ਚੂਹੜਿਆਂ ਦੀ ਦ੍ਰਿੜ੍ਹਤਾ ਦੀ ਉਦਾਹਰਨ, ਜਿਸ ਅਨੁਸਾਰ ਉਹਨਾਂ ਨੇ ਅਕਬਰ ਨੂੰ ਵੀ ਆਪਣੀ ਕੁੜੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਉਹ ਉਹਨਾਂ ਦੀ ਬਰਾਦਰੀ ਦਾ ਨਹੀ ਸੀ ਅਤੇ ਉਜੜਨਾ ਸਵੀਕਾਰ ਕਰ ਲਿਆ ਸੀ। ਅਜਿਹੀਆਂ ਦ੍ਰਿੜ੍ਹਤਾ ਭਰਪੂਰ ਉਦਾਹਰਨਾਂ ਉਹਨਾਂ ਦੀ ਦ੍ਰਿੜ੍ਹਤਾ ਨੂੰ ਵੀ ਪ੍ਰਗਟਾਉਂਦੀਆਂ ਹਨ, ਜਿਸ ਤਹਿਤ ਉਹ ਸਿੱਖ ਕੌਮ ਨੂੰ ਆਪਣੇ ਸਹੀ ਪਰਿਪੇਖ ਵਿਚ ਵੇਖਣਾ ਚਾਹੁੰਦੇ ਸਨ। ਅਜਿਹੀ ਵੰਗਾਰਾਤਮਕ ਸ਼ੈਲੀ ਰਾਹੀਂ ਉਹ ਅਖ਼ਬਾਰ ਦੇ ਪਾਠਕਾਂ ਨੂੰ ਜਗਾਉਂਦੇ ਸਨ ਤਾਂ ਜੋ ਉਹ ਉਹਨਾਂ ਦੀਆਂ ਵੰਗਾਰਾਂ ਦੀ ਗੂੰਜ ਸੁਣ ਕੇ ਜਾਗ ਪੈਣ ਅਤੇ ਸਿੱਖ ਧਰਮ ਪ੍ਰਤੀ ਸੁਚੇਤ ਹੋਣ। ਇਹੀ ਕਾਰਨ ਹੈ ਕਿ ਗਿਆਨੀ ਦਿੱਤ ਸਿੰਘ ਨੇ ਖ਼ਾਲਸਾ ਪੰਥ ਦੀ ਵਿਲੱਖਣ ਤੇ ਵੱਖਰੀ ਹੋਂਦ ਬਾਰੇ ਖ਼ਾਲਸਾ ਅਖ਼ਬਾਰ ਵਿਚ ਸੈਕੜਿਆਂ ਦੀ ਗਿਣਤੀ ਵਿਚ ਸੰਪਾਦਕੀ ਲੇਖ ਲਿਖੇ ਅਤੇ ਇਹ ਪ੍ਰਚਾਰ ਬਹੁਤ ਦ੍ਰਿੜ੍ਹਤਾ ਨਾਲ ਕੀਤਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਕੌਮ ਅਤੇ ਖ਼ਾਲਸਾ ਪੰਥ ਨੂੰ ਵਿਸ਼ੇਸ਼ ਉਦੇਸ਼ ਲਈ ਸਥਾਪਿਤ ਕੀਤਾ। ਉਹਨਾਂ ਦੁਆਰਾ ਲਿਖੇ 'ਖ਼ਾਲਸਾ ਅਖ਼ਬਾਰ' ਵਿਚ ਕੁਝ ਕੁ ਸੰਪਾਦਕੀ ਲੇਖ ਇਸ ਤਰ੍ਹਾਂ ਹਨ:-

1. ਖ਼ਾਲਸਾ ਦੀ ਲਾਪ੍ਰਵਾਹੀ (26 ਅਗਸਤ, 1898)
2. ਖ਼ਾਲਸਾ ਕੌਮ ਦੀ ਹਾਨੀ ਦੇ ਨਿਸ਼ਾਨ (16 ਦਸੰਬਰ, 1898)
3. ਪੰਥ ਦੀ ਉਨਤੀ ਕਿਸ ਤਰ੍ਹਾਂ ਹੋਈ (21 ਅਪ੍ਰੈਲ, 1898)
4. ਤੁਸੀਂ ਗੁਲਾਮ ਕਿਉਂ ਰਹੇ? (26 ਮਈ, 1898)
5. ਖੇਤ ਦੀ ਗੋਡੀ ਅਤੇ ਉਸਤੋਂ ਸਿਖਿਆ (10 ਮਾਰਚ, 1999)

6. ਆਰੀਆ ਸਮਾਜੀਆਂ ਦੇ ਸਿੱਖਾਂ ਪਰ ਝੂਠੇ ਹਮਲੇ (20 ਅਕਤੂਬਰ, 1999)

7. ਹੇ ਖਾਲਸਾ ਪੰਥ ਆਪਨੇ ਆਪ ਨੂੰ ਸੰਭਾਲ (16 ਫਰਵਰੀ, 1900)

8. ਅਖ਼ਬਾਰ ਆਮ ਵਿਚ ਖ਼ਾਲਸਾ ਪੰਥ ਪਰ ਵਿਚਾਰ (16 ਮਾਰਚ, 1900)

9. ਅਖ਼ਬਾਰ ਆਮ ਵਿਚ ਖ਼ਾਲਸਾ ਪਰ ਵਿਚਾਰ (30 ਮਾਰਚ, 1900)

10. ਅਖ਼ਬਾਰ ਸਭ ਧਰਮ ਪ੍ਰਚਾਰਕ ਜਲੰਧਰ ਦਾ ਬ੍ਰਿਥਾ ਦੋਸ (30 ਮਾਰਚ, 1900)

11. ਖ਼ਾਲਸਾ ਜੀ ਸਮਝੋ ਅਰ ਬਚੋ (4 ਜਨਵਰੀ, 1901)

ਉਪਰੋਕਤ ਸੂਚੀ ਕੇਵਲ ਉਪਲਬਧ ਅਖ਼ਬਾਰਾਂ ਵਿਚੋਂ ਲਈ ਗਈ ਹੈ। ਇਹਨਾਂ ਤੋਂ ਇਲਾਵਾ ਸੈਂਕੜੇ ਲੇਖ ਲਿਖੇ ਗਏ ਜਿਨ੍ਹਾਂ ਦਾ ਉਲੇਖ ਅਖ਼ਬਾਰ ਨਾ ਉਪਲਬਧ ਹੋਣ ਕਾਰਨ ਇਥੇ, ਨਹੀਂ ਦਿੱਤਾ ਜਾ ਸਕਦਾ। ਇਹਨਾਂ ਲੇਖਾਂ ਤੋਂ ਇਕ ਗੱਲ ਸਹਿਜੇ ਹੀ ਸਪਸ਼ਟ ਹੋ ਜਾਂਦੀ ਹੈ ਕਿ ਗਿਆਨੀ ਦਿੱਤ ਸਿੰਘ ਨੇ ਅਜਿਹੀ ਵਾਰਤਕ ਸ਼ੈਲੀ ਜਾਂ ਵਾਰਤਕ ਭਾਸ਼ਾ ਦਾ ਪ੍ਰਯੋਗ ਕੀਤਾ, ਜਿਸ ਰਾਹੀਂ ਸ਼ਬਦਾਂ ਦੀ ਗੂੰਜ ਪੂਰੇ ਸਿੱਖ ਸਮਾਜ ਵਿਚ ਸੁਣਾਈ ਦਿੰਦੀ ਸੀ। ਇਹ ਸ਼ਬਦ ਗੂੰਜਾਂ ਦੀਆਂ ਡੂੰਘੀਆਂ ਪਰਤਾਂ ਅਜਿਹਾ ਸੁਭਾਅ ਗ੍ਰਹਿਣ ਕਰ ਲੈਣ ਦੀ ਸਮਰੱਥਾ ਰਖਦੀਆਂ ਸਨ, ਜਿਨ੍ਹਾਂ ਦਾ ਸੰਬੰਧਿਤ ਪ੍ਰਸੰਗ ਵਿਚ ਚਿਰ-ਸਥਾਈ ਪ੍ਰਭਾਵ ਪੈਂਦਾ ਸੀ ਅਤੇ ਪਾਠਕਾਂ ਦੇ ਦਿਲਾਂ ਵਿਚ ਇਕ ਪ੍ਰੇਰਕ-ਅਨੁਭੂਤੀ ਜਨਮ ਲੈ ਲੈਂਦੀ ਸੀ, ਜਿਸ ਦੇ ਫਲਸਰੂਪ ਸਿੱਖ ਪੰਥ ਦਿਨ ਦੂਣੀ ਤੇ ਰਾਤ ਚੌਗੁਣੀ ਉਨਤੀ ਕਰਨ ਦੇ ਰਾਹ ਪੈ ਗਿਆ। ਇਹ ਉਹ ਦੌਰ ਸੀ ਜਦੋਂ ਖ਼ਾਲਸਾ ਪੰਥ ਉੱਤੇ ਬ੍ਰਾਹਮਣੀ ਸੋਚ ਭਾਰੂ ਹੋ ਗਈ ਸੀ ਪਰੰਤੂ, ਖ਼ਾਲਸਾ ਅਖ਼ਬਾਰ ਰਾਹੀਂ ਲਿਖੇ ਅਜਿਹੇ ਲੇਖ ਸਿੱਖ ਮਨਾਂ ਵਿਚੋਂ ਬ੍ਰਾਹਮਣੀ ਸੋਚ ਦੀ ਜੰਗਾਲ ਨੂੰ ਲਾਹ ਦੇਣ ਦੀ ਸਮਰਥਾ ਰਖਦੇ ਸਨ ਕਿਉਂਕਿ, ਇਹਨਾਂ ਵਿਚਲੀ ਪ੍ਰੇਰਕ-ਅਨੁਭੂਤੀ ਅਹਿਮ ਰੂਪ ਵਿਚ ਉਪਦੇਸ਼ਾਤਮਕ ਰੂਪ ਵਿਚ ਪ੍ਰਗਟ ਹੋ ਕੇ ਆਪਣਾ ਚਿਰ-ਸਥਾਈ ਪ੍ਰਭਾਵ ਛੱਡਦੀ ਸੀ।

ਲੇਖਾਂ ਦੁਆਰਾ ਪ੍ਰਚਾਰਕ ਵਿਧੀ ਤੋਂ ਇਲਾਵਾ ਇਹਨਾਂ ਪੱਤਰਾਂ ਵਿਚ ਹੋਰ ਪ੍ਰਚਾਰਕ ਵਿਧੀਆਂ ਵੀ ਵਰਤੀਆਂ ਜਾਂਦੀਆਂ ਸਨ। 'ਖ਼ਾਲਸਾ ਅਖ਼ਬਾਰ' ਦੇ ਪਹਿਲੇ ਮੁੱਖ ਪੰਨੇ ਤੇ ਪੱਤਰ ਦਾ ਨਾ 'ਖ਼ਾਲਸਾ ਅਖ਼ਬਾਰ' ਤਾਂ ਛਪਿਆ ਹੀ ਹੁੰਦਾ ਸੀ, ਇਸ ਤੋਂ ਇਲਾਵਾ ਸੰਪਾਦਕੀ ਪੰਨੇ ਤਿੰਨ

'ਤੇ ਵੀ 'ਖਾਲਸਾ ਅਖ਼ਬਾਰ' ਅਤੇ ਦੇਸੀ ਮਹੀਨਿਆਂ ਦੀ ਤਰੀਕ ਤੋਂ ਇਲਾਵਾ 'ਨਾਨਕ ਸ਼ਾਹੀ ਸੰਮਤ ਵੀ ਛਪਿਆ ਹੁੰਦਾ ਸੀ। ਇਹ ਉਹ ਸਮਾਂ ਸੀ ਜਦੋਂ, ਪੰਜਾਬੀ ਪੱਤਰਕਾਰੀ ਆਪਣੇ ਮੁਢਲੇ ਦੌਰ ਵਿਚ ਸੀ। ਇਸ ਸਮੇਂ 'ਸਿੰਘ ਸਭਾ ਲਾਹੌਰ' ਅਤੇ ਅੰਮ੍ਰਿਤਸਰ ਦੋਹਾਂ ਨੇ ਆਪਣੇ ਸਿੱਧੇ ਉਦੇਸ਼ਾਂ ਦੇ ਪਰਚਾਰ ਹਿੱਤ ਕੁਝ ਪੱਤਰ ਜਾਰੀ ਕੀਤੇ। ਗਿਆਨੀ ਦਿੱਤ ਸਿੰਘ, ਉਹਨਾਂ ਕੁਝ ਕੁ ਵਿਅਕਤੀਆਂ ਵਿਚੋਂ ਸਨ, ਜਿਨ੍ਹਾਂ ਨੇ ਪੂਰੇ ਤਨ, ਮਨ ਅਤੇ ਧੰਨ ਨਾਲ ਖ਼ਾਲਸਾ ਅਖ਼ਬਾਰ ਦੀ ਸੇਵਾ ਕੀਤੀ। 'ਖ਼ਾਲਸਾ ਅਖ਼ਬਾਰ' ਦੂਜੇ ਹੋਰ ਅਖ਼ਬਾਰਾਂ ਵਾਂਗ ਸਪਤਾਹਿਕ ਹੀ ਸੀ। 'ਖ਼ਾਲਸਾ ਅਖ਼ਬਾਰ' ਦੇ ਤੀਜੇ ਪੰਨੇ ਤੇ ਜਿਥੇ ਲੇਖ ਛਾਪੇ ਜਾਂਦੇ ਸਨ, ਨਾਲ ਹੀ 'ਗੁਰੂ ਜੀ ਦੇ ਉਪਦੇਸ਼' ਸਿਰਲੇਖ ਹੇਠ ਗੁਰੂ ਗੰਥ ਸਾਹਿਬ ਵਿਚੋਂ ਸ਼ਬਦ ਲੈ ਕੇ ਉਸ ਦੀ ਵਿਆਖਿਆ ਬਹੁਤ ਹੀ ਸਚਿਆਰ ਢੰਗ ਨਾਲ ਕੀਤੀ ਜਾਂਦੀ ਸੀ ਕਿਉਂਕਿ, ਇਹ ਉਹ ਸਮਾਂ ਸੀ, ਜਦੋਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਵੱਖੋ-ਵੱਖਰੇ ਵਿਦਵਾਨ ਆਪੋ ਆਪਣੇ ਨਜ਼ਰੀਏ ਜਾਂ ਦ੍ਰਿਸ਼ਟੀਕੋਣ ਤੋਂ ਅਰਥ ਲਿਆ ਕਰਦੇ ਸਨ। ਭਾਵ ਇਹ ਕਿ ਇਹ ਪਤਾ ਨਹੀਂ ਚਲਦਾ ਸੀ ਕਿ ਗੁਰਬਾਣੀ ਦੇ ਠੀਕ ਤੇ ਯੋਗ ਅਰਥ ਕੀ ਹਨ।

'ਸਿੰਘ ਸਭਾ ਲਾਹੌਰ' ਅਤੇ 'ਸਿੰਘ ਸਭਾ ਅੰਮ੍ਰਿਤਸਰ' ਵਿਚ ਆਪਸੀ ਮੱਤਭੇਦ ਦਾ ਇਕ ਵੱਡਾ ਕਾਰਨ ਇਹ ਵੀ ਸੀ ਕਿ ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਨੇ ਫਰੀਦਕੋਟੀ ਟੀਕੇ ਵਿਚ ਕੀਤੇ ਗਏ ਗੁਰਮਤਿ ਦੇ ਅਨੁਚਿਤ ਅਰਥਾਂ ਦਾ ਮਸਲਾ ਗੰਭੀਰਤਾ ਨਾਲ ਉਠਾਇਆ ਸੀ। ਇਹ ਦੋਵੇਂ ਵਿਦਵਾਨ ਇਹ ਚਾਹੁੰਦੇ ਸਨ ਕਿ ਗੁਰਬਾਣੀ ਦੇ ਅਰਥ ਗੁਰਮਤਿ ਅਨੁਸਾਰ ਕੀਤੇ ਜਾਣ ਤਾਂ ਜੋ ਕਿਸੇ ਪ੍ਰਕਾਰ ਦਾ ਭੁਲੇਖਾ ਨਾ ਰਹੇ ਪਰੰਤੂ, ਬਾਬਾ ਖੇਮ ਸਿੰਘ ਬੇਦੀ ਇਨ੍ਹਾਂ ਦੀ ਵਿਰੋਧਤਾ ਕਰਿਆ ਕਰਦੇ ਸਨ। ਇਸ ਵਿਰੋਧਤਾ ਦਾ ਕਾਰਨ ਗਿਆਨੀ ਦਿੱਤ ਸਿੰਘ ਵਲੋਂ ਖ਼ਾਲਸਾ ਅਖ਼ਬਾਰ ਵਿਚ ਲਿਖੇ ਲੇਖਾਂ ਤੋਂ ਸਪਸ਼ਟ ਹੋ ਜਾਂਦਾ ਹੈ। 26 ਦਸੰਬਰ, 1900 ਈ. ਨੂੰ ਰਾਜਾ ਧਿਆਨ ਸਿੰਘ ਦੀ ਹਵੇਲੀ ਵਿਚ ਇਕ ਖੱਤਰੀ ਕਾਨਫਰੰਸ ਹੋਈ ਜਿਸ ਵਿਚ ਗਿਆਨੀ ਦਿੱਤ ਸਿੰਘ ਨੇ ਇਉਂ ਲਿਖਿਆ:

## ਖੱਤ੍ਰੀ ਕਾਨਫਰੰਸ ਅਤੇ ਸ੍ਰੀ ਯੁਤ ਬਾਬਾ ਖੇਮ ਸਿੰਘ ਦੀ ਨਿਮ੍ਰਤਾ

੨੬ ਦਿਸੰਬ੍ਰ ਨੂੰ ਰਾਜਾ ਧਯਾਨ ਸਿੰਘ ਜੀ ਦੀ ਹਵੇਲੀ ਵਿਚ ਖੱਤ੍ਰੀ ਕਾਨਫਰੰਸ ਹੋਈ ਜਿਸ ਵਿਚ ਉਨ੍ਹਾਂ ਨੇ ਅਪਨੀ ਬ੍ਰਾਦਰੀ ਦੀ ਉੱਨਤੀ ਲਈ ਕਈ ਬਾਤਾਂ ਸੋਚੀਆਂ ਸਨ, ਸਾਨੂੰ ਉਨ੍ਹਾਂ ਬਾਤਾਂ ਪਰ ਕੋਈ ਨੁਕਤੇ ਚੀਨੀ ਕਰਨ ਦੀ ਲੋੜ ਨਹੀਂ ਹੈ। ਪ੍ਰੰਤੂ ਉਸ ਕਾਨਫਰੰਸ ਦੇ ਪ੍ਰੈਜ਼ੀਡੈਂਟ ਸ੍ਰੀ ਯੁਤ ਬਾਬਾ ਖੇਮ ਸਿੰਘ ਸਾਹਿਬ ਸਨ, ਇਸ ਲਈ ਅਸੀਂ ਇਸ ਜਗ੍ਹਾ ਸ੍ਰੀ ਯੁਤ ਬਾਬਾ ਜੀ ਦੀ ਸੇਵਾ ਵਿਚ ਨਵੇਦਨ ਕਰਨਾ ਇਕ ਪ੍ਰਕਾਰ ਦੀ ਬੇਨਤੀ ਸਮਝਦੇ ਹਾਂ।।

ਸੁਨਿਆ ਗਿਆ ਹੈ ਕਿ ਬਾਬਾ ਜੀ ਦੇ ਆਉਨ ਥੋਂ ਪਹਿਲੇ ਆਨਰੇਬਲ ਲਾਲਾ ਮਦਨ ਗੁਪਾਲ ਜੀ ਬੈਰਿਸਟਰ-ਐਟ-ਲਾ ਪ੍ਰੇਜ਼ੀਡੰਟ ਦੀ ਜਗ੍ਹਾ ਕੁਰਸੀ ਪਰ ਬੈਠਕੇ ਕੰਮ ਕਰਦੇ ਸਨ, ਅਰ ਬਾਕੀ ਭਾਈਚਾਰਾ ਦਰੀਆਂ ਪਰ ਬੈਠਾ ਸਾ ਪ੍ਰੰਤੂ ਜਦ ਸ੍ਰੀ ਯੁਤ ਬਾਬਾ ਜੀ ਆਏ ਤਦ ਉਨ੍ਹਾਂ ਲਈ ਓਹੋ ਕੁਰਸੀ ਦਿੱਤੀ ਗਈ ਪਰ ਸ੍ਰੀ ਬਾਬਾ ਜੀ ਨੇ ਵੱਡੇ ਪ੍ਰੇਮ ਨਾਲ ਆਖਿਆ ਕਿ ਭਾਈਓ ਜੋ ਆਪ ਨੇ ਮੈਨੂੰ ਇਹ ਇੱਜ਼ਤ ਦਿੱਤੀ ਹੈ ਇਸ ਪਰ ਮੈਂ ਆਪ ਦਾ ਧੰਨਯਵਾਦੀ ਹਾਂ ਕਿੰਤੂ ਮੈਂ ਅਪਨੇ ਭਾਈਆਂ ਸਾਮ੍ਹਨੇ ਕੁਰਸੀ ਪਰ ਬੈਠਨਾ ਯੋਗ ਨਹੀਂ ਸਮਝਦਾ ਜਿਸ ਤੇ ਮੈਂ ਆਪ ਨੂੰ ਯੋਗ ਨਹੀਂ ਸਮਝਦਾ ਜਿਸ ਤੇ ਮੈਂ ਆਪ ਨੂੰ ਭਾਈ ਜਾਨਕੇ ਬਰਾਬਰ ਬੈਠਾਂਗਾ ਇਸ ਪਰ ਲੋਗ ਵੱਡੇ ਹੀ ਆਨੰਦ ਹੋਏ ਅਰ ਇਕ ਚਾਦਰ ਵਛਾਉਨ ਲੱਗੇ, ਜਿਸ ਪਰ ਬਾਬਾ ਜੀ ਨੇ ਫਿਰ ਕਿਹਾ ਕਿ ਹੇ ਭਾਈਓ ਗੁਰੂ ਮਹਾਰਾਜ ਤੇ ਗਵਰਨਮਿੰਟ ਨੇ ਸਾਨੂੰ ਵੱਡੀ ਇੱਜ਼ਤ ਦਿੱਤੀ ਹੋਈ ਹੈ ਪਰ ਫਿਰ ਵੀ ਅਸੀਂ ਅਪਨੇ ਭਾਈਆਂ ਤੋਂ ਵੱਡੇ ਹੋ ਕੇ ਬੈਠਨਾ ਪਸੰਦ ਨਹੀਂ ਕਰਦੇ। ਇਤਨਾ ਆਖ ਕੇ ਚਾਦਰ ਭੀ ਚੁੱਕ ਦਿੱਤੀ ਜਿਸ ਪਰ ਭਾਈਚਾਰਾ ਖੁਸ਼ ਹੋ ਗਿਆ ਅਰ ਵਾਹ ੨ ਕੀਤੀ।।

ਅਸੀਂ ਸ੍ਰੀ ਬਾਬਾ ਜੀ ਦੀ ਇਸ ਨੰਮ੍ਰਤਾ ਪਰ ਉਨ੍ਹਾਂ ਦਾ ਸੱਚ ਦਿਲ ਤੇ ਧੰਨਯਵਾਦ ਕਰਦੇ ਹਾਂ ਪਰੰਤੂ ਇਕ ਦੋ ਬੇਨਤੀਆਂ ਕਰਨੀਆਂ ਪੀ ਅਪਨਾ ਧਰਮ ਜਾਨਦੇ ਹਾਂ ਅਰ ਆਸ਼ਾ ਰਖਦੇ ਹਾਂ ਕਿ ਸ੍ਰੀ ਬਾਬਾ ਜੀ ਭੀ ਜ਼ਰੂਰ ਇਨ੍ਹਾਂ ਪਰ ਕ੍ਰਿਪਾ ਦ੍ਰਿਸ਼ਟੀ ਕਰਨਗੇ।। [11]

੧ – ਸ੍ਰੀ ਬਾਬਾ ਜੀ ਨੂੰ ਚਾਹੀਦਾ ਸੀ ਕਿ ਓਹ ਉਨ੍ਹਾਂ ਲੋਗਾਂ ਨੂੰ ਗੁਰੂ ਮਹਾਰਾਜ ਦੇ ਉਪਕਾਰ ਅਤੇ ਖਾਲਸਾ ਧਰਮ ਦੀਆਂ ਵਿਸ਼ੇਸ਼ਤਾ ਪ੍ਰਗਟ ਕਰਦੇ ਅਤੇ ਦੱਸਦੇ ਕਿ ਜੇਕਰ ਗੁਰੁ ਮਹਾਰਾਜ ਦਾ ਅਵਤਾਰ ਨਾ ਹੁੰਦਾ ਤਾਂ ਆਪ ਸਭ ਅਜੇ ਮੁਸਲਮਾਨ ਹੁੰਦੇ ਪਰੰਤੂ ਗੁਰੂ ਮਹਾਰਾਜ ਜੀ ਦੀ ਕਿਰਪਾ ਨਾਲ ਤੁਸੀਂ ਬੱਚ ਗਏ, ਹੁਨ ਤੁਸੀਂ ਗੁਰੂ ਮਹਾਰਾਜ ਦੇ ਉਪਕਾਰਾਂ ਨੂੰ ਯਾਦ ਕਰੋ ਅਤੇ ਖਾਲਸਾ ਧਰਮ ਅੰਗੀਕਾਰ ਕਰੋ। ਸਾਡੇ ਖਯਾਲ ਵਿਚ ਬਾਬਾ ਸਾਹਿਬ ਨੂੰ ਇਹ ਜ਼ਰੂਰ ਚਾਹੀਦਾ ਸੀ ਕਿਉਂਕਿ ਸ੍ਰੀ ਬਾਬਾ ਜੀ ਉਸ ਸੱਚ ਪਾਤਸ਼ਾਹ ਜੀ ਦੀ ਸੰਤਾਨ ਹਨ ਜਿਨ੍ਹਾਂ ਨੇ ਧਰਮ ਦੇ ਫੈਲਾਉਨ ਵਾਸਤੇ ਵੱਡੇ ੨ ਕਸ਼ਟ ਸਹਾਰੇ ਸਨ ਅਰ ਇਸੇ ਤਰ੍ਹਾਂ ਬਾਬਾ ਜੀ ਨੂੰ ਚਾਹੀਦਾ ਸੀ ਕਿ ਦਸਦੇ ਕਿ ਤੁਸੀਂ ਸਾਡਾ ਰੂਪ ਬਣੋ।।

੨– ਜਦ ਸ੍ਰੀ ਬਾਬਾ ਜੀ ਇਨ੍ਹਾਂ ਤੁਛ ਸੰਸਕਾਰਕ ਜੀਵਾਂ ਦੀ ਸਭਾ ਵਿਚ ਕੁਰਸੀ ਅਰ ਚਾਦਰ ਪਰ ਬੈਠਨਾ ਅਯੋਗ ਸਮਝਦੇ ਹਨ ਤਦ ਉਸ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਤੇ ਗੁਰੂ ਖਾਲਸਾ ਦੇ ਦੀਵਾਨ ਵਿਚ ਗੁਦੇਲਾ ਯਾ ਚਾਦਰ ਵਛਾ ਕੇ ਬੈਠਨਾ ਭੀ ਅਯੋਗ ਸਮਝਨਗੇ, ਅਗਰ ਕੋਈ ਭਾਈ ਭੁੱਲ ਕੇ ਵਛਾ ਭੀ ਦੇਵੇਗਾ ਤਦ ਇਸੇ ਤਰ੍ਹਾਂ ਕਹਨਗੇ ਕਿ ਐ ਖਾਲਸ ਭਾਈਓ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਤੇ ਖਾਲਸੇ ਦੇ ਦੀਵਾਨ ਵਿਚ ਉੱਚਾ ਹੋ ਕੇ ਬੈਠਨਾ ਪਸਿੰਦ ਨਹੀਂ ਕਰਦੇ, ਜਿਸ ਪਰ ਸ੍ਰੀ ਬਾਬਾ ਜੀ ਨੂੰ ਗੁਰੂ ਦੇ ਦਰਬਾਰ ਅਤੇ ਪੰਥ ਵਿਚ ਧੰਨ ੨ ਹੋਵੇਗੀ। ਆਸ਼ਾ ਹੈ ਜੋ ਸ੍ਰੀ ਯੁਤ ਬਾਬਾ ਜੀ ਇਸ ਬੀਸਮੀਂ ਸਦੀ ਤੇ ਇਹ ਵਤੀਰਾ ਅਖਤਯਾਰ ਕਰਨਗੇ।

ਉਪਰੋਕਤ ਲੇਖ ਵਿਚ ਬਾਬਾ ਖੇਮ ਸਿੰਘ ਨੂੰ ਬਹੁਤ ਹੀ ਨਿਮਰਤਾ ਪੂਰਵਕ ਬੇਨਤੀ ਕੀਤੀ ਗਈ ਹੈ ਕਿ ਜਦੋਂ ਖੇਮ ਸਿੰਘ, ਇਕ ਖੱਤਰੀ ਕਾਨਫਰੰਸ ਵਿਚ ਹੇਠਾਂ ਬੈਠ ਸਕਦੇ ਹਨ ਤਾਂ ਉਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗਦੇਲਾ ਲਾ ਕੇ ਕਿਉਂ ਬੈਠਦੇ ਹਨ ਸਗੋਂ, ਉਹ ਉਥੇ ਉਸੇ ਨਿਮਰਤਾ ਨਾਲ ਜੋ ਉਹਨਾਂ ਨੇ ਕਾਨਫਰੰਸ ਵਿਚ ਵਿਖਾਈ ਹੈ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਵੀ ਉਹ ਉੱਚੇ ਥਾਂ ਨਾ ਬੈਠਣ ਸਗੋਂ, ਨੀਵੇਂ ਹੋ ਕੇ ਬੈਠਣ, ਜਿਸ ਤੋਂ ਉਹਨਾਂ ਦੀ ਧੰਨ-ਧੰਨ ਹੋਵੇਗੀ। ਇਹ ਲੇਖ ਨਿਰਾ ਬਾਬਾ ਖੇਮ ਸਿੰਘ ਨੂੰ ਹੀ ਸੰਬੋਧਨ ਨਹੀਂ ਸਗੋਂ, ਅਜਿਹੀ ਸ਼ਬਦਾਵਲੀ

ਦੀ ਵਰਤੋਂ ਸਮੂਹ ਪਾਠਕਾਂ 'ਤੇ ਇਕ ਜਾਦੂਮਈ ਅਸਰ ਪਾਉਂਦੀ ਹੈ ਅਤੇ ਸਿੱਖ ਸੰਸਥਾਵਾਂ ਅਤੇ ਸਿੱਖ ਮਰਿਯਾਦਾ ਜਾਂ ਗੁਰਮਤਿ ਨੂੰ ਸਮਝਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਹ ਲੇਖ ਸੁਚੇਤ ਪੱਧਰ ਤੇ ਅਚੇਤ ਪਾਠਕ ਮਨਾਂ ਤੇ ਸਿੱਧਾ ਅਸਰ ਪਾਉਂਦਾ ਹੈ ਤੇ ਬਾਬਾ ਖੇਮ ਸਿੰਘ ਵਰਗੇ ਪੁਰਸ਼ ਫਿਰ ਗਿਆਨੀ ਦਿੱਤ ਸਿੰਘ ਦੀ ਵਿਰੋਧਤਾ ਕਿਉਂ ਨਾ ਕਰਦੇ। ਇਹੀ ਕਾਰਨ ਸੀ ਕਿ ਗਿਆਨੀ ਦਿੱਤ ਸਿੰਘ ਦੇ ਅਜਿਹੇ ਲੇਖਾਂ ਤੋਂ ਤੰਗ ਆ ਕੇ ਬਾਬਾ ਖੇਮ ਸਿੰਘ ਨੇ ਉਹਨਾਂ ਤੇ ਮਾਨਹਾਨੀ ਦਾ ਮੁਕੱਦਮਾ ਕਰ ਦਿੱਤਾ ਸੀ ਅਤੇ ਇਸੇ ਵਾਦ-ਵਿਵਾਦ ਵਿਚ ਖ਼ਾਲਸਾ ਪ੍ਰੈੱਸ ਅਤੇ ਖ਼ਾਲਸਾ ਅਖ਼ਬਾਰ ਇਕ ਵਾਰੀ ਬੰਦ ਹੋ ਗਏ ਸਨ, ਪਰੰਤੂ ਗਿਆਨੀ ਦਿੱਤ ਸਿੰਘ ਦੀ ਇਹ ਵਿਧੀ ਗੁਰਮਤਿ ਦੇ ਪ੍ਰਸੰਗ ਵਿਚ 'ਸੋਨੇ ਤੇ ਸੁਹਾਗਾ' ਵਾਂਗ ਸਹਾਈ ਹੁੰਦੀ ਸੀ।

ਖਾਲਸਾ ਅਖ਼ਬਾਰ ਵਿਚ ਹੀ ਐਡੀਟੋਰੀਅਲ ਪੰਨਾ ਤਿੰਨ ਤੇ 'ਸਿੰਘ ਸਭਾ ਲਹਿਰ' ਦੇ ਆਸ਼ੇ ਅਨੁਸਾਰ, ਗੁਰਬਾਣੀ ਦੀ ਠੀਕ ਵਿਆਖਿਆ ਕਰਨ ਹਿੱਤ, 'ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼' ਕਾਲਮ ਹੇਠ ਗੁਰਬਾਣੀ ਦੇ ਅਰਥ ਅਤੇ ਵਿਆਖਿਆ ਛਾਪਣੀ ਸ਼ੁਰੂ ਕੀਤੀ। ਗਿਆਨੀ ਦਿੱਤ ਸਿੰਘ ਇਕ ਅਜਿਹੇ ਵਿਦਵਾਨ ਸਨ ਜਿਨ੍ਹਾਂ ਨੇ, ਗੁਰਬਾਣੀ ਦੇ ਅਰਥ ਠੀਕ ਸੰਦਰਭਾਂ ਵਿਚ ਗੁਰਮਤਿ ਅਨੁਸਾਰ ਕਰਨੇ ਆਰੰਭ ਕੀਤੇ। ਉਹਨਾਂ ਵੱਲੋਂ ਕੀਤੇ ਅਰਥਾਂ ਦੀਆਂ ਉਦਾਹਰਨਾਂ ਉਹਨਾਂ ਵੱਲੋਂ ਕੀਤੇ ਗੁਰਮਤਿ ਪ੍ਰਚਾਰ ਨੂੰ ਸਮਝਣ ਵਿਚ ਮਹੱਤਵ ਪੂਰਨ ਹੋਣਗੀਆਂ:

> ਇਸ ਸੰਸਾਰ ਵਿਚ ਹਰ ਇਕ ਮਜਹਬ ਅਤੇ ਫ਼ਿਰਕੇ ਦੇ ਆਦਮੀਆਂ ਨੇ ਅਕਾਲ ਪੁਰਖ ਦੀ ਅਰਾਧਨਾ ਲਈ ਖਾਸ ਖਾਸ ਵੇਲੇ ਨੀਯਤ ਕੀਤੇ ਹੋਏ ਹਨ ਜਿਨ੍ਹਾਂ ਵਿਚ ਉਹ ਅਕਾਲ ਪੁਰਖ ਦਾ ਸਿਮਰਨ ਕਰਦੇ ਹਨ ਪਰੰਤੂ ਸ਼੍ਰੀ ਗੁਰੂ ਜੀ ਦੇ ਚਿੰਤਨ ਲਈ ਕੋਈ ਖਾਸ ਸਮਾਂ ਨਹੀਂ ਕਥਨ ਕਰਦੇ ਸਗੋਂ ਇਹ ਉਪਦੇਸ਼ ਕਰਦੇ ਹਨ ਕਿ ਇਨ੍ਹਾਂ ਜੀਵਾਂ ਨੂੰ ਆਪਨੇ ਮਨ ਵਿਚ ਸਦਾ ਹੀ ਈਸ੍ਵਰ ਦਾ ਚਿੰਤਨ ਕਰਨਾ ਯੋਗ ਹੈ, ਯਥਾ- [੧]

ਸਿਰੀ ਰਾਗ ਮਹਲਾ-3

ਜੇ ਵੇਲਾ ਵਖਤ ਵਿਚਾਰੀਐ ਤਾਂ ਕਿਤੁ ਵੇਲਾ ਭਗਤਿ ਹੋਇ।

........ ........... ...........

....... . ............ ............

ਨਾਨਕ ਸਬਦਿ ਮਿਲਾਵੜਾ ਨਾਮੇ ਨਾਮਿ ਸਮਾਇ।

ਇਸ ਪਵਿਤਰ ਸ਼ਬਦ ਦਾ ਤਾਤਪਰਜ ਇਹ ਹੈ ਜੇ ਕਰਕੇ ਉਸ ਪਰਮਾਤਮਾ ਦੇ ਚਿੰਤਨ ਕਰਨ ਲਈ ਕਿਸੇ ਖਾਸ ਸਮਯ ਦਾ ਵਿਚਾਰ ਕੀਤਾ ਜਾਏ ਤਾਂ ਉਹ ਕਿਹੜਾ ਵੇਲਾ ਚੰਗਾ ਸਮਝਿਆ ਜਾਏਗਾ ਜਿਸ ਵਿਚ ਉਸ ਦੀ ਭਗਤੀ ਕੀਤੀ ਜਾਏ, ਇਸ ਵਾਸਤੇ ਇਨ੍ਹਾਂ ਦੇ ਜੀਵਾਂ ਦੀ ਸੱਚੀ ਸੋਭਾ ਤਦ ਹੀ ਹੋ ਸਕਦੀ ਹੈ ਜਦ ਇਹ ਦਿਨ ਰਾਤ ਉਸਦੀ ਭਗਤੀ ਵਿਚ ਮਗਨ ਰਹਿਨਗੇ, ਕਿਉਂਕਿ ਜੇ ਉਹ ਪਯਾਰਾ ਇਕ ਪਲ ਮਾਤ੍ਰ ਭੀ ਭੁਲ ਜਾਏਗਾ ਤਦ ਅਨੰਨਯ ਭਗਤੀ ਕਿਸ ਤੇ ਕਹੀ ਜਾਏਗੀ। ਤਾਂਤੇ ਜਦ ਇਸ ਪੁਰਖ ਦਾ ਸ੍ਵਾਸ ਭੀ ਉਸ ਦੇ ਅਰਾਧਨ ਤੇ ਬ੍ਰਿਥਾ ਨਹੀਂ ਜਾਏਗਾ ਤਦ ਇਸ ਦਾ ਮਨ ਅਤੇ ਤਨ ਸੀਤਲ ਹੋਵੇਗਾ। ਇਸ ਵਾਸਤੇ ਹੇ ਮੇਰੇ ਮਨ ਤੂੰ ਸਦਾ ਅਕਾਲ ਦਾ ਅਰਾਧਨ ਕਰ, ਕਿਉਂਕਿ ਸੱਚੀ ਭਗਤੀ ਤਦੇ ਹੀ ਹੋ ਸਕਦੀ ਹੈ ਜਦ ਪਰਮਾਤਮਾ ਦਾ ਰਿਦੈ ਵਿਚ ਨਿਵਾਸ ਹੁੰਦਾ ਹੈ। ਜਿਸ ਪ੍ਰਕਾਰ ਕ੍ਰਿਸਾਨ ਖੇਤੀ ਕਰਨ ਸਮਯ ਬੀਜ ਬੀਜਦਾ ਹੈ ਅਰ ਉਸ ਦਾ ਫਲ ਇਹ ਹੁੰਦਾ ਹੈ ਕਿ ਜੋ ਫਸਲ ਲਗਨੇ ਕਰਕੇ ਉਸ ਦੀ ਨਿਰਧਨਤਾ ਦੂਰ ਹੋ ਜਾਂਦੀ ਹੈ, ਇਸੇ ਪ੍ਰਕਾਰ ਜਦ ਇਸ ਪੁਰਖ ਦੇ ਰਿਦੈ ਰੂਪੀ ਭੂਮੀ ਵਿਚ ਸੱਚੇ ਨਾਮ ਦੀ ਖੇਤੀ ਦਾ ਬੀਜ ਬੀਜਿਆ ਜਾਂਦਾ ਹੈ ਤਦ ਇਹ ਸਾਰੇ ਪਾਸਿਆਂ ਤੇ ਸੰਤੋਖੀ ਹੋਕੇ ਤ੍ਰਿਪਤ ਹੋ ਜਾਂਦਾ ਹੈ [12]

ਇਹ ਸਮਾਂ ਸੀ, ਜਦੋਂ ਪੰਜਾਬ ਦੇ ਲੋਕਾਂ ਦੇ ਮਨਾਂ ਤੇ ਖਾਸ ਕਰਕੇ ਭੋਲੇ ਭਾਲੇ ਪੇਂਡੂ ਸਿੱਖ-ਮਨਾਂ ਤੇ, ਬ੍ਰਾਹਮਣੀਕਲ ਪ੍ਰਭਾਵ ਪੂਰੇ ਜ਼ੋਰਾਂ ਤੇ ਸੀ। ਬਹੁਤ ਸਾਰੇ ਸਿੱਖ ਵੀ ਇਹਨਾਂ ਪ੍ਰਭਾਵਾਂ ਅਧੀਨ, ਗੁਰਬਾਣੀ ਪੜ੍ਹਨ ਲਈ ਖ਼ਾਸ-ਖ਼ਾਸ ਸਮਾਂ ਨਿਰਧਾਰਤ ਕਰਕੇ ਉਸੇ ਤਰ੍ਹਾਂ ਦਾ ਪ੍ਰਚਾਰ ਕਰਦੇ ਸਨ ਪਰੰਤੂ, ਗਿਆਨੀ ਦਿੱਤ ਸਿੰਘ ਨੇ ਖ਼ਾਲਸਾ ਅਖ਼ਬਾਰ ਰਾਹੀਂ ਗੁਰਬਾਣੀ ਦੇ ਠੀਕ ਅਰਥਾਂ ਦੀ ਵਿਆਖਿਆ ਹੀ ਨਹੀਂ ਕੀਤੀ ਸਗੋਂ, ਗੁਰਬਾਣੀ ਵਿਚੋਂ ਢੁਕਵੀਆਂ ਉਦਾਹਰਨਾਂ ਦੇ ਕੇ ਲੋਕ- ਮਨਾਂ ਤੋਂ ਬ੍ਰਾਹਮਣੀ ਪ੍ਰਭਾਵ ਦੇ ਜੰਗਾਲ ਨੂੰ ਲਾਹੁਣ ਦੀ ਪੂਰੀ-ਪੂਰੀ ਕੋਸ਼ਿਸ਼ ਕੀਤੀ। ਪ੍ਰਚਾਰ ਕਰਨ ਦੀ ਇਹ ਵਿਧੀ ਇੰਨੀ ਹਰਮਨ ਪਿਆਰੀ ਹੋਈ ਕਿ ਕਈ ਗੁਰਦੁਆਰਿਆਂ ਵਿਚ ਇਹੋ ਸਵੇਰੇ-ਸ਼ਾਮ ਕਥਾ ਦੇ ਵੇਲੇ ਉਹਨਾਂ ਵੱਲੋਂ ਕੀਤੇ ਅਰਥਾਂ ਨੂੰ ਉਹਨਾਂ ਦੇ ਵਿਚਾਰਾਂ ਸਮੇਤ ਪੜ੍ਹ ਕੇ ਸੁਣਾਇਆ ਜਾਣ ਲੱਗਾ। ਪਹਿਲਾਂ ਭੂਮਿਕਾ ਵਜੋਂ ਆਪਣੇ ਵਿਚਾਰਾਂ ਨੂੰ ਸਪਸ਼ਟ ਕਰਨਾ ਅਤੇ ਫਿਰ ਗੁਰਬਾਣੀ ਦਾ ਸ਼ਬਦ ਲਿਖ ਕੇ ਹੇਠਾਂ ਉਸ ਦੇ ਅਰਥ ਅਤੇ ਵਿਆਖਿਆ ਕਰਦੇ ਸਨ। ਇਸ ਵਿਆਖਿਆ ਤੋਂ ਬਾਅਦ ਫਿਰ ਆਪਣੇ ਵਲੋਂ, ਗੁਰਮਤਿ ਪ੍ਰਚਾਰ ਹਿੱਤ, ਉਸ ਗ਼ਲਤ ਰੀਤ ਵਿਰੁੱਧ (ਜੋ, ਬ੍ਰਾਹਮਣਵਾਦੀ ਪ੍ਰਭਾਵ ਕਰਕੇ ਪ੍ਰਚਲਤ ਹੋ ਗਈ ਸੀ) ਆਪਣੇ ਵਿਚਾਰ ਪੇਸ਼ ਕਰਦੇ ਸਨ। ਸ਼ਬਦ ਦੀ ਵਿਆਖਿਆ ਤੋਂ ਬਾਅਦ, ਉਹਨਾਂ ਦੀ ਪ੍ਰਚਾਰ ਵਿਧੀ ਨੂੰ ਸਪਸ਼ਟ ਤੌਰ ਤੇ ਸਮਝਣ ਲਈ, ਉਹਨਾਂ ਵਲੋਂ ਉਠਾਏ ਗਏ ਪ੍ਰਸ਼ਨਾਂ ਨੂੰ ਦ੍ਰਿਸ਼ਟੀਗੋਚਰ ਕਰਨਾ ਲਾਹੇਵੰਦ ਹੋਵੇਗਾ:

> ਕਿਆ ਇਸ ਸ਼ਬਦ ਨੂੰ ਵਿਚਾਰਨ ਵਾਲੇ ਭਾਈ ਭੀ ਕਦੇ ਅਕਾਲ ਪੁਰਖ ਦੇ ਅਰਾਧਨ ਲਈ ਕੋਈ ਖਾਸ ਵੇਲਾ ਠਹਰਾਉਣਗੇ ਅਰ ਹੋਰ ਵੇਲੇ ਉਪਰਾਮ ਰਹਨਗੇ।[13]

ਗੁਰਬਾਣੀ ਵਿਆਖਿਆ ਕਰਨ ਤੋਂ ਬਾਅਦ, ਪ੍ਰਭਾਵ ਨੂੰ ਹੋਰ ਪ੍ਰਭਾਵਾਤਮਕ ਬਣਾਉਣ ਲਈ ਸਵਾਲ ਉਠਾਉਣ ਦੀ ਇਹ ਵਿਧੀ ਬਹੁਤ ਹੀ ਮਹੱਤਵਪੂਰਨ ਵਿਧੀ ਹੈ। ਗੁਰਬਾਣੀ ਨੂੰ ਗੁਰਮਤਿ ਦੇ ਸੰਦਰਭ ਵਿਚ ਸਮਝਣ ਲਈ ਇਹ ਵਿਧੀ ਪਾਠਕਾਂ ਲਈ ਬਹੁਤ ਹੀ ਲਾਹੇਵੰਦ ਸਾਬਤ ਹੁੰਦੀ ਪ੍ਰਤੀਤ ਹੁੰਦੀ ਹੈ। ਇਹ ਵਿਧੀ ਉਹਨਾਂ ਨੇ ਲਗਾਤਾਰ ਖ਼ਾਲਸਾ ਅਖ਼ਬਾਰ ਵਿਚ

ਜਾਰੀ ਰੱਖੀ। ਇਹ ਪ੍ਰਸ਼ਨੋਤਰੀ ਵਾਰਤਕ ਵਿਚ ਹੀ ਨਹੀਂ ਵਰਤੀ, ਸਗੋਂ ਇਹ ਵਿਧੀ ਉਹਨਾਂ ਨੇ ਆਪਣੀਆਂ ਹੋਰ ਬਹੁਤ ਸਾਰੀਆਂ ਪੁਸਤਕਾਂ ਵਿਚ ਵੀ ਵਰਤੀ ਹੈ। 'ਨਕਲੀ ਸਿੱਖ ਪ੍ਰਬੋਧ' ਪੁਸਤਕ ਵਿਚ ਭਾਵੇਂ ਉਹਨਾਂ ਦਾ ਮੂਲ ਮਨੋਰਥ ਸਿੱਖ ਧਰਮ ਦੀ ਮਹਾਨਤਾ ਨੂੰ ਦਰਸਾਉਣਾ ਹੈ ਪਰੰਤੂ, ਇਸ ਪੁਸਤਕ ਵਿਚ ਵੀ ਉਹ ਇਹੋ ਵਿਧੀ ਵਰਤਦੇ ਹਨ। ਇਕ ਨਕਲੀ ਸਿੱਖ ਵੱਖੋ-ਵੱਖਰੀ ਕਿਸਮ ਦੇ ਪ੍ਰਸ਼ਨ ਕਰਦਾ ਦਿਖਾਇਆ ਹੈ ਅਤੇ ਉਸਦੇ ਸੁਆਲਾਂ ਦੇ ਜਵਾਬ ਅਸਲੀ ਸਿੱਖ ਵਲੋਂ ਦਲੀਲਮਈ ਯੁਕਤੀ ਨਾਲ ਦਿੱਤੇ ਗਏ ਹਨ। ਕਈ ਵਿਸ਼ਿਆਂ ਨੂੰ ਚਰਚਾ ਤੇ ਪ੍ਰਸ਼ਨੋਤਰ ਵਿਧੀ ਨਾਲ, ਜੋ ਵੀ ਸਿੱਖ ਧਰਮ ਬਾਰੇ ਤਰਕ ਕਰਦੇ ਹਨ, ਕਲਪਨਾ ਕਰਕੇ ਉਹਨਾਂ ਦੇ ਕਰੜੀ ਦਲੀਲ ਦੇ ਆਧਾਰ ਤੇ ਢੁਕਵੇਂ ਜਵਾਬ ਅਸਲੀ ਸਿੱਖ ਵਲੋਂ ਦਿਵਾ ਕੇ, ਸਿੱਖ ਧਰਮ ਦੀ ਸਿਰਮੌਰਤਾ ਅਤੇ ਗੁਰਮਤਿ ਦੀ ਉੱਚਤਾ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਇਸ ਪੁਸਤਕ (ਨਕਲੀ ਸਿੱਖ ਪ੍ਰਬੋਧ) ਦੇ ਅੰਸ਼ ਪਹਿਲਾਂ ਖ਼ਾਲਸਾ ਅਖ਼ਬਾਰ ਵਿਚ ਛਪਦੇ ਰਹੇ ਸਨ, ਬਾਅਦ ਵਿਚ ਫਿਰ ਪੁਸਤਕ ਰੂਪ ਵਿਚ ਛਾਪੇ ਗਏ। ਇਹ ਪੁਸਤਕ ਜਨ ਸਾਧਾਰਨ ਨੂੰ ਬਾਕੀ ਧਰਮਾਂ ਬਾਰੇ ਸੰਖੇਪ ਚਾਨਣਾ ਵੀ ਪਾਉਂਦੀ ਹੈ ਅਤੇ ਗੁਰਮਤਿ (ਸਿੱਖ ਧਰਮ) ਦੀ ਵਿਸ਼ੇਸ਼ਤਾ ਨੂੰ ਵੀ ਦਰਸਾਉਂਦੀ ਹੈ।

ਸਿੱਖ ਕੌਮ ਦੇ ਚਮਕਦੇ ਸਿਤਾਰੇ, ਗਿਆਨੀ ਦਿੱਤ ਸਿੰਘ ਨੇ ਸੁੱਤੀ ਪਈ ਸਿੱਖ ਕੌਮ ਨੂੰ ਝੰਜੋੜ ਕੇ ਜਗਾਉਣ ਲਈ ਆਪਣੀ ਕਲਮ ਨੂੰ ਬਹੁਤ ਵਾਹਿਆ। ਗਿਆਨੀ ਦਿੱਤ ਸਿੰਘ ਭਾਈ ਗੁਰਦਾਸ ਵਾਂਗ, ਸਿੱਖ ਧਰਮ ਨੂੰ ਆਪਣੀ ਲੇਖਣੀ ਤੇ ਉਪਦੇਸ਼ਾਂ ਦੁਆਰਾ ਉਜਾਗਰ ਕਰਨ ਵਾਲੇ ਚੋਟੀ ਦੇ ਵਿਦਵਾਨਾਂ ਵਿਚੋਂ ਸਨ। ਇਹਨਾਂ ਦੀਆਂ ਲਿਖਤਾਂ ਅਤੇ ਲੈਕਚਰਾਂ (ਵਿਆਖਿਆਨਾਂ) ਵਿਚ ਇੰਨੀ ਵਿਦਵਤਾ ਸੀ ਕਿ ਸਵਾਮੀ ਦਯਾ ਨੰਦ ਵਰਗੇ ਵੀ ਇਹਨਾਂ ਤੋਂ ਭੱਜ ਪੈਂਦੇ ਸਨ। ਗਿਆਨੀ ਦਿੱਤ ਸਿੰਘ ਦੀ ਇਕ ਪੁਸਤਕ ਹੈ 'ਨੀਤੀ ਪ੍ਰਕਾਸ਼' ਜਿਹੜੀ ਪਹਿਲਾਂ ਖ਼ਾਲਸਾ ਅਖ਼ਬਾਰ ਵਿਚ ਛਪਦੀ ਰਹੀ ਹੈ। ਇਸ ਪੁਸਤਕ ਤੋਂ ਪਤਾ ਲਗਦਾ ਹੈ ਕਿ ਗਿਆਨੀ ਦਿੱਤ ਸਿੰਘ ਜੀ ਬਹੁਪੱਖੀ ਵਿਸ਼ਾਲ ਗਿਆਨ ਦੇ ਗਿਆਤਾ ਸਨ। ਉਹਨਾਂ ਨੇ ਖ਼ਾਲਸਾ ਅਖ਼ਬਾਰ ਵਿਚ ਪੰਨਾ ਚਾਰ ਤੇ 'ਨੀਤੀ ਬਚਨ' ਸਿਰਲੇਖ ਅਧੀਨ ਇਕ ਛੋਟਾ ਕਾਲਮ ਲਿਖਣਾ ਸ਼ੁਰੂ ਕੀਤਾ, ਜਿਸ ਅਧੀਨ ਜੀਵਨ ਸਦਾਚਾਰ ਸੰਬੰਧੀ ਬਹੁਤ ਹੀ ਬਹੁਮੁੱਲੇ ਬਚਨਾਂ ਦਾ ਕਥਨ ਕੀਤਾ ਜਾਂਦਾ ਸੀ।

ਇਸ ਸਿਰਲੇਖ ਹੇਠ ਦਿਲਚਸਪ ਕਹਾਣੀ ਨਾਲ ਪਾਠਕਾਂ ਨੂੰ ਆਪਣਾ ਸਦਾਚਾਰਕ ਜੀਵਨ ਅਤੇ ਵਿਵਹਾਰ ਨੂੰ ਸੁਧਾਰਨ ਦਾ ਅਮੁੱਲ ਸੁਝਾਅ ਦਿੰਦੇ ਸਨ। 'ਖ਼ਾਲਸਾ ਅਖ਼ਬਾਰ' ਵਿਚੋਂ ਕੁਝ ਉਦਾਹਰਨਾਂ ਤੋਂ ਉਹਨਾਂ ਦੀ ਗੁਰਮਤਿ ਅਤੇ ਸਦਾਚਾਰਕ ਜੀਵਨ ਬਾਰੇ ਪ੍ਰਚਾਰਕ ਵਿਧੀ ਅਤੇ ਵਿਦਵਤਾ ਦੇਖੋ:

ਦੋਹਿਰਾ

ਜਾਕੀ ਬਾਨੀ ਮੈ ਨਾਹੀਂ ਸਤ ਮਧੁਰ ਮ੍ਰਿਦ ਨਯਾਇ।
ਤਿਸਕੋ ਸੁਖ ਬਿਸ੍ਵਾਸ ਨਹਿ ਸਦ ਹੀ ਬਹੁ ਦੁਖ ਪਾਇ।
(ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪੁਰਖ ਦੀ ਜਬਾਨ ਤੇ ਸੱਚਾ, ਮਿੱਠਾ, ਨਿੰਮ੍ਰਤਾ ਅਤੇ ਨਯਾਇ ਯੁਕਤ ਬਚਨ ਨਹੀਂ ਨਿਕਲਦਾ ਸੋ ਪੁਰਖ ਨਿਸਚੇ ਕਰਕੇ ਸਦਾ ਹੀ ਦੁਖੀ ਰਹਿੰਦਾ ਹੈ, ਕਿੰਤੂ ਉਸ ਨੂੰ ਸੁਪਨੇ ਵਿਚ ਭੀ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ।[14]

'ਖ਼ਾਲਸਾ ਅਖ਼ਬਾਰ' ਵਿਚ ਇਕ ਹੋਰ ਕਾਲਮ 'ਪੱਤ੍ਰ ਪ੍ਰੇਰਕਾਂ ਦੇ ਪੱਤ੍ਰ' ਸਿਰਲੇਖ ਹੇਠ ਛਪਦਾ ਸੀ। ਪਾਠਕਾਂ ਵਲੋਂ ਜਿਹੜੇ ਪੱਤਰ ਆਉਂਦੇ ਸਨ, ਉਹਨਾਂ ਵਿਚ ਕੁਝ ਸਵਾਲ ਪੁੱਛੇ ਜਾਂਦੇ ਸਨ, ਜਿਨ੍ਹਾਂ ਦੇ ਉਤਰ ਗਿਆਨੀ ਦਿੱਤ ਸਿੰਘ ਗੁਰਮਤਿ ਦੇ ਪ੍ਰਸੰਗ ਵਿਚ ਬਹੁਤ ਹੀ ਸਚਿਆਰੇ ਢੰਗ ਨਾਲ ਦਿਆ ਕਰਦੇ ਸਨ। ਇਸ ਕਾਲਮ ਵਿਚ ਪੁੱਛੇ ਗਏ ਇਕ ਸਵਾਲ ਕਿ ਅੰਮ੍ਰਿਤੀਏ ਸਿੰਘ ਨੂੰ ਤੰਮਾਕੂ ਵੇਚਣਾ ਚਾਹੀਦਾ ਹੈ ਕਿ ਨਹੀਂ, ਇਹ ਕੰਮ ਉਸ ਨੂੰ ਯੋਗ ਹੈ ਕਿ ਨਹੀਂ? ਇਸ ਸਵਾਲ ਦਾ ਉੱਤਰ ਗਿਆਨੀ ਦਿੱਤ ਸਿੰਘ ਕਿਸ ਸੁਚੱਜੇ ਢੰਗ ਨਾਲ ਦਿੰਦੇ ਹਨ ਇਹ ਉਦਾਹਰਣ ਵੀ ਵੇਖਣਯੋਗ ਹੈ:

ਉੱਤ੍ਰ:- ਅੰਮ੍ਰਿਤ ਧਾਰੀ ਸਿੰਘ ਜੋ ਤੰਮਾਕੂ ਵੇਚਦਾ ਹੈ ਸੋ ਉਸ ਵਿਥਯਾ ਨੂੰ ਛੂੰਹਦਾ ਹੈ ਜਿਸਦਾ ਛੂਹਨਾਂ ਖਾਲਸਾ ਦੀ ਕੁਹਰਤ ਵਿਚ ਦਾਖ਼ਲ ਨਹੀਂ ਹੈ ਕਿਉਂਕਿ ਚਾਰ ਕੁਰਹਤਾਂ ਵਿਚੋਂ ਇਕ

> ਵੱਡੀ ਭਾਰੀ ਕੁਰਹਤ ਤੰਬਾਕੂ ਦੀ ਹੈ ਜਿਸ ਦੇ ਵਰਤਨੇ ਤੇ ਫਿਰ ਅੰਮ੍ਰਿਤ ਦੇ ਜੋਗ ਤਨਖਾਹੀਆ ਸਮਝਿਆ ਜਾਂਦਾ ਹੈ, ਇਸ ਵਾਸਤੇ ਤੰਬਾਕੂ ਦਾ ਵੇਚਨਾ ਇਕ ਐਸੀ ਸੰਦ ਵਸਤੂ ਦਾ ਵੇਚਨਾ ਹੈ ਜੈਸਾ ਕਿ ਰਹਤ ਬਿਬੇਕ ਵਾਲੇ ਪੁਰਖ ਨੂੰ ਜੋਗ ਨਹੀਂ ਹੈ, ਬਹੁਤ ਭਾਈ ਇਹ ਆਖਦੇ ਹਨ ਕਿ ਹੁਕਮ ਪੀਣੋ ਰੋਕਨ ਦਾ ਹੈ ਬੇਚਨੋਂ ਨਹੀਂ, ਪ੍ਰੰਤੂ ਇਹ ਐਸਾ ਹੀ ਜਵਾਬ ਹੈ ਜੈਸਾ ਕੋਈ ਹਿੰਦੂ ਅਭੱਖ ਮਾਸ ਨੂੰ ਇਸ ਦਲੀਲ ਪਰ ਵੇਚੇ ਕਿ ਸਾਨੂੰ ਖਾਣਾ ਅਜੋਗ ਹੈ ਵੇਚਨਾ ਨਹੀਂ ਹੈ, ਕਿੰਤੂ ਜਿਸ ਤਰ੍ਹਾਂ ਉਸ ਹਿੰਦੂ ਦੀ ਇਹ ਯੁਕਤੀ ਕੋਈ ਬੁਧਿਮਤ ਦੀ ਨਹੀਂ ਇਸੇ ਤਰ੍ਹਾਂ ਤਮਾਕੂ ਵੇਚਨ ਵਾਲੇ ਅੰਮ੍ਰਿਤੀਏ ਸਿੰਘ ਦੀ ਹੀ ਇਹ ਯੁਕਤੀ ਪ੍ਰਮਾਣੀਕ ਨਹੀਂ ਹੈ।[15]

ਗਿਆਨੀ ਦਿੱਤ ਸਿੰਘ ਦੀ ਸੰਪਾਦਨਾ ਹੇਠ ਖ਼ਾਲਸਾ ਅਖ਼ਬਾਰ ਵਿਚ ਸਿੱਖ ਇਤਿਹਾਸ, ਸਿੱਖ ਪਰੰਪਰਾਵਾਂ, ਸਿੱਖ ਧਰਮ, ਸਿੱਖ ਰਹੁਰੀਤਾਂ ਅਤੇ ਪੂਰਨ ਗੁਰਮਤਿ ਦਾ ਪ੍ਰਚਾਰ, ਸਿੱਖਾਂ ਵਿਚ ਫੈਲੇ ਵਹਿਮਾਂ-ਭਰਮਾਂ ਵਿਰੁੱਧ ਲਿਖਿਆ ਜਾਂਦਾ ਸੀ। ਗਿਆਨੀ ਦਿੱਤ ਸਿੰਘ ਦੀ ਸੰਪਾਦਨਾ ਹੇਠ ਇਹ ਅਖ਼ਬਾਰ ਸਿੱਖ ਧਰਮ ਦੇ ਸਹੀ ਪਰਿਪੇਖ ਦੇ ਪ੍ਰਚਾਰ ਹਿੱਤ, ਸਿੱਖਾਂ ਵਿਚ ਆਪਣੀ ਪ੍ਰਸਿੱਧੀ ਦੀ ਸਿਖਰ ਤੇ ਸੀ। ਗਿਆਨੀ ਦਿੱਤ ਸਿੰਘ ਇਸ ਅਖ਼ਬਾਰ ਰਾਹੀਂ ਅੰਤਰ-ਧਾਰਮਿਕ ਵਾਦ-ਵਿਵਾਦਾਂ ਪ੍ਰਤੀ ਵੀ ਗੁਰਮਤਿ ਦੇ ਪ੍ਰਸੰਗ ਵਿਚ ਤਰਕਮਈ ਦਲੀਲਾਂ ਰਾਹੀਂ ਲੇਖ ਲਿਖ ਕੇ ਵਿਰੋਧੀਆਂ ਨੂੰ ਮੂੰਹ ਤੋੜਵਾਂ ਜਵਾਬ ਦਿਆ ਕਰਦੇ ਸਨ। ਸਿੱਖ ਮਾਨਸਿਕਤਾ ਅਤੇ ਸਿੱਖ ਵਿਚਾਰਧਾਰਾ ਉਤੇ ਖ਼ਾਲਸਾ ਅਖ਼ਬਾਰ ਦਾ ਡੂੰਘਾ ਪ੍ਰਭਾਵ ਸੀ। ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਦੀ ਪੰਥ ਪ੍ਰਤੀ ਸੱਚੀ ਸੇਵਾ ਕਾਰਨ ਸਿੱਖ ਪੰਥ ਉਸ ਵੇਲੇ ਚੜ੍ਹਦੀਆਂ ਕਲਾਂ ਵਿਚ ਪਹੁੰਚ ਗਿਆ ਸੀ। ਗਿਆਨੀ ਦਿੱਤ ਸਿੰਘ ਦੀ ਸੰਪਾਦਨਾ ਹੇਠ 'ਖ਼ਾਲਸਾ ਅਖ਼ਬਾਰ' ਨੇ ਪਹਿਲੇ ਸਾਲ ਦੇ ਅੰਤ ਵਿਚ ਆਪਣੀ ਸੇਵਾ ਦਾ ਵੇਰਵਾ ਦੇਂਦਿਆਂ ਹੋਇਆਂ ਇਸ ਤਰ੍ਹਾਂ ਲਿਖਿਆ ਹੈ:

1. ਖ਼ਾਲਸਾ ਕੌਮ ਦੇ ਧੋਪਾਂ ਨੂੰ ਡਰ ਅਤੇ ਦਸਮ ਗੁਰੂ ਜੀ ਦੇ ਸਿੰਘਾਂ ਨੂੰ ਹੁਲਾਸ ਅਤੇ ਦ੍ਰਿੜ੍ਹਤਾ ਪੈਦਾ ਹੋ ਗਈ ਹੈ ਜਿਵੇਂ ਜੰਮੇ ਹੋਏ ਦੁੱਧ ਵਿਚ ਮਧਾਣੀ ਪਾ ਕੇ ਰਿੜਕਣ ਨਾਲ ਮੱਖਣ ਤੇ ਛਾਹ ਅੱਡ ਹੋ ਜਾਂਦੇ ਹਨ ਇਸ ਪ੍ਰਕਾਰ ਖ਼ੁਦਗਰਜ਼ ਅਤੇ ਗੁਰੂ ਕੇ ਸਿੱਖ ਅੱਡ ਅੱਡ ਨਿਤ੍ਰਦੇ ਜਾਂਦੇ ਹਨ ਆਦਿ।

2. ਜਨਮ ਸੰਸਕਾਰ ਖ਼ਾਲਸਾ ਸਿੱਖ ਅੱਡ ਅੱਡ ਨਿਤ੍ਰਦੇ ਜਾਂਦੇ ਹਨ ਆਦਿ।

3. ਪੰਜ ਵਿਆਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਖ਼ਾਲਸਾ ਧਰਮ ਅਨੁਸਾਰ ਹੋਏ।

4. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲ ਦਿਨੋ ਦਿਨ ਪ੍ਰੀਤੀ ਵਧਦੀ ਜਾ ਰਹੀ ਹੈ। ਕੌਮੀ ਮੁਹੱਬਤ ਹਰ ਇਕ ਸਿੰਘ ਦੇ ਦਿਲ ਵਿਚ ਪੈਦਾ ਹੋ ਗਈ ਹੈ।

5. ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਦੇ ਦਰਸ਼ਨੀ ਦਰਵਾਜ਼ੇ ਪਰ ਮੂਰਤੀਆਂ ਦਾ ਲਗਣਾ ਇਸ ਪਤ੍ਰ ਦੀ ਪ੍ਰਾਰਥਨਾ ਨੇ ਹਟਾਇਆ ਹੈ ਅਤੇ ਜੋ ਬੁਤ ਪ੍ਰਸਤੀ ਦਰਬਾਰ ਸਾਹਿਬ ਜੀ ਦੀਆਂ ਪਰਕਰਮਾ ਵਿਚ ਹੁੰਦੀ ਸੀ। ਉਹ ਭੀ ਇਸ ਪਤ੍ਰ ਦੀ ਪਰਾਰਥਨਾ ਨਾਲ ਘਟ ਗਈ ਹੈ।

6. ਸਭ ਤੋਂ ਵਧਕੇ ਇਸ ਪਤਰ ਨੇ ਇਹ ਕੰਮ ਕੀਤਾ ਹੈ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਜੋ ਗਦੈਲਾ ਵਿਛਾਇਆ ਜਾਂਦਾ ਸੀ ਉਹ ਇਸ ਦੇ ਉਪਦੇਸ਼ ਕਰਕੇ ਉਠਾ ਦਿੱਤਾ ਗਿਆ ਹੈ।[16]

ਖ਼ਾਲਸਾ ਅਖ਼ਬਾਰ ਵਿਚ ਪਹਿਲੇ ਸਾਲ ਹੀ ਛਪੀ ਉਪਰੋਕਤ ਰਿਪੋਰਟ ਤੋਂ ਇਹ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਗਿਆਨੀ ਦਿੱਤ ਸਿੰਘ ਦੀਆਂ ਇਸ ਪੱਤਰ ਰਾਹੀਂ ਪ੍ਰਚਾਰਕ ਵਿਧੀਆਂ ਕਿੰਨੀਆਂ ਕਾਰਜਾਤਮਕ ਰਹੀਆਂ। ਖ਼ਾਲਸਾ ਅਖ਼ਬਾਰ ਦੀ ਗੂੰਜ ਦਾ ਪ੍ਰਭਾਵ ਹੀ ਸੀ, ਜਿਸ ਨਾਲ ਪਹਿਲੇ ਸਾਲ ਹੀ ਖ਼ਾਲਸਾ ਪੰਥ ਨੇ ਗੁਰਮਤਿ ਦੀਆਂ ਰਹੁ-ਰੀਤਾਂ ਨੂੰ ਅਪਣਾਉਣਾ ਸ਼ੁਰੂ ਕਰ ਦਿੱਤਾ ਸੀ। ਬਾਬਾ ਖੇਮ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗਦੈਲਾ ਵਿਛਾਉਣੋਂ ਵੀ ਹਟ ਗਿਆ ਸੀ। ਸਿੰਘਾਂ ਵਿਚ ਖ਼ਾਲਸਾ ਅਖ਼ਬਾਰ ਦੇ ਪ੍ਰਚਾਰ ਨੇ ਜੋ ਜਾਗਰੂਕਤਾ ਪੈਦਾ ਕੀਤੀ, ਉਸਦੇ ਸਦਕਾ ਪੁਜਾਰੀਆਂ ਨੂੰ ਵੀ ਕੁਝ ਨਾ ਕੁਝ ਸੁਧਾਰ ਕਰਨ ਲਈ ਮਜਬੂਰ ਹੋਣਾ ਪਿਆ ਸੀ।

ਗਿਆਨੀ ਦਿੱਤ ਸਿੰਘ ਨੇ ਖ਼ਾਲਸਾ ਅਖ਼ਬਾਰ ਦਾ ਪ੍ਰਮੁੱਖ ਲੱਛਣ ਪ੍ਰੇਰਨਾਤਮਕ ਪ੍ਰਚਾਰਕ ਵਿਧੀ ਨਿਰਧਾਰਿਤ ਕੀਤੀ। ਇਸ ਪੱਤਰ ਵਿਚ ਪ੍ਰਚਾਰਕ ਵਿਧੀਆਂ ਦੇ ਨਾਲ-ਨਾਲ ਵਾਰਤਕ ਦੇ ਸਾਹਿਤਕ ਪੱਧਰ ਵਲ ਵੀ ਵਿਸ਼ੇਸ਼ ਧਿਆਨ ਦਿੱਤਾ ਗਿਆ।

ਇਸ ਅਖ਼ਬਾਰ ਵਿਚਲੀਆਂ ਰਚਨਾਵਾਂ, ਸਿੰਘ ਸਭਾ ਦੇ ਉਦੇਸ਼ ਮੁਤਾਬਕ ਨਿੱਗਰ ਤੇ ਪ੍ਰੇਰਨਾਦਾਇਕ ਮਸਾਲੇ ਨਾਲ ਭਰਪੂਰ ਹੁੰਦੀਆਂ ਸਨ। ਗਿਆਨੀ ਦਿੱਤ ਸਿੰਘ ਨੇ 'ਖ਼ਾਲਸਾ ਅਖ਼ਬਾਰ' ਰਾਹੀਂ ਖ਼ਾਲਸਾ ਕੌਮ ਦੇ ਉਧਾਰ ਤੇ ਸੁਧਾਰ, ਪੰਜਾਬੀ ਭਾਸ਼ਾ ਦੀ ਉੱਨਤੀ ਅਤੇ ਸਵੱਛ ਤੇ ਸੁਚੱਜਾ ਸਦਾਚਾਰਕ ਜੀਵਨ ਦ੍ਰਿਸ਼ਟੀਕੋਣ ਅਪਣਾਉਣ ਲਈ ਲਗਾਤਾਰ ਸੰਘਰਸ਼ ਜਾਰੀ ਰੱਖਿਆ। ਇਹ ਸਾਰਾ ਕੁਝ ਸਿੰਘ ਸਭਾ ਦੇ ਉਦੇਸ਼ ਮੁਤਾਬਕ ਕੀਤਾ ਜਾਂਦਾ ਸੀ। ਗਿਆਨੀ ਦਿੱਤ ਸਿੰਘ ਦੇ ਲੇਖਾਂ ਦਾ ਮੁੱਖ ਵਿਸ਼ਾ ਗੁਰਮਤਿ ਵਿਰੋਧੀ ਰੀਤਾਂ ਦਾ ਖੰਡਨ ਕਰਨਾ ਸੀ ਪਰੰਤੂ, ਇਸ ਦੇ ਨਾਲ-ਨਾਲ ਗੁਰਮਤਿ ਪੱਖੀ ਧਾਰਮਿਕ ਅਤੇ ਸਾਮਾਜਿਕ ਵਿਵਹਾਰ, ਸੁਧਾਰ, ਵਿੱਦਿਆ ਆਦਿ ਵਿਸ਼ਿਆਂ ਨਾਲ ਸੰਬੰਧਿਤ ਬਹੁ-ਪੱਖੀ ਲੇਖ ਲਿਖੇ ਅਤੇ ਹੋਰ ਵਿਦਵਾਨਾਂ ਨੂੰ ਵੀ ਗੁਰਮਤਿ ਪੱਖੀ ਤੇ ਸਦਾਚਾਰਕ ਜੀਵਨ ਪੱਖੀ ਵਿਸ਼ਿਆਂ ਤੇ ਲਿਖਣ ਲਈ ਉਤਸ਼ਾਹਿਤ ਕੀਤਾ। ਖ਼ਾਲਸਾ ਅਖ਼ਬਾਰ ਵਿਚ ਛਪਦੀ ਸਮੱਗਰੀ ਦੀ ਇਕ ਬਹੁਤ ਵੱਡੀ ਦੇਣ ਇਹ ਹੈ ਕਿ ਇਸ ਨਾਲ ਪੰਜਾਬੀ

ਬੋਲੀ ਦੀ ਠੁੱਕ ਬੱਝਣ ਲਗੀ। ਇਸ ਤੋਂ ਪਹਿਲਾਂ ਪੰਜਾਬੀ ਬੋਲੀ ਵਿਚ ਮਿਸ਼ਰਤ ਭਾਸ਼ਾ ਸਧੁੱਕੜੀ, ਸੰਸਕ੍ਰਿਤ ਜਾਂ ਬ੍ਰਿਜ ਆਦਿ ਦੀ ਸ਼ਬਦਾਵਲੀ ਨੂੰ ਤਿਲਾਂਜਲੀ ਦੇ ਦਿੱਤੀ ਗਈ। 'ਖ਼ਾਲਸਾ ਅਖ਼ਬਾਰ' ਦੀ ਇਕ ਬਹੁਤ ਵੱਡੀ ਦੇਣ ਇਹ ਹੈ ਕਿ ਇਸ ਅਖ਼ਬਾਰ ਸਦਕਾ ਹੀ ਪੰਜਾਬੀ ਦੀ ਮਿਆਰੀ ਵਾਰਤਕ ਪੈਦਾ ਹੋ ਸਕੀ। ਪੰਜਾਬੀਆਂ ਵਿਚ ਵਾਰਤਕ ਚੇਤਨਾ ਪੈਦਾ ਹੋਈ ਅਤੇ ਪੰਜਾਬੀ ਵਾਰਤਕ ਪੜ੍ਹਨ ਵਾਲਾ ਪਾਠਕ ਪੈਦਾ ਹੋਇਆ। ਭਾਵੇਂ ਗਿਆਨੀ ਦਿੱਤ ਸਿੰਘ ਦੀ 'ਖ਼ਾਲਸਾ ਅਖ਼ਬਾਰ' ਵਾਲੀ ਵਾਰਤਕ ਦਾ ਮੁੱਖ ਉਦੇਸ਼ ਧਰਮ ਪਰਚਾਰ ਸੀ ਪਰੰਤੂ, ਇਸ ਉਦੇਸ਼ ਨਾਲ 'ਇਕ ਪੰਥ ਦੋ ਕਾਜ' ਵਾਲਾ ਕੰਮ ਵੀ ਨੇਪਰੇ ਚੜ੍ਹਿਆ। ਧਰਮ ਪ੍ਰਚਾਰ ਦਾ ਮਾਧਿਅਮ ਇਹ ਪੱਤਰ ਸੀ ਪਰੰਤੂ, ਇਸ ਧਾਰਮਿਕ ਰਚਨਾ ਦੇ ਨਾਲ-ਨਾਲ ਸਾਹਿਤਕ ਕਿਰਤਾਂ ਵੀ ਹੋਂਦ ਵਿਚ ਆਉਣ ਲੱਗੀਆਂ। ਧਾਰਮਿਕ ਰਚਨਾ ਅਤੇ ਸਾਹਿਤਕ ਕਿਰਤਾਂ ਆਪਸੀ ਵਿਕਾਸ ਦਾ ਮਾਧਿਅਮ ਬਣ ਗਏ। ਇਸ ਤਰ੍ਹਾਂ ਗਿਆਨੀ ਦਿੱਤ ਸਿੰਘ ਦੀ ਕਲਮ ਨੇ ਪੰਜਾਬੀ ਵਾਰਤਕ ਦੀ ਉਸਾਰੀ ਕੀਤੀ। ਇਸ ਤੋਂ ਇਲਾਵਾ ਗਿਆਨੀ ਦਿੱਤ ਸਿੰਘ ਦੀ ਸਭ ਤੋਂ ਵੱਡੀ ਦੇਣ ਇਹ ਹੈ ਕਿ ਉਹਨਾਂ ਨੇ ਸਿੱਖ ਕੌਮ ਦੀ ਧਰਮ, ਸਮਾਜ, ਸਾਹਿਤ ਅਤੇ ਭਾਸ਼ਾ ਦੇ ਖੇਤਰਾਂ ਵਿਚ, ਸੰਕਟ ਵੇਲੇ ਪੂਰੀ ਤਨਦੇਹੀ ਅਤੇ ਮਨ ਤੇ ਧੰਨ ਨਾਲ ਅਣਥਕ ਸੇਵਾ ਕੀਤੀ ਅਤੇ ਆਪਣੀਆਂ ਸ਼ਕਤੀਸ਼ਾਲੀ ਪ੍ਰਚਾਰਕ ਰਚਨਾਵਾਂ ਰਾਹੀਂ ਸਿੱਖ ਧਰਮ ਅਤੇ ਸਿੱਖ ਸਮਾਜ ਦੀ ਖੁਰਦੀ ਜਾਂਦੀ ਸਾਖ ਨੂੰ ਬਚਾਇਆ ਹੀ ਨਹੀਂ ਸਗੋਂ, ਇਸ ਨੂੰ ਪੱਕੇ ਪੈਰੀਂ ਖੜ੍ਹਿਆਂ ਵੀ ਕੀਤਾ ਕਿਉਂਕਿ ਉਸ ਸਮੇਂ ਸਥਿਤੀ ਅਜਿਹੀ ਸੀ ਕਿ ਗਿਆਨੀ ਦਿੱਤ ਸਿੰਘ ਅਤੇ ਇਹਨਾਂ ਦੇ ਹੋਰ ਸਾਥੀਆਂ ਦੀਆਂ ਕੋਸ਼ਿਸ਼ਾਂ ਸਦਕਾ ਸਿੰਘ ਸਭਾ ਸਥਾਪਤ ਹੋਈ, ਤਾਂ ਹੀ ਈਸਾਈਆਂ ਅਤੇ ਆਰੀਆ ਸਮਾਜੀਆਂ ਦੇ ਸ਼ਕਤੀਸ਼ਾਲੀ ਪ੍ਰਚਾਰ ਸਾਹਮਣੇ ਸਿੱਖ ਕੌਮ ਆਪਣੇ ਧਰਮ, ਸਭਿਆਚਾਰ ਅਤੇ ਬੋਲੀ ਦੀ ਹੋਂਦ ਨੂੰ ਕਾਇਮ ਨਾ ਰੱਖ ਸਕਦੀ। ਸਿੰਘ ਸਭਾ ਸਥਾਪਿਤ ਹੁੰਦਿਆਂ ਹੀ ਗਿਆਨੀ ਦਿੱਤ ਸਿੰਘ ਨੇ ਇਸਦੇ ਉਦੇਸ਼ਾਂ ਮੁਤਾਬਕ ਅਣਥਕ ਮਿਹਨਤ ਕਰਕੇ ਧੜਾ-ਧੜ ਪੱਤਰ ਛਾਪੇ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਟੀਕੇ ਲਿਖੇ ਅਤੇ ਲਿਖਵਾਏ, ਸਿੱਖ ਇਤਿਹਾਸ ਸਿੱਖ ਸ਼ਹੀਦੀਆਂ ਸਿੱਖ-ਸਾਕਿਆਂ ਨੂੰ ਕਲਮਬੱਧ

ਕੀਤਾ, ਇਸ਼ਤਿਹਾਰ, ਟ੍ਰੈਕਟ ਪੁਸਤਕਾਂ ਆਦਿ ਛਾਪ ਕੇ ਸਮਾਜ ਵਿਚ ਜ਼ੋਰਦਾਰ ਪ੍ਰਚਾਰ ਕੀਤਾ, ਜਿਸ ਨਾਲ ਸਿੱਖ ਸਮਾਜ ਦੀ ਵੱਖਰੀ ਹੋਂਦ ਕਾਇਮ ਰਹਿ ਸਕੀ।

**(ੲ) ਧਾਰਮਿਕ ਸਮੱਸਿਆ ਨੂੰ ਪੇਸ਼ ਕਰਨ ਦੀ ਵਿਧੀ**

ਸਿੰਘ ਸਭਾ ਦੀ ਸਥਾਪਨਾ ਸਿੱਖ ਧਰਮ ਵਿਚੋਂ ਜ਼ਾਤਪਾਤ, ਵਹਿਮਾਂ, ਅੰਧ ਵਿਸ਼ਵਾਸਾਂ, ਨਕਲੀ ਗੁਰੂਡੰਮ੍ਹ ਅਤੇ ਪੰਜਾਬੀ ਭਾਸ਼ਾ ਅਤੇ ਸਿੱਖ ਧਾਰਮਿਕ ਸਾਹਿਤ ਦੀ ਸੁਧਾਈ ਆਦਿ ਉਦੇਸ਼ਾਂ ਨੂੰ ਲੈ ਕੇ ਕੀਤੀ ਗਈ ਸੀ। ਗਿਆਨੀ ਦਿੱਤ ਸਿੰਘ ਨੇ ਖ਼ਾਲਸਾ ਅਖ਼ਬਾਰ ਦੇ ਐਡੀਟਰ ਬਣ ਕੇ ਸਿੰਘ ਸਭਾ ਦੇ ਉਦੇਸ਼ਾਂ ਦੀ ਪੂਰਤੀ ਲਈ ਕੰਮ ਕਰਨਾ ਸ਼ੁਰੂ ਕੀਤਾ। ਇਸ ਸਮੇਂ ਸਭ ਤੋਂ ਵੱਧ ਲੋੜ ਸਿੱਖਾਂ ਨੂੰ ਆਪਣੇ ਅਸਲੀ ਵਿਰਸੇ ਤੋਂ ਜਾਣੂ ਕਰਾਉਣਾ ਅਤੇ ਇਸ ਵਿਰਸੇ ਨੂੰ ਪਛਾਨਣ ਦੀ ਸੀ ਜੋ ਗੁਰਬਾਣੀ ਨੂੰ ਆਧਾਰ ਬਣਾ ਕੇ ਹੀ ਸਮਝਿਆ ਜਾ ਸਕਦਾ ਸੀ। ਸਿੱਖਾਂ ਵਿਚ ਦੇਹਧਾਰੀ ਗੁਰੂ ਮੰਨਣ ਦੇ ਅੰਧਵਿਸ਼ਵਾਸ ਭਾਰੂ ਸਨ। ਬੇਦੀਆਂ ਅਤੇ ਸੋਢੀਆਂ ਨੂੰ ਖਾਨਦਾਨੀ ਤੌਰ ਤੇ ਗੁਰੂ ਮੰਨਣ ਦੀ ਰੀਤ ਚਲ ਰਹੀ ਸੀ। ਇਹਨਾਂ ਖਾਨਦਾਨਾਂ ਨਾਲ ਕਈ ਕਿਸਮਾਂ ਦੇ ਚੋਰ 'ਗੁਰੂ' ਵੀ ਖੁੰਬਾਂ ਵਾਂਗ ਪ੍ਰਗਟ ਹੋ ਗਏ ਸਨ। ਬਾਬਾ ਖੇਮ ਸਿੰਘ ਬੇਦੀ ਤਾਂ ਆਪਣੇ ਆਪ ਨੂੰ ਗੁਰੂ ਸਮਝ ਕੇ ਪੂਜਾ ਕਰਾਉਂਦੇ ਸਨ। ਬਾਬਾ ਖੇਮ ਸਿੰਘ, ਜਨੇਊ ਧਾਰਨਾ ਸਿੱਖੀ ਦੀ ਸਨਾਤਨੀ ਰੀਤ ਸਮਝਦੇ ਸਨ। ਉਹੋ ਜਨੇਊ ਜਿਸਨੂੰ ਗੁਰੂ ਨਾਨਕ ਜੀ ਨੇ "ਹਈ ਤਾਂ ਪਾਂਡੇ ਘੱਤਿ" ਦਾ ਉਪਦੇਸ਼ ਦੇ ਕੇ ਰੱਦ ਕਰ ਦਿੱਤਾ ਸੀ। ਗੁਰੂਡੰਮ੍ਹ ਦਾ ਵੱਡਾ ਘਾਟਾ ਇਹ ਸੀ ਕਿ ਲੋਕ ਗੁਰਬਾਣੀ ਦੇ ਗੁਰੂ ਰੂਪੀ ਸਿਧਾਂਤਾਂ ਨੂੰ ਸਮਝਣ ਤੇ ਮੰਨਣ ਦੀ ਥਾਂ, ਨਕਲੀ ਗੁਰੂਆਂ ਦੇ ਕੱਢੇ ਉਪਦੇਸ਼ਾਂ ਨੂੰ ਉੱਤਮ ਮੰਨਣ ਲਗ ਪਏ ਸਨ। ਇਸ ਤਰ੍ਹਾਂ ਗੁਰਮਤਿ ਦੇ ਸਿਧਾਂਤਾਂ ਦਾ ਸਰੂ ਪ ਵਿਖਰ ਗਿਆ ਸੀ। ਗੁਰੂਡੰਮ੍ਹ ਅਤੇ ਅਖੌਤੀ ਗੁਰੂਆਂ ਦਾ ਵੱਡਾ ਨੁਕਸਾਨ ਇਹ ਹੋ ਰਿਹਾ ਸੀ ਕਿ ਖ਼ਾਲਸਾ ਪੰਥ ਨਾਂ ਦੀ ਕੋਈ ਹਸਤੀ ਨਹੀਂ ਰਹਿ ਗਈ ਸੀ। ਗੁਰਧਾਮਾਂ, ਖਾਸ ਕਰਕੇ ਅੰਮ੍ਰਿਤਸਰ ਅਤੇ ਤਰਨਤਾਰਨ ਸਾਹਿਬ ਦੇ ਪੁਜਾਰੀ ਵੀ ਦੰਭੀ ਗੁਰੂ ਬਣੇ ਬੈਠੇ ਸਨ ਅਤੇ ਸਾਰੀਆਂ ਪੌਰਾਣਿਕ

ਰੀਤਾਂ ਨਿਭਾ ਰਹੇ ਸਨ। ਜੰਮਣ-ਮਰਣ ਤੇ ਵੀ ਗੁਰਮਤਿ ਜਾਂ ਸਿੱਖ ਰੀਤਾਂ ਤੋਂ ਉਲਟ ਬ੍ਰਾਹਮਣੀ ਰੀਤਾਂ ਨਿਭਾਈਆਂ ਜਾਂਦੀਆਂ ਸਨ।

ਇਹਨਾਂ ਹਾਲਾਤਾਂ ਤੋਂ ਇਲਾਵਾ, ਪੰਜਾਬ ਤੇ ਕਾਬਜ਼ ਹੋਏ ਅੰਗਰੇਜ਼ਾਂ ਅਤੇ ਈਸਾਈ ਮਿਸ਼ਨਰੀਆਂ ਅਤੇ ਆਰੀਆ ਸਮਾਜੀਆਂ ਨੇ ਵੀ ਸਿੱਖ ਧਰਮ ਨੂੰ ਖੋਰਾ ਲਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਵੇਲੇ ਸਿੱਖ ਸਮਾਜ ਨੂੰ ਗਿਆਨ ਦੀ ਲੋੜ ਸੀ, ਜੋ ਸਿੱਖ ਸਮਾਜ ਤੇ ਗੁਰਮਤਿ ਦੀ ਪ੍ਰਬੁੱਧਤਾ ਦੇ ਪ੍ਰਭਾਵ ਨੂੰ ਪੱਕਾ ਕਰ ਸਕੇ। ਗਿਆਨੀ ਦਿੱਤ ਸਿੰਘ ਨੂੰ ਇਹਨਾਂ ਹਾਲਾਤਾਂ ਵਿਚ ਬਹੁਤ ਸੰਘਰਸ਼ ਕਰਨਾ ਪਿਆ। ਗਿਆਨੀ ਦਿੱਤ ਸਿੰਘ ਨੇ ਇਹਨਾਂ ਹਾਲਾਤਾਂ ਵਿਚੋਂ ਸਿੱਖ ਸਮਾਜ ਨੂੰ ਕੱਢਣ ਲਈ ਉਸਾਰੂ ਅਤੇ ਗਿਆਨ ਭਰਪੂਰ ਗੁਰਮਤਿ ਪੱਖੀ ਸਾਹਿਤ ਦੀ ਰਚਨਾ ਕੀਤੀ। ਪੌਰਾਣਿਕ ਗੱਪਾਂ ਦੇ ਪੋਲ ਖੋਲ੍ਹੇ, ਵੈਦਕ ਕੁਰਬਾਨੀਆਂ ਦੇ ਘਿਨ੍ਹਾਉਣੇ ਪਿਛੋਕੜ ਦੱਸੇ। ਉਹਨਾਂ ਨੇ ਗੁਰੂ ਸਾਹਿਬਾਨਾਂ ਦੀਆਂ ਜੀਵਨੀਆਂ, ਖ਼ਾਲਸਾ ਧਰਮ ਦੀਆਂ ਵਡਿਆਈਆਂ, ਨਰੋਏ ਸਮਾਜ ਲਈ ਮਨੁੱਖੀ ਸਦਾਚਾਰਕ ਗੁਣਾਂ ਵਾਲੇ ਲੇਖ, ਭਾਸ਼ਣ ਅਤੇ ਪੁਸਤਕਾਂ ਦੀ ਰਚਨਾ ਕੀਤੀ। ਸਿੱਖੀ ਪੱਖਾਂ ਨੂੰ ਉਭਾਰਕੇ, ਵਿਉਂਤਬੰਦੀ ਅਨੁਸਾਰ ਪ੍ਰਚਾਰਨ ਤੇ ਉਭਾਰਨ ਦਾ ਅਮੋਲਕ ਕੰਮ ਕੀਤਾ। ਗਿਆਨੀ ਦਿੱਤ ਸਿੰਘ ਦੀ ਵਿਦਵਤਾ, ਕਠਿਨ ਘਾਲਣਾ, ਖ਼ਾਲਸਾ ਪੰਥ ਦੀ ਸੇਵਾ, ਲਗਨ ਆਪਣੀਆਂ ਪ੍ਰਚਾਰਕ ਰੁਚੀਆਂ ਅਤੇ ਵਿਧੀਆਂ ਰਾਹੀਂ ਸਿੱਖ ਸਮਾਜ ਨੂੰ ਸਮੇਂ ਦੀਆਂ ਤੂਫਾਨੀ ਘੁੰਮਣਘੇਰੀਆਂ ਵਿਚੋਂ ਕੱਢਣ ਦੇ ਅਣਥੱਕ ਉਪਰਾਲੇ ਕੀਤੇ। ਗੁਰਮਤਿ ਦੇ ਅਲੋਪ ਹੋ ਰਹੇ ਉਜਲੇ ਸਿਧਾਂਤਾਂ, ਨੂੰ ਨਵੇਂ ਸਿਰਿਓਂ ਉਜਾਗਰ ਕੀਤਾ। ਉਹਨਾਂ ਨੇ ਇਹ ਸਾਰਾ ਪ੍ਰਚਾਰ, ਗੁਰੂ ਘਰ ਦੇ ਪ੍ਰਸੰਗਾਂ, ਸ਼ਹੀਦੀਆਂ ਦੇ ਪ੍ਰਸੰਗਾਂ, ਨਕਲੀ ਸਿੱਖ ਪ੍ਰਬੋਧ ਆਦਿ ਬਾਰੇ ਪਹਿਲਾਂ ਲੇਖ ਲਿਖੇ ਜੋ, ਪਿਛੋਂ ਜਾ ਕੇ ਕਿਤਾਬੀ ਸ਼ਕਲਾਂ ਵਿਚ ਛਪੇ। ਗਿਆਨੀ ਦਿੱਤ ਸਿੰਘ ਨੂੰ ਕਵਿਤਾ ਅਤੇ ਵਾਰਤਕ ਲਿਖਣ ਵਿਚ ਇਕੋ ਜੇਹੀ ਸਫਲਤਾ ਅਤੇ ਮੁਹਾਰਤ ਹਾਸਲ ਸੀ। ਪ੍ਰਚਾਰ ਦਾ ਅੰਸ਼ ਹਰ ਲਿਖਤ ਵਿਚ ਸਮਾਇਆ ਹੋਇਆ ਹੁੰਦਾ ਸੀ।

ਸਮਾਜ ਦੀ ਭਲਾਈ, ਬਿਹਤਰੀ ਅਤੇ ਕਲਿਆਣ ਲਈ ਧਰਮ ਹੋਂਦ ਬਹੁਤ ਜ਼ਰੂਰੀ ਹੈ। ਜਦੋਂ ਵੀ ਕਿਸੇ ਸਮਾਜਿਕ ਮਸਲਾ ਹੁੰਦਾ ਹੈ ਜਾਂ ਸਮਾਜ ਬਾਰੇ ਕੋਈ ਦ੍ਰਿਸ਼ਟਾਂਤ ਦੇਣਾ ਹੁੰਦਾ ਹੈ ਤਾਂ ਗਿਆਨੀ ਦਿੱਤ ਸਿੰਘ ਗੁਰਬਾਣੀ ਵਲ ਮੁੱਖ ਕਰਦੇ ਹਨ ਅਤੇ ਗੁਰਬਾਣੀ ਵਿਚੋਂ ਉਦਾਹਰਨਾਂ ਦੇਂਦੇ ਹਨ। ਉਹ ਜਦੋਂ ਕੋਈ ਧਾਰਮਿਕ ਸਮੱਸਿਆ ਨੂੰ ਪੇਸ਼ ਕਰਦੇ ਹਨ ਤਾਂ ਆਪਣੀ ਗੱਲ ਦੀ ਸਪਸ਼ਟਤਾ ਲਈ ਗੁਰਬਾਣੀ ਵਿਚੋਂ 'ਸ਼ਬਦ' ਚੁਣ ਕੇ ਉਸ ਦੀ ਵਿਆਖਿਆ ਕਰਕੇ ਅਰਥਾਂ ਨੂੰ ਉਸ ਸਮੱਸਿਆ ਨਾਲ ਜੋੜ ਦੇਂਦੇ ਹਨ। 'ਸ੍ਰੀ ਗੁਰੂ ਅਰਜਨ ਪ੍ਰਬੋਧ' ਪੁਸਤਕ ਵਿਚ ਗਿਆਨੀ ਦਿੱਤ ਸਿੰਘ ਵਿਆਖਿਆ ਸਮੇਤ ਸੌਖੀ ਬੋਲੀ ਵਿਚ ਸ਼ਬਦਾਂ ਨੂੰ ਅੰਕਿਤ ਕਰਦੇ ਹਨ। ਸ਼ਬਦ ਦੇ ਸ਼ੁਰੂ ਵਿਚ ਆਪਣੇ ਵਲੋਂ ਉਪਦੇਸ਼ ਦੀਆਂ ਕੁਝ ਪੰਕਤੀਆਂ ਲਿਖਦੇ ਹਨ ਜਿਵੇਂ ਇਸ ਪੁਸਤਕ ਦੇ ਆਰੰਭ ਵਿਚ ਸ਼ਬਦ ਦੇ ਸ਼ੁਰੂ ਵਿਚ ਇਉਂ ਲਿਖਿਆ ਹੈ:

> ਇਸ ਸੰਸਾਰ ਦੇ ਲੋਗ ਇਸ ਦੁਨੀਆਂ ਪਰ ਆਕੇ ਪੁੱਤ੍ਰ, ਇਸਤ੍ਰੀ ਅਤੇ ਧਨ ਆਦਿਕ ਦੇ ਪ੍ਰਾਪਤ ਹੋਨੇ ਤੇ ਹੀ ਆਪਣੀ ਉਤਮਤਾਈ ਜਾਣਦੇ ਹਨ, ਪ੍ਰੰਤੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਇਨ੍ਹਾਂ ਗ੍ਰਿਹਸਤ ਵਿਚ ਖੱਚਤ ਪੁਰਸ਼ਾਂ ਦੀ ਕਲਯਾਨ ਲਈ ਇਹ ਉਪਦੇਸ਼ ਕਰਦੇ ਹਨ।[17]

ਇਸ ਤੋਂ ਅੱਗੇ ਗੁਰਬਾਣੀ ਦਾ ਸੰਬੰਧਿਤ ਸ਼ਬਦ ਲਿਖ ਦੇਂਦੇ ਹਨ ਅਤੇ ਫਿਰ ਉਸ ਸ਼ਬਦ ਦੇ ਅਰਥ ਲਿਖਦੇ ਹਨ ਅਤੇ ਅੰਤ ਵਿਚ ਪਾਠਕਾਂ ਦਾ ਧਿਆਨ ਖਿੱਚਣ ਲਈ ਉਸ ਸ਼ਬਦ ਨੂੰ ਆਦਰਸ਼ਕ ਬਣਾ ਕੇ ਆਪਣੇ ਵਲੋਂ ਇਕ ਟਿੱਪਣੀ ਪ੍ਰਸ਼ਨ ਰੂਪ ਵਿਚ ਲਿਖਦੇ ਹਨ:

> ਕਿਆ ਇਸ ਗੁਰੂ ਸ਼ਬਦ ਤੇ ਭਰੋਸਾ ਰੱਖਨੇ ਵਾਲੇ ਸੱਜਨ ਵੀ ਕਦੀ ਨਾਸ਼ਵੰਤ ਮਾਇਕੀ ਪਦਾਰਥਾਂ ਦੇ ਰਸਾਂ ਵਿਚ ਖਿੱਚਤ ਹੋ ਕੇ ਸਤਿਗੁਰੂ ਤੋਂ ਬੇ-ਮੁੱਖ ਹੋ ਬੈਠਣਗੇ?[18]

ਗਿਆਨੀ ਦਿੱਤ ਸਿੰਘ ਦੁਆਰਾ ਸਮੱਸਿਆ ਨੂੰ ਪੇਸ਼ ਕਰਨ ਦਾ ਇਹ ਢੰਗ ਪਾਠਕਾਂ ਦੇ ਦਿਲਾਂ ਨੂੰ ਟੁੰਬਣ ਵਾਲਾ ਹੈ। ਕਿਸੇ ਸਾਹਿਤਕ ਕਿਰਤ ਦਾ ਲਾਭ ਤਾਂ ਹੀ ਹੁੰਦਾ ਹੈ, ਜੇਕਰ ਉਹ ਕਿਰਤ ਸਾਡੇ ਦਿਲ-ਦਿਮਾਗ ਨੂੰ ਝੰਜੋੜ ਦੇਵੇ ਅਤੇ ਸਾਡੇ ਅਮਲ ਲਈ ਆਪਣੀ ਅਮਿੱਟ ਛਾਪ ਸਾਡੇ ਮਨ ਅੰਦਰ ਛੱਡੇ, ਇਸ ਪੱਖੋਂ ਗਿਆਨੀ ਦਿੱਤ ਸਿੰਘ ਦੀਆਂ ਬਹੁਤੀਆਂ ਲਿਖਤਾਂ ਸੰਪੂਰਨ ਹਨ।

ਸਿੱਖ ਧਰਮ ਉਤੇ ਅੰਦਰਲੇ ਖਤਰਿਆਂ ਤੋਂ ਇਲਾਵਾ ਬਾਹਰੋਂ ਵੀ ਹਮਲੇ ਹੋਣ ਲੱਗ ਪਏ ਸਨ। 'ਆਰੀਆ ਸਮਾਜ' ਦੇ ਮੋਢੀ 'ਸਾਧੂ ਦਯਾ ਨੰਦ' ਨੇ ਇਕ ਪੁਸਤਕ, 'ਸਤਿਆਰਥ ਪ੍ਰਕਾਸ਼' ਲਿਖੀ ਸੀ, ਜਿਸ ਵਿਚ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਨ ਦੇ ਉਲਟ ਕੁਝ ਸ਼ਬਦ ਲਿਖੇ ਹੋਏ ਸਨ। ਗਿਆਨੀ ਦਿੱਤ ਸਿੰਘ ਨੇ ਇਸ ਧਾਰਮਿਕ ਸਮੱਸਿਆ ਨੂੰ ਬਹੁਤ ਹੀ ਕਰੜੇ ਹੱਥਾਂ ਨਾਲ ਲਿਆ ਅਤੇ ਸਿੱਖ ਕੌਮ ਦੇ ਦਰਦ ਨੂੰ ਪਛਾਣਦੇ ਹੋਏ 'ਦੰਭ ਵਿਦਾਰਨ' ਨਾਂ ਦੀ ਪੁਸਤਕ ਲਿਖੀ, ਜਿਸ ਵਿਚ ਸਾਧੂ ਦਯਾ ਨੰਦ ਦੀਆਂ ਮਨਘੜ੍ਹਤ ਗੱਲਾਂ ਦਾ ਪਰਦਾ ਫਾਸ਼ ਕੀਤਾ ਹੋਇਆ ਹੈ। ਗਿਆਨੀ ਦਿੱਤ ਸਿੰਘ ਨੇ ਸਾਧੂ ਦਯਾ ਨੰਦ ਦੀਆਂ ਗੱਲਾਂ ਦਾ ਜਵਾਬ ਬਹੁਤ ਹੀ ਦਲੀਲ ਯੁਕਤ ਢੰਗ ਨਾਲ ਦਿੱਤਾ ਅਤੇ ਉਹਨਾਂ ਦਾ ਪੂਰੀ ਤਰ੍ਹਾਂ ਖੰਡਨ ਕਰਕੇ ਉਸ ਨੂੰ ਬੁੱਧੀ ਰਹਿਤ ਆਦਮੀ ਸਿੱਧ ਕੀਤਾ। ਗਿਆਨੀ ਦਿੱਤ ਸਿੰਘ ਜੀ ਸਾਧੂ ਦਯਾ ਨੰਦ ਬਾਰੇ ਇਉਂ ਲਿਖਦੇ ਹਨ:

> ਸਾਧੂ ਜੀ ਇਤਨੀ ਬੁੱਧੀ ਨਹੀਂ ਰੱਖਦੇ ਸਨ ਜਿਤਨੀ ਕੁ ਲੋਕ ਖਯਾਲ ਕਰਦੇ ਹਨ। ਪ੍ਰੰਤੂ ਵੇਦਾਂ ਦੀ ਵਿੱਦਿਆ ਨੂੰ ਚੰਗਾ ਜਾਣਦੇ ਸਨ, ਇਹ ਹੋਰ ਬਾਤ ਹੈ ਕਿਉਂਕਿ ਵਿੱਦਿਆ ਦਾ ਹੋਨਾਂ ਹੋਰ ਵਸਤੂ ਹੈ ਅਰ ਬੁਧਿ ਦਾ ਹੋਨਾ ਹੋਰ ਬਾਤ ਹੈ।[19]

ਗਿਆਨੀ ਦਿੱਤ ਸਿੰਘ ਸੱਚ ਨੂੰ ਸੱਚ ਕਹਿਣ ਦੀ ਹਿੰਮਤ ਰੱਖਦੇ ਸਨ। ਉਹਨਾਂ ਨੇ ਭਾਵੇਂ ਸਾਧੂ ਦਯਾ ਨੰਦ ਨੂੰ ਬੁਧੀ ਰਹਿਤ ਸਿੱਧ ਕੀਤਾ ਪਰੰਤੂ, ਨਾਲ ਹੀ ਨਾਲ ਉਹਨਾਂ ਦੀ ਵੇਦਾਂ ਪ੍ਰਤੀ

ਵਿੱਦਿਆ ਨੂੰ ਠੀਕ ਮੰਨਦੇ ਹਨ। ਸਾਧੂ ਦਯਾ ਨੰਦ ਨੂੰ ਸੰਵਾਦ ਵਿਚ ਉਨ੍ਹਾਂ ਨੇ ਤਿੰਨ ਵਾਰ ਅੱਗੇ ਲਾਇਆ। ਵੇਦਾਂ ਦੇ ਗਿਆਤਾ ਸਾਧੂ ਦਯਾ ਨੰਦ ਵਰਗੇ ਆਦਮੀ ਨੂੰ ਅੱਗੇ ਲਾਉਣ ਤੋਂ ਗਿਆਨੀ ਦਿੱਤ ਸਿੰਘ ਦੀ ਵਿਦਵਤਾ ਦਾ ਸਹਿਜੇ ਹੀ ਪਤਾ ਲਗ ਜਾਂਦਾ ਹੈ ਕਿ ਉਹਨਾਂ ਵਿਚ ਕਿਸੇ ਵੀ ਸਮੱਸਿਆ ਨੂੰ ਦਲੀਲ ਨਾਲ ਸੁਲਝਾਉਣ ਦੀ ਹਿੰਮਤ ਸੀ।

ਗਿਆਨੀ ਦਿੱਤ ਸਿੰਘ ਨੇ ਸਿੱਖ ਧਰਮ ਦੀ ਮਹਾਨਤਾ ਨੂੰ ਦਰਸਾਉਣ ਲਈ ਅਤੇ ਸਿੱਖ ਧਰਮ ਬਾਰੇ ਗ਼ਲਤ ਧਾਰਨਾਵਾਂ ਦੀ ਸਹੀ ਵਿਆਖਿਆ ਕਰਨ ਲਈ 'ਨਕਲੀ ਸਿੱਖ ਪ੍ਰਬੋਧ' ਨਾਂ ਦੀ ਪੁਸਤਕ ਲਿਖੀ। ਇਸ ਪੁਸਤਕ ਵਿਚ ਉਹ ਦੋ ਪਾਤਰਾਂ, ਇਕ ਅਸਲੀ ਅਤੇ ਦੂਜਾ ਨਕਲੀ ਸਿੱਖ ਦਾ ਸੰਵਾਦ ਰਚਾਉਂਦੇ ਹਨ। ਇਸ ਪ੍ਰਸ਼ਨੋਤਰੀ-ਸੰਵਾਦਕ ਵਿਧੀ ਰਾਹੀਂ ਉਹ ਤਤਕਾਲੀ ਸਿੱਖ ਸਮਾਜ ਵਿਚ ਫੈਲੀਆਂ ਧਾਰਮਿਕ ਕੁਰੀਤੀਆਂ ਦਾ ਜ਼ਿਕਰ ਕਰਦੇ ਹਨ। ਉਸ ਵੇਲੇ ਦੇ ਸਿੱਖ ਆਪਣੇ ਧਰਮ, ਵਿਰਸੇ ਅਤੇ ਰਹਿਤ-ਮਰਯਾਦਾ ਨੂੰ ਭੁੱਲ ਕੇ ਹਿੰਦੂ ਧਰਮ ਦੀਆਂ ਫੋਕੀਆਂ ਰਹੁ-ਰੀਤਾਂ ਅਤੇ ਵਹਿਮਾਂ-ਭਰਮਾਂ ਵਿਚ ਜਕੜੇ ਹੋਏ ਸਨ। ਇਸ ਪੁਸਤਕ ਰਾਹੀਂ ਇਹਨਾਂ ਧਾਰਮਿਕ ਸਮੱਸਿਆਵਾਂ ਨੂੰ ਸੁਲਝਾਉਣ ਅਤੇ ਗੁਰੂ ਸਾਹਿਬਾਨ ਦੇ ਦਰਸਾਏ ਰਾਹ ਉੱਪਰ ਚਲਣ ਲਈ ਸਿੱਖਾਂ ਨੂੰ ਸੁਚੇਤ ਪੱਧਰ ਤੇ ਪ੍ਰੇਰਿਤ ਕੀਤਾ ਹੈ। ਗਿਆਨੀ ਦਿੱਤ ਸਿੰਘ ਨੇ ਇਸ ਪੁਸਤਕ ਵਿਚ ਸਿੱਖ ਕਦਰਾਂ-ਕੀਮਤਾਂ ਨੂੰ ਮੁੜ ਸੁਰਜੀਤ ਕਰਨ ਦਾ ਇਕ ਸਫਲ ਯਤਨ ਕੀਤਾ ਹੈ। ਇਸ ਕਿਤਾਬ ਵਿਚ ਸਿੱਖ ਧਰਮ ਤੋਂ ਇਲਾਵਾ ਸਾਰੇ ਧਰਮਾਂ ਦਾ ਸਾਰ ਹੀ ਸੰਖੇਪਿਤ ਕਰ ਦਿੱਤਾ ਹੈ ਅਤੇ ਸਿੱਖ ਧਰਮ ਦੀ ਸਿਰਮੌਰਤਾ ਬਹੁਤ ਹੀ ਦਲੀਲਮਈ ਸੰਵਾਦ ਰਾਹੀਂ ਪ੍ਰਗਟਾਈ ਹੈ। ਗਿਆਨੀ ਦਿੱਤ ਸਿੰਘ ਨੇ ਇਸ ਪੁਸਤਕ ਵਿਚ ਵੀ ਕਵਿਤਾ ਅਤੇ ਵਾਰਤਕ ਦੋਹਾਂ ਰੂਪਾਂ ਨੂੰ ਰਚਿਆ ਹੈ। ਕਈ ਵਿਸ਼ਿਆਂ ਨੂੰ ਚਰਚਾ ਤੇ ਪ੍ਰਸ਼ਨੋਤਰ ਵਿਧੀ ਰਾਹੀਂ ਦ੍ਰਿਸ਼ਟੀਗੋਚਰ ਕੀਤਾ ਹੈ। ਇਸ ਪੁਸਤਕ ਵਿਚ ਮੰਗਲਾਚਰਨ ਤੋਂ ਬਾਅਦ ਹਿੰਦੂ, ਮੁਸਲਮਾਨ ਅਤੇ ਈਸਾਈਆਂ ਦਾ ਹਾਲ ਅਤੇ ਉਹਨਾਂ ਦੇ ਧਰਮ ਬਾਰੇ ਜੋ ਵਿਸ਼ੇਸ਼ਤਾਈਆਂ ਮੰਨੀਆਂ ਜਾਂਦੀਆਂ ਹਨ, ਉਹ ਦੱਸੀਆਂ ਹਨ ਅਤੇ ਫਿਰ ਸਿੱਖਾਂ ਬਾਰੇ ਅਤੇ ਸਿੱਖੀ ਦੇ ਮੂਲ ਸਿਧਾਂਤਾਂ ਨੂੰ ਪ੍ਰਗਟਾਇਆ ਹੈ। ਜਨੇਊ ਦਾ ਵਿਰੋਧ

ਜਾਂ ਮੂਰਤੀ ਪੂਜਾ ਦਾ ਖੰਡਨ ਕਰਕੇ ਖ਼ਾਲਸਾ ਪੰਥ ਦੇ ਉੱਚ ਗੁਣਾਂ ਨੂੰ ਗੁਰਬਾਣੀ ਦੇ ਨੁਕਤਿਆਂ ਨਾਲ ਰੁਸ਼ਨਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਰਚਿਤ 'ਬਚਿਤ੍ਰ ਨਾਟਕ' ਵਿਚ ਹਵਾਲੇ ਦੇ ਕੇ ਗਿਆਨੀ ਦਿੱਤ ਸਿੰਘ ਅਵਤਾਰ ਪੂਜਾ ਜਾਂ ਮਾਨਸ ਪੂਜਾ ਦਾ ਵਿਰੋਧ ਕਰਕੇ ਇਕ ਅਕਾਲ ਪੁਰਖ ਨੂੰ ਮੰਨਣ ਲਈ ਦ੍ਰਿਸ਼ਟਾਂਤ ਦੇਂਦੇ ਹਨ।

> ਫੇਰ ਇਹ ਉਪਦੇਸ਼ ਕੀਤਾ ਕਿ ਤੁਹਾਡਾ ਉਪਾਸਧ ਅਰਥਾਤ ਪੂਜਨ ਯੋਗਯ ਇਕ ਅਕਾਲ ਪੁਰਖ ਹੀ ਹੈ ਉਸਤੇ ਬਿਨਾਂ ਕਿਸੇ ਹੋਰ ਵਿਸ਼ੇਸ਼ ਪੁਰਖ ਨੂੰ ਆਪਣਾ ਪਰਮੇਸ੍ਵਰ ਨਾ ਮੰਨ ਲੈਣਾ, ਜੈਸਾ ਕਿ ਹਿੰਦੁਸਤਾਨ ਵਿਚ ਮਾਨਸ ਪੂਜਾ ਦਾ ਪਰਚਾਰ ਹੋ ਗਿਆ ਹੈ ਅਤੇ ਪਰਮੇਸ੍ਵਰ ਦਾ ਅਵਾਤਰ ਮੰਨ ਕੇ ਉਨ੍ਹਾਂ ਪੁਰਸ਼ਾਂ ਨੂੰ ਪੂਜਦੇ ਹਨ ਜਿਨ੍ਹਾਂ ਨੇ ਸੰਸਾਰ ਵਿਚ ਆ ਕੇ ਕੁਝ ਜੰਗ ਆਦਿਕ ਕਰਮ ਕੀਤੇ ਸਨ; ਸੋ ਤੁਸਾਂ ਇਕ ਕਰਤਾਰ ਨੂੰ ਹੀ ਆਪਣਾ ਸ੍ਵਾਮੀ ਜਾਨਣਾ ਅਤੇ ਮੈਂ ਏਸੇ ਵਾਸਤੇ ਅਕਾਲ ਪੁਰਖ ਦੀ ਆਗਿਆ ਨਾਲ ਸੰਸਾਰ ਪਰ ਆਇਆ ਹਾਂ ਜੋ ਬੁੱਤ ਪਰਸਤੀ ਅਤੇ ਪੁਰਖ ਨੂੰ ਪਰਮੇਸ੍ਵਰ ਦਾ ਅਵਤਾਰ ਮੰਨ ਕੇ ਮਾਨਸ ਪਰਸਤੀ ਦਾ ਨਾਸ ਕਰਾਂ।[20]

ਦੋ ਪਾਤਰ-ਸੰਵਾਦ ਵਿਧੀ ਨੂੰ ਹੀ ਗਿਆਨੀ ਦਿੱਤ ਸਿੰਘ ਨੇ ਆਪਣੀ ਪੁਸਤਕ 'ਗੁਰਮਤਿ ਆਰਤੀ ਪ੍ਰਬੋਧ' ਵਿਚ ਵਰਤਿਆ ਹੈ। ਗੁਰੂ ਨਾਨਕ ਸਾਹਿਬ ਨੇ ਧਾਰਮਿਕ ਅਡੰਬਰ ਭਰਪੂਰ ਆਰਤੀ ਦਾ ਵਿਰੋਧ ਕੀਤਾ ਸੀ। ਸਿੱਖਾਂ ਵਿਚ ਜਾਂ ਉਸ ਵੇਲੇ ਕਈ ਗੁਰਧਾਮਾਂ ਵਿਚ ਆਰਤੀ ਨਾਲ ਪੂਜਾ ਕੀਤੀ ਜਾਂਦੀ ਸੀ। ਇਸ ਧਾਰਮਿਕ ਕੁਰੀਤੀ ਨੂੰ ਦੂਰ ਕਰਨ ਲਈ ਉਹਨਾਂ ਨੇ ਇਹ ਪੁਸਤਕ ਲਿਖੀ। ਗਿਆਨੀ ਦਿੱਤ ਸਿੰਘ ਨੇ ਆਪਣੀ ਗੱਲ ਨੂੰ ਸਪਸ਼ਟ ਕਰਨ ਲਈ 'ਮਿਲ ਗੋਭਾ ਸਿੰਘ ਅਤੇ ਖ਼ਾਲਸਾ' ਨਾਂ ਦੇ ਦੋ ਪਾਤਰਾਂ ਦਾ ਆਪਸੀ ਸੰਵਾਦ ਜਾਂ ਵਾਰਤਾਲਾਪ ਰਚਾ ਕੇ

'ਆਰਤੀ ਪੂਜਾ' ਦੀ ਕੁਰੀਤੀ ਦਾ ਵਿਰੋਧ ਕੀਤਾ ਹੈ। ਮਿਲਗੋਭਾ ਸਿੰਘ, ਸਿੱਖੀ ਭੇਸ ਵਿਚ ਮਨਮਤੀਆ ਸਿੱਖ ਹੈ। ਦੂਜਾ ਪਾਤਰ 'ਖ਼ਾਲਸਾ' ਗੁਰਮਤਿ ਮਰਯਾਦਾ ਦਾ ਪਾਲਕ ਹੈ ਅਤੇ ਉਹ ਗੁਰਮਤਿ ਪ੍ਰਤੀ ਪੂਰਨ ਸਚੇਤ ਗੁਰਮੁਖ ਪਾਤਰ ਹੈ। ਗਿਆਨੀ ਦਿੱਤ ਸਿੰਘ ਦਾ ਮੱਤ ਹੈ ਕਿ ਅਗਿਆਨਤਾ ਹੀ ਕੁਰੀਤੀਆਂ ਦਾ ਮੂਲ ਕਾਰਨ ਹੈ। ਗੁਰੂ ਨਾਨਕ ਰਚਿਤ ਬਾਣੀ ਵਿਚ ਹਿੰਦੂ ਧਰਮ ਦੇ ਅਸਥਾਨਾਂ ਵਿਚ ਕੀਤੀ ਜਾਂਦੀ ਆਰਤੀ ਉਤੇ ਟਿੱਪਣੀ ਕੀਤੀ ਗਈ ਹੈ ਅਤੇ ਇਹ ਦ੍ਰਿੜ੍ਹ ਕਰਵਾਇਆ ਗਿਆ ਹੈ ਕਿ ਪਰਮਾਤਮਾ ਦੀ ਆਰਤੀ ਵਿਚ ਤਾਂ ਸਾਰੀ ਸ੍ਰਿਸ਼ਟੀ ਲੱਗੀ ਹੋਈ ਹੈ। ਗਿਆਨੀ ਦਿੱਤ ਸਿੰਘ ਵੇਲੇ ਸਿੱਖ ਧਰਮ ਵਿਚੋਂ ਗੁਰਮਤਿ ਮਰਿਯਾਦਾ ਖ਼ਤਮ ਹੁੰਦੀ ਜਾ ਰਹੀ। ਇਹਨਾਂ ਗੁਰਮਤਿ ਵਿਰੋਧੀ ਕੁਰੀਤੀਆਂ ਨੂੰ ਦੂਰ ਕਰਨ ਲਈ ਗਿਆਨੀ ਜੀ ਨੇ ਅਣਥਕ ਯਤਨ ਕੀਤੇ। ਸਿੱਖ ਗੁਰਧਾਮਾਂ ਵਿਚ ਹੋ ਰਹੀ ਇਸ ਕੁਰੀਤੀ ਨੇ ਗਿਆਨੀ ਦਿੱਤ ਸਿੰਘ ਦਾ ਉਚੇਚੇ ਤੌਰ ਤੇ ਧਿਆਨ ਖਿੱਚਿਆ ਅਤੇ 'ਗੁਰਮਤਿ ਆਰਤੀ ਪ੍ਰਬੋਧ' ਨਾਂ ਦੀ ਪੁਸਤਕ ਲਿਖ ਮਾਰੀ, ਜਿਸ ਵਿਚ ਸਾਰੀ ਸਥਿਤੀ ਨੂੰ ਪ੍ਰਗਟਾਉਣ ਉਪਰੰਤ 'ਮਿਲਗੋਭਾ ਸਿੰਘ ਅਤੇ ਖ਼ਾਲਸਾ' ਨਾਂ ਦੇ ਦੋ ਪਾਤਰਾਂ ਦਾ ਆਪਸੀ ਸੰਵਾਦ ਰਾਹੀਂ ਆਰਤੀ-ਖੰਡਨ ਕੀਤਾ ਹੈ।

ਗਿਆਨੀ ਦਿੱਤ ਸਿੰਘ ਧਾਰਮਿਕ ਸਮੱਸਿਆਵਾਂ ਨੂੰ ਦੋ ਪਾਤਰਾਂ ਦੇ ਦਿਲਚਸਪ ਸੰਵਾਦੀ ਵਾਰਤਾਲਾਪ ਰਾਹੀਂ ਪੇਸ਼ ਕਰਕੇ ਆਪਣੇ ਨਿੱਜੀ ਅਨੁਭਵ ਅਤੇ ਵਿਦਵਤਾ ਸਦਕਾ ਸਥਿਤੀ ਨੂੰ ਰੌਚਿਕਤਾ ਭਰਪੂਰ ਬਣਾ ਕੇ ਅਸਲ ਸਮੱਸਿਆਵਾਂ ਨੂੰ ਸੁਲਝਾਉਂਦੇ ਸਨ ਜਾਂ ਉਹਨਾਂ ਦਾ ਹੱਲ ਪੇਸ਼ ਕਰਦੇ ਸਨ। ਗਿਆਨੀ ਦਿੱਤ ਸਿੰਘ ਦਾ ਮੁੱਖ ਉਦੇਸ਼ ਸਿੱਖ ਸਮਾਜ ਅਤੇ ਸਿੱਖ ਧਰਮ ਨੂੰ ਸੁਧਾਰਨਾ ਸੀ। ਗਿਆਨੀ ਦਿੱਤ ਸਿੰਘ ਧਾਰਮਿਕ ਸਮੱਸਿਆ ਨੂੰ ਪੇਸ਼ ਕਰਨ ਲਈ ਸੰਬੋਧਨਮਈ ਵਾਰਤਕ ਸ਼ੈਲੀ ਦੀ ਵਰਤੋਂ ਕਰਦੇ ਸਨ। ਸੰਬੋਧਨਮਈ ਵਾਰਤਕ ਸ਼ੈਲੀ ਦੀਆਂ ਦੋ ਵੰਨਗੀਆਂ ਗਿਆਨੀ ਦਿੱਤ ਸਿੰਘ ਨੇ ਅਪਣਾਈਆਂ। ਪਹਿਲੀ ਵੰਨਗੀ ਇਹ ਹੈ ਕਿ ਉਹ ਸਿੱਧੇ ਤੌਰ ਤੇ ਪਾਠਕ ਜਾਂ ਸ੍ਰੋਤੇ ਨੂੰ ਮੁਖ਼ਾਤਿਬ ਹੁੰਦੇ ਹਨ। ਜਿਵੇਂ:

> ਮੇਰੇ ਪਯਾਰੇ ਪਾਠਕੋ ਜੋ ਕੁਛ ਮੈਂ ਇਸ ਪੋਥੀ ਵਿਚ ਲਿਖਿਆ ਹੈ ਸੋ ਕੋਈ ਕਿੱਸਾ ਕਹਾਣੀ ਯਾ ਕਿਸੇ ਤਰ੍ਹਾਂ ਦਿਲ ਦੇ ਪਰਚਾਵੇ ਦੀ ਕਥਾ ਨਹੀਂ ਹੈ, ਪਰੰਤੂ ਇਸ ਵਿਚ ਉਹਨਾਂ ਕ੍ਰਿਤਘਨਾਂ ਪੁਰਸਾਂ ਦਾ ਵਰਣਨ ਹੈ।[21]

ਧਾਰਮਿਕ ਸਮੱਸਿਆਵਾਂ ਨੂੰ ਪੇਸ਼ ਕਰਨ ਲਈ, ਇਸ ਸੰਬੋਧਨ ਮਈ ਸ਼ੈਲੀ ਦੀ ਦੂਜੀ ਵੰਨਗੀ ਉਹ ਹੈ, ਜਿਸ ਵਿਚ ਭਾਵੇਂ ਸੰਬੋਧਨ ਸਿੱਧੇ ਤੌਰ ਤੇ ਪਾਠਕ/ਸ੍ਰੋਤੇ ਨੂੰ ਆਕਰਸ਼ਿਤ ਜ਼ਰੂਰ ਕਰਦੇ ਹਨ। ਇਹ ਵੰਨਗੀ 'ਪਯਾਰੇ, ਹੇ, ਭਾਈ' ਆਦਿ ਸੰਬੋਧਨਮਈ ਸ਼ਬਦਾਂ ਦੀ ਹੈ। ਜਿਵੇਂ:

> ਭਾਈ ਉਹ ਕਿਕੂੰ ਖੋਲ ਕੇ ਦੱਸ ਮੇਰੀ ਬੁਧ ਵਿਚ ਇਹ ਗਲ ਨਹੀਂ ਆਈ ਜੋ ਤੈ ਆਖੀ ਹੈ।[22]

ਗਿਆਨੀ ਦਿੱਤ ਸਿੰਘ ਸਮੱਸਿਆ ਨੂੰ ਦੋ ਪਾਤਰੀ-ਸੰਵਾਦੀ ਵਿਧੀ ਰਾਹੀਂ ਪੇਸ਼ ਕਰਨ ਲਗਿਆਂ,ਬੋਲੀ ਵੀ ਪਾਤਰਾਂ ਅਨੁਸਾਰ ਸਰਲ ਅਤੇ ਜਨਸਧਾਰਣ ਵਾਲੀ ਵਰਤਦੇ ਹਨ। ਉਪਰਲੀ ਵਾਰਤਾਲਾਪ ਵਿਚ ਉਹ ਸੰਬੋਧਨਮਈ ਵਾਰਤਕ ਦੀ ਵਰਤੋਂ ਵੀ ਕਰਦੇ ਹਨ ਤਾਂ ਜੋ ਪਾਠਕ/ਸ੍ਰੋਤਿਆਂ ਤੇ ਗਲਬਾਤ ਦਾ ਬੱਝਵਾਂ ਪ੍ਰਭਾਵ ਪੈ ਸਕੇ। 'ਮੇਰਾ ਤੇ ਸਾਧੂ ਦਯਾ ਨੰਦ ਦਾ ਸੰਵਾਦ', 'ਗੁਰਮਤਿ ਆਰਤੀ ਪ੍ਰਬੋਧ', 'ਡਰਪੋਕ ਸਿੰਘ', 'ਨਕਲੀ ਸਿੱਖ ਪ੍ਰਬੋਧ' ਆਦਿ ਪੁਸਤਕਾਂ ਵਿਚ ਗਿਆਨੀ ਦਿੱਤ ਸਿੰਘ ਸੰਬੋਧਨਮਈ ਅਤੇ ਸੰਵਾਦਾਤਮਕ ਵਾਰਤਕ ਸ਼ੈਲੀ ਦੀ ਵਰਤੋਂ ਕਰਕੇ ਸਮੱਸਿਆ ਨੂੰ ਪੇਸ਼ ਕਰਦੇ ਹਨ ਅਤੇ ਇਸ ਸੰਵਾਦ ਰਾਹੀਂ ਹੀ ਉਸ ਸਮੱਸਿਆ ਦਾ ਗੁਰਬਾਣੀ ਅਤੇ ਗੁਰਮਤਿ ਦੇ ਆਧਾਰ ਤੇ ਸਫਲ ਹੱਲ ਸੁਝਾਉਂਦੇ ਹਨ।

'ਦੁਰਗਾ ਪ੍ਰਬੋਧ' ਗਿਆਨੀ ਦਿੱਤ ਸਿੰਘ ਦੀ ਇਕ ਵੱਡ ਆਕਾਰੀ ਪਦ ਅਤੇ ਗੱਦ ਦੋਹਾਂ ਸਾਹਿਤਕ ਰੂਪਾਂ ਵਿਚ ਲਿਖੀ ਪੁਸਤਕ ਹੈ। ਇਸ ਪੁਸਤਕ ਵਿਚ ਆਪ ਨੇ ਉਸ ਧਾਰਮਿਕ ਸਮੱਸਿਆ ਨੂੰ ਪੇਸ਼ ਕੀਤਾ ਹੈ, ਜੋ ਉਸ ਵੇਲੇ ਗੁਰੂ ਗੋਬਿੰਦ ਸਿੰਘ ਬਾਰੇ ਪ੍ਰਚਲਤ ਸੀ ਕਿ ਗੁਰੂ ਜੀ ਦੁਰਗਾ ਦੇ ਪੁਜਾਰੀ ਸਨ। ਇਸ ਪੁਸਤਕ ਦਾ ਉਦੇਸ਼ ਉਸ ਵੇਲੇ ਲੋਕਾਂ ਵਿਚ ਫੈਲੇ ਇਸ

ਅੰਧ-ਵਿਸ਼ਵਾਸ ਨੂੰ ਦੂਰ ਕਰਨਾ ਸੀ। ਇਸ ਅੰਧ-ਵਿਸ਼ਵਾਸ ਤਹਿਤ ਹੀ ਉਸ ਵੇਲੇ ਗੁਰਧਾਮਾਂ ਵਿਚ ਮੂਰਤੀਆਂ ਦੀ ਸਥਾਪਨਾ ਹੋਣੀ ਸ਼ੁਰੂ ਹੋ ਗਈ ਸੀ, ਕਿਉਂਕਿ ਉਸ ਵੇਲੇ ਆਰੀਆ ਸਮਾਜੀਆਂ ਵਲੋਂ ਇਹ ਪ੍ਰਚਾਰ ਕੀਤਾ ਜਾ ਰਿਹਾ ਸੀ ਕਿ ਸਿੱਖ ਹਿੰਦੂਆਂ ਦੀ ਇਕ ਸ਼ਾਖਾ ਹੈ ਅਤੇ ਇਹ ਹਿੰਦੂ ਹੀ ਸਨ।[23] ਇਸ ਵੇਲੇ ਸਿੱਖ ਧਰਮ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ, ਇਹਨਾਂ ਅੰਧ ਵਿਸ਼ਵਾਸਾਂ ਅਤੇ ਗ਼ਲਤ ਪ੍ਰਚਾਰ ਦਾ ਮੂੰਹ ਤੋੜਵਾਂ ਜਵਾਬ ਦੇਣਾ ਜ਼ਰੂਰੀ ਸੀ। ਇਸ ਲਈ ਗਿਆਨੀ ਦਿੱਤ ਸਿੰਘ ਨੇ ਇਸ ਵੱਡ ਆਕਾਰੀ ਪੁਸਤਕ ਵਿਚ ਗੁਰੂ ਗੋਬਿੰਦ ਸਿੰਘ ਬਾਰੇ ਚੰਡੀ ਦੇਵੀ ਪੂਜਾ ਦੇ ਅੰਧ ਵਿਸ਼ਵਾਸ ਦਾ ਖੰਡਨ ਕੀਤਾ ਹੈ ਅਤੇ ਸਿੱਖ ਧਰਮ ਦੀ ਵੱਖਰੀ ਹੋਂਦ ਨੂੰ ਬਰਕਰਾਰ ਰੱਖਿਆ ਹੈ। ਗੁਰੂ ਗੋਬਿੰਦ ਸਿੰਘ ਨੂੰ ਚੰਡੀ ਦਾ ਪੁਜਾਰੀ ਸਿੱਧ ਕਰਕੇ ਉਸ ਵੇਲੇ ਆਰੀਆ ਸਮਾਜੀ ਇਹ ਪ੍ਰਚਾਰ ਕਰ ਰਹੇ ਸਨ ਕਿ ਜਿਸ ਖਾਲਸੇ ਦੀ ਸਿਰਜਣਾ ਗੁਰੂ ਗੋਬਿੰਦ ਸਿੰਘ ਨੇ ਕੀਤੀ, ਉਹ ਹਿੰਦੂ ਧਰਮ ਦੀ ਰੱਖਿਆ ਲਈ ਕੀਤੀ ਗਈ ਸੀ, ਇਸ ਲਈ ਉਹ ਹਿੰਦੂ ਧਰਮ ਦੀ ਹੀ ਇਕ ਸ਼ਾਖ ਹੈ। ਗਿਆਨੀ ਦਿੱਤ ਸਿੰਘ ਨੇ ਇਸ ਵਿਚ ਵਿਆਖਿਆਮਈ ਅਤੇ ਬਿਰਤਾਂਤਕ ਵਾਰਤਕ ਸ਼ੈਲੀ ਰਾਹੀਂ ਇਹ ਸਪੱਸ਼ਟ ਕੀਤਾ ਹੈ ਕਿ ਗੁਰੂ ਗੋਬਿੰਦ ਸਿੰਘ ਦੁਰਗਾ ਦੇ ਨਹੀਂ ਸਗੋਂ ਸ਼ਕਤੀ ਦੇ ਪੁਜਾਰੀ ਸਨ। ਗਿਆਨੀ ਦਿੱਤ ਸਿੰਘ ਨੇ ਇਸ ਪੁਸਤਕ ਵਿਚ ਇਤਿਹਾਸਕ ਹਵਾਲਿਆਂ ਨਾਲ ਸਿੱਧ ਕੀਤਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਤਾਂ ਸਗੋਂ ਲੋਕਾਂ ਨੂੰ ਦੇਵੀ ਪੂਜਨ ਤੋਂ ਹਟਾਇਆ। ਉਹਨਾਂ ਨੇ ਮੁਨਸ਼ੀ ਗੁਲਾਮ ਮੁਹੱਈਯੁਦ ਦੀਨ, ਜੋ ਉਸ ਵੇਲੇ ਦਾ ਮੁਗਲ ਪਾਤਸ਼ਾਹ ਦਾ ਖੁਫੀਆ ਰਿਪੋਰਟਰ ਸੀ ਅਤੇ ਉਸ ਨੇ ਦਿੱਲੀ ਪਾਤਸ਼ਾਹ ਕੋਲ ਲਿਖ ਕੇ ਰਿਪੋਰਟ ਭੇਜੀ, ਜਿਸ ਵਿਚ ਇਹ ਦੱਸਿਆ ਗਿਆ ਹੈ ਕਿ ਅੱਜ ਦਸਵੇਂ ਗੁਰੂ ਨੇ ਸਾਰੀ ਸੰਗਤ ਰਾਜੇ ਅਤੇ ਪਹਾੜੀ ਰਾਣਿਆਂ ਸਮੇਤ ਕੱਠੀ ਕਰਕੇ ਆਪਣਾ ਤੀਸਰਾ ਖ਼ਾਲਸਾ ਪੰਥ ਸਾਜਨਾ ਚਾਇਆ ਹੈ, ਇਹ ਫ਼ਾਰਸੀ ਲਿਖਤ ਇਸ ਪੁਸਤਕ ਵਿਚ ਗੁਰਮੁਖੀ ਲਿਪੀ ਵਿਚ ਲਿਖੀ ਗਈ ਹੈ ਅਤੇ ਇਸ ਲਿਖਤ ਦਾ ਭਾਵ ਗਿਆਨੀ ਦਿੱਤ ਸਿੰਘ ਨੇ ਇਉਂ ਲਿਖਿਆ ਹੈ:

ਇਸ ਮੁਲਕ ਦੇ ਲੋਗ ਸਾਰੇ ਇਕ ਧਰਮ ਵਾਲੇ ਹੋ ਜਾਨ ਅਰ ਦਵੈਤ ਅਪਨੇ ਵਿਚੋਂ ਉਠਾ ਦੇਨ, ਚਾਹੇ ਬਰਨ ਹਿੰਦੂ ਦੇ ਜੈਸਾ ਬ੍ਰਾਹਮਨ, ਛੱਤ੍ਰੀ, ਸੂਦ੍ਰ ਅਤੇ ਵੈਸ਼ ਜਿਨਾ ਦਾ ਜੁਦਾ ਜੁਦਾ ਧਰਮ ਸਾਸਤ੍ਰ ਮੁਕਰਰ ਹੈ, ਉਹ ਸਭ ਉਨ੍ਹਾਂ ਨੂੰ ਛੱਡ ਕੇ ਇਕ ਪ੍ਰੇਮ ਦਾ ਰਸਤਾ ਅੰਗੀਕਾਰ ਕਰਨ ਅਤੇ ਆਪਸ ਵਿਚ ਭਾਈ ਹੋ ਜਾਨ ਅਰ ਇਕ ਆਦਮੀ ਅਪਨੇ ਭਾਈ ਦੂਜੇ ਤੋਂ ਵੱਡਾ ਖਿਆਲ ਨਾ ਕਰੇ, ਅਰ ਇਸ ਅਮਲ ਨੂੰ ਉਠਾ ਕੇ ਗੰਗਾ ਆਦਿ ਤੀਰਥ ਜਿਨ੍ਹਾਂ ਦਾ ਵੇਦ ਸਾਸਤ੍ਰ ਵਿਚ ਵੱਡਾ ਅਦਬ ਹੈ ਦਿਲ ਤੇ ਦੂਰ ਕਰਨ ਅਤੇ ਸਵਾਇ ਗੁਰੂ ਨਾਨਕ ਅਰ ਦੂਸਰੇ ਗੁਰੂਆਂ ਦੇ ਕਿਸੇ ਅਵਤਾਰ ਜੈਸਾ ਕਿ ਰਾਮ, ਕ੍ਰਿਸ਼ਨ ਅਤੇ ਬ੍ਰਹਮਾ ਅਰ ਦੇਵੀ ਆਦਿਕ ਨੂੰ ਨਾ ਮੰਨਨ, ਅਤੇ ਮੇਰੀ ਪਾਹੁਲ ਲੈ ਕੇ ਚਾਰੇ ਬਰਨਾਂ ਦੇ ਆਦਮੀ ਇਕ ਬਰਤਨ ਵਿਚ ਭੋਜਨ ਛਕਨ, ਅਰ ਇਕ ਦੂਜੇ ਤੇ ਨਫਰਤ ਨਾ ਕਰਨ।

ਜਦ ਅਜੇਹੇ ਬਹੁਤ ਸਾਰੇ ਬਚਨ ਕਹੇ ਅਤੇ ਸਿੱਖਾਂ ਨੇ ਸੁਨੇ ਤਦ ਬਹੁਤ ਸਾਰੇ ਬ੍ਰਾਹਮਨ ਅਤੇ ਛੱਤ੍ਰੀ ਉਠ ਖੜੇ ਹੋਏ ਅਰ ਆਖਨ ਲੱਗੇ ਕਿ ਅਸੀਂ ਗੁਰੂ ਨਾਨਕ ਅਤੇ ਦੂਸਰੇ ਗੁਰੂਆਂ ਦੇ ਕਾਇਲ ਹਾਂ ਜੋ ਮਜਹਬ ਵੇਦ ਸਾਸਤ੍ਰ ਤੇ ਉਲਟ ਹੈ ਉਸਨੂੰ ਹਰਗਿਜ਼ ਨਹੀਂ ਮੰਨੋਗੇ, ਅਰ ਉਸ ਪੁਰਾਣੇ ਧਰਮ ਨੂੰ ਜੋ ਵੱਡਿਆਂ ਦੇ ਵੇਲੇ ਚੌਂ ਚਲਿਆ ਆਉਂਦਾ ਹੈ, ਇਕ ਬਾਲਕ ਦੇ ਆਖੇ ਨਹੀਂ ਛਡੇਂਗੇ।

ਭਾਵੇਂ ਬਹੁਤ ਆਦਮੀ ਇਨਕਾਰੀ ਹੋ ਗਏ ਪਰੰਤੂ ਫਿਰ ਭੀ ਬੀਹ ਹਜ਼ਾਰ ਆਦਮੀਆਂ ਨੇ ਖੜੇ ਹੋ ਕੇ ਆਖਿਆ ਕਿ ਅਸੀਂ

ਗੁਰੂ ਦੀ ਆਗਿਆ ਪਰ ਖੁਸ਼ ਹਾਂ, ਜਿਸ ਤੇ ਉਹ ਸਰਧਾਲੂ ਹੋ ਗਏ।।

" ਇਸ ਦੂਸਰੇ ਮਜ਼ਹਬ ਵਾਲੇ ਦੀ ਗਾਵਹੀ ਸਾਨੂੰ ਅੱਛੀ ਤਰ੍ਹਾਂ ਦਸਦੀ ਹੈ ਕਿ ਅੰਮ੍ਰਿਤ ਛਕਾਉਣ ਅਤੇ ਪੰਥ ਸਾਜਨੇ ਦੇ ਸਮਯ ਪਰ ਕਲਗੀਧਰ ਮਹਾਰਾਜ ਨੇ ਉਸ ਸਮਯ ਬੇਸ਼ੁਮਾਰ ਆਦਮੀਆਂ ਵਿਚ ਕਿਸ ਤਰ੍ਹਾਂ ਵੱਡੇ ਜ਼ੋਰ ਨਾਲ ਅਪਨਾ ਹੁਕਮ ਸੁਨਾਇਆ ਸਾ, ਜਿਸ ਵਿਚ ਅੱਛੀ ਤਰ੍ਹਾਂ ਪ੍ਰਗਟ ਕਰ ਦਿੱਤਾ ਸਾ ਕਿ ਤੁਸੀਂ ਹਿੰਦੂ ਧਰਮ ਨੂੰ ਉਸ ਦੇ ਸਾਸਤ੍ਰਾਂ ਸਮੇਤ ਇਕੋ ਵੇਰ ਛੱਡ ਦੇਵੋ ਅਰ ਚਾਰੇ ਬਰਨਾ ਦਾ ਰਸਤਾ ਮੇਟ ਕੇ ਇਕੋ ਜੇਹੇ ਭਾਈ ਬਨਕੇ ਇਕ ਥਾਲ ਵਿਚ ਭੋਜਨ ਛਕੋ। ਇਸੇ ਤਰ੍ਹਾਂ ਰਾਮ ਕਿਸਨ ਅਤੇ ਦੇਵੀ ਆਦਿਕ ਦਾ ਮੰਨਨਾ ਛਡ ਕੇ ਕੇਵਲ ਗੁਰੂਆਂ ਪਰ ਭਰੋਸਾ ਰੱਖੋ।। ਇਸ ਵਾਸਤੇ ਸਾਫ ਪਾਇਆ ਜਾਂਦਾ ਹੈ ਕਿ ਜੇ ਗੁਰੂ ਜੀ ਮਹਾਰਾਜ ਦੇਵੀ ਦਾ ਪੂਜਨ ਕਰਦੇ ਅਰ ਉਸਤੋਂ ਵਰ ਮੰਗਦੇ ਤਾਂ ਜ਼ਰੂਰੀ ਨਾ ਕਿ ਆਖਦੇ ਜੇ ਤੁਸੀਂ ਦੇਵੀ ਦਾ ਪੂਜਨ ਕਰਨਾ। ਪ੍ਰੰਤੂ ਦੂਸਰੇ ਮਜਹਬ ਵਾਲੇ ਦੀ ਤਾਰੀਖ ਇਸ ਬਾਤ ਦੀ ਬਿਨਾਂ ਕਿਸੇ ਪੱਖਪਾਤ ਦੇ ਗਵਾਹੀ ਦੇਂਦੀ ਹੈ ਕਿ ਗੁਰੂ ਜੀ ਨੇ ਸਿੱਖਾਂ ਨੂੰ ਦੇਵੀ ਦੇ ਪੂਜਨ ਤੇ ਹਟਾਇਆ ਸਾ। [24]

ਗਿਆਨੀ ਦਿੱਤ ਸਿੰਘ ਨੇ 'ਮੁਨਸ਼ੀ ਗੁਲਾਮ ਮੁਹਈਯੁਦੀਨ ਦੀ ਤਾਰੀਖ ਫ਼ਾਰਸੀ' ਵਿਚੋਂ ਉਪਰੋਕਤ ਹਵਾਲੇ ਨਾਲ ਇਹ ਸਪੱਸ਼ਟ ਕੀਤਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਦੀ ਵੀ ਕਿਸੇ ਦੇਵੀ ਦੀ ਪੂਜਾ ਨਹੀਂ ਕੀਤੀ। 'ਦੁਰਗਾ ਪ੍ਰਬੋਧ' ਪੁਸਤਕ ਵਿਚ ਵੀ ਗਿਆਨੀ ਦਿੱਤ ਸਿੰਘ ਨੇ ਗਿਆਨੀ ਗਿਆਨ ਸਿੰਘ ਦੇ ਨਵੇਂ ਪੰਥ ਪ੍ਰਕਾਸ਼ ਵਿਚੋਂ, ਦੂਜੇ ਗੁਰੂਆਂ ਦੀ ਬਾਣੀ ਵਿਚੋਂ, ਭਾਈ

ਗੁਰਦਾਸ ਦੀ ਬਾਣੀ ਵਿਚੋਂ, ਪੀਪੇ ਭਗਤ ਦੀ ਸਾਖੀ ਰਾਹੀਂ, ਸਾਧੂ ਸੰਤਾਂ ਦੇ ਨਿਸ਼ਚੇ ਆਦਿ ਸਿਰਲੇਖਾਂ ਹੇਠ ਗੁਰਮਤਿ ਦੀ ਦ੍ਰਿਸ਼ਟੀ ਤੋਂ ਦੇਵੀ ਪੂਜਨ ਦੀ ਨਿਖੇਧੀ ਕਰਨ ਉਪਰੰਤ, 'ਦੇਵੀ ਨਾ ਪ੍ਰਗਟ ਹੋਨ ਪਰ ਸ਼ਕਤੀਆਂ ਲਿਖੀਆਂ ਹਨ। ਗਿਆਨੀ ਦਿੱਤ ਸਿੰਘ 'ਤੱਤ ਖ਼ਾਲਸਾ' ਰਾਹੀਂ ਆਪਣੀਆਂ ਦਲੀਲਾਂ ਨਾਲ ਦੁਰਗਾ ਭਗਤ ਨੂੰ ਖ਼ਾਲਸਾ ਬਣਾ ਦਿੰਦਾ ਹੈ। ਇਸ ਪੁਸਤਕ ਵਿਚ ਪੂਜਨ ਦੇ ਵਿਸ਼ੇ ਉਤੇ ਵਿਭਿੰਨ ਪੱਖਾਂ ਤੋਂ ਭਰਪੂਰ ਜਾਣਕਾਰੀ ਦਿੱਤੀ ਹੈ, ਜੋ ਗਿਆਨੀ ਦਿੱਤ ਸਿੰਘ ਦੇ ਸਰਵਪੱਖੀ ਗਿਆਨ ਅਤੇ ਵਿਦਵਤਾ ਵਿਚ ਨਿਪੁੰਨਤਾ ਨੂੰ ਦਰਸਾਉਂਦੀ ਹੈ।

'ਡਰਪੋਕ ਸਿੰਘ' ਪੁਸਤਕ ਵਿਚ ਵੀ ਗਿਆਨੀ ਦਿੱਤ ਸਿੰਘ ਨੇ ਇਸ ਸਮੱਸਿਆ ਨੂੰ ਲਿਆ ਹੈ ਕਿ ਕੀ ਮੁਸਲਮਾਨਾਂ ਨੂੰ ਅੰਮ੍ਰਿਤ ਛਕਾ ਕੇ ਸਿੱਖ ਬਣਾਇਆ ਜਾ ਸਕਦਾ ਹੈ? ਅਤੇ ਨਾਲ ਹੀ ਜ਼ਾਤ-ਪਾਤ ਦਾ ਵੀ ਖੰਡਨ ਕੀਤਾ ਹੈ ਕਿਉਂਕਿ ਸਿੱਖ ਧਰਮ ਵਿਚ ਜ਼ਾਤ-ਪਾਤ ਲਈ ਕੋਈ ਥਾਂ ਨਹੀਂ ਅਤੇ ਸਿੱਖ ਧਰਮ ਨੂੰ ਠੀਕ ਪ੍ਰਸੰਗ ਵਿਚ ਪ੍ਰਚਾਰਨ ਹਿੱਤ ਅਜਿਹੀਆਂ ਜ਼ੋਰਦਾਰ ਲਿਖਤਾਂ ਲਿਖੀਆਂ ਹਨ। ਗੁਰਮਤਿ ਪ੍ਰਚਾਰ ਲਈ ਤਰਕਮਈ ਵਿਚਾਰਧਾਰਾ ਨੂੰ ਅਪਣਾਇਆ ਹੈ। ਇਸ ਪੁਸਤਕ ਵਿਚ ਦੋ ਪਾਤਰਾਂ, ਡਰਪੋਕ ਸਿੰਘ ਅਤੇ ਦਲੇਰ ਸਿੰਘ ਦਾ ਸੰਵਾਦ ਰਚਾਇਆ ਗਿਆ ਹੈ। ਗਿਆਨੀ ਦਿੱਤ ਸਿੰਘ ਨੇ ਕਈ ਥਾਵਾਂ ਤੇ ਗੁਰਮਤਿ ਪੱਖੀ ਬਿਰਤਾਂਤਮਈ ਵਾਰਤਕ ਸ਼ੈਲੀ ਦੀ ਵਰਤੋਂ ਕੀਤੀ। ਉਦਾਹਰਣ ਵਜੋਂ:

> ਦਲੇਰ ਸਿੰਘ - ਭਾਈ ਉਹ ਇਹ ਬਾਤ ਹੈ ਜੋ ਇਕ ਵੇਰ ਗੁਰੂ ਅਰਜਨ ਦੇਵ ਜੀ ਲਹੌਰ ਵਿਚ ਆਏ ਸਨ ਅਤੇ ਮੀਆਂ ਮੀਰ ਫ਼ਕੀਰ ਜੋ ਵੱਡਾ ਪਰਤਾਪੀ ਸੀ ਜਿਸ ਦੇ ਨਾਉਂ ਪਰ ਲਹੌਰ ਛਾਉਨੀ ਅਤੇ ਦੋ ਰੇਲਵੇ ਸਟੇਸ਼ਨ ਹਨ ਉਹ ਗੁਰੂ ਜੀ ਦਾ ਦਿਲੀ ਮਿਤ੍ਰ ਸੀ ਅਤੇ ਸ਼ਰਧਾਲੂ ਸਾ, ਉਹ ਸੁਨਿ ਕੈ ਦਰਸ਼ਨ ਲਈ ਆਇਆ ਪਰ ਜਦ ਉਹ ਡੇਰੇ ਪੁੱਜਾ ਤਾਂ ਗੁਰੂ ਜੀ ਅਗੇ ਪ੍ਰਸਾਦਿ ਛਕਦੇ ਸੇ ਜਿਸ ਪਰ ਉਸਨੈ ਇਹ ਸਮਝ ਕੇ ਕਿ ਦੇਖੀਏ ਜੋ ਇਹ

ਜਾਤਪਾਤ ਦੇ ਬੰਧਨ ਤੋਂ ਕਿਥੋਂ ਤਕ ਛੁਟੇ ਹੋਏ ਹਨ, ਆਖਯਾ ਕਿ ਮੈਂ ਇਸ ਸਮੇਂ ਅੰਦਰ ਆਇ ਜਾਵਾਂ। ਤਦ ਗੁਰੂ ਜੀ ਨੇ ਆਗਯਾ ਦਿਤੀ ਕਿ ਅਜੇ ਨਾ ਕੁਝ ਦੇਰ ਤਕ ਠਹਰੋ। ਤਦ ਉਸ ਨੇ ਜਾਣ ਲੀਤਾ ਕਿ ਇਹ ਗੁਰੂ ਪੂਰਾ ਨਹੀਂ ਹੈ ਕਿਉਂਕਿ ਇਹ ਹਿੰਦੂਪੁਣੇ ਦੇ ਅਭਮਾਨ ਦੇ ਪੂਰੇ ਪੂਰੇ ਬੰਧੇ ਹੋਏ ਹਨ। ਜਦ ਪ੍ਰਸਾਦਿ ਛਕ ਹਟੇ ਤਦ ਆਗਯਾ ਦਿਤੀ ਕਿ ਸਾਈ ਜੀ ਅਗੇ ਆ ਜਾਓ। ਜਦ ਉਹ ਆਇਆ ਤਾਂ ਵੱਡੇ ਸਤਿਕਾਰ ਨਾਲ ਬਠਾਇਆ ਜਦ ਬੈਠ ਗਿਆ ਤਦ ਆਖਯਾ ਕਿ ਗੁਰੂ ਜੀ ਮਾਲੂਮ ਹੁੰਦਾ ਹੈ ਜੋ ਆਪ ਦੇ ਚਿੱਤ ਵਿਚ ਹਿੰਦੂਪੁਣੇ ਦਾ ਅਭਿਮਾਨ ਹੈ ਜਿਸ ਤੇ ਤੁਸੀਂ ਮੈਨੂੰ ਰੋਕ ਦਿੱਤਾ ਸੀ ਤਦ ਗੁਰੂ ਜੀ ਨੇ ਕਿਹਾ ਕਿ ਸਾਨੂੰ ਤਾਂ ਹਿੰਦੂ ਮੁਸਲਮਾਨ ਦੋਨੋਂ ਇਕ ਪਰਮੇਸਰ ਦੀ ਰਚਨਾ ਦਿਸੇ ਹਨ ਅਤੇ ਜੁਦਾਈ ਨਹੀਂ ਪ੍ਰਤੀਤ ਹੁੰਦੀ ਇਸ ਪਰ ਮੀਆਂ ਜੀ ਨੇ ਕਿਹਾ ਕਿ ਜੇ ਜੁਦਾਈ ਨਹੀਂ ਸੀ ਤਾਂ ਮੈਨੂੰ ਰੋਟੀ ਖਾਨੇ ਵੇਲੇ ਕਯੋਂ ਰੋਕਯਾ ਸੀ। ਤਦ ਗੁਰੂ ਜੀ ਹਸ ਕੇ ਬੋਲੇ ਕਿ ਸਾਈਂ ਜੀ ਜਦ ਤੁਸੀਂ ਅਪਨੇ ਚਿਤ ਵਿਚ ਖ਼ੁਦਾ ਦੀ ਪਾਕ ਜ਼ਾਤ ਨੂੰ ਛੱਡ ਕੇ ਮੁਸਲਮਾਨ ਪਣਾ ਲੈ ਆਂਦਾ ਅਤੇ ਆਉਨੋ ਰੁਕ ਗਏ ਤਦ ਮੈਂ ਮੁਸਲਮਾਨ ਨੂੰ ਰਸੋਈ ਛਕਨੇ ਪਰ ਪਾਸ ਬਠਾਲਨਾ ਅੱਛਾ ਨਾ ਜਾਤਾ।[25]

ਧਾਰਮਿਕ ਸਮੱਸਿਆ ਨੂੰ ਪੇਸ਼ ਕਰਨ ਦੀ ਇਹ ਬਿਰਤਾਂਤਕ ਵਾਰਤਕ ਸ਼ੈਲੀ ਪਾਠਕਾਂ/ਸਰੋਤਿਆਂ ਤੇ ਜਾਦੂਮਈ ਪ੍ਰਭਾਵਾਤਮਕ ਅਸਰ ਕਰਦੀ ਹੈ। ਸਾਹਿਤ ਵਿਚ ਕਲਾਕਾਰ ਦੀ ਅਜਿਹੀ ਨਿੱਜੀ ਸ਼ੈਲੀ ਦਾ ਬਹੁਤ ਮਹੱਤਵ ਹੁੰਦਾ ਹੈ।

ਸਾਧੂ ਦਯਾ ਨੰਦ ਨੇ 'ਸਤਿਆਰਥ ਪ੍ਰਕਾਸ਼' ਨਾਂ ਦੀ ਪੁਸਤਕ ਵਿਚ ਸਿੱਖਾਂ ਪ੍ਰਤੀ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ। ਇਸ ਪੁਸਤਕ ਦੀ ਸੰਪਾਦਨਾ ਨਾਲ ਸਿੱਖ ਜਗਤ ਵਿਚ ਵਾਵਰੋਲਾ ਖੜਾ ਹੋ ਗਿਆ ਸੀ। ਗਿਆਨੀ ਦਿੱਤ ਸਿੰਘ ਨੇ ਇਸ ਪੁਸਤਕ ਦੇ ਵਿਰੋਧ ਵਿਚ 'ਦੰਭ ਵਿਦਾਰਨ' ਨਾਂ ਦੀ ਪੁਸਤਕ ਦੀ ਰਚਨਾ ਕੀਤੀ। ਭਾਵੇਂ ਇਹ ਪੁਸਤਕ ਗਿਆਨੀ ਦਿੱਤ ਜੀ ਦੇ ਅਕਾਲ ਚਲਾਣੇ ਮਗਰੋਂ ਪ੍ਰਕਾਸ਼ਿਤ ਹੋਈ ਪਰੰਤੂ, ਇਹ ਪੁਸਤਕ ਸਿੱਖ ਹਲਕਿਆਂ ਵਿਚ ਬਹੁਤ ਪ੍ਰਸਿੱਧ ਹੋਈ। ਇਸ ਪੁਸਤਕ ਵਿਚ ਗਿਆਨੀ ਜੀ ਨੇ ਸਵਾਮੀ ਦਯਾ ਨੰਦ ਦੀ 'ਵਿਦਵਤਾ' ਦਾ ਖੂਬ ਪਾਜ ਉਘਾੜਿਆ ਹੈ। ਉਹਨਾਂ ਨੇ ਹਿੰਦੂ ਧਾਰਮਿਕ ਗ੍ਰੰਥਾਂ ਵਿਚੋਂ ਪ੍ਰਮਾਣ ਦੇ ਕੇ ਸਵਾਮੀ ਦਯਾ ਨੰਦ ਦੀਆਂ ਲਿਖਤਾਂ ਨੂੰ ਨਕਾਰਿਆ। ਸਾਧੂ ਦਯਾ ਨੰਦ ਦੁਆਰਾ 'ਅਗਨੀ ਹੋਤ੍ਰ' ਤਰਪਣ ਕਰਨ ਦੀ ਵਿਧੀ, ਬਲਿ ਦੇਨ ਦੀ ਵਿਧੀ, ਸੰਧਯਾ ਤ੍ਰਿਕਾਲ, ਨਿਯੋਗ ਕਰਨ ਦਾ ਪ੍ਰਚਾਰ ਆਦਿ ਵਿਸ਼ਿਆਂ ਉਤੇ ਲਿਖਤਾਂ ਨੂੰ ਵਿਚਾਰ ਕੇ ਇਹ ਸਿੱਧ ਕੀਤਾ ਕਿ ਸਾਧੂ ਦਯਾ ਨੰਦ ਦੇ ਵਿਚਾਰਾਂ ਵਿਚ ਨਾ ਕੋਈ ਤਰਕ ਹੈ ਅਤੇ ਨਾ ਹੀ ਉਨ੍ਹਾਂ ਦਾ ਕੋਈ ਦਾਰਸ਼ਨਿਕ ਆਧਾਰ ਹੈ। ਉਹਨਾਂ ਨੇ ਸਖ਼ਤ ਤੇ ਵਿਅੰਗਮਈ ਸ਼ਬਦਾਂ ਵਿਚ ਸਵਾਮੀ ਜੀ ਦੇ ਵਿਚਾਰਾਂ ਦਾ ਖੰਡਨ ਕੀਤਾ ਅਤੇ ਇਹ ਸਿੱਧ ਕੀਤਾ ਕਿ ਸਵਾਮੀ ਜੀ ਦੀ ਨਾ ਕੋਈ ਸਪੱਸ਼ਟ ਵਿਚਾਰਧਾਰਾ ਸੀ ਅਤੇ ਨਾ ਹੀ ਉਹ ਆਪਣੇ ਇਰਾਦੇ ਤੇ ਦ੍ਰਿੜ੍ਹ ਸਨ, ਜਿਵੇਂ:

> ਸਾਧੂ ਜੀ ਦੇ ਇਸ ਸਾਰੇ ਕਥਨ ਤੇ ਇਹ ਪ੍ਰਤੀਤ ਹੋ ਜਾਂਦਾ ਹੈ ਕਿ ਉਨ੍ਹਾਂ ਦਾ ਅਪਨਾ ਨਿਸ਼ਚਾ ਅਜੇ ਤਕ ਪੂਰਾ ੨ ਕਿਸੇ ਬਾਤ ਪਰ ਨਾ ਸਾ ਅਰ ਉਹ ਨਹੀਂ ਜਾਨਦੇ ਸਨ ਕਿ ਅਸੀਂ ਕਿਸ ਪ੍ਰਕਾਰ ਇਸ ਯੱਗ ਵਿਧੀ ਦਾ ਨਿਰਬਾਹ ਕਰਾਂਗੇ, ਪਰੰਤੂ ਜਦ ਇਹ ਖਯਾਲ ਕਰਦੇ ਸੇ ਕੇ ਵੇਦ ਅਤੇ ਬ੍ਰਾਹਮਣ ਵਿਚ ਅਸ਼੍ਵ ਮੇਧ ਅਤੇ ਗੋ ਮੇਧ ਆਦਿਕ ਦਾ ਕਰਨਾਂ ਲਿਖਯਾ ਹੈ ਤਦ ਤਾਂ ਇਹ ਸਾਬਤ ਕਰਦੇ ਸਨ ਕੇ ਗਊ ਆਦਿਕ ਦਾ ਮਾਰਨਾਂ ਕੋਈ ਪਾਪ ਨਹੀਂ,

> ਕਿੰਤੂ ਜਦ ਉਹ ਇਹ ਖਯਾਲ ਕਰਦੇ ਸਨ ਕਿ ਇਸ ਘਰਦੇ ਭੂਖਨ ਅਰ ਦੌਲਤ ਅਤੇ ਉੱਤਮ ਗੁਣਾਂ ਵਾਲੇ ਪਸ਼ੂ ਨੂੰ ਮਾਰਨਾ ਇਕ ਵੱਡੀ ਭਾਰੀ ਹਾਨੀ ਹੈ, ਉਹ ਇਹ ਲਿਖਦੇ ਸਨ ਕੇ ਇਸ ਨੂੰ ਮਾਰਨਾ ਨਹੀਂ ਚਾਹੀਦਾ ਕਿੰਤੂ ਇਹ ਵੱਡਾ ਲਾਭਦਾਇਕ ਪਸ਼ੂ ਹੈ, ਜਿਸਤੇ ਡਰਦੇ ਡਰਦੇ ਵੇਦ ਮ੍ਰਯਾਦਾ ਨੂੰ ਭੀ ਕਾਇਮ ਰੱਖਨਾਂ ਚਾਹੁੰਦੇ ਸਨ ਅਤੇ ਸਾਥ ਹੀ ਅਪਨੇ ਦਿਆ ਵਾਲੇ ਸੁਭਾਵ ਤੇ ਭੀ ਗਊ ਪਾਲਨੇ ਪਰ ਧਯਾਨ ਆਉਂਦਾ ਸਾ, ਸੋ ਇਹ ਪ੍ਰਸੰਗ ਉਨ੍ਹਾਂ ਦੀ ਘਬਰਾਹਟ ਪ੍ਰਗਟ ਕਰਦਾ ਹੈ।।[26]

ਗਿਆਨੀ ਦਿੱਤ ਸਿੰਘ ਨੇ ਆਰੀਆ ਸਮਾਜੀਆਂ ਵਲੋਂ ਸਿੱਖ ਧਰਮ ਉਤੇ ਹੁੰਦੇ ਹਮਲਿਆਂ ਦਾ ਉੱਤਰ ਦੇਣ ਲਈ ਅਜਿਹੇ ਗ੍ਰੰਥਾਂ ਦੀ ਰਚਨਾ ਕੀਤੀ ਅਤੇ ਵਿਦਵਾਨ ਸਿੱਖਾਂ ਦੇ ਮੋਹਰੀ ਬਣ ਕੇ ਵਿਰੋਧੀਆਂ ਦੀ ਹਰ ਕੋਝੀ ਹਰਕਤ ਨੂੰ ਤਰਕ ਅਤੇ ਦਲੀਲ ਦੇ ਆਧਾਰ ਤੇ ਨਕਾਰਾ ਕਰ ਦੇਂਦੇ ਸਨ। ਆਪ ਸਿੱਖ ਧਰਮ ਵਿਰੋਧੀ ਪ੍ਰਚਾਰ ਨੂੰ ਗੁਰਮਤਿ ਦੇ ਪ੍ਰਸੰਗ ਵਿਚ ਵਿਚਾਰ ਕੇ ਅਤੇ ਉਸ ਵਿਚਾਰ ਦੇ ਵਿਰੋਧ ਵਿਚ ਤਕੜੀਆਂ ਦਲੀਲਾਂ ਦੇ ਕੇ ਉਸ ਦਾ ਖੰਡਨ ਕਰਦੇ ਸਨ।

ਗਿਆਨੀ ਦਿੱਤ ਸਿੰਘ ਨੇ ਧਾਰਮਿਕ ਸਮੱਸਿਆਵਾਂ ਨੂੰ ਪੇਸ਼ ਕਰਨ ਲਈ ਪੁਰਾਤਨ ਅਤੇ ਆਧੁਨਿਕ ਦੋਹਾਂ ਪ੍ਰਕਾਰ ਦੀ ਵਾਰਤਕ ਲਿਖੀ ਹੈ। 'ਖ਼ਾਲਸਾ ਅਖ਼ਬਾਰ' ਵਿਚ ਉਹਨਾਂ ਦੀ ਵਾਰਤਕ ਆਧੁਨਿਕਤਾ ਵਾਲੀ ਹੈ ਜਦੋਂ ਕਿ 'ਜਨਮ ਸਾਖੀ ਗੁਰੂ ਨਾਨਕ ਦੇਵ ਜੀ' ਵਿਚ ਉਹਨਾਂ ਪੁਰਾਤਨ ਵਾਰਤਕ ਦੀ ਵਰਤੋਂ ਕੀਤੀ। ਇਹ ਜਨਮ ਸਾਖੀ ਉਹਨਾਂ ਨੇ ਇਸ ਨੁਕਤਾ ਨਿਗਾਹ ਤੋਂ ਲਿਖੀ ਜਾਪਦੀ ਹੈ ਕਿ ਹੁਣ ਤਕ ਮਿਲਦੀਆਂ ਜਨਮਸਾਖੀਆਂ ਖਾਸ ਕਰਕੇ ਜੋ ਭਾਈ ਵੀਰ ਸਿੰਘ ਜੀ ਨੇ ਸੰਪਾਦਤ ਕੀਤੀਆਂ, ਉਹਨਾਂ ਵਿਚ ਇਕ ਤਾਂ ਗੁਰੂ ਜੀ ਨਾਲ ਕਰਾਮਾਤੀ ਅੰਸ਼ ਬਹੁਤ ਜ਼ਿਆਦਾ ਮਾਤਰਾ ਵਿਚ ਜੋੜਿਆ ਗਿਆ ਸੀ ਅਤੇ ਦੂਜਾ ਘਟਨਾਵਾਂ ਦਾ ਵਰਣਨ, ਗੁਰੂ ਨਾਨਕ

ਦੇ ਜੀਵਨ ਨਾਲ ਮੇਲ ਨਹੀਂ ਖਾਂਦਾ ਸੀ। ਇਸ ਸਮੱਸਿਆ ਨੂੰ ਸੁਲਝਾਉਣ ਲਈ ਉਹਨਾਂ ਨੇ ਗੁਰੂ ਨਾਨਕ ਦੇ ਜੀਵਨ ਇਤਿਹਾਸ ਨੂੰ ਨਵੇਂ ਸਿਰਿਓਂ ਜਨਮ ਸਾਖੀ ਦੇ ਰੂਪ ਵਿਚ ਪੇਸ਼ ਕੀਤਾ। ਗਿਆਨੀ ਜੀ ਦੇ ਵਿਚਾਰ ਅਨੁਸਾਰ:

> ਇਹ ਬਾਤ ਸਭ ਜਾਣਦੇ ਹਨ ਕਿ ਸਾਡੇ ਦੇਸ਼ ਵਿਚ ਇਤਿਹਾਸ ਲਿਖਣੇ ਦਾ ਅਭਿਆਸ ਮੁੱਢੋਂ ਹੀ ਨਹੀਂ ਰਿਹਾ ਅਥਵਾ ਬਹੁਤ ਥੋੜ੍ਹਾ ਹੋਇਆ ਹੈ, ਇਸੇ ਲਈ ਸਾਡੀਆਂ ਪੁਸਤਕਾਂ ਵਿਚ ਠੀਕ ਠੀਕ 'ਤਾਰੀਖ' ਨਹੀਂ ਮਿਲਦੀ। ਅਰਥਾਤ ਜੇ ਕਿਸੇ ਮਹਾਤਮਾ ਦੇ ਜੀਵਨ ਚਰਿਤ੍ਰ ਮਿਲਦੇ ਹਨ ਤਾਂ ਉਨ੍ਹਾਂ ਦੇ ਪ੍ਰਗਟ ਹੋਣ ਦੇ ਦਿਨ ਮਹੀਨੇ ਨਹੀਂ ਮਿਲਦੇ। 'ਤਵਾਰੀਖ' ਯਾ ਇਤਿਹਾਸ ਲਿਖਣ ਵਾਸਤੇ ਇਹ ਬੜੀ ਭਾਰੀ ਕਮੀ ਹੈ। ਇਸ ਬਿਨਾਂ 'ਤਾਰੀਖ' ਨਾਮ ਹੀ ਸਿਧ ਨਹੀਂ ਹੁੰਦਾ।......।[27]

ਅਜਿਹੇ ਵਿਚਾਰਾਂ ਦੇ ਧਾਰਨੀ ਗਿਆਨੀ ਦਿੱਤ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਨੂੰ ਨਵੇਂ ਸਿਰਿਓਂ ਲਿਖਿਆ ਅਤੇ ਪੇਸ਼ ਕੀਤਾ। ਭਾਵੇਂ ਇਹ ਜਨਮ ਸਾਖੀ ਪੁਰਾਤਨ ਜਨਮ ਸਾਖੀਆਂ ਦੀਆਂ ਲੀਹਾਂ ਤੇ ਹੀ ਹੈ ਪਰੰਤੂ, ਗਿਆਨੀ ਦਿੱਤ ਸਿੰਘ ਨੇ ਇਸ ਨੂੰ ਕਲਾਤਮਕ ਛੋਹਾਂ ਦਿੱਤੀਆਂ ਹਨ ਅਰਥਾਤ, ਘਟਨਾਵਾਂ ਸੰਬੰਧੀ ਸੁਝਾਊ ਰੂਪ ਵਿਚ ਛੋਟੇ-ਛੋਟੇ ਸੰਕੇਤ ਦਿੱਤੇ ਹਨ। ਵਾਤਾਵਰਣ ਨੂੰ ਬਿਆਨਣ ਸੰਬੰਧੀ ਕਲਾਤਮਕ ਇਸ਼ਾਰੇ ਹਨ। ਇਸ ਸਾਖੀ ਵਿਚ ਗਿਆਨੀ ਦਿੱਤ ਸਿੰਘ ਨੇ ਵਿਆਖਿਆਤਮਕ ਅਤੇ ਵਰਣਨਾਤਮਕ ਸ਼ੈਲੀ-ਵਿਧੀ ਦੀ ਵਰਤੋਂ ਕੀਤੀ ਹੈ। ਇਸ ਤੋਂ ਇਲਾਵਾ ਇਸ ਜਨਮ ਸਾਖੀ ਵਿਚ ਤਿੰਨ ਮਹੱਤਵਪੂਰਨ ਗੋਸ਼ਟਾਂ ਵੀ ਕਰਵਾਈਆਂ ਗਈਆਂ ਹਨ। ਇਹ ਤਿੰਨ ਹਨ, ਗੰਗਾ ਪਰ ਵੈਰਾਗੀਆਂ ਨਾਲ ਗੋਸ਼ਟ ਦਾ ਬਿਰਤਾਂਤ, ਸੰਨਿਆਸੀਆਂ ਨਾਲ ਗੋਸ਼ਟ ਦਾ ਬਿਰਤਾਂਤ ਅਤੇ ਬਾਲ ਗਦਾਈ ਦੇ ਟਿੱਲੇ ਪਰ ਜੋਗੀਆਂ ਨਾਲ ਗੋਸ਼ਟ ਦਾ ਬਿਰਤਾਂਤ। ਗੋਸ਼ਟ ਸ਼ੈਲੀ ਵਿਧੀ ਇਕ ਅਜਿਹੀ ਵਿਧੀ ਹੈ, ਜਿਸ ਰਾਹੀਂ ਸਾਨੂੰ ਦੋ

ਵਿਅਕਤੀਆਂ ਵਿਚ ਇਕ ਖਾਸ ਨੁਕਤੇ ਜਾਂ ਵਿਸ਼ੇ ਤੇ ਹੋ ਰਹੀ ਗੱਲਬਾਤ ਦਾ ਪਤਾ ਲਗਦਾ ਹੈ। ਗੋਸ਼ਟ ਵਿਧੀ ਦੇ ਨਾਲ ਹੀ ਇਸ ਜਨਮ ਸਾਖੀ ਵਿਚ ਉਹਨਾਂ ਨੇ ਸੰਵਾਦਾਤਮਕ ਵਿਧੀ ਦੀ ਵੀ ਵਰਤੋਂ ਕੀਤੀ ਹੈ। ਇਸ ਵਿਧੀ ਵਿਚ ਜੋ ਗੱਲਬਾਤ ਹੁੰਦੀ ਦਿਖਾਈ ਜਾਂਦੀ ਹੈ, ਉਹਦਾ ਢੰਗ ਆਪਸੀ ਪੁੱਛ-ਗਿੱਛ ਨਾਲ ਸੰਬੰਧਿਤ ਹੁੰਦਾ ਹੈ। ਜਿਥੇ ਸੰਵਾਦਾਤਮਕ ਵਿਧੀ ਤੋਂ ਪਾਤਰਾਂ ਦੀ ਮਾਨਸਿਕਤਾ ਦਾ ਪਤਾ ਲਗਦਾ ਹੈ, ਉਥੇ ਇਸ ਨਾਲ ਸਾਹਿਤਕ ਕਿਰਤ ਵਿਚ ਰੌਚਿਕਤਾ ਅਤੇ ਨਾਟਕੀ ਅੰਸ਼ ਵੀ ਪੈਦਾ ਹੋ ਜਾਂਦਾ ਹੈ। ਇਸ ਪੁਸਤਕ ਵਿਚ ਸੰਜਮਮਈ, ਸੰਖੇਪ ਅਤੇ ਕਲਾਤਮਕ ਛੋਹਾਂ ਵਾਲੀ ਸ਼ੈਲੀ ਦੀ ਵਰਤੋਂ ਕਰਕੇ ਇਸ ਵਿਚਲੇ ਨਾਇਕ ਗੁਰੂ ਨਾਨਕ ਦੇਵ ਜੀ ਦੀ ਮਹਾਨਤਾ ਸਮਾਜਿਕ, ਸਦਾਚਾਰਕ ਅਤੇ ਸਭਿਆਚਾਰਕ ਪੱਖੋਂ ਵੀ ਉਘਾੜੀ ਗਈ ਹੈ।

ਗਿਆਨੀ ਦਿੱਤ ਸਿੰਘ ਦੀ ਵਾਰਤਕ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਉਹਨਾਂ ਦੀ ਵਾਰਤਕ ਦਾ ਵਿਸ਼ਾ ਧਾਰਮਿਕ ਹੈ ਅਤੇ ਉਹਨਾਂ ਦਾ ਮੁੱਖ ਉਦੇਸ਼ ਗੁਰਮਤਿ ਦੇ ਸਿਧਾਂਤਾਂ ਨੂੰ ਠੀਕ ਪ੍ਰਸੰਗ ਵਿਚ ਪ੍ਰਚਾਰਨਾ ਸੀ। ਉਹਨਾਂ ਨੇ ਆਪਣੇ ਇਸ ਉਦੇਸ਼ ਦੀ ਪੂਰਤੀ ਲਈ ਖੰਡਨ-ਮੰਡਨ ਦੀ ਵਿਧੀ ਵਰਤੀ ਹੈ। ਬਹੁਤੀ ਵਾਰਤਕ ਵਿਚ ਸਮੱਸਿਆਵਾਂ ਨੂੰ ਉਹਨਾਂ ਦੇ ਠੀਕ ਪ੍ਰਸੰਗ ਵਿਚ ਸਮਝਾਉਣ ਲਈ ਸੰਵਾਦਾਤਮਕ ਵਾਰਤਕ ਸ਼ੈਲੀ ਦੀ ਵਰਤੋਂ ਕੀਤੀ ਹੈ। ਜਿਥੇ ਕਿਧਰੇ ਵੀ ਸਿੱਖ ਧਰਮ ਦੀ ਅਧਿਆਤਮਿਕਤਾ ਅਤੇ ਦਾਰਸ਼ਨਿਕਤਾ ਬਾਰੇ ਚਰਚਾ ਆਉਂਦੀ ਹੈ, ਉਥੇ ਪਦ ਅਤੇ ਗੱਦ ਦੋਹਾਂ ਸਾਹਿਤਕ ਰੂਪਾਂ ਦੀ ਵਰਤੋਂ ਕੀਤੀ ਹੈ ਅਤੇ ਗੁਰਬਾਣੀ ਦੇ ਅਰਥਾਂ ਜਾਂ ਧਾਰਮਿਕ ਸਮੱਸਿਆ ਦਾ ਭਾਵ ਸਪੱਸ਼ਟ ਕਰਨ ਲਈ ਵਾਰਤਕ ਰਾਹੀਂ ਵਿਆਖਿਆਤਮਕ ਵਿਧੀ ਅਪਣਾਈ ਹੈ। ਉਹ ਔਖੇ ਤੋਂ ਔਖੇ ਵਿਸ਼ੇ ਨੂੰ ਸਰਲ ਤੋਂ ਸਰਲ ਵਾਰਤਕ (ਅਤੇ ਕਾਵਿ) ਵਿਚ ਕਹਿਣ ਦੀ ਸਮਰੱਥਾ ਰਖਦੇ ਸਨ। 'ਖ਼ਾਲਸਾ ਅਖ਼ਬਾਰ' ਵਿਚ ਗਿਆਨੀ ਦਿੱਤ ਸਿੰਘ ਨੇ ਵਿਆਖਿਆਤਮਕ ਸ਼ੈਲੀ ਦੀ ਵਰਤੋਂ ਕਰਕੇ ਸਮੱਸਿਆਵਾਂ ਦਾ ਸਮਾਧਾਨ ਕੀਤਾ ਹੈ। ਉਹਨਾਂ ਦੀ ਜਾਣੀ ਪਛਾਣੀ ਵਿਧੀ ਇਹ ਹੈ ਕਿ ਉਹ ਪਹਿਲਾਂ ਗੁਰਬਾਣੀ ਵਿਚੋਂ ਸ਼ਬਦ ਚੁਣਦੇ ਹਨ ਅਤੇ

ਫਿਰ ਉਹਨਾਂ ਦੀ ਵਿਸਥਾਰਮਈ ਵਿਆਖਿਆ ਕਰਦੇ ਹਨ। ਵਿਆਖਿਆਤਮਕ ਸ਼ੈਲੀ ਦੀ ਵਰਤੋਂ ਅਧਿਆਤਮਕ ਵਿਸ਼ਿਆਂ ਦੇ ਸੰਦਰਭ ਵਿਚ ਜ਼ਿਆਦਾ ਕੀਤੀ ਗਈ ਹੈ।

ਜਿੱਥੇ ਆਪ ਨੇ ਆਧੁਨਿਕ ਵਾਰਤਕ ਦੀ ਵਰਤੋਂ ਕੀਤੀ ਹੈ ਉਥੇ ਸਿੱਖ ਧਰਮ ਦੇ ਪ੍ਰਚਾਰ ਲਈ ਵੀ ਕਈ ਆਧੁਨਿਕ ਵਿਧੀਆਂ ਦੀ ਵਰਤੋਂ ਕੀਤੀ ਹੈ। ਪਰੰਪਰਾਗਤ ਪ੍ਰਚਾਰਕ ਦੀ ਮਿੱਥ ਨੂੰ ਤੋੜ ਕੇ ਗਿਆਨੀ ਦਿੱਤ ਸਿੰਘ ਨੇ ਆਧੁਨਿਕ ਪ੍ਰਚਾਰਕ ਭਾਵ ਮਿਸ਼ਨਰੀਆਂ ਵਾਲਾ ਰਸਤਾ ਅਖਤਿਆਰ ਕੀਤਾ ਅਤੇ ਇਸ ਪਰਿਪੇਖ ਵਿਚ ਹੀ Pen is Mightier Than The Sword ਭਾਵ ਕਲਮ ਤਲਵਾਰ ਨਾਲੋਂ ਤੇਜ਼ ਹੁੰਦੀ ਹੈ ਦਾ ਪ੍ਰਤੱਖ ਪ੍ਰਮਾਣ ਵੀ ਦਿੱਤਾ ਹੈ। ਕਲਮ ਦੇ ਧਨੀ ਗਿਆਨੀ ਦਿੱਤ ਸਿੰਘ ਨੇ ਆਪਣੀ ਵਾਰਤਕ ਰਚਨਾ ਨਾਲ ਹੀ ਸਿੱਖ ਧਰਮ ਦੇ ਪ੍ਰਚਾਰ ਲਈ ਕਈ ਵਿਧੀਆਂ ਦੀ ਵਰਤੋਂ ਕੀਤੀ ਜੋ ਆਪ ਨੂੰ ਨਵੀਨ ਸ਼ੈਲੀ ਦੇ ਪ੍ਰਚਾਰਕ ਵਜੋਂ ਸਥਾਪਿਤ ਕਰਦੀਆਂ ਨਜ਼ਰ ਆਉਂਦੀਆਂ ਹਨ।

ਇਸ ਸੰਦਰਭ ਤੋਂ ਟ੍ਰੈਕਟਾਂ ਦੇ ਰੂਪ ਵਿਚ ਲਿਖੀਆਂ ਵਾਰਤਕ ਰਚਨਾਵਾਂ ਪ੍ਰਮੁੱਖ ਹਨ ਜਿਨ੍ਹਾਂ ਵਿਚ ਸਾਧਾਰਨ ਵਿਅਕਤੀ ਦੀ ਤਰਜ ਤੇ ਗੁਰਮਤਿ ਦਾ ਪ੍ਰਚਾਰ ਕੀਤਾ ਗਿਆ। ਇਨ੍ਹਾਂ ਰਾਹੀਂ ਟੀਕਾਕਾਰੀ ਦਾ ਉਦੇਸ਼ ਵੀ ਹਾਸਲ ਕੀਤਾ ਗਿਆ ਅਤੇ ਗੁਰਬਾਣੀ ਦੇ ਸਹੀ ਅਰਥਾਂ ਨੂੰ ਵੀ ਦ੍ਰਿੜ੍ਹ ਕਰਵਾਇਆ ਗਿਆ। ਫੈਂਫਲੇਟ ਜਾਂ ਟ੍ਰੈਕਟ ਜਿਸ ਵਿਚ ਥੋੜ੍ਹੀ ਸ਼ਬਦਾਵਲੀ ਨਾਲ ਹੀ ਲੋਕਾਂ ਨੂੰ ਘਟ ਸਮੇਂ ਵਿਚ ਹੀ ਵਿਚਾਰਾਂ ਤੋਂ ਜਾਣੂ ਕਰਵਾਇਆ ਜਾ ਸਕਦਾ ਸੀ, ਪ੍ਰਚਾਰ ਦਾ ਉਤਮ ਸਾਧਨ ਬਣ ਕੇ ਪੇਸ਼ ਹੋਇਆ, ਜਿਸਦਾ ਸਿਹਰਾ ਗਿਆਨੀ ਦਿੱਤ ਸਿੰਘ ਦੇ ਸਿਰ ਹੀ ਬੱਝਦਾ ਹੈ। ਵਰਣਨਯੋਗ ਹੈ ਕਿ ਆਪ ਦੇ ਲਿਖੇ ਟ੍ਰੈਕਟਾਂ ਤੋਂ ਬਾਅਦ ਹੀ ਭਾਈ ਵੀਰ ਸਿੰਘ ਨੇ ਇਨ੍ਹਾਂ ਟ੍ਰੈਕਟਾਂ ਦੀ ਅਜਿਹੇ ਹੀ ਉਦੇਸ਼ਾਂ ਦੀ ਪ੍ਰਾਪਤੀ ਲਈ ਸੁਚੱਜੀ ਵਰਤੋਂ ਕੀਤੀ ਸੀ।

ਆਪ ਨੇ ਆਪਣੇ ਲੇਖਾਂ ਅਤੇ ਵਿਸ਼ੇਸ਼ ਕਰਕੇ ਸੰਪਾਦਕੀ ਲੇਖਾਂ ਨਾਲ ਸਿੱਖ ਧਰਮ ਦਾ ਵਧੇਰੇ ਪ੍ਰਚਾਰ ਕੀਤਾ। ਇਨ੍ਹਾਂ ਲੇਖਾਂ ਰਾਹੀਂ ਆਪ ਨੇ ਗੁਰਮਤਿ ਵਿਰੋਧੀ ਲੇਖਾਂ ਦਾ ਉੱਤਰ ਦੇਣਾ ਆਰੰਭਿਆ। ਲੋਕਾਂ ਵੱਲੋਂ ਕੀਤੀ ਗਈ ਕਿੰਤੂ ਪਰੰਤੂ ਦਾ ਜਵਾਬ ਵੀ ਇਨ੍ਹਾਂ ਲੇਖਾਂ ਰਾਹੀਂ ਹੀ

ਦਿੱਤਾ ਗਿਆ, ਨਾਲ ਹੀ ਨਾਲ ਹਰ ਭਖਵੀਂ ਸਮਸਿਆ ਨੂੰ ਲੇਖਾਂ ਦੇ ਰੂਪ ਵਿਚ ਪੇਸ਼ ਕਰਕੇ ਆਪ ਨੇ ਜਨ ਸਾਧਾਰਨ ਨੂੰ ਪਾਠਕ ਬਣਾ ਕੇ ਆਪਣੇ ਨਾਲ ਜੋੜ ਲਿਆ ਜੋ ਹਰ ਹਫਤੇ ਆਪ ਦੇ ਅਖ਼ਬਾਰ ਦੀ ਉਡੀਕ ਕਰਦੇ ਸਨ।

ਲੇਖਾਂ ਦੇ ਨਾਲ-ਨਾਲ ਆਪ ਦੇ ਲਿਖੇ ਪੱਤਰ ਵੀ ਇਸ ਦ੍ਰਿਸ਼ਟੀਕੋਣ ਤੋਂ ਮਹੱਤਵਪੂਰਨ ਸਨ। ਜੋ ਕੰਮ ਲੇਖ ਨਾ ਕਰ ਸਕੇ ਉਹ ਪੱਤਰਾਂ ਨੇ ਕਰ ਵਿਖਾਇਆ ਜਿਵੇਂ ਹਰਿਮੰਦਰ ਸਾਹਿਬ ਵਿਚ ਹੋ ਰਹੀਆਂ ਕਈ ਗੁਰਮਤਿ ਵਿਰੋਧੀ ਪਰੰਪਰਾਵਾਂ ਸਿਰਫ ਇਸ ਕਰਕੇ ਖਤਮ ਹੋ ਗਈਆਂ ਕਿਉਂਕਿ ਆਪ ਨੇ ਪ੍ਰਬੰਧਕਾਂ ਨੂੰ ਇਨ੍ਹਾਂ ਸੰਬੰਧੀ ਇਕ ਖ਼ਤ ਲਿਖ ਕੇ ਸੁਚੇਤ ਕੀਤਾ ਸੀ। ਇਸ ਤਰ੍ਹਾਂ ਪੱਤਰਾਂ ਦੇ ਰੂਪ ਵਿਚ ਆਪ ਨੇ ਵੱਖਰੀ ਵਿਧੀ ਦੀ ਵੀ ਵਰਤੋਂ ਕੀਤੀ ਹੈ।

ਲੇਖਾਂ ਦੇ ਜ਼ਰੀਏ ਧਾਰਮਿਕ ਸਮੱਸਿਆ ਨੂੰ ਪੇਸ਼ ਕਰਨ ਦੀ ਵਿਧੀ ਨਿਵੇਕਲੀ ਹੈ ਜੋ ਲੋਕਾਂ ਨੂੰ ਕਟਹਿਰੇ ਵਿਚ ਖੜ੍ਹਾ ਕੇ ਸੁਆਲਾਂ ਦੀ ਬੌਛਾੜ ਕਰਕੇ ਉਨ੍ਹਾਂ ਨੂੰ ਸੋਚਣ ਲਈ ਮਜਬੂਰ ਕਰਦੀ ਹੈ ਅਤੇ ਸੁਆਲਾਂ ਦੇ ਹੱਲ ਸੁਤੇ ਸਿੱਧ ਹੀ ਪਾਠਕ ਜਗਤ ਵਿਚ ਆ ਰਹੀ ਤਬਦੀਲੀ ਤੋਂ ਮਹਿਸੂਸੇ ਜਾ ਸਕਦੇ ਸਨ। ਇਸ ਮੰਤਵ ਦੀ ਪ੍ਰਾਪਤੀ ਲਈ ਆਪ ਨੇ ਨਵੀਨ ਅਤੇ ਪੁਰਾਤਨ ਦੋਹਾਂ ਹੀ ਵਾਰਤਕ ਰੂਪਾਂ ਦੀ ਵਰਤੋਂ ਕੀਤੀ ਜੋ ਪ੍ਰਚਾਰ ਕਰਨ ਲਈ ਪ੍ਰਭਾਵੀ ਵਿਧੀ ਵਜੋਂ ਸਾਹਮਣੇ ਆਈ।

ਆਪ ਨੇ ਸਮਕਾਲੀਨ ਸਥਿਤੀਆਂ ਦਾ ਸਾਹਮਣਾ ਕਰਨ ਲਈ ਹਥਿਆਰਬੰਦ ਕ੍ਰਾਂਤੀ ਨਹੀਂ ਕੀਤੀ, ਸਗੋਂ ਵਿਚਾਰਾਂ ਵਿਚ ਪਰਿਵਰਤਨ ਲਿਆ ਕੇ ਅਤੇ ਹਰ ਵਰਗ ਦੇ ਲੋਕਾਂ ਨੂੰ ਉਨ੍ਹਾਂ ਦੇ ਵਰਤਮਾਨ ਬਾਰੇ ਚਾਨਣ ਕਰਵਾ ਕੇ ਆਪਣੇ ਨਾਲ ਤੋਰ ਲਿਆ ਅਤੇ ਸ਼ਾਂਤਮਈ ਢੰਗ ਨਾਲ ਹੀ ਗੁਰਮਤਿ ਪ੍ਰਚਾਰ ਕਰਦੇ ਰਹੇ। ਆਪ ਦੁਆਰਾ ਕੀਤੇ ਜਾਣ ਵਾਲੇ ਪ੍ਰਚਾਰ ਦਾ ਉਪਰੋਕਤ ਢੰਗ ਆਪ ਨੂੰ ਨਾ ਸਿਰਫ ਆਧੁਨਿਕ ਵਾਰਤਕਕਾਰਾਂ ਦੀ ਕਤਾਰ ਵਿਚ ਖੜ੍ਹਾ ਕਰਦਾ ਹੈ ਸਗੋਂ ਮੌਲਿਕ ਅਤੇ ਨਵੀਨ ਸ਼ੈਲੀ ਦੇ ਪ੍ਰਚਾਰਕ ਵਜੋਂ ਵੀ ਉਭਾਰ ਕੇ ਪੇਸ਼ ਕਰਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਜਗਜੀਤ ਸਿੰਘ, **ਸਿੰਘ ਸਭਾ ਲਹਿਰ**, ਪੰ. 17-18
2. Chris Baldick, **Literary Terms**, p. 226

   "Tract- a short Pamphlet or essay presents some religious (or Political) organments or doctorine."
3. **The Propaganda**

   **ਪੰਜਾਬੀ ਸਾਹਿਤ ਸਿੰਘ ਸਭਾ ਲਹਿਰ ਦੀ**, ਪੰ. 171
4. **ਨਕਲੀ ਸਿੰਘ ਪ੍ਬੋਧ**, ਪ. 83
5. ਜਗਜੀਤ ਸਿੰਘ (ਡਾ.), **ਸਿੰਘ ਸਭਾ ਲਹਿਰ**, ਪੰ. 17-18
6. **ਖਾਲਸਾ ਅਖਬਾਰ**, 23 ਨਵੰਬਰ, 1900, ਪੰ. 3
7. ਉਹੀ, 26 ਜਨਵਰੀ, 1900 ਈ.
8. ਉਹੀ, 20 ਅਕਤੂਬਰ, 1899 ਈ.
9. ਉਹੀ, 13 ਮਈ, 1898 ਈ.
10. ਉਹੀ, 18 ਜਨਵਰੀ, 1901ਈ.
11. ਉਹੀ, 4 ਜਨਵਰੀ, 1901 ਈ.
12. ਉਹੀ
13. ਉਹੀ
14. **ਖਾਲਸਾ ਅਖਬਾਰ**, 18 ਜਨਵਰੀ, 1901 ਈ.
15. ਉਹੀ, 23 ਨਵੰਬਰ 1900 ਈ.
16. **ਮਾਲਵਾ ਇਤਿਹਾਸ** (ਦੂਜੀ ਜਿਲਦ) ਪੰ. 227

17. ਗਿਆਨੀ ਦਿੱਤ ਸਿੰਘ, **ਸ਼੍ਰੀ ਗੁਰੂ ਅਰਜਨ ਪ੍ਰਬੋਧ**, ਪੰ. 1

18. ਉਹੀ, ਪੰ. 4

19. ਕੈਪਟਨ ਧਰਮ ਸਿੰਘ, **ਸਿੰਘ ਸਭਾ ਲਹਿਰ ਦੇ ਮੋਢੀ ਗਿਆਨੀ ਦਿੱਤ ਸਿੰਘ ਜੀ**, ਪੰ. 109 ਤੇ ਉਦਰਹਿਤ

20. ਗਿਆਨੀ ਦਿੱਤ ਸਿੰਘ, **ਨਕਲੀ ਸਿੱਖ ਪ੍ਰਬੋਧ**, ਪੰ. 59

21. ਉਹੀ, ਪੰ. 2

22. ਉਹੀ, **ਡਰਪੋਕ ਸਿੰਘ**, ਪੰ. 17

23. ਖਾਲਸਾ ਅਖਬਾਰ ਪ. 5 ਤੇ ਛਪਿਆ ਇਕ ਲੇਖ ਜੋ ਦਿੱਤ ਸਿੰਘ ਨੇ ਆਰੀਆ ਸਮਾਜੀਆਂ ਦੇ ਪ੍ਰਚਾਰ ਦੇ ਵਿਰੋਧ ਵਿਚ ਲਿਖਿਆ ਸੀ।

24. ਗਿਆਨੀ ਦਿੱਤ ਸਿੰਘ, **ਦੁਰਗਾ ਪ੍ਰਬੋਧ**, ਪੰ. 429–31

25. ਉਹੀ, **ਡਰਪੋਕ ਸਿੰਘ**, ਪੰ. 40–41

26. **ਸਿੰਘ ਸਭਾ ਪਤ੍ਰਿਕਾ** (ਮਾਸਕ) ਦੰਭ ਵਿਦਾਰਨ ਅੰਕ –ਜਨਵਰੀ, 1974

27. ਗਿਆਨੀ ਦਿੱਤ ਸਿੰਘ, **ਜਨਮ ਸਾਖੀ ਗੁਰੂ ਨਾਨਕ ਜੀ**, ਪੰ. 2 (ਭੂਮਿਕਾ)

# ਨਿਸ਼ਕਰਸ਼

ਅੰਗਰੇਜ਼ਾਂ ਦੇ ਪੰਜਾਬ ਤੇ ਕਬਜ਼ੇ ਤੋਂ ਬਾਅਦ ਪੰਜਾਬ ਵਿਚ ਵਿੱਦਿਆ ਦਾ ਇਕ ਨਵਾਂ ਦੌਰ ਆਰੰਭ ਹੋਇਆ। ਵਿੱਦਿਅਕ ਢਾਂਚੇ ਦੇ ਪੁਨਰਗਠਨ ਦੀ ਪ੍ਰਕ੍ਰਿਆ ਦੇ ਨਾਲ-ਨਾਲ ਰਾਜਨੀਤਿਕ ਉਥਲ ਪੁਥਲ, ਆਰਥਿਕ ਤੇ ਸਾਮਾਜਿਕ ਸ਼ੋਸ਼ਣ, ਅਤੇ ਈਸਾਈ ਮਿਸ਼ਨਰੀਆਂ ਦੁਆਰਾ ਬਾਈਬਲ ਦੇ ਵਿਚਾਰਾਂ ਦੇ ਜ਼ਬਰਦਸਤ ਪ੍ਰਚਾਰ ਨੇ, ਨਾ ਸਿਰਫ਼ ਧਾਰਮਿਕ ਪਰੰਪਰਾ 'ਤੇ ਸਵਾਲੀਆ ਨਿਸ਼ਾਨ ਲਗਾਇਆ ਸਗੋਂ, ਭਾਰਤ ਦੇ ਸਾਰੇ ਧਰਮਾਂ ਦੇ ਚਿੰਤਕਾਂ ਨੂੰ, ਧਾਰਮਿਕ ਹੱਕਾਂ ਪ੍ਰਤੀ ਜਾਗਰੂਕ ਹੋਣ ਲਈ ਮਜ਼ਬੂਰ ਕਰ ਦਿੱਤਾ।

ਧਾਰਮਿਕ ਚਿੰਤਕਾਂ ਨੂੰ ਆਪਣੇ ਧਰਮ ਦੇ ਪ੍ਰਚਾਰ ਨਾਲੋਂ ਵੀ ਵੱਧ ਜ਼ੋਰ ਉਨ੍ਹਾਂ ਵਿਅਕਤੀਆਂ ਨੂੰ ਰੋਕਣ ਲਈ ਲਗਾਉਣਾ ਪੈ ਗਿਆ, ਜੋ ਤੇਜ਼ੀ ਨਾਲ ਈਸਾਈ ਧਰਮ ਵੱਲ ਆਕਰਸ਼ਿਤ ਹੋ ਰਹੇ ਸਨ। ਈਸਾਈ ਮਿਸ਼ਨਰੀਆਂ ਦੇ ਇਸ ਪ੍ਰਚਾਰ ਦੇ ਪ੍ਰਤੀਕਰਮ ਵਜੋਂ ਬ੍ਰਹਮੋ ਸਮਾਜ, ਆਰੀਆ ਸਮਾਜ, ਅਹਿਮਦੀਆ ਲਹਿਰ ਅਤੇ ਸਿੰਘ ਸਭਾ ਲਹਿਰ ਦਾ ਉਤਪੰਨ ਹੋਣਾ ਸੁਭਾਵਿਕ ਸੀ। ਇਨ੍ਹਾਂ ਧਾਰਮਿਕ ਲਹਿਰਾਂ ਨੇ ਜਿੱਥੇ ਇਕ ਪਾਸੇ ਸਮਾਜ ਵਿਚ ਸੰਗਠਨਾਤਮਕ ਢਾਂਚਿਆਂ ਦਾ ਮੁੱਢ ਬੰਨ੍ਹਿਆ, ਉਥੇ ਨਾਲ ਹੀ ਸੁਧਾਰਵਾਦੀ ਯਤਨ ਕਰਨੇ ਵੀ ਆਰੰਭੇ। ਇਨ੍ਹਾਂ ਯਤਨਾਂ ਦਾ ਮਾਧਿਅਮ ਵਿਹਾਰਕ ਕੰਮਾਂ ਦੇ ਨਾਲ-ਨਾਲ ਸਾਹਿਤਕ ਕਿਰਤਾਂ ਵੀ ਬਣੀਆਂ। ਇਸੇ ਕਾਰਨ ਹੀ ਸੁਧਾਰਵਾਦੀ ਸਾਹਿਤ ਦਾ ਜਨਮ ਵੀ ਹੋਇਆ।

ਈਸਾਈ ਮਿਸ਼ਨਰੀਆਂ ਦੀ ਤਰਜ਼ ਤੇ ਉਸਦੇ ਪ੍ਰਤੀਕਰਮ ਵਜੋਂ ਉੱਭਰੀਆਂ ਲਹਿਰਾਂ ਨੇ ਵੀ ਇਨ੍ਹਾਂ ਮਿਸ਼ਨਰੀਆਂ ਵਾਲੀ ਨੀਤੀ ਅਪਣਾਈ। ਜਿੱਥੇ ਇਕ ਪਾਸੇ ਇਨ੍ਹਾਂ ਲਹਿਰਾਂ ਵਿਚ ਸ਼ਾਮਿਲ

ਧਾਰਮਿਕ ਆਗੂਆਂ ਨੇ ਆਪਣੇ ਧਰਮ ਦਾ ਪ੍ਰਚਾਰ ਕੀਤਾ, ਉਥੇ ਦੂਜੇ ਧਰਮਾਂ ਵਿਰੁੱਧ ਦੁਰਪ੍ਰਚਾਰ ਦੇ ਹਥਕੰਡਿਆਂ ਨੂੰ ਅਪਣਾਉਣ ਵਿਚ ਵੀ ਕਸਰ ਨਹੀਂ ਛੱਡੀ।

ਇਨ੍ਹਾਂ ਕੁਝ ਹਮਲਿਆਂ ਦੇ ਪ੍ਰਤੀਕਰਮ ਵਜੋਂ ਸਾਰੀਆਂ ਲਹਿਰਾਂ ਵਿਚ ਹੀ ਪ੍ਰਚਾਰਕਾਂ ਨੇ ਸਰਗਰਮੀ ਨਾਲ ਆਪਣੇ ਧਰਮ ਦਾ ਪ੍ਰਚਾਰ ਕਰਨਾ ਆਰੰਭਿਆ। ਇਸੇ ਕਾਰਨ ਆਲੋਚਨਾਤਮਕ ਦ੍ਰਿਸ਼ਟੀਕੋਣ ਧਾਰਮਿਕ ਖੇਤਰ ਵਿਚ ਸਮੇਂ-ਸਮੇਂ ਤੇ ਬਹਿਸ ਤੇ ਵਿਵਾਦ ਦਾ ਕਾਰਨ ਵੀ ਬਣਦਾ ਰਿਹਾ।

ਪੰਜਾਬ ਵਿਚ ਰਾਜਨੀਤਿਕ ਤਬਦੀਲੀ ਕਾਰਨ ਹੋਏ ਧਾਰਮਿਕ ਫੇਰ ਬਦਲ ਦਾ ਪੰਜਾਬ ਦੇ ਸਿੱਖਾਂ ਉੱਪਰ ਵਧੇਰੇ ਪ੍ਰਭਾਵ ਪਿਆ। ਲਾਲਚ ਅਤੇ ਛੂਤ-ਛਾਤ ਦੇ ਖਾਤਮੇ ਕਾਰਨ ਆਕਰਸ਼ਿਤ ਹੋਏ ਸਿੱਖਾਂ ਨੂੰ ਈਸਾਈ ਧਰਮ ਚੰਗਾ ਲੱਗਣ ਲੱਗਾ ਅਤੇ ਮਹਾਰਾਜਾ ਦਲੀਪ ਦਾ ਈਸਾਈ ਬਣ ਜਾਣਾ ਬਲਦੀ ਤੇ ਤੇਲ ਪਾ ਗਿਆ। ਅੰਗਰੇਜ਼ਾਂ ਦੇ ਹਿੰਦੂ ਏਜੰਟ ਸ਼ਰਧਾ ਰਾਮ ਫਿਲੌਰੀ ਅਤੇ ਆਰੀਆ ਸਮਾਜ ਦੇ ਮੋਢੀ ਸਵਾਮੀ ਦਯਾ ਨੰਦ ਦੇ ਬਿਆਨਾਂ ਨਾਲ ਸਿੱਖ ਧਰਮ ਦੇ ਲੋਕਾਂ ਵਿਚ ਰੋਹ ਭੜਕਿਆ ਅਤੇ ਪ੍ਰਤੀਬੱਧ ਸੰਗਠਨ ਦੇ ਰੂਪ ਵਿਚ ਸਿੰਘ ਸਭਾ ਲਹਿਰ ਨੇ ਕੰਮ ਕਰਨਾ ਆਰੰਭਿਆ।

ਸਿੱਖ ਧਰਮ ਦੇ ਇਸ ਸੰਗਠਨ, ਸਿੰਘ ਸਭਾ ਲਹਿਰ ਦਾ 1873 ਵਿਚ ਆਰੰਭ ਅੰਮ੍ਰਿਤਸਰ ਤੋਂ ਹੋਇਆ। ਇਸ ਵਿਚ ਠਾਕਰ ਸਿੰਘ ਸੰਧਾਵਾਲੀਆ ਨਾਲ ਡਾ. ਚਰਨ ਸਿੰਘ, ਬਾਬਾ ਕਾਨ੍ਹ ਸਿੰਘ, ਭਾਈ ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਗਿਆਨੀ ਗਿਆਨ ਸਿੰਘ ਅਤੇ ਹੋਰ ਸ਼ਖ਼ਸੀਅਤਾਂ ਸ਼ਾਮਿਲ ਸਨ। ਬਜਾਏ ਇਸ ਦੇ ਕਿ ਸਿੰਘ ਸਭਾ ਲਹਿਰ ਅੰਗਰੇਜ਼ਾਂ ਦੇ ਪ੍ਰਚਾਰ ਦਾ ਵਿਰੋਧ ਕਰਦੀ, ਇਸ ਲਹਿਰ ਦੀ ਦੂਜੀ ਸ਼ਾਖ ਜੋ ਲਾਹੌਰ ਵਿਚ ਸੰਗਠਿਤ ਹੋਈ ਸੀ, ਦਾ ਅੰਮ੍ਰਿਤਸਰ ਵਾਲੀ ਸਿੰਘ ਸਭਾ ਨਾਲ ਕਈ ਵਿਸ਼ਿਆਂ 'ਤੇ ਮਤਭੇਦ ਉਤਪੰਨ ਹੋ ਗਿਆ।

ਆਪਸੀ ਫੁੱਟ ਦਾ ਸ਼ਿਕਾਰ ਹੋਈ ਸਿੰਘ ਸਭਾ ਦਾ ਪ੍ਰਭਾਵ ਹੌਲੀ-ਹੌਲੀ ਮੱਧਮ ਪੈ ਗਿਆ। ਧਾਰਮਿਕ ਆਗੂਆਂ ਨੇ ਵੀ ਪੈਰ ਪਿਛਾਂਹ ਨੂੰ ਖਿੱਚਣੇ ਆਰੰਭੇ ਤੇ ਸਿੱਟੇ ਵਜੋਂ ਅੰਮ੍ਰਿਤਸਰ ਵਾਲੀ ਸਿੰਘ ਸਭਾ ਜੋ ਧਾਰਮਿਕ ਕੱਟੜਤਾ ਦੀ ਹਾਮੀ ਵੀ ਸੀ, ਬਿਲਕੁਲ ਸ਼ਾਂਤ ਹੋ ਗਈ।

ਸ੍. ਠਾਕਰ ਸਿੰਘ ਸੰਧਾਵਾਲੀਆ ਨੇ ਇਸ ਸਿੰਘ ਸਭਾ ਲਹਿਰ ਨੂੰ ਮੁੜ ਸੁਰਜੀਤ ਕੀਤਾ ਅਤੇ ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਸ੍. ਮਈਆ ਸਿਘ ਅਤੇ ਭਾਈ ਜਵਾਹਰ ਸਿੰਘ ਨੂੰ ਕਾਰਜਕਾਰਨੀ ਵਿਚ ਸ਼ਾਮਿਲ ਕੀਤਾ। ਇਸ ਸਮੇਂ ਦੌਰਾਨ ਸਿੱਖ ਧਰਮ ਉੱਪਰ ਅਣਗਿਣਤ ਹਮਲੇ ਹੋਏ ਅਤੇ ਸਿੰਘ ਸਭਾ ਲਹਿਰ ਨੇ ਇਨ੍ਹਾਂ ਹਮਲਿਆਂ ਨੂੰ ਖੰਡਨ ਵਿਧੀ ਰਾਹੀਂ ਠੱਲ੍ਹਿਆ। ਤਰਕਪੂਰਨ ਰਵੱਈਏ ਦੇ ਮਾਲਿਕ ਗਿਆਨੀ ਦਿੱਤ ਸਿੰਘ ਨੇ ਇਸ ਆਲੋਚਨਾਤਮਕ ਦ੍ਰਿਸ਼ਟੀਕੋਣ ਵਿਚ ਵਧੇਰੇ ਹਿੱਸਾ ਪਾਇਆ।

ਆਰੀਆ ਸਮਾਜ ਦੇ ਸੰਸਥਾਪਕ ਸਵਾਮੀ ਦਯਾਨੰਦ ਨੇ 'ਸਤਿਆਰਥ ਪ੍ਰਕਾਸ਼' ਵਿਚ ਸਿੱਖ ਗੁਰੂਆਂ ਬਾਰੇ ਜੋ ਮੰਦੇ ਸ਼ਬਦ ਵਰਤੇ ਸਨ, ਉਸਦੇ ਜਵਾਬ ਵਿਚ ਗਿਆਨੀ ਦਿੱਤ ਸਿੰਘ ਨੇ ਸਵਾਮੀ ਦਯਾਨੰਦ ਨੂੰ ਤਿੰਨ ਵਾਰ ਸ਼ਾਸ਼ਤ੍ਰਾਰਥ ਵਿਚ ਮੁਕਾਬਲਾ ਕਰਕੇ ਹਰਾ ਦਿੱਤਾ। ਉਨ੍ਹਾਂ ਨੇ ਸਵਾਮੀ ਦਯਾਨੰਦ ਨੂੰ ਅਜਿਹੇ ਸਵਾਲ ਕੀਤੇ, ਜਿਨ੍ਹਾਂ ਦਾ ਸਵਾਮੀ ਦਯਾਨੰਦ ਪਾਸ ਜਵਾਬ ਵੀ ਨਹੀਂ ਸੀ। ਸ਼ਰਧਾ ਰਾਮ ਫਿਲੌਰੀ ਦੁਆਰਾ ਗੁਰੂ ਕੇ ਬਾਗ ਅਤੇ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਖੇ ਬੋਲੇ ਮੰਦੇ ਵਚਨਾਂ ਦਾ ਜਵਾਬ ਗਿਆਨੀ ਦਿੱਤ ਸਿੰਘ ਨੇ ਅਜਿਹੇ ਸ਼ਬਦਾਂ ਵਿਚ ਦਿੱਤਾ ਕਿ ਸ਼ਰਧਾ ਰਾਮ ਫਿਲੌਰੀ ਆਪ ਹੀ ਫਿਲੌਰ ਵੱਲ ਹੋ ਤੁਰਿਆ।

ਇਸ ਤਰ੍ਹਾਂ ਸਿੰਘ ਸਭਾ ਲਹਿਰ ਦੇ ਇਸ ਕਾਰਕੁੰਨ ਨੇ ਨਾ ਸਿਰਫ਼ ਹਮਲਿਆਂ ਦਾ ਵਿਰੋਧ ਕੀਤਾ ਸਗੋਂ, ਅਜਿਹੇ ਝੂਠੇ ਪ੍ਰਚਾਰਕਾਂ ਦੇ ਪਾਜ ਉਘਾੜ ਕੇ ਰੱਖ ਦਿੱਤੇ। ਦਰਅਸਲ ਸਿੰਘ ਸਭਾ ਲਹਿਰ ਦਾ ਜਨਮ ਹੋਣਾ ਇਨ੍ਹਾਂ ਹਮਲਿਆਂ ਦਾ ਹੀ ਪ੍ਰਤੀਕਰਮ ਸੀ, ਜਿਹੜੇ ਹਮਲੇ ਵੇਲੇ ਕੁਵੇਲੇ

ਡਾ. ਟਰੰਪ ਨੇ ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਵੇਲੇ ਕੀਤੇ ਅਤੇ ਬਾਕੀ ਧਰਮਾਂ ਦੇ ਆਗੂਆਂ ਨੇ ਦੁਰਪ੍ਰਚਾਰ ਵਜੋਂ ਕੀਤੇ। ਫਲਸਰੂਪ ਸਿੱਖ ਧਰਮ ਦੇ ਮਜ਼ਬੂਤ ਸੰਗਠਨ ਵਜੋਂ ਸਿੰਘ ਸਭਾ ਲਹਿਰ ਨਾਂ ਦੀ ਸੰਸਥਾ ਸੰਗਠਿਤ ਹੋਈ।

ਗਿਆਨੀ ਗਿਆਨ ਸਿੰਘ ਨੇ ਜਿੱਥੇ ਧਾਰਮਿਕ ਗ੍ਰੰਥ ਲਿਖੇ ਉਥੇ, ਪ੍ਰੋ. ਗੁਰਮੁਖ ਸਿੰਘ ਨਾਲ ਰਲ ਕੇ ਗਿਆਨੀ ਦਿੱਤ ਸਿੰਘ ਨੇ 'ਗੁਰਮੁਖੀ' ਅਖ਼ਬਾਰ ਜਾਰੀ ਕੀਤਾ। ਇਸ ਹਫਤਾਵਾਰੀ ਅਖਬਾਰ ਦੇ ਸੰਪਾਦਕ ਤਾਂ ਭਾਵੇਂ ਪ੍ਰੋ. ਗੁਰਮੁਖ ਸਿੰਘ ਸਨ ਪਰ, ਅਖਬਾਰ ਦੇ ਸਾਰੇ ਪ੍ਰਬੰਧ ਦਾ ਸਿਹਰਾ ਗਿਆਨੀ ਦਿੱਤ ਸਿੰਘ ਦੇ ਸਿਰ ਹੀ ਬੱਝਦਾ ਹੈ।

ਗਿਆਨੀ ਦਿੱਤ ਸਿੰਘ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਸਾਹਿਤਕ ਸੇਵਾ ਆਰੰਭੀ। ਇਸ ਸਾਹਿਤਕ ਯੋਗਦਾਨ ਵਿਚ ਉਹਨਾਂ ਨੇ ਵਾਰਤਕ ਨੂੰ ਆਧਾਰ ਬਣਾਇਆ। ਵਾਰਤਕ ਦੀ ਪੁਰਾਤਨ ਸ਼ੈਲੀ ਨੂੰ ਪਿੱਛੇ ਛੱਡ, ਵਿਗਿਆਨਕ ਲੀਹਾਂ ਤੇ ਆਧਾਰਤ, ਆਪਨੇ ਪੰਜਾਬੀ ਵਾਰਤਕ ਨੂੰ ਨਵੀਨਤਮ ਕਲਾਤਮਕ ਛੋਹਾਂ ਦਿੱਤੀਆਂ। ਵਾਰਤਕ ਵਿਚ ਆਪਨੇ ਇਹ ਤਬਦੀਲੀ, ਰੂਪਕ, ਵਿਸ਼ਿਆਂ ਅਤੇ ਭਾਸ਼ਾ ਤਿੰਨਾਂ ਹੀ ਪੱਧਰਾਂ ਤੋਂ ਕੀਤੀ। ਵਿਸ਼ਿਆਂ ਦੇ ਪੱਧਰ ਤੇ ਧਾਰਮਿਕ ਵਿਸ਼ਿਆਂ ਦੇ ਨਾਲ-ਨਾਲ ਆਪਨੇ ਛੂਤ-ਛਾਤ, ਜ਼ਾਤ-ਪਾਤ ਆਦਿ ਨੂੰ ਵੀ ਆਧਾਰ ਬਣਾਇਆ ਅਤੇ ਸਮਾਜ ਨੂੰ ਸੇਧ ਦੇਣ ਦੀ ਭੂਮਿਕਾ ਨਿਭਾਈ।

ਆਪ ਦੀ ਵਾਰਤਕ ਭਾਸ਼ਾ ਦੀ ਦ੍ਰਿਸ਼ਟੀ ਤੋਂ ਪੁਰਾਤਨ ਵਾਰਤਕ ਤੋਂ ਭਿੰਨ ਹੈ। ਇਸ ਵਿਚ ਠੇਠ ਪੰਜਾਬੀ ਦੇ ਸ਼ਬਦਾਂ ਦੀ ਵਰਤੋਂ ਉਸ ਸਮੇਂ ਦੀ ਸਧੁੱਕੜੀ ਜਾਂ ਸਾਧ ਭਾਸ਼ਾ ਤੋਂ ਵਾਰਤਕ ਦੇ ਆਜ਼ਾਦ ਹੋਣ ਦੀ ਸ਼ਾਹਦੀ ਭਰਦੀ ਹੈ। ਬੇਸ਼ੱਕ ਵਿਆਕਰਣਕ ਊਣਤਾਈਆਂ ਆਪਦੀ ਵਾਰਤਕ ਦੀ ਕਮਜ਼ੋਰੀ ਹਨ, ਫਿਰ ਵੀ ਗਿਆਨੀ ਦਿੱਤ ਸਿੰਘ ਨੇ ਵਾਰਤਕ, ਵਿਆਕਰਣ ਦੇ ਕਾਫੀ ਨੇੜੇ ਰਹਿ ਕੇ ਲਿਖੀ।

ਗਿਆਨੀ ਦਿੱਤ ਸਿੰਘ ਨੇ ਵਿਸ਼ੇਸ਼ ਤੌਰ ਤੇ ਸਿੱਖੀ ਪ੍ਰਚਾਰ ਅਤੇ ਵਹਿਮ-ਭਰਮ ਨਿਵਾਰਨ ਲਈ ਵਾਰਤਕ ਨੂੰ ਵਰਤਿਆ। ਆਪਦੀ ਲਿਖੀ ਵਾਰਤਕ ਤਿੰਨ ਭਾਗਾਂ ਪੱਤਰਕਾਰੀ, ਪੁਸਤਕ ਰੂਪੀ ਸ਼ੁੱਧ ਵਾਰਤਕ ਅਤੇ ਕਵਿਤਾ ਦੇ ਨਾਲ-ਨਾਲ ਭਾਵਾਂ ਦੀ ਪੇਸ਼ਕਾਰੀ ਦੇ ਰੂਪ ਵਿਚ ਹਾਸਿਲ ਹੁੰਦੀ ਹੈ। ਗਿਆਨੀ ਦਿੱਤ ਸਿੰਘ ਦੇ ਅਧੀਨ ਛਪਣ ਵਾਲੇ ਅਖ਼ਬਾਰ ਖਾਲਸਾ ਅਖ਼ਬਾਰ ਨੇ ਨਾ ਸਿਰਫ਼ ਪੰਜਾਬੀ ਵਾਰਤਕ ਨੂੰ ਬੋਲੀ ਤੇ ਸ਼ੈਲੀ ਪੱਖੋਂ ਵਿਕਸਿਤ ਕੀਤਾ ਸਗੋਂ, ਹੋਰਨਾਂ ਪੱਤਰਾਂ ਲਈ ਮਿਸਾਲ ਵਜੋਂ ਭੂਮਿਕਾ ਨਿਭਾਈ। ਭਾਵੇਂ ਆਪਨੇ ਆਪਣੀ ਵਾਰਤਕ ਵਿਚ ਟਕਸਾਲੀ ਬੋਲੀ ਦੀ ਥਾਂ ਆਮ ਬੋਲਚਾਲ ਦੀ ਬੋਲੀ ਦੀ ਵਰਤੋਂ ਕੀਤੀ ਪਰ, ਇਸ ਦੇ ਬਾਵਜੂਦ ਇਹ ਅਜੋਕੀ ਵਾਰਤਕ ਦਾ ਭੁਲੇਖਾ ਦਿੰਦੀ ਹੈ।

ਸੰਜਮੀ ਸ਼ੈਲੀ ਅਤੇ ਸਾਦਗੀ ਭਰੇ ਸ਼ਬਦਾਂ ਨਾਲ ਲਿਖੀ ਆਪਦੀ ਵਾਰਤਕ ਬ੍ਰਿਤਾਂਤਕ ਵਾਰਤਕ ਗੁਣਾਂ ਨਾਲ ਭਰਪੂਰ ਹੈ। ਸਿੱਖ ਧਰਮ ਪੱਖੀ ਸੋਚ ਨੂੰ ਤਰਕਵਾਦੀ ਦ੍ਰਿਸ਼ਟੀ ਤੋਂ ਪੇਸ਼ ਕਰਕੇ ਆਪਨੇ ਵਿਗਿਆਨਕ ਆਲੋਚਨਾਤਮਕ ਰਵੱਈਏ ਨੂੰ ਪ੍ਰਗਟਾਇਆ। ਖੰਡਨ-ਮੰਡਨ ਸ਼ੈਲੀ ਮੁਤਾਬਕ ਆਪਣੀ ਵਾਰਤਕ ਦੇ ਵਿਸ਼ਿਆਂ ਦਾ ਨਿਭਾਅ ਆਪ ਦਾ ਮੀਰੀ ਗੁਣ ਆਖਿਆ ਜਾ ਸਕਦਾ ਹੈ। ਆਪ ਦੀ ਵਾਰਤਕ ਰਚਨਾ ਜਿਥੇ ਬਿਰਤਾਂਤਕ ਸ਼ੈਲੀ ਨੂੰ ਅਪਣਾਉਂਦੀ ਹੈ, ਉਥੇ ਨਾਲ ਹੀ ਇਸ ਵਿਚ ਵਿਆਖਿਆਤਮਕ ਅਤੇ ਵਰਣਨਾਤਮਕ ਸ਼ੈਲੀਆਂ ਦੀ ਵੀ ਵਰਤੋਂ ਕੀਤੀ ਗਈ ਹੈ। ਪੁਰਾਤਨ ਵਾਰਤਕ ਦੀ ਪਰੰਪਰਾ ਤੋਂ ਉਲਟ ਆਪਨੇ ਆਪਣੀ ਵਾਰਤਕ ਨੂੰ ਸੁਹਜਾਤਮਕ ਰੰਗਣ ਦੇਣ ਦੀ ਕੋਸ਼ਿਸ਼ ਸਫਲਤਾ ਨਾਲ ਕੀਤੀ ਹੈ। ਆਪ ਦੀ ਲਿਖੀ ਵਾਰਤਕ ਦਾ ਸਭ ਤੋਂ ਵੱਡਾ ਗੁਣ ਇਹ ਆਖਿਆ ਜਾ ਸਕਦਾ ਹੈ ਕਿ ਅਧਿਆਤਮਕ ਪ੍ਰਭਾਵ ਦੇ ਬਾਵਜੂਦ ਆਪਨੇ ਸਧੁੱਕੜੀ ਪ੍ਰਭਾਵ ਤੋਂ ਮੁਕਤ ਕਰਕੇ ਪੰਜਾਬੀ ਵਾਰਤਕ ਨੂੰ ਆਪਣੀ ਸਾਦਗੀ ਅਤੇ ਸਾਧਾਰਨ ਸ਼ਬਦਾਵਲੀ ਨਾਲ ਏਨਾ ਵਧੀਆ ਬਣਾ ਦਿੱਤਾ ਕਿ ਵਾਰਤਕ ਰਚਨਾ ਆਮ ਲੋਕਾਂ ਦੇ ਸਮਝ ਦੇ ਪੱਧਰ ਦੀ ਵੀ ਬਣ ਗਈ, ਜੋ ਪਹਿਲਾਂ ਕਦੇ ਨਹੀਂ ਸੀ ਹੋਈ।

ਗਿਆਨੀ ਦਿੱਤ ਸਿੰਘ ਦੀ ਵਾਰਤਕ ਵਿਚ ਬਿਆਨ ਦੀ ਸਾਦਗੀ ਨਾਲ ਨਾ ਸਿਰਫ਼ ਰੌਚਕਤਾ ਦਾ ਤੱਤ ਕਾਇਮ ਹੁੰਦਾ ਹੈ ਸਗੋਂ, ਗੁਰੂ ਸਾਹਿਬਾਨ ਦੀਆਂ ਜਨਮਸਾਖੀਆਂ ਨੂੰ ਸ਼ਰਧਾ ਭਾਵ ਨਾਲ ਸਮਝਣ ਵਿਚ ਅਸਾਨੀ ਹੁੰਦੀ ਹੈ। ਇਥੇ ਆਪ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਰਹੀ ਕਿ ਆਪਨੇ ਜਨਮਸਾਖੀ ਸਾਹਿਤ ਨੂੰ ਕਰਾਮਾਤੀ ਅੰਸ਼ਾਂ ਦੇ ਪ੍ਰਗਟਾਵੇ ਵਜੋਂ ਨਾ ਵਰਤ ਕੇ ਜਨ-ਸਾਧਾਰਨ ਨੂੰ ਸਿੱਖਿਆ ਦੇਣ ਦੇ ਵਿਸ਼ੇ ਵਜੋਂ ਇਨ੍ਹਾਂ ਨੂੰ ਪੇਸ਼ ਕੀਤਾ ਹੈ।

ਗਿਆਨੀ ਦਿੱਤ ਸਿੰਘ ਦੀ ਵਾਰਤਕ ਨਿਰੀ ਪੁਰੀ ਸਿੱਖੀ ਦੀ, ਪ੍ਰਚਾਰਕ ਨਹੀਂ ਸਮਾਜ ਸੁਧਾਰ ਦੀ ਵੀ ਹਾਮੀ ਭਰਦੀ ਹੈ। ਇਸੇ ਲਈ ਸਿੱਖ ਧਰਮ ਦੇ ਪ੍ਰਚਾਰਕਾਂ ਦੇ ਨਾਲ-ਨਾਲ ਦੂਜੇ ਵਿਸ਼ਿਆਂ ਦਾ ਸ਼ਾਮਿਲ ਹੋਣਾ ਜਿਵੇਂ ਸਾਮਾਜਿਕ ਵਿਸ਼ਿਆਂ ਵਜੋਂ ਵਹਿਮ-ਭਰਮ, ਛੂਤ-ਛਾਤ, ਅਤੇ ਕੁਰੀਤੀਆਂ ਦੇ ਵਿਰੋਧ ਵਿਚ ਵਿਚਾਰਾਂ ਦਾ ਪ੍ਰਗਟਾਵਾ ਆਪਦੀ ਵਾਰਤਕ ਨੂੰ ਵੰਨਗੀ ਭਰਪੂਰ ਬਣਾਉਂਦਾ ਹੈ।

ਆਪ ਨੇ ਜਿੱਥੇ ਨਿਬੰਧਕਾਰੀ ਨੂੰ ਚੁਣਿਆ, ਉਥੇ ਵਾਰਤਕ ਦੀ ਪੇਸ਼ਕਾਰੀ ਲਈ ਕਈ ਵਿਧੀਆਂ ਦੀ ਵਰਤੋਂ ਕੀਤੀ ਹੈ। ਇਕ ਪ੍ਰਚਾਰਕ ਵਜੋਂ ਆਪਨੇ ਸਿੱਖ ਧਰਮ ਦੇ ਪ੍ਰਚਾਰ ਲਈ ਪੈਂਫਲੈਟ ਵਿਧੀ, ਲੇਖ ਅਤੇ ਪੱਤਰ ਵਿਧੀ ਦੇ ਨਾਲ-ਨਾਲ ਧਾਰਮਿਕ ਸਮੱਸਿਆਵਾਂ ਨੂੰ ਪੇਸ਼ ਕਰਨ ਦੀ ਵਿਧੀ ਵੀ ਵਰਤੀ ਹੈ। ਪਾਤਰਾਂ ਦੀ ਮਾਨਸਿਕਤਾ ਦਾ ਦਵੰਦਾਤਮਕ ਪ੍ਰਗਟਾਵਾ ਆਪਦੇ ਪੈਂਫਲਟ ਵਿਚ ਵੇਖਣ ਨੂੰ ਮਿਲਦਾ ਹੈ। ਖ਼ਾਲਸਾ ਅਖ਼ਬਾਰ ਵਿਚ ਗਿਆਨੀ ਦਿੱਤ ਸਿੰਘ ਨੇ ਬਹੁਤ ਸਾਰੇ ਲੇਖ ਲਿਖੇ, ਜਿਨ੍ਹਾਂ ਦਾ ਵਿਸ਼ਾ ਆਮ ਕਰਕੇ ਪ੍ਰਚਲਿਤ ਰਸਮਾਂ, ਵਹਿਮ-ਭਰਮ, ਮੂਰਤੀ ਪੂਜਾ ਆਦਿ ਦੇ ਖੰਡਨ ਨਾਲ ਹੀ ਸੰਬੰਧਿਤ ਹੁੰਦਾ ਸੀ।

ਇਨ੍ਹਾਂ ਲੇਖਾਂ ਵਿਚ ਗਿਆਨੀ ਦਿੱਤ ਸਿੰਘ, ਸਿੱਖ ਕੌਮ ਅਤੇ ਸਿੱਖ ਧਰਮ ਦੇ ਸੰਦਰਭ ਵਿਚ ਦ੍ਰਿੜ੍ਹਤਾ ਨਾਲ ਵੰਗਾਰਾਂ ਪਾ-ਪਾ ਕੇ ਤਾਰਕਿਕ ਆਧਾਰ ਤੇ ਸਿੱਖੀ ਮਾਰਗ ਨੂੰ ਸੇਧ ਪ੍ਰਦਾਨ

ਕਰਾਉਂਦੇ ਰਹੇ। ਇਨ੍ਹਾਂ ਪੱਤਰ ਲੇਖਾਂ ਦਾ ਪ੍ਰਭਾਵ ਵੀ ਪ੍ਰਤੱਖ ਨਜ਼ਰ ਆਇਆ। ਇਸ ਯੋਗਦਾਨ ਨਾਲ ਨਾ ਸਿਰਫ਼ ਧਾਰਮਿਕ ਹਲਕੇ ਵਿਚ ਸੁਧਾਰਵਾਦੀ ਤਬਦੀਲੀਆਂ ਹੋਈਆਂ ਸਗੋਂ, ਭਾਸ਼ਾ ਅਤੇ ਸਾਮਾਜਿਕ ਪੱਧਰ ਨੇ ਵੀ ਪ੍ਰਭਾਵ ਕਬੂਲੇ। ਪੰਜਾਬੀ ਬੋਲੀ ਦੀ ਠੁੱਕ ਬੱਝਣਾ ਅਤੇ ਮਿਆਰੀ ਪੰਜਾਬੀ ਵਾਰਤਕ ਦਾ ਪੈਦਾ ਹੋਣਾ ਆਪਦੇ ਲੇਖਾਂ ਦੇ ਕਾਰਨ ਹੀ ਹੋ ਸਕਿਆ। ਇਸ ਨਾਲ ਇਕ ਪਾਸੇ ਤਾਂ ਧਾਰਮਿਕ ਵਿਸ਼ਿਆਂ ਦੇ ਨਾਲ-ਨਾਲ ਸਾਮਾਜਿਕ ਵਿਸ਼ਿਆਂ ਉੱਪਰ ਹੋਰਨਾਂ ਵਿਦਵਾਨਾਂ ਨੂੰ ਲਿਖਣ ਲਈ ਉਤਸ਼ਾਹ ਮਿਲਿਆ ਅਤੇ ਦੂਜੇ ਪਾਸੇ ਵਾਰਤਕ ਚੇਤਨਾ ਆਈ ਅਤੇ ਪੰਜਾਬੀ ਦਾ ਵਾਰਤਕ ਪਾਠਕ ਵੱਡੀ ਗਿਣਤੀ ਵਿਚ ਪੈਦਾ ਹੋਇਆ। ਪੱਤਰਾਂ, ਟ੍ਰੈਕਟਾਂ, ਆਦਿ ਤੋਂ ਇਲਾਵਾ ਗਿਆਨੀ ਦਿੱਤ ਸਿੰਘ ਦੁਆਰਾ ਬਾਣੀਆਂ ਦੇ ਟੀਕੇ, ਸ਼ਹੀਦੀ ਸਾਕਿਆਂ ਨੂੰ ਕਲਮਬੱਧ ਕਰਨ ਅਤੇ ਪੁਸਤਕਾਂ ਛਾਪ ਕੇ ਸਿੱਖ ਧਰਮ ਦੇ ਪ੍ਰਚਾਰਕ ਵਜੋਂ ਹੀ ਪੰਜਾਬ ਵਿਚ ਅਤੇ ਸਿੱਖ ਸਮਾਜ ਵਿੱਚ, ਵੱਖਰੀ ਹੋਂਦ ਦਾ ਦਾਅਵੇਦਾਰ ਬਣਿਆ ਰਿਹਾ।

ਦੋ ਪਾਤਰਾਂ ਨੂੰ ਮਨੋ ਘੜ੍ਹ ਕੇ ਉਹਨਾਂ ਦੇ ਸੰਵਾਦੀ ਵਾਰਤਾਲਾਪਾਂ ਰਾਹੀਂ ਆਪ ਨੇ ਵਾਰਤਕ ਰਾਹੀਂ ਜੋ ਧਾਰਿਮਕ ਸਮੱਸਿਆ ਪੇਸ਼ ਕਰਨ ਦੀ ਵਿਧੀ ਅਪਣਾਈ, ਉਸ ਨੂੰ ਵਿਸ਼ੇਸ਼ ਤੌਰ ਤੇ ਸਰਾਹਿਆ ਗਿਆ। ਇਹ ਵਿਧੀ ਮਨੋਵਿਸ਼ਲੇਸ਼ਣ ਦੀ ਗਵਾਹੀ ਭਰਦੀ ਹੈ ਅਤੇ ਪਾਠਕ ਵਰਗ ਦੇ ਮਨਾਂ ਨਾਲ ਸਾਂਝ ਪਾ ਕੇ ਤੁਰਦੀ ਹੈ। ਇਸ ਸੰਬੋਧਨੀ ਸੁਰ ਨਾਲ ਜਨਸਾਧਾਰਨ ਨੂੰ ਕੀਲਣਾ ਸੌਖਾ ਹੈ ਅਤੇ ਮਾਨਸਿਕ ਪੱਧਰ ਤੇ ਆਪਣੀ ਗੱਲ ਦਾ ਬੱਝਵਾਂ ਪ੍ਰਭਾਵ ਪਾਉਣਾ ਵੀ ਸੰਭਵ ਹੋ ਗਿਆ। ਉਪਰੋਕਤ ਵਿਧੀ ਦੀ ਗਿਆਨੀ ਦਿੱਤ ਸਿੰਘ ਨੇ ਨਿੱਠ ਕੇ ਵਰਤੋਂ ਕੀਤੀ। ਨਿੱਜੀ ਸ਼ੈਲੀ ਦੀ ਇਸ ਵਿਧੀ ਨਾਲ ਨਾ ਸਿਰਫ਼ ਉਨ੍ਹਾਂ ਨੇ ਧਾਰਮਿਕ ਵਿਰੋਧ ਦਾ ਖੰਡਨ ਕੀਤਾ ਸਗੋਂ, ਕਈ ਸਮੱਸਿਆਵਾਂ ਦਾ ਸੁਭਾਵਿਕ ਰੂਪ ਵਿਚ ਹੀ ਹੱਲ ਪੇਸ਼ ਕਰ ਦਿੱਤਾ।

ਸਮੁੱਚੇ ਰੂਪ ਵਿਚ ਇਹ ਆਖਿਆ ਜਾ ਸਕਦਾ ਹੈ ਕਿ ਗਿਆਨੀ ਦਿੱਤ ਸਿੰਘ ਅਜਿਹੀ ਸ਼ਖਸੀ ਪ੍ਰਤਿਭਾ ਦੇ ਮਾਲਿਕ ਸਨ, ਜਿਨ੍ਹਾਂ ਨੇ ਸਿੱਖ ਕੌਮ ਵਿਚ ਇਕ ਚੇਤਨ ਲਹਿਰ ਪੈਦਾ ਕੀਤੀ।

ਉਹ ਆਪਣੇ ਸਮੇਂ ਦੇ ਮਹਾਨ ਸਮਾਜ ਸੁਧਾਰਕ ਵੀ ਸਨ ਅਤੇ ਗੱਦਕਾਰ ਵੀ। ਉੱਨ੍ਹੀਵੀਂ ਸਦੀ ਦੇ ਪਿਛਲੇ ਤਿੰਨ ਦਹਾਕਿਆਂ ਵਿਚ ਤਿੰਨ ਦਰਜਨ ਤੋਂ ਵੀ ਵੱਧ ਪੁਸਤਕਾਂ ਅਤੇ ਹੋਰ ਅਨੇਕਾਂ ਰੂਪਾਂ ਨਾਲ ਗਿਆਨੀ ਦਿੱਤ ਸਿੰਘ ਨੇ ਵਾਰਤਕ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਇਸ ਸਮੇਂ ਵਧੇਰੇ ਕਰਕੇ ਧਾਰਮਿਕ ਵਿਸ਼ਿਆਂ ਦੇ ਆਧਾਰ ਤੇ ਹੀ ਸਾਹਿਤ ਰਚਿਆ ਜਾਂਦਾ ਸੀ। ਗਿਆਨੀ ਦਿੱਤ ਸਿੰਘ ਨੇ ਧਾਰਮਿਕ ਵਿਸ਼ਿਆਂ ਦੇ ਨਾਲ-ਨਾਲ ਸਾਮਾਜਿਕ ਸਰੋਕਾਰਾਂ ਨੂੰ ਵੀ ਕਲਮ ਹੇਠੋਂ ਲੰਘਾਇਆ, ਕਿਉਂਕਿ ਗਿਆਨੀ ਦਿੱਤ ਸਿੰਘ, ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਇਕ ਸਨ, ਇਸ ਲਈ ਆਪ ਦੀ ਲਿਖੀ ਸਾਰੀ ਵਾਰਤਕ ਸਿੰਘ ਸਭਾ ਦੇ ਆਸ਼ਿਆਂ ਦੀ ਪੂਰਤੀ ਕਰਦੀ ਹੀ ਵਿਖਾਈ ਦਿੰਦੀ ਹੈ। ਰੂਪਕ, ਸਿਧਾਂਤਕ ਅਤੇ ਵਿਸ਼ਿਆਂ ਦੇ ਪੱਖ ਤੋਂ ਵਾਰਤਕ ਵਿਚ ਆਪ ਦੀ ਦੇਣ ਮਹੱਤਵਪੂਰਨ ਹੈ। ਜੇਕਰ ਪੰਜਾਬੀ ਵਾਰਤਕ ਵਿਚ ਆਪਣਾ ਸਥਾਨ ਨਿਸ਼ਚਿਤ ਕਰਨਾ ਹੋਵੇ ਤਾਂ ਅਸੀਂ ਗਿਆਨੀ ਦਿੱਤ ਸਿੰਘ ਨੂੰ ਆਧੁਨਿਕ ਪੰਜਾਬੀ ਵਾਰਤਕ ਦਾ ਪਿਤਾਮਾ ਆਖ ਸਕਦੇ ਹਾਂ।

# ਪੁਸਤਕ ਸੂਚੀ

## ਪੰਜਾਬੀ ਪੁਸਤਕਾਂ


ਉਦਾਸੀ, ਕਲਿਆਣ ਦਾਸ, *ਖੋਜ (ਭਾਗ ਪਹਿਲਾ ਤੇ ਦੂਜਾ)*, ਅੰਮ੍ਰਿਤਸਰ, ਗੁਰਮਤਿ ਪ੍ਰੈੱਸ, 1950

ਅਮਰ ਸਿੰਘ, *ਜੀਵਨ ਚਰਿਤਰ ਸਿੰਘ ਸਭਾ ਲਹਿਰ ਦੇ ਉਘੇ ਸੰਚਾਲਕ ਗਿਆਨੀ ਦਿੱਤ ਸਿੰਘ ਜੀ*, ਅੰਮ੍ਰਿਤਸਰ, ਗੁਲਾਬ ਜਨਰਲ ਸਟੋਰ, 1962

ਅਰੋੜਾ, ਅਵਿਨਾਸ਼ ਚੰਦਰ (ਡਾ.), *ਪੰਜਾਬ ਦਾ ਇਤਿਹਾਸ (1469–1966)*, ਜਲੰਧਰ, ਪ੍ਰਦੀਪ ਪਬਲੀਕੇਸ਼ਨਜ਼, 1996

ਅਸ਼ੋਕ, ਸ਼ਮਸ਼ੇਰ ਸਿੰਘ (ਸੰਪਾ.), *ਗਿਆਨੀ ਦਿੱਤ ਸਿੰਘ ਰਚਨਾਵਲੀ*, ਪਟਿਆਲਾ, ਭਾਸ਼ਾ ਵਿਭਾਗ ਪੰਜਾਬ, 1977

---------, *ਪੰਜਾਬ ਦੀਆਂ ਲਹਿਰਾਂ*, ਕਵਿਰਾਜ ਨਰਾਇਣ ਸਿੰਘ, 'ਵੱਲਭ' ਨਿਆਮਤਪੁਰੀ, 1954

ਆਹਲੂਵਾਲੀਆ, ਜਸਬੀਰ ਸਿੰਘ, *ਆਧੁਨਿਕ ਪੰਜਾਬੀ ਆਲੋਚਨਾ ਦਾਰਸ਼ਨਿਕ ਸਿਧਾਂਤਕ ਸੰਦਰਭ*, ਚੰਡੀਗੜ੍ਹ, ਰਘਬੀਰ ਰਚਨਾ ਪ੍ਰਕਾਸ਼ਨ, 1991

ਇਨਕਲਾਬੀ, ਜਗਜੀਤ ਸਿੰਘ, *ਲਹਿਰਾਂ ਦੇ ਪ੍ਰਸੰਗ ਵਿਚ ਸਿੱਖ ਲਹਿਰ*, ਸੰਗਰੂਰ, ਵਿਚਾਰ ਪ੍ਰਕਾਸ਼ਕ, 1992

ਸਰਹੱਦੀ, ਕਰਤਾਰ ਸਿੰਘ (ਸੰਪਾ.), *ਸਿੰਘ ਸਭਾ ਲਹਿਰ ਦਾ ਸੁਨਹਿਰੀ ਤੇ ਮਹਾਨ ਪ੍ਰਉਪਕਾਰੀ ਇਤਿਹਾਸ*, ਯਮੁਨਾਨਗਰ, 1974

ਸਿੰਗਲਾ, ਧਰਮਪਾਲ (ਡਾ.), *ਵਾਰਤਕ ਸ਼ੈਲੀ*, ਪਟਿਆਲਾ, ਭਾਸ਼ਾ ਵਿਭਾਗ ਪੰਜਾਬ, 1975

ਸਿੰਘਲ, ਓਮ ਪ੍ਰਕਾਸ਼ (ਡਾ.), *ਸਾਹਿਤ ਦੇ ਨਵੇਂ ਰੂਪ*, ਨਵੀਂ ਦਿੱਲੀ, ਪੰਜਾਬ ਸਟੇਟ ਕੋਆਪਰੇਟਿਵ ਸੁਸਾਇਟੀ, 1983

ਸੀਤਲ, ਜੀਤ ਸਿੰਘ (ਡਾ.), *ਵਾਰਤਕ ਤੇ ਵਾਰਤਕ-ਸ਼ੈਲੀ,* ਚੰਡੀਗੜ੍ਹ, ਪੰਜਾਬ ਸਟੇਟ ਯੂਨੀਵਰਸਿਟੀ, ਟੈਕਸਟ ਬੁੱਕ ਬੋਰਡ, 1974

ਸੁਦਰਸ਼ਨ ਸਿੰਘ (ਡਾ.), *ਪੰਜਾਬ ਦਾ ਇਤਿਹਾਸ (1849-1947),* ਪਟਿਆਲਾ, ਪੰਜਾਬੀ ਯੂਨੀਵਰਸਿਟੀ, 1991

ਹਰਚਰਨ ਸਿੰਘ (ਡਾ.), *ਪੰਜਾਬੀ ਵਾਰਤਕ ਦਾ ਜਨਮ ਤੇ ਵਿਕਾਸ,* ਪਟਿਆਲਾ, ਪੈਪਸੂ ਬੁੱਕ ਡਿਪੂ, 1972

ਹਰਿਭਜਨ ਸਿੰਘ, *ਰਚਨਾ ਸਰੰਚਨਾ,* ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, 2002

ਕਸੇਲ, ਕਿਰਪਾਲ ਸਿੰਘ, *ਜਨਮਸਾਖੀ ਪਰੰਪਰਾ*, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1969

ਕਪੂਰ, ਨਰਿੰਦਰ ਸਿੰਘ (ਡਾ.), *ਗਿਆਨੀ ਦਿੱਤ ਸਿੰਘ (ਜੀਵਨ ਤੇ ਰਚਨਾ),* ਪਟਿਆਲਾ, ਪੰਜਾਬੀ ਯੂਨੀਵਰਸਿਟੀ, 1987

ਕਿਸ਼ਨ ਸਿੰਘ (ਪ੍ਰੋ.), *ਸਾਹਿਤ ਦੀ ਸਮਝ*, ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ, 1974

ਕੋਹਲੀ, ਸੁਰਿੰਦਰ ਸਿੰਘ (ਡਾ.) (ਸੰਪਾ.), *ਪੰਜਾਬੀ ਸਾਹਿਤ ਕੋਸ਼ (ਭਾਗ ਦੂਜਾ),* ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 1979

ਕੰਵਰ, ਤਰਲੋਕ ਸਿੰਘ (ਡਾ.), *ਸਾਹਿਤ ਅਧਿਐਨ ਬਦਲਦੇ ਪਰਿਪੇਖ,* ਚੰਡੀਗੜ੍ਹ, ਲੋਕਾਇਤ ਪ੍ਰਕਾਸ਼ਨ, 1988

ਗੁਰਚਰਨ ਸਿੰਘ, *ਪੰਜਾਬ ਦਾ ਇਤਿਹਾਸ, (1799-1947),* ਫਿਲੌਰ, ਪੂਨਮ ਪ੍ਰਕਾਸ਼ਨ, 1987

ਗੁਰਚਰਨ ਸਿੰਘ (ਪ੍ਰਿੰ.), *ਵਰਤਮਾਨ ਪੰਜਾਬੀ ਵਾਰਤਕ ਲਿਖਾਰੀ,* ਲੁਧਿਆਣਾ, ਲਾਹੌਰ ਬੁੱਕ ਸ਼ਾਪ,1951

ਗੁਰਦਿੱਤ ਸਿੰਘ, ਗਿਆਨੀ *ਗਿਆਨੀ ਦਿੱਤ ਸਿੰਘ (ਜੀਵਨ ਤੇ ਰਚਨਾ),* ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1998

ਗੁਰਦੀਪ ਕੌਰ (ਡਾ.), *ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ,* ਨਵੀਂ ਦਿੱਲੀ, ਮਨਦੀਪ ਪ੍ਰਕਾਸ਼ਨ, 1988

ਘੁੰਮਣ, ਬਿਕਰਮ ਸਿੰਘ (ਡਾ.), *ਆਧੁਨਿਕ ਪੰਜਾਬੀ ਸਾਹਿਤ*, ਲੁਧਿਆਣਾ, ਅੰਮ੍ਰਿਤਸਰ, ਪੰ. ਸ. ਕੋ. ਸ. ਲਿਮਿ., 1989

ਜੱਗੀ, ਰਤਨ ਸਿੰਘ (ਡਾ.), *ਸਾਹਿਤ ਅਧਿਐਨ ਵਿਧੀਆਂ*, ਲੇਖਕ, ਪੀ.ਟੀ. ਏ., 1988

--------, *ਪੁਰਾਤਨ ਪੰਜਾਬੀ ਵਾਰਤਕ*, ਚੰਡੀਗੜ੍ਹ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, 1984

--------, *ਸਾਹਿਤ ਕੋਸ਼,* ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 1989

--------, *ਪੰਜਾਬੀ ਸਾਹਿਤ ਸੰਦਰਭ ਕੋਸ਼,* ਪਟਿਆਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1994

ਤਾਰਨ ਸਿੰਘ (ਡਾ.) (ਸੰਪਾ.), *ਮੁੱਢਲੀ ਪੰਜਾਬੀ ਵਾਰਤਕ*, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, 1975

ਦਰਦ, ਹੀਰਾ ਸਿੰਘ ਗਿਆਨੀ, *ਨਿਰੰਕਾਰੀ ਗੁਰਮਤਿ ਮੋਢੀ ਸ੍ਰੀ ਬਾਬਾ ਦਿਆਲ ਜੀ,* ਅੰਮ੍ਰਿਤਸਰ, ਯੰਗਮੈਨ ਨਿਰੰਕਾਰੀ ਐਸੋਸੀਏਸ਼ਨ, 1955

ਦਲਜੀਤ ਸਿੰਘ, *ਸਿੰਘ ਸਭਾ ਦੇ ਮੋਢੀ – ਜੀਵਨ ਬਿਰਤਾਂਤ ਭਾਈ ਦਿੱਤ ਸਿੰਘ*, ਸ਼੍ਰੋਮਣੀ ਖਾਲਸਾ ਬ੍ਰਾਦਰੀ, 1951

ਦਿੱਤ ਸਿੰਘ, *ਮੀਰਾਂ ਕੋਟੀਏ ਮਹਿਤਾਬ ਸਿੰਘ ਦੀ ਬਹਾਦਰੀ*, ਲਾਹੌਰ, ਖਾਲਸਾ ਪ੍ਰੈੱਸ (ਮਿਤੀਹੀਣ)

---------, *ਭਾਈ ਬੋਤਾ ਸਿੰਘ ਦੀ ਸ਼ਹੀਦ*, ਲਾਹੌਰ, ਖਾਲਸਾ ਪ੍ਰੈੱਸ, (ਮਿਤੀਹੀਣ)

---------, *ਸੁਬੇਗ ਸਿੰਘ ਦੀ ਸ਼ਹੀਦੀ*, ਲਾਹੌਰ, ਖਾਲਸਾ ਪ੍ਰੈੱਸ (ਮਿਤੀਹੀਣ)

---------, *ਸਿੱਖ ਬੱਚੇ ਦੀ ਸ਼ਹੀਦੀ*, ਲਾਹੌਰ, ਖਾਲਸਾ ਪ੍ਰੈੱਸ

---------, *ਭਾਈ ਤਾਰੂ ਸਿੰਘ ਦੀ ਸ਼ਹੀਦ*, ਲਾਹੌਰ, ਖਾਲਸਾ ਪ੍ਰੈੱਸ (ਮਿਤੀਹੀਣ)

---------, *ਗੁਰੂ ਨਾਨਕ ਪ੍ਰਬੋਧ*, ਅੰਮ੍ਰਿਤਸਰ, ਦਿੱਤ ਹਰੀ ਬੁੱਕ ਡਿਪੋ (ਮਿਤੀਹੀਣ)

--------, *ਜਨਮਸਾਖੀ ਸ਼੍ਰੀ ਗੁਰੂ ਨਾਨਕ ਸਾਹਿਬ ਜੀ*, ਲਾਹੌਰ, ਜਵਾਹਰ ਸਿੰਘ (ਮਿਤੀਹੀਣ)

--------, *ਦੰਭ ਵਿਦਾਰਨ*, ਲਾਹੌਰ, ਡਾ.ਬਲਦੇਵ ਸਿੰਘ, 1902

---------, *ਸੁਲਤਾਨ ਪੁਆੜਾ*, ਅੰਮ੍ਰਿਤਸਰ, ਸ਼੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ, 1976

---------, *ਸ੍ਰੀ ਅੰਗਦ ਸਾਹਿਬ ਜੀ*, ਲਾਹੌਰ ਭਾਈ ਜਵਾਹਰ ਸਿੰਘ (ਮਿਤੀਹੀਣ)

---------, *ਜੀਵਨ ਕਥਾ ਸ਼੍ਰੀ ਗੁਰੂ ਅਰਜਨ ਦੇਵ ਜੀ*, ਲਾਹੌਰ, ਲਾਹੌਰ ਬੁੱਕ ਸ਼ਾਪ (ਮਿਤੀਹੀਣ)

ਦਿੱਤ ਸਿੰਘ, *ਸ੍ਰੀ ਗੁਰੂ ਹਰਿ ਰਾਇ ਸਾਹਿਬ*, ਲਾਹੌਰ, ਲਾਹੌਰ ਬੁੱਕ ਸ਼ਾਪ, (ਮਿਤੀਹੀਣ)

--------, *ਸ੍ਰੀ ਗੁਰੂ ਤੇਗ ਬਹਾਦਰ*, ਲਾਹੌਰ, ਲਾਹੌਰ ਬੁੱਕ ਸ਼ਾਪ, (ਮਿਤਹੀਣ)

--------, *ਸ੍ਰੀ ਗੁਰੂ ਅਰਜਨ ਪ੍ਰਬੋਧ*, ਅੰਮ੍ਰਿਤਸਰ, ਦਿੱਤ ਹਰੀ ਡਿਪੋ, 1932

--------, *ਪੁਜਾਰੀ ਪ੍ਰਬੋਧ*, ਰੋਪੜ, ਦਿੱਤ ਸਿੰਘ ਮੈਗਜ਼ੀਨ, 1911

-------, *ਦੁਰਗਾ ਪ੍ਰਬੋਧ,* ਲਾਹੌਰ, ਡਾ. ਬਲਦੇਵ ਸਿੰਘ (ਮਿਤੀਹੀਣ)

-------, *ਨਕਲੀ ਸਿੱਖ ਪ੍ਰਬੋਧ,* ਅੰਮ੍ਰਿਤਸਰ, ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ, 1974

-------, *ਮੇਰਾ ਤੇ ਸਾਧੂ ਦਯਾਨੰਦ ਦਾ ਸੰਬਾਦ*, ਨੰਦਪੁਰ ਕਲੌੜ (ਜ਼ਿਲ੍ਹਾ ਪਟਿਆਲਾ) (ਰਜਿ), ਯਾਦਗਾਰ ਗਿ. ਦਿੱਤ ਸਿੰਘ ਕਮੇਟੀ, (ਮਿਤੀਹੀਣ)

--------, *ਰਾਜ ਪ੍ਰਬੋਧ ਨਾਟਕ*, ਲਾਹੌਰ, ਲਾਹੌਰ ਅਕਾਡਮੀ, 1931

--------, *ਨੀਤੀ ਪ੍ਰਕਾਸ਼,* ਅੰਮ੍ਰਿਤਸਰ, ਦਿੱਤ ਹਰੀ ਬੁਕ ਡਿਪੋ, 1932

--------, *ਡਰਪੋਕ ਸਿੰਘ*, ਅੰਮ੍ਰਿਤਸਰ, ਮਿਤੀਹੀਣ

--------, *ਗੁਰਬਾਣੀ ਪ੍ਰਬੋਧ*, ਅੰਮ੍ਰਿਤਸਰ, ਦਿੱਤ ਹਰੀ ਬੁਕ ਡਿਪੋ, (ਮਿਤੀਹੀਣ)

-------, *ਗੁਰਮਤਿ ਆਰਤੀ ਪ੍ਰਬੋਧ*, ਅੰਮ੍ਰਿਤਸਰ, ਮਿਤੀਹੀਣ

ਦਿਲ, ਬਲਵੀਰ ਸਿੰਘ (ਡਾ.), ***ਪੰਜਾਬੀ ਨਿਬੰਧ ਸਰੂਪ ਸਿਧਾਂਤ ਤੇ ਵਿਕਾਸ,*** ਪਟਿਆਲਾ, ਪੰਜਾਬੀ ਯੂਨੀਵਰਸਿਟੀ, 1991

ਦੀਵਾਨ ਸਿੰਘ, ***ਵੀਹਵੀਂ ਸਦੀ ਦਾ ਪੰਜਾਬੀ ਸਾਹਿਤ***, ਅੰਮ੍ਰਿਤਸਰ, ਵਾਰਿਸ ਸ਼ਾਹ ਫਾਊਂਡੇਸ਼ਨ, 1998

ਧਰਮ ਸਿੰਘ ਕੈਪਟਨ, ***ਸਿੰਘ ਸਭਾ ਲਹਿਰ ਦੇ ਮੋਢੀ ਗਿਆਨੀ ਦਿੱਤ ਸਿੰਘ ਜੀ (ਜੀਵਨੀ),*** ਪਟਿਆਲਾ, ਨੰਦਪੁਰ ਕਲੌੜ, 1985

ਨੂਰ, ਸੁਤਿੰਦਰ ਸਿੰਘ (ਡਾ.), ***ਪੜ੍ਹਦਿਆਂ-ਲਿਖਦਿਆਂ,*** ਦਿੱਲੀ, ਆਰਸੀ ਪਬਲੀਕੇਸ਼ਨ, 1998

ਪਰਮਿੰਦਰ ਸਿੰਘ (ਡਾ.) ਕਿਰਪਾਲ ਸਿੰਘ ਕਸੇਲ, ***ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ,*** ਲੁਧਿਆਣਾ, ਲਾਹੌਰ ਬੁੱਕ ਸ਼ਾਪ, 1982

ਪਿਆਰ ਸਿੰਘ (ਡਾ.), ***ਆਦਿ ਸਾਖੀਆਂ***, ਪਟਿਆਲਾ, ਡਾ. ਪਿਆਰ ਸਿੰਘ, 1969

ਫਿਲੌਰੀ, ਸ਼ਰਧਾ ਰਾਮ, ***ਪੰਜਾਬੀ ਬਾਤ-ਚੀਤ***, ਅੰਮ੍ਰਿਤਸਰ, ਏ. ਓ. ਪਾਲ ਐਂਡ ਸੰਨਜ਼, 1931

ਬੇਦੀ, ਹਰਿਮੰਦਰ ਸਿੰਘ, ***ਸਾਹਿਤ ਸੰਦਰਭ,*** ਪੰ. ਸ. ਕੋ. ਸੋ. ਲਿਮਿਟਡ, 1990

ਭਾਟੀਆ, ਹਰਿਭਜਨ ਸਿੰਘ, ***20ਵੀਂ ਸਦੀ ਦੀ ਪੰਜਾਬੀ ਆਲੋਚਨਾ,*** ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, 1999

ਭਾਟੀਆ, ਪ੍ਰੀਤਮ ਕੌਰ, ਭਾਟੀਆ ਉਤਮ ਸਿੰਘ, ***ਪੰਜਾਬੀ ਵਾਰਤਕ ਅਤੇ ਵਾਰਤਕਕਾਰ ਕਪੂਰ ਸਿੰਘ***, ਪਟਿਆਲਾ, ਪੈਪਸੂ ਬੁੱਕ ਡਿਪੂ, 1980

ਭਾਸ਼ਾ ਵਿਭਾਗ ਪੰਜਾਬ, *ਸੈਮੀਨਾਰ ਪੱਤਰ*, ਪਟਿਆਲਾ, ਪੰਜਾਬ ਸਰਕਾਰ ਪ੍ਰੈੱਸ, 1959-60

ਮਹਿਕਮਾ ਪੰਜਾਬੀ ਪਟਿਆਲਾ, *ਪੰਜਾਬੀ ਪੱਤਰ*, ਪਟਿਆਲਾ, ਮਹਿਕਮਾ ਪੰਜਾਬੀ, 1953

ਮਨਮੋਹਨ ਸਿੰਘ (ਡਾ.), *ਗੁਰਮਤਿ ਕਾਵਿ ਅਤੇ ਭਗਤੀ ਧਾਰਾ*, ਨਵੀਂ ਦਿੱਲੀ, ਮਨਦੀਪ ਪ੍ਰਕਾਸ਼ਨ, 1981

ਮਾਨ, ਮੋਹਨ ਸਿੰਘ (ਪ੍ਰੋ.), *ਹਿਸਟਰੀ ਆਫ਼ ਦੀ ਪੰਜਾਬ*, ਜਲੰਧਰ, ਰਾਜ ਪਬਲਿਸ਼ਰਜ਼, 1997

ਵਿਸਾਖਾ ਸਿੰਘ, ਸੰਤ, *ਮਾਲਵਾ ਇਤਿਹਾਸ (ਦੂਜੀ ਜਿਲਦ)*, ਕਿਸ਼ਨਪੁਰਾ ਕਲਾਂ, ਗੁਰਮਤਿ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ (ਮਿਤੀਹੀਣ)

**ਹਿੰਦੀ ਪੁਸਤਕਾਂ:**

ਉਦਰਿਤ-ਹਰੀਸ਼ (ਡਾ.), *ਆਦਿ ਕਾਲ ਕਾ ਹਿੰਦੀ ਗਦਯ ਸਾਹਿਤਯ*, ਲਖਨਊ, ਰਾਮ ਪ੍ਰਕਾਸ਼ਨ, 1989

ਸਰਸਵਤੀ ਦਯਾਨੰਦ, ਸੁਆਮੀ *ਸਤਯਾਰਥ ਪ੍ਰਕਾਸ਼*, ਦਿੱਲੀ, ਵੈਦਿਕ ਸਾਹਿਤ ਸਦਨ, 1963

ਸੇਮ ਚੰਦਰ ਸੁਮਨ, ਯੋਗਿੰਦਰ ਕੁਮਾਰ ਮਲਿਕ, *ਸਾਹਿਤਯ ਵਿਵੇਚਨ*, ਦਿੱਲੀ, ਆਤਮਾ ਰਾਮ ਐਂਡ ਸੰਨਜ਼, 1956

**ENGLISH BOOKS**:


Alyar, R. Sadisiva, ***Literary Criticism,*** Bombay, Popular Book Depot, 1957

Bal, S.S., ***British Policy Towards the Panjab 1944-49***, London, University, 1962

Boulton, Marjorie, ***The Anatomy of Prose,*** London, Rouled & Kegan Paul, Ltd., 1954

Crystal David, ***The Cambridge Encyclopaedia***, United States, 1990

Daljeet Singh & Kharak Singh (ed.) **Sikhism: Its Philosophy and History,** S.A.S., Nagar Institute of Sikh Studies, 1996

Darbara Singh, ***The Punjab Tragedy,*** Amritsar, Steno Press, 1949

Dauches David, ***Critical Approaches to Literature***, London, Longman, 1956

Emerson Ralph W., ***Essays,*** Delhi, Erasia Publishing ***House (P) Ltd., 1972***

Fouja Singh (Ed.), ***History and Culture of Punjab***, Patiala, Punjabi University, 1975

Francis Bacon, ***Essays,*** Macmillan Co., Ltd., 1952

Ganda Singh, ***Sikh Itihas Bare,*** Amritsar, Khalsa College, 1944

Gopal Singh (Dr.), ***A History of the Sikh People (1469-1988),*** New Delhi, World Book Centre, Asif Ali Road, 1979

Grewal, J.S., **The Sikhs of the Punjab**, Cambridge University, Reprinted, 1995

Harbans Singh, ***The Heritage of the Sikhs,*** Bombay, Asia Publishing House, 1964

-----------, ***Encyclopaedia of Sikhism Vol. I***, Patiala, Punjabi University,1992

-----------, ***Encyclopaedia of Sikhism Vol. II***, Patiala, Punjabi University,1996

-----------, ***Encyclopaedia of Sikhism Vol. III,*** Patiala, Punjabi University,1997

Khushwant singh, ***A History of the Sikhs (Part I) (1469-1839),*** London & Bombay, Oxford University Press

-------------, ***A History of the Sikhs (Part II) (1839-1839),*** London & Bombay, Oxford University Press, 1966

Kohli, Surinder Singh (Dr.), ***History of Punjab Literaure***, Delhi, National Book Shop, 1993

Lajpat Rai, **History of the Arya Samaj,** Orient Longmans, 1967

Larousse, ***Encyclopaedia and Dictionary,*** Paris, McGraw Hill Internation Book Company, 1972

Mohan Singh (Dr.), ***History of the Punjabi Literature,*** Amritsar, 1956

Nagindra (Dr.), ***Literary Criticism in India,*** Meerut, Arita Prakashan, 1976

Priminger Alen (Ed.), ***Princeton Encyclopaedia of Poetry and Poetics,***

Rada Swami Colony, ***Beas and its Teachings Beas***, Radha Soami Satsang, 1960

Sadhu, Swarup Singh, ***The Sikhs Demand their Homeland,*** Lahore Book Shop, 1946

Sahni,Ruchi Ram, ***Struggle for Reform in Sikhs Shrines,*** ed. Ganda Singh, Sikh Itihas Amritsar, 1965

Sangat Singh, ***The Sikhs in History***, New Delhi, Uncommon Books, 1996

Teja Singh (Prof.), ***Growth of Responsibility in Sikhism***, Lahore, sikh Tract Society 2nd Ed., 1921



CHANDIGARH * P.U. LIBRARY *

544213